# ਪਿਓਂਦ

(ਨਾਵਲ)



ਰਾਜਵੰਤ ਰਾਜ

# ਪਿਓਂਦ

(ਨਾਵਲ)

# ਪਿਓਂਦ

(ਨਾਵਲ)

ਰਾਜਵੰਤ ਰਾਜ

**PIOUND**

By

**© Rajwant Raj**
**Address:** 13525 78A Ave
Surrey BC V3W 2Y2 (CANADA)
**PH:** (778) 895-4891
**Email:** rajwant_bagri@hotmail.com

1st Edition- 2019
**Editing:** Bakhshinder
**Setting:**- SONY SIMER -85578-98799

published by
**Caliber Publication**
Patiala
**Cont:-** 9815448958 (whatsapp)
**Email:-** caliberpublication@gmail.com

**Printed & Bound at:**
Shaheed-E-Azam Press & Hospitality Pvt.Ltd. Patiala

All rights reserved

***ਇਸੇ ਕਲਮ ਤੋਂ***

- ਰਾਗਣੀਆਂ *(ਗ਼ਜ਼ਲ ਸੰਗ੍ਰਹਿ)*
- ਰੰਗਸ਼ਾਲਾ *(ਗ਼ਜ਼ਲ ਸੰਗ੍ਰਹਿ)*

# ਇਕਬਾਲਨਾਮਾ

ਸ਼ਬਦਾਂ ਦੇ ਸਮੁੰਦਰ ਦੀਆਂ ਤਹਿਆਂ ਤੱਕ ਪਹੁੰਚਣ ਵਾਲੇ ਸਿਆਣੇ ਪਾਠਕੋ, 'ਪਿਓਂਦ' ਮੇਰੇ ਜ਼ਿਹਨ ਚੋਂ ਨਿਕਲ਼ ਕੇ ਤੁਹਾਡੇ ਹੱਥਾਂ 'ਚ ਪਹੁੰਚ ਗਿਐ। ਇਸ ਨਾਵਲ ਦੀ ਕਹਾਣੀ ਵਿਚਲੇ ਪਾਤਰ, ਪਿਛਲੇ ਤਿੰਨ ਸਾਲਾਂ ਤੋਂ ਮੇਰੇ ਅੰਗ-ਸੰਗ ਰਹੇ ਹਨ। ਇਹ ਕਿਰਦਾਰ ਮੇਰੀ ਹਰ ਖ਼ੁਸ਼ੀ-ਗ਼ਮੀ, ਹੱਸਣ-ਰੋਣ ਅਤੇ ਨੀਂਦ-ਜਾਗ ਵਿੱਚ ਸ਼ਾਮਲ ਰਹੇ ਹਨ । ਕਹਾਣੀ ਦਾ ਹਰ ਪਾਤਰ ਹੀ ਹਕੀਕਤ ਫਰੋਲ਼ ਕੇ ਸਿਰਜਿਆ ਗਿਆ ਹੈ। ਪਿਛਲੇ ਤਕਰੀਬਨ ਵੀਹ ਸਾਲਾਂ ਤੋਂ ਕੈਨੇਡਾ ਵਿੱਚ ਰਹਿੰਦਿਆਂ, ਮੈਂ ਬਹੁਤ ਸਾਰੇ ਦੁਖਿਆਰਿਆਂ ਦੀਆਂ ਹੱਡ-ਬੀਤੀਆਂ ਸੁਣੀਆਂ ਹਨ। ਮੇਰਾ ਇਹ ਮੰਨਣਾ ਹੈ ਕਿ ਇਸ ਰੂਹੇ-ਜ਼ਮੀਨ ਉੱਤੇ ਵਾਸ ਕਰਨ ਵਾਲਾ ਹਰ ਇਨਸਾਨ ਹੀ ਅਨੇਕਾਂ ਕਹਾਣੀਆਂ ਦਾ ਮਜ਼ਮੂਆ ਹੁੰਦਾ ਹੈ, ਪਰ ਇਨ੍ਹਾਂ ਕਹਾਣੀਆਂ ਨੂੰ ਸ਼ਬਦਾਂ ਵਿੱਚ ਲਾਹ ਦੇਣ ਦੀ ਕਲਾ ਸਿਰਫ਼ ਲੇਖਕ ਕੋਲ਼ ਹੁੰਦੀ ਹੈ। ਦੂਜਿਆਂ ਦੀਆਂ ਕਹਾਣੀਆਂ ਨੂੰ ਸ਼ਬਦ ਦੇ ਕੇ ਲੇਖਕ ਉਨ੍ਹਾਂ ਨੂੰ ਆਪਣੀਆਂ ਬਣਾ ਲੈਂਦਾ ਹੈ। ਮੈਂ ਵੀ ਇਸ ਨਾਵਲ ਦੇ ਜ਼ਰੀਏ ਇਹੀ ਕੀਤਾ ਹੈ। ਲੋਕਾਂ ਤੋਂ ਸੁਣੀਆਂ ਹੋਈਆਂ ਹੱਡ-ਬੀਤੀਆਂ, ਮੈਨੂੰ ਉਨ੍ਹਾਂ ਇੱਟਾਂ ਵਰਗੀਆਂ ਲੱਗੀਆਂ, ਜੋ ਰੰਗ-ਬਰੰਗੀਆਂ ਸਨ ਅਤੇ ਵੱਖੋ-ਵੱਖਰੇ ਆਕਾਰ ਦੀਆਂ ਸਨ, ਪਰ ਫੇਰ ਵੀ ਉਨ੍ਹਾਂ ਨਾਲ ਇੱਕ ਖ਼ੂਬਸੂਰਤ ਕੰਧ ਉਸਾਰੀ ਜਾ ਸਕਦੀ ਸੀ।  ਇਹ ਨਾਵਲ ਰਚਦਿਆਂ ਮੈਂ ਇਹੀ ਕੰਧ ਉਸਾਰਨ ਦੀ ਕੋਸ਼ਿਸ਼ ਕੀਤੀ ਹੈ। 'ਪਿਓਂਦ' ਅਸਲ ਵਿੱਚ ਮੁਹੱਬਤ, ਸੁਫ਼ਨੇ, ਬੇਵਫ਼ਾਈ, ਮਜਬੂਰੀ, ਹਾਲਾਤ, ਥੁੜਾਂ, ਲੋਭ ਅਤੇ ਪਰਵਾਸ ਦੀ ਇੱਕ ਇਹੋ ਜਿਹੀ ਦਾਸਤਾਨ ਹੈ ਜੋ ਹਰ ਪਾਠਕ ਨੂੰ ਕੁੱਝ-ਕੁੱਝ ਆਪਣੀ ਹੀ ਲੱਗੇਗੀ। ਇਸ ਨਾਵਲ ਰਾਹੀਂ ਮੈਂ, ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਦਾ ਜੀਵਨ, ਰਹਿਣ-ਸਹਿਣ ਅਤੇ ਉਨ੍ਹਾਂ ਨੂੰ ਦਰਪੇਸ਼ ਮੁਸ਼ਕਲਾਂ, ਲੋਕਾਂ ਅੱਗੇ ਰੱਖਣ ਦਾ ਯਤਨ ਕੀਤਾ ਹੈ। ਮੈਂ ਆਪਣੀ ਕੋਸ਼ਿਸ਼ ਵਿੱਚ ਕਿੰਨਾ ਕੁ ਕਾਮਯਾਬ ਹੋਇਆ ਹਾਂ, ਇਸ ਦੀ ਰਸੀਦ ਤੁਸੀਂ ਦੇਣੀ ਹੈ।

ਇਹ ਨਾਵਲ, ਵਾਰਤਕ ਵੱਲ ਮੇਰਾ ਪਹਿਲਾ ਕਦਮ ਹੋਣ ਕਰ ਕੇ ਮੈਂ ਇਸ ਬਾਰੇ ਕਈ ਸਥਾਪਤ ਲੇਖਕਾਂ ਦੀ ਰਾਇ ਲੈਣੀ, ਆਪਣਾ ਫ਼ਰਜ਼ ਸਮਝਿਆ। ਆਪੋ-ਆਪਣੇ ਖੇਤਰ ਦੇ ਨਾਮਵਰ ਲੇਖਕ, ਜਿਨ੍ਹਾਂ ਵਿੱਚ ਜਸਵਿੰਦਰ, ਕ੍ਰਿਸ਼ਨ ਭਨੋਟ, ਜਰਨੈਲ ਸੇਖਾ ਅਤੇ ਪਰਗਟ ਸਤੌਜ ਵਰਗੇ ਵੱਡੇ ਨਾਂ ਸ਼ਾਮਲ ਹਨ, ਸਭ ਨੇ ਕਹਾਣੀ ਪੜ੍ਹੀ, ਸਰਾਹੀ ਅਤੇ ਆਪਣੇ ਕੀਮਤੀ ਸੁਝਾਅ ਵੀ ਦਿੱਤੇ। ਮੈਂ ਇਨ੍ਹਾਂ ਸਾਰੀਆਂ ਹਸਤੀਆਂ ਦਾ ਦਿਲੋਂ ਸ਼ੁਕਰਗੁਜ਼ਾਰ ਹਾਂ। ਇਸ ਤੋਂ ਇਲਾਵਾ ਮੈਂ ਖ਼ਾਸ ਧੰਨਵਾਦ ਕਰਨਾ ਚਾਹਾਂਗਾ ਨਾਮਵਰ ਲੇਖਕ ਅਤੇ ਪੱਤਰਕਾਰ ਬਖ਼ਸ਼ਿੰਦਰ ਹੁਰਾਂ ਦਾ, ਜਿਨ੍ਹਾਂ ਨੇ ਅਨੇਕਾਂ ਬੈਠਕਾਂ ਦੌਰਾਨ, ਭਾਸ਼ਾ ਅਤੇ ਮੁਹਾਵਰੇ ਪੱਖੋਂ ਕਹਾਣੀ ਨੂੰ ਸੋਧਣ ਵਿੱਚ ਮੇਰੀ ਬਹੁਤ ਮਦਦ ਕੀਤੀ।

ਪਿਆਰੇ ਪਾਠਕੋ ਮੈਂ ਨਾਵਲ ਅਤੇ ਤੁਹਾਡੇ ਵਿਚਕਾਰ ਜ਼ਿਆਦਾ ਨਾ ਆਉਂਦਾ ਹੋਇਆ ਇਹੀ ਤਵੱਕੋਂ ਕਰਦੇ ਹੋਏ ਤੁਹਾਡੇ ਤੋਂ ਇਜਾਜ਼ਤ ਚਾਹਾਂਗਾ ਕਿ ਤੁਸੀਂ ਇਹ ਲਿਖ਼ਤ ਨਿੱਠ ਕੇ ਪੜ੍ਹੋਂਗੇ ਅਤੇ ਇਸ ਪ੍ਰਤੀ ਜੋ ਵੀ ਚੰਗੇ-ਮਾੜੇ ਵਿਚਾਰ ਹੋਏ, ਮੇਰੇ ਤਕ ਜ਼ਰੂਰ ਪਹੁੰਚਾਉਂਗੇ।

**ਧੰਨਵਾਦ**
**ਰਾਜਵੰਤ ਰਾਜ**

# 1

ਰਣਜੀਤ ਹਿਊਸਟਨ ਤੋਂ ਟਰੱਕ ਦਾ ਗੇੜਾ ਲਾ ਕੇ ਗਿਆਰਾਂ ਦਿਨਾਂ ਬਾਅਦ ਸਰੀ ਆਪਣੇ ਘਰ ਵਾਪਸ ਆ ਰਿਹਾ ਸੀ, ਹਾਲਾਂ ਕਿ ਘਰ ਵਿੱਚ ਕੋਈ ਬਹੁਤੀ ਸ਼ਿੱਦਤ ਨਾਲ਼ ਉਸ ਦੀ ਉਡੀਕ ਨਹੀਂ ਸੀ ਕਰ ਰਿਹਾ, ਫਿਰ ਵੀ ਜਿੱਦਾਂ ਪੰਛੀਆਂ ਨੇ ਅਖੀਰ ਆਪਣੇ ਆਲ੍ਹਣੇ ਵਿੱਚ ਹੀ ਪਰਤਣਾ ਹੁੰਦੈ, ਘਰੋਂ ਦੂਰ ਗਏ ਹਰ ਇਨਸਾਨ ਦੀ ਮੰਜ਼ਲ ਵੀ ਦੇਰ-ਸਵੇਰ ਘਰ ਵਾਪਸੀ ਹੀ ਹੁੰਦੀ ਹੈ। ਬਰਫ਼ਬਾਰੀ ਜ਼ਿਆਦਾ ਹੋਣ ਕਰ ਕੇ ਜਾਂਦਿਆਂ ਹੋਇਆਂ ਵੀ ਉਸ ਨੂੰ ਕਈ ਰਾਤਾਂ ਰਾਹ ਵਿੱਚ ਖਾਹਮਖਾਹ ਹੀ ਗੁਜ਼ਾਰਨੀਆਂ ਪਈਆਂ ਸਨ, ਜਿਸ ਕਰ ਕੇ ਐਤਕੀਂ ਗੇੜਾ ਬਹੁਤ ਲੰਮਾ ਹੋ ਗਿਆ ਸੀ। ਉਸ ਨੂੰ ਆਸ ਸੀ ਕਿ ਰਾਤ ਦੇ ਗਿਆਰਾਂ ਕੁ ਵਜੇ ਤੱਕ ਘਰ ਪਹੁੰਚ ਜਾਏਗਾ, ਪਰ ਵਾਸ਼ਿੰਗਟਨ ਦੀਆਂ ਪਹਾੜੀਆਂ 'ਚ ਭਾਰੀ ਬਰਫ਼ਬਾਰੀ ਦੇ ਕਾਰਨ ਹਾਈਵੇ ਇਹੋ ਜਿਹਾ ਬੰਦ ਹੋਇਆ ਕਿ ਖੁੱਲ੍ਹਣ ਦਾ ਨਾਂ ਹੀ ਨਹੀਂ ਸੀ ਲੈ ਰਿਹਾ। ਰਣਜੀਤ ਸ਼ਾਮ ਦੇ ਸੱਤ ਵਜੇ ਤੋਂ ਇੱਥੇ ਫਸਿਆ ਹੋਇਆ ਸੀ ਅਤੇ ਹੁਣ ਗਿਆਰਾਂ ਵੱਜ ਗਏ ਸਨ। ਚਿੱਟੀ ਦੁੱਧ ਵਰਗੀ ਬਰਫ਼ ਅਤੇ ਚੰਦ ਦੀ ਚਾਨਣੀ ਰਲ਼ ਕੇ ਕਿੰਨਾ ਸੋਹਣਾ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਇਹ ਨਜ਼ਾਰਾ ਟਿਕੀ ਰਾਤ ਵਿੱਚ ਵੀ ਤ੍ਰਿਕਾਲ਼ਾਂ ਦੇ ਘੁਸਮੁਸੇ ਦਾ ਭੁਲੇਖਾ ਪਾ ਰਿਹਾ ਸੀ। ਅਮਰੀਕਾ-ਕੈਨੇਡਾ ਵਿੱਚ ਟਰੱਕ ਚਲਾਉਣ ਵਾਲ਼ੇ ਡਰਾਈਵਰਾਂ ਨੂੰ ਅਕਸਰ ਕੁਦਰਤ ਦੇ ਕਈ ਨਜ਼ਾਰੇ ਦੇਖਣ ਨੂੰ ਮਿਲਦੇ ਰਹਿੰਦੇ ਹਨ, ਜਿਨ੍ਹਾਂ ਵਿੱਚ ਬਰਫ਼ਬਾਰੀ, ਹਰੇ ਭਰੇ ਜੰਗਲ, ਉੱਚੇ ਪਹਾੜ, ਵਿਸ਼ਾਲ ਦਰਿਆ, ਝਰਨੇ, ਝੀਲਾਂ ਅਤੇ ਖ਼ੂਬਸੂਰਤ ਸ਼ਹਿਰ ਸ਼ਾਮਲ ਹਨ। ਡਰਾਈਵਰਾਂ ਦੀ ਤ੍ਰਾਸਦੀ ਇਹ ਹੁੰਦੀ ਹੈ ਕਿ ਉਨ੍ਹਾਂ ਕੋਲ਼, ਇਹੋ ਜਿਹੇ ਨਜ਼ਾਰੇ ਚੰਗੀ ਤਰ੍ਹਾਂ ਦੇਖਣ ਅਤੇ ਮਾਨਣ ਲਈ ਵਕਤ ਹੀ ਨਹੀਂ ਹੁੰਦਾ। ਉਨ੍ਹਾਂ ਨੂੰ ਹਮੇਸ਼ਾ ਆਪਣਾ ਪੈਂਡਾ ਮੁਕਾਉਣ ਦੀ ਕਾਹਲ਼ ਹੁੰਦੀ ਹੈ ਅਤੇ ਉਹ ਆਲ਼ੇ-ਦੁਆਲ਼ੇ ਦੇਖੇ ਬਗ਼ੈਰ ਆਪਣੀ ਧੁਨ ਵਿੱਚ ਚੱਲਦੇ ਰਹਿੰਦੇ ਹਨ।

ਬਰਫ਼ਬਾਰੀ ਕਾਰਨ ਬੰਦ ਹੋਇਆ ਹਾਈਵੇ ਪੰਜ ਘੰਟੇ ਮਗਰੋਂ ਖੁੱਲ੍ਹਿਆ ਤਾਂ ਸੜਕ 'ਤੇ ਤਿਲ੍ਹਕਣ ਬਹੁਤੀ ਹੋਣ ਕਰ ਕੇ ਸਪੀਡ ਕਾਫ਼ੀ ਘਟ ਗਈ ਸੀ। ਰਣਜੀਤ ਨੂੰ ਸਰੀ ਆਪਣੀ ਟਰੱਕ ਯਾਰਡ ਤੱਕ ਪਹੁੰਚਦੇ-ਪਹੁੰਚਦੇ ਸਵੇਰ ਦੇ ਸਾਢੇ ਚਾਰ ਵੱਜ ਗਏ। ਟਰੱਕ ਯਾਰਡ ਵਿੱਚ ਸਨੋਅ ਜ਼ਿਆਦਾ ਪਈ ਹੋਣ ਕਰ ਕੇ ਬਹੁਤ ਹੀ ਘੜਮੱਸ ਪਿਆ ਹੋਇਆ ਸੀ। ਇਹ ਜਨਵਰੀ ਦੇ ਆਖ਼ਰੀ ਦਿਨ ਸਨ ਅਤੇ ਸਿਆਲੂ ਦਿਨਾਂ ਵਿੱਚ ਕੰਮ-ਕਾਰ ਥੋੜ੍ਹੇ ਮੰਦੇ ਪੈਣ ਕਾਰਨ, ਬਹੁਤੇ ਟਰੱਕਾਂ ਵਾਲ਼ੇ ਭਾਰਤ ਜਾਂ ਪਾਕਿਸਤਾਨ ਦਾ ਗੇੜਾ ਮਾਰਨ ਚਲੇ ਜਾਂਦੇ ਹਨ। ਇਸੇ ਕਰ ਕੇ ਹੀ ਟਰੱਕ-ਯਾਰਡ ਦਰਮਿਆਨੇ ਤੋਂ ਵੱਡੇ ਆਕਾਰ ਦੇ ਟਰੱਕਾਂ ਨਾਲ਼ ਪੂਰੀ ਤਰ੍ਹਾਂ ਤੁੰਨੀ ਹੋਈ ਸੀ। ਜੋ ਥਾਂ ਉਸ ਨੇ ਟਰੱਕ ਪਾਰਕ ਕਰਨ ਵਾਸਤੇ ਕਿਰਾਏ 'ਤੇ ਲਈ ਹੋਈ ਸੀ, ਉਸ ਦੇ ਦੋਨੋਂ ਪਾਸੇ ਵਾਲ਼ੇ ਟਰੱਕ ਇਸ ਢੰਗ ਨਾਲ਼ ਪਾਰਕ ਕੀਤੇ ਹੋਏ

ਸਨ ਕਿ ਉਨ੍ਹਾਂ ਦੇ ਵਿਚਾਲੇ ਰਣਜੀਤ ਦਾ ਤਰਵੰਜਾ ਫ਼ੁੱਟੇ ਟਰਾਲੇ ਵਾਲਾ ਟਰੱਕ ਬਹੁਤ ਹੀ ਮੁਸ਼ਕਲ ਨਾਲ਼ ਪਾਰਕ ਹੋਣਾ ਸੀ। ਰਣਜੀਤ ਨੂੰ ਟਰੱਕ ਬੈਕ ਕਰ ਕੇ ਪਾਰਕ ਕਰਨ ਲਈ ਕਾਫ਼ੀ ਘੋਲ਼ ਕਰਨਾ ਪਿਆ। ਆਖ਼ਰ ਉਸ ਦਾ ਤਜਰਬਾ ਕੰਮ ਆਇਆ ਅਤੇ ਉਸ ਨੇ ਸਫ਼ਲਤਾ ਨਾਲ਼ ਟਰੱਕ ਪਾਰਕ ਕਰ ਲਿਆ। ਇਸ ਉਪਰੰਤ ਉਸ ਨੇ ਘਰ ਆਪਣੀ ਘਰ ਵਾਲ਼ੀ ਸੋਨੀਆ ਨੂੰ ਫ਼ੋਨ ਕੀਤਾ ਕਿ ਉਹ ਆ ਕੇ ਉਸ ਨੂੰ ਟਰੱਕ-ਯਾਰਡ ’ਚੋਂ ਲੈ ਜਾਵੇ। ਸੋਨੀਆ ਨੇ ਫ਼ੋਨ ’ਤੇ ਬਹੁਤ ਰੁੱਖਾ ਜਿਹਾ ਜੁਆਬ ਦਿੰਦਿਆਂ ਕਿਹਾ, “ਰੈਂਡੀ ਤੈਨੂੰ ਪਤਾ ਈ ਆ, ਮੈਂ ਇਸ ਵੇਲੇ ਨਿਆਣੇ ਸਕੂਲ ਵਾਸਤੇ ਤਿਆਰ ਕਰਨੇ ਹੁੰਦੇ ਆ। ਉਹ ਤੋਂ ਬਾਅਦ ਉਨ੍ਹਾਂ ਨੂੰ ਸਕੂਲ ਛੱਡ ਕੇ ਆਪ ਕੰਮ ਤੇ ਜਾਣਾ ਹੁੰਦੈ, ਮੈਥੋਂ ਨ੍ਹੀਂ ਆ ਹੋਣਾ, ਤੂੰ ਟੈਕਸੀ ਕਰ ਕੇ ਆ ਜਾ ਘਰ ।”

ਰਣਜੀਤ ਨੂੰ ਸੋਨੀਆ ਤੇ ਗ਼ੁੱਸਾ ਤਾਂ ਬਹੁਤ ਆਇਆ ਪਰ ਉਹ ਗ਼ੁੱਸਾ ਪੀ ਗਿਆ ਤੇ ਚੁੱਪ ਹੀ ਰਿਹਾ। ਮਨ ਵਿੱਚ ਸੋਨੀਆ ’ਤੇ ਖਿਝਦਿਆਂ ਉਸ ਨੇ ਟੈਕਸੀ ਕੰਪਨੀ ਨੂੰ ਟੈਕਸੀ ਭੇਜਣ ਲਈ ਫ਼ੋਨ ਕਰ ਦਿੱਤਾ। ਬਾਹਰ ਠੰਢ ਹੋਣ ਕਰ ਕੇ ਉਹ ਟਰੱਕ ਵਿੱਚ ਬੈਠ ਕੇ ਹੀ ਟੈਕਸੀ ਦੀ ਉਡੀਕ ਕਰਨ ਲੱਗਿਆ। ਉਹ ਮਨੋਂ-ਮਨੀ ਇਸ ਕਰਕੇ ਕੁੜ੍ਹ ਰਿਹਾ ਸੀ ਕਿ ਸੋਨੀਆ ਦੇ ਕੰਮ ਤੇ ਜਾਣ ’ਚ ਅਜੇ ਦੋ ਘੰਟੇ ਰਹਿੰਦੇ ਸਨ, ਉਹ ਬੜੇ ਆਰਾਮ ਨਾਲ਼ ਉਸ ਨੂੰ ਟਰੱਕ-ਯਾਰਡ ’ਚੋਂ ਲਿਜਾ ਸਕਦੀ ਸੀ। ਉਹ ਨੂੰ ਪਤਾ ਸੀ ਕਿ ਇਹੋ ਜਿਹੇ ਮੌਸਮ ਵਿੱਚ ਟੈਕਸੀ ਵੀ ਛੇਤੀ ਨਹੀਂ ਆਉਣੀ। ਪਹਿਲਾਂ ਰਣਜੀਤ ਕੋਲ ਟਰੱਕ-ਯਾਰਡ ਤੱਕ ਆਉਣ-ਜਾਣ ਲਈ ਇੱਕ ਪੁਰਾਣੀ ਕਾਰ ਹੁੰਦੀ ਸੀ। ਉਸ ਨੇ ਲੰਮਿਆਂ ਰੂਟਾਂ ’ਤੇ ਜਾਣਾ ਸ਼ੁਰੂ ਕਰਨ ਪਿੱਛੋਂ ਛੇਤੀ ਹੀ ਦਸ ਕੁ ਸਾਲ ਪੁਰਾਣੀ ਹੌਂਡਾ ਸਿਵਿਕ ਕਾਰ ਖ਼ਰੀਦ ਲਈ ਸੀ ਤਾਂ ਕਿ ਉਸ ਨੂੰ ਯਾਰਡ ਤੱਕ ਆਉਣ-ਜਾਣ ਲਈ ਕਿਸੇ ਦੇ ਮੂੰਹ ਵੱਲ ਨਾ ਦੇਖਣਾ ਪਵੇ। ਉਹ ਜਦੋਂ ਵੀ ਟਰੱਕ ਦਾ ਗੇੜਾ ਲੈ ਕੇ ਤੁਰਦਾ ਤਾਂ ਟਰੱਕ ਦੀ ਥਾਂ ਕਾਰ ਖੜ੍ਹੀ ਕਰ ਜਾਂਦਾ ਅਤੇ ਫਿਰ ਕਈ ਦਿਨਾਂ ਬਾਅਦ ਵਾਪਸ ਆ ਕੇ ਕਾਰ ਉੱਥੋਂ ਕੱਢ ਲੈਂਦਾ ਅਤੇ ਟਰੱਕ ਉੱਥੇ ਪਾਰਕ ਕਰ ਦਿੰਦਾ। ਦੋ ਕੁ ਮਹੀਨੇ ਪਹਿਲਾਂ ਘਰ ਅੱਗੇ ਖੜ੍ਹੀ, ਉਸ ਦੀ ਕਾਰ ਚੋਰੀ ਹੋ ਗਈ ਸੀ। ਸਰੀ ਵਿੱਚ ਕਾਰਾਂ ਚੋਰੀ ਹੋਣ ਦੀਆਂ ਵਾਰਦਾਤਾਂ ਪਿਛਲੇ ਪੰਜ ਕੁ ਸਾਲਾਂ ਤੋਂ ਬਹੁਤ ਵਧ ਗਈਆਂ ਸਨ। ਕਈ ਲੋਕ ਆਖਦੇ ਸੁਣੇ ਸਨ ਕਿ ਡਰੱਗ ਦਾ ਕੰਮ ਕਰਨ ਵਾਲ਼ੇ ਲੋਕ ਪਹਿਲਾਂ ਕੋਈ ਪੁਰਾਣੀ ਜਿਹੀ ਕਾਰ ਚੋਰੀ ਕਰਦੇ ਹਨ, ਫਿਰ ਉਸ ਵਿੱਚ ਡਰੱਗ ਇੱਧਰ-ਉੱਧਰ ਕਰ ਕੇ ਅਗਲੇ ਦਿਨ, ਉਹ ਕਾਰ ਤੋੜ-ਭੰਨ ਕੇ ਕਿਤੇ ਖੜ੍ਹੀ ਕਰ ਦਿੰਦੇ ਹਨ। ਨਵੀਂ ਕਾਰ ਨੂੰ, ਉਹ ਹੱਥ ਨਹੀਂ ਪਾਉਂਦੇ ਕਿਉਂ ਕਿ ਨਵੀਆਂ ਕਾਰਾਂ ਵਿੱਚ ਅਲਾਰਮ ਸਿਸਟਮ ਲੱਗੇ ਹੁੰਦੇ ਹਨ। ਰਣਜੀਤ ਦੀ ਕਾਰ ਜੋ ਸ਼ਾਇਦ ਕਿਸੇ ਇਹੋ ਜਿਹੇ ਕੰਮ ਲਈ ਹੀ ਵਰਤੀ ਗਈ ਸੀ, ਤੀਜੇ ਦਿਨ ਸੜਕ ’ਤੇ ਟੁੱਟੀ-ਭੱਜੀ ਹਾਲਤ ਵਿੱਚ ਖੜ੍ਹੀ ਮਿਲ ਗਈ। ਫਿਰ ਇੰਸ਼ੋਰੈਂਸ ਵਾਲਿਆਂ ਨੇ ਕਾਰ ਬਣਵਾਉਣ ਦੀ ਥਾਂ ਉਸ ਦੀ ਕੀਮਤ ਦੇਣੀ ਹੀ

ਬਿਹਤਰ ਸਮਝੀ ਅਤੇ ਢਾਈ ਕੁ ਹਜ਼ਾਰ ਡਾਲਰ ਰਣਜੀਤ ਨੂੰ ਦੇ ਕੇ ਨਿਬੇੜਾ ਕਰ ਲਿਆ। ਫਿਰ ਜਦੋਂ ਰਣਜੀਤ ਨੇ ਹੋਰ ਕਾਰ ਲੈਣ ਬਾਰੇ ਸੋਚਿਆ ਤਾਂ ਸੋਨੀਆ ਨੇ ਜ਼ਿੱਦ ਕੀਤੀ ਕਿ ਉਹ ਪੁਰਾਣੀ ਦੀ ਥਾਂ ਨਵੀਂ ਕਾਰ ਖ਼ਰੀਦੇ। ਰਣਜੀਤ ਨੇ ਨਵੀਂ ਕਾਰ ਲੈ ਤਾਂ ਲਈ ਪਰ ਹੁਣ ਉਸ ਦਾ ਹੌਸਲਾ ਨਹੀਂ ਸੀ ਪੈਂਦਾ ਕਿ ਨਵੀਂ ਕਾਰ ਕਈ-ਕਈ ਦਿਨ ਟਰੱਕ ਯਾਰਡ ਵਿੱਚ ਸੁੰਨੀ ਖੜ੍ਹੀ ਕਰ ਕੇ ਜਾਵੇ। ਇਸ ਲਈ ਨਵੀਂ ਕਾਰ ਘਰ ਦੇ ਗਰਾਜ ਵਿੱਚ ਹੀ ਰਹਿੰਦੀ ਅਤੇ ਸੋਨੀਆ ਬੱਧੀ-ਰੁੱਧੀ ਉਸ ਨੂੰ ਟਰੱਕ ਯਾਰਡ ਤੱਕ ਛੱਡ ਜਾਂਦੀ ਜਾਂ ਫੇਰ ਉਹ ਕਿਸੇ ਹੋਰ ਆਉਣ-ਜਾਣ ਵਾਲ਼ੇ ਡਰਾਈਵਰ ਨਾਲ਼ ਯਾਰਡ ਤੱਕ ਚਲਿਆ ਜਾਂਦਾ।

ਆਪਣੇ ਪ੍ਰਤੀ ਸੋਨੀਆ ਦੇ ਰੁੱਖੇ ਰਵੱਈਏ ਬਾਰੇ ਕੁੜ੍ਹਦਾ-ਕੁੜ੍ਹਦਾ, ਉਹ ਯਾਰਡ ਦੇ ਗੇਟ ਵੱਲ ਝਾਕਦਾ ਹੋਇਆ ਇਹ ਸੋਚ ਰਿਹਾ ਸੀ ਕਿ ਆਪਣੀ ਪੁਰਾਣੀ ਕਾਰ ਦੀ ਬੜੀ ਮੌਜ ਸੀ। ਚੰਗੀ-ਭਲੀ ਚੱਲਦੀ ਸੀ, ਪਰ ਚੋਰਾਂ ਦੇ ਹੱਥ ਆ ਕੇ, ਐਵੇਂ ਭੰਗ ਦੇ ਭਾੜੇ ਹੀ ਗਈ। ਇਸ ਸਮਾਜ ਵਿੱਚ ਕਿਵੇਂ ਇੱਕ ਬੁਰਿਆਈ ਦੂਜੀ ਨੂੰ ਜਨਮ ਦਿੰਦੀ ਹੈ। ਡਰੱਗਾਂ ਦਾ ਗ਼ੈਰਕਨੂੰਨੀ ਧੰਦਾ ਕਰਨ ਵਾਲ਼ੇ ਇਸ ਕੰਮ ਲਈ ਚੋਰੀ ਦੀਆਂ ਕਾਰਾਂ ਵਰਤਦੇ ਹਨ। ਫਿਰ ਜਦ ਡਰੱਗ ਦੇ ਕਾਰੋਬਾਰ ਵਿੱਚ ਕੰਪੀਟੀਸ਼ਨ ਜ਼ਿਆਦਾ ਵੱਧ ਜਾਂਦਾ ਹੈ ਤਾਂ ਗੈਂਗ ਪੈਦਾ ਹੁੰਦੇ ਹਨ ਅਤੇ ਇੱਕ ਗੈਂਗ ਦੂਜੇ ਗੈਂਗ ਦੇ ਲੋਕਾਂ ਦਾ ਕਤਲ ਕਰ ਕੇ ਆਪਣਾ ਕਾਰੋਬਾਰ ਫੈਲਾਉਂਦਾ ਹੈ। ਕਿਵੇਂ ਇੱਕ ਦੇ ਮਗਰ ਇੱਕ ਜੁਰਮਾਂ ਦੀ ਲੜੀ ਬਣਦੀ ਜਾਂਦੀ ਹੈ। ਪਤਾ ਨਹੀਂ ਲੋਕ ਇਸ ਕੰਮ ਵਿੱਚ ਕਿਉਂ ਪੈਂਦੇ ਹਨ? ਲੋਕ ਉੱਪਰ ਉੱਠਣ ਲਈ ਸ਼ਾਰਟ-ਕੱਟ ਕਿਉਂ ਭਾਲ਼ਦੇ ਰਹਿੰਦੇ ਹਨ? ਸਭ ਨੂੰ ਏਨੀ ਕਾਹਲ਼ ਕਿਉਂ ਰਹਿੰਦੀ ਹੈ? ਇਨ੍ਹਾਂ ਸੁਆਲਾਂ ਵਿੱਚ ਗਵਾਚੇ ਹੋਏ ਰਣਜੀਤ ਨੂੰ ਅਚਾਨਕ ਟੈਕਸੀ ਦੇ ਹਾਰਨ ਨੇ ਬਾਹਰ ਲਿਆਂਦਾ ਤੇ ਉਹ ਵਾਹੋ-ਦਾਹੀ ਆਪਣਾ ਸਮਾਨ ਸਮੇਟਣ ਲੱਗ ਪਿਆ।

ਜਦੋਂ ਟੈਕਸੀ ਲੈ ਕੇ ਰਣਜੀਤ ਘਰ ਪਹੁੰਚਿਆ ਤਾਂ ਉਸ ਨੇ ਦੇਖਿਆ ਕਿ ਸੋਨੀਆ ਬੱਚਿਆਂ ਦਾ ਲੰਚ ਪੈਕ ਕਰ ਰਹੀ ਸੀ ਅਤੇ ਨਾਲ਼ੋ-ਨਾਲ਼ ਫ਼ੋਨ 'ਤੇ ਕਿਸੇ ਨਾਲ਼ ਗੱਲਾਂ ਕਰਨ ਲੱਗੀ ਹੋਈ ਸੀ। ਉਸ ਨੇ ਰਣਜੀਤ ਵੱਲ ਸਰਸਰੀ ਜਿਹੀ ਨਜ਼ਰ ਮਾਰ ਕੇ ਉਸ ਨੂੰ 'ਹੈਲੋ' ਕਹੀ ਅਤੇ ਆਪਣੇ ਕੰਮ 'ਚ ਲੱਗੀ ਰਹੀ। ਉਸ ਦੇ ਦੋਵੇਂ ਬੇਟੇ ਸੁਖਰਾਜ ਤੇ ਸਰਤਾਜ ਸੋਫ਼ੇ 'ਤੇ ਬੈਠੇ ਆਪੋ-ਆਪਣੇ ਟੈਬਲਟਾਂ 'ਤੇ ਖੇਡ ਰਹੇ ਸਨ। ਉਨ੍ਹਾਂ ਨੇ ਇਸ ਗੱਲ ਵੱਲ ਰਤਾ ਵੀ ਧਿਆਨ ਨਾ ਦਿੱਤਾ ਕਿ ਉਨ੍ਹਾਂ ਦਾ ਬਾਪ ਗਿਆਰਾਂ ਦਿਨਾਂ ਬਾਅਦ ਘਰ ਆਇਆ ਹੈ। ਰਣਜੀਤ ਡੌਰ-ਭੌਰਾ ਜਿਹਾ ਹੋਇਆ ਸੋਫ਼ੇ 'ਤੇ ਬੈਠ ਗਿਆ। ਸੋਨੀਆ ਨੇ ਉਸ ਨੂੰ ਪਾਣੀ ਦਾ ਘੁੱਟ ਪੁੱਛਣ ਦੀ ਲੋੜ ਵੀ ਨਾ ਸਮਝੀ। ਉਹ ਫ਼ੋਨ 'ਤੇ ਇਸ ਤਰ੍ਹਾਂ ਮਸਤ ਸੀ ਕਿ ਉਸ ਨੂੰ ਆਲ਼ੇ-ਦੁਆਲ਼ੇ ਦੀ ਕੋਈ ਸੁੱਧ ਹੀ ਨਹੀਂ ਸੀ। ਬੱਚਿਆਂ ਦਾ ਲੰਚ ਪਾਉਣ ਤੋਂ ਬਾਅਦ, ਉਹ ਫ਼ੁਰਤੀ ਨਾਲ਼ ਆਪਣਾ ਬੈਗ ਚੁੱਕ ਕੇ ਦਰਵਾਜ਼ੇ ਵੱਲ ਜਾਂਦੀ ਹੋਈ, ਰਣਜੀਤ

ਨੂੰ ਕਹਿਣ ਲੱਗੀ,"ਰੈਂਡੀ ਨ੍ਹਾ ਕੇ, ਚਾਹ ਬਣਾ ਕੇ ਪੀ ਲਈਂ। ਕਿਚਨ ਕਾਊਂਟਰ 'ਤੇ ਮੈਂ ਕੁੱਝ ਬਿੱਲ ਰੱਖੇ ਆ, ਨਾਲੇ ਤਾਂ ਬੈਂਕ ਜਾ ਕੇ ਇਹ ਬਿੱਲ 'ਤਾਰ ਆਈਂ ਨਾਲੇ ਬਾਹਰੋਂ ਈ ਕਿਤਿਓਂ ਲੰਚ ਕਰ ਆਈਂ, ਬਾਏ!"

ਸੋਨੀਆ ਨੇ ਰਣਜੀਤ ਦਾ ਜੁਆਬ ਉਡੀਕਣਾ ਵੀ ਜ਼ਰੂਰੀ ਨਹੀਂ ਸਮਝਿਆ ਅਤੇ ਨਿਆਣੇ ਲੈ ਕੇ ਦਰਵਾਜ਼ਿਓਂ ਬਾਹਰ ਨਿਕਲ਼ ਗਈ। ਰਣਜੀਤ ਬੱਸ ਲਹੂ ਦਾ ਘੁੱਟ ਭਰ ਕੇ ਰਹਿ ਗਿਆ। ਜ਼ਿੰਦਗੀ ਕਿੰਨੀ ਨੀਰਸ ਹੋ ਚੁੱਕੀ ਸੀ। ਇੰਝ ਜਾਪਦਾ ਸੀ ਕਿ ਸੋਨੀਆ ਦੀ ਨਜ਼ਰ ਵਿੱਚ, ਉਸ ਦੀ ਹੈਸੀਅਤ ਮਸਾਂ ਇੱਕ ਨੌਕਰ ਜਿੰਨੀ ਹੀ ਹੈ। ਉਹ ਹੈਰਾਨ ਸੀ ਕਿ ਇਸ ਨੂੰ ਕਿਹੜਾ ਇੰਨਾ ਜ਼ਰੂਰੀ ਫ਼ੋਨ ਆਇਆ ਹੋਇਆ ਸੀ, ਜੋ ਗਿਆਰਾਂ ਦਿਨਾਂ ਬਾਅਦ ਮੁੜੇ ਆਪਣੇ ਪਤੀ ਨਾਲ਼ ਚੰਗੀ ਤਰ੍ਹਾਂ ਜ਼ੁਬਾਨ ਵੀ ਸਾਂਝੀ ਨਾ ਕਰ ਸਕੀ।

ਰਣਜੀਤ ਨੇ ਨਹਾ ਕੇ ਸਟੋਵ ਉੱਪਰ ਚਾਹ ਲਈ ਪਾਣੀ ਰੱਖ ਦਿੱਤਾ ਅਤੇ ਟੀਵੀ ਲਾ ਲਿਆ। ਉਸ ਦੇ ਮੋਬਾਈਲ ਫ਼ੋਨ ਦੀ ਘੰਟੀ ਵੱਜੀ। ਰਣਜੀਤ ਨੇ ਫ਼ੋਨ ਦੀ ਸਕਰੀਨ 'ਤੇ ਦੇਖਿਆ। ਪਵਿੱਤਰ ਦੀ ਕਾਲ ਸੀ। ਪਵਿੱਤਰ ਵੀ ਰਣਜੀਤ ਵਾਲ਼ੀ ਕੰਪਨੀ 'ਚ ਹੀ ਟਰੱਕ ਚਲਾਉਂਦਾ ਸੀ। ਜਿੱਦਾਂ ਰਣਜੀਤ ਦਾ ਨਾਂ, ਰਣਜੀਤ ਤੋਂ ਬਦਲ ਕੇ ਹੌਲ਼ੀ-ਹੌਲ਼ੀ ਰੈਂਡੀ ਹੋ ਗਿਆ ਸੀ, ਓਦਾਂ ਹੀ, ਗੋਰਿਆਂ ਦੀ ਦੇਖੋ-ਦੇਖੀ, ਪਵਿੱਤਰ ਨੂੰ ਵੀ ਸਭ ਪੀਟਰ ਕਹਿਣ ਲੱਗ ਪਏ ਸਨ। ਉਹ ਦੋਵੇਂ ਹੀ ਅਮਰੀਕਾ ਦੇ ਦੁਰਾਡੇ ਸ਼ਹਿਰਾਂ ਨੂੰ ਲੋਡ ਲੈ ਕੇ ਜਾਂਦੇ ਸਨ। ਪੀਟਰ ਹਰ ਦੂਜੇ-ਤੀਜੇ ਦਿਨ ਉਸ ਨੂੰ ਫ਼ੋਨ ਜ਼ਰੂਰ ਕਰ ਲੈਂਦਾ ਸੀ। ਰਣਜੀਤ ਦੇ ਫ਼ੋਨ ਚੁੱਕਣ ਤੇ ਪੀਟਰ ਚਹਿਕਿਆ, "ਬੱਲੇ ਬਾਬਿਉ ਪਹੁੰਚ ਗਏ ਘਰ, ਕਿ ਹਾਲੇ ਬਰਫ਼ 'ਚ ਹੀ ਫਸੀਆਂ ਹੋਈਆਂ ਨੇ ਸੰਗਤਾਂ?"

"ਆਹੋ ਯਾਰ ਮਸੀਂ ਰੁੜ੍ਹ-ਖੁੜ੍ਹ ਕੇ ਪਹੁੰਚਿਆਂ। ਸਨੋਅ ਨੇ ਬਹੁਤ ਜਾਨ ਲੈਣੀ ਕੀਤੀ ਹੋਈ ਐ। ਤੂੰ ਕਿਥੇ ਐਂ?" ਰਣਜੀਤ ਨੇ ਜੁਆਬ ਦੇ ਨਾਲ਼ ਹੀ ਸੁਆਲ ਦਾਗ਼ ਦਿੱਤਾ।

"ਮੈਂ ਤਾਂ ਯਾਰ ਅਜੇ ਹੁਣ ਤੁਰਿਆਂ ਡੈਲਸ ਤੋਂ। ਲੋਡ ਵੀ ਸਹੁਰਾ ਹਲਕਾ ਈ ਆ। ਹੁਣ ਸਾਲ਼ੀ ਬਰਫ਼ਬਾਰੀ ਦਾ ਫ਼ਿਕਰ ਪਿਆ ਹੋਇਐ। ਤੈਨੂੰ ਤਾਂ ਪਤਾ ਈ ਐ ਲੋਡ ਹੌਲ਼ਾ ਹੋਵੇ ਤਾਂ ਟਰੱਕ, ਬਰਫ਼ 'ਤੇ ਝੱਟ ਤਿਲ੍ਹਕ ਜਾਂਦੈ," ਪੀਟਰ ਨੇ ਫ਼ਿਕਰ ਜਤਾਇਆ। ਰਣਜੀਤ ਜਾਣਦਾ ਸੀ ਕਿ ਜੇ ਬਰਫ਼ ਜ਼ਿਆਦਾ ਪਈ ਹੋਵੇ ਤਾਂ ਭਾਰਾ ਟਰੱਕ-ਲੋਡ ਹੀ ਠੀਕ ਰਹਿੰਦਾ ਹੈ ਕਿਉਂ ਕਿ ਭਾਰੇ ਲੋਡ ਕਾਰਨ ਟਰੱਕ ਦੇ ਟਾਇਰ ਬਰਫ਼ ਵਿੱਚ ਜ਼ਿਆਦਾ ਖੁੱਭ ਕੇ ਰਿੜ੍ਹਦੇ ਹਨ ਅਤੇ ਸੜਕ ਉੱਤੇ ਉਨ੍ਹਾਂ ਦੀ ਪਕੜ ਚੰਗੀ ਬਣਦੀ ਹੈ।

"ਚੱਲ ਕੋਈ ਨ੍ਹੀਂ ਯਾਰ, ਧਿਆਨ ਨਾਲ਼ ਆਈਂ ਤੂੰ। ਰਾਤ ਨੂੰ ਤਾਂ ਨਾ ਹੀ ਚਲਾਈਂ। ਕੁਝ ਨਹੀਂ ਹੋ ਚੱਲਿਆ, ਇਕ-ਅੱਧਾ ਦਿਨ ਈ ਵੱਧ ਲੱਗ ਜਾਊ। ਐਵੇਂ

ਰਿਸਕ ਨਾ ਲਈਂ, ਤੁਰ ਪੈ ਰੱਬ ਦਾ ਨਾਂ ਲੈ ਕੇ," ਰਣਜੀਤ ਨੇ ਸਲਾਹ ਦਿੱਤੀ।

"ਰੈਂਡੀ ਤੈਨੂੰ ਤੇਜਬੀਰ ਦਾ ਪਤਾ ਲੱਗਿਆ?"

"ਨਹੀਂ, ਕੀ ਹੋਇਆ ਉਹ ਨੂੰ?"

"ਉਹ ਦਾ ਐਕਸੀਡੈਂਟ ਹੋ ਗਿਆ ਯਾਰ। ਸ੍ਹੀਰੇ ਨੂੰ ਫ਼ੋਨ ਕੀਤਾ ਸੀ, ਉਹ ਨੇ ਦੱਸਿਆ," ਪੀਟਰ ਦੀ ਆਵਾਜ਼ ਵਿੱਚੋਂ ਦਰਦ ਸਾਫ਼ ਝਲਕਦਾ ਸੀ।

"ਓ ਅੱਛਾ ਕਿੱਦਾਂ? ਕਿੱਥੇ? ਕੀ ਹੋਇਆ?" ਕਿੰਨੇ ਹੀ ਸੁਆਲ ਰਣਜੀਤ ਦੀ ਜ਼ੁਬਾਨ 'ਤੇ ਇਕਦਮ ਆ ਗਏ।

"ਯਾਰ, ਆਹ ਤੇਜਬੀਰ ਵੀ ਨਵੇਂ-ਨਵੇਂ ਡਰੈਵਰ ਨਾਲ਼ ਲੈ ਕੇ ਤੁਰ ਪੈਂਦੈ, ਲਾਲਚ ਕਰ ਜਾਂਦੀ ਜਨਤਾ ਹੋਰ ਨ੍ਹੀਂ ਕੁਝ। ਹੁਣ ਲੰਮੇ ਪੰਗੇ ਭੁਗਤਣੇ ਪੈਣੇ। ਨਾਲ਼ ਦਾ ਡਰੈਵਰ ਥਾਂ ਤੇ ਈ ਮਰ ਗਿਆ, ਨਵਾਂ ਮੁੰਡਾ ਸੀ ਵਿਚਾਰਾ," ਪੀਟਰ ਨੇ ਕਿਹਾ।

"ਹੈਂ, ਮੁੰਡਾ ਥਾਏਂ ਮਰ ਗਿਆ? ਲੋਹੜਾ ਆ ਗਿਆ ਫੇਰ ਤਾਂ, ਚੰਗੀ ਤਰ੍ਹਾਂ ਦੱਸ ਯਾਰ, ਇਹ ਤਾਂ ਬਹੁਤੀ ਈ ਮਾੜੀ ਗੱਲ ਹੋਈ," ਰਣਜੀਤ ਨੇ ਹੈਰਾਨ ਹੁੰਦਿਆਂ ਕਿਹਾ।

"ਹੋਰ ਕੀ ਦੱਸਾਂ ਭਰਾਵਾ, ਕੋਈ ਨਵਾਂ ਮੁੰਡਾ ਸੀ ਰਿਸ਼ਤੇਦਾਰੀ ਵਿੱਚੋਂ, ਉਹ ਨੇ, ਟਰੱਕ ਦਾ ਨਵਾਂ-ਨਵਾਂ ਲਾਇਸੈਂਸ ਲਿਆ ਸੀ। ਤੇਜਬੀਰ ਨੇ ਟਰੇਂਡ ਕਰਨ ਲਈ ਨਾਲ਼ ਚੜ੍ਹਾ ਲਿਆ। ਤੈਨੂੰ ਪਤਾ ਈ ਆ ਟਰੇਂਡ ਕਰਨ ਦਾ ਤਾਂ ਪੱਜ ਈ ਹੁੰਦੈ, ਲਾਲਚ ਤਾਂ ਆਪਣਾ ਹੁੰਦੈ ਪਈ ਟਰੱਕ 'ਚ ਦੋ ਡਰੈਵਰ ਹੋਵਾਂਗੇ ਤਾਂ ਲੋਡ ਵੀ ਜ਼ਿਆਦਾ ਦੂਰ ਵਾਲ਼ਾ ਲਵਾਂਗੇ ਤੇ ਮੁੜ ਵੀ ਛੇਤੀ ਆਵਾਂਗੇ। ਉੱਪਰੋਂ ਨਵੇਂ ਬੰਦੇ ਨੂੰ ਪੈਸੇ ਵੀ ਥੋੜ੍ਹੇ ਈ ਦੇਣੇ ਹੁੰਦੇ ਆ। ਬੱਸ ਹੈਨ੍ਹਾਂ ਚੱਕਰਾਂ 'ਚ ਲੈਣੇ ਦੇ ਦੇਣੇ ਪੈ ਗਏ। ਸ਼ਿਕਾਗੋ ਤੋਂ ਆਉਂਦੇ ਸੀ। ਹਾਈਵੇ ਨੱਬੇ 'ਤੇ, ਮੋਨਟੈਨਾ ਸਟੇਟ ਵਿੱਚ, ਤੈਨੂੰ ਤਾਂ ਪਤਾ ਈ ਆ ਪਈ ਬਰਫ਼ ਕਿੰਨੀ ਪਈ ਹੁੰਦੀ ਉੱਥੇ। ਉੱਪਰੋਂ ਤੇਜਬੀਰ ਨੇ ਉਸ ਨਵੇਂ ਮੁੰਡੇ ਨੂੰ ਚਲਾਉਣ ਲਾਇਆ ਹੋਇਆ ਸੀ ਤੇ ਪਤੰਦਰ ਆਪ ਪਿੱਛੇ ਸੁੱਤਾ ਪਿਆ ਸੀ। ਬੱਸ, ਬਰਫ਼ 'ਤੋਂ ਐਸਾ ਤਿਲ੍ਹਕਿਆ ਟਰੱਕ ਕਿ ਲੋਟਣੀਆਂ ਈ ਖਾ ਗਿਆ। ਕੱਖ ਨਹੀਂ ਬਚਿਆ ਭਰਾਵਾ। ਟਰੱਕ, ਟਰਾਲਾ, ਲੋਡ ਸਭ ਕੁੱਝ ਈ ਫ਼ਨਾਹ ਹੋ ਗਿਆ। ਤੇਜਬੀਰ ਦੇ ਵੀ ਸੱਟਾਂ ਤਾਂ ਕਾਫ਼ੀ ਲੱਗੀਆਂ, ਪਰ ਬਚ ਗਿਆ। ਡਰੈਵਰ ਨੇ ਸ਼ੈਦ ਸੀਟ ਬੈਲਟ ਵੀ ਨ੍ਹੀਂ ਲਾਈ ਸੀ। ਸਿਰ ਵੱਜਿਆ-ਵੁੱਜਿਆ ਹੋਣਾ ਕਿਤੇ। ਐਂਬੂਲੈਂਸ ਵਾਲਿਆਂ ਨੇ ਆਉਂਦਿਆਂ ਹੀ ਕੈਹਤਾ ਪਈ ਇਹ ਮਰ ਚੁੱਕਿਐ।"

ਰਣਜੀਤ ਨੂੰ ਐਕਸੀਡੈਂਟ ਬਾਰੇ ਸੁਣ ਕੇ ਕੰਬਣੀ ਜਿਹੀ ਆ ਗਈ। ਤੇਜਬੀਰ ਅਤੇ ਸ੍ਹੀਰਾ ਵੀ ਲੰਮੇ ਰੂਟਾਂ 'ਤੇ ਜਾਣ ਵਾਲ਼ੇ ਟਰੱਕਰ ਸਨ ਅਤੇ ਉਹ, ਆਉਂਦੇ-ਜਾਂਦੇ ਰਾਹ ਵਿੱਚ ਮਿਲ਼ਦੇ-ਗਿਲ਼ਦੇ ਰਹਿੰਦੇ ਸਨ।

"ਦੱਸ ਯਾਰ ਅਜੇ ਵਿਚਾਰਾ ਨਵਾਂ ਮੁੰਡਾ, ਪਤਾ ਨਹੀਂ ਕੀ-ਕੀ ਸੁਫ਼ਨੇ ਸਜਾ ਕੇ ਕੈਨੇਡਾ ਆਇਆ ਹੋਣਾ। ਖਾ ਲਿਆ ਸੜਕਾਂ ਨੇ! ਸੱਚੀਂ ਯਾਰ, ਕੀ

ਜ਼ਿੰਦਗੀ ਆ ਡਰਾਈਵਰਾਂ ਦੀ? ਮਾੜਾ ਜਿਹਾ ਧਿਆਨ ਇੱਧਰ-ਉੱਧਰ ਹੋਇਆ ਨ੍ਹੀਂ ਕਿ ਬੱਸ ਗਏ ਅਗਲੇ ਪਾਸੇ, ਨਾਲ਼ੇ ਤੇਜਬੀਰ ਨੂੰ ਚਾਹੀਦਾ ਸੀ ਕਿ ਨਵੇਂ ਡਰਾਈਵਰ ਨੂੰ ਇਹੋ ਜਿਹੇ ਮੌਸਮ ਵਿੱਚ ਨਾਲ਼ ਨਾ ਚੜ੍ਹਾਉਂਦਾ। ਗਰਮੀਆਂ ਨੂੰ ਈ ਬੰਦਾ ਟਰੇਂਡ ਕਰਨਾ ਚਾਹੀਦੈ। ਚੱਲ ਜੇ ਹੁਣ ਚੜ੍ਹਾ ਈ ਲਿਆ ਸੀ ਤਾਂ ਉਸ ਨੂੰ ਕਿਤੇ ਪੱਧਰੇ ਜਿਹੇ ਚਲਾਉਣ ਲਾਉਂਦਾ, ਉਹ ਵੀ ਆਪ ਨਾਲ਼ ਬਰਾਬਰ ਬੈਠ ਕੇ। ਏਨੀ ਬਰਫ਼ਬਾਰੀ ਵਿੱਚ ਨਵੇਂ ਬੰਦੇ ਨੂੰ ਟਰੱਕ ਫੜਾਉਣ ਦੀ ਤੁਕ ਈ ਨਹੀਂ ਬਣਦੀ। ਚੱਲ ਮੈਂ ਵੀ ਟੈਮ ਕੱਢ ਕੇ ਦਿਹਾੜੀ-ਡੰਗ ਤੱਕ ਫ਼ੋਨ ਕਰ ਕੇ ਜਾਊਂ ਤੇਜਬੀਰ ਵੱਲ। ਤੇਰਾ ਵੀ ਲੋਡ ਹੌਲ਼ੈ, ਤੂੰ ਵੀ ਖ਼ਿਆਲ ਨਾਲ਼ ਈ ਆਈਂ ਭਰਾਵਾ। ਦੇਖ ਲੈ ਪੀਟਰ, ਗਰਮੀਆਂ ਨੂੰ ਹੌਲ਼ਾ ਲੋਡ ਹੋਵੇ ਤਾਂ ਆਪਾਂ ਨੂੰ ਚਾਅ ਚੜ੍ਹਿਆ ਹੁੰਦੈ ਪਈ ਟਰੱਕ ਤੇਲ ਘੱਟ ਖਾਊ, ਤੇ ਸਿਆਲ਼ਾਂ ਨੂੰ ਹੌਲ਼ੇ ਲੋਡ ਦਾ ਫ਼ਿਕਰ ਪਿਆ ਹੁੰਦੈ।"

"ਯਾਰ ਕੰਮ ਕਾਹਦਾ, ਸਾਲ ਦੇ ਆਹ ਚਾਰ ਮਹੀਨੇ ਤਾਂ ਤਪੱਸਿਆ ਈ ਕਰੀਦੀ ਐ, ਬਰਫ਼ 'ਚ ਲੁਕੀਆਂ ਸੜਕਾਂ 'ਤੇ ਅੱਖਾਂ ਪਾੜ-ਪਾੜ ਕੇ ਝਾਕੀ ਜਾਓ ਬੱਸ। ਬਰੇਕ ਲਾਇਆਂ ਤੇ ਏਨਾ ਪਤਾ ਈ ਨ੍ਹੀਂ ਹੁੰਦਾ ਕਿ ਬਰੇਕ ਲੱਗਣੀ ਵੀ ਆ ਕਿ ਨਹੀਂ। ਪਿਛਲੀ ਵਾਰ ਹਿਊਸਟਨ ਨੂੰ ਜਾਂਦੇ ਹੋਏ ਟੈਕਸਸ ਵਿੱਚ ਬਲੈਕ ਆਈਸ ਪੈ ਗਈ। ਤਿਲ੍ਹਕਣ ਏਨੀ ਕਿ ਸੜਕ 'ਤੇ ਹਰ ਅੱਧੇ ਕਿੱਲੋਮੀਟਰ ਬਾਅਦ, ਕਦੇ ਕੋਈ ਕਾਰ, ਕਦੇ ਕੋਈ ਟਰੱਕ ਪੁੱਠਾ ਪਿਆ ਹੋਇਆ ਦਿਸੀ ਜਾਵੇ। ਏਦਾਂ ਲੱਗੀ ਜਾਵੇ ਕਿ ਹੁਣ ਵੀ ਗਏ, ਹੁਣ ਵੀ ਗਏ। ਰੱਬ-ਰੱਬ ਕਰਦਿਆਂ ਮਸੀਂ ਲੋਡ ਧੁਰ ਲਾਇਆ," ਪੀਟਰ ਇੱਕ ਵਾਰ ਫਿਰ ਕੰਮ ਦੀਆਂ ਮੁਸੀਬਤਾਂ ਦਾ ਜ਼ਿਕਰ ਛੇੜ ਕੇ ਬਹਿ ਗਿਆ।

"ਸਹੀ ਕਹਿਨੈ ਪੀਟਰ। ਹੈਗੀ ਤਾਂ ਤਪੱਸਿਆ ਈ ਆ। ਗ੍ਰਹਿਸਤ ਵਿੱਚ ਰਹਿ ਕੇ ਤਪੱਸਿਆ ਇਹਨੂੰ ਈ ਕਹਿੰਦੇ ਆ। ਚਲੋ ਹੁਣ ਤਪੱਸਵੀ ਜੀ ਮਹਾਰਾਜ ਤੁਸੀਂ ਜਰਾ ਖ਼ਿਆਲ ਨਾਲ਼ ਆਇਓ, ਰੱਬ ਰਾਖਾ," ਰਣਜੀਤ ਨੇ ਹੱਸਦਿਆਂ ਹੋਇਆਂ ਗੱਲ ਨਿਬੇੜਨ ਦੀ ਮਨਸ਼ਾ ਨਾਲ਼ ਕਿਹਾ।

"ਆਹੋ ਯਾਰ ਦੇਖਦੇ ਆਂ, ਹੁਣ ਤੂੰ ਦੋ-ਚਾਰ ਦਿਨ ਆਰਾਮ ਕਰ ਕੇ ਵਾਪਸੀ ਦਾ ਲੋਡ ਲਈਂ। ਸਿਆਲ਼ਾਂ ਦੇ ਦਿਨ ਆ ਯਾਰ, ਬੰਦੇ ਨੂੰ ਆਪਣੇ ਪਰਿਵਾਰ ਨਾਲ਼ ਵੀ ਟਾਈਮ ਗੁਜ਼ਾਰਨਾ ਚਾਹੀਦੈ। ਅੱਛਾ, ਚੱਲ ਤੂੰ ਹੁਣ ਰਜਾਈ ਨਿੱਘੀ ਕਰ ਭਰਜਾਈ ਦੇ ਨਾਲ਼ ਤੇ ਮੈਂ ਟਰੱਕ ਤੋਰਾਂ," ਪੀਟਰ ਨੇ ਮਸ਼ਕਰੀ ਕੀਤੀ।

ਰਣਜੀਤ ਦਾ ਜੀਅ ਕੀਤਾ ਕਿ ਉਹ ਪੀਟਰ ਨੂੰ ਦੱਸੇ ਕਿ ਰਜਾਈ ਨਿੱਘੀ ਤਾਂ ਇੱਕ ਪਾਸੇ ਰਹੀ, ਉਸ ਨੂੰ ਤਾਂ ਘਰ ਆਏ ਨੂੰ ਹੱਸ ਕੇ ਬੁਲਾਇਆ ਵੀ ਨਹੀਂ ਜਾਂਦਾ, ਪਰ ਘਰ ਦੀ ਗੱਲ ਐਵੇਂ ਬਾਹਰ ਕੱਢਣ ਤੋਂ ਡਰਦਿਆਂ ਰਣਜੀਤ ਨੇ ਓਪਰਾ ਜਿਹਾ ਹੱਸ ਕੇ ਫ਼ੋਨ ਬੰਦ ਕਰ ਦਿੱਤਾ। ਉਸ ਨੂੰ ਲੱਗਿਆ ਕਿ ਇਸ ਵਿੱਚ ਪੀਟਰ ਦਾ ਕਸੂਰ ਨਹੀਂ, ਕਿਉਂ ਕਿ ਪੀਟਰ ਦੀ ਪਰਿਵਾਰਕ ਜ਼ਿੰਦਗੀ ਬਹੁਤ ਹੀ

ਅਨੰਦਮਈ ਗੁਜ਼ਰ ਰਹੀ ਸੀ। ਇਸ ਲਈ ਹੀ ਉਹ, ਉਸ ਨਾਲ਼ ਇਹੋ ਜਿਹਾ ਮਜ਼ਾਕ ਕਰ ਰਿਹਾ ਸੀ। ਪੀਟਰ ਉਸ ਨੂੰ ਗੱਲਾਂ-ਗੱਲਾਂ 'ਚ ਕਈ ਵਾਰ ਦੱਸ ਚੁੱਕਾ ਸੀ ਕਿ ਉਸ ਦੀ ਘਰ ਵਾਲ਼ੀ ਕੁਲਜਿੰਦਰ ਉਸ ਨੂੰ ਦਿਨ ਵਿੱਚ ਤਿੰਨ-ਚਾਰ ਵਾਰ ਜ਼ਰੂਰ ਫ਼ੋਨ ਕਰ ਕੇ ਹਾਲ-ਚਾਲ ਪੁੱਛਦੀ ਹੈ ਅਤੇ "ਰੋਟੀ ਖਾਧੀ ਕਿ ਨਹੀਂ? ਹੁਣ ਕਿੱਥੇ ਕੁ ਪਹੁੰਚੇ ਓ? ਕਿੰਨੇ ਕੁ ਦਿਨਾਂ ਤੱਕ ਮੁੜਨਾ? ਰਾਹ 'ਚ ਮੌਸਮ ਕਿੱਦਾਂ ਦਾ ਹੈ? ਐਤਕੀਂ ਤੁਹਾਡੇ ਘਰ ਆਇਆਂ ਤੇ ਖਾਣ ਨੂੰ ਕੀ ਬਣਾਵਾਂ?" ਵਗ਼ੈਰਾ-ਵਗ਼ੈਰਾ ਸੁਆਲ ਕਰਦੀ ਰਹਿੰਦੀ ਹੈ। ਪੀਟਰ ਹਿੱਕ ਫੁਲਾ ਕੇ ਕਹਿੰਦਾ ਰਹਿੰਦਾ ਹੈ ਪਈ ਕੁਲਜਿੰਦਰ ਉਸ ਦਾ ਇੰਨਾ ਖ਼ਿਆਲ ਰੱਖਦੀ ਹੈ ਕਿ ਉਸ ਦਾ ਘਰੋਂ ਨਿਕਲਣ ਨੂੰ ਜੀਅ ਹੀ ਨਹੀਂ ਕਰਦਾ। ਰਣਜੀਤ ਨੂੰ ਕਈ ਵਾਰ ਪੀਟਰ ਦੀ ਕਿਸਮਤ ਨਾਲ਼ ਈਰਖਾ ਹੋ ਜਾਂਦੀ। ਪਤਨੀ, ਪਿਆਰ ਕਰਨ ਵਾਲ਼ੀ ਹੋਵੇ ਤਾਂ ਪਤੀ ਦਾ ਮਨ ਸ਼ਾਂਤ ਰਹਿੰਦੈ ਅਤੇ ਉਸ ਦੀ ਉਮਰ ਵੀ ਵਧ ਜਾਂਦੀ ਹੈ।

ਆਪਣੀ ਕਿਸਮਤ ਤੇ ਝੂਰਦਾ ਰਣਜੀਤ ਕਿਚਨ ਕਾਊਂਟਰ ਤੋਂ ਬਿੱਲ ਚੁੱਕ ਕੇ ਬਾਹਰ ਨਿਕਲ਼ ਗਿਆ। ਉਸ ਨੇ ਕਾਰ, ਗਰਾਜ ਵਿੱਚੋਂ ਬਾਹਰ ਕੱਢਦਿਆਂ ਦੇਖਿਆ ਕਿ ਡਰਾਈਵ-ਵੇ ਵਿੱਚ ਜਿੱਥੇ ਸੋਨੀਆ ਦੀ ਕਾਰ ਖੜ੍ਹੀ ਸੀ ਓਨਾ ਥਾਂ ਹੀ ਸਾਫ਼ ਸੀ, ਬਾਕੀ ਸਾਰੇ ਥਾਂ ਬਰਫ਼ ਜੰਮ-ਜੰਮ ਕੇ ਕੱਚ ਬਣੀ ਹੋਈ ਸੀ। ਉਸ ਨੇ ਸੋਚਿਆ ਕਿ ਬਿੱਲ 'ਤਾਰ ਕੇ, ਉਹ ਲੰਚ ਘਰ ਲੈ ਆਵੇਗਾ ਅਤੇ ਲੰਚ ਕਰਨ ਤੋਂ ਬਾਅਦ ਡਰਾਈਵ-ਵੇ ਨੂੰ ਰਗੜ-ਰਗੜ ਕੇ ਸਾਫ਼ ਕਰੇਗਾ।

ਪਰ ਕਿਸਮਤ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਰਣਜੀਤ ਬਿੱਲ 'ਤਾਰ ਕੇ ਮੁੜਿਆ ਤਾਂ ਉਸ ਨੇ ਕਾਰ ਘਰ-ਅਗਲੀ ਸੜਕ 'ਤੇ ਹੀ ਪਾਰਕ ਕਰ ਦਿੱਤੀ। ਕਾਰ 'ਚੋਂ ਉੱਤਰਨ ਵੇਲੇ ਉਸ ਦੇ ਇੱਕ ਹੱਥ 'ਚ ਲੰਚ ਦਾ ਲਿਫ਼ਾਫ਼ਾ ਸੀ ਅਤੇ ਦੂਜੇ ਹੱਥ ਵਿੱਚ ਕੋਕ ਦਾ ਗਿਲਾਸ ਸੀ। ਉਹ ਬਰਫ਼ ਉੱਤੇ ਟਿਕਾਅ-ਟਿਕਾਅ ਕੇ ਪੈਰ ਰੱਖਦਿਆਂ ਬੂਹੇ ਵੱਲ ਵਧਿਆ ਤਾਂ ਬੂਹੇ ਅਗਲੇ ਤਿੰਨ ਸਟੈੱਪ ਚੜ੍ਹਦਿਆਂ, ਉਸ ਦਾ ਪੈਰ ਇੰਝ ਤਿਲ੍ਹਕਿਆ ਕਿ ਉਹ ਪਟਾਕ ਕਰ ਕੇ ਡਿੱਗ ਪਿਆ। ਉਸ ਦੇ ਹੱਥੋਂ ਲਿਫ਼ਾਫ਼ਾ ਤੇ ਗਿਲਾਸ ਛੁੱਟ ਕੇ ਪਤਾ ਨਹੀਂ ਕਿੱਧਰ ਜਾ ਡਿੱਗੇ। ਉਸ ਨੂੰ ਡਿੱਗੇ ਪਏ ਨੂੰ ਇੰਝ ਮਹਿਸੂਸ ਹੋਇਆ, ਜਿਵੇਂ ਕਿਸੇ ਨੇ ਕੋਈ ਤਿੱਖਾ ਖ਼ੰਜਰ ਉਸ ਦੀ ਪਿੱਠ ਵਿੱਚ ਮਾਰ ਦਿੱਤਾ ਹੋਵੇ। ਜਦੋਂ ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ, ਉਸ ਦੀਆਂ ਚੀਕਾਂ ਨਿਕਲ਼ ਗਈਆਂ। ਉਹ ਜ਼ੋਰ ਲਾ ਰਿਹਾ ਸੀ ਪਰ ਉਸ ਤੋਂ ਆਪਣੀਆਂ ਲੱਤਾਂ ਹਿਲਾਈਆਂ ਨਹੀਂ ਜਾ ਰਹੀਆਂ ਸਨ। ਇੰਨੀ ਠੰਢ ਦੇ ਬਾਵਜੂਦ ਉਸ ਦਾ ਚਿਹਰਾ ਮੁੜ੍ਹਕੋ-ਮੁੜ੍ਹਕੀ ਹੋ ਗਿਆ। ਉਹ ਸਮਝ ਗਿਆ ਸੀ ਕਿ ਉਸ ਦੇ ਕੋਈ ਔਹਰੀ ਸੱਟ ਲੱਗੀ ਹੈ। ਬੜੀ ਮੁਸ਼ਕਲ ਨਾਲ਼ ਉਸ ਨੇ ਜੇਬ 'ਚੋਂ ਫ਼ੋਨ ਕੱਢ ਕੇ ਐਮਰਜੈਂਸੀ ਨੰਬਰ ਡਾਇਲ ਕੀਤਾ ਅਤੇ ਆਪਣੀ ਸੱਟ ਅਤੇ ਅਡਰੈੱਸ ਬਾਰੇ ਓਪਰੇਟਰ ਨੂੰ ਦੱਸਿਆ। ਉਸ ਨੇ ਇਕ ਵਾਰ ਫਿਰ ਆਪਣੇ-ਆਪ ਨੂੰ ਉਠਾਉਣ ਦੀ ਕੋਸ਼ਿਸ਼

ਕੀਤੀ, ਪਰ ਦਰਦ ਇੰਨੀ ਜ਼ੋਰ ਨਾਲ਼ ਹੋਇਆ ਕਿ ਉਸ ਦੀਆਂ ਅੱਖਾਂ ਅੱਗੇ ਤਾਰੇ ਨੱਚ ਗਏ ਤੇ ਉਸ ਨੂੰ ਸੁਰਤ ਨਾ ਰਹੀ।

ਰਣਜੀਤ ਨੂੰ ਜਦ ਹੋਸ਼ ਆਇਆ ਤਾਂ ਉਹ ਹਸਪਤਾਲ ਦੇ ਬੈੱਡ 'ਤੇ ਸੀ। ਉਸ ਦੀ ਪਿੱਠ ਉੱਤੇ ਮੋਟੀ ਜਿਹੀ ਪੱਟੀ ਕੀਤੀ ਹੋਈ ਸੀ। ਉਸ ਨੂੰ ਨਸ਼ਾ ਜਿਹਾ ਮਹਿਸੂਸ ਹੋਇਆ। ਸੋਨੀਆ ਬੈੱਡ ਦੇ ਲਾਗੇ ਸਟੂਲ 'ਤੇ ਬੈਠੀ ਸੀ। ਰਣਜੀਤ ਨੂੰ ਅੱਖਾਂ ਪੱਟਦਾ ਦੇਖ ਕੇ ਉਸ ਨੇ ਨਰਸ ਨੂੰ ਅਵਾਜ਼ ਮਾਰੀ। ਪੱਚੀ ਕੁ ਸਾਲ ਦੀ ਗੋਰੀ ਨਰਸ ਅੰਦਰ ਆ ਕੇ ਮੁਸਕਰਾਉਂਦੀ ਕਹਿਣ ਲੱਗੀ,"ਹਾਏ ਮਿਸਟਰ ਰੈਂਡੀ, ਆਈ ਐਮ ਨਰਸ ਜੂਲੀ, ਸੋ ਹਉ ਡੂ ਯੂ ਫ਼ੀਲ?"

ਰਣਜੀਤ ਨੇ ਬੋਲਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੂੰ ਲੱਗਿਆ ਕਿ ਉਸ ਦੇ ਬੋਲ ਉਸ ਦੇ ਅੰਦਰ ਹੀ ਅਟਕ ਗਏ ਹਨ। ਉਸ ਵਿਚ ਜਿਵੇਂ ਬੋਲਣ ਦੀ ਹਿੰਮਤ ਹੀ ਨਹੀਂ ਸੀ, ਫਿਰ ਵੀ ਉਸ ਨੇ ਪੂਰਾ ਜ਼ੋਰ ਲਾ ਕੇ ਕਿਹਾ,"ਆਈ ਐਮ ਫਾਈਨ।"

"ਗੁੱਡ-ਗੁੱਡ, ਲੈੱਟ ਮੀ ਕਾਲ ਦ ਡੌਕਟਰ," ਆਖ ਕੇ ਜੂਲੀ ਉੱਥੋਂ ਚਲੇ ਗਈ। ਰਣਜੀਤ ਨੇ ਹਜ਼ਾਰਾਂ ਸੁਆਲ ਅੱਖਾਂ ਵਿੱਚ ਲੈ ਕੇ ਸੋਨੀਆ ਵੱਲ ਦੇਖਿਆ। ਸੋਨੀਆ ਨੇ ਉਸ ਦੀਆਂ ਅੱਖਾਂ ਪੜ੍ਹਦਿਆਂ ਕਿਹਾ, "ਆਪਾਂ ਰੌਇਲ-ਕੌਲੰਬੀਅਨ ਹੌਸਪੀਟਲ 'ਚ ਆਂ। ਤੁਹਾਡੀ ਸਰਜਰੀ ਹੋਈ ਆ। ਤੁਸੀਂ ਸਨੋਅ ਤੋਂ ਤਿਲ੍ਹਕ ਗਏ ਸੀ। ਤੁਹਾਡੀ ਬੈਕ-ਬੋਨ 'ਚ ਫਰੈਕਚਰ ਆ। ਲਗਦੈ ਡਿੱਗਣ ਵੇਲ਼ੇ ਤੁਹਾਡੇ ਲੱਕ ਵਿੱਚ ਪੌੜੀ ਦੀ ਕੋਈ ਅੱਸੀ ਚੁਭ ਗਈ ਤੇ ਤੁਸੀਂ ਐਂਬੂਲੈਂਸ ਨੂੰ ਫ਼ੋਨ ਕਰਦਿਆਂ ਹੀ ਬੇਸੁਰਤ ਹੋ ਗਏ। ਮੈਨੂੰ ਕੰਮ 'ਤੇ ਹੀ ਰੇਨੂ ਦਾ ਫ਼ੋਨ ਆਇਆ ਸੀ ਕਿ ਰੈਂਡੀ ਦੇ ਸੱਟ ਲੱਗ ਗਈ ਆ।"

ਰੇਨੂ, ਰੈਂਡੀ ਹੁਰਾਂ ਦੀ ਬੇਸਮੈਂਟ 'ਚ ਰਹਿੰਦੀ ਸੀ। ਜੋ ਕਦੇ-ਕਦੇ ਸੋਨੀਆ ਨੂੰ ਫ਼ੋਨ ਕਰ ਲੈਂਦੀ ਸੀ। ਰਣਜੀਤ ਆਪਣੇ ਨਾਲ਼ ਹੋਇਆ-ਬੀਤਿਆ ਸਮਝ ਗਿਆ। ਉਸ ਨੇ ਵਾਰਡ ਦੀ ਕੰਧ 'ਤੇ ਘੜੀ ਵੱਲ ਨਿਗਾਹ ਮਾਰੀ। ਸ਼ਾਮ ਦੇ ਅੱਠ ਵੱਜੇ ਹੋਏ ਸਨ। ਉਸ ਨੂੰ ਸੱਤ ਘੰਟੇ ਬਾਅਦ ਹੋਸ਼ ਆਈ ਸੀ। ਉਹ ਤਕਰੀਬਨ ਬਾਰਾਂ ਵਜੇ ਲੰਚ ਲੈ ਕੇ ਘਰ ਆਇਆ ਸੀ।

ਇੰਨੇ ਚਿਰ ਤੱਕ ਨਰਸ ਜੂਲੀ, ਡਾਕਟਰ ਨੂੰ ਨਾਲ਼ ਲੈ ਕੇ ਆ ਗਈ। ਪੈਂਤੀ ਕੁ ਸਾਲ ਦੇ ਨੌਜੁਆਨ ਗੋਰੇ ਡਾਕਟਰ ਨੇ ਆਉਂਦੇ ਹੀ ਆਖਿਆ, "ਹਾਏ ਮਿਸਟਰ ਰੈਂਡੀ ਆਈ ਐਮ ਡਾਕਟਰ ਬ੍ਰਾਇਨ, ਸੋ ਹਉ ਡੂ ਯੂ ਫ਼ੀਲ?"

"ਆਈ ਐਮ ਓ ਕੇ," ਰਣਜੀਤ ਨੇ ਜੁਆਬ ਦਿੱਤਾ। ਨਰਸ ਅਤੇ ਡਾਕਟਰ ਨੇ ਰਣਜੀਤ ਨੂੰ ਉਠਾ ਕੇ ਥੋੜ੍ਹਾ ਜਿਹਾ ਬਿਠਾਇਆ ਅਤੇ ਡਾਕਟਰ ਨੇ ਰਣਜੀਤ ਦੇ ਪੈਰਾਂ ਵੱਲ ਖੜ੍ਹਾ ਹੋ ਕੇ ਉਸ ਦੀਆਂ ਅੱਖਾਂ ਵਿੱਚ ਝਾਕਦਿਆਂ ਕਿਹਾ, "ਓ ਕੇ ਮਿਸਟਰ ਰੈਂਡੀ, ਟਰਾਈ ਟੂ ਮੂਵ ਯੁਅਰ ਫੀਟ, ਓਰ ਯੁਅਰ ਟੋਜ਼।"

ਰਣਜੀਤ ਸਮਝ ਗਿਆ ਕਿ ਡਾਕਟਰ ਉਸ ਨੂੰ ਆਪਣੇ ਪੈਰ ਹਿਲਾਉਣ ਲਈ ਕਹਿ ਰਿਹਾ ਹੈ। ਉਸ ਨੇ ਜਦੋਂ ਪੈਰਾਂ ਦੀਆਂ ਉਂਗਲਾਂ ਹਿਲਾਉਣ ਦਾ ਯਤਨ ਕੀਤਾ ਤਾਂ ਉਂਗਲਾਂ ਨਾ ਹਿੱਲੀਆਂ ਪਰ ਉਸ ਦੀ ਪਿੱਠ ਵਿੱਚ ਚੀਸ ਜਿਹੀ ਉੱਠੀ। ਉਸ ਨੇ ਕਈ ਵਾਰ ਕੋਸ਼ਿਸ਼ ਕੀਤੀ ਪਰ ਉਹ ਕਾਮਯਾਬ ਨਾ ਹੋਇਆ। ਰਣਜੀਤ ਦੇ ਦਿਮਾਗ਼ ਵਿੱਚ ਇਕ ਭੂਚਾਲ ਜਿਹਾ ਆ ਗਿਆ। ਉਸ ਨੂੰ ਇਹ ਸਮਝਣ 'ਚ ਦੇਰ ਨਾ ਲੱਗੀ ਕਿ ਉਸ ਦਾ ਲੱਕ ਤੋਂ ਹੇਠਲਾ ਹਿੱਸਾ ਨਕਾਰਾ ਹੋ ਚੁੱਕਾ ਹੈ।

ਡਾਕਟਰ ਬ੍ਰਾਇਨ ਉਸ ਨੂੰ ਲੱਤ-ਪੈਰ ਹਿਲਾਉਣ ਲਈ ਵਾਰ-ਵਾਰ ਉਕਸਾ ਰਿਹਾ ਸੀ, ਪਰ ਉਹ ਸਰੀਰ ਦੇ ਹੇਠਲੇ ਹਿੱਸੇ 'ਚੋਂ ਕੋਈ ਵੀ ਅੰਗ ਨਾ ਹਿਲਾ ਸਕਿਆ। ਆਪਣੀ ਇਸ ਬੇਵਸੀ 'ਤੇ ਉਸ ਦੀਆਂ ਅੱਖਾਂ ਭਰ ਆਈਆਂ। ਅੰਤ, ਡਾਕਟਰ ਬ੍ਰਾਇਨ ਨਰਸ ਨੂੰ ਕੁਝ ਸਮਝਾ ਕੇ ਚਲਾ ਗਿਆ। ਸਭ ਕੁੱਝ ਦੇਖ ਕੇ ਸੋਨੀਆ ਦੇ ਚਿਹਰੇ 'ਤੇ ਵੀ ਪਿਲੱਤਣ ਛਾ ਗਈ। ਰਣਜੀਤ ਤੇ ਸੋਨੀਆ ਦੋਹਾਂ ਨੇ ਇੱਕ-ਦੂਜੇ ਵੱਲ ਦੇਖਿਆ, ਪਰ ਉਹ ਬੋਲ ਨਾ ਸਕੇ। ਦੋਵੇਂ ਹੀ ਅੰਦਰਲੀ ਕਹਾਣੀ ਸਮਝ ਚੁੱਕੇ ਸਨ। ਨਰਸ ਨੇ ਰਣਜੀਤ ਨੂੰ ਫਿਰ ਲੰਮਾ ਪਾ ਦਿੱਤਾ। ਨਰਸ ਜਾਣ ਲੱਗੀ ਤਾਂ ਸੋਨੀਆ ਨੇ ਪੁੱਛਿਆ, "ਜੂਲੀ ਵਟਸ ਰੌਂਗ?" ਸੋਨੀਆ ਨੂੰ ਸਾਰਾ ਕੁੱਝ ਪਤਾ ਹੋਣ 'ਤੇ ਵੀ ਉਹ ਕੁੱਝ ਵੱਖਰਾ ਸੁਣਨ ਦੀ ਤਾਂਘ ਲਾਈ ਬੈਠੀ ਸੀ।

ਜੂਲੀ ਨੇ ਸੋਨੀਆ ਦਾ ਅੰਦਰਲਾ ਭਾਂਪਦਿਆਂ ਕਿਹਾ, "ਇਟ ਸੀਮਸ ਟੂ ਬੀ ਸਪਾਈਨਲ ਕੋਰਡ ਇੰਜਰੀ।"

ਸੋਨੀਆ ਨੂੰ ਸ਼ੱਕ ਤਾਂ ਪਹਿਲਾਂ ਹੀ ਸੀ ਕਿ ਰਣਜੀਤ ਦੀ ਸਪਾਈਨਲ ਕੋਰਡ ਵਿੱਚ ਕੋਈ ਵੱਡਾ ਹੀ ਨੁਕਸ ਪੈ ਗਿਆ ਹੈ। ਉਹ ਜਾਣਦੀ ਸੀ ਕਿ ਸਪਾਈਨਲ ਕੋਰਡ ਉਹ ਵੱਡੀ ਨਸ ਹੈ ਜੋ ਰੀੜ੍ਹ ਦੀ ਹੱਡੀ ਦੇ ਨਾਲ਼-ਨਾਲ਼ ਦਿਮਾਗ਼ ਤੋਂ ਲੱਤਾਂ ਵੱਲ ਜਾਂਦੀ ਹੈ। ਰੀੜ੍ਹ ਦੀ ਹੱਡੀ ਨੂੰ ਕੋਈ ਨੁਕਸਾਨ ਹੋਵੇ ਤਾਂ ਅਕਸਰ ਹੀ ਸਪਾਈਨਲ ਕੋਰਡ ਵੀ ਨੁਕਸਾਨੀ ਜਾਂਦੀ ਹੈ। ਹੱਡੀ ਤਾਂ ਭਾਵੇਂ ਟੁੱਟ ਕੇ ਜੁੜ ਜਾਵੇ, ਪਰ ਸਪਾਈਨਲ ਕੋਰਡ ਨੁਕਸਾਨੇ ਜਾਣ ਨਾਲ਼, ਸਰੀਰ ਦੇ ਹੇਠਲੇ ਹਿੱਸੇ 'ਤੇ ਦਿਮਾਗ਼ ਦਾ ਕੰਟਰੋਲ ਨਹੀਂ ਰਹਿੰਦਾ, ਭਾਵ ਜਿਸਮ ਦਾ ਹੇਠਲਾ ਹਿੱਸਾ ਅਧਰੰਗਿਆ ਜਾਂਦਾ ਹੈ।

ਰਣਜੀਤ ਨੇ ਵੀ ਜੂਲੀ ਦੀ ਗੱਲ ਸੁਣ ਲਈ ਸੀ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਬੈਠੇ-ਬਿਠਾਏ ਇਹ ਕੀ ਹੋ ਗਿਆ ਹੈ। ਕਿਸਮਤ ਨੇ ਉਸ ਨਾਲ਼ ਕਿੰਨਾ ਵੱਡਾ ਮਜ਼ਾਕ ਕੀਤਾ ਹੈ। ਉਸ ਨੇ ਆਪਣਾ ਸਿਰ ਝਟਕਿਆ ਤੇ ਅੱਖਾਂ ਖੋਲ੍ਹੀਆਂ। ਸ਼ਾਇਦ ਉਹ ਤਕਦੀਰ ਅੱਗੇ ਤਰਲੇ ਕਰ ਰਿਹਾ ਸੀ ਕਿ ਇਹ ਸਭ ਕੁੱਝ ਕਿਸੇ ਤਰ੍ਹਾਂ ਕੋਈ ਡਰਾਉਣਾ ਸੁਫ਼ਨਾ ਹੀ ਹੋ ਜਾਵੇ। ਪਰ ਸ਼ਾਇਦ ਕਿਸਮਤ ਰਣਜੀਤ ਉੱਤੇ ਇੰਨੀ ਮਿਹਰਬਾਨ ਨਹੀਂ ਸੀ। ਪਹਾੜ ਜਿੱਡੀ ਜ਼ਿੰਦਗੀ ਉਸ ਦੇ ਅੱਗੇ ਦੈਂਤ ਵਾਂਗ ਮੂੰਹ ਅੱਡੀ ਖੜ੍ਹੀ ਸੀ।

ਰਣਜੀਤ ਨੇ ਸਿਰ, ਥੋੜ੍ਹਾ ਜਿਹਾ ਸੋਨੀਆ ਵੱਲ ਘੁਮਾਇਆ ਤਾਂ ਦੇਖਿਆ ਕਿ ਉਹ ਡੂੰਘੀਆਂ ਸੋਚਾਂ ਵਿੱਚ ਉੱਤਰੀ ਹੋਈ ਸੀ। ਰਣਜੀਤ ਸਮਝ ਸਕਦਾ ਸੀ ਕਿ ਸੋਨੀਆ ਵਰਗੀ ਔਰਤ ਇਹੋ ਜਿਹੀ ਹਾਲਤ ਵਿੱਚ ਕੀ ਸੋਚ ਸਕਦੀ ਹੈ। ਵੱਧ ਤੋਂ ਵੱਧ ਇਹੋ ਸੋਚ ਰਹੀ ਹੋਵੇਗੀ ਕਿ ਹੁਣ ਘਰ ਦੀਆਂ ਕਿਸ਼ਤਾਂ ਦਾ ਅਤੇ ਰਣਜੀਤ ਦੀ ਸਾਂਭ-ਸੰਭਾਲ਼ ਦਾ ਭਾਰ ਉਹ ਕਿੱਦਾਂ ਚੁੱਕੇਗੀ। ਰਣਜੀਤ ਖ਼ੁਦ ਵੀ ਤਾਂ ਇਹੋ ਹੀ ਸੋਚ ਰਿਹਾ ਸੀ ਕਿ ਆਉਣ ਵਾਲ਼ੀ ਜ਼ਿੰਦਗੀ ਕਿਸ ਤਰ੍ਹਾਂ ਦੀ ਹੋਵੇਗੀ। ਇਸ ਵੇਲ਼ੇ ਉਸ ਨੂੰ ਆਪਣੀ ਮਾਂ ਧਰਮ ਕੌਰ ਬਹੁਤ ਚੇਤੇ ਆਈ। ਕਾਸ਼ ਮਾਂ ਜਿਊਂਦੀ ਹੁੰਦੀ ਤਾਂ ਆਪਣੇ ਪੁੱਤ ਨੂੰ ਫੁੱਲਾਂ ਵਾਂਗ ਸਾਂਭਦੀ, ਉਹ ਸੋਚ ਰਿਹਾ ਸੀ। ਸੱਚ-ਮੁਚ ਮਾਂ ਵਰਗਾ ਰਿਸ਼ਤਾ ਹੋਰ ਕੋਈ ਹੋ ਹੀ ਨਹੀਂ ਸਕਦਾ। ਉਸ ਨੂੰ ਇਹ ਵੀ ਯਾਦ ਆ ਰਿਹਾ ਸੀ ਕਿ ਉਸ ਦੇ ਇੱਕ ਨਿੱਕਾ ਜਿਹਾ ਕੰਡਾ ਲੱਗਣ ’ਤੇ ਵੀ ਮਾਂ ਕਿੱਦਾਂ ਕੁਰਲਾ ਉੱਠਦੀ ਸੀ। ਹੁਣ ਜਦੋਂ ਕਿ ਵਕਤ ਖ਼ੁਦ ਇੱਕ ਜਾਨਲੇਵਾ ਕੰਡਾ ਬਣ ਕੇ ਉਸ ਦੇ ਜਿਸਮ ਅੰਦਰ ਪੁੜ ਗਿਆ ਸੀ।

ਰਣਜੀਤ ਦੋ-ਤਿੰਨ ਦਿਨ ਹਸਪਤਾਲ ਹੀ ਰਿਹਾ। ਰੋਜ਼ ਡਾਕਟਰ ਜਾਂ ਨਰਸ ਉਸ ਦੇ ਜ਼ਖ਼ਮ ਦੀ ਪੱਟੀ ਬਦਲਣ ਪਿੱਛੋਂ ਉਸ ਨੂੰ ਪੈਰ ਹਿਲਾਉਣ ਲਈ ਆਖਦੇ ਰਹਿੰਦੇ। ਉਹ ਬਹੁਤ ਜ਼ੋਰ ਲਾਉਂਦਾ। ਹਰ ਵਾਰ ਉਸ ਨੂੰ ਲੱਗਦਾ ਕਿ ਕੋਈ ਚਮਤਕਾਰ ਹੋਏਗਾ ਤੇ ਉਸ ਦੇ ਪੈਰ ਹਿੱਲਣ ਲੱਗ ਪੈਣਗੇ, ਪਰ ਇਹ ਚਮਤਕਾਰ ਨਾ ਹੋਇਆ।

ਫਿਰ ਕੁੱਝ ਦਿਨਾਂ ਬਾਅਦ, ਡਾਕਟਰ ਬ੍ਰਾਇਨ ਨੇ ਰਣਜੀਤ ਅਤੇ ਸੋਨੀਆ ਦੇ ਨੇੜੇ ਇੱਕ ਸਟੂਲ ’ਤੇ ਬੈਠ ਕੇ ਉਨ੍ਹਾਂ ਨੂੰ ਵੇਰਵੇ ਨਾਲ਼ ਸਮਝਾਇਆ। ਡਾਕਟਰ ਵੱਲੋਂ ਅੰਗਰੇਜ਼ੀ ਵਿੱਚ ਕੀਤੀਆਂ ਗੱਲਾਂ ਦੇ ਅਰਥ ਕੁੱਝ ਇਸ ਤਰ੍ਹਾਂ ਸਨ, “ਤੁਸੀਂ ਮੇਰੀ ਗੱਲ ਧਿਆਨ ਨਾਲ਼ ਸੁਣੋ। ਤੁਸੀਂ ਜਾਣ ਹੀ ਗਏ ਹੋ ਕਿ ਰਣਜੀਤ ਦੀ ਸਪਾਈਨਲ ਕੋਰਡ ਡੈਮੇਜ ਹੋ ਗਈ ਹੈ। ਮੈਡੀਕਲ ਸਾਇੰਸ ਵਿੱਚ ਇਸ ਦਾ ਕੋਈ ਫ਼ੌਰੀ ਇਲਾਜ ਨਹੀਂ ਹੈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਇਲਾਜ ਹੋ ਹੀ ਨਹੀਂ ਸਕਦਾ। ਇਸ ਵਿੱਚ ਪੇਸ਼ੈਂਟ ਦਾ ਆਤਮ-ਬਲ ਬਹੁਤ ਅਹਿਮੀਅਤ ਰੱਖਦਾ ਹੈ। ਮੈਂ ਆਪਣੇ ਜੀਵਨ ਵਿੱਚ, ਇਸ ਤਰ੍ਹਾਂ ਦੇ ਬਹੁਤ ਸਾਰੇ ਪੇਸ਼ੈਂਟ ਠੀਕ ਹੁੰਦੇ ਦੇਖੇ ਹਨ, ਬਲਕਿ ਕਈ ਲੋਕ ਤਾਂ ਬਹੁਤ ਛੇਤੀ ਠੀਕ ਹੋ ਜਾਂਦੇ ਹਨ। ਇਲਾਜ ਖ਼ਾਤਰ, ਦਵਾਈਆਂ ਸਮੇਂ ਸਿਰ ਖਾਣੀਆਂ, ਵਰਜ਼ਿਸ਼ ਕਰਨੀ ਅਤੇ ਆਤਮਵਿਸ਼ਵਾਸ ਰੱਖਣਾ ਬਹੁਤ ਜ਼ਰੂਰੀ ਹਨ। ਪਰ ਠੀਕ ਹੋਣ ਵਿੱਚ ਸਮਾਂ ਲੱਗ ਸਕਦਾ ਹੈ। ਅੱਜ ਜਦੋਂ ਤੁਸੀਂ ਘਰ ਜਾਓਗੇ ਤਾਂ ਤੁਹਾਡੀ ਜ਼ਿੰਦਗੀ ਵਿੱਚ ਕਾਫ਼ੀ ਤਬਦੀਲੀ ਹੋ ਚੁੱਕੀ ਹੋਵੇਗੀ। ਤੁਹਾਨੂੰ ਬਹੁਤ ਕੁੱਝ ਐਡਜਸਟ ਕਰਨਾ ਪਏਗਾ। ਖ਼ਾਸ ਕਰ ਕੇ ਸੋਨੀਆ! ਤੁਹਾਨੂੰ ਰਣਜੀਤ ਦਾ ਬਹੁਤ ਖ਼ਿਆਲ ਰੱਖਣਾ ਪਏਗਾ। ਘਰ ਦਾ ਮਾਹੌਲ ਇਸ ਦੀਆਂ ਲੋੜਾਂ ਮੁਤਾਬਿਕ ਢਾਲਣਾ ਪਏਗਾ। ਰਣਜੀਤ ਨੂੰ ਡਿਸਚਾਰਜ ਕਰਨ ਤੋਂ

ਪਹਿਲਾਂ ਇਸ ਬਾਰੇ ਕਾਗ਼ਜ਼ੀ ਕਾਰਵਾਈ ਹੈਲਥ ਸਪੋਰਟ ਵਾਲ਼ੀ ਨਰਸ ਕਰੇਗੀ। ਡਿੱਸੇਬਿਲਟੀ ਦਾ ਸਰਟੀਫਿਕੇਟ ਅਤੇ ਹੋਮ ਕੇਅਰ ਦੀਆਂ ਲੋੜਾਂ ਬਾਰੇ ਉਹ ਤੁਹਾਨੂੰ ਦੱਸ ਦੇਵੇਗੀ। ਜੇ ਤੁਹਾਡੇ ਕੋਲ ਕੋਈ ਡਿੱਸੇਬਿਲਟੀ ਇੰਨਸ਼ੋਰੈਂਸ ਵਗ਼ੈਰਾ ਹੈ ਤਾਂ ਤੁਸੀਂ ਕਲੇਮ ਕਰਨ ਦੇ ਹੱਕਦਾਰ ਹੋ।"

ਡਾਕਟਰ ਦੇ ਮੂੰਹੋਂ ਇੰਸ਼ੋਰੈਂਸ ਬਾਰੇ ਸੁਣਦਿਆਂ ਹੀ ਰਣਜੀਤ ਨੂੰ ਯਾਦ ਆਇਆ ਕਿ ਛੇ ਸਾਲ ਪਹਿਲਾਂ ਘਰ ਖ਼ਰੀਦਣ ਵੇਲ਼ੇ ਉਸ ਨੇ ਲਾਈਫ਼ ਇੰਸ਼ੋਰੈਂਸ ਕਰਵਾਇਆ ਸੀ ਤਾਂ ਏਜੰਟ ਨੇ ਕਿਹਾ ਸੀ ਕਿ ਇਸ ਵਿੱਚ ਡਿੱਸੇਬਿਲਟੀ ਅਤੇ ਕ੍ਰਿਟੀਕਲ ਇਲਨੈੱਸ ਇੰਸ਼ੋਰੈਂਸ ਵੀ ਸ਼ਾਮਿਲ ਹਨ। ਇੰਨੇ 'ਚ ਸੋਨੀਆ ਕਹਿਣ ਲੱਗੀ, "ਯੈੱਸ ਡਾਕਟਰ, ਸਾਡੇ ਕੋਲ਼ ਇੰਨਸ਼ੋਰੈਂਸ ਪੈਕੇਜ ਹੈਗਾ। ਅਸੀਂ ਏਜੰਟ ਨਾਲ਼ ਗੱਲ ਕਰਾਂਗੇ।"

ਰਣਜੀਤ ਸੋਨੀਆ ਦੇ ਮੂੰਹੋਂ ਇਹ ਸੁਣ ਕੇ ਦੰਗ ਰਹਿ ਗਿਆ। ਹੁਣ ਉਸ ਨੂੰ ਸਮਝ ਆ ਗਿਆ ਸੀ ਕਿ ਸੋਨੀਆ ਕਿਹੜੀਆਂ ਸੋਚਾਂ ਵਿੱਚ ਗ਼ਲਤਾਨ ਸੀ। ਰਣਜੀਤ ਨੂੰ ਕਿਤੇ ਨਾ ਕਿਤੇ ਸੋਨੀਆ ਵੱਲੋਂ ਕੀਤਾ ਜਾ ਰਿਹਾ ਫ਼ਿਕਰ ਸਹੀ ਵੀ ਲੱਗਿਆ। ਉਸ ਵਿਚਾਰੀ ਨੂੰ ਸਾਰੇ ਘਰ ਦੀ ਜ਼ਿੰਮੇਵਾਰੀ ਚੁੱਕਣੀ ਪੈਣੀ ਸੀ, ਜਿਸ ਕਰ ਕੇ ਇਹੋ ਜਿਹੀਆਂ ਗੱਲਾਂ ਉਸ ਦੇ ਮਨ ਵਿੱਚ ਆਉਣੀਆਂ ਸੁਭਾਵਕ ਹੀ ਸਨ।

ਹਸਪਤਾਲ ਵਿੱਚ ਹਰ ਤਰ੍ਹਾਂ ਦੀ ਕਾਗ਼ਜ਼ੀ ਕਾਰਵਾਈ ਪੂਰੀ ਕਰ ਕੇ ਸੋਨੀਆ ਅਤੇ ਉਸ ਦਾ ਡੈਡੀ ਗੁਰਦੇਵ ਸਿੰਘ, ਰਣਜੀਤ ਨੂੰ ਘਰ ਲੈ ਆਏ। ਸੋਨੀਆ ਨੇ ਇੱਕ ਮਹੀਨੇ ਲਈ ਕੰਮ ਤੋਂ ਛੁੱਟੀਆਂ ਲੈ ਲਈਆਂ। ਹੁਣ ਰਣਜੀਤ ਨੂੰ ਇਲੈਕਟ੍ਰਿਕ ਵੀਲਚੇਅਰ ਦੀ ਲੋੜ ਸੀ, ਜਿਸ ਕਰ ਕੇ ਸੋਨੀਆ ਨੇ ਹਾਲ ਦੀ ਘੜੀ ਬੁੱਤਾ ਸਾਰਨ ਲਈ, ਹੱਥ ਨਾਲ਼ ਧੱਕ ਕੇ ਰੋੜ੍ਹਨ ਵਾਲੀ ਇੱਕ ਰੈਗੂਲਰ ਵੀਲ ਚੇਅਰ ਕਿਰਾਏ 'ਤੇ ਲੈ ਆਂਦੀ। ਓਦਾਂ ਰਣਜੀਤ ਹਾਲੇ ਕਿਤੇ ਜਾਣ ਜੋਗਾ ਨਹੀਂ ਸੀ। ਘਰ ਦੇ ਬਾਹਰਲੇ ਦਰਵਾਜ਼ੇ ਅੱਗੇ ਤਿੰਨ-ਚਾਰ ਪੌਡੇ ਸਨ, ਜਿੱਥੇ ਵੀਲ ਚੇਅਰ ਚੜ੍ਹਾਉਣ ਤੇ ਲਾਹੁਣ ਦਾ ਪੰਗਾ ਸੀ। ਰਣਜੀਤ ਦਾ ਕਮਰਾ ਘਰ ਦੀ ਦੂਜੀ ਮੰਜ਼ਲ 'ਤੇ ਸੀ, ਪਰ ਕੋਈ ਹੋਰ ਇੰਤਜ਼ਾਮ ਹੋਣ ਤੱਕ ਉਸ ਦਾ ਬੈੱਡ ਥੱਲੇ ਲਿਵਿੰਗ ਰੂਮ 'ਚ ਹੀ ਲਾ ਦਿੱਤਾ ਗਿਆ।

ਰਣਜੀਤ ਨੂੰ ਦਿਨੇ ਬੈੱਡ ਤੇ ਲੰਮਾ ਪੈਣਾ, ਅਜੀਬ ਜਿਹਾ ਲੱਗ ਰਿਹਾ ਸੀ ਕਿਉਂ ਕਿ ਉਸ ਨੂੰ ਦਿਨੇ ਸੌਣ ਦੀ ਆਦਤ ਨਹੀਂ ਸੀ। ਕੈਨੇਡਾ ਵਿੱਚ ਤਾਂ ਕੰਮ-ਕਾਰ ਹੀ ਦਿਨੇ ਸੌਣ ਨਹੀਂ ਦਿੰਦਾ, ਉਹ ਤਾਂ ਕਦੇ ਪੰਜਾਬ ਵਿੱਚ ਹੁੰਦਿਆਂ ਵੀ ਦਿਨ ਵੇਲ਼ੇ ਨਹੀਂ ਸੁੱਤਾ ਸੀ। ਹੁਣ ਮਜਬੂਰ ਹੋ ਕੇ ਬੈੱਡ ਤੇ ਪਿਆ ਉਹ ਛੱਤ ਵੱਲ ਦੇਖੀ ਜਾ ਰਿਹਾ ਸੀ। ਜ਼ਿੰਦਗੀ ਕਿੱਥੋਂ ਤੁਰੀ ਸੀ ਅਤੇ ਕਿੱਥੇ ਆ ਗਈ। ਹੁਣ ਇਹੋ ਬੈੱਡ ਦਿਨ-ਰਾਤ ਉਸ ਦਾ ਸਾਥੀ ਬਣਨ ਵਾਲ਼ਾ ਸੀ। ਉਸ ਦੀ ਨਜ਼ਰ ਸਾਹਮਣੇ

ਕੰਧ ਤੇ ਲੱਗੀ ਹੋਈ, ਉਸ ਦੀ ਅਤੇ ਸੋਨੀਆ ਦੀ ਵਿਆਹ ਵਾਲ਼ੀ ਤਸਵੀਰ ਵੱਲ ਚਲੇ ਗਈ, ਜਿਸ ਵਿੱਚ ਉਸ ਦੀ ਮਾਂ ਧਰਮ ਕੌਰ ਉਨ੍ਹਾਂ ਦੋਹਾਂ ਨੂੰ ਪਿਆਰ ਦੇ ਰਹੀ ਸੀ। ਤਸਵੀਰ ਵੱਲ ਦੇਖਦਿਆਂ ਉਹ ਅਤੀਤ ਦੀਆਂ ਨਿਵਾਣਾਂ ਵਿੱਚ ਉੱਤਰ ਗਿਆ ਅਤੇ ਗਿਆਰਾਂ ਸਾਲ ਪਹਿਲਾਂ ਦੇ ਸਮੇਂ ’ਚ ਜਾ ਪਹੁੰਚਿਆ। ਉਹ ਘਟਨਾਵਾਂ ਉਸ ਦੇ ਮਨ ਦੇ ਪਰਦੇ ਉੱਤੇ ਕਿਸੇ ਫ਼ਿਲਮ ਵਾਂਗ ਚੱਲਣ ਲੱਗ ਪਈਆਂ, ਜਿਨ੍ਹਾਂ ਦਾ ਉਸ ਦੇ ਦਿਮਾਗ਼ ’ਤੇ ਡੂੰਘਾ ਅਸਰ ਸੀ। ਇਨ੍ਹਾਂ ਘਟਨਾਵਾਂ ਵਿੱਚ ਸੋਨੀਆ ਨਾਲ਼ ਉਸ ਦਾ ਵਿਆਹ ਅਤੇ ਕੈਨੇਡਾ ਵਿੱਚ ਆ ਕੇ ਗੁਜ਼ਾਰੇ ਪਹਿਲੇ ਦਿਨ ਬਹੁਤ ਖ਼ਾਸ ਸਨ।

## 2

ਸੋਨੀਆ ਆਪਣੇ ਮਾਪਿਆਂ ਦੀ ਇਕਲੌਤੀ ਧੀ ਸੀ ਅਤੇ ਉਸ ਦਾ ਅਸਲੀ ਨਾਮ ਸਤਿੰਦਰ ਸੀ। ਉਸ ਦਾ ਬਾਪ ਗੁਰਦੇਵ ਸਿੰਘ ਦੁਬਈ ਤੋਂ ਕਿਸੇ ਤਰ੍ਹਾਂ ਕੈਨੇਡਾ ਆ ਕੇ ਪੱਕਾ ਹੋਇਆ ਸੀ। ਫਿਰ ਉਸ ਨੇ ਸੋਨੀਆ ਅਤੇ ਉਸ ਦੀ ਮਾਂ ਨੂੰ ਵੀ ਕੈਨੇਡਾ ਸੱਦ ਲਿਆ। ਸੋਨੀਆ ਛੇ ਸਾਲਾਂ ਦੀ ਉਮਰ ਵਿੱਚ, ਆਪਣੀ ਮਾਂ ਗਿਆਨ ਕੌਰ ਨਾਲ਼ ਕੈਨੇਡਾ ਆਈ ਸੀ। ਏਥੇ ਆ ਕੇ ਉਸ ਨੇ ਪੜ੍ਹਾਈ ਕੀਤੀ, ਪਰ ਉਹ ਪੜ੍ਹਾਈ ਵਿੱਚ ਠੀਕ-ਠਾਕ ਜਿਹੀ ਹੀ ਸੀ। ਬਾਰਾਂ ਜਮਾਤਾਂ ਪਾਸ ਕਰਨ ਤੋਂ ਬਾਅਦ ਪੜ੍ਹਾਈ ਛੱਡ ਕੇ, ਉਹ ਇੱਕ ਇੰਸ਼ੋਰੈਂਸ ਕੰਪਨੀ ਦੇ ਆਫ਼ਿਸ ਵਿੱਚ ਕੰਮ ਕਰਨ ਲੱਗ ਪਈ। ਸੋਨੀਆ ਦੇ ਨੈਣ-ਨਕਸ਼ ਤਿੱਖੇ ਸਨ ਤੇ ਸਰੀਰ ਪਤਲਾ ਸੀ। ਉਸ ਦਾ ਰੰਗ ਕਣਕਵੰਨਾਂ ਹੋਣ ਦੇ ਬਾਵਜੂਦ ਉਹ ਸੋਹਣੀਆਂ ਕੁੜੀਆਂ ਵਿੱਚ ਗਿਣੀ ਜਾਂਦੀ ਸੀ। ਸਕੂਲ ਵਿੱਚ ਉਸ ਦੀ ਦੋਸਤੀ, ਨਾਲ਼ ਪੜ੍ਹਦੇ ਇੱਕ-ਦੋ ਅਮੀਰ ਪੰਜਾਬੀ ਮੁੰਡਿਆਂ ਨਾਲ਼ ਰਹੀ, ਪਰ ਇਹ ਦੋਸਤੀ ਕਿਸੇ ਸੰਜੀਦਾ ਰਿਸ਼ਤੇ ਦਾ ਰੂਪ ਨਾ ਧਾਰ ਸਕੀ। ਉਸ ਦੇ ਅਮੀਰ ਦੋਸਤ ਉਸ ਨੂੰ ਆਪਣੀਆਂ ਮਹਿੰਗੀਆਂ ਕਾਰਾਂ ਵਿੱਚ ਦੋ-ਚਾਰ ਝੂਟੇ ਦੇ-ਲੈ ਕੇ ਤੁਰਦੇ ਹੋਏ। ਸੋਨੀਆ ਦਾ ਨਖ਼ਰਾ ਓਦਾਂ ਵੀ ਬਹੁਤ ਉੱਚਾ ਸੀ। ਉਸ ਨੂੰ ਮੁੰਡਾ ਰੱਜ ਕੇ ਸੁਨੱਖਾ ਵੀ ਚਾਹੀਦਾ ਸੀ ਅਤੇ ਅਮੀਰ ਵੀ। ਜਦ ਉਹ ਵੀਹਾਂ ਸਾਲਾਂ ਦੀ ਹੋ ਗਈ ਤਾਂ ਬਹੁਤੇ ਭਾਰਤੀ ਮਾਪਿਆਂ ਵਾਂਗ ਉਸ ਦੇ ਮਾਂ-ਬਾਪ ਨੂੰ ਵੀ ਉਸ ਦੇ ਵਿਆਹ ਦਾ ਫ਼ਿਕਰ ਪਿਆ। ਸੋਨੀਆ ਨੂੰ ਕੈਨੇਡਾ ਵਿੱਚ ਕਈ ਮੁੰਡੇ ਦਿਖਾਏ ਗਏ, ਪਰ ਉਸ ਨੇ ਸਾਰੇ ਰੱਦ ਕਰ ਦਿੱਤੇ। ਕੋਈ ਉਸ ਨੂੰ ਮਧਰਾ ਲਗਦਾ ਸੀ ਤੇ ਕੋਈ ਮੋਟਾ। ਕਿਸੇ ਦੀ ਤੋਰ ਪਸੰਦ ਨਾ ਆਉਂਦੀ ਤੇ ਕਿਸੇ ਦੀ ਗੱਲਬਾਤ। ਦੋ-ਢਾਈ ਸਾਲ ਕੋਸ਼ਿਸ਼ ਕਰਨ ਤੋਂ ਬਾਅਦ ਜਦ ਗੱਲ ਕਿਸੇ ਸਿਰੇ ਨਾ ਲੱਗੀ ਤਾਂ ਗੁਰਦੇਵ ਸਿੰਘ ਨੇ ਉਸ ਨੂੰ ਇੰਡੀਆ ਜਾਣ ਲਈ ਮਨਾ ਲਿਆ। ਉਹ ਸੋਚਦਾ ਸੀ ਕਿ ਉਸ ਲਈ ਇੰਡੀਆ 'ਚ ਕੋਈ ਚੰਗਾ ਮੁੰਡਾ ਦੇਖਿਆ ਜਾਵੇ। ਆਖ਼ਰ ਸੋਨੀਆ ਵੀ ਇੰਡੀਆ ਜਾਣ ਲਈ ਮੰਨ ਗਈ। ਇਸ ਦੇ ਨਾਲ਼ ਹੀ ਉਸ ਨੇ ਆਪਣੀ ਚੋਣ, ਸੋਹਣੇ ਅਤੇ ਪੜ੍ਹੇ ਲਿਖੇ ਮੁੰਡੇ ਤੱਕ ਹੀ ਸੀਮਤ ਕਰ ਦਿੱਤੀ ਕਿਉਂ ਕਿ ਉਸ ਨੂੰ ਲੱਗਦਾ ਸੀ ਕਿ ਮੁੰਡੇ ਦੀ ਇੰਡੀਆ ਵਿੱਚਲੀ ਅਮੀਰੀ ਕੈਨੇਡਾ ਵਿੱਚ ਕੰਮ ਨਹੀਂ ਆਉਣੀ।

ਰਣਜੀਤ, ਜਲੰਧਰ ਜ਼ਿਲ੍ਹੇ ਦੇ ਪਿੰਡ ਸੀਰਤ ਪੁਰ ਦਾ ਜੰਮ-ਪਲ਼ ਸੀ। ਉਹ ਵੀ ਆਪਣੇ ਮਾਪਿਆਂ ਦਾ ਇੱਕੋ-ਇੱਕ ਪੁੱਤ ਸੀ। ਉਹ ਤਿੰਨ ਸਾਲ ਦਾ ਹੀ ਸੀ ਕਿ ਇੱਕ ਦਿਨ ਉਸ ਦਾ ਬਾਪੂ ਸੁਜਾਨ ਸਿੰਘ, ਕਿਸੇ ਕੰਮ ਜਲੰਧਰ ਗਿਆ ਤੇ ਉੱਥੇ ਭਰੇ ਬਾਜ਼ਾਰ ਵਿੱਚ ਖਾੜਕੂਆਂ ਵੱਲੋਂ ਹੋਈ ਗੋਲ਼ੀਬਾਰੀ ਵਿੱਚ ਉਹ ਮਾਰਿਆ ਗਿਆ। ਰਣਜੀਤ ਦੀ ਮਾਂ ਭਰੀ ਜਵਾਨੀ ਵਿੱਚ ਵਿਧਵਾ ਤਾਂ ਹੋ ਗਈ, ਪਰ ਉਸ ਨੇ

ਹੌਸਲਾ ਨਹੀਂ ਛੱਡਿਆ। ਉਹ ਕਿਸੇ ਹੋਰ ਨਾਲ਼ ਘਰ ਵਸਾਉਣ ਦੀ ਥਾਂ, ਰੰਡੇਪਾ ਹੰਢਾਉਂਦਿਆਂ ਜ਼ਿੰਦਗੀ ਦੇ ਕੋਝ ਨਾਲ਼ ਜੂਝਣ ਲਈ ਡਟ ਗਈ। ਕਿਹਾ ਜਾਂਦਾ ਹੈ ਕਿ ਕਿਸੇ ਵਿਧਵਾ ਨੂੰ ਆਤਮ ਵਿਸ਼ਵਾਸ ਗ੍ਰਹਿਣ ਕਰਨ ਲਈ ਸੱਤ-ਅੱਠ ਸਾਲ ਲੱਗ ਜਾਂਦੇ ਹਨ ਅਤੇ ਇਨ੍ਹਾਂ ਸਾਲਾਂ ਵਿੱਚ ਉਹ ਬੜੇ ਔਖਿਆਂ ਤਜਰਬਿਆਂ ਵਿੱਚੋਂ ਲੰਘਦੀ ਹੈ। ਧਰਮ ਕੌਰ ਨੇ ਵੀ ਆਪਣੇ ਪਤੀ ਦੇ ਹਿੱਸੇ ਆਉਂਦੇ ਦਸ ਖੇਤ, ਸ਼ਰੀਕਾਂ ਨਾਲ਼ ਲੰਮੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ ਹਾਸਲ ਕੀਤੇ। ਇਸ ਦੌਰਾਨ ਉਸ ਦੇ ਪੇਕੇ ਵੀ ਉਸ ਦੀ ਥੋੜ੍ਹੀ ਬਹੁਤ ਮਦਦ ਕਰਦੇ ਰਹੇ। ਆਪਣੇ ਦਸਾਂ ਖੇਤਾਂ ਦੇ ਠੇਕੇ ਤੋਂ ਮਿਲ਼ਦੀ ਰਕਮ ਨਾਲ਼ ਉਸ ਨੇ, ਰਣਜੀਤ ਦੇ ਪਾਲਣ-ਪੋਸਣ ਵਿੱਚ ਕੋਈ ਕਸਰ ਨਾ ਛੱਡੀ। ਜਲੰਧਰ ਦੇ ਇੱਕ ਪ੍ਰਾਈਵੇਟ ਸਕੂਲ 'ਤੋਂ ਸ਼ੁਰੂ ਕਰ ਕੇ ਰਣਜੀਤ ਨੇ ਡੀ.ਏ.ਵੀ. ਕਾਲਜ ਜਲੰਧਰ ਵਿੱਚ ਪੰਜਾਬੀ ਦੀ ਐਮ. ਏ. ਕਰ ਕੇ ਪੜ੍ਹਾਈ ਖ਼ਤਮ ਕੀਤੀ। ਧਰਮ ਕੌਰ ਨੇ ਉਸ ਨੂੰ ਕਦੇ ਵੀ ਬਾਪ ਦੀ ਕਮੀ ਮਹਿਸੂਸ ਨਾ ਹੋਣ ਦਿੱਤੀ। ਰਣਜੀਤ ਆਪਣੇ ਬਾਪ ਵਾਂਗ ਚੰਗਾ ਕੱਦ-ਕਾਠ ਕਰ ਗਿਆ ਸੀ। ਉਸ ਦੇ ਨੈਣ-ਨਕਸ਼ ਹੀ ਤਿੱਖੇ ਨਹੀਂ ਸਨ, ਰੰਗ ਵੀ ਸੁਨੱਖਾ ਸੀ। ਸੁਭਾਅ ਪੱਖੋਂ ਉਹ ਕਾਫ਼ੀ ਭੋਲ਼ਾ ਵੀ ਸੀ। ਧਰਮ ਕੌਰ ਨੇ ਰਣਜੀਤ ਦੇ ਕੇਸ ਰੱਖ ਕੇ ਉਸ ਨੂੰ ਪੂਰੇ ਲਾਡਾਂ-ਚਾਵਾਂ ਨਾਲ਼ ਪਾਲ਼ਿਆ ਸੀ। ਜਦ ਰਣਜੀਤ ਨੇ ਕਾਲਜ ਵਿੱਚ ਪੜ੍ਹਦਿਆਂ ਵਾਲ਼ ਕਟਾ ਲਏ ਤਾਂ ਧਰਮ ਕੌਰ ਨੇ ਬਹੁਤ ਬੁਰਾ ਮਨਾਇਆ। ਉਹ ਕਈ ਦਿਨ ਰੋਂਦੀ ਰਹੀ। ਫਿਰ ਉਹ ਦੁਨੀਆ ਦੀਆਂ ਬਹੁਤੀਆਂ ਮਾਵਾਂ ਵਾਂਗ, ਪੁੱਤਰ ਦੀ ਇੱਛਾ ਅੱਗੇ ਝੁਕ ਗਈ।

ਧਰਮ ਕੌਰ ਨੇ ਆਪਣੇ ਪੁੱਤਰ ਵੱਲੋਂ ਫ਼ਰਮਾਇਸ਼ ਕਰਦਿਆਂ ਹੀ ਉਸ ਨੂੰ ਬੁਲਟ ਮੋਟਰ ਸਾਈਕਲ ਲੈ ਦਿੱਤਾ। ਉਹ ਮੋਟਰ-ਸਾਈਕਲ ਨੂੰ ਬਹੁਤ ਲਿਸ਼ਕਾ-ਪੁਸ਼ਕਾ ਕੇ ਰੱਖਦਾ। ਇਲਾਕੇ ਦੀਆਂ ਬਹੁਤੀਆਂ ਕਾਲਜੀਏਟ ਕੁੜੀਆਂ ਰਣਜੀਤ ਵੱਲ ਦੇਖ ਕੇ ਠੰਢੇ ਹਉਕੇ ਭਰਦੀਆਂ ਰਹਿੰਦੀਆਂ। ਰਣਜੀਤ ਦਾ ਬਹੁਤਾ ਧਿਆਨ, ਪੜ੍ਹਾਈ ਅਤੇ ਆਪਣੇ ਯਾਰਾਂ ਦੋਸਤਾਂ ਵੱਲ ਰਹਿੰਦਾ। ਉਸ ਨੂੰ ਦੋਸਤਾਂ ਦੀ ਮਦਦ ਕਰ ਕੇ ਖ਼ੁਸ਼ੀ ਹੁੰਦੀ ਤੇ ਲੋੜ ਪੈਣ 'ਤੇ ਉਹ ਹਰ ਥਾਂ ਹਾਜ਼ਰ ਹੋ ਜਾਂਦਾ। ਪਰ ਫਿਰ ਉਸ ਦੀ ਜ਼ਿੰਦਗੀ ਵਿੱਚ ਇੱਕ ਇਹੋ ਜਿਹੀ ਕੁੜੀ ਆਈ, ਜਿਸ ਨੇ ਉਸ ਦਾ ਸਾਰਾ ਧਿਆਨ ਆਪਣੇ ਵੱਲ ਖਿੱਚ ਲਿਆ। ਇਹ ਕੁੜੀ ਨੇੜਲੇ ਪਿੰਡ ਸ਼ਾਹ ਪੁਰ ਦੇ ਸਰਪੰਚ ਦੀ ਭਾਣਜੀ ਹਰਪ੍ਰੀਤ ਸੀ। ਉਹ ਆਪਣੇ ਪਿੰਡ ਤੋਂ ਪੜ੍ਹਾਈ ਛੱਡ ਕੇ ਹੁਣ ਆਪਣੇ ਨਾਨਕੀਂ ਆ ਕੇ ਪੜ੍ਹਨ ਲੱਗ ਪਈ ਸੀ ਤੇ ਰਣਜੀਤ ਨਾਲ਼ੋਂ ਇੱਕ ਸਾਲ ਪਿੱਛੇ ਪੜ੍ਹਦੀ ਸੀ। ਰਣਜੀਤ ਨੇ ਜਦ ਤੋਂ ਹਰਪ੍ਰੀਤ ਨੂੰ ਦੇਖਿਆ, ਬੱਸ ਉਸੇ ਦਾ ਹੀ ਹੋ ਕੇ ਰਹਿ ਗਿਆ। ਹਰਪ੍ਰੀਤ ਦਾ ਰੰਗ ਗੋਰਾ, ਕੱਦ ਉੱਚਾ, ਅੰਗ ਭਾਰੇ ਤੇ ਗੋਲ਼-ਮਟੋਲ਼ ਸਨ। ਜ਼ੋਰ ਲਾ ਕੇ ਲੱਭਿਆਂ ਵੀ ਉਸ ਵਿੱਚ ਕੋਈ ਕਜ ਨਹੀਂ ਲੱਭਦਾ ਸੀ। ਹਰਪ੍ਰੀਤ ਦੀ ਤੱਕਣੀ ਵਿੱਚ ਪਤਾ ਨਹੀਂ ਕੀ ਜਾਦੂ ਸੀ ਕਿ ਜਦੋਂ ਉਹ ਇੱਕ ਵਾਰ

ਚੋਰੀ ਜਿਹੇ, ਰਣਜੀਤ ਵੱਲ ਦੇਖ ਲੈਂਦੀ ਤਾਂ ਰਣਜੀਤ ਨੂੰ ਸਾਰੀ ਰਾਤ ਨੀਂਦ ਨਾ ਆਉਂਦੀ। ਹਰਪ੍ਰੀਤ ਪਿੰਡੋਂ ਬੱਸ ਫੜ ਕੇ ਜਲੰਧਰ ਪੜ੍ਹਨ ਜਾਂਦੀ ਸੀ ਤੇ ਰਣਜੀਤ ਮੋਟਰ ਸਾਈਕਲ 'ਤੇ ਜਲੰਧਰ ਜਾਂਦਾ ਸੀ। ਬਹੁਤੀ ਵਾਰ ਉਹ, ਉਸ ਦੀ ਬੱਸ ਪਹੁੰਚਣ ਤੋਂ ਪਹਿਲਾਂ, ਜਲੰਧਰ ਬੱਸ-ਅੱਡੇ ਪਹੁੰਚ ਕੇ ਉਸ ਨੂੰ ਉਡੀਕਿਆ ਕਰਦਾ ਸੀ। ਇਹ ਸਿਲਸਿਲਾ ਅੱਠ-ਨੌਂ ਮਹੀਨੇ ਚੱਲਦਾ ਰਿਹਾ। ਰਣਜੀਤ ਦੀਆਂ ਭੌਰ-ਗੇੜੀਆਂ ਦੌਰਾਨ ਉਨ੍ਹਾਂ ਦੋਹਾਂ ਵਿੱਚੋਂ ਕਿਸੇ ਨੂੰ ਵੀ, ਇੱਕ ਦੂਜੇ ਨੂੰ ਬੁਲਾਉਣ ਦੀ ਹਿੰਮਤ ਨਹੀਂ ਪਈ। ਰਣਜੀਤ ਆਪਣੇ ਮਨ ਅੰਦਰ ਹਰਪ੍ਰੀਤ ਨੂੰ ਖ਼ਾਮੋਸ਼ ਜਿਹਾ ਪਿਆਰ ਕਰਦਾ ਰਿਹਾ ਤੇ ਆਪਣੇ ਪਿਆਰ ਦੇ ਅਣ-ਕੀਤੇ ਸੁਆਲ ਦਾ ਜੁਆਬ ਉਡੀਕਦਾ ਰਿਹਾ। ਇਸ ਖ਼ਾਮੋਸ਼ ਇਸ਼ਕ-ਪੇਚੇ ਦਾ ਭੋਗ ਪਹਿਲੇ ਸਾਲ ਹੀ, ਉਸ ਵੇਲੇ ਪੈ ਗਿਆ ਜਦੋਂ ਹਰਪ੍ਰੀਤ ਦਾ ਵਿਆਹ ਕਿਸੇ ਐਨ. ਆਰ. ਆਈ. ਨਾਲ਼ ਹੋ ਗਿਆ ਤੇ ਉਹ ਕਿਸੇ ਬਾਹਰਲੇ ਮੁਲਕ ਉਡਾਰੀ ਮਾਰ ਗਈ। ਰਣਜੀਤ ਨੂੰ ਜਦ ਹਰਪ੍ਰੀਤ ਦੇ ਵਿਆਹੇ ਜਾਣ ਬਾਰੇ ਪਤਾ ਲੱਗਿਆ ਤਾਂ ਉਹ ਬੱਸ ਹਉਕਾ ਜਿਹਾ ਭਰ ਕੇ ਰਹਿ ਗਿਆ। ਉਸ ਨੂੰ ਆਪਣੇ ਇਸ਼ਕ ਦਾ ਰੰਗ-ਮਹਿਲ ਉੱਸਰਨ ਤੋਂ ਪਹਿਲਾਂ ਹੀ ਢਹਿ-ਢੇਰੀ ਹੋ ਗਿਆ ਜਾਪਿਆ। ਇਸ ਤੋਂ ਬਾਅਦ ਉਸ ਦੀਆਂ ਅੱਖਾਂ ਨੂੰ ਜਹਾਨ ਭਰ ਦੀਆਂ ਕੁੜੀਆਂ 'ਚੋਂ ਕੋਈ ਵੀ ਕੁੜੀ ਨਾ ਜਚੀ।

ਐੱਮ. ਏ. ਕਰਨ ਤੋਂ ਬਾਅਦ ਰਣਜੀਤ ਨੂੰ ਕਈ ਰਿਸ਼ਤੇ ਆਏ, ਪਰ ਉਸ ਦਾ, ਉਸ ਵੇਲ਼ੇ ਵਿਆਹ ਕਰਾਉਣ ਦਾ ਕੋਈ ਇਰਾਦਾ ਨਹੀਂ ਸੀ। ਉਸ ਵੇਲ਼ੇ ਪੰਜਾਬ ਵਿੱਚ ਭਾਵੇਂ ਬੇਰੁਜ਼ਗਾਰੀ ਬਹੁਤੀ ਜ਼ੋਰਾਂ 'ਤੇ ਨਹੀਂ ਸੀ, ਪਰ ਉਹ ਜਾਣਦਾ ਸੀ ਕਿ ਪੰਜਾਬੀ ਦੀ ਐੱਮ. ਏ. ਉਸ ਨੂੰ ਕੋਈ ਬਹੁਤੀ ਚੰਗੀ ਨੌਕਰੀ ਨਹੀਂ ਦੁਆ ਸਕਦੀ। ਇਸ ਲਈ ਕਦੇ-ਕਦੇ ਉਸ ਦਾ ਜੀਅ ਕਰਦਾ ਕਿ ਹੋਰ ਉਚੇਰੀ ਪੜ੍ਹਾਈ ਕਰ ਕੇ ਕਿਤੇ ਪੜ੍ਹਾਉਣ ਲੱਗ ਜਾਵੇ। ਕਦੇ ਉਹ, ਇਹ ਵੀ ਸੋਚਦਾ ਕਿ ਆਪਣੀ ਜ਼ਮੀਨ ਦੇ ਨਾਲ਼-ਨਾਲ਼, ਕੁੱਝ ਹੋਰ ਜ਼ਮੀਨ ਠੇਕੇ 'ਤੇ ਲੈ ਕੇ ਵਾਹੀ ਦਾ ਕੰਮ ਵੱਡੇ ਪੱਧਰ 'ਤੇ ਸ਼ੁਰੂ ਕਰੇ । ਏਦਾਂ ਹੀ ਸਾਲ ਡੇਢ ਸਾਲ ਲੰਘ ਗਿਆ ਤੇ ਰਣਜੀਤ ਦੇ ਧਿਆਨ ਪੁਰ ਵਾਲ਼ੇ ਦੋਸਤ, ਤਾਰੀ ਦਾ ਵਿਆਹ ਆ ਗਿਆ।

ਤਾਰੀ ਨੇ ਰਣਜੀਤ ਨੂੰ ਵਿਆਹ ਤੋਂ ਦੋ-ਤਿੰਨ ਦਿਨ ਪਹਿਲਾਂ ਪਹੁੰਚਣ ਦੀ ਤਾਕੀਦ ਕੀਤੀ। ਰਣਜੀਤ ਕੋਲ਼ ਨਾਂਹ ਕਰਨ ਦੀ ਕੋਈ ਗੁੰਜਾਇਸ਼ ਨਹੀਂ ਸੀ ਤੇ ਉਸ ਨੇ ਇਹ ਸੱਦਾ ਪ੍ਰਵਾਨ ਕਰ ਲਿਆ। ਵਿਆਹ ਤੋਂ ਦੋ ਦਿਨ ਪਹਿਲਾਂ ਧਿਆਨ ਪੁਰ ਪਹੁੰਚ ਕੇ ਰਣਜੀਤ ਨੇ ਵਿਆਹ ਦੇ ਕਈ ਕੰਮ ਪੂਰੀ ਜ਼ਿੰਮੇਵਾਰੀ ਨਾਲ਼ ਭੁਗਤਾਏ। ਰਣਜੀਤ ਨੂੰ ਵਿਆਹ ਵਿੱਚ ਇੰਨਾ ਘੁਮਿਆ ਦੇਖ ਕੇ ਤਾਰੀ ਦੇ ਮਾਪੇ ਉਸ 'ਤੇ ਬਾਗ਼ੋ-ਬਾਗ਼ ਹੋਏ ਪਏ ਸਨ। ਤਾਰੀ ਦੀ ਮਾਂ ਕਰਤਾਰ ਕੌਰ ਤਾਰੀ ਨੂੰ ਪਾਸੇ ਲਿਜਾ ਕੇ ਕਹਿਣ ਲੱਗੀ, "ਵੇ ਤਾਰੀ, ਆਹ ਤੇਰਾ ਸਹੇਲਾ ਬਾਹਲ਼ਾ ਈ ਚੰਗੈ। ਮੈਂ ਨਿੱਤ ਦੇਖਦੀ ਆਂ ਇਹ ਤਾਂ ਸਕਿਆਂ ਨਾਲ਼ੋਂ ਵੀ ਵੱਧ ਟੁੱਟ-ਟੁੱਟ ਮਰਦੈ।

ਸੋਨੀਆ ਲਈ ਇਹ ਮੁੰਡਾ ਕਿਹੋ-ਜਿਹਾ ਰਹੂ ? ਜੇ ਤੂੰ ਕਹੇਂ ਤਾਂ ਤੇਰੇ ਮਾਮੇ ਨਾਲ਼ ਇਹ ਦੇ ਰਿਸ਼ਤੇ ਦੀ ਗੱਲ ਤੋਰਾਂ ?"

ਸੋਨੀਆ ਤਾਰੀ ਦੇ ਵੱਡੇ ਮਾਮੇ ਗੁਰਦੇਵ ਸਿੰਘ ਦੀ ਕੁੜੀ ਸੀ। ਗੁਰਦੇਵ ਸਿੰਘ ਦਾ ਪਰਿਵਾਰ ਕੈਨੇਡਾ ਤੋਂ ਪੰਜਾਬ ਆਇਆ ਹੋਇਆ ਸੀ। ਉਹ ਤਾਰੀ ਦੇ ਵਿਆਹ ਵਿੱਚ ਸ਼ਾਮਲ ਹੋਣ ਦੇ ਨਾਲ਼-ਨਾਲ਼ ਸੋਨੀਆ ਲਈ ਕੋਈ ਯੋਗ ਮੁੰਡਾ ਵੀ ਦੇਖ ਰਹੇ ਸਨ। ਤਾਰੀ ਨੇ ਆਪਣੀ ਮਾਂ ਨੂੰ ਜੁਆਬ ਦਿੰਦਿਆਂ ਕਿਹਾ, "ਆਹੋ ਬੀਬੀ, ਗੱਲ ਤਾਂ ਤੇਰੀ ਠੀਕ ਆ। ਰਣਜੀਤ ਦੀਆਂ ਕੀ ਰੀਸਾਂ ਬੀਬੀ! ਉਹ ਮਾਪਿਆਂ ਦਾ 'ਕੱਲਾ ਪੁੱਤ ਆ, ਦਸਾਂ ਏਕੜਾਂ ਦਾ 'ਕੱਲਾ ਮਾਲਕ। ਹੋਰ ਭਲਾ ਮਾਮੇ ਹੁਰਾਂ ਨੂੰ ਕੀ ਚਾਹੀਦਾ ?" ਤਾਰੀ ਦਾ ਇਹ ਜੁਆਬ ਸੁਣ ਕੇ ਕਰਤਾਰ ਕੌਰ ਦੀ ਖ਼ੁਸ਼ੀ ਚੌਗੁਣੀ ਹੋ ਗਈ।

ਤਾਰੀ ਨੇ ਉਸੇ ਦਿਨ ਤ੍ਰਿਕਾਲ਼ੀਂ ਰਣਜੀਤ ਨੂੰ ਛੇੜਨ ਵਾਂਗੂ ਪੁੱਛਿਆ, "ਕਿੱਦਾਂ ਬਈ ਸਰਦਾਰ ਰਣਜੀਤ ਸਿੰਹਾਂ, ਤੇਰਾ ਫਿਰ ਅਗਾਂਹ ਕੀ ਕਰਨ ਦਾ ਇਰਾਦੈ ? ਮੈਂ ਤਾਂ ਕਹਿਨਾ ਤੂੰ ਵੀ ਵਿਆਹ-ਵਿਊਹ ਕਰਾ ਲਾ ਹੁਣ।"

"ਕਰਾ ਲਾਂਗੇ ਵਿਆਹ ਵੀ ਯਾਰ, ਪਹਿਲਾਂ ਕਿਤੇ ਢੰਗ ਨਾਲ ਸੈੱਟ-ਸੁੱਟ ਤਾਂ ਹੋ ਜਾਈਏ," ਰਣਜੀਤ ਨੇ ਹੱਸ ਕੇ ਜੁਆਬ ਦਿੱਤਾ।

"ਅੱਛਾ, ਜੇ ਕੈਨੇਡੇ-ਕਨੂਡੇ ਜਾਣਾ ਤਾਂ ਦੱਸ।" ਇਹ ਕਹਿ ਕੇ ਤਾਰੀ ਨੇ ਜਿਵੇਂ ਰਣਜੀਤ ਨੂੰ ਚਿੱਤ ਹੀ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਰਣਜੀਤ ਬੋਲਣ ਜੋਗਾ ਹੁੰਦਾ ਤਾਰੀ ਨੇ ਦੂਜਾ ਵਾਰ ਕਰ ਦਿੱਤਾ,"ਕਨੇਡੇ ਜਾਣਾ ਤਾਂ ਵਿਚੋਲਾ ਬਣਾਂ ਤੇਰਾ ? "

"ਤੂੰ ਤਾਂ ਏਦਾਂ ਗੱਲਾਂ ਕਰਦੈਂ, ਜਿੱਦਾਂ ਕਿਸੇ ਏਅਰ-ਲਾਈਨ ਦਾ ਐੱਮ.ਡੀ. ਲੱਗਾ ਹੋਇਆ ਹੋਵੇਂ," ਰਣਜੀਤ ਇੰਨਾ ਹੀ ਕਹਿ ਸਕਿਆ ਕਿ ਤਾਰੀ ਨੇ ਗੱਲ ਬੋਚ ਲਈ, "ਐੱਮ.ਡੀ. ਨੂੰ ਉੱਥੇ ਕੀ ਆ। ਮੇਰੇ ਮਾਮੇ ਦੀ ਕੁੜੀ ਆਈ ਹੋਈ ਆ ਕੈਨੇਡਾ ਤੋਂ। ਅਗਲੇ ਮੁੰਡਾ ਲੱਭ ਰਹੇ ਆ ਉਦ੍ਹੇ ਲਈ।"

"ਤੇ ਫੇਰ ? ਤੂੰ ਤਾਂ ਮੈਨੂੰ ਕਨੇਡੇ ਏਦਾਂ ਤੋਰੀ ਜਾਨੈਂ, ਜਿੱਦਾਂ ਉਹ ਮੈਨੂੰ ਮੁੰਦੀ ਪਾ ਗਏ ਹੁੰਦੇ ਆ।"

"ਮੁੰਦੀ ਨੂੰ ਉੱਥੇ ਕੀ ਆ, ਕੱਲ ਨੂੰ ਪੁਆ ਦਿੰਨੇ ਆਂ। ਸਰਦਾਰ ਜੀ, ਉਹ ਮਾਮਾ ਆ ਮੇਰਾ, ਜਿਦ੍ਹੀ ਧੀ ਤੇਰੇ ਨਾਲ ਵਿਆਹੁਣ ਦੀ ਗੱਲ ਹੋ ਰਹੀ ਆ।"

ਇਸ ਗੱਲ ਨੇ ਰਣਜੀਤ ਦੇ ਦੰਦ ਜੋੜ ਦਿੱਤੇ ਤੇ ਉਹ ਦੁਚਿੱਤੀ ਜਿਹੀ ਵਿੱਚ ਪੈ ਗਿਆ। ਇਸ ਦੇ ਨਾਲ਼ ਹੀ ਉਸ ਨੂੰ ਇਹ ਫ਼ਿਕਰ ਵੀ ਪੈ ਗਿਆ ਕਿ ਜੇ ਉਹ ਕੈਨੇਡਾ ਚਲੇ ਗਿਆ ਤਾਂ ਪਿੱਛੇ ਉਸ ਦੀ ਮਾਂ ਕਿੱਦਾਂ ਰਹੂ ? ਉਸ ਤੋਂ ਬਿਨਾ ਮਾਂ ਦਾ ਹੈ ਵੀ ਤਾਂ ਕੋਈ ਨਹੀਂ। ਫਿਰ ਉਸ ਨੂੰ ਇਹ ਖ਼ਿਆਲ ਆਇਆ ਕਿ ਉਹ ਕੈਨੇਡਾ ਜਾ ਕੇ ਆਪਣੀ ਮਾਂ ਨੂੰ ਵੀ ਉੱਥੇ ਮੰਗਵਾ ਸਕਦਾ ਹੈ। ਰਣਜੀਤ ਨੂੰ ਸੋਚਾਂ

ਵਿੱਚ ਪਿਆ ਦੇਖ ਕੇ ਤਾਰੀ ਬੋਲਿਆ, "ਚੱਲ ਯਾਰ, ਜੇ ਨਹੀਂ ਜੀਅ ਕਰਦਾ ਤਾਂ ਰਹਿਣ ਦੇ। ਤੂੰ ਤਾਂ ਬਾਹਲ਼ਾ ਈ ਸੀਰੀਅਸ ਜਿਹਾ ਹੋ ਗਿਆ। ਜੇ ਨਹੀਂ ਮਨ ਮੰਨਦਾ ਤਾਂ ਮਾਮੇ ਹੁਰਾਂ ਨੂੰ ਨਹੀਂ ਪੁੱਛਦੇ। ਉਨ੍ਹਾਂ ਲਈ ਹੋਰ ਮੁੰਡੇ ਬਥੇਰੇ। ਮੈਂ ਤਾਂ ਓਦਾਂ ਹੀ, ਬੀਬੀ ਦੇ ਕਹਿਣ 'ਤੇ ਤੇਰੇ ਨਾਲ਼ ਸੁਲ੍ਹਾ ਮਾਰੀ ਸੀ।"

"ਨਹੀਂ ਯਾਰ ਤਾਰੀ, ਵਿਆਹ ਤਾਂ ਕਰਾਉਣਾ ਈ ਐ, ਆਖਰ। ਮੈਂ ਤਾਂ ਮਾਂ ਬਾਰੇ ਸੋਚ ਰਿਹਾ ਸੀ, ਪਈ ਉਹ ਕੱਲੀ ਕਿੱਦਾਂ ਰਹੂ ਮੇਰੇ ਬਿਨਾਂ। ਜੇ ਤੂੰ ਕਹੇਂ ਤਾਂ ਮੈਂ ਉਦ੍ਹੇ ਨਾਲ ਗੱਲ ਕਰ ਕੇ ਦੇਖ ਲੈਨਾਂ?" ਰਣਜੀਤ ਨੇ ਅੰਦਰਲੀ ਗੱਲ ਦੱਸ ਦਿੱਤੀ।

"ਲੈ! ਸਲਾਹ ਨੂੰ ਉੱਥੇ ਕੀ ਆ, ਆਹ ਫੜ ਫੋਨ, ਕਹੇਂ ਤਾਂ ਮਿਲਾ ਵੀ ਦਿਆਂ?"

"ਲਿਆ ਫੜਾ, ਮਿਲਾਉਣਾ ਆਉਂਦਾ ਮੈਨੂੰ।"

ਰਣਜੀਤ ਦਾ ਫ਼ੋਨ ਸੁਣ ਕੇ ਇੱਕ ਵਾਰ ਤਾਂ ਧਰਮ ਕੌਰ ਦੀ ਦੇਹ ਕੰਬ ਗਈ ਕਿ ਇੱਕੋ-ਇੱਕ ਪੁੱਤ ਉਸ ਤੋਂ ਸੱਤ ਸਮੁੰਦਰ ਪਾਰ ਜਾਣ ਦੀਆਂ ਗੱਲਾਂ ਕਰਨ ਲੱਗ ਪਿਆ ਸੀ। ਮਾਂ ਦਾ ਹੱਥ ਆਪਣੀ ਕੁੱਖ ਨੂੰ ਪੈ ਗਿਆ। ਫਿਰ ਉਸ ਨੇ ਸੋਚਿਆ ਕਿ ਦੁਨੀਆ ਆਨੀਂ-ਬਹਾਨੀਂ ਕਨੇਡਾ ਜਾਣਾ ਚਾਹੁੰਦੀ ਏ। ਜੇ ਉਸ ਦਾ ਪੁੱਤ ਵੀ ਕਨੇਡਾ ਜਾ ਕੇ ਖ਼ੁਸ਼ ਹੁੰਦੈ ਤਾਂ ਕੁੱਝ ਸਮੇਂ ਦਾ ਇਹ ਪੁੱਤ-ਵਿਛੋੜਾ ਵੀ ਘਾਟੇ ਦਾ ਸੌਦਾ ਨਹੀਂ। ਕੁੱਝ ਪਲਾਂ ਵਿੱਚ ਹੀ ਸੰਭਲ਼ ਕੇ ਉਹ ਬੋਲੀ, "ਰਣਜੀਤ, ਪੁੱਤ ਮਰਜ਼ੀ ਆ ਤੇਰੀ। ਇੱਕ ਗੱਲ ਦਾ ਖ਼ਿਆਲ ਰੱਖੀਂ, ਮੈਨੂੰ ਨੂੰਹ ਨਹੀਂ ਚਾਹੀਦੀ, ਧੀ ਚਾਹੀਦੀ ਆ। ਨਿਰਾ ਬਾਹਰ ਜਾਣ ਦਾ ਹੀ ਲਾਲਚ ਨਾ ਕਰੀਂ ਕੁੱਝ ਮਾਂ ਬਾਰੇ ਵੀ ਸੋਚ ਲਈਂ।"

ਰਣਜੀਤ ਨੇ ਤਾਰੀ ਨੂੰ ਮਾਂ ਦੀ ਕਹੀ ਸਾਰੀ ਗੱਲ ਦੱਸ ਕੇ ਪਹਿਲਾਂ ਦੇਖ-ਦਿਖਾਲ਼ੀ ਦੀ ਸ਼ਰਤ ਰੱਖੀ ਤੇ ਕਿਹਾ ਕਿ ਬਾਕੀ ਸਭ ਕੁੱਝ ਬਾਅਦ ਵਿੱਚ ਦੇਖਾਂਗੇ। "ਚੱਲ ਠੀਕ ਐ, ਕੱਲ੍ਹ ਮਾਮੇ ਹੁਰਾਂ ਨੇ ਵਿਆਹ ਤੇ ਆਉਣਾ ਈ ਐ। ਤੈਨੂੰ ਵਿਆਹ 'ਚ ਸੋਨੀਆ 'ਤੇ ਨਜ਼ਰ ਪੁਆ ਦਿਆਂਗੇ। ਜੇ ਤੈਨੂੰ ਪਸੰਦ ਆਈ ਤਾਂ ਅਸੀਂ ਉਨ੍ਹਾਂ ਨਾਲ ਗੱਲ ਤੋਰ ਲਾਂ'ਗੇ, ਨਈਂ ਤਾਂ ਬਈ ਤੁਹਾਡੀ ਕਿਸਮਤ।"

ਰਣਜੀਤ ਨੂੰ ਉਤਸੁਕਤਾ ਨਾਲ਼ ਰਾਤ ਨੂੰ ਚੰਗੀ ਤਰ੍ਹਾਂ ਨੀਂਦ ਨਾ ਆਈ। ਉਹ ਸਾਰੀ ਰਾਤ ਇਹੋ ਸੋਚਦਾ ਰਿਹਾ ਕਿ ਕੁੜੀ ਪਤਾ ਨਹੀਂ ਕਿੱਦਾਂ ਦੀ ਹੋਇਗੀ। ਜਦੋਂ ਕਦੇ ਉਸ ਦੀ ਅੱਖ ਲੱਗੀ ਵੀ ਤਾਂ ਸੋਨੀਆ ਉਸ ਦੇ ਸੁਪਨਿਆਂ ਵਿੱਚ ਕਈ ਤਰ੍ਹਾਂ ਦੇ ਰੂਪ ਧਾਰ-ਧਾਰ ਕੇ ਆਉਂਦੀ ਰਹੀ। ਫਿਰ ਉਸ ਦੀ ਅੱਖ ਖੁੱਲ੍ਹ ਜਾਂਦੀ ਤਾਂ ਉਸ ਦਾ ਸੋਨੀਆ ਦੇ ਉਸ ਤਾਮ-ਝਾਮ ਤੋਂ ਛੁਟਕਾਰਾ ਹੁੰਦਾ। ਉਹ ਫਿਰ ਸੋਨੀਆ ਦੇ ਸੁਭਾਅ, ਬੋਲਚਾਲ, ਕੈਨੇਡਾ ਦੀ ਪਰਵਰਿਸ਼ ਦੇ ਅਸਰ ਵਗ਼ੈਰਾ, ਵਰਗੀਆਂ ਕਈ ਬੁਝਾਰਤਾਂ ਵਿੱਚ ਉਲਝ ਜਾਂਦਾ। ਤੜਕਾ ਹੋ ਗਿਆ ਤੇ ਰਣਜੀਤ ਨੂੰ ਏਦਾਂ ਹੀ

ਲੱਗਦਾ ਰਿਹਾ ਕਿ ਉਸ ਨੇ ਹਾਲੇ ਚੱਜ ਨਾਲ਼ ਸੌਂਣੈ। ਉਹ ਸਭ ਤੋਂ ਪਹਿਲਾਂ ਉੱਠ ਕੇ, ਤਿਆਰ ਹੋ ਕੇ ਏਦਾਂ ਬੈਠ ਗਿਆ ਜਿੱਦਾਂ ਅੱਡੇ ਵਿੱਚ ਸੋਨੀਆ ਦੇ ਪਰਿਵਾਰ ਦੀ ਉਡੀਕ ਕਰ ਰਿਹਾ ਹੋਵੇ। ਉਸ ਨੇ ਬੈਠੇ-ਬੈਠੇ ਨੇ ਥੋੜ੍ਹੇ ਹੀ ਸਮੇਂ ਵਿੱਚ ਘੜੀ ਕਿੰਨੀ ਹੀ ਵਾਰ ਦੇਖ ਲਈ ਤੇ ਉਹ ਨੂੰ ਲੱਗਿਆ ਕਿ ਘੜੀ ਹੌਲ਼ੀ ਚੱਲ ਰਹੀ ਹੈ। ਉਹ ਸੋਚਦਾ ਸੀ ਕਿ ਹੁਣੇ ਹੀ ਕਿਸੇ ਕੌਲ਼ੇ ਦੇ ਓਹਲਿਓਂ ਨਿੱਕਲ਼ ਕੇ ਸੋਨੀਆ ਉਸ ਦੇ ਸਾਹਮਣੇ ਆ ਖੜ੍ਹੇਗੀ।

ਸੂਰਜ ਚੜ੍ਹ ਆਇਆ ਅਤੇ ਲੋਕੀ ਬਰਾਤੇ ਜਾਣ ਲਈ ਤਿਆਰ ਹੋ ਰਹੇ ਸਨ। ਰਣਜੀਤ ਵੀ ਤਿਆਰ ਤਾਂ ਹੋ ਗਿਆ ਸੀ, ਪਰ ਉਸ ਦਾ ਸਾਰਾ ਧਿਆਨ ਦਰਵਾਜ਼ੇ ਵੱਲ ਸੀ। ਬਰਾਤ ਤੁਰਨ ਹੀ ਵਾਲ਼ੀ ਸੀ ਕਿ ਘਰ ਅੱਗੇ ਇੱਕ ਕਾਰ ਰੁਕੀ ਤੇ ਕਾਰ ਦੀ ਪਿੱਛਲੀ ਸੀਟ ਤੋਂ ਇੱਕ ਗੁਲਾਬੀ ਰੇਸ਼ਮੀ ਗਰਾਰਾ ਉੱਤਰਿਆ ਤੇ ਰਣਜੀਤ ਨੂੰ ਲੱਗਿਆ ਕਿ ਉਹ ਸੋਨੀਆ ਹੀ ਸੀ। ਭੂਆ ਦੇ ਪੁੱਤ ਦੀ ਬਰਾਤੇ ਜਾਣ ਲਈ ਸੋਨੀਆ ਨੇ ਆਪਣਾ ਰੂਪ ਪੂਰੀ ਤਰ੍ਹਾਂ ਸਾਣ ’ਤੇ ਲਾਇਆ ਹੋਇਆ ਸੀ। ਉਸ ਵੱਲ ਇੱਕ ਭਰਵੀਂ ਨਜ਼ਰ ਪੈਣ ’ਤੇ ਇੱਕ ਵਾਰ ਤਾਂ ਰਣਜੀਤ ਨੂੰ ਲੱਗਿਆ ਕਿ ਹਰਪ੍ਰੀਤ ਹੀ ਭੇਸ ਬਦਲ ਕੇ ਆਈ ਹੈ, ਪਰ ਹੌਲ਼ੀ- ਹੌਲ਼ੀ ਸੋਨੀਆ ਤੋਂ ਹਰਪ੍ਰੀਤ ਦਾ ਅਕਸ ਉੱਤਰ ਗਿਆ। ਫਿਰ ਉਸ ਨੂੰ ਸੋਨੀਆ, ਹਰਪ੍ਰੀਤ ਨਾਲ਼ੋਂ ‘ਉੱਨੀਂ’ ਦੀ ਥਾਂ ‘ਇੱਕੀ’ ਹੀ ਲੱਗਣ ਲੱਗ ਪਈ। ਕਾਰ ਵਿੱਚੋਂ ਨਿੱਕਲ਼ ਕੇ ਸੋਨੀਆ ਰਤਾ ਕੁ ਧੁੱਪੇ ਆਈ ਤਾਂ ਰਣਜੀਤ ਉਸ ਦੇ ਰੂਪ ਦੀ ਚਮਕ ਨਾਲ਼ ਬਉਰਾ ਹੋ ਚੁੱਕਾ ਸੀ। ਰਣਜੀਤ ਨੇ ਦੇਖਿਆ ਕਿ ਵਿਆਹ ਵਿੱਚ ਸ਼ਾਮਲ, ਸਾਰੀ ਮੁੰਡ੍ਹੀਰ ਦੀਆਂ ਨਜ਼ਰਾਂ ਸੋਨੀਆ ਉੱਤੇ ਹੀ ਟਿਕੀਆਂ ਹੋਈਆਂ ਸਨ ਤੇ ਕਈ ਤਾਂ ਲਾਲ਼ਾਂ ਜਿਹੀਆਂ ਵੀ ਸੁੱਟੀ ਜਾ ਰਹੇ ਸਨ। ਸਿਹਰੇ ਬੰਨ੍ਹ ਕੇ ਖੜ੍ਹੇ ਤਾਰੀ ਨੇ ਸਿਹਰਾ ਇੱਕ ਪਾਸੇ ਖਿਸਕਾ ਕੇ ਰਣਜੀਤ ਦੀ ਹਾਲਤ ਦੇਖੀ। ਰਣਜੀਤ ਦੀ ਨਜ਼ਰ ਵੀ ਤਾਰੀ ਨਾਲ਼ ਰਲ਼ੀ ਤਾਂ ਦੋਹਾਂ ਦੇ ਚਿਹਰਿਆਂ ਉੱਤੇ ਖ਼ੂਬਸੂਰਤ ਮੁਸਕਰਾਹਟਾਂ ਨੱਚ ਉੱਠੀਆਂ।

ਆਨੰਦ ਕਾਰਜ ਤੋਂ ਬਾਅਦ ਤਾਰੀ ਨੇ ਆਪਣੀ ਮਾਂ ਦੇ ਕੰਨ ਵਿੱਚ ਕਿਹਾ ਕਿ ਉਹ ਮਾਮੇ ਨਾਲ਼ ਗੱਲ ਤੋਰੇ। ਬਰਾਤ ਵੱਲੋਂ ਰੋਟੀ ਖਾਣ ਤੋਂ ਪਹਿਲਾਂ ਤਾਰੀ ਦੀ ਮਾਂ, ਆਪਣੇ ਭਰਾ ਵਾਲ਼ੇ ਟੇਬਲ ’ਤੇ ਬੈਠ ਕੇ ਕਾਫ਼ੀ ਦੇਰ ਉਸ ਨਾਲ਼ ਗੱਲਾਂ ਕਰਦੀ ਰਹੀ। ਵਿੱਚ-ਵਿੱਚ ਉਹ ਸਟੇਜ ਅੱਗੇ ਭੰਗੜਾ ਪਾ ਰਹੇ ਰਣਜੀਤ ਵੱਲ ਇਸ਼ਾਰਾ ਕਰ ਕੇ ਕੁੱਝ ਕਹਿੰਦੀ। ਇੱਕ ਵਾਰ ਜਦ ਰਣਜੀਤ ਦੀ ਨਜ਼ਰ ਮਾਮੇ ਵਾਲ਼ੇ ਟੇਬਲ ’ਤੇ ਗਈ ਤਾਂ ਉਸ ਨੇ ਦੇਖਿਆ ਕਿ ਮਾਮੇ ਨਾਲ਼ ਬੈਠੀ ਸੋਨੀਆ ਸਮੇਤ ਉਨ੍ਹਾਂ ਦੇ ਸਾਰੇ ਪਰਿਵਾਰ ਦੀਆਂ ਅੱਖਾਂ, ਉਸ ਨੂੰ ਹੀ ਦੇਖ ਰਹੀਆਂ ਸਨ। ਇਹ ਸਭ ਕੁੱਝ ਦੇਖ ਕੇ ਰਣਜੀਤ ਸਮਝ ਗਿਆ ਕਿ ਟੇਬਲ ਉੱਤੇ ਉਸ ਬਾਰੇ ਹੀ ਗੱਲ ਚੱਲ ਰਹੀ ਹੈ ਅਤੇ ਉਸ ਨੂੰ ਰਿਸ਼ਤੇ ਵਾਲ਼ੀ ਗੱਲ ਬਣਦੀ ਜਿਹੀ ਲੱਗੀ।

ਸ਼ਾਮ ਨੂੰ ਬਰਾਤ ਮੁੜਨ ਮਗਰੋਂ ਕਰਤਾਰ ਕੌਰ ਨੇ ਰਣਜੀਤ ਨੂੰ ਕਿਹਾ, "ਰਣਜੀਤ ਪੁੱਤ, ਮੇਰੀ ਭਤੀਜੀ ਨੇ ਤੈਨੂੰ ਪਸਿੰਦ ਤਾਂ ਕਰ ਲਿਐ, ਓਦਾਂ, ਉਹ ਤੇਰੇ ਨਾਲ਼ ਬੈਠ ਕੇ ਗੱਲ ਕਰਨੀ ਚਾਹੁੰਦੀ ਆ।"

"ਜਿੱਦਾਂ ਤੁਸੀਂ ਕਹੋਂਗੇ ਆਂਟੀ।"

"ਗੱਲ ਤਾਂ ਤੂੰ ਪੱਕੀ ਈ ਸਮਝ, ਬੱਸ ਉਨ੍ਹਾਂ ਦਾ ਟੱਬਰ ਰਤਾ ਰੈਅ ਕਰ ਲਵੇ।"

"ਚਲੋ ਠੀਕ ਆ ਆਂਟੀ।"

"ਨਾ ਸੱਚ, ਮੈਂ ਤਾਂ ਭੁੱਲ ਈ ਗਈ ਸੀ। ਉਹ ਤੇਰੀ ਮੰਮੀ ਨੂੰ ਵੀ ਮਿਲਣਗੇ। ਆਪਾਂ ਬਣਾਉਨੇ ਆ ਪ੍ਰੋਗਰਾਮ ਕਿਸੇ ਦਿਨ, ਤੂੰ ਆਪਣੀ ਮੰਮੀ ਨੂੰ ਨਾਲ ਲਈ ਆਵੀਂ। ਨਾਲੇ ਉਹ ਸੋਨੀਆ ਵੱਲ ਝਾਤੀ ਮਾਰ ਲਊਗੀ ਤੇ ਨਾਲੇ ਤਾਰੀ ਦੀ ਵਹੁਟੀ ਨੂੰ ਦੇਖ ਜਾਊਗੀ।"

"ਚਲੋ ਠੀਕ ਆ ਆਂਟੀ," ਰਣਜੀਤ ਦੇ ਮੂੰਹੋਂ ਇੰਨਾ ਹੀ ਸਰਿਆ। ਓਦਾਂ ਉਸ ਨੂੰ ਇਹ ਸਮਝ ਆ ਗਈ ਸੀ ਕਿ ਉਹ ਤਾਰੀ ਦੇ ਮਾਮੇ ਦੇ ਟੱਬਰ ਨੂੰ ਜਚ ਗਿਆ ਹੈ। ਹੁਣ ਉਸ ਦਾ ਚਿੱਤ ਘੜੀ-ਮੁੜੀ ਆਪਣੇ ਪਿੰਡ ਜਾ ਕੇ ਇਹ ਗੱਲ ਆਪਣੀ ਮਾਂ ਨੂੰ ਦੱਸਣ ਲਈ ਕਾਹਲ਼ਾ ਪਈ ਜਾ ਰਿਹਾ ਸੀ। ਉਸੇ ਸ਼ਾਮ ਉਹ ਆਪਣੇ ਪਿੰਡ ਚਲਿਆ ਗਿਆ ਤੇ ਘਰ ਜਾ ਕੇ ਉਸ ਨੇ ਬੜੇ ਚਾਅ ਨਾਲ ਆਪਣੀ ਮਾਂ ਨੂੰ ਸਭ ਕੁੱਝ ਦੱਸਿਆ। ਧਰਮ ਕੌਰ ਨੇ ਪੁੱਤਰ ਦੀ ਖੁਸ਼ੀ ਵਿੱਚ ਸ਼ਾਮਲ ਹੁੰਦਿਆਂ ਸੋਨੀਆ ਨੂੰ ਦੇਖਣ ਜਾਣ ਦੀ ਹਾਮੀ ਭਰ ਦਿੱਤੀ। ਫਿਰ ਚਾਰ ਦਿਨ ਬਾਅਦ ਹੀ ਦੋਹਾਂ ਪਰਿਵਾਰਾਂ ਦੇ ਮਿਲਣ ਦਾ ਪ੍ਰੋਗਰਾਮ ਬਣ ਗਿਆ। ਮਿਥੇ ਦਿਨ, ਰਣਜੀਤ ਆਪਣੀ ਮਾਂ ਨਾਲ ਧਿਆਨ ਪੁਰ ਪਹੁੰਚ ਗਿਆ। ਸੋਨੀਆ ਤੇ ਉਸ ਦੇ ਮਾਪੇ ਵੀ ਆਏ ਹੋਏ ਸਨ। ਕਰਤਾਰ ਕੌਰ ਤੇ ਉਸ ਦੀ ਸੱਜ-ਵਿਆਹੀ ਨੂੰਹ, ਰਾਣੋ ਨੇ ਰਣਜੀਤ ਤੇ ਉਸ ਦੀ ਮਾਂ ਨੂੰ ਪਾਣੀ-ਧਾਣੀ ਪਿਲਾਇਆ। ਕੁੱਝ ਸਰਸਰੀ ਗੱਲਾਂ ਕਰਨ ਪਿੱਛੋਂ ਕਰਤਾਰ ਕੌਰ ਨੇ ਸੋਨੀਆ ਨੂੰ ਕਲਾਵੇ 'ਚ ਲੈਂਦਿਆਂ ਰਣਜੀਤ ਦੀ ਮਾਂ ਨੂੰ ਕਿਹਾ, "ਭੈਣ ਜੀ ਆਹ ਏ ਸਾਡੀ ਕੁੜੀ। ਦੱਸੋ ਖਾਂ ਭਲਾ, ਕਿਹੋ ਜਿਹੀ ਲੱਗੀ ਤੁਹਾਨੂੰ?"

"ਲੈ, ਭੈਣ ਜੀ ਮੇਰੇ ਪੁੱਤ ਦੀ ਪਸੰਦ ਮਾੜੀ ਕਿੱਦਾਂ ਹੋ ਸਕਦੀ, ਨਿਰੀ ਪਰੀਆਂ ਵਰਗੀ ਆ। ਨਾਲੇ ਕੁੜੀ ਤਾਂ ਤੁਹਾਡੀ ਹੋਊ, ਮੇਰੀ ਤਾਂ ਇਸ ਨੇ ਧੀ ਬਣਨਾ। ਓਦਾਂ ਵੀ ਭੈਣ ਜੀ, ਸਾਨੂੰ ਤੁਹਾਡੇ 'ਤੇ ਯਕੀਨ ਆ। ਰਣਜੀਤ ਵੀ ਤਾਂ ਤੁਹਾਡੇ ਲਈ ਤਾਰੀ ਵਰਗਾ ਈ ਆ। ਤੁਸੀਂ ਉਸ ਲਈ ਕਿਹੜਾ ਮਾੜਾ ਸੋਚਣਾ। ਤੁਹਾਡੀ ਪਸੰਦ, ਸਾਡੀ ਪਸੰਦ," ਧਰਮ ਕੌਰ ਨੇ ਵੀ ਸੋਨੀਆ ਦਾ ਸਿਰ ਪਲ਼ੋਸ ਦਿੱਤਾ।

"ਚਿੱਤ ਖੁਸ਼ ਕਰ ਦਿੱਤਾ ਭੈਣ ਜੀ। ਸਾਰਾ ਭਾਰ ਲਹਿ ਗਿਆ ਮਨੋਂ। ਹੁਣ ਸਭ ਕੁਛ ਮੇਰੇ 'ਤੇ ਛੱਡ ਦਿਓ," ਕਰਤਾਰ ਕੌਰ ਨੂੰ ਏਦਾਂ ਲੱਗਿਆ ਜਿੱਦਾਂ ਉਸ ਨੇ

ਜੰਗ ਜਿੱਤ ਲਈ ਹੋਵੇ। ਉਹ ਰਣਜੀਤ ਨੂੰ ਸੰਬੋਧਨ ਕਰਦੀ ਹੋਈ ਸੋਨੀਆ ਵੱਲ ਦੇਖਦੀ ਬੋਲੀ, "ਪੁੱਤ ਜਾਓ ਉੱਪਰ ਚੁਬਾਰੇ ਵਿੱਚ ਚਲੇ ਜਾਓ। ਤੂੰ ਤੇ ਸੋਨੀਆ ਪੁੱਛ ਲਵੋ ਇੱਕ-ਦੂਜੇ ਕੋਲੋਂ, ਜੋ ਕੁਛ ਵੀ ਪੁੱਛਣਾ।"

ਰਣਜੀਤ ਤੇ ਸੋਨੀਆ ਅੱਗੜ-ਪਿੱਛੜ ਕਮਰੇ 'ਚੋਂ ਬਾਹਰ ਨਿਕਲ਼ ਕੇ ਪੌੜੀਆਂ ਵੱਲ ਤੁਰ ਪਏ। ਰਣਜੀਤ ਦੇ ਕਾਲ਼ਾ ਕੁੜਤਾ, ਚਿੱਟਾ ਪਜਾਮਾ ਅਤੇ ਪੈਰੀਂ ਕਾਲ਼ਾ ਲਿਸ਼ਕਦਾ ਤਿੱਲੇ ਦੀ ਕਢਾਈ ਵਾਲ਼ਾ ਖੁੱਸਾ ਪਾਇਆ ਹੋਇਆ ਸੀ। ਸੋਨੀਆ ਆਪਣੇ ਅੱਗੇ ਤੁਰੇ ਜਾਂਦੇ ਰਣਜੀਤ ਦੀ ਮੜਕ ਤੋਂ ਪ੍ਰਭਾਵਤ ਹੋਏ ਬਿਨਾਂ ਨਾ ਰਹਿ ਸਕੀ। ਰਣਜੀਤ ਨੂੰ ਵੀ ਸੋਨੀਆ ਦੀ ਕਾਲ਼ੀ ਜ਼ੀਨ ਅਤੇ ਗੁਲਾਬੀ ਰੰਗ ਦੇ ਟੌਪ ਨੇ ਨਸ਼ਾ ਜਿਹਾ ਕੀਤਾ ਹੋਇਆ ਸੀ। ਉਹ, ਪਿੱਛੇ ਤੁਰੀ ਆਉਂਦੀ ਸੋਨੀਆ ਦੇ ਸੈਂਡਲਾਂ ਦੀਆਂ ਉੱਚੀਆਂ ਅੱਡੀਆਂ ਦੀ ਠੱਕ ਠੱਕ ਦੀ ਤਾਲ ਨੂੰ ਮਾਣ ਰਿਹਾ ਸੀ । ਜਿਉਂ ਹੀ ਰਣਜੀਤ ਨੇ ਪੌੜੀਆਂ ਚੜ੍ਹ ਕੇ ਚੁਬਾਰੇ ਦਾ ਬੂਹਾ ਖੋਲ੍ਹਿਆ ਤਾਂ ਇਤਰਾਂ ਦੀ ਮਹਿਕ ਨੇ ਉਨ੍ਹਾਂ ਦਾ ਸੁਆਗਤ ਕੀਤਾ। ਤਾਰੀ ਦੇ ਵਿਆਹ ਤੋਂ ਪਹਿਲਾਂ ਵੀ ਰਣਜੀਤ ਬਹੁਤ ਵਾਰੀ ਤਾਰੀ ਨਾਲ਼ ਇਸ ਚੁਬਾਰੇ ਵਿੱਚ ਆ ਚੁੱਕਿਆ ਸੀ, ਪਰ ਅੱਜ ਚੁਬਾਰੇ ਦੀ ਬਦਲੀ ਹੋਈ ਨੁਹਾਰ ਦੇਖ ਕੇ ਹੈਰਾਨ ਰਹਿ ਗਿਆ। ਅਸਲ ਵਿੱਚ ਇਹ ਚੁਬਾਰਾ ਅੱਜ ਕੱਲ੍ਹ ਸੱਜ-ਵਿਆਹੇ ਜੋੜੇ ਦੀ ਖ਼ਾਬ-ਗ਼ਾਹ ਸੀ। ਅੰਦਰ ਜਾ ਕੇ ਰਣਜੀਤ ਕੰਧ ਨਾਲ਼ ਲੱਗ ਕੇ ਖੜ੍ਹ ਗਿਆ ਅਤੇ ਸੋਨੀਆ ਬੈੱਡ ਦੇ ਨਾਲ਼ ਪਈ ਇੱਕ ਕੁਰਸੀ 'ਤੇ ਬੈਠ ਗਈ। ਫਿਰ ਇੱਕ ਦਮ ਉਸ ਦਾ ਧਿਆਨ ਰਣਜੀਤ ਵੱਲ ਗਿਆ, ਜੋ ਅਜੇ ਵੀ ਖੜ੍ਹਾ ਸੀ।

"ਓ ਹੋ, ਤੁਸੀਂ ਖੜ੍ਹੇ ਕਿਉਂ ਹੋ, ਬੈਠ ਜਾਓ ਪਲੀਜ਼," ਸ਼ਾਇਦ ਇਹ ਸੋਨੀਆ ਦਾ, ਰਣਜੀਤ ਨਾਲ ਪਹਿਲਾ ਸੰਵਾਦ ਸੀ।

"ਥੈਂਕਸ" ਕਹਿ ਕੇ ਰਣਜੀਤ ਬੈੱਡ 'ਤੇ ਬੈਠ ਗਿਆ। ਹੁਣ ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਗੱਲ ਕਿਵੇਂ ਸ਼ੁਰੂ ਕਰੇ। "ਸੋਨੀਆ ਜੀ, ਤੁਹਾਨੂੰ ਕਿੰਨਾਂ ਕੁ ਚਿਰ ਹੋ ਗਿਆ ਕਨੇਡਾ ਗਿਆਂ ਨੂੰ?" ਉਸ ਨੇ ਹਿੰਮਤ ਕਰਦਿਆਂ ਗੱਲ ਸ਼ੁਰੂ ਕੀਤੀ।

ਸੋਨੀਆ ਉਸ ਵੱਲ ਦੇਖਦੀ ਹੋਈ ਬੋਲੀ, "ਸਾਨੂੰ, ਸੋਲ਼ਾਂ ਕੁ ਸਾਲ ਹੋ ਗਏ ਨੇ।"

"ਕਿਹੋ ਜਿਹਾ ਮੁਲਕ ਏ, ਕੈਨੇਡਾ? ਮੇਰਾ ਮਤਲਬ ਇੰਡੀਆ ਨਾਲੋਂ ਕਾਫੀ ਵੱਖਰਾ ਜਿਹਾ ਹੋਵੇਗਾ?" ਰਣਜੀਤ ਨੂੰ ਗੱਲ-ਬਾਤ ਦਾ ਸੂਤਰ ਮਿਲ ਗਿਆ ਲਗਦਾ ਸੀ।

"ਮੁਲਕ ਤਾਂ ਬਹੁਤ ਹੀ ਸੋਹਣੈ ਤੇ ਮੌਸਮ ਵੀ। ਪਰ ਉੱਥੇ ਫ਼ਰੀ ਕੁੱਝ ਨਹੀਂ ਮਿਲਦਾ, ਤੇ ਕੰਮ ਬਹੁਤ ਕਰਨਾ ਪੈਂਦੈ।"

"ਓਦਾਂ ਫਰੀ ਤਾਂ ਏਧਰ ਵੀ ਕੁੱਛ ਨਹੀਂ ਮਿਲਦਾ। ਅੱਛਾ, ਤੁਸੀਂ ਉੱਥੇ ਕੀ ਕਰਦੇ ਓ?"

"ਮੈਂ ਇੱਕ ਇੰਸ਼ੋਰੈਂਸ ਕੰਪਨੀ ਵਿੱਚ ਕੰਮ ਕਰਦੀ ਆਂ। ਮੈਨੂੰ ਬਾਰਾਂ ਡਾਲਰ ਘੰਟੇ ਦੇ ਮਿਲਦੇ ਆ।"

"ਲਓ, ਪੈਸਿਆਂ ਬਾਰੇ ਤਾਂ ਮੈਂ ਪੁੱਛਿਆ ਈ ਨਈਂ ਸੀ," ਕਹਿੰਦਿਆਂ ਰਣਜੀਤ ਦਾ ਹਾਸਾ ਨਿੱਕਲ ਗਿਆ, ਜੋ ਸੋਨੀਆ ਨੂੰ ਵੀ ਚੰਗਾ ਲੱਗਿਆ ਤੇ ਉਹ ਕਹਿਣ ਲੱਗੀ, "ਤੁਸੀਂ ਭਾਵੇਂ ਨਹੀਂ ਪੁੱਛਿਆ ਪਰ ਮੈਂ ਦੱਸਣਾ ਆਪਣਾ ਫਰਜ਼ ਸਮਝਿਆ। ਮੇਰੇ ਡੈਡੀ ਇੱਕ ਕੰਸਟਰੱਕਸ਼ਨ ਕੰਪਨੀ ਵਿੱਚ ਕੰਮ ਕਰਦੇ ਆ। ਉਨ੍ਹਾਂ ਦੀ ਪੇਅ ਵੀ ਸੋਹਣੀ ਆ, ਪਰ ਉਹ ਮੈਂ ਹੁਣ ਦੱਸਣੀ ਨਹੀਂ।" ਸੋਨੀਆ ਨੇ, ਗੱਲ ਇਸ ਢੰਗ ਨਾਲ ਕਹੀ ਕਿ ਰਣਜੀਤ ਦਾ ਹਾਸਾ ਨਿੱਕਲ ਗਿਆ।

"ਸੋਨੀਆ ਜੀ, ਤੁਹਾਡੇ ਮਨ ਵਿੱਚ ਮੇਰੇ ਲਈ ਕੋਈ ਸੁਆਲ ਹੈ ਤਾਂ ਤੁਸੀਂ ਪੁੱਛ ਸਕਦੇ ਹੋ।"

"ਨਹੀਂ ਕੁੱਝ ਖਾਸ ਨਹੀਂ... ਭੂਆ ਜੀ ਹੋਰਾਂ ਨੇ ਦੱਸਿਆ ਹੋਇਆ ਏ ਸਭ ਕੁੱਝ ਤੁਹਾਡੇ ਬਾਰੇ। ਮੈਂ ਤਾਂ ਬੱਸ ਓਦਾਂ ਈ..., " ਆਖ ਕੇ ਉਹ ਚੁੱਪ ਕਰ ਗਈ।

ਰਣਜੀਤ ਹੱਸਦਾ ਹੋਇਆ ਕਹਿਣ ਲੱਗਿਆ, "ਓ ਅੱਛਾ, ਤੁਸੀਂ ਇਹ ਦੇਖਣਾ ਹੋਣਾ ਕਿ ਮੈਂ ਬੋਲ ਵੀ ਸਕਦਾਂ ਕਿ ਨਈਂ।" ਹੁਣ ਹੱਸਣ ਦੀ ਵਾਰੀ ਸੋਨੀਆ ਦੀ ਸੀ। ਰਣਜੀਤ ਨੂੰ ਸੋਨੀਆ ਦਾ ਹਾਸਾ ਬਹੁਤ ਹੀ ਪਿਆਰਾ ਲੱਗਿਆ। ਇਸ ਹਾਸੇ ਨਾਲ ਉਸ ਦੀ ਸੰਗ ਟੁੱਟ ਗਈ। ਉਸ ਨੂੰ ਲੱਗਿਆ ਕਿ ਜਿੱਦਾਂ ਇਹ ਹਾਸਾ ਉਨ੍ਹਾਂ ਦੋਹਾਂ ਵਿਚਾਲੇ ਪੁਲ਼ ਬਣ ਗਿਆ ਹੋਵੇ ।

"ਸੋਨੀਆ ਜੀ ਆਪਣੀ ਜ਼ਿੰਦਗੀ ਤਾਂ ਹੁਣ ਤੱਕ ਫੱਕਰਾਂ ਵਾਲੀ ਹੀ ਰਹੀ ਆ। ਖਾ ਲਿਆ, ਪੀ ਲਿਆ ਤੇ ਪੜ੍ਹ ਲਿਆ। ਜਾਂ ਫਿਰ ਮਾੜਾ-ਮੋਟਾ ਘੁੰਮ ਫਿਰ ਲਿਆ। ਹੋਇਆ ਕਿਸੇ ਯਾਰ ਦਾ ਵਿਆਹ-ਵਿਊਹ ਤਾਂ ਉਹ ਭੁਗਤਾ ਤਾ। ਆਹ ਜਿਹੜੇ ਲੱਡੂ ਤੁਸੀਂ ਥੱਲੇ ਖਾ ਕੇ ਆਏ ਓ, ਇਹ ਵੀ ਮੈਂ ਹੀ ਹਲਵਾਈ ਨਾਲ ਕਢਵਾਏ ਸੀ।" ਰਣਜੀਤ ਨੇ ਇਹ ਗੱਲ ਇਸ ਲਹਿਜ਼ੇ ਵਿੱਚ ਕਹੀ ਕਿ ਸੋਨੀਆ ਦਾ ਫਿਰ ਹਾਸਾ ਨਿੱਕਲ ਗਿਆ। ਰਣਜੀਤ ਦਾ ਝਾਕਾ ਹੁਣ ਕਾਫੀ ਖੁੱਲ੍ਹ ਗਿਆ ਸੀ। ਉਸ ਨੇ ਗੱਲਾਂ ਦਾ ਸਿਲਸਿਲਾ ਕਾਫੀ ਦੇਰ ਟੁੱਟਣ ਨਾ ਦਿੱਤਾ। ਸੋਨੀਆ ਉਸ ਦੀਆਂ ਗੱਲਾਂ ਦਾ ਅਨੰਦ ਲੈਂਦੀ ਰਹੀ।

"ਕਾਫੀ ਦੇਰ ਹੋਗੀ, ਚੱਲੀਏ ਨਾ ਥੱਲੇ ? ਭੂਆ ਜੀ ਹੋਰੀਂ ਉਡੀਕਦੇ ਹੋਣਗੇ।" ਪੰਦਰਾਂ-ਵੀਹ ਮਿੰਟ ਬੈਠਣ ਤੋਂ ਬਾਅਦ ਸੋਨੀਆ ਨੇ ਰਣਜੀਤ ਨੂੰ ਕਿਹਾ। ਰਣਜੀਤ ਨੇ ਹਾਂ ਵਿੱਚ ਸਿਰ ਹਿਲਾਇਆ ਤੇ ਉਹ ਦੋਵੇਂ ਜਣੇ ਪੌੜੀਆਂ ਉੱਤਰ ਗਏ। ਆਪਣੀ ਭਤੀਜੀ ਦੇ ਮੂੰਹ 'ਤੇ ਰੌਣਕ ਦੇਖਦੇ ਸਾਰ ਹੀ ਕਰਤਾਰ ਕੌਰ ਸਮਝ ਗਈ ਕਿ ਗੱਲ ਬਣ ਗਈ ਹੈ। ਫਿਰ ਉਸ ਨੇ ਧਰਮ ਕੌਰ ਨੂੰ ਸੰਬੋਧਨ ਹੁੰਦਿਆਂ ਕਿਹਾ, "ਭੈਣ ਜੀ, ਸੁੱਖ ਨਾਲ਼ ਆਹ ਤਾਂ ਵਧਾਈਆਂ ਹੋ ਗਈਆਂ ਲੱਗਦੀਆਂ।" ਇਹ ਕਹਿ ਕੇ ਉਹ ਸੋਨੀਆ ਤੇ ਰਣਜੀਤ ਦੇ ਚਿਹਰਿਆਂ ਵੱਲ ਗ਼ੌਰ ਨਾਲ਼ ਦੇਖਣ ਲੱਗੀ ਤਾਂ ਉਸ ਨੂੰ ਉਨ੍ਹਾਂ ਦੋਹਾਂ ਦੇ ਚਿਹਰੇ ਉਸ ਦੀ ਗੱਲ ਪੁਗਾਉਂਦੇ ਲੱਗੇ। ਧਰਮ

ਕੌਰ ਅਤੇ ਗੁਰਦੇਵ ਸਿੰਘ ਹੁਰਾਂ ਨੂੰ ਵੀ ਆਪਣੇ ਨਿਆਣਿਆਂ ਦੇ ਚਿਹਰੇ 'ਤੇ ਹੀ 'ਹਾਂ' ਲਿਖਿਆ ਹੋਇਆ ਲੱਗਿਆ।

"ਹੁਣ ਦੱਸ ਵੀਰ, ਤੇਰੀ ਕੀ ਮਰਜ਼ੀ ਆ?" ਐਤਕੀਂ ਕਰਤਾਰ ਕੌਰ ਨੇ ਗੁਰਦੇਵ ਸਿੰਘ ਨੂੰ ਕਿਹਾ।

"ਲੈ ਬੀਬੀ, ਮੇਰੀ ਮਰਜ਼ੀ ਕਿਹੜੀ ਤੈਥੋਂ ਬਾਹਰੀ ਏ," ਗੁਰਦੇਵ ਸਿੰਘ ਨੇ ਭੈਣ ਦਾ ਮਾਣ ਰੱਖ ਲਿਆ, "ਹੁਣ ਤਾਂ ਇੱਕੋ ਈ ਗੱਲ ਐ ਪਈ ਆਪਣੇ ਕੋਲ਼ ਟੈਮ ਹੈ ਨਈਂ ਬਹੁਤਾ। ਜੋ ਵੀ ਕਰਨਾ ਝਟਕੀ-ਪਟਕੀ ਕਰਨਾ ਪਊ।"

"ਲੈ, ਕੱਲ੍ਹ ਆਪਾਂ ਡੋਲ਼ਾ ਲਿਆਂਦਾ, ਅੱਜ ਤੋਰ ਦਿੰਨੇ ਆਂ। ਨਾਲ਼ੇ ਵੀਰਿਆ, ਮੈਂ ਤੇਰੇ 'ਤੇ ਕੋਈ ਬੋਝ ਨਹੀਂ ਪਾਉਣਾ, ਮੈਨੂੰ ਆਪ ਆਉਂਦੇ ਆ ਸਾਰੇ ਕੰਮ ਕਰਨੇ। ਤੂੰ 'ਰਾਮ ਨਾਲ਼ ਬੈਠ ਕੇ ਵਿਆਹ ਦੇਖੀਂ।"

"ਉਹ ਤਾਂ ਤੇਰੀ ਗੱਲ ਠੀਕ ਆ ਬੀਬੀ, ਫੇਰ ਵੀ ਵੀਹ ਕੰਮ ਹੁੰਦੇ ਆ ਵਿਆਹਾਂ-ਸੁਦਾਂ ਦੇ। ਸਭ ਕੁਛ ਛੇਤੀ-ਛੇਤੀ ਕਰਨਾ ਤੇ ਨਿਬੇੜਨਾ ਪਊ," ਗੁਰਦੇਵ ਸਿੰਘ ਨੇ ਸਿਆਣਿਆਂ ਵਾਲ਼ੀ ਗੱਲ ਕੀਤੀ।

"ਕੋਈ ਨਈਂ, ਕਰ ਲਾਂਗੇ ਸਾਰਾ ਕੁਛ, ਤੂੰ ਫ਼ਿਕਰ ਨਾ ਕਰ," ਕਰਤਾਰ ਕੌਰ ਨੇ ਸੌ ਦੀ ਇੱਕ ਨਿਬੇੜੀ।

"ਚੱਲ ਨਈਂ ਕਰਦਾ ਫ਼ਿਕਰ। ਮਹੀਨਾ ਆਪਣੇ ਕੋਲ਼ ਡੇਢ ਈ ਆ। ਜੇ ਤਾਂ ਆਪਾਂ ਇੰਨੇ ਟੈਮ ਵਿੱਚ ਸਭ ਕੁਛ ਕਰ ਲਵਾਂਗੇ ਤਾਂ ਠੀਕ ਆ। ਸਾਡੇ ਕੋਲ਼ੋਂ ਟਿਕਟਾਂ ਦੀਆਂ ਤਰੀਕਾਂ ਨਹੀਂ ਵਧਾਈਆਂ ਜਾਣੀਆਂ। ਨਈਂ ਤਾਂ ਵਿਆਹ ਅਗਲੇ ਗੇੜੇ ਹੋਊ।"

"ਨਈਂ-ਨਈਂ ਮਾਮਾ ਜੀ, ਤੁਸੀਂ ਸਾਡੇ 'ਤੇ ਛੱਡੋ ਸਾਰੀ ਗੱਲ। ਨਾ ਤਰੀਕਾਂ ਵਧਾਉਣ ਦੀ ਲੋੜ ਆ, ਨਾ ਕੁਛ ਹੋਰ ਕਰਨ ਦੀ," ਤਾਰੀ ਨੇ ਗੁਰਦੇਵ ਸਿੰਘ ਦੀ ਗੱਲ ਡਿੱਗਦੀ ਬੋਚ ਲਈ।

"ਚਲੋ ਫੇ', ਹੋ ਜਾਓ ਸ਼ੁਰੂ!" ਗੁਰਦੇਵ ਸਿੰਘ ਨੇ ਹਰੀ ਝੰਡੀ ਦੇ ਦਿੱਤੀ। ਇਸ ਤੋਂ ਠੀਕ ਦੋ ਹਫ਼ਤੇ ਬਾਅਦ ਰਣਜੀਤ ਤੇ ਸੋਨੀਆ ਸੁਹਾਗ-ਰਾਤ ਮਨਾ ਰਹੇ ਸਨ। ਰਣਜੀਤ ਸੋਨੀਆ ਦੇ ਕੰਨ ਨਾਲ਼ ਆਪਣੇ ਬੁੱਲ੍ਹ ਲਾ ਕੇ ਕਹਿ ਰਿਹਾ ਸੀ, "ਸੋਨੀਆ, ਮੈਨੂੰ ਚੰਗੀ ਤਰ੍ਹਾਂ ਜਾਣੇ-ਬੁੱਝੇ ਬਗ਼ੈਰ, ਮੇਰੀ ਜ਼ਿੰਦਗੀ ਵਿੱਚ ਆਉਣ ਲਈ ਤੇਰਾ ਬਹੁਤਾ ਹੀ ਸ਼ੁਕਰੀਆ। ਮੈਂ ਸੱਚੀਂ ਹੀ ਤੇਰਾ ਬਹੁਤ ਧੰਨਵਾਦੀ ਆਂ।" ਸੋਨੀਆ ਨੂੰ ਰਣਜੀਤ ਦੇ ਹਰ ਅੰਦਾਜ਼ ਵਾਂਗ ਉਸ ਦਾ ਇਹ ਅੰਦਾਜ਼ ਵੀ ਪਸੰਦ ਆਇਆ। ਉਹ ਬਾਗ਼ੋ-ਬਾਗ਼ ਹੋਈ ਕਹਿਣ ਲੱਗੀ, "ਰਣਜੀਤ, ਤੁਸੀਂ ਵੀ ਤਾਂ ਮੈਨੂੰ ਬਹੁਤੀ ਚੰਗੀ ਤਰ੍ਹਾਂ ਨ੍ਹੀਂ ਜਾਣਦੇ।"

"ਸੋਨੀਆ, ਜ਼ਿੰਦਗੀ ਵਿੱਚ ਬਹੁਤ ਕੁੱਝ ਅਣਜਾਣੇ ਵਿੱਚ ਹੀ ਹੁੰਦੈ। ਰੱਬ ਕਰੇ, ਆਪਾਂ ਇੱਕ ਦੂਜੇ ਦੀਆਂ ਆਸਾਂ ਤੇ ਖਰੇ ਉੱਤਰੀਏ ਤੇ ਜ਼ਿੰਦਗੀ ਦੇ ਵਿੰਗ-ਤੜਿੰਗੇ ਰਾਹਾਂ 'ਚ ਇੱਕ ਦੂਜੇ ਨੂੰ ਸਹਾਰਾ ਦਿੰਦੇ ਤੁਰਦੇ ਰਹੀਏ," ਰਣਜੀਤ

ਨੇ ਸੰਜੀਦਗੀ ਨਾਲ ਕਿਹਾ।

ਫਿਰ ਉਹ ਗੱਲਾਂ ਵਿੱਚ ਏਨੇ ਮਘ ਗਏ ਕਿ ਉਨ੍ਹਾਂ ਨੂੰ ਪਤਾ ਹੀ ਨਾ ਲੱਗਿਆ ਪਈ ਤੜਕਾ ਹੀ ਹੋ ਗਿਆ ਹੈ। ਸੋਨੀਆ ਨੇ ਆਪਣੇ ਬਚਪਨ, ਪੜ੍ਹਾਈ, ਕੰਮ-ਕਾਰ ਦੀਆਂ ਸਭ ਗੱਲਾਂ ਰਣਜੀਤ ਨੂੰ ਦੱਸੀਆਂ, ਪਰ ਸਕੂਲ ਦੇ ਦਿਨਾਂ ਵਿੱਚ ਮੁੰਡਿਆਂ ਨਾਲ਼ ਦੋਸਤੀ ਦੀ ਗੱਲ ਉਹ ਲੁਕੋ ਗਈ। ਏਦਾਂ ਹੀ ਰਣਜੀਤ ਨੇ ਵੀ ਹੁਣ ਤੱਕ ਦੀ ਸਾਰੀ ਜ਼ਿੰਦਗੀ ਉਸ ਅੱਗੇ ਫੋਲ ਕੇ ਰੱਖ ਦਿੱਤੀ। ਉਸ ਨੇ ਹਰਪ੍ਰੀਤ ਦਾ ਨਾਂ ਲਏ ਬਗੈਰ ਸੋਨੀਆ ਨੂੰ ਇਹ ਦੱਸ ਦਿੱਤਾ ਕਿ ਇੱਕ ਕੁੜੀ ਨੂੰ ਉਹ ਬਹੁਤ ਪਸੰਦ ਕਰਦਾ ਹੁੰਦਾ ਸੀ ਅਤੇ ਕੋਈ ਰਿਸ਼ਤਾ ਬਣਨ ਤੋਂ ਪਹਿਲਾਂ ਹੀ, ਉਸ ਕੁੜੀ ਦਾ ਵਿਆਹ ਹੋ ਗਿਆ। ਤਿੰਨ ਕੁ ਵਜੇ ਜਦ ਸੋਨੀਆ ਨੂੰ ਉਬਾਸੀਆਂ ਆਉਣ ਲੱਗ ਪਈਆਂ ਤਾਂ ਰਣਜੀਤ ਨੇ ਸੋਨੀਆ ਨੂੰ ਬਾਂਹੋਂ ਫੜ ਕੇ ਆਪਣੇ ਵੱਲ ਖਿੱਚਦਿਆਂ ਹੋਇਆਂ ਕਿਹਾ,"ਸੋਨੀਆ ਆਪਾਂ ਤਾਂ ਇੱਕ-ਦੂਜੇ ਨੂੰ ਬਥੇਰਾ ਜਾਣ ਲਿਆ, ਚੱਲ ਹੁਣ ਜਿਸਮਾਂ ਦੀ ਵੀ ਜਾਣ-ਪਛਾਣ ਕਰਾ ਦੇਈਏ।" ਇਸ ਦੇ ਨਾਲ਼ ਹੀ ਸੋਨੀਆ ਸੰਗਦੀ ਜਿਹੀ ਰਣਜੀਤ ਦੀਆਂ ਬਾਂਹਾਂ ਵਿੱਚ ਸਮਾ ਗਈ।

ਸਵੇਰੇ ਜਦ, ਰਣਜੀਤ ਰਾਤੀਂ ਕੀਤੀਆਂ ਗੱਲਾਂ ਬਾਰੇ ਸੋਚ ਰਿਹਾ ਸੀ ਤਾਂ ਸੋਨੀਆ ਦੀਆਂ ਕੁੱਝ ਗੱਲਾਂ ਉਸ ਨੂੰ ਅਜੀਬ ਜਿਹੀਆਂ ਲੱਗੀਆਂ। ਉਸ ਨੂੰ ਲੱਗਿਆ ਕਿ ਸੋਨੀਆ ਬਹੁਤ ਹੀ ਹਿਸਾਬਣ-ਕਿਤਾਬਣ ਜਿਹੀ ਹੈ। ਉਹ ਨੇ ਆਪਣੀ ਪੜ੍ਹਾਈ, ਕੰਮ, ਰਹਿਣ-ਸਹਿਣ ਅਤੇ ਸ਼ੌਕਾਂ ਬਾਰੇ ਜਿਹੜੀ ਵੀ ਗੱਲ ਕੀਤੀ, ਉਹ ਕਿਸੇ ਨਾ ਕਿਸੇ ਤਰ੍ਹਾਂ ਪੈਸਿਆਂ ਨਾਲ਼ ਜ਼ਰੂਰ ਜੁੜੀ ਹੋਈ ਸੀ। ਉਹ, ਵਾਰ-ਵਾਰ ਰਣਜੀਤ ਨੂੰ ਸੁਣਾਉਂਦੀ ਰਹੀ ਕਿ ਕੈਨੇਡਾ ਵਿਚ ਇੱਕ ਵਧੀਆ ਘਰ, ਚੰਗੀ ਜੌਬ ਅਤੇ ਪ੍ਰਾਈਵੇਸੀ ਹਮੇਸ਼ਾ ਉਸ ਦਾ ਸੁਪਨਾ ਰਹੇ ਹਨ। ਰਣਜੀਤ ਚਾਹੁੰਦਾ ਸੀ ਕਿ ਉਹ ਇਸ ਸੁਪਨੇ ਵਿੱਚ ਇੱਕ ਚੰਗੇ ਜੀਵਨ ਸਾਥੀ ਅਤੇ ਪਿਆਰ ਨੂੰ ਵੀ ਬਣਦੀ ਥਾਂ ਦਿੰਦੀ, ਪਰ ਸੋਨੀਆ ਨੇ ਇਹੋ ਜਿਹਾ ਕੋਈ ਇਸ਼ਾਰਾ ਨਾ ਦਿੱਤਾ।

ਉਹ ਇੱਕ ਮਹੀਨਾ ਇਕੱਠੇ ਰਹੇ। ਹਨੀਮੂਨ ਖ਼ਾਤਰ ਉਨ੍ਹਾਂ ਨੇ ਇੱਕ ਹਫ਼ਤਾ ਸ਼ਿਮਲੇ ਵੀ ਬਿਤਾਇਆ। ਰਣਜੀਤ ਜਦੋਂ ਵੀ ਸੋਨੀਆ ਨੂੰ ਆਪਣੀ ਮਾਂ ਦੇ ਬਰਾਬਰ ਖੜ੍ਹੀ ਕਰ ਕੇ ਦੇਖਦਾ ਤਾਂ ਉਸ ਨੂੰ ਉਹ ਮਾਂ ਨਾਲ਼ੋਂ ਬਹੁਤ ਹੀ ਊਣੀ-ਪੌਣੀ ਜਿਹੀ ਲੱਗਦੀ। ਧਰਮ ਕੌਰ ਭਾਵੇਂ ਕਿ ਆਪਣੇ ਹੱਕਾਂ ਖ਼ਾਤਰ ਲੜਨ ਵਾਲ਼ੀ ਬਹਾਦਰ ਔਰਤ ਸੀ, ਪਰ ਉਹ ਪਿਆਰ ਮੁਹੱਬਤ ਨੂੰ ਪੈਸੇ ਨਾਲ਼ੋਂ ਉੱਚਾ ਸਮਝਦੀ ਸੀ। ਉਸ ਲਈ ਰਿਸ਼ਤੇ ਬਹੁਤ ਅਹਿਮ ਸਨ ਜਦ ਕਿ ਸੋਨੀਆ ਪ੍ਰਾਈਵੇਸੀ ਦੇ ਗੋਗੇ ਗਾਈ ਜਾ ਰਹੀ ਸੀ। ਕਦੇ-ਕਦੇ ਰਣਜੀਤ ਸੋਚਦਾ ਕਿ ਹੋ ਸਕਦਾ ਹੈ ਪਈ ਇਹ ਸਭ ਦੇਸ਼-ਦੇਸ਼ਾਂਤਰ ਦਾ ਅਸਰ ਹੋਵੇ। ਉਸ ਨੇ ਸੁਣਿਆ ਹੋਇਆ ਸੀ ਕਿ ਪੱਛਮ ਦੇ ਲੋਕ ਬਹੁਤੇ ਪਦਾਰਥਵਾਦੀ ਹਨ। ਉਹ ਭਾਵਨਾਵਾਂ ਨੂੰ ਆਪਣੀ ਜ਼ਿੰਦਗੀ ਵਿੱਚ ਓਨੀ ਅਹਿਮੀਅਤ ਨਹੀਂ ਦਿੰਦੇ, ਜਿੰਨੀ ਭਾਰਤੀ ਲੋਕ ਦਿੰਦੇ ਹਨ। ਫਿਰ ਰਣਜੀਤ

ਆਪਣੇ ਦਿਲ 'ਚ ਕਿਤੇ ਨਾ ਕਿਤੇ ਇਹ ਆਸ ਜਗਾ ਲੈਂਦਾ ਕਿ ਇੱਕ ਦਿਨ ਉਹ ਸੋਨੀਆ ਨੂੰ ਵੀ ਆਪਣੀ ਮਾਂ ਵਰਗੀ ਕਰ ਲਏਗਾ।

ਇੱਕ ਮਹੀਨਾ ਤਾਂ ਜਿਵੇਂ ਖੰਭ ਲਾ ਕੇ ਹੀ ਉੱਡ ਗਿਆ। ਸੋਨੀਆ ਹੁਰਾਂ ਦੇ ਜਾਣ ਦੇ ਦਿਨ ਨੇੜੇ ਆ ਗਏ। ਉਸ ਨੇ ਆਪਣੇ ਜਾਣ ਤੋਂ ਪਹਿਲਾਂ ਰੱਜ ਕੇ ਸ਼ਾੱਪਿੰਗ ਕੀਤੀ। ਕੀਮਤੀ ਸੂਟ, ਗਹਿਣੇ ਅਤੇ ਹੋਰ ਸੌ ਤਰ੍ਹਾਂ ਦਾ ਨਿਕ-ਸੁਕ। ਧਰਮ ਕੌਰ ਨੇ ਜ਼ਮੀਨ ਦਾ ਆਉਣ ਵਾਲ਼ੇ ਸਾਲ ਦਾ ਠੇਕਾ ਪਹਿਲਾਂ ਲੈ ਕੇ ਨੂੰਹ ਦੇ ਸਾਰੇ ਚਾਅ ਪੂਰੇ ਕੀਤੇ। ਰਣਜੀਤ ਨੂੰ ਏਦਾਂ ਲੱਗ ਰਿਹਾ ਸੀ ਜਿੱਦਾਂ ਸੋਨੀਆ ਕੁਝ ਜ਼ਿਆਦਾ ਹੀ ਲਾਲਚ ਕਰ ਰਹੀ ਹੈ। ਜਦੋਂ ਉਨ੍ਹੇਂ ਇਹ ਗੱਲ ਆਪਣੀ ਮਾਂ ਨਾਲ਼ ਸਾਂਝੀ ਕਰਨ ਦਾ ਹੀਲਾ ਕੀਤਾ ਤਾਂ ਮਾਂ ਨੇ ਉਸ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ, "ਰਣਜੀਤ ਸਾਰੀਆਂ ਸੱਜ-ਵਿਆਹੀਆਂ ਕੁੜੀਆਂ ਦੇ ਕੁਛ ਅਰਮਾਨ ਹੁੰਦੇ ਆ। ਨਾਲ਼ੇ ਏਸ ਵਿਚਾਰੀ ਨੇ ਹੋਰ ਚਹੁੰ ਦਿਨਾਂ ਤੱਕ ਚਲੇ ਜਾਣੈ, ਏਸ ਲਈ ਕਰ ਲੈਣ ਦੇ ਚਾਅ ਪੂਰੇ।"

ਰਣਜੀਤ ਨੂੰ ਇਹ ਫ਼ਿਕਰ ਸਤਾ ਰਿਹਾ ਸੀ ਕਿ ਸੋਨੀਆ ਦੀਆਂ ਇਹ ਆਦਤਾਂ, ਉਨ੍ਹਾਂ ਦੇ ਸਬੰਧਾਂ ਵਿੱਚ ਕੋਈ ਤਰੇੜ ਨਾ ਪਾ ਦੇਣ। ਸੋਨੀਆ ਹੁਰਾਂ ਦੇ ਜਾਣ ਦਾ ਦਿਨ ਆ ਗਿਆ। ਰਣਜੀਤ ਬਹੁਤ ਉਦਾਸ ਸੀ। ਇੱਕ ਮਹੀਨੇ ਦੀ ਨੇੜਤਾ ਨੇ ਉਸ ਨੂੰ ਸੋਨੀਆ ਦੀ ਆਦਤ ਜਿਹੀ ਪਾ ਦਿੱਤੀ ਸੀ। ਦੂਜੇ ਪਾਸੇ ਰਣਜੀਤ ਹੈਰਾਨ ਵੀ ਹੋ ਰਿਹਾ ਸੀ ਕਿ ਸੋਨੀਆ ਨੂੰ ਉਸ ਤੋਂ ਦੂਰ ਹੋਣ ਦਾ ਬਹੁਤਾ ਮਲਾਲ ਨਹੀਂ ਸੀ। ਉਹ ਬਹੁਤ ਧਿਆਨ ਨਾਲ਼ ਆਪਣਾ ਸਾਰਾ ਸਮਾਨ ਪੈਕ ਕਰ ਰਹੀ ਸੀ ਅਤੇ ਇਸ ਗੱਲ ਦਾ ਖ਼ਾਸ ਖ਼ਿਆਲ ਰੱਖ ਰਹੀ ਸੀ ਕਿ ਉਸ ਵੱਲੋਂ ਖ਼ਰੀਦੀ ਹੋਈ ਕੋਈ ਚੀਜ਼ ਲਿਜਾਣੋਂ ਨਾ ਰਹਿ ਜਾਵੇ। ਰਣਜੀਤ ਨੇ ਸੋਨੀਆ ਹੁਰਾਂ ਨੂੰ ਦਿੱਲੀ ਚੜ੍ਹਾਉਣ ਜਾਣਾ ਸੀ। ਤੋਰਨ ਲੱਗਿਆਂ ਧਰਮ ਕੌਰ ਦੀਆਂ ਅੱਖਾਂ ਭਰ ਆਈਆਂ। ਪਰ ਸੋਨੀਆ ਦੀ ਅੱਖ 'ਚ ਭੋਰਾ ਵੀ ਨਮੀ ਨਹੀਂ ਸੀ ਤੇ ਉਹ ਹੱਸਦੀ-ਹੱਸਦੀ ਹੀ ਵਿਦਾ ਹੋ ਗਈ। ਰਾਹ ਵਿੱਚ ਉਹ ਰਣਜੀਤ ਨੂੰ, ਕੈਨੇਡਾ ਆਉਣ ਸਬੰਧੀ ਸਾਰੇ ਪੇਪਰ ਧਿਆਨ ਨਾਲ਼ ਬਣਵਾਉਣ ਲਈ ਸੁਚੇਤ ਕਰਦੀ ਰਹੀ। ਰਣਜੀਤ ਉਸ ਦੇ ਮੂੰਹੋਂ "ਮੈਂ ਤੈਨੂੰ ਛੱਡ ਕੇ ਨਹੀਂ ਜਾਣਾ ਚਾਹੁੰਦੀ" ਸੁਣਨ ਲਈ ਤਰਸਦਾ ਹੀ ਰਹਿ ਗਿਆ। ਹਵਾਈ-ਅੱਡੇ ਦੇ ਅੰਦਰ ਜਾਣ ਲੱਗੀ ਜਦ ਉਹ ਆਖ਼ਰੀ ਵਾਰ ਰਣਜੀਤ ਦੇ ਗਲ਼ ਲੱਗੀ ਤਾਂ ਰਣਜੀਤ ਦੀਆਂ ਅੱਖਾਂ 'ਚ ਹੰਝੂ ਆ ਗਏ। ਸੋਨੀਆ ਰਣਜੀਤ ਨੂੰ ਦਿਲਾਸਾ ਦਿੰਦਿਆਂ ਕਹਿਣ ਲੱਗੀ, "ਲਓ, ਤੁਸੀਂ ਭਲਾ ਰੋਂਦੇ ਚੰਗੇ ਲੱਗਦੇ ਓ ? ਏਦਾਂ ਨਾ ਕਰੋ ਪਲੀਜ਼। ਜੇ ਹੁਣ ਮੈਂ ਜਾਊਂਗੀ ਨਾ ਤਾਂ ਤੁਹਾਡਾ ਵੀਜ਼ਾ ਕਿੱਦਾਂ ਅਪਲਾਈ ਕਰੂੰ ? ਫਿਰ ਆਪਾਂ 'ਕੱਠੇ ਕਿੱਦਾਂ ਹੋਵਾਂਗੇ ? ਅਜੇ ਤਾਂ ਆਪਾਂ ਨੂੰ ਬਹੁਤ ਕੁਛ ਕਰਨਾ ਪੈਣੈ, ਤਕੜੇ ਹੋਵੋ।" ਰਣਜੀਤ ਨੇ ਅੱਖਾਂ ਪੂੰਝ ਲਈਆਂ। ਫਿਰ ਉਸ ਨੇ ਸਾਰੇ ਪਰਿਵਾਰ ਨੂੰ ਫ਼ਤਿਹ ਬੁਲਾਈ ਅਤੇ ਉਹ ਸਾਰੇ ਜਣੇ ਸਾਮਾਨ ਵਾਲ਼ੀਆਂ ਰੇਹੜੀਆਂ ਰੋੜ੍ਹਦਿਆਂ ਹਵਾਈ-ਅੱਡੇ ਦੇ ਅੰਦਰ ਚਲੇ ਗਏ।

ਰਣਜੀਤ ਵਾਪਸ ਮੁੜਦਾ ਹੋਇਆ ਸੋਚ ਰਿਹਾ ਸੀ, ਕਿ ਹਵਾਈ-ਅੱਡੇ ’ਤੇ ਉਸ ਦਾ ਹੀ ਦਿਲ ਕਿਉਂ ਭਰ ਆਇਆ, ਸੋਨੀਆ ਕਿਉਂ ਨਾ ਰੋਈ! ਉਸ ਨੂੰ ਲੱਗਿਆ ਕਿ ਉਹ ਸੋਨੀਆ ਨਾਲ਼ੋਂ ਕਿਤੇ ਵੱਧ ਜਜ਼ਬਾਤੀ ਹੈ। ਸ਼ਾਇਦ ਸੋਨੀਆ ਨੂੰ ਆਪਣੇ ਘਰ ਜਾਣ ਦਾ ਚਾਅ ਸੀ। ਸ਼ਾਇਦ ਕੁੜੀਆਂ ਸਹੁਰਿਆਂ ਨੂੰ ਜਾਣ ਲੱਗਿਆਂ ਹੀ ਰੋਂਦੀਆਂ ਹੋਣ। ਪਰ ਨਹੀਂ, ਅਸਲ ਵਿੱਚ ਰੋਣਾ ਤਾਂ ਆਪਣਿਆਂ ਨਾਲੋਂ ਵਿਛੜਨ ਵੇਲ਼ੇ ਆਉਂਦਾ ਹੈ। ਇਸ ਹਿਸਾਬ ਨਾਲ਼ ਤਾਂ ਸੋਨੀਆ ਦਾ ਰੋਣਾ ਬਣਦਾ ਸੀ। ਕੀ ਉਹ, ਉਸ ਨੂੰ ਆਪਣਾ ਨਹੀਂ ਸਮਝਦੀ? ਕੀ ਉਸ ਨੂੰ ਸੋਨੀਆ ਇਸ ਹੱਦ ਤੱਕ ਆਪਣੀ ਲੱਗਣ ਲੱਗ ਪਈ ਸੀ ਕਿ ਉਸ ਦੇ ਵਿਛੜਨ ਸਾਰ ਉਸ ਦਾ ਮਨ ਭਰ ਆਇਆ? ਇਸੇ ਕਸ਼ਮਕਸ਼ ’ਚ ਹੀ ਉਲਝਿਆ ਰਣਜੀਤ ਪਿੰਡ ਪਹੁੰਚ ਗਿਆ।

ਜਾਣ ਮਗਰੋਂ, ਤੀਜੇ ਦਿਨ ਸੋਨੀਆ ਦਾ ਫ਼ੋਨ ਆਇਆ। ਉਹ ਠੀਕ-ਠਾਕ ਪਹੁੰਚ ਗਏ ਸਨ। ਰਣਜੀਤ ਕੋਲ਼ੋਂ ਉਸ ਨਾਲ਼ ਫ਼ੋਨ ’ਤੇ ਵੀ ਬਹੁਤ ਮੁਸ਼ਕਲ ਨਾਲ਼ ਹੀ ਗੱਲ ਹੋਈ। ਉਸ ਦੀ ਆਵਾਜ਼ ਭਾਰੀ ਜਿਹੀ ਹੋਈ ਜਾ ਰਹੀ ਸੀ, ਜਦ ਕਿ ਸੋਨੀਆ ਦੀ ਆਵਾਜ਼ ਟੱਲੀ ਵਾਂਗ ਟੁਣਕ ਰਹੀ ਸੀ। ਸੋਨੀਆ ਨੇ ਉਸ ਨੂੰ ਦੱਸਿਆ ਕਿ ਉਸ ਨੇ ਪਹੁੰਚਦੇ ਹੀ ਵਕੀਲ ਨਾਲ਼ ਗੱਲ ਕਰ ਲਈ ਹੈ ਤੇ ਹਫ਼ਤੇ ਕੁ ਵਿੱਚ ਹੀ ਉਹ ਰਣਜੀਤ ਦੇ ਵੀਜ਼ੇ ਲਈ ਦਰਖ਼ਾਸਤ ਦੇ ਦੇਵੇਗੀ। ਇਸ ਗੱਲਬਾਤ ਦੌਰਾਨ ਸੋਨੀਆ ਹੀ ਬਹੁਤਾ ਬੋਲਦੀ ਰਹੀ। ਰਣਜੀਤ ਨੂੰ ਲਗਦਾ ਸੀ ਕਿ ਜੇ ਉਹ ਬੋਲਿਆ ਤਾਂ ਇਹ ਭੇਤ ਖੁਲ੍ਹ ਜਾਏਗਾ ਕਿ ਉਹ ਰੋ ਰਿਹਾ ਹੈ।

ਸਮਾਂ ਆਪਣੀ ਚਾਲੇ ਤੁਰਦਾ ਰਿਹਾ। ਰਣਜੀਤ ਪਹਿਲਾਂ ਵਾਂਗ ਦੋਸਤਾਂ ਨਾਲ਼ ਮਿਲਣ-ਜੁਲਣ ਲੱਗ ਪਿਆ। ਉਦਾਸੀ ਕੁਝ ਘਟ ਗਈ। ਹਫ਼ਤੇ ’ਚ ਇੱਕ ਜਾਂ ਦੋ ਵਾਰ ਸੋਨੀਆ ਦਾ ਫ਼ੋਨ ਆ ਜਾਂਦਾ। ਉਹ ਆਪਣੇ ਕੰਮ-ਕਾਰ ਦੀਆਂ, ਪਰਿਵਾਰ ਦੀਆਂ ਤੇ ਹੋਰ ਏਧਰ-ਓਧਰ ਦੀਆਂ ਗੱਲਾਂ ਕਰਦੀ ਰਹਿੰਦੀ। ਰਣਜੀਤ ਇਹ ਸੁਣਨ ਲਈ ਤਰਸਦਾ ਹੀ ਰਹਿੰਦਾ ਕਿ ਸੋਨੀਆ ਕਹੇ ਕਿ ਮੈਂ ਤੇਰੇ ਬਗ਼ੈਰ ਬਹੁਤ ਉਦਾਸ ਹਾਂ, ਮੈਂ ਤੈਨੂੰ ਮਿਲਣ ਲਈ ਤਰਸੀ ਪਈ ਹਾਂ। ਪਰ ਸੋਨੀਆ ਨੇ ਇਹ ਕਦੇ ਨਾ ਕਿਹਾ।

ਚਾਰ ਕੁ ਮਹੀਨੇ ਬਾਅਦ ਹੀ ਵੀਜ਼ੇ ਦੀ ਕਾਗ਼ਜ਼ੀ ਕਾਰਵਾਈ ਸ਼ੁਰੂ ਹੋ ਗਈ ਅਤੇ ਕੈਨੇਡੀਅਨ ਅੰਬੈਸੀ ਵੱਲੋਂ ਰਣਜੀਤ ਨੂੰ ਚਿੱਠੀਆਂ ਆਉਣੀਆਂ ਸ਼ੁਰੂ ਹੋ ਗਈਆਂ। ਸੋਨੀਆ ਹੁਰਾਂ ਦੇ ਕਹਿਣ ’ਤੇ ਜਲੰਧਰ ਦੇ ਇੱਕ ਏਜੰਟ ਤੋਂ ਕੇਸ ਤਿਆਰ ਕਰਾ ਕੇ ਅੰਬੈਸੀ ਭੇਜਿਆ ਗਿਆ ਤੇ ਡੇਢ ਕੁ ਮਹੀਨੇ ਬਾਅਦ ਹੀ ਰਣਜੀਤ ਨੂੰ ਵੀਜ਼ਾ ਮਿਲ਼ ਗਿਆ।

ਵੀਜ਼ਾ ਮਿਲਣ ਦੀ ਤਾਂ ਰਣਜੀਤ ਨੂੰ ਖ਼ੁਸ਼ੀ ਹੋਈ ਪਰ ਨਾਲ਼ ਹੀ ਇਹ ਸੋਚ ਕੇ ਉਸ ਦਾ ਮਨ ਬੁਝ ਗਿਆ ਕਿ ਉਸ ਦੇ ਜਾਣ ਮਗਰੋਂ ਮਾਂ ’ਕੱਲੀ ਰਹਿ ਜਾਵੇਗੀ।

ਧਰਮ ਕੌਰ ਵੀ ਪੁੱਤ ਨੂੰ ਵੀਜ਼ਾ ਮਿਲਣ ਦੀ ਖ਼ੁਸ਼ੀ ਵਿੱਚ ਲੱਡੂ ਤਾਂ ਵੰਡੀ ਜਾ ਰਹੀ ਸੀ, ਪਰ ਅੰਦਰੋਂ ਇਹ ਸੋਚ ਕੇ ਟੁੱਟਦੀ ਜਾ ਰਹੀ ਸੀ ਕਿ ਉਸ ਦੀਆਂ ਅੱਖਾਂ ਦਾ ਤਾਰਾ ਛੇਤੀ ਹੀ ਉਸ ਤੋਂ ਦੂਰ ਹੋ ਜਾਵੇਗਾ। ਜਦੋਂ ਧਰਮ ਕੌਰ ਨੂੰ ਲੋਕ ਵਧਾਈਆਂ ਦਿੰਦੇ ਤਾਂ ਉਹ ਹੱਸ-ਹੱਸ ਕੇ ਲੋਕਾਂ ਦਾ ਮੂੰਹ ਮਿੱਠਾ ਕਰਾਉਂਦੀ, ਪਰ ਰਾਤ ਨੂੰ ਰੋ-ਰੋ ਕੇ ਸਿਰਹਾਣਾ ਗਾਲ਼ ਛੱਡਦੀ। ਰੋਂਦੀ-ਰੋਂਦੀ ਉਹ ਸੋਚਦੀ ਕਿ ਹੁਣ ਉਹ ਜ਼ਿੰਦਗੀ ਕਿਸ ਦੇ ਸਹਾਰੇ ਕੱਟੇਗੀ? ਪਤਾ ਨਹੀਂ ਮੁੜ ਕੇ ਪੁੱਤ ਨਾਲ਼ ਮੇਲੇ ਹੋਣੇ ਕਿ ਨਹੀਂ। ਉਹ ਸੋਚਦੀ ਕਿ ਪਤੀ ਦਾ ਵਿਯੋਗ ਤਾਂ ਉਸ ਨੇ ਕਿਸੇ ਤਰ੍ਹਾਂ ਜਰ ਲਿਆ ਸੀ, ਹੁਣ ਪੁੱਤ ਤੋਂ ਦੂਰ ਹੋਣਾ ਕਿੱਦਾਂ ਜਰੇਗੀ।

ਰਣਜੀਤ ਨੇ ਦੋ ਹਫ਼ਤਿਆਂ ਵਿੱਚ ਹੀ ਕੈਨੇਡਾ ਦੀ ਟਿਕਟ ਕਰਾ ਲਈ ਅਤੇ ਛੇਤੀ-ਛੇਤੀ ਰਿਸ਼ਤੇਦਾਰਾਂ ਨੂੰ ਮਿਲਣਾ-ਗਿਲਣਾ ਸ਼ੁਰੂ ਕਰ ਦਿੱਤਾ। ਜਿਉਂ-ਜਿਉਂ ਰਣਜੀਤ ਦੇ ਜਾਣ ਦੇ ਦਿਨ ਨੇੜੇ ਆ ਰਹੇ ਸਨ, ਧਰਮ ਕੌਰ ਦੀਆਂ ਆਂਦਰਾਂ ਨੂੰ ਕੜੱਲ ਪੈਣ ਲੱਗ ਪਏ। ਉਸ ਨੇ ਆਪਣੇ-ਆਪ ਨੂੰ ਬਹੁਤ ਸਮਝਾਇਆ ਕਿ ਉਸ ਨੂੰ ਆਪਣਾ ਪੁੱਤ ਖ਼ੁਸ਼ੀ-ਖ਼ੁਸ਼ੀ ਤੋਰਨਾ ਚਾਹੀਦਾ ਹੈ। ਫਿਰ ਵੀ ਮਾਂ ਦਾ ਦਿਲ ਕਿੱਥੋਂ ਟਿਕਦੈ। ਮਿਥਿਆ ਸਮਾਂ ਛੇਤੀ ਆ ਜਾਂਦਾ ਹੈ, ਸੋ ਦਿਨ ਝੱਟ ਬੀਤ ਗਏ ਤੇ ਰਣਜੀਤ ਦੇ ਜਾਣ ਦਾ ਸਮਾਂ ਆ ਗਿਆ। ਰਣਜੀਤ ਦੇ ਵੱਡਾ ਮਾਮਾ ਤੇ ਮਾਮੀ ਵੀ ਉਸ ਨੂੰ ਤੋਰਨ ਆਏ ਹੋਏ ਸਨ। ਧਰਮ ਕੌਰ ਨੇ ਪਿਛਲੀ ਰਾਤ ਤੋਂ ਹੀ ਰੋ-ਰੋ ਮੰਜਾ ਮੱਲਿਆ ਹੋਇਆ ਸੀ। ਉਸ ਦੇ ਭਰਾ ਨੇ ਉਸ ਨੂੰ ਸਮਝਾਇਆ, "ਕੁੜੇ ਬੀਬੀ, ਏਦਾਂ ਨਹੀਂ ਕਰੀਦਾ, ਧੀ-ਪੁੱਤ ਦੀ ਸੁੱਖ ਮਨਾਈਦੀ ਆ, ਉੱਠ ਬਦਸਗਨੀਆਂ ਨਾ ਕਰ। ਮੁੰਡਾ, ਸੁੱਖ ਨਾਲ਼ ਚੰਗੀ ਥਾਂ ਜਾ ਰਿਹੈ। ਤੈਨੂੰ ਵੀ ਆਪਣੇ ਕੋਲ਼ ਸੱਦ ਲੈਣਾ ਉਹ ਨੇ, ਬੱਸ ਦੋ ਕੁ ਸਾਲਾਂ ਦੀ ਤਾਂ ਸਾਰੀ ਗੱਲ ਐ। ਉੱਠ! ਤਕੜੀ ਹੋ ਕੇ ਮੁੰਡੇ ਨੂੰ ਖ਼ੁਸ਼ੀ ਨਾਲ਼ ਵਿਦਾ ਕਰ।"

ਭਰਾ ਦੇ ਇਨ੍ਹਾਂ ਬੋਲਾਂ ਨੇ ਧਰਮ ਕੌਰ ਨੂੰ ਉੱਠ ਕੇ ਖੜ੍ਹਨ ਜੋਗੀ ਕਰ ਦਿੱਤਾ। ਰਣਜੀਤ ਨੂੰ ਦਿੱਲੀ ਚੜ੍ਹਾਉਣ ਖ਼ਾਤਰ ਉਸ ਦਾ ਮਾਮਾ ਅਤੇ ਇੱਕ ਦੋਸਤ ਜਾ ਰਹੇ ਸਨ। ਦਸ ਵਜੇ ਗੁਰਦੁਆਰੇ ਮੱਥਾ ਟੇਕ ਕੇ ਰਣਜੀਤ ਗਲ਼ੀ ਦੇ ਸਾਰੇ ਘਰਾਂ ਵਿੱਚ ਸਿਆਣੇ ਬਜ਼ੁਰਗਾਂ ਨੂੰ ਮੱਥਾ ਟੇਕ ਕੇ ਅਤੇ ਬੱਚਿਆਂ ਨੂੰ ਪਿਆਰ ਦੇ ਕੇ ਆਇਆ। ਉਸ ਨੂੰ ਤੋਰਨ ਲਈ ਤਕਰੀਬਨ ਸਾਰਾ ਪਿੰਡ ਉਨ੍ਹਾਂ ਦੇ ਗੇਟ ਅੱਗੇ 'ਕੱਠਾ ਹੋਇਆ ਖੜ੍ਹਾ ਸੀ। ਧਰਮ ਕੌਰ ਨੇ ਬਹੁਤ ਹਿੰਮਤ ਨਾਲ਼ ਆਪਣੀਆਂ ਅੱਖਾਂ ਡੱਕੀ ਰੱਖੀਆਂ ਤੇ ਪੁੱਤ ਨੂੰ ਘੁੱਟ ਕੇ ਛਾਤੀ ਨਾਲ਼ ਲਾ ਲਿਆ। ਰਣਜੀਤ ਦਾ ਸਿਰ ਪਲ਼ੋਸ ਕੇ ਮੱਥਾ ਚੁੰਮਦਿਆਂ, ਉਸ ਨੇ ਇਹ ਅਰਦਾਸ ਕੀਤੀ, "ਰੱਬਾ ਮੇਰੇ ਪੁੱਤ ਨੂੰ ਦੁਨੀਆ ਭਰ ਦੀਆਂ ਖ਼ੁਸ਼ੀਆਂ ਬਖ਼ਸ਼ ਦੇਈਂ"। ਪਿੰਡ ਦੀਆਂ ਤੋਰਨ ਆਈਆਂ ਕਈ ਔਰਤਾਂ ਦੀਆਂ ਅੱਖਾਂ ਵੀ ਭਰੀਆਂ ਹੋਈਆਂ ਸਨ। ਸਭ ਨੇ ਰਣਜੀਤ ਨੂੰ ਪਿਆਰ ਦਿੱਤਾ ਤੇ ਮਾਂ ਦਾ ਚੇਤਾ ਰੱਖਣ ਦੀ ਤਾਕੀਦ ਕੀਤੀ। ਪੁੱਠੇ ਹੱਥ ਨਾਲ਼ ਅੱਖਾਂ ਪੂੰਝਦਾ ਰਣਜੀਤ ਕਾਰ ਵਿੱਚ ਜਾ ਬੈਠਿਆ ਅਤੇ ਕਾਰ ਤੁਰ ਪਈ। ਹੌਲ਼ੀ-ਹੌਲ਼ੀ

ਉਸ ਦਾ ਪਿੰਡ ਉਸ ਤੋਂ ਦੂਰ ਹੁੰਦਾ ਗਿਆ। ਨਵੇਂ ਲੋਕ, ਨਵੀਆਂ ਰਾਹਾਂ, ਨਵੇਂ ਪੈਂਡੇ ਉਸ ਨੂੰ ਬੜੀ ਸ਼ਿੱਦਤ ਨਾਲ਼ ਉਡੀਕ ਰਹੇ ਸਨ।

ਸ਼ੁਰੂ ਹੋਏ ਸਫ਼ਰ ਨੇ ਆਖਰ ਮੁੱਕਣਾ ਹੀ ਸੀ। ਜਹਾਜ਼ ਵਿੱਚ ਅਨਾਊਂਸਮੈਂਟ ਹੋਈ ਕਿ ਜਹਾਜ਼ ਅਗਲੇ ਕੁੱਝ ਕੁ ਮਿੰਟਾਂ ਤੱਕ ਵੈਨਕੂਵਰ ਦੇ ਹਵਾਈ-ਅੱਡੇ 'ਤੇ ਲੈਂਡ ਕਰੇਗਾ। ਰਣਜੀਤ ਨੇ ਉੱਠ ਕੇ ਵਾਸ਼ਰੂਮ ਜਾ ਕੇ ਹੱਥ-ਮੂੰਹ ਧੋਤਾ ਅਤੇ ਵਾਲ਼ ਵਾਹੇ-ਸੁਆਰੇ। ਉਹ ਫਿਰ ਬੈਲਟ ਲਾ ਕੇ ਬਹਿ ਗਿਆ। ਜਹਾਜ਼ ਉੱਤਰਨਾ ਸ਼ੁਰੂ ਹੋ ਗਿਆ। ਜਹਾਜ਼ ਦੀ ਖਿੜਕੀ ਰਾਹੀਂ ਉਸ ਨੇ ਦੇਖਿਆ ਕਿ ਉੱਚੀਆਂ ਇਮਾਰਤਾਂ ਦੇ ਸ਼ੀਸ਼ੇ ਲਿਸ਼ਕੋਰਾਂ ਮਾਰ ਰਹੇ ਸਨ ਅਤੇ ਸੜਕਾਂ 'ਤੇ ਜਾਂਦੀਆਂ ਕਾਰਾਂ ਦੀਆਂ ਡਾਰਾਂ ਬਹੁਤ ਹੀ ਸੋਹਣਾ ਦ੍ਰਿਸ਼ ਪੇਸ਼ ਕਰ ਰਹੀਆਂ ਸਨ। ਇਹ ਸਭ ਕੁੱਝ ਦੇਖਦੇ ਰਣਜੀਤ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਸ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਜਹਾਜ਼ੋਂ ਉੱਤਰ ਕੇ ਉਹ ਹਵਾਈ-ਅੱਡੇ ਦੇ ਅੰਦਰੋਂ, ਸਾਰੀਆਂ ਕਾਗ਼ਜ਼ੀ ਕਾਰਵਾਈਆਂ ਪੂਰੀਆਂ ਕਰਨ ਮਗਰੋਂ ਰੇਹੜੀ 'ਤੇ ਸਾਮਾਨ ਰੱਖ ਕੇ ਬਾਹਰ ਵੱਲ ਹੋ ਤੁਰਿਆ। ਲੋਕਾਂ ਦੇ ਮਗਰ-ਮਗਰ ਅੰਦਾਜ਼ੇ ਜਿਹੇ ਨਾਲ਼ ਉਸ ਨੇ ਬਾਹਰਲਾ ਗੇਟ ਲੱਭ ਲਿਆ। ਉਹ ਬਾਹਰ ਲੋਕਾਂ ਦੀ ਭੀੜ ਵਿੱਚੋਂ ਸੋਨੀਆ ਦਾ ਚਿਹਰਾ ਭਾਲਣ ਵਿੱਚ ਰੁੱਝ ਗਿਆ। 'ਗੁੱਝੀ ਰਹੇ ਨਾ ਹੀਰ ਹਜ਼ਾਰ ਵਿੱਚੋਂ....' ਵਾਂਗ ਹੀ ਉਸ ਨੂੰ ਆਪਣੀ ਹੀਰ ਯਾਨੀ ਸੋਨੀਆ, ਲੱਭਣ ਵਿੱਚ ਬਹੁਤੀ ਦੇਰ ਨਾ ਲੱਗੀ। ਉਸ ਦੀ ਨਜ਼ਰ ਸੋਨੀਆ 'ਤੇ ਪੈਂਦੇ ਸਾਰ ਹੀ ਉਸ ਨੂੰ ਸੋਨੀਆ ਦੇ ਮੂੰਹੋਂ ਆਪਣੇ ਨਾਂ ਦੀ ਹਾਕ ਸੁਣਾਈ ਦਿੱਤੀ, "ਰਣਜੀਤ, ਰਣਜੀਤ! "

ਉਹ, ਸੋਨੀਆ ਦੀ ਆਵਾਜ਼ ਵੱਲ ਖਿੱਚਿਆ ਤੁਰਿਆ ਗਿਆ। ਸੋਨੀਆ ਦੌੜ ਕੇ ਉਸ ਨੂੰ ਚੰਬੜ ਗਈ। ਭਾਵੇਂ ਸੋਨੀਆ ਦੀ ਖ਼ੁਸ਼ੀ ਉਸ ਤੋਂ ਸੰਭਾਲ਼ੀ ਨਹੀਂ ਜਾ ਰਹੀ ਸੀ ਪਰ ਰਣਜੀਤ ਦੀਆਂ ਅੱਖਾਂ ਭਰ ਆਈਆਂ ਸਨ। ਸ਼ਾਇਦ ਉਸ ਵੇਲ਼ੇ ਆਪਣੀ ਮਾਂ ਦੀ ਘਾਟ ਮਹਿਸੂਸ ਕਰ ਰਿਹਾ ਸੀ। ਰਣਜੀਤ ਨੇ ਆਲ਼ੇ-ਦੁਆਲ਼ੇ ਦੇਖਿਆ, ਪਰ ਉਸ ਨੂੰ ਉੱਥੇ, ਉਸ ਦੇ ਸੱਸ-ਸਹੁਰੇ ਵਿੱਚੋਂ ਕੋਈ ਵੀ ਦਿਖਾਈ ਨਾ ਦਿੱਤਾ। ਸੋਨੀਆ ਨੇ ਆਪਣੇ ਨਾਲ਼ ਆਈ ਹੋਈ ਇੱਕ ਕੁੜੀ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਹ ਮੇਰੀ ਫ਼ਰੈਂਡ ਐ ਸ਼ੈਲੀ। ਡੈਡੀ ਹੁਰੀਂ ਕੰਮ 'ਤੇ ਗਏ ਸੀ ਤੇ ਮੈਂ ਇਹ ਨੂੰ ਨਾਲ਼ ਲੈ ਆਈ।"

ਰਣਜੀਤ ਨੇ ਸ਼ੈਲੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਸ਼ੈਲੀ ਵੀ ਸੋਨੀਆ ਵਾਂਗ ਤਿੱਖੇ ਨੈਣ-ਨਕਸ਼ਾਂ ਵਾਲੀ ਸੁਨੱਖੀ ਕੁੜੀ ਸੀ। ਫਿਰ ਉਨ੍ਹਾਂ ਨੇ ਸਾਮਾਨ ਲਿਜਾ ਕੇ ਗੱਡੀ ਵਿੱਚ ਰੱਖਿਆ ਤੇ ਗੱਡੀ, ਹਵਾਈ-ਅੱਡੇ ਤੋਂ ਕੱਢ ਕੇ ਸਰੀ ਜਾਣ ਵਾਲ਼ੀਆਂ ਸੜਕਾਂ 'ਤੇ ਦੁੜਾ ਦਿੱਤੀ। ਰਣਜੀਤ ਨੇ ਮੱਧਮ ਜਿਹੀ ਆਵਾਜ਼ ਵਿੱਚ ਪੁੱਛਿਆ, "ਭਲਾ ਰਾਹ ਵਿੱਚ ਕੋਈ ਗੁਰਦੁਆਰਾ ਵੀ ਆਉਂਦੈ? ਮੈਂ ਚਾਹੁਨਾਂ ਮੱਥਾ ਟੇਕ ਕੇ ਜਾਵਾਂ ਘਰ।"

"ਹਾਂ ਬਹੁਤ ਗੁਰਦੁਆਰੇ ਆ। ਚੱਲ ਠੀਕ ਆ ਪਹਿਲਾਂ ਗੁਰਦੁਆਰੇ ਚਲੇ

ਚੱਲਦੇ ਆਂ," ਸੋਨੀਆ ਨੇ ਜੁਆਬ ਦਿੰਦਿਆਂ ਕਿਹਾ ਤੇ ਰਾਹ ਵਿੱਚ ਪੈਂਦੇ ਨਾਨਕਸਰ ਗੁਰਦੁਆਰੇ ਵੱਲ ਗੱਡੀ ਮੋੜ ਲਈ। ਗੁਰਦੁਆਰੇ ਅੰਦਰ ਪੰਜਾਬੀਆਂ ਦੀ ਕਾਫ਼ੀ ਚਹਿਲ-ਪਹਿਲ ਸੀ। ਰਣਜੀਤ ਨੂੰ ਇੱਕ ਪਲ ਲਈ ਵੀ ਇਹ ਮਹਿਸੂਸ ਹੀ ਨਹੀਂ ਹੋਇਆ ਕਿ ਉਹ ਪੰਜਾਬ ਤੋਂ ਬਾਹਰ ਕਿਸੇ ਗੁਰਦੁਆਰੇ ਵਿੱਚ ਹੈ। ਉਸ ਨੇ ਮੱਥਾ ਟੇਕਿਆ ਤੇ ਇੱਕ ਵਾਰ ਫਿਰ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ।

ਇਸ ਤੋਂ ਬਾਅਦ ਗੱਡੀ ਸਰੀ ਵੱਲ ਵਧੀ ਤੇ ਰਣਜੀਤ ਬੜੀ ਜਗਿਆਸਾ ਨਾਲ਼ ਆਲ਼ੇ-ਦੁਆਲ਼ੇ ਦੇਖਦਾ ਰਿਹਾ। ਗੁਰਦੁਆਰੇ ਦੇ ਸਾਹਮਣੇ ਦੂਰ ਤੱਕ ਖੇਤ ਦਿਸਦੇ ਸਨ, ਜਿਨ੍ਹਾਂ ਵਿੱਚ ਛੋਟੇ-ਛੋਟੇ ਬੂਟੇ ਕਤਾਰਾਂ ਵਿੱਚ ਲਾਏ ਹੋਏ ਸਨ। ਅਜੇ ਰਣਜੀਤ ਨੇ ਕੁੱਝ ਪੁੱਛਿਆ ਵੀ ਨਹੀਂ ਸੀ ਕਿ ਸੋਨੀਆ ਬੋਲ ਪਈ, "ਇਹ ਬੇਰੀ ਦੇ ਬੂਟੇ ਨੇ। ਗਰਮੀਆਂ ਨੂੰ ਇਨ੍ਹਾਂ ਖੇਤਾਂ ਵਿੱਚ ਬੇਰੀ ਤੋੜਨ ਵਾਲਿਆਂ ਦੀ ਪੂਰੀ ਰੌਣਕ ਹੁੰਦੀ ਹੈ। ਆਪਣੇ ਬੁੜੇ-ਬੁੜੀਆਂ, ਖ਼ਰਚੇ ਜੋਗੇ ਪੈਸੇ ਬਣਾਉਣ ਲਈ ਬੇਰੀਆਂ ਤੋੜਦੇ ਹੁੰਦੇ ਆ।" ਰਣਜੀਤ ਨੂੰ ਸੋਨੀਆ ਦਾ, ਬਜ਼ੁਰਗਾਂ ਨੂੰ 'ਬੁੜੇ-ਬੁੜੀਆਂ' ਕਹਿਣਾ ਰਤਾ ਚੰਗਾ ਨਾ ਲੱਗਿਆ, ਪਰ ਉਹ ਚੁੱਪ ਰਿਹਾ। ਕਾਰ ਇੱਕ ਵੱਡੀ ਸੜਕ ਤੋਂ ਹੁੰਦੀ ਹੋਈ ਇੱਕ ਬਹੁਤ ਵੱਡੇ ਪੁਲ਼ ਉੱਤੇ ਜਾ ਚੜ੍ਹੀ। ਰਣਜੀਤ ਨੇ ਦੇਖਿਆ ਕਿ ਹੇਠਾਂ ਕੋਈ ਦਰਿਆ ਵਗ ਰਿਹਾ ਸੀ। "ਇਹ ਕੋਈ ਦਰਿਆ ਲੱਗਦੈ," ਰਣਜੀਤ ਨੇ ਕਿਹਾ।

"ਹਾਂ ਜੀ, ਇਹ ਫਰੇਜ਼ਰ ਦਰਿਆ ਐ। ਏਥੋਂ ਥੋੜ੍ਹੀ ਦੂਰ ਜਾ ਕੇ ਇਹ ਸਮੁੰਦਰ 'ਚ ਡਿਗਦੈ। ਇਸ ਦੇ ਕੰਢੇ ਦੀ ਸੈਰ ਵੀ ਕਰਾਵਾਂਗੇ ਤੁਹਾਨੂੰ ਕਿਸੇ ਦਿਨ ਜੀਜੂ," ਇਹ ਜੁਆਬ ਸ਼ੈਲੀ ਦਾ ਸੀ।

"ਸਮੁੰਦਰ ਏਥੋਂ ਕਿੰਨਾ ਕੁ ਦੂਰ ਹੈ ?"

"ਨੇੜੇ ਈ ਐ, ਕਿਸੇ ਦਿਨ ਆਪਾਂ ਵਾਈਟ-ਰੌਕ ਬੀਚ ਤੇ ਚੱਲਾਂਗੇ। ਮੈਂ ਕੰਮ ਤੋਂ ਇੱਕ ਹਫ਼ਤਾ ਆਫ ਲਿਆ ਹੋਇਐ," ਇਸ ਵਾਰ ਸੋਨੀਆ ਨੇ ਜੁਆਬ ਦਿੱਤਾ। ਇਸ ਤਰ੍ਹਾਂ ਗੱਲਾਂ ਕਰਦਿਆਂ ਉਹ ਘਰ ਪਹੁੰਚ ਗਏ। ਹੁਣ ਤੱਕ ਤਾਂ ਸੋਨੀਆ ਆਪਣੇ ਮਾਪਿਆਂ ਦੇ ਨਾਲ਼ ਹੀ ਰਹਿੰਦੀ ਸੀ। ਸੋਨੀਆ ਦੇ ਡੈਡੀ ਨੇ ਪਰਿਵਾਰ ਦੇ ਸਾਈਜ਼ ਨੂੰ ਧਿਆਨ ਵਿੱਚ ਰੱਖਦਿਆਂ ਤਿੰਨ ਕਮਰਿਆਂ ਵਾਲ਼ਾ ਇੱਕ ਟਾਊਨ-ਹਾਊਸ ਖ਼ਰੀਦਿਆ ਹੋਇਆ ਸੀ, ਜੋ ਉਨ੍ਹਾਂ ਤੇਹਾਂ ਜੀਆਂ ਲਈ ਬਹੁਤ ਸੀ। ਗੁਰਦੇਵ ਸਿੰਘ ਸੋਨੀਆ ਨੂੰ ਬਹੁਤ ਜ਼ੋਰ ਲਾਉਂਦਾ ਰਿਹਾ ਕਿ ਰਣਜੀਤ ਦੇ ਆਉਣ ਮਗਰੋਂ ਉਹ ਦੋਵੇਂ ਉਨ੍ਹਾਂ ਨਾਲ਼ ਹੀ ਰਹਿ ਲੈਣ, ਪਰ ਸੋਨੀਆ ਨਾ ਮੰਨੀਂ। ਪ੍ਰਾਈਵੇਸੀ ਦਾ ਸੁਪਨਾ ਲੈ ਕੇ ਜਵਾਨ ਹੋਈ ਸੋਨੀਆ ਨੇ ਇੱਕ ਵੱਡੇ ਘਰ ਦੀ ਬੇਸਮੈਂਟ ਕਿਰਾਏ 'ਤੇ ਲੈ ਲਈ ਸੀ। ਰਣਜੀਤ ਨੂੰ ਉਹ, ਸਿੱਧਾ ਉਸੇ ਹੀ ਬੇਸਮੈਂਟ 'ਚ ਹੀ ਲੈ ਗਈ। ਜਾਂਦਿਆਂ, ਰਣਜੀਤ ਨੇ ਆਪਣੀ ਮਾਂ ਨੂੰ ਫ਼ੋਨ ਕਰਨ ਦੀ ਇੱਛਾ ਜ਼ਾਹਰ ਕੀਤੀ। ਸੋਨੀਆ ਨੇ ਘੜੀ ਦੇਖਦਿਆਂ ਕਿਹਾ,"ਆਹੋ, ਏਥੇ ਸ਼ਾਮ ਦੇ ਛੇ ਵੱਜੇ ਆ, ਇੰਡੀਆ ਸਵੇਰ ਦੇ ਸਾਢੇ ਕੁ ਛੇ ਹੋਏ ਹੋਣੇ। ਮੰਮੀ ਜੀ ਉੱਠ ਹੀ ਗਏ

ਹੋਣੇ ਆਂ। ਮੈਂ ਫ਼ੋਨ ਕਰਦੀ ਆਂ।" ਉਸ ਨੇ ਘਰ ਦੇ ਫ਼ੋਨ ਤੋਂ ਇੰਡੀਆ ਦਾ ਨੰਬਰ ਡਾਇਲ ਕਰ ਕੇ ਫ਼ੋਨ ਰਣਜੀਤ ਨੂੰ ਫੜਾ ਦਿੱਤਾ। ਥੋੜ੍ਹਾ ਚਿਰ ਘੰਟੀ ਵੱਜਣ ਪਿੱਛੋਂ ਧਰਮ ਕੌਰ ਨੇ ਫ਼ੋਨ 'ਤੇ "ਹੈਲੋ" ਕਿਹਾ ਤਾਂ ਰਣਜੀਤ ਨੇ ਜੁਆਬ ਦਿੱਤਾ, "ਹੈਲੋ ਮੰਮੀ, ਮੈਂ ਰਣਜੀਤ ਬੋਲਦਾਂ।"

"ਹਾਂ ਪੁੱਤ ਕਿੱਦਾਂ, ਤੂੰ ਪਹੁੰਚ ਗਿਆਂ?" ਧਰਮ ਕੌਰ ਦੇ ਮੂੰਹੋਂ ਬੱਸ ਏਨਾ ਹੀ ਨਿਕਲਿਆ।

"ਹਾਂ ਜੀ ਮੰਮੀ, ਪਹੁੰਚ ਗਿਆ," ਰਣਜੀਤ ਤੋਂ ਅੱਗੇ ਕੁੱਝ ਨਾ ਕਿਹਾ ਗਿਆ।

"ਤੂੰ ਬੋਲਦਾ ਕਿਉਂ ਨਹੀਂ?" ਇੱਕ ਲੰਮੀ ਚੁੱਪ ਮਗਰੋਂ ਦੂਜੇ ਪਾਸਿਉਂ ਧਰਮ ਕੌਰ ਦੀ ਆਵਾਜ਼ ਸੀ।

"ਬੋਲਦਾਂ। ਮੈਂ ਪਹੁੰਚ ਗਿਆਂ ਠੀਕ-ਠਾਕ। ਤੂੰ ਫ਼ਿਕਰ ਨਾ ਕਰੀਂ ਮੰਮੀ...," ਭਰੇ ਹੋਏ ਗੱਚ ਨਾਲ਼, ਰਣਜੀਤ ਦੇ ਮੂੰਹੋਂ ਇੱਕ ਵਾਰ ਫਿਰ ਇੰਨਾ ਕੁ ਹੀ ਸਰਿਆ। ਉਸ ਨੇ ਪੁੱਠੇ ਹੱਥ ਨਾਲ਼ ਆਪਣੀਆਂ ਅੱਖਾਂ ਪੂੰਝੀਆਂ।

"ਰਣਜੀਤ, ਪੁੱਤ ਤੂੰ ਠੀਕ ਏਂ, ਰਾਹ 'ਚ ਸਭ ਠੀਕ ਸੀ?" ਆਵਾਜ਼ ਧਰਮ ਕੌਰ ਦੀ ਵੀ ਭਰੇ ਗਲ਼ੇ 'ਚੋਂ ਆ ਰਹੀ ਸੀ। ਰਣਜੀਤ ਦੇ ਮੂੰਹੋਂ ਵੀ ਬੱਸ "ਹਮਮ" ਹੀ ਨਿਕਲਿਆ ਤੇ ਉਸ ਦੀਆਂ ਅੱਖਾਂ ਪਰਲ-ਪਰਲ ਵਗ ਤੁਰੀਆਂ। ਕੁੱਝ ਦੇਰ ਦੀ ਖ਼ਾਮੋਸ਼ੀ ਤੋਂ ਬਾਅਦ ਸੋਨੀਆ ਤੇ ਸ਼ੈਲੀ ਨੇ ਦੇਖਿਆ ਕਿ ਫ਼ੋਨ ਚੱਲ ਰਿਹਾ ਹੈ, ਪਰ ਬੋਲਦਾ ਕੋਈ ਨਹੀਂ ਸੀ। ਸ਼ੈਲੀ ਨੇ ਅੱਖਾਂ-ਅੱਖਾਂ ਵਿੱਚ ਹੀ ਸੋਨੀਆ ਨੂੰ ਇਸ਼ਾਰਾ ਕੀਤਾ ਤਾਂ ਸੋਨੀਆ ਨੇ ਰਣਜੀਤ ਕੋਲੋਂ ਫ਼ੋਨ ਫੜ ਕੇ ਆਪਣੇ ਕੰਨ ਨੂੰ ਲਾ ਲਿਆ ਤੇ ਉਹ ਬੋਲੀ, "ਹੈਲੋ ਮੰਮੀ ਜੀ, ਮੈਂ ਸੋਨੀਆ ਬੋਲਦੀ ਆਂ। ਤੁਸੀਂ ਦੋਵੇਂ ਜਣੇ ਤਾਂ ਬੱਚਿਆਂ ਵਾਂਗ ਰੋਣ ਲੱਗ ਪਏ। ਹੈਦਾਂ ਨਾ ਕਰੋ। ਮੈਂ ਆਪ ਜਾ ਕੇ ਇਨ੍ਹਾਂ ਨੂੰ ਏਅਰਪੋਰਟ ਤੋਂ ਲੈ ਕੇ ਆਈ ਆਂ। ਚੰਗੇ-ਭਲੇ ਹੱਸਦੇ-ਖੇਡਦੇ ਆਏ ਆ, ਬੱਸ ਤੁਹਾਡੇ ਨਾਲ਼ ਗੱਲ ਕਰਦਿਆਂ ਪਤਾ ਨਹੀਂ ਕੀ ਹੋ ਗਿਆ। ਦਿਲ ਛੋਟਾ ਨਾ ਕਰੋ, ਅਸੀਂ ਰੋਜ਼ ਫ਼ੋਨ ਕਰ ਲਿਆ ਕਰਨਾ ਤੁਹਾਨੂੰ। ਆਪਣਾ ਖ਼ਿਆਲ ਰੱਖੋ।"

"ਨਹੀਂ ਧੀਏ, ਇਹ ਕਦੇ ਮੇਰੇ ਤੋਂ ਏਨੀ ਦੂਰ ਨਹੀਂ ਗਿਆ, ਐਵੇਂ ਈ ਮਨ ਭਰ ਆਇਆ। ਚਲੋ ਹੌਲ਼ੀ-ਹੌਲ਼ੀ ਗਿੱਝ ਜਾਊ। ਚੰਗਾ ਪੁੱਤ, ਇਹ ਥੱਕਿਆ ਹੋਣਾਂ। ਤੂੰ ਕਰ ਇਹ ਦਾ ਅੱਗਾ-ਤੱਗਾ। ਜੀਂਦੀ ਰਹਿ ਮੇਰੀ ਧੀ, ਚੱਲ ਆਪਾਂ ਫੇਰ ਗੱਲ ਕਰਲਾਂਗੇ।" ਫ਼ੋਨ ਦੂਜੇ ਪਾਸਿਉਂ ਹੀ ਕੱਟਿਆ ਗਿਆ।

ਅਗਲੇ ਦਿਨ ਉਹ, ਸੋਨੀਆ ਦੇ ਮੰਮੀ-ਡੈਡੀ ਨੂੰ ਮਿਲਣ ਉਨ੍ਹਾਂ ਦੇ ਘਰ ਗਏ। ਉੱਥੇ ਇੰਡੀਆ ਦੀਆਂ ਗੱਲਾਂ-ਬਾਤਾਂ ਚੱਲਦੀਆਂ ਰਹੀਆਂ। ਸੋਨੀਆ ਦਾ ਡੈਡੀ ਗੁਰਦੇਵ ਸਿੰਘ, ਰਣਜੀਤ ਨੂੰ ਕੈਨੇਡਾ ਅਤੇ ਇੰਡੀਆ ਦੀ ਤਰਜ਼ਿ-ਜ਼ਿੰਦਗੀ ਵਿਚਲਾ ਫ਼ਰਕ ਸਮਝਾਉਣ ਦੀ ਕੋਸ਼ਿਸ਼ ਕਰਦਾ ਰਿਹਾ। ਰਣਜੀਤ ਨੇ ਵੀ, ਕੈਨੇਡਾ ਦੀ ਜੀਵਨ-ਸ਼ੈਲੀ ਬਾਰੇ ਅਨੇਕਾਂ ਸੁਆਲ ਗੁਰਦੇਵ ਸਿੰਘ ਨੂੰ ਪੁੱਛੇ। ਅਗਲੇ ਦਿਨੀਂ

ਉਹ, ਵੈਨਕੂਵਰ ਦੀਆਂ ਮਸ਼ਹੂਰ ਦਰਸ਼ਨੀ ਥਾਵਾਂ ਸਟੈਨਲੀ ਪਾਰਕ, ਸਸਪੈਨਸ਼ਨ ਬਰਿੱਜ, ਡਾਊਨ-ਟਾਊਨ ਅਤੇ ਕੁੱਝ ਬੀਚਾਂ ਦੇਖਣ ਗਏ। ਵੈਨਕੂਵਰ ਸ਼ਹਿਰ ਦੀ ਖ਼ੂਬਸੂਰਤੀ ਦੇਖ ਕੇ ਰਣਜੀਤ ਹੈਰਾਨ ਰਹਿ ਗਿਆ। ਉਸ ਨੂੰ ਏਦਾਂ ਲੱਗਿਆ ਕਿ ਉਹ ਸੁਪਨਿਆਂ ਦੇ ਦੇਸ਼ ਵਿੱਚ ਆ ਗਿਆ ਹੈ। ਇਹ ਸ਼ਹਿਰ ਰਣਜੀਤ ਨੇ ਫ਼ਿਲਮਾਂ ਵਿੱਚ ਹੀ ਦੇਖਿਆ ਸੀ। ਉੱਚੇ ਪਹਾੜਾਂ ਦੇ ਪੈਰਾਂ ਵਿੱਚ ਵਸਿਆ ਹੋਇਆ ਅੰਤਾਂ ਦਾ ਖ਼ੂਬਸੂਰਤ ਸ਼ਹਿਰ, ਜਿਸ ਤੋਂ ਦੂਜੇ ਪਾਸੇ ਵਿਸ਼ਾਲ ਸਮੁੰਦਰ, ਦੂਰ ਤਕ ਪਾਣੀ ਹੀ ਪਾਣੀ। ਬੀਚਾਂ ਦੇ ਰੂਪ ਵਿੱਚ ਸਮੁੰਦਰ ਨੇ ਜਿਵੇਂ ਆਪਣੀਆਂ ਉਂਗਲਾਂ ਵੈਨਕੂਵਰ ਸ਼ਹਿਰ ਵਿੱਚ  ਫਸਾਈਆਂ ਹੋਈਆਂ ਹੋਣ। ਇੱਥੋਂ ਦਾ ਮੌਸਮ ਵੀ ਕਮਾਲ ਦਾ ਹੈ, ਨਾ ਠੰਢਾ ਨਾ ਗਰਮ। ਹਲਕਾ-ਹਲਕਾ ਮੀਂਹ ਝੱਟ ਹੀ ਪੈਣ ਲੱਗ ਜਾਂਦਾ ਅਤੇ ਝੱਟ ਹੀ ਹਟ ਜਾਂਦਾ। ਇਹ ਧਰਤੀ ਹੁਣ ਉਸ ਦੀ ਕਰਮ ਭੂਮੀ ਹੈ, ਰਣਜੀਤ ਸੋਚ ਰਿਹਾ ਸੀ ਤੇ ਉਸ ਨੂੰ ਰਾਜਕਪੂਰ ਦੀ ਇੱਕ ਫ਼ਿਲਮ ਦਾ ਇਹ ਗੀਤ ਯਾਦ ਆ ਗਿਆ:

***'ਜੀਨਾ ਯਹਾਂ,  ਮਰਨਾ ਯਹਾਂ,***
***ਇਸ ਕੇ ਸਿਵਾ, ਜਾਨਾ ਕਹਾਂ।'***

ਸੋਨੀਆ, ਰਣਜੀਤ ਨੂੰ ਨਵੀਆਂ-ਨਵੀਆਂ ਥਾਵਾਂ ਦਿਖਾਉਂਦਿਆਂ ਹੋਇਆਂ ਵੀ ਕਿਸੇ ਨਾ ਕਿਸੇ ਨਾਲ਼ ਫ਼ੋਨ ਤੇ ਲੱਗੀ ਰਹਿੰਦੀ। ਰਣਜੀਤ ਨੂੰ ਜਾਪਦਾ ਕਿ ਉਹ ਨਾਲ਼ ਤਾਂ ਆਉਂਦੀ ਹੈ, ਪਰ ਇਸ ਸ਼ਹਿਰ ਦੀ ਸੁੰਦਰਤਾ ਨੂੰ ਨਹੀਂ ਮਾਣਦੀ, ਸਗੋਂ ਰਣਜੀਤ ਨੂੰ ਹੀ ਇਹ ਚੀਜ਼ਾਂ ਦਿਖਾਉਣ ਖ਼ਾਤਰ ਹੀ ਆਉਂਦੀ ਹੈ। ਸੋਨੀਆ ਜਦ ਵਿਆਹ ਕਰਾ ਕੇ ਵਾਪਸ ਆਈ ਸੀ ਤਾਂ ਉਸ ਦੇ ਕੰਮ ਵਾਲਿਆਂ ਨੇ ਉਸ ਦੀ ਥਾਂ ਹੋਰ ਕੁੜੀ ਰੱਖ ਲਈ ਸੀ। ਹੁਣ ਸੋਨੀਆ ਇੱਕ ਵਕੀਲ ਦੇ ਆਫ਼ਿਸ ਵਿੱਚ ਰਿਸੈੱਪਸ਼ਨਿਸਟ ਵਜੋਂ ਕੰਮ ਕਰਦੀ ਸੀ। ਉੱਥੇ ਉਸ ਨੂੰ ਤੇਰਾਂ ਡਾਲਰ ਪ੍ਰਤੀ ਘੰਟਾ ਮਿਲਦੇ ਸਨ। ਰਣਜੀਤ ਨੂੰ ਘੁਮਾਉਣ-ਫਿਰਾਉਣ ਲਈ ਲਈਆਂ, ਉਸ ਦੀਆਂ ਇੱਕ ਹਫ਼ਤੇ ਦੀਆਂ ਛੁੱਟੀਆਂ ਖ਼ਤਮ ਹੋ ਗਈਆਂ ਤੇ ਉਹ ਦੁਬਾਰਾ ਕੰਮ 'ਤੇ ਜਾਣ ਲੱਗ ਪਈ।

ਰਣਜੀਤ ਘਰ ਬੈਠਾ ਟੀ. ਵੀ. ਦੇਖਦਾ ਰਹਿੰਦਾ। ਉਸ ਦਾ ਮਾਂ ਨੂੰ ਛੇਤੀ-ਛੇਤੀ ਫ਼ੋਨ ਕਰਨ ਦਾ ਹੌਸਲਾ ਨਾ ਪੈਂਦਾ ਕਿਉਂ ਕਿ ਮਾਂ ਫ਼ੋਨ 'ਤੇ ਇੱਕ ਦੋ ਗੱਲਾਂ ਕਰਨ ਤੋਂ ਬਾਅਦ ਰੋਣ ਲੱਗ ਪੈਂਦੀ ਸੀ। ਇਸ ਦੌਰਾਨ ਰਣਜੀਤ ਸੋਨੀਆ ਨੂੰ ਵਾਰ-ਵਾਰ ਪੁੱਛਦਾ ਰਹਿੰਦਾ ਕਿ ਮਾਂ ਦੇ ਕੈਨੇਡਾ ਆਉਣ ਲਈ ਅਪਲਾਈ ਕਰਨ ਦਾ ਕੀ ਢੰਗ ਹੈ। ਹਰ ਵਾਰ ਸੋਨੀਆ ਦਾ ਇਹੋ ਜੁਆਬ ਹੁੰਦਾ, "ਅਜੇ ਏਨੀ ਜਲਦੀ ਨਹੀਂ ਕਰ ਸਕਦੇ। ਤੁਹਾਡੇ ਕੰਮ ਤੇ ਲੱਗਣ ਤੋਂ ਬਾਅਦ ਤੁਹਾਡੀ ਆਮਦਨ ਦੇ ਹਿਸਾਬ ਨਾਲ਼ ਹੀ ਅਪਲਾਈ ਹੋਣਾ ਹੈ।" ਰਣਜੀਤ ਦਾ ਮਨ ਹੁਣ ਡਰਾਈਵਰ ਲਾਇਸੈਂਸ ਬਣਵਾਉਣ ਲਈ ਕਾਹਲ਼ਾ ਪੈ ਰਿਹਾ ਸੀ। ਇਸ ਵਾਸਤੇ ਉਸ ਨੂੰ ਪਹਿਲਾਂ ਸੋਸ਼ਲ ਇੰਸ਼ੋਰੈਂਸ ਨੰਬਰ ਲੈਣਾ ਪੈਣਾ ਸੀ, ਜਿਸ ਲਈ ਉਹ ਅਤੇ ਸੋਨੀਆ

ਅਪਲਾਈ ਕਰ ਆਏ ਸਨ। ਇਹ ਨੰਬਰ ਦੋ ਕੁ ਹਫ਼ਤਿਆਂ ਵਿੱਚ ਮਿਲਣ ਦੀ ਆਸ ਸੀ।

ਇੱਕ ਦਿਨ ਜਦੋਂ ਰਣਜੀਤ ਘਰ 'ਚ 'ਕੱਲਾ ਸੀ ਤਾਂ ਫ਼ੋਨ ਖੜਕਿਆ। ਰਣਜੀਤ ਨੇ ਰਸੀਵਰ ਚੁੱਕ ਕੇ 'ਹੈਲੋ' ਕਿਹਾ ਤਾਂ ਦੂਜੇ ਪਾਸਿਓਂ ਇੱਕ ਜ਼ਨਾਨਾ ਆਵਾਜ਼ ਆਈ, "ਸਤਿ ਸ੍ਰੀ ਅਕਾਲ ਜੀਜੂ, ਕੀ ਹਾਲ-ਚਾਲ ਏ ਤੁਹਾਡਾ?"

"ਸਤਿ ਸ੍ਰੀ ਅਕਾਲ ਜੀ, ਮੈਂ ਪਛਾਣਿਆਂ ਨਹੀਂ," ਰਣਜੀਤ ਨੇ ਅੰਦਾਜ਼ਾ ਤਾਂ ਲਾ ਲਿਆ ਸੀ ਕਿ ਇਹ ਸ਼ੈਲੀ ਹੈ, ਪਰ ਫਿਰ ਵੀ ਉਸ ਨੇ ਪੁੱਛ ਲਿਆ।

"ਮੈਂ ਸ਼ੈਲੀ ਬੋਲਦੀ ਆਂ। ਮੈਂ ਕਿਹਾ ਜੀਜੂ ਦਾ ਹਾਲ-ਚਾਲ ਹੀ ਪੁੱਛ ਲਈਏ," ਸ਼ੈਲੀ ਨੇ ਟੁਣਕਦੀ ਆਵਾਜ਼ ਵਿੱਚ ਕਿਹਾ।

"ਓ ਸਤਿ ਸ੍ਰੀ ਅਕਾਲ ਸ਼ੈਲੀ ਜੀ, ਕੀ ਹਾਲ-ਚਾਲ ਏ ਤੁਹਾਡਾ?" ਰਣਜੀਤ ਨੇ ਹੈਰਾਨ ਹੋਣ ਵਾਂਗ ਪੁੱਛਿਆ।

"ਬੱਸ ਠੀਕ ਹੈ ਜੀਜੂ, ਏਦਾਂ ਕਰੋ ਕੱਪੜੇ-ਕੁਪੜੇ ਪਾ ਲਉ, ਮੈਂ ਤੁਹਾਨੂੰ ਕਿਤੇ ਘੁਮਾ-ਫਿਰਾ ਲਿਆਉਨੀ ਆਂ," ਸ਼ੈਲੀ ਦੇ ਕਹਿਣ ਵਿੱਚ ਸ਼ਰਾਰਤ ਦੀ ਪੁੱਠ ਸੀ।

"ਨਹੀਂ ਸ਼ੈਲੀ ਜੀ, ਬਥੇਰਾ ਘੁੰਮ ਲਿਆ। ਹੁਣ ਤਾਂ ਬੱਸ ਆਹ ਲਾਇਸੈਂਸ ਮਿਲ ਜਾਵੇ, ਫਿਰ ਕਿਤੇ ਕੰਮ-ਕੁੰਮ ਲੱਭੀਏ। ਮੰਮੀ ਦਾ ਵੀ ਅਪਲਾਈ ਕਰਨੈ।" ਰਣਜੀਤ ਨੇ ਜੁਆਬ ਦਿੱਤਾ।

"ਫ਼ਿਕਰ ਨਾ ਕਰੋ ਜੀਜੂ। ਸੋਨੀਆ ਨੇ ਹੀ ਮੈਨੂੰ ਕਿਹਾ ਸੀ ਕਿ ਰਣਜੀਤ ਘਰ ਬੋਰ ਹੁੰਦਾ ਹੋਣਾ, ਉਸ ਦਾ ਥੋੜ੍ਹਾ ਜਿਹਾ ਜੀਅ ਲਾ ਦੇ। ਚਲੋ, ਮੈਂ ਆਉਣ ਲੱਗੀ ਆਂ ਤੁਹਾਡੇ ਕੋਲ," ਇਹ ਕਹਿ ਕੇ ਸ਼ੈਲੀ ਨੇ ਫ਼ੋਨ ਕੱਟ ਦਿੱਤਾ, ਜੋ ਰਣਜੀਤ ਨੂੰ ਮੂਲ਼ੋਂ ਹੀ ਚੰਗਾ ਨਾ ਲੱਗਿਆ। ਉਸ ਨੇ ਉੱਠ ਕੇ ਹੱਥ-ਮੂੰਹ ਧੋਤਾ ਅਤੇ ਆਲ਼ੇ-ਦੁਆਲੇ ਖਿੱਲਰੀਆਂ ਚੀਜ਼ਾਂ ਥਾਂ ਸਿਰ ਟਿਕਾ ਕੇ ਫਿਰ ਬੈਠ ਗਿਆ। ਵੀਹ ਕੁ ਮਿੰਟ ਬਾਅਦ ਸ਼ੈਲੀ ਆ ਗਈ। ਉਹ ਪੂਰੀ ਤਰ੍ਹਾਂ ਬਣ-ਠਣ ਕੇ ਆਈ ਸੀ। ਟਾਈਟ ਜੀਨ ਨਾਲ਼ ਉਨਾਭੀ ਰੰਗ ਦਾ ਟੌਪ ਪਾਇਆ ਹੋਇਆ ਸੀ। ਉਸ ਦੇ ਵਾਲ਼ ਸ਼ੋਲਡਰ ਕੱਟ ਕਰਾਏ ਹੋਏ ਸਨ। ਉਸ ਨੇ ਆਉਂਦਿਆਂ ਹੀ ਰਣਜੀਤ ਨੂੰ ਤਿਆਰ ਹੋਣ ਲਈ ਜ਼ੋਰ ਪਾਇਆ, ਪਰ ਰਣਜੀਤ ਨਾ ਮੰਨਿਆ ਅਤੇ ਉਸ ਨੇ ਉੱਠ ਕੇ ਗੈਸ 'ਤੇ ਚਾਹ ਰੱਖ ਦਿੱਤੀ।

"ਜੀਜੂ! ਤੁਸੀਂ ਤਾਂ ਮੇਰਾ ਸਾਰਾ ਈ ਪ੍ਰੋਗਰਾਮ ਖ਼ਰਾਬ ਕਰ ਦਿੱਤਾ। ਚਾਹ ਤਾਂ ਮੈਂ ਤੁਹਾਨੂੰ ਬਾਹਰ ਪਿਲਾਉਣੀ ਸੀ। ਕੀ ਕਰਦੇ ਰਹਿੰਦੇ ਹੋ ਸਾਰੀ ਦਿਹਾੜੀ ਘਰ? ਘਰੋਂ ਬਾਹਰ ਨਿਕਲ਼ੋ, ਸੋਹਣੀ-ਸੁਨੱਖੀ ਸਾਲ਼ੀ ਤੁਹਾਨੂੰ ਨਾਲ਼ ਲਿਜਾਣ ਲਈ ਆਈ ਏ। ਮੌਕੇ ਦਾ ਕੁੱਝ ਤਾਂ ਫ਼ਾਇਦਾ ਉਠਾਓ," ਕਹਿੰਦਿਆਂ ਹੋਇਆਂ ਸ਼ੈਲੀ ਹੱਸਦੇ-ਹੱਸਦੇ, ਰਣਜੀਤ ਦੇ ਬਹੁਤੀ ਹੀ ਨੇੜੇ ਆ ਗਈ ਸੀ।

"ਸ਼ੈਲੀ ਮੈਨੂੰ ਬਾਹਰ ਘੁੰਮਣ-ਫਿਰਨ ਦਾ ਬਹੁਤਾ ਸ਼ੌਕ ਨਹੀਂ। ਬੱਸ ਆਹ ਘਰ ਬਹਿ ਕੇ ਫ਼ਿਲਮ ਵਗ਼ੈਰਾ ਦੇਖ ਲੈਨਾਂ ਹੁੰਨਾਂ ਜਾਂ ਫਿਰ ਉਹ ਲਾਇਸੈਂਸ ਵਾਲ਼ੀ ਕਿਤਾਬ ਪੜ੍ਹ ਲਈਦੀ ਆ" ਸ਼ੈਲੀ ਤੋਂ ਪਰ੍ਹਾਂ ਹੁੰਦਿਆਂ, ਚਾਹ ਲਈ ਕੱਪ ਰੱਖ ਕੇ ਰਣਜੀਤ ਨੇ ਕਿਹਾ।

"ਜੀਜੂ ਤੁਸੀਂ ਵੀ ਭੋਲੂ ਰਾਮ ਈ ਓ। ਘਰ ਬਹਿ ਕੇ ਫ਼ਿਲਮਾਂ ਦੇਖਦੇ ਰਹਿੰਨੇ ਓ। ਹੱਦ ਹੋ ਗਈ, ਚਲੋ ਤੁਹਾਨੂੰ ਕਿਤੇ ਬਾਹਰ ਫ਼ਿਲਮ ਦਿਖਾ ਕੇ ਲਿਆਵਾਂ," ਸ਼ੈਲੀ ਨੇ ਫੇਰ ਜ਼ਿੱਦ ਕੀਤੀ।

"ਨਹੀਂ ਸ਼ੈਲੀ ਥੈਂਕਸ" ਰਣਜੀਤ ਨੇ ਚਾਹ ਦਾ ਕੱਪ ਸ਼ੈਲੀ ਨੂੰ ਫੜਾਉਂਦਿਆਂ ਕਿਹਾ। ਫਿਰ ਉਹ ਸੋਫ਼ੇ ਤੇ ਬੈਠ ਕੇ ਚਾਹ ਪੀਣ ਲੱਗ ਪਏ। ਰਣਜੀਤ ਨੂੰ ਕੋਈ ਗੱਲ ਨਹੀਂ ਸੁੱਝ ਰਹੀ ਸੀ। ਰਣਜੀਤ ਦੀ ਸੰਗ ਤਾੜਦਿਆਂ ਸ਼ੈਲੀ ਨੇ ਪਹਿਲ ਕੀਤੀ ਤੇ ਉਹ ਰਣਜੀਤ ਨਾਲ਼ ਘਸਰ ਕੇ ਬੈਠਦੀ ਹੋਈ ਕਹਿਣ ਲੱਗੀ, "ਹੋਰ ਜੀਜੂ, ਇੰਡੀਆ ਦੀ ਕੋਈ ਗੱਲਬਾਤ ਸੁਣਾਓ। ਤੁਸੀਂ ਤਾਂ ਐਨ ਹੀਰੋ ਲੱਗਦੇ ਓ। ਸੱਚ ਦੱਸਿਓ, ਉੱਥੇ ਤੁਹਾਡੀਆਂ ਕਿੰਨੀਆਂ ਕੁ ਗਰਲ-ਫਰਿੰਡਾਂ ਸੀਗੀਆਂ?"

ਸ਼ੈਲੀ ਤੋਂ ਥੋੜ੍ਹਾ ਪਰ੍ਹਾਂ ਹੁੰਦਿਆਂ ਰਣਜੀਤ ਕਹਿਣ ਲੱਗਿਆ,"ਕਿੰਨੀਆਂ ਗਰਲ-ਫਰਿੰਡਾਂ ਤੋਂ ਕੀ ਮਤਲਬ? ਸ਼ੈਲੀ ਮੈਂ ਇਹੋ ਜਿਹੇ ਸਬੰਧਾਂ 'ਚ ਵਿਸ਼ਵਾਸ ਨਹੀਂ ਰੱਖਦਾ, ਜੋ ਅੱਖ ਦੇ ਫੋਰ ਵਿੱਚ ਬਣ ਜਾਣ ਅਤੇ ਅੱਖ ਝਪਕਦਿਆਂ ਹੀ ਟੁੱਟ ਜਾਣ। ਜੇ ਰਿਸ਼ਤਾ ਬਣਾਉਣਾ ਹੈ ਤਾਂ ਦਿਲੋਂ ਬਣਾਓ, ਨਹੀਂ ਤਾਂ ਨਾ ਬਣਾਓ, ਪਰ ਜੇ ਬਣਾਇਐ ਤਾਂ ਉਸ ਨੂੰ ਦਿਲੋਂ ਨਿਭਾਉ।"

"ਫਿਰ ਉੱਥੇ ਦਿਲੋਂ ਕੋਈ ਰਿਸ਼ਤਾ ਨਹੀਂ ਬਣਿਆ? ਦੱਸੋ ਨਾ ਜੀਜੂ। ਚਲੋ, ਮੈਂ ਸੋਨੀਆ ਨੂੰ ਨਹੀਂ ਦੱਸਦੀ," ਸ਼ੈਲੀ ਨੇ ਚਲਾਕੀ ਵਰਤਦਿਆਂ ਕਿਹਾ।

"ਨਹੀਂ ਬਣਿਆਂ, ਜੇ ਬਣਿਆ ਹੁੰਦਾ ਤਾਂ ਮੈਂ ਹੀ ਸਭ ਤੋਂ ਪਹਿਲਾਂ ਸੋਨੀਆ ਨੂੰ ਈ ਦੱਸ ਦੇਣਾ ਸੀ," ਰਣਜੀਤ ਨੇ ਥੋੜ੍ਹਾ ਮੁਸਕਰਾ ਕੇ ਕਿਹਾ।

"ਜੀਜੂ, ਸੱਚ ਇੱਕ ਹੋਰ ਗੱਲ, ਅੱਜ ਰਾਤੀਂ ਇੱਕ ਪਾਕਿਸਤਾਨੀ ਸਿੰਗਰ ਦਾ ਕਲਾਸੀਕਲ ਗਾਇਕੀ ਦਾ ਪ੍ਰੋਗਰਾਮ ਹੈ। ਜੇ ਦੇਖਣ ਜਾਣਾ ਤਾਂ ਮੈਂ ਆਪਣੇ ਲਈ ਤਿੰਨਾਂ ਲਈ ਟਿਕਟਾਂ ਲੈ ਲਵਾਂ?" ਸ਼ੈਲੀ ਨੇ ਸੁਲ੍ਹਾ ਮਾਰੀ।

"ਸ਼ੈਲੀ, ਕਲਾਸੀਕਲ ਸੰਗੀਤ ਸੁਣਨ ਦੀ ਚੀਜ਼ ਹੈ ਦੇਖਣ ਦੀ ਨਹੀਂ। ਸਗੋਂ ਇਹ ਸੰਗੀਤ ਤਾਂ ਲੋਕ ਅੱਖਾਂ ਬੰਦ ਕਰ ਕੇ ਸੁਣਦੇ ਨੇ," ਰਣਜੀਤ ਨੇ ਸੰਜੀਦਗੀ ਨਾਲ਼ ਕਿਹਾ। ਇਹ ਸੁਣ ਕੇ ਸ਼ੈਲੀ ਚੁੱਪ ਜਿਹੀ ਕਰ ਗਈ। ਉਹ, ਇਹ ਵੀ ਸਮਝ ਗਈ ਸੀ ਕਿ ਰਣਜੀਤ ਨੂੰ ਹੱਥ ਪਾਉਣਾ ਇੰਨਾ ਸੌਖਾ ਨਹੀਂ ਹੈ। ਚਾਹ ਮੁਕਾ ਕੇ ਉੱਠਦਿਆਂ ਸ਼ੈਲੀ ਨੇ ਰਤਾ ਕੁ ਮੁਸਕਰਾ ਕੇ ਕਿਹਾ, "ਅੱਛਾ ਜੀਜੂ ਮੈਂ ਤਾਂ ਚੱਲਦੀ ਹਾਂ। ਮੈਂ ਤਾਂ ਸੋਚਿਆ ਸੀ ਕਿ ਜੀਜੂ ਘਰ ਵਿਹਲਾ ਏ, ਥੋੜ੍ਹਾ ਫੰਨ-ਸ਼ੰਨ ਕਰਦੇ ਹਾਂ, ਪਰ ਸੌਰੀ ਟੂ ਸੇ, ਜੀਜੂ ਤਾਂ ਖ਼ੁਸ਼ਕ ਹੀ ਨਿੱਕਲ਼ਿਆ। ਨਹੀਂ ਤਾਂ ਏਨੀ ਸੋਹਣੀ ਸਾਲ਼ੀ ਦੇਖ ਕੇ ਜੀਜਿਆਂ ਦੀਆਂ ਤਾਂ ਲਾਲ਼ਾਂ ਵਗਣ ਲੱਗ ਪੈਂਦੀਆਂ।"

ਰਣਜੀਤ ਜੁਆਬ ਦੇਣ ਦੀ ਥਾਂ ਮੁਸਕਰਾਉਂਦਾ ਹੀ ਰਿਹਾ। ਸ਼ੈਲੀ 'ਬਾਏ-ਬਾਏ' ਆਖ ਕੇ ਚਲੇ ਗਈ। ਰਣਜੀਤ ਹੈਰਾਨ ਸੀ ਕਿ ਸ਼ੈਲੀ ਕਿਵੇਂ ਵਾਰ-ਵਾਰ ਆਪਣੇ-ਆਪ ਨੂੰ, ਆਪ ਹੀ ਸੋਹਣੀ ਕਹੀ ਜਾ ਰਹੀ ਸੀ। ਉਸ ਨੇ ਸ਼ੈਲੀ ਦੀਆਂ ਅੱਖਾਂ ਵਿੱਚ ਤਰਦੇ ਗ਼ੁਲਾਬੀ ਡੋਰੇ ਸਾਫ਼ ਤਾੜ ਲਏ ਸੀ ਤੇ ਉਸ ਦੇ ਚਲੀ ਜਾਣ ਦਾ ਮਨੋਂ-ਮਨੀਂ ਸੌ ਸ਼ੁਕਰ ਮਨਾਇਆ। ਸੋਨੀਆ ਦੀ ਇਹ ਕਿਹੋ ਜਿਹੀ ਸਹੇਲੀ ਹੈ, ਉਹ ਸੋਚ ਰਿਹਾ ਸੀ। ਉਹ ਸੋਨੀਆ 'ਤੇ ਵੀ ਹੈਰਾਨ ਸੀ ਕਿ ਉਸ ਨੇ ਕਿਵੇਂ ਉਸ ਨੂੰ ਆਪਣੇ ਪਤੀ ਦਾ ਜੀਅ ਲਾਉਣ ਲਈ ਭੇਜ ਦਿੱਤਾ। ਉਸ ਰਾਤ, ਜਦੋਂ ਉਸ ਨੇ ਸੋਨੀਆ ਨੂੰ ਸ਼ੈਲੀ ਦੇ ਆਉਣ ਬਾਰੇ ਦੱਸਿਆ ਤਾਂ ਸੋਨੀਆ ਨੇ ਇਸ ਵਿੱਚ ਕੋਈ ਹੈਰਾਨੀ ਨਾ ਜਤਾਈ। ਉਹ ਤਾਂ ਸਗੋਂ ਰਣਜੀਤ ਨੂੰ ਸਮਝਾਉਂਦਿਆਂ ਕਹਿਣ ਲੱਗੀ, "ਰਣਜੀਤ ਇਹ ਕੈਨੇਡਾ ਏ। ਇੱਥੇ ਇੰਡੀਆ ਵਾਲੀ ਦਕਿਆਨੂਸੀ ਸੋਚ ਨਹੀਂ ਰੱਖੀਦੀ। ਉਹ ਤਾਂ ਅੱਜ ਸ਼ੈਲੀ ਨੂੰ ਛੁੱਟੀ ਸੀ ਤੇ ਉਸ ਨੇ ਮੈਨੂੰ ਫ਼ੋਨ ਕਰ ਕੇ ਪੁੱਛਿਆ ਸੀ ਪਈ, 'ਮੈਂ ਅੱਜ ਕੰਮ ਤੋਂ ਆੱਫ ਹਾਂ, ਜੇ ਕਹੇਂ ਤਾਂ ਜੀਜੂ ਨੂੰ ਘੁਮਾ-ਫਿਰਾ ਦਿੰਨੀ।' ਮੈਂ ਸੋਚਿਆ ਤੁਸੀਂ ਘਰ ਇਕੱਲੇ ਬੋਰ ਹੁੰਦੇ ਹੋਵੋਂਗੇ। ਇਸ ਲਈ ਮੈਂ ਉਸ ਨੂੰ 'ਓ ਕੇ' ਕਹਿ ਦਿੱਤਾ। ਬਾਕੀ ਜੋ ਤੁਸੀਂ ਦੱਸਦੇ ਓ, ਉਹ ਤਾਂ ਸਾਲ਼ੀਆਂ ਮਖ਼ੌਲ-ਮਖ਼ੌਲ ਵਿੱਚ ਅਕਸਰ ਆਪਣੇ ਜੀਜਿਆਂ ਨਾਲ਼ ਕਰ ਲੈਂਦੀਆਂ ਨੇ। ਮੈਂ ਉਸ ਦੇ ਹਸਬੈਂਡ ਸੱਤੀ ਨਾਲ਼ ਅਕਸਰ ਹੀ ਇਹੋ ਜਿਹੇ ਮਖ਼ੌਲ ਕਰ ਲੈਂਦੀ ਹੁੰਦੀ ਸੀ। ਉਹ ਤਾਂ ਹੁਣ ਇਨ੍ਹਾਂ ਦੀ ਸੈਪਰੇਸ਼ਨ ਹੋ ਗਈ, ਨਹੀਂ ਤਾਂ ਸੱਤੀ ਤਾਂ ਮੈਨੂੰ ਕਈ ਵਾਰ ਫ਼ੋਨ ਵੀ ਕਰ ਲੈਂਦਾ ਹੁੰਦਾ ਸੀ। ਇਹ ਕੋਈ ਬਹੁਤੀਆਂ ਵੱਡੀਆਂ ਗੱਲਾਂ ਨਹੀਂ।"

ਸੋਨੀਆ ਦੇ ਇਸ ਜੁਆਬ ਨੇ ਰਣਜੀਤ ਨੂੰ ਹੋਰ ਵੀ ਹੈਰਾਨ ਕਰ ਸੁੱਟਿਆ। ਕੀ ਤਹਿਜ਼ੀਬ ਦੇ ਦਾਇਰੇ ਵਿੱਚ ਰਹਿ ਕੇ ਗੱਲ ਕਰਨਾ ਦਕਿਆਨੂਸੀ ਸੋਚ ਹੈ? ਰਣਜੀਤ ਨੂੰ ਪੂਰਾ ਯਕੀਨ ਸੀ ਕਿ ਜੇ ਉਹ ਥੋੜ੍ਹੀ ਜਿਹੀ ਵੀ ਢਿੱਲ ਦਿੰਦਾ ਤਾਂ ਸ਼ੈਲੀ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ-ਬਰ-ਤਿਆਰ ਸੀ। ਕੀ ਸੋਨੀਆ ਵੀ ਸੱਤੀ ਨਾਲ਼ ਇਸੇ ਹੀ ਤਰ੍ਹਾਂ ਦਾ ਮਖ਼ੌਲ ਕਰਦੀ ਹੋਵੇਗੀ? ਉਹ ਕਿਸ ਤਰ੍ਹਾਂ ਦੇ ਸਮਾਜ ਵਿੱਚ ਆ ਗਿਆ ਹੈ, ਉਸ ਨੂੰ ਸਮਝ ਨਹੀਂ ਆ ਰਹੀ ਸੀ।

"ਇਹ ਤੀਵੀਂ-ਆਦਮੀ, ਇੱਕ ਦੂਜੇ ਨਾਲੋਂ ਵੱਖ ਕਿਉਂ ਰਹਿੰਦੇ ਹਨ? ਕੀ ਪੰਗਾ ਪੈ ਗਿਆ ਇਨ੍ਹਾਂ ਦਾ?" ਰਣਜੀਤ ਨੇ ਪੁੱਛਿਆ।

"ਜਿੱਥੋਂ ਤੱਕ ਮੈਨੂੰ ਪਤਾ, ਸੱਤੀ ਨੂੰ ਸ਼ੱਕ ਜਿਹਾ ਪੈ ਗਿਆ ਸੀ ਕਿ ਸ਼ੈਲੀ ਦਾ ਆਪਣੇ ਬਾੱਸ ਨਾਲ ਅਫੇਅਰ ਹੈ। ਉਸ ਨੇ ਅਸਲ ਵਿੱਚ ਸ਼ੈਲੀ ਦੇ ਫੋਨ ਤੋਂ, ਉਸ ਦੇ ਬਾਸ ਦੇ ਕੁੱਝ ਮੈਸੇਜ ਪੜ੍ਹ ਲਏ ਸੀ। ਸ਼ੈਲੀ ਦੇ ਬਾਸ ਨੇ ਸ਼ੈਲੀ ਨੂੰ ਕੋਈ ਨਾਨ-ਵੈੱਜ ਚੁਟਕਲਾ ਭੇਜਿਆ ਹੋਇਆ ਸੀ। ਬੱਸ ਇਸ ਤੋਂ ਹੀ ਸੱਤੀ ਭੜਕ ਪਿਆ। ਅੱਗੋਂ ਸ਼ੈਲੀ ਵੀ ਕੜਕ ਸੁਭਾਅ ਦੀ ਏ। ਉਹ ਆਪਣਾ ਸਮਾਨ ਚੁੱਕ ਕੇ ਤੁਰ ਆਈ," ਸੋਨੀਆ ਨੇ ਜੁਆਬ ਦਿੱਤਾ।

"ਪਰ ਤੇਰੀ ਤਾਂ ਉਹ ਸਹੇਲੀ ਏ, ਸੋਨੀਆ। ਤੈਨੂੰ ਤਾਂ ਦੱਸਦੀ ਹੋਊ ਕਿ

ਸੱਚੀਂ ਹੀ ਉਸ ਦਾ ਆਪਣੇ ਬਾਸ ਨਾਲ ਚੱਕਰ ਹੈ ਜਾਂ ਨਹੀਂ?" ਰਣਜੀਤ ਨੇ ਸੋਨੀਆ ਦੇ ਚਿਹਰੇ ਵੱਲ ਗੌਰ ਨਾਲ ਦੇਖਦਿਆਂ ਪੁੱਛਿਆ।

"ਰਣਜੀਤ, ਮੈਂ ਕਿਸੇ ਨੂੰ ਪਰਸਨਲ ਸੁਆਲ ਨਹੀਂ ਕਰਦੀ ਹੁੰਦੀ। ਓਦਾਂ ਇਹੋ ਜਿਹੇ ਚੁਟਕਲੇ ਲੋਕ ਆਮ ਹੀ ਇੱਕ-ਦੂਜੇ ਨੂੰ ਭੇਜ ਦਿੰਦੇ ਆ। ਇੱਕ ਥਾਂ ਕੰਮ ਕਰਨ ਵਾਲੇ ਮੁੰਡੇ-ਕੁੜੀਆਂ, ਇੱਕ-ਦੂਜੇ ਨਾਲ ਇਹੋ-ਜਿਹੇ ਮਜ਼ਾਕ ਕਰ ਹੀ ਲੈਂਦੇ ਨੇ। ਏਥੇ ਸਭ ਚੱਲਦੈ। ਬਾਕੀ ਜੇ ਸ਼ੈਲੀ ਦਾ ਕੁੱਝ ਹੈ ਵੀ ਤਾਂ ਮੈਨੂੰ ਨਹੀਂ ਪਤਾ। ਨਾ ਆਪਾਂ ਕਦੇ ਪੁੱਛਿਐ ਤੇ ਨਾ ਉਨ੍ਹੇਂ ਦੱਸਿਐ। ਏਥੇ ਹਰ ਬੰਦੇ ਨੂੰ ਅਜ਼ਾਦੀ ਆ, ਅਗਲਾ ਜੋ ਮਰਜ਼ੀ ਕਰੇ," ਸੋਨੀਆ ਨੇ ਗੱਲ ਮੁਕਾਈ।

ਰਣਜੀਤ ਸਮਝ ਸਕਦਾ ਸੀ ਕਿ ਸੱਚਾਈ ਕੁੱਝ ਹੋਰ ਹੈ ਕਿਉਂ ਕਿ ਇਹ ਨਹੀਂ ਹੋ ਸਕਦਾ ਸੀ ਕਿ ਸੋਨੀਆ ਨੂੰ ਆਪਣੀ ਸਹੇਲੀ ਬਾਰੇ ਪੱਕਾ ਪਤਾ ਨਾ ਹੋਵੇ। ਰਣਜੀਤ ਨੂੰ ਲੱਗਿਆ ਕਿ ਸੋਨੀਆ ਸ਼ੈਲੀ ਨਾਲ਼ ਦੋਸਤੀ ਨਿਭਾ ਰਹੀ ਏ ਤੇ ਉਸ ਦੇ ਕਾਰਿਆਂ ਉੱਤੇ ਪਰਦੇ ਪਾ ਰਹੀ ਏ।

ਰਣਜੀਤ ਨੂੰ ਕੈਨੇਡਾ ਆਏ ਨੂੰ ਇੱਕ ਸਾਲ ਹੋ ਗਿਆ ਸੀ। ਕਾਰ ਦਾ ਡਰਾਈਵਿੰਗ ਲਾਇਸੈਂਸ ਲੈਣ ਤੋਂ ਬਾਅਦ ਉਸ ਨੂੰ ਇੱਕ ਫ਼ਰਨੀਚਰ ਸਟੋਰ 'ਤੇ, ਫ਼ਰਨੀਚਰ ਡਿਲਿੱਵਰ ਕਰਨ ਲਈ, ਛੋਟਾ ਟਰੱਕ ਚਲਾਉਣ ਦਾ ਕੰਮ ਲੱਭ ਪਿਆ। ਰਣਜੀਤ ਲਈ ਇਹ ਕੰਮ ਕਾਫ਼ੀ ਭਾਰਾ ਸੀ ਕਿਉਂ ਕਿ ਉਹ ਤਾਂ ਲਾਡਾਂ-ਪਿਆਰਾਂ ਨਾਲ਼ ਪਲ਼ ਕੇ ਜੁਆਨ ਹੋਇਆ ਸੀ। ਇਹ ਕੰਮ ਕਰਦਿਆਂ ਕਈ ਵਾਰ ਉਸ ਦੀਆਂ ਅੱਖਾਂ ਭਰ ਆਉਂਦੀਆਂ। ਸਾਮਾਨ ਚੁੱਕ-ਚੁੱਕ ਕੇ ਟਰੱਕ ਵਿੱਚ ਲੱਦਦਿਆਂ ਤੇ ਲਾਹੁੰਦਿਆਂ ਉਸ ਦੇ ਮੋਢਿਆਂ ਉੱਤੇ ਕੰਨ੍ਹੇ ਜਿਹੇ ਪੈ ਗਏ ਸਨ। ਹੱਥਾਂ ਉੱਤੇ ਪਏ ਹੋਏ ਛਾਲੇ ਹੁਣ ਰੱਟਣਾਂ ਦਾ ਰੂਪ ਧਾਰ ਗਏ। ਉਸ ਦਾ ਆਪਣਾ ਭਾਰ ਸੱਤਰ ਕਿੱਲੋ ਤੋਂ ਘਟ ਕੇ ਸੱਠ 'ਤੇ ਆ ਗਿਆ। ਹਾਈਵੇ ਟਰੱਕ ਚਲਾਉਣ ਵਾਲ਼ੇ ਇੱਕ-ਦੋ ਬੰਦੇ, ਜੋ ਰਣਜੀਤ ਦੇ ਜਾਣੂ ਸਨ, ਉਸ ਨੂੰ ਦੱਸਦੇ ਕਿ ਵੱਡਾ ਟਰੱਕ ਚਲਾ ਕੇ ਸੋਹਣੀ ਕਮਾਈ ਹੋ ਜਾਂਦੀ ਹੈ। ਉਹ ਇਹ ਵੀ ਦੱਸਦੇ ਸਨ ਕਿ ਕਾਰ ਦਾ ਲਾਇਸੈਂਸ ਲੈਣ ਤੋਂ ਤਿੰਨ ਸਾਲ ਬਾਅਦ ਹੀ ਟਰੱਕ ਦਾ ਲਾਇਸੈਂਸ ਲਿਆ ਜਾ ਸਕਦਾ ਹੈ। ਇਸੇ ਲਈ ਰਣਜੀਤ, ਚੁੱਪ-ਚਾਪ ਫ਼ਰਨੀਚਰ ਢੋਣ ਦਾ ਕੰਮ ਕਰਦਾ ਰਿਹਾ। ਸੋਨੀਆ ਗਰਭਵਤੀ ਹੋਈ ਤਾਂ ਰਣਜੀਤ ਨੂੰ ਚਾਅ ਚੜ੍ਹ ਗਿਆ। ਧਰਮ ਕੌਰ ਨੂੰ ਪਤਾ ਲੱਗਿਆ ਤਾਂ ਉਹ ਵੀ ਬਾਹਲ਼ੀ ਹੀ ਖ਼ੁਸ਼ ਹੋਈ। ਉਸ ਨੇ ਰਣਜੀਤ ਨੂੰ ਸੋਨੀਆ ਦਾ ਖ਼ਿਆਲ ਰੱਖਣ ਦੀ ਤਾਕੀਦ ਕੀਤੀ। ਪਹਿਲੇ ਸਾਲ ਦੀ ਕਮਾਈ ਦਾ ਟੈਕਸ ਭਰ ਕੇ ਰਣਜੀਤ ਨੇ ਮਾਂ ਦੇ ਕੈਨੇਡਾ ਆਉਣ ਲਈ ਪੇਪਰ ਭਰ ਦਿੱਤੇ। ਧਰਮ ਕੌਰ ਦੀ ਡਾਕਟਰੀ ਹੋ ਗਈ ਅਤੇ ਉਧਰੋਂ ਸੋਨੀਆ ਦੇ ਪੁੱਤਰ ਜੰਮਣ ਦੀ ਖ਼ਬਰ ਆ ਗਈ। ਧਰਮ ਕੌਰ ਨੇ ਸਾਰੇ ਪਿੰਡ ਵਿੱਚ ਲੱਡੂ ਵੰਡੇ, ਲਾਗੀਆਂ ਨੂੰ ਲਾਗ ਦਿੱਤਾ। ਗੁਰਦੁਆਰਿਆਂ ਵਿੱਚ ਸੁੱਖਣਾਂ ਲਾਹੀਆਂ। ਉਸ ਦੇ ਪੈਰ ਧਰਤੀ 'ਤੇ ਨਹੀਂ ਲੱਗ ਰਹੇ ਸਨ। ਉਸ ਨੇ ਗੁਰਦੁਆਰੇ ਤੋਂ ਮੁੰਡੇ ਦਾ ਨਾਂ ਰੱਖਣ ਲਈ ਅੱਖਰ ਕਢਾਇਆ

ਤੇ ਕਾਕੇ ਦਾ ਨਾਮ ਸੁਖਰਾਜ ਰੱਖ ਦਿੱਤਾ ਗਿਆ।

ਉੱਧਰ ਸੁਖਰਾਜ ਦੋ ਮਹੀਨੇ ਦਾ ਹੋਇਆ ਤਾਂ ਇੱਧਰ ਧਰਮ ਕੌਰ ਨੂੰ ਕੈਨੇਡਾ ਦਾ ਵੀਜ਼ਾ ਮਿਲ਼ ਗਿਆ। ਸੋਨੀਆ, ਧਰਮ ਕੌਰ ਨੂੰ ਵੀਜ਼ਾ ਮਿਲ਼ਣ 'ਤੇ ਬਹੁਤੀ ਖ਼ੁਸ਼ ਨਹੀਂ ਸੀ। ਉਸ ਨੂੰ ਡਰ ਸੀ ਕਿ ਉਸ ਦੀ ਸੱਸ ਦੇ ਆਉਣ ਨਾਲ਼ ਉਹ ਦੀ ਆਪਣੀ ਆਜ਼ਾਦੀ ਨਹੀਂ ਰਹਿਣੀ ਤੇ ਰਣਜੀਤ ਵੀ ਉਸ ਦੀ ਥਾਂ, ਆਪਣੀ ਮਾਂ ਦੀ ਹੀ ਸੁਣਿਆ ਕਰੇਗਾ। ਰਣਜੀਤ, ਮਾਂ ਨੂੰ ਵੀਜ਼ਾ ਮਿਲ਼ਣ ਦੀ ਖ਼ੁਸ਼ੀ 'ਚ ਖੀਵਾ ਹੋਇਆ ਫਿਰਦਾ ਸੀ। ਉਸ ਨੂੰ ਲੱਗਦਾ ਸੀ ਕਿ ਜਿੱਦਾਂ, ਅਗਲੇ ਥੋੜ੍ਹੇ ਹੀ ਦਿਨਾਂ ਵਿੱਚ, ਉਸ ਦੇ ਘਰ ਜਹਾਨ ਭਰ ਦੀਆਂ ਖ਼ੁਸ਼ੀਆਂ ਇਕੱਠੀਆਂ ਹੋ ਕੇ ਆ ਰਹੀਆਂ ਹੋਣ। ਉਹ ਮਾਂ ਨੂੰ ਟਿਕਟ ਭੇਜ ਕੇ ਬੜੀ ਸ਼ਿੱਦਤ ਨਾਲ਼ ਉਸ ਦੀ ਉਡੀਕ ਕਰਨ ਲੱਗ ਪਿਆ।

ਧਰਮ ਕੌਰ ਨੇ ਜ਼ਮੀਨ ਦਾ ਆਉਂਦੇ ਸਾਲ ਦਾ ਠੇਕਾ ਵੀ ਲੈ ਲਿਆ ਤਾਂ ਕਿ ਆਪਣੀ ਨੂੰਹ ਲਈ ਕੱਪੜਾ-ਲੀੜਾ ਖ਼ਰੀਦ ਸਕੇ। ਉਸ ਨੇ ਬੜੇ ਚਾਅ ਨਾਲ਼, ਸੋਨੀਆ ਤੇ ਸੁਖਰਾਜ ਲਈ ਸੋਹਣੇ-ਸੋਹਣੇ ਕੱਪੜੇ ਖ਼ਰੀਦੇ। ਕਈ ਦਿਨਾਂ ਦੀਆਂ ਤਿਆਰੀਆਂ ਪਿੱਛੋਂ ਆਖ਼ਰ ਉਸ ਦੇ ਜਾਣ ਦਾ ਦਿਨ ਆ ਗਿਆ। ਉਸ ਦਾ ਭਤੀਜਾ ਗੇਜਾ ਉਸ ਨੂੰ ਦਿੱਲੀ ਚੜ੍ਹਾਉਣ ਜਾਣ ਲਈ ਜਲੰਧਰ ਤੋਂ ਆਪਣੇ ਕਿਸੇ ਵਾਕਫ਼ ਦੀ ਗੱਡੀ ਭਾੜੇ 'ਤੇ ਕਰ ਲਿਆਇਆ। ਫਲਾਈਟ ਤੜਕੇ ਚਾਰ ਕੁ ਵਜੇ ਦੀ ਸੀ, ਇਸ ਲਈ ਇਕ ਦਿਨ ਪਹਿਲਾਂ ਸ਼ਾਮ ਨੂੰ ਪੰਜ ਕੁ ਵਜੇ ਘਰੋਂ ਤੁਰਨ ਦਾ ਪ੍ਰੋਗਰਾਮ ਸੀ। ਸਭ ਨੂੰ ਮਿਲ਼-ਮਿਲ਼ਾ ਕੇ ਗੁਰਦੁਆਰੇ ਮੱਥਾ ਟੇਕ ਕੇ ਧਰਮ ਕੌਰ ਨੇ ਆਪਣਾ ਸਮਾਨ ਗੱਡੀ ਵਿੱਚ ਰਖਾਇਆ। ਤੋਰਨ ਆਏ ਲੋਕਾਂ ਨੂੰ ਫ਼ਤਿਹ ਬੁਲਾ ਕੇ ਉਹ ਗੱਡੀ 'ਚ ਬੈਠ ਗਈ। ਪੰਜ ਵੱਜ ਕੇ ਦਸ ਕੁ ਮਿੰਟ ਤੇ ਉਨ੍ਹਾਂ ਨੇ ਗੱਡੀ ਤੋਰ ਲਈ। ਆਪਣੇ ਟੱਬਰ ਵਿੱਚ ਜਾਣ ਦੀ ਖ਼ੁਸ਼ੀ ਧਰਮ ਕੌਰ ਕੋਲ਼ੋਂ ਸਾਂਭੀ ਨਹੀਂ ਜਾ ਰਹੀ ਸੀ। ਖ਼ਾਸ ਕਰ ਕੇ ਆਪਣੇ ਪੋਤੇ ਨੂੰ ਮਿਲਣ ਲਈ ਉਸ ਦਾ ਦਿਲ ਬਹੁਤ ਹੀ ਕਾਹਲ਼ਾ ਪੈ ਰਿਹਾ ਸੀ। ਉਸ ਨੇ ਅਜੇ ਤੱਕ ਸੁਖਰਾਜ ਦੀ ਫ਼ੋਟੋ ਹੀ ਦੇਖੀ ਸੀ। ਉਸ ਨੂੰ ਮੁੰਡੇ ਦਾ ਮੁਹਾਂਦਰਾ ਬਿਲਕੁਲ ਰਣਜੀਤ ਵਰਗਾ ਹੀ ਲੱਗਦਾ ਸੀ। ਛੋਟਾ ਹੁੰਦਾ ਰਣਜੀਤ ਵੀ ਐਨ ਏਦਾਂ ਦਾ ਹੁੰਦਾ ਸੀ। ਜਿਉਂ ਹੀ ਗੱਡੀ ਜਲੰਧਰ ਸ਼ਹਿਰ ਤੋਂ ਬਾਹਰ ਨਿਕਲ਼ੀ, ਗੱਡੀ ਨੇ ਇੱਕ ਹੁਝਕਾ ਜਿਹਾ ਖਾਧਾ ਤਾਂ ਗੇਜੇ ਨੇ ਡਰਾਈਵਰ ਨੂੰ ਕਿਹਾ, "ਓਏ ਨਿੱਕਿਆ ਕੀ ਕਰੀ ਜਾਨਾਂ, ਸੰਭਾਲ਼ ਕੇ ਚਲਾ ਰਤਾ।"

"ਓ ਗੇਜੇ ਭਾਅ ਜੀ, ਥਕੇਵਾਂ ਬਹੁਤਾ ਈ ਹੋਇਆ ਆ। ਮੇਰਾ ਅੱਜ ਤੀਜਾ ਗੇੜਾ ਆ ਦਿੱਲੀ ਦਾ। ਤਿੰਨ ਦਿਨਾਂ ਤੋਂ ਚੱਜ ਨਾਲ ਸੁੱਤਾ ਨਹੀਂ। ਫਗਵਾੜਾ ਲੰਘ ਕੇ ਕਿਸੇ ਢਾਬੇ ਤੋਂ ਕੰਡੇਦਾਰ ਜਿਹੀ ਚਾਹ ਪੀਨੇ ਆਂ ਆਪਾਂ। ਫੇਰ ਦਿੱਲੀ ਤੋਂ ਉਰਾਂ ਕਿਤੇ ਬਰੇਕ ਨਹੀਂ ਮਾਰਨੀ," ਟੈਕਸੀ ਡਰਾਈਵਰ ਕਹਿ ਤਾਂ ਗੇਜੇ ਨੂੰ ਰਿਹਾ ਸੀ ਪਰ ਉਸ ਦੀਆਂ ਨਜ਼ਰਾਂ ਸਾਹਮਣੇ ਸੜਕ 'ਤੇ ਗੱਡੀਆਂ ਹੋਈਆਂ ਸਨ।

"ਓ ਭਰਾਵਾ ਜੇ ਤੂੰ ਥੱਕਿਆ ਹੋਇਆ ਸੀ ਤਾਂ ਕਿਸੇ ਹੋਰ ਨੂੰ ਭੇਜ ਦਿੰਦਾ

ਜਾਂ ਮੈਨੂੰ ਦੱਸਦਾ, ਮੈਂ ਹੀ ਕੋਈ ਹੋਰ ਗੱਡੀ ਕਰ ਲੈਂਦਾ। ਆਪਣੀ ਤੇ ਬਾਕੀਆਂ ਦੀ ਜਾਨ ਖਤਰੇ 'ਚ ਕਿਉਂ ਪਾਉਨੇ ਓਂ ਯਾਰ," ਗੇਜੇ ਨੇ ਡਰਾਈਵਰ ਨੂੰ ਫਿਟਕਾਰ ਪਾਈ।

"ਓ, ਤੁਸੀਂ ਚਿੰਤਾ ਨਾ ਕਰੋ ਭਾਅ ਜੀ, ਆਪਾਂ ਕਿਹੜਾ ਕੋਈ ਪਹਿਲੀ ਵਾਰ ਚੱਲੇ ਆਂ। ਦਿੱਲੀ ਤੱਕ ਤਾਂ ਆਪਾਂ ਅੱਖਾਂ ਮੀਟ ਕੇ ਵੀ ਗੱਡੀ ਚਲਾ ਸਕਦੇ ਆਂ," ਡਰਾਈਵਰ ਨੇ ਹੁਸ਼ਿਆਰ ਬਣਦਿਆਂ ਕਿਹਾ।

ਦੂਜੇ ਪਾਸੇ ਰਣਜੀਤ ਨੂੰ ਇੱਕ-ਇੱਕ ਪਲ ਮਸਾਂ ਲੰਘ ਰਿਹਾ ਸੀ। ਘਰੋਂ ਤੁਰਨ ਲੱਗਿਆਂ ਵੀ ਧਰਮ ਕੌਰ ਨੇ ਉਸ ਨੂੰ ਫ਼ੋਨ 'ਤੇ ਦੱਸਿਆ ਸੀ ਕਿ ਉਹ ਗੱਡੀ ਵਿਚ ਬੈਠ ਗਏ ਹਨ ਅਤੇ ਤੁਰਨ ਲੱਗੇ ਹਨ। ਰਣਜੀਤ ਨੇ ਗੇਜੇ ਨੂੰ ਤਾਕੀਦ ਕੀਤੀ ਸੀ ਕਿ ਜਿਉਂ ਹੀ ਮੰਮੀ ਦਿੱਲੀ ਪਹੁੰਚ ਕੇ ਜਹਾਜ਼ੇ ਚੜ੍ਹ ਜਾਵੇ, ਉਹ, ਉਸ ਨੂੰ ਫ਼ੋਨ ਕਰੇ। ਸ਼ਾਮ ਦੇ ਪੰਜ ਵੱਜ ਚੁੱਕੇ ਸਨ। ਹੁਣ ਤਾਂ ਫਲਾਈਟ ਤੁਰਨ ਦੇ ਸਮੇਂ ਤੋਂ ਘੰਟਾ ਕੁ ਉੱਪਰ ਹੋ ਚੁੱਕਾ ਸੀ। ਪਰ ਅਜੇ ਤੱਕ ਗੇਜੇ ਦਾ ਫ਼ੋਨ ਨਹੀਂ ਸੀ ਆਇਆ। ਰਣਜੀਤ ਨੇ ਦੋ-ਤਿੰਨ ਵਾਰ ਆਪ ਗੇਜੇ ਦੇ ਫ਼ੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਫ਼ੋਨ ਨਾ ਲੱਗਿਆ। ਰਣਜੀਤ ਨੂੰ ਫ਼ਿਕਰ 'ਚ ਬੈਠਾ ਦੇਖ ਕੇ ਸੋਨੀਆ ਨੇ ਰੁੱਖੇ ਜਿਹੇ ਢੰਗ ਨਾਲ਼ ਹੌਸਲਾ ਦਿੰਦਿਆਂ ਕਿਹਾ, "ਐਵੇਂ ਬੱਚਿਆਂ ਵਾਂਗ ਮੂੰਹ ਕਿਉਂ ਲਟਕਾਈ ਬੈਠੇ ਓਂ? ਆ ਈ ਜਾਣੈ ਮੰਮੀ ਨੇ। ਫੇਰ ਏਥੇ ਈ ਰਹਿਣਾ ਤੁਹਾਡੇ ਕੋਲ, ਸਾਰੀ ਉਮਰ।"

ਸਾਢੇ ਸੱਤ ਵਜੇ ਫ਼ੋਨ ਦੀ ਘੰਟੀ ਵੱਜੀ। ਰਣਜੀਤ ਨੇ ਕਾਹਲ਼ੀ-ਕਾਹਲ਼ੀ ਫ਼ੋਨ ਚੁੱਕਿਆ। ਦੂਜੇ ਪਾਸਿਉਂ ਗੇਜੇ ਦੀ ਆਵਾਜ਼ ਨਹੀਂ ਸੀ, "ਸਤਿ ਸ੍ਰੀ ਅਕਾਲ ਭਾਅ ਜੀ, ਮੈਂ ਟੀਲੂ ਬੋਲਦਾਂ। ਤੁਸੀਂ ਰਣਜੀਤ ਭਾਅ ਜੀ ਈ ਬੋਲਦੇ ਓਂ ਨਾ?" ਟੀਲੂ ਰਣਜੀਤ ਦੇ ਚਾਚੇ ਦਾ ਸੋਲ਼ਾਂ ਕੁ ਸਾਲਾਂ ਦਾ ਮੁੰਡਾ ਸੀ।

"ਹਾਂ-ਹਾਂ ਟੀਲੂ ਬੋਲ, ਮੈਂ ਰਣਜੀਤ ਈ ਆਂ। ਕਿੱਦਾਂ ਮੰਮੀ ਚੜ੍ਹੇ ਕਿ ਨਹੀਂ?" ਰਣਜੀਤ ਇੱਕੋ ਸਾਹੇ ਬੋਲ ਗਿਆ।

"ਨਹੀਂ ਭਾਅ ਜੀ, ਤਾਈ ਜੀ ਹੁਰਾਂ ਦਾ ਐਕਸੀਡੈਂਟ ਹੋ ਗਿਆ ਅੰਬਾਲ਼ੇ ਨੇੜੇ।"

"ਹੈਂਅ?" ਰਣਜੀਤ ਦੇ ਮੂੰਹੋਂ ਇਹੋ ਨਿਕਲਿਆ।

"ਹਸਪਤਾਲ਼ੋਂ ਫ਼ੋਨ ਆਇਆ ਸੀਗਾ, ਗੇਜਾ ਭਾਅ ਜੀ ਤੇ ਡਰੈਵਰ ਤਾਂ ਥਾਂਏਂ ਪੂਰੇ ਹੋ ਗਏ। ਤਾਈ ਬਾਹਲ਼ੀ ਸੀਰੀਅਸ ਆ। ਅੰਬਾਲੇ ਦੇ ਲੀਲਾਵਤੀ ਹਸਪਤਾਲ ਆ। ਜੇ ਤੁਸੀਂ ਆ ਸਕਦੇ ਓ ਤਾਂ ਆ ਜਾਓ," ਟੀਲੂ ਨੇ ਹਟਕੋਰੇ ਜਿਹੇ ਲੈ ਕੇ ਦੱਸਿਆ। ਇਹ ਸੁਣ ਕੇ ਰਣਜੀਤ ਦੀ ਦੇਹ ਕੰਬ ਗਈ। ਅੱਖਾਂ 'ਚੋਂ ਘਰਾਲ਼ਾਂ ਵਗ ਤੁਰੀਆਂ।

"ਹਾਏ ਓਏ ਰੱਬਾ! ਤੂੰ ਇਹ ਕੀ ਕੀਤਾ? ਬਚਾ ਲੈ ਓਏ ਮੇਰੀ ਮਾਂ ਨੂੰ ਡਾਢਿਆ," ਉਹ ਧਾਹ ਮਾਰ ਕੇ ਇੰਨਾਂ ਹੀ ਬੋਲਿਆ। ਇਸ ਦੇ ਨਾਲ਼ ਹੀ ਸੋਨੀਆ

ਨੇ ਉਸ ਤੋਂ ਫ਼ੋਨ ਫੜ ਲਿਆ ਤੇ ਟੀਲੂ ਨਾਲ਼ ਆਪ ਗੱਲ ਕੀਤੀ। ਇਸ ਤੋਂ ਮਗਰੋਂ ਉਹ ਰਣਜੀਤ ਨੂੰ ਬਾਂਹਾਂ ਵਿੱਚ ਲੈ ਕੇ ਚੁੱਪ ਕਰਾਉਣ ਲੱਗੀ। ਫਿਰ ਉਸ ਨੇ ਆਪਣੇ ਮੰਮੀ-ਡੈਡੀ ਨੂੰ ਫ਼ੋਨ ਕਰ ਦਿੱਤਾ। ਸੋਨੀਆ ਦੇ ਮਾਪੇ ਅੱਧੇ ਕੁ ਘੰਟੇ 'ਚ ਹੀ ਪਹੁੰਚ ਗਏ। ਸੋਨੀਆ ਦੇ ਡੈਡੀ ਨੇ ਆਪਣੇ ਕਿਸੇ ਵਾਕਫ਼ ਟਰੈਵਲ ਏਜੰਟ ਨੂੰ ਫ਼ੋਨ ਕਰ ਕੇ ਰਣਜੀਤ ਦੀ ਐਮਰਜੈਂਸੀ ਟਿਕਟ ਬੁੱਕ ਕਰਾ ਦਿੱਤੀ ਸੀ। ਉਸ ਨੂੰ ਸਵੇਰੇ ਸਾਢੇ ਸੱਤ ਵਜੇ, ਜਪਾਨ ਏਅਰਲਾਈਨਜ਼ ਦਾ ਜਹਾਜ਼ ਫੜਨਾ ਪੈਣਾ ਸੀ। ਰਣਜੀਤ ਬੈੱਡ 'ਤੇ ਪਿਆ ਵੀ ਰੋਈ ਜਾ ਰਿਹਾ ਸੀ। ਉਸ ਦੇ ਹੱਥ-ਪੈਰ ਝੂਠੇ ਜਿਹੇ ਪੈ ਗਏ ਸਨ। ਰਾਤ ਨੂੰ ਸੋਨੀਆ ਅਤੇ ਗਿਆਨ ਕੌਰ ਨੇ ਰਣਜੀਤ ਦਾ ਸਾਮਾਨ ਪੈਕ ਕੀਤਾ ਅਤੇ ਤੜਕੇ ਚਾਰ ਵਜੇ ਸਾਰਾ ਟੱਬਰ ਰਣਜੀਤ ਨੂੰ ਏਅਰਪੋਰਟ 'ਤੇ ਛੱਡਣ ਗਿਆ। ਏਅਰਪੋਰਟ 'ਤੋਂ ਤੁਰਨ ਲੱਗਿਆਂ ਰਣਜੀਤ ਦੀ ਸੱਸ ਗਿਆਨ ਕੌਰ ਨੇ ਉਸ ਨੂੰ ਹੌਸਲਾ ਦਿੰਦਿਆਂ ਕਿਹਾ, "ਰਣਜੀਤ ਪੁੱਤਰ, ਠੀਕ ਹੋ ਜਾਣਾ ਤੇਰੀ ਮੰਮੀ ਨੇ। ਐਵੇਂ ਚਿੰਤਾ ਨਾ ਕਰੀਂ। ਰੱਬ ਸੁੱਖ ਰੱਖੂ।"

ਤੀਜੇ ਦਿਨ ਰਣਜੀਤ ਅੰਬਾਲੇ ਦੇ ਲੀਲਾਵਤੀ ਹਸਪਤਾਲ ਵਿੱਚ ਟੀਲੂ ਅਤੇ ਆਪਣੇ ਛੋਟੇ ਮਾਮੇ ਗੁਰਸੇਵਕ ਨਾਲ਼ ਬੈਠਾ ਸੀ। ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਡਰਾਈਵਰ ਨੂੰ ਨੀਂਦ ਆ ਜਾਣ ਕਾਰਨ ਧਰਮ ਕੌਰ ਹੁਰਾਂ ਦੀ ਗੱਡੀ ਸਾਹਮਣਿਓਂ ਆਉਂਦੇ ਟਰੱਕ 'ਚ ਸਿੱਧੀ ਜਾ ਵੱਜੀ। ਗੇਜਾ ਅਤੇ ਡਰਾਈਵਰ ਅੱਗੇ ਵਾਲ਼ੀਆਂ ਸੀਟਾਂ 'ਤੇ ਬੈਠੇ ਹੋਣ ਕਾਰਨ ਥਾਂਏਂ ਮਾਰੇ ਗਏ। ਧਰਮ ਕੌਰ ਪਿਛਲੀ ਸੀਟ 'ਤੇ ਹੋਣ ਦੀ ਵਜ੍ਹਾ ਨਾਲ਼ ਬਚ ਤਾਂ ਗਈ ਸੀ, ਪਰ ਜਿਊਂਦਿਆਂ ਵਿੱਚ ਨਹੀਂ ਸੀ। ਧਰਮ ਕੌਰ ਨੂੰ ਆਈ. ਸੀ. ਯੂ. ਵਿੱਚ ਰੱਖਿਆ ਹੋਇਆ ਸੀ। ਡਾਕਟਰਾਂ ਦੇ ਦੱਸਣ ਮੁਤਾਬਿਕ ਧਰਮ ਕੌਰ ਦਾ ਸਾਰਾ ਸਰੀਰ ਹੀ ਸੱਟਾਂ ਨਾਲ਼ ਨਹੀਂ ਪਿੰਜਿਆ ਹੋਇਆ ਸੀ, ਸਗੋਂ ਉਸ ਦੇ ਸਿਰ ਵਿੱਚ ਸੱਟ ਵੱਜਣ ਨਾਲ਼ ਉਸ ਦੇ ਦਿਮਾਗ਼ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਹੋਇਆ ਸੀ। ਉਹ ਕੋਮਾ ਵਿੱਚ ਜਾ ਚੁੱਕੀ ਸੀ। ਡਾਕਟਰਾਂ ਮੁਤਾਬਕ ਉਹ ਅੰਦਰੋਂ ਤਾਂ ਥੋੜ੍ਹੀ-ਬਹੁਤ ਸੁਚੇਤ ਸੀ, ਪਰ ਉਸ ਦਾ ਸਰੀਰ ਅਚੇਤ ਸੀ। ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਕਦੇ-ਕਦੇ ਹਿੱਲਦੀਆਂ ਸਨ, ਪਰ ਉਸ ਦੇ ਹੱਥ-ਪੈਰ ਨਹੀਂ ਹਿੱਲਦੇ ਸਨ। ਉਹ ਮਿੱਟੀ ਵਾਂਗ ਨਿਰਜਿੰਦ ਜਿਹੀ ਬੈੱਡ ਉੱਤੇ ਪਈ ਸੀ। ਉਸ ਦੀ ਦੇਖ-ਭਾਲ਼ ਕਰ ਰਹੇ ਨਿਊਰੋ ਸਰਜਨ ਨੇ ਉਸ ਦੇ ਠੀਕ ਹੋਣ ਦੀ ਆਸ ਨਾਂਹ ਦੇ ਬਰਾਬਰ ਹੀ ਦੱਸੀ ਸੀ। ਰਣਜੀਤ ਨੇ ਜ਼ਿੱਦ ਕਰ ਕੇ ਲਾਈਫ਼ ਸਪੋਰਟ ਲਾਹੁਣ ਨਾ ਦਿੱਤੀ। ਜਦੋਂ ਕਿਤੇ, ਉਸ ਨੂੰ ਇਕ ਦੋ ਵਾਰ ਮਾਂ ਦੇ ਨੇੜੇ ਜਾਣ ਦਿੱਤਾ ਜਾਂਦਾ ਤਾਂ ਉਹ, ਉਸ ਦੇ ਪੈਰਾਂ ਵੱਲ ਬੈਠ ਕੇ, 'ਮੰਮੀ-ਮੰਮੀ' ਕਹਿ ਕੇ ਅਵਾਜ਼ਾਂ ਮਾਰਦਾ ਤੇ ਅੱਗਿਉਂ ਜੁਆਬ ਨਾ ਆਉਣ ਤੇ ਫਿਰ ਧਾਹਾਂ ਮਾਰ ਕੇ ਰੋਣ ਲੱਗ ਪੈਂਦਾ। ਕਦੇ-ਕਦੇ ਧਰਮ ਕੌਰ ਦੀਆਂ ਬੰਦ ਅੱਖਾਂ ਵਿੱਚੋਂ ਵੀ ਕੋਈ ਹੰਝੂ ਵਗਣ ਲੱਗ ਪੈਂਦਾ ਤਾਂ ਰਣਜੀਤ ਤੜਫ਼ ਕੇ ਆਪਣੇ ਮਾਮੇ ਦੇ ਗਲ਼ ਲੱਗ ਜਾਂਦਾ। ਇਸੇ ਦੌਰਾਨ ਰਣਜੀਤ ਨੇ ਡਾਕਟਰਾਂ ਦੀ ਮਿੰਨਤ ਕਰ ਕੇ ਧਰਮ ਕੌਰ ਦੀਆਂ

ਰਿਪੋਰਟਾਂ ਲੁਧਿਆਣੇ ਅਤੇ ਜਲੰਧਰ ਦੇ ਇਕ-ਦੋ ਹਸਪਤਾਲਾਂ ਵਿੱਚ ਫੈਕਸ ਕਰਵਾ ਕੇ ਉੱਥੋਂ ਦੇ ਡਾਕਟਰਾਂ ਦੀ ਰਾਇ ਲਈ। ਹਰ ਥਾਂ ਤੋਂ ਇਹੋ ਜੁਆਬ ਆਇਆ ਕਿ ਧਰਮ ਕੌਰ ਦੇ ਬਚਣ ਦੀ ਕੋਈ ਆਸ ਨਹੀਂ। ਹੁਣ ਉਹ, ਆਉਣ-ਜਾਣ ਵਾਲ਼ੇ ਡਾਕਟਰਾਂ ਤੋਂ ਵੀ ਕੁੱਝ ਨਾ ਪੁੱਛਣੋਂ ਹਟ ਗਿਆ। ਅੱਜ ਫਿਰ ਜਦੋਂ ਡਾਕਟਰ ਨੇ ਸਿਰ ਫੇਰਦਿਆਂ ਕਿਹਾ ਕਿ ਧਰਮ ਕੌਰ, ਮਸ਼ੀਨ ਨਾਲ਼ ਹੀ ਸਾਹ ਲੈ ਰਹੀ ਹੈ। ਉਸ ਦੇ ਦਿਮਾਗ਼ ਨੇ, ਅੰਗਾਂ ਨੂੰ ਕੰਟਰੋਲ ਕਰਨਾ ਛੱਡ ਦਿੱਤਾ ਹੈ। ਡਾਕਟਰ ਦੇ ਆਫ਼ਿਸ ’ਚੋਂ ਬਾਹਰ ਆ ਕੇ ਰਣਜੀਤ ਨੇ ਧਾਹ ਮਾਰੀ, “ਹਾਏ ਓ ਮਾਮਾ, ਮੈਂ ਕਿਉਂ ਵੀਜ਼ਾ ਭੇਜਿਆ ਮੰਮੀ ਨੂੰ! ਇਹ ਤਾਂ ਮੈਂ ਆਪਣੀ ਮਾਂ ਨੂੰ ਆਪਣੇ ਹੱਥੀਂ ਹੀ ਮਾਰ ਬੈਠਾਂ।”

ਗੁਰਸੇਵਕ ਰਣਜੀਤ ਨੂੰ ਸਮਝਾਉਂਦਿਆਂ ਕਹਿਣ ਲੱਗਿਆ, “ਓ ਕਮਲ਼ਿਆ, ਕੋਈ ਕਿਸੇ ਦੇ ਮਾਰੇ ਕਦ ਮਰਦੈ। ਇਹ ਤਾਂ ਜਿੰਨੇ ਰੱਬ ਨੇ ਬੰਦੇ ਦੇ ਸਾਹ ਲਿਖੇ ਹੁੰਦੇ ਆ, ਬੰਦਾ ਓਨੇ ਹੀ ਲੈਂਦਾ । ਰੱਬ ਤੁਹਾਡੀ ਮਰਜ਼ੀ ਪੁੱਛੇ ਬਿਨਾਂ ਤੁਹਾਨੂੰ ਦੁਨੀਆ ’ਚ ਭੇਜਦੈ ਅਤੇ ਤੁਹਾਡੀ ਮਰਜ਼ੀ ਪੁੱਛੇ ਬਿਨਾਂ ਹੀ ਵਾਪਸ ਬੁਲਾ ਲੈਂਦੈ। ਬਾਕੀ ਤਾਂ ਹੁਣ ਸਾਰੇ ਆਪੋ-ਆਪਣੀਆਂ ਮਾਰੀ ਜਾਂਦੇ ਨੇ, ਕੋਈ ਡਰਾਈਵਰ ਨੂੰ ਗਾਹਲ਼ਾਂ ਕੱਢਦੈ, ਕੋਈ ਗੇਜੇ ਨੂੰ। ਕੀਤਾ ਇਹ ਸਭ ਕੁੱਝ ਹੋਣੀ ਨੇ ਐ। ਬੰਦਾ ਤਾਂ ਕਠਪੁਤਲੀ ਆ, ਉਹੀ ਕਰਦਾ, ਜੋ ਰੱਬ ਉਸ ਤੋਂ ਕਰਾਉਂਦੈ।”

ਇਸੇ ਤਰ੍ਹਾਂ ਹੀ ਇੱਕ ਹਫ਼ਤਾ ਬੀਤ ਗਿਆ। ਰਣਜੀਤ ਨੇ ਦੋ ਵਾਰ ਸੋਨੀਆ ਕੋਲ਼ੋਂ ਪੈਸੇ ਮੰਗਵਾ ਕੇ ਹਸਪਤਾਲ ਦਾ ਬਿੱਲ ਭਰਿਆ। ਸੋਨੀਆ ਪਹਿਲੇ ਦਿਨ ਤਾਂ ਚੁੱਪ ਰਹੀ, ਪਰ ਜਦੋਂ ਦੂਜੀ ਵਾਰ ਰਣਜੀਤ ਨੇ ਉਸ ਨੂੰ ਪੈਸੇ ਭੇਜਣ ਲਈ ਫ਼ੋਨ ਕੀਤਾ ਸੋਨੀਆ ਉਸ ਨੂੰ ਸਮਝਾਉਂਦਿਆਂ ਕਹਿਣ ਲੱਗੀ, “ਦੇਖੋ ਰੈਂਡੀ, ਜਦ ਡਾਕਟਰ ਕਹਿ ਰਹੇ ਨੇ ਕਿ ਮੰਮੀ ਠੀਕ ਨਹੀਂ ਹੋ ਸਕਦੇ, ਫਿਰ ਕਿਉਂ ਡਾਕਟਰਾਂ ਦੇ ਘਰ ਭਰੀ ਜਾ ਰਹੇ ਹੋ? ਲਾਈਫ਼ ਸਪੋਰਟ ਲੁਹਾ ਦਿਓ, ਜੇ ਰੱਬ ਚਾਹੂਗਾ ਤਾਂ ਠੀਕ ਹੋ ਜਾਣਗੇ, ਨਹੀਂ ਤਾਂ ਉਨ੍ਹਾਂ ਨੂੰ ਚੈਨ ਨਾਲ਼ ਜਾ ਲੈਣ ਦਿਓ।”

“ਸੋਨੀਆ ਜੇ ਤੇਰੀ ਆਪਣੀ ਮਾਂ ਏਸ ਹਾਲਤ ਵਿੱਚ ਹੁੰਦੀ, ਤਾਂ ਵੀ ਤੂੰ ਏਦਾਂ ਈ ਕਹਿੰਦੀ?” ਰਣਜੀਤ ਨੇ ਤੜਫ ਕੇ ਸੋਨੀਆ ਨੂੰ ਪੁੱਛਿਆ।

“ਰੈਂਡੀ ਪਲੀਜ਼, ਐਵੇਂ ਈ ਗ਼ੁੱਸਾ ਨਾ ਕਰੋ। ਜੇ ਮੈਂ ਤੁਹਾਡੀ ਥਾਂ ਹੁੰਦੀ ਤਾਂ ਮੈਂ ਡਾਕਟਰ ਦੀ ਸਲਾਹ ਨਾਲ ਈ ਚੱਲਣਾ ਸੀ। ਜਦੋਂ ਡਾਕਟਰ ਕਹਿੰਦੇ ਆ ਪਈ ਕੋਈ ਆਸ ਨਹੀਂ, ਫਿਰ ਐਵੇਂ ਪੈਸੇ ਪੱਟਣ ਦਾ ਕੀ ਫਾਇਦਾ?” ਸੋਨੀਆ ਨੇ ਜੁਆਬ ਦਿੱਤਾ। ਰਣਜੀਤ ਚੁੱਪ ਕਰ ਗਿਆ। ਉਹ ਜਾਣਦਾ ਸੀ ਕਿ ਸੋਨੀਆ ਵਰਗੀ ਪੱਥਰ-ਦਿਲ ਔਰਤ, ਆਪਣੀ ਮਾਂ ਦੇ ਸਬੰਧ ਵਿੱਚ ਵੀ ਸ਼ਾਇਦ ਏਦਾਂ ਹੀ ਕਰਦੀ। ਸਭ ਕੁਝ ਦੇ ਬਾਵਜੂਦ, ਪਤਾ ਨਹੀਂ ਕਿਉਂ ਰਣਜੀਤ ਨੂੰ ਹਾਲੇ ਵੀ ਲੱਗ ਰਿਹਾ ਸੀ ਕਿ ਉਸ ਦੀ ਮਾਂ ਠੀਕ ਹੋ ਜਾਵੇਗੀ।

ਅਗਲੇ ਦਿਨ ਰਣਜੀਤ ਦਾ ਦੋਸਤ ਤਾਰੀ ਅਤੇ ਇੱਕ ਹੋਰ ਮੁੰਡਾ, ਰਣਜੀਤ ਕੋਲ਼ ਹਸਪਤਾਲ ਆਏ। ਤਾਰੀ ਦੇ ਨਾਲ਼ ਆਇਆ ਮੁੰਡਾ ਨਿਊਰੋ

ਸਰਜਨ ਸੀ। ਉਸ ਦਾ ਨਾਂ ਸੁਰਜੀਤ ਸੀ ਅਤੇ ਉਹ ਤਾਰੀ ਦੇ ਡੈਡੀ ਦੇ ਦੋਸਤ ਦਾ ਪੁੱਤਰ ਸੀ। ਤਾਰੀ ਉਸ ਨੂੰ ਬਹੁਤ ਜ਼ੋਰ ਲਾ ਕੇ ਆਪਣੇ ਨਾਲ਼ ਲਿਆਇਆ ਸੀ। ਡਾਕਟਰ ਸੁਰਜੀਤ ਨੇ ਰਣਜੀਤ ਨੂੰ ਕਿਹਾ,"ਰਣਜੀਤ ਭਾਅ ਜੀ, ਜੇ ਤੁਹਾਨੂੰ ਕੋਈ ਇਤਰਾਜ਼ ਨਹੀਂ ਤਾਂ ਮੈਂ ਆਂਟੀ ਦੀਆਂ ਰਿਪੋਰਟਾਂ ਦੇਖਣੀਆਂ ਚਾਹੁੰਨਾਂ?" ਰਣਜੀਤ ਨੇ ਰਿਪੋਰਟਾਂ ਵਾਲਾ ਲਿਫ਼ਾਫ਼ਾ ਸੁਰਜੀਤ ਨੂੰ ਫੜਾ ਦਿੱਤਾ। ਸੁਰਜੀਤ ਨੇ ਵੀਹ-ਪੱਚੀ ਮਿੰਟ ਰਿਪੋਰਟਾਂ 'ਤੇ ਗ਼ੌਰ ਕੀਤਾ ਤੇ ਨਾਲ਼ੋ-ਨਾਲ਼ ਦੋ ਕੁ ਫ਼ੋਨ ਵੀ ਕੀਤੇ।

ਆਖ਼ਰ ਡਾਕਟਰ ਸੁਰਜੀਤ ਨੇ ਚੁੱਪ ਤੋੜੀ, "ਮੈਨੂੰ ਅਫ਼ਸੋਸ ਹੈ ਰਣਜੀਤ ਭਾਅ ਜੀ ਕਿ ਆਂਟੀ ਫਿਜ਼ੀਕਲੀ ਇਸ ਦੁਨੀਆ ਵਿੱਚ ਹੈਨੀਗੇ। ਅੱਜ-ਕੱਲ੍ਹ ਮੈਡੀਕਲ ਸਾਇੰਸ ਦੀ ਐਡਵਾਂਸ ਟੈਕਨੌਲੋਜੀ ਨਾਲ਼, ਅਸੀਂ, ਕਈ ਵਾਰ ਬੰਦੇ ਦੀ ਰੂਹ ਨੂੰ ਉਸ ਦੇ ਜਿਸਮ ਵਿੱਚ ਕੈਦ ਕਰ ਲੈਂਦੇ ਹਾਂ। ਇਸ ਵੇਲ਼ੇ ਆਂਟੀ ਦੀ ਹਾਲਤ ਵੀ ਬਿਲਕੁਲ ਏਸੇ ਤਰ੍ਹਾਂ ਦੀ ਏ। ਜੀਂਦੇ ਰਹਿਣ ਲਈ ਸਰੀਰ ਨੂੰ ਜੋ-ਜੋ ਕਰਨਾ ਪੈਂਦਾ ਏ, ਉਹ ਤਾਂ ਆਂਟੀ ਦੇ ਸਰੀਰ ਨੇ, ਕਰਨਾ ਛੱਡਿਆ ਹੋਇਆ ਏ। ਆਪਾਂ ਮਸ਼ੀਨਾਂ ਨਾਲ਼ ਉਨ੍ਹਾਂ ਦੀ ਚੇਤਨਾ ਨੂੰ, ਉਨ੍ਹਾਂ ਦੇ ਜਿਸਮ ਅੰਦਰ ਕੈਦ ਕੀਤਾ ਹੋਇਐ। ਆਪਾਂ, ਆਂਟੀ ਨੂੰ ਨਜ਼ਾਇਜ ਤਕਲੀਫ਼ ਦਈ ਜਾ ਰਹੇ ਹਾਂ। ਮੇਰੀ ਤਾਂ ਸਲਾਹ ਇਹੋ ਹੈ ਕਿ ਉਨ੍ਹਾਂ ਨੂੰ ਇਸ ਬੇਜਾਨ ਸਰੀਰ ਵਿੱਚੋਂ ਮੁਕਤ ਕਰ ਦਿਓ। ਡਾਕਟਰਾਂ ਨੂੰ ਕੀ ਐ, ਉਨ੍ਹਾਂ ਨੇ ਤੁਹਾਨੂੰ ਇਹੀ ਕਹੀ ਜਾਣੈ ਕਿ ਇਹ ਠੀਕ ਨਹੀਂ ਹੋਣੇਂ ਤੇ ਆਪਣੇ ਪੈਸੇ ਵੀ ਖਰੇ ਕਰੀ ਜਾਣੇ ਨੇ। ਗੁੱਸਾ ਨਾ ਕਰਿਓ, ਤੁਸੀਂ ਇੱਕ ਤਰ੍ਹਾਂ ਨਾਲ਼ ਕੁਦਰਤੀ ਕੰਮ ਵਿੱਚ ਅੜਿੱਕਾ ਪਾ ਰਹੇ ਹੋ। ਕੁਦਰਤ ਨੇ ਇਨਸਾਨ ਨੂੰ ਆਪਣੇ ਬੱਲ-ਬੁੱਤੇ ਨਾਲ਼ ਚੱਲਣ ਵਾਲ਼ਾ ਸਰੀਰ ਬਖ਼ਸ਼ਿਆ ਹੁੰਦਾ ਹੈ। ਇਸ ਸਵੈਚਲਤ ਸਰੀਰ 'ਚੋਂ ਜਦੋਂ ਹੀ ਸਵੈਚਾਲਨ ਖ਼ਤਮ ਹੁੰਦਾ ਹੈ ਤਾਂ ਇਸ 'ਚੋਂ ਚੇਤਨਾ ਉਡਾਰੀ ਮਾਰ ਜਾਂਦੀ ਹੈ। ਇਸੇ ਚੇਤਨਾ ਨੂੰ ਹੀ ਆਪਾਂ ਸਾਇੰਸ ਦੀ ਭਾਸ਼ਾ ਵਿੱਚ 'ਕੌਂਸ਼ੀਅਸਨੈੱਸ' ਆਖਦੇ ਹਾਂ। ਚੰਗੇ ਵਾਰਸਾਂ ਵਾਂਗ ਹੁਣ ਆਪਣਾ ਫਰਜ਼ ਬਣਦੈ ਕਿ ਆਪਾਂ ਆਂਟੀ ਨੂੰ ਮੁਕਤ ਕਰ ਕੇ ਵਿਦਾ ਕਰ ਦੇਈਏ।"

"ਪਰ ਡਾਕਟਰ, ਮੰਮੀ ਦੀਆਂ ਅੱਖਾਂ ਵਿੱਚੋਂ ਕਈ ਵਾਰ ਹੰਝੂ ਵਗਦੇ ਆ। ਇਸੇ ਕਰ ਕੇ ਮੈਨੂੰ ਯਕੀਨ ਨਹੀਂ ਆਉਂਦਾ ਕਿ ਉਨ੍ਹਾਂ ਦਾ ਸਰੀਰ ਮਰ ਚੁੱਕੈ," ਰਣਜੀਤ ਨੇ ਜ਼ਿੱਦ ਕਰਨ ਵਾਂਗ ਕਿਹਾ।

"ਰਣਜੀਤ ਭਾਅ ਜੀ, ਤੁਸੀਂ ਇਸ ਨੂੰ, ਇਸ ਤਰ੍ਹਾਂ ਕਿਉਂ ਨਹੀਂ ਲੈਂਦੇ ਕਿ ਸ਼ਾਇਦ ਉਨ੍ਹਾਂ ਨੂੰ ਅੰਦਰੋਂ ਬਹੁਤੀ ਤਕਲੀਫ ਹੁੰਦੀ ਹੋਵੇ ਤੇ ਇਹ ਤਕਲੀਫ਼ ਹੀ ਅੱਖਾਂ ਥਾਣੀ ਵਹਿ ਤੁਰਦੀ ਹੋਵੇ," ਡਾਕਟਰ ਨੇ ਰਾਇ ਦਿੱਤੀ।

"ਪਰ ਡਾਕਟਰ ਸਾਹਬ, ਕਈ ਲੋਕ ਤਾਂ ਕੋਮਾ 'ਚੋਂ ਨਿੱਕਲ਼ ਆਉਂਦੇ ਨੇ," ਰਣਜੀਤ ਅਜੇ ਵੀ ਅੜਿਆ ਹੋਇਆ ਸੀ।

"ਭਾਅ ਜੀ, ਉਹ ਕੋਮਾ, ਸਿਰਫ ਦਿਮਾਗ ਦੀ ਸਮੱਸਿਆ ਕਰ ਕੇ ਹੁੰਦੈ, ਦਿਮਾਗ ਤੋਂ ਇਲਾਵਾ ਬਾਕੀ ਸਾਰਾ ਸਰੀਰ ਆਪਣਾ ਕੰਮ ਕਰ ਰਿਹਾ ਹੁੰਦੈ। ਬਹੁਤੇ

ਕੇਸਾਂ ਵਿੱਚ ਮਰੀਜ਼ ਸਾਹ ਵੀ ਆਪਣੇ ਆਪ ਲੈ ਰਿਹਾ ਹੁੰਦੈ," ਡਾਕਟਰ ਨੇ ਗੱਲ ਹੋਰ ਸਾਫ਼ ਕੀਤੀ ਤਾਂ ਰਣਜੀਤ ਚੁੱਪ ਕਰ ਗਿਆ। ਹਾਰ ਗਿਆ, ਮਹਿਸੂਸ ਕਰ ਕੇ ਰਣਜੀਤ ਧਾਹੀਂ ਰੋ ਪਿਆ ਤੇ ਉਸ ਨੇ ਤਾਰੀ ਦੇ ਗਲ ਬਾਂਹਾਂ ਪਾ ਲਈਆਂ, "ਓ ਤਾਰੀ, ਮੇਰਾ ਕਿੱਦਾਂ ਸਰੂ ਮੰਮੀ ਬਗੈਰ? ਉਹ ਮੈਨੂੰ ਹੁਣ ਤੱਕ ਆਪਣਾ ਦੁੱਧ ਚੁੰਘਣ ਵਾਲਾ ਬੱਚਾ ਹੀ ਸਮਝਦੀ ਹੁੰਦੀ ਸੀ। ਹੁਣ ਕੌਣ 'ਵਾਜ ਮਾਰਿਆ ਕਰੂਗਾ ਮੈਨੂੰ 'ਰਣਜੀਤ ਪੁੱਤ' ਕਹਿ ਕੇ? ਮੈਨੂੰ ਇੱਕ ਵਾਰੀ 'ਰਣਜੀਤ' ਕਹਿ ਕੇ ਬੁਲਾ ਲੈ ਅੰਮੜੀਏ ਮੇਰੀਏ।" ਇਹ ਕਹਿ ਕੇ ਉਹ ਤਾਰੀ ਦਾ ਕਲਾਵਾ ਛੱਡ ਕੇ ਧਰਮ ਕੌਰ ਦੇ ਉੱਤੇ ਲਿਫ ਗਿਆ। ਤਾਰੀ ਨੇ ਉਸ ਨੂੰ ਉਠਾ ਕੇ ਸਿੱਧਾ ਬਹਾਇਆ ਤਾਂ ਉਹ ਦੁਬਾਰਾ ਉਸ ਨੂੰ ਚੰਬੜਦਾ ਹੋਇਆ ਕਹਿਣ ਲੱਗਾ, "ਨੀ ਮੇਰੀਏ ਅੰਮੜੀਏ, ਤੈਨੂੰ ਤਾਂ ਪੋਤੇ ਦਾ ਮੂੰਹ ਦੇਖਣਾ ਵੀ ਨਸੀਬ ਨਾ ਹੋਇਆ।"

ਰਣਜੀਤ ਦਾ ਰੁਦਨ ਸੁਣ ਕੇ ਸਭ ਦੀਆਂ ਅੱਖਾਂ ਭਰ ਆਈਆਂ। ਉਹ ਆਪਣੀ ਮਾਂ ਦਾ 'ਕੱਲਾ-'ਕੱਲਾ ਪੁੱਤਰ ਸੀ। ਪਿਛਲੇ ਪੰਦਰਾਂ-ਵੀਹ ਸਾਲ ਤੋਂ ਉਹ, ਮਾਂ-ਪੁੱਤ ਹੀ ਇੱਕ ਦੂਜੇ ਦਾ ਸਹਾਰਾ ਰਹੇ ਸਨ। ਰਣਜੀਤ ਦਾ ਹੌਸਲਾ ਨਹੀਂ ਪੈ ਰਿਹਾ ਸੀ ਕਿ ਮਮਤਾ ਦੀ ਇੰਨੀ ਪੀਢੀ ਗੰਢ ਏਦਾਂ ਹੀ ਖੋਲ੍ਹ ਦੇਵੇ। ਪਰ ਹੁਣ ਡਾਕਟਰ ਸੁਰਜੀਤ ਦੇ ਸਮਝਾਉਣ 'ਤੇ ਉਸ ਨੂੰ ਇਹ ਵੀ ਲੱਗਣ ਲੱਗ ਪਿਆ ਸੀ ਕਿ ਸ਼ਾਇਦ ਉਹ, ਆਪਣੀ ਮਾਂ ਨੂੰ ਤਕਲੀਫ਼ ਹੀ ਦੇ ਰਿਹਾ ਹੈ। ਪਿਛਲੇ ਅੱਠ-ਨੌਂ ਦਿਨਾਂ ਤੋਂ, ਪਤਾ ਨਹੀਂ ਵਿਚਾਰੀ ਕਿੰਨੀ ਪੀੜ 'ਚੋਂ ਗੁਜ਼ਰੀ ਹੋਏਗੀ। ਧਰਮ ਕੌਰ ਬਹੁਤ ਜਿਗਰੇ ਵਾਲੀ ਔਰਤ ਸੀ। ਛੋਟੀ-ਮੋਟੀ ਪੀੜ ਤੋਂ ਤਾਂ ਉਹ ਕਦੇ ਘਬਰਾਈ ਹੀ ਨਹੀਂ ਸੀ। ਫਿਰ ਉਸ ਦੇ, ਉਹ ਅੱਥਰੂ, ਜ਼ਰੂਰ ਕਿਸੇ ਡੂੰਘੀ ਵੇਦਨਾ ਦੀ ਕਹਾਣੀ ਕਹਿ ਰਹੇ ਸਨ। ਰਣਜੀਤ ਹੁਣ ਇਕ ਦਮ ਕਾਹਲ਼ਾ ਜਿਹਾ ਪੈ ਗਿਆ, "ਮਾਮਾ ਜੀ, ਜਾਓ ਡਾਕਟਰ ਨੂੰ ਕਹੋ, ਕਰ ਦੇਣ ਜੋ ਕਰਨਾ ਹੈ। ਮੇਰੇ ਤੋਂ ਮਾਂ ਦਾ ਹੋਰ ਦੁੱਖ ਦੇਖਿਆ ਨਹੀਂ ਜਾਂਦਾ।"

ਲਾਈਫ਼-ਸਪੋਰਟ ਲਾਹੁਣ ਤੋਂ ਬਾਅਦ ਦੋ-ਤਿੰਨ ਮਿੰਟ ਵਿੱਚ ਹੀ ਧਰਮ ਕੌਰ ਦਾ ਸਰੀਰ ਥਿਰ ਹੋ ਗਿਆ। ਸਾਰੇ ਮੌਨੀਟਰ ਸ਼ਾਂਤ ਹੋ ਗਏ। ਰਣਜੀਤ ਨੇ ਮਾਂ ਦੇ ਚਿਹਰੇ 'ਤੇ ਅਪਾਰ ਸ਼ਾਂਤੀ ਪਸਰੀ ਮਹਿਸੂਸ ਕੀਤੀ। ਗੁਰਸੇਵਕ ਅਤੇ ਤਾਰੀ ਲਾਸ਼ ਪਿੰਡ ਲਿਜਾਣ ਲਈ ਗੱਡੀ ਦਾ ਬੰਦੋਬਸਤ ਕਰਨ ਚਲੇ ਗਏ। ਰਣਜੀਤ ਬੁੱਤ ਜਿਹਾ ਬਣਿਆ ਧਰਮ ਕੌਰ ਦੇ ਪੈਰਾਂ ਵੱਲ ਖੜ੍ਹਾ ਸੀ। ਜੇ ਉਸ ਨੂੰ ਪਤਾ ਹੁੰਦਾ ਕਿ ਮਾਂ ਨੇ ਨਹੀਂ ਰਹਿਣਾ ਤਾਂ ਹੁਣ ਤੱਕ ਜ਼ਰੂਰ ਪੰਜਾਬ ਦੇ ਇੱਕ-ਦੋ ਗੇੜੇ ਮਾਰ ਜਾਂਦਾ। ਉਸ ਨੂੰ ਚੇਤੇ ਆਇਆ ਕਿ ਅੱਠ ਕੁ ਮਹੀਨੇ ਪਹਿਲਾਂ ਮਾਂ ਨੇ ਉਸ ਨੂੰ ਕਿਹਾ ਸੀ, "ਰਣਜੀਤ, ਪੁੱਤ ਜੇ ਆ ਸਕਦੈਂ ਤਾਂ ਇੱਕ ਵਾਰ ਆ ਹੀ ਜਾਹ। ਤੈਨੂੰ ਦੇਖਣ ਨੂੰ ਬੜਾ ਈ ਚਿੱਤ ਕਰਦੈ।" ਉਸ ਨੇ ਇਹ ਕਹਿ ਕਿ ਇਨਕਾਰ ਕਰ ਦਿੱਤਾ ਸੀ, "ਮੰਮੀ, ਹੁਣ ਤਾਂ ਤੂੰ ਸਾਡੇ ਕੋਲ਼ ਆ ਈ ਜਾਣੈ। ਫਿਰ ਦੇਖ ਲਈਂ ਜਿੰਨਾਂ ਦੇਖਣਾ।" ਪਰ ਗਿਆ ਵੇਲ਼ਾ ਹੱਥ ਨਹੀਂ ਆਉਂਦਾ। ਵਕਤ ਆਪਣੀ ਚਾਲ ਚੱਲ

ਚੁੱਕਿਆ ਸੀ।

ਧਰਮ ਕੌਰ ਦਾ ਸਿਵਾ ਬਲ਼ ਰਿਹਾ ਸੀ ਅਤੇ ਰਣਜੀਤ ਨੂੰ ਸੁਰਜੀਤ ਪਾਤਰ ਦੇ ਇਹ ਬੋਲ ਯਾਦ ਆ ਰਹੇ ਸਨ:

***ਜੋ ਵਿਦੇਸ਼ਾਂ 'ਚ ਰੁਲ਼ਦੇ ਨੇ ਰੋਜ਼ੀ ਲਈ***
***ਉਹ ਜਦੋਂ ਦੇਸ਼ ਪਰਤਣਗੇ ਆਪਣੇ ਕਦੀ,***

***ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ***
***ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।***

ਇੱਕ ਹਫ਼ਤੇ ਵਿੱਚ ਹੀ ਧਰਮ ਕੌਰ ਦੀ ਰੂਹ ਦੀ ਸ਼ਾਂਤੀ ਲਈ ਸਹਿਜ ਪਾਠ ਦਾ ਭੋਗ ਪੁਆ ਕੇ ਰਣਜੀਤ ਨੇ ਮੁੜ ਆਉਣ ਲਈ ਤਿਆਰੀ ਕਰ ਲਈ। ਆਪਣੇ ਪਿੰਡ ਵਿੱਚ, ਉਸ ਦਾ ਜੀਅ ਹੁਣ ਮੂਲ਼ੋਂ ਹੀ ਨਹੀਂ ਲੱਗ ਰਿਹਾ ਸੀ। ਉਸ ਨੂੰ, ਮਾਂ ਦੇ ਤੁਰ ਜਾਣ ਨਾਲ਼, ਇਸ ਪਿੰਡ ਨਾਲ਼ੋਂ ਆਪਣੀ ਸਾਂਝ ਮੁੱਕ ਜਿਹੀ ਗਈ ਲੱਗਦੀ ਸੀ। ਘਰ ਨੂੰ ਜੰਦਰਾ ਮਾਰ ਕੇ ਉਸ ਨੇ ਕੁੰਜੀਆਂ ਆਪਣੇ ਚਾਚੇ ਨੂੰ ਫੜਾ ਦਿੱਤੀਆਂ। ਉਹ, ਏਸੇ ਹੀ ਐਕਸੀਡੈਂਟ ਵਿੱਚ ਮਾਰੇ ਗਏ, ਉਸ ਦੇ ਮਾਮੇ ਦੇ ਪੁੱਤ ਗੇਜੇ ਦੇ ਬੀਵੀ-ਬੱਚਿਆਂ ਨੂੰ ਮਿਲਣ ਲਈ ਆਪਣੇ ਨਾਨਕੀਂ ਗਿਆ। ਗੇਜੇ ਦੀ ਜੁਆਨ ਵਿਧਵਾ ਗੁਰਜੀਤ, ਸੁੱਕ ਕੇ ਤੀਲ੍ਹਾ ਹੋਈ ਪਈ ਸੀ। ਏਨੀ ਲੰਮੀ ਜ਼ਿੰਦਗੀ ਉੱਪਰੋਂ ਦੋ ਬੱਚਿਆਂ ਦਾ ਪਾਲਣ-ਪੋਸ਼ਣ, ਰਣਜੀਤ ਨੂੰ ਉਸ 'ਤੇ ਬਹੁਤ ਹੀ ਤਰਸ ਆਇਆ। ਗੁਰਜੀਤ ਨੂੰ ਇਹ ਕਹਿੰਦਿਆਂ ਰਣਜੀਤ ਦੀਆਂ ਅੱਖਾਂ ਭਰੀਆਂ ਹੋਈਆਂ ਸਨ, "ਭਾਬੀ, ਮੈਂ ਗੇਜੇ ਭਾਅ ਜੀ ਨੂੰ ਮੋੜ ਕੇ ਤਾਂ ਨਹੀਂ ਲਿਆ ਸਕਦਾ, ਪਰ ਇਨ੍ਹਾਂ ਬੱਚਿਆਂ ਲਈ ਮੇਰੇ ਕੋਲ਼ੋਂ ਜਿੰਨਾ ਹੋ ਸਕਦਾ, ਉਹ ਮੈਂ ਜ਼ਰੂਰ ਕਰੂੰ। ਜਦੋਂ ਤੱਕ ਇਹ ਨਿਆਣੇ ਵਿਆਹੇ ਨਹੀਂ ਜਾਂਦੇ, ਸਾਡੀ ਜ਼ਮੀਨ ਦਾ ਠੇਕਾ ਜੋ ਢਾਈ ਕੁ ਲੱਖ ਬਣਦੈ, ਉਹ ਤੁਹਾਨੂੰ ਈ ਮਿਲਿਆ ਕਰੂਗਾ।" ਇਹ ਸੁਣ ਕੇ ਗੁਰਜੀਤ ਅਤੇ ਬਾਕੀ ਸਾਰੇ ਟੱਬਰ ਦੀਆਂ ਅੱਖਾਂ ਭਰ ਆਈਆਂ।

ਰਣਜੀਤ ਬੁਝੇ ਹੋਏ ਮਨ ਨਾਲ਼ ਕੈਨੇਡਾ ਮੁੜ ਆਇਆ। ਆਉਣ ਤੋਂ ਥੋੜ੍ਹੇ ਦਿਨ ਬਾਅਦ ਹੀ, ਜਦ ਸੋਨੀਆ ਨੂੰ ਇਹ ਪਤਾ ਲੱਗਾ ਕਿ ਰਣਜੀਤ ਨੇ ਜ਼ਮੀਨ ਦਾ ਠੇਕਾ ਗੁਰਜੀਤ ਨੂੰ ਦੇਣ ਦਾ ਇਕਰਾਰ ਕਰ ਲਿਆ ਹੈ ਤਾਂ ਉਸ ਨੇ ਇਤਰਾਜ਼ ਕਰਦਿਆਂ ਕਾਫ਼ੀ ਰੌਲ਼ਾ-ਗੌਲ਼ਾ ਪਾਇਆ। ਰਣਜੀਤ ਨੇ ਉਸ ਨੂੰ ਅਣਸੁਣਿਆ ਕਰ ਕੇ, ਅੱਗਿਉਂ ਚੁੱਪ ਵੱਟ ਲਈ। ਉਹ ਦੋ-ਢਾਈ ਮਹੀਨੇ ਆਪਣੀ ਮਾਂ ਨੂੰ ਯਾਦ ਕਰ ਕੇ, ਲੁਕ-ਲੁਕ ਰੋਂਦਾ ਰਿਹਾ। ਫਿਰ ਹੌਲ਼ੀ-ਹੌਲ਼ੀ ਇਹ ਗ਼ਮ ਮੱਠਾ ਪੈ ਗਿਆ ਅਤੇ ਜ਼ਿੰਦਗੀ ਆਪਣੇ ਚਾਲੇ ਰੁੜ੍ਹ ਪਈ। ਉਨ੍ਹਾਂ ਦੇ ਘਰ ਦੂਜਾ ਮੁੰਡਾ ਜੰਮਿਆ। ਉਸ ਦਾ ਨਾਂ ਉਨ੍ਹਾਂ ਨੇ ਸਰਤਾਜ ਰੱਖਿਆ। ਜਦ ਸਰਤਾਜ ਇੱਕ ਸਾਲ ਦਾ ਹੋਇਆ ਤਾਂ ਸੋਨੀਆ ਨੇ ਵਕੀਲ ਦੇ ਆਫ਼ਿਸ 'ਚੋਂ ਹਟ ਕੇ, 'ਕਦੀਮ ਟਰੈਵਲ'

ਦੇ ਦਫ਼ਤਰ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਰਣਜੀਤ, ਲਾਇਸੈਂਸ ਲੈ ਕੇ ਟਰੱਕ ਚਲਾਉਣ ਲੱਗ ਗਿਆ। ਉਨ੍ਹਾਂ ਨੇ ਛੇਤੀ ਹੀ ਘਰ ਖ਼ਰੀਦ ਲਿਆ। ਪਹਿਲਾਂ, ਕੁੱਝ ਸਮਾਂ ਰਣਜੀਤ ਨੇ ਪੁਰਾਣਾ ਟਰੱਕ ਚਲਾਇਆ ਤੇ ਫਿਰ ਕੁੱਝ ਸਾਲਾਂ ਬਾਅਦ ਹੀ ਨਵਾਂ ਟਰੱਕ ਲੈ ਲਿਆ। ਟਰੱਕ ਚਲਾਉਣ ਦੀ ਵਜ੍ਹਾ ਨਾਲ਼ ਉਸ ਨੂੰ ਘਰੋਂ ਤੇ ਸੋਨੀਆ ਤੋਂ ਦੂਰ ਰਹਿਣਾ ਪੈਣ ਲੱਗਿਆ। ਸੋਨੀਆ ਪਿਆਰ ਤਾਂ ਸ਼ਾਇਦ ਕਰਨਾ ਹੀ ਨਹੀਂ ਜਾਣਦੀ ਸੀ, ਪਰ ਹੁਣ ਤਾਂ ਉਹ ਰਣਜੀਤ ਦਾ ਖ਼ਿਆਲ ਰੱਖਣੋਂ ਵੀ ਹਟ ਗਈ। ਰਣਜੀਤ ਨੂੰ ਹਾਈਵੇ ਤੋਂ ਘਰ ਮੁੜਨ ਦਾ ਕੋਈ ਬਹੁਤਾ ਚਾਅ ਜਿਹਾ ਨਾ ਹੁੰਦਾ। ਪਤਾ ਨਹੀਂ ਉਸ ਦੇ ਪਿੱਛੋਂ ਸੋਨੀਆ ਬੱਚਿਆਂ ਨੂੰ ਕੀ-ਕੀ ਸਿਖਾਉਂਦੀ ਸੀ ਕਿ ਬੱਚੇ ਉਸ ਕੋਲ਼ ਹਮੇਸ਼ਾ ਓਪਰਿਆਂ ਜਿਹਿਆਂ ਵਾਂਗ ਹੀ ਆਉਂਦੇ ਸਨ। ਜੇਹੀ ਕੋਕੋ, ਤਿਹੇ ਉਸ ਦੇ ਬੱਚੇ। ਵੱਡਾ ਤਾਂ ਕਦੇ-ਕਦੇ ਉਸ ਨੂੰ ਕਿਸੇ ਗੇਮ ਦੀ ਜਾਂ ਖਿਡਾਉਣੇ ਦੀ ਫ਼ਰਮਾਇਸ਼ ਕਰ ਦਿੰਦਾ, ਪਰ ਸਰਤਾਜ ਉਸ ਨੂੰ ਦੇਖਦਿਆਂ ਹੀ ਮੂੰਹ ਘੁਮਾ ਲੈਂਦਾ। ਰਣਜੀਤ ਨੇ ਕਦੇ ਸੋਚਿਆ ਸੀ ਕਿ ਉਹ ਸੋਨੀਆ ਦਾ ਸੁਭਾਅ ਆਪਣੀ ਮਾਂ ਦੇ ਸੁਭਾਅ ਵਰਗਾ ਕਰ ਲਏਗਾ, ਪਰ ਉਹ ਤਾਂ ਹੁਣ ਰਹਿੰਦੀ-ਖੂੰਹਦੀ ਵੀ ਪੱਥਰ ਜਿਹੀ ਹੋ ਗਈ ਸੀ। ਰਣਜੀਤ ਨੂੰ ਸੋਨੀਆ ਵਿੱਚੋਂ ਧਰਮ ਕੌਰ ਦਾ ਭੋਰਾ ਵੀ ਨਜ਼ਰ ਨਾ ਆਉਂਦਾ। ਧਰਮ ਕੌਰ ਨੇ ਰਣਜੀਤ ਨੂੰ ਬੋਲਣਾ ਸਿਖਾਇਆ ਸੀ ਅਤੇ ਸੋਨੀਆ ਨੇ ਉਸ ਨੂੰ ਚੁੱਪ ਰਹਿਣ ਦੀ ਆਦਤ ਪਾ ਦਿੱਤੀ। ਕਦੇ-ਕਦੇ ਰਣਜੀਤ ਨੂੰ ਲੱਗਦਾ, ਜਿਵੇਂ ਉਹ ਸੋਨੀਆ ਨਾਲ਼ ਰਹਿਣ ਦੀ, ਕਦੇ ਵੀ ਨਾ ਮੁੱਕਣ ਵਾਲੀ ਸਜ਼ਾ ਭੁਗਤ ਰਿਹਾ ਹੋਵੇ। ਉਸ ਨੇ ਬਚਪਨ ਵਿੱਚ ਰਿਸ਼ਤਿਆਂ ਦਾ ਜਿੰਨਾ ਨਿੱਘ ਹੰਢਾਇਆ ਸੀ, ਓਨਾ ਹੀ ਹੁਣ ਉਹ ਜ਼ਿੰਦਗੀ ਦੇ ਖਰ੍ਹਵੇਂਪਨ ਦੇ ਰੂਬਰੂ ਹੋ ਰਿਹਾ ਸੀ। ਉਹ ਮਸ਼ੀਨ ਹੋ ਗਿਆ ਸੀ, ਜਜ਼ਬਾਤ ਦੀ ਕਬਰ ਹੋ ਗਿਆ ਸੀ। ਪਰ ਜ਼ਿੰਦਗੀ ਫਿਰ ਵੀ ਰੁੜ੍ਹ-ਖੁੜ੍ਹ ਕੇ ਤੁਰੀ ਜਾ ਰਹੀ ਸੀ।

## 3

ਅਚਾਨਕ ਫ਼ੋਨ ਦੀ ਘੰਟੀ ਵੱਜੀ ਤਾਂ ਬੈੱਡ ’ਤੇ ਪਿਆ ਰਣਜੀਤ ਆਪਣੀਆਂ ਯਾਦਾਂ ਦੀ ਦਲਦਲ ਵਿੱਚੋਂ ਇਕ ਦਮ ਬਾਹਰ ਆ ਗਿਆ। ਉਨ੍ਹਾਂ ਦੇ ਇੰਸ਼ੋਰੈਂਸ ਏਜੰਟ ਮਨੀਸ਼ ਦਾ ਫ਼ੋਨ ਸੀ। ਉਸ ਨੇ ਪਾਲਿਸੀ ਬਾਰੇ ਕੁੱਝ ਸਲਾਹ-ਮਸ਼ਵਰਾ ਕਰਨ ਲਈ ਘਰ ਆਉਣਾ ਸੀ। ਮਨੀਸ਼ ਪਿਛਲੇ ਦੋ-ਤਿੰਨ ਦਿਨਾਂ ਤੋਂ ਉਨ੍ਹਾਂ ਦੇ ਘਰ ਦੇ ਗੇੜੇ ਮਾਰ ਰਿਹਾ ਸੀ। ਉਸ ਦਾ ਕਹਿਣ ਸੀ ਕਿ ਉਨ੍ਹਾਂ ਵੱਲੋਂ ਲਏ ਹੋਏ ਇੰਸ਼ੋਰੈਂਸ ਪੈਕੇਜ ਅਨੁਸਾਰ, ਰਣਜੀਤ ਨੂੰ ਮਹੀਨਾਵਾਰ ਪੈਸੇ ਵੀ ਮਿਲ਼ ਸਕਦੇ ਹਨ। ਇਸ ਦੇ ਨਾਲ਼ ਹੀ ਉਸ ਨੇ ਇੱਕ ਹੋਰ ਤਰੀਕਾ ਵੀ ਦੱਸਿਆ ਕਿ ਕਈ ਵਾਰ ਕੰਪਨੀਆਂ ਇਕੱਠੀ ਰਕਮ ਦੇ ਕੇ ਵੀ ਸੈਟਲਮੈਂਟ ਕਰ ਲੈਂਦੀਆਂ ਹਨ। ਸੋਨੀਆ, ਰਣਜੀਤ ਨੂੰ ਇਕੱਠੀ ਰਕਮ ਲੈਣ ਲਈ ਮਨਾ ਰਹੀ ਸੀ। ਇਸ ਦੇ ਹੱਕ ਵਿੱਚ ਉਹ ਇਹ ਦਲੀਲ ਦਿੰਦੀ ਕਿ ਇਸ ਰਕਮ ਨਾਲ਼ ਘਰ ਉਤਲਾ ਸਾਰਾ ਕਰਜ਼ਾ ਲਹਿ ਜਾਵੇਗਾ ਅਤੇ ਘਰ ਦਾ ਖ਼ਰਚਾ ਉਹ ਆਪਣੀ ਕਮਾਈ ਨਾਲ਼ ਤੋਰਦੀ ਰਹੇਗੀ। ਰਣਜੀਤ ਨੂੰ ਉਸ ਦੀ ਦਲੀਲ ਵਿੱਚ ਬਹੁਤਾ ਦਮ ਨਾ ਲੱਗਿਆ।

ਹੁਣ ਉਹ, ਇਹ ਸੋਚ ਕੇ ਹੈਰਾਨ ਹੋ ਰਿਹਾ ਸੀ ਕਿ ਸੋਨੀਆ ਇਕੱਠੀ ਰਕਮ ਲੈਣ ਵਾਸਤੇ ਜ਼ੋਰ ਕਿਉਂ ਪਾ ਰਹੀ ਹੈ ਜਦੋਂ ਕਿ ਰਣਜੀਤ ਦੇ ਠੀਕ ਨਾ ਹੋਣ ਦੀ ਸੂਰਤ ਵਿੱਚ, ਉਸ ਨੂੰ ਉਮਰ ਭਰ ਲਈ ਮਹੀਨਾਵਾਰ ਪੈਸੇ ਮਿਲ ਸਕਦੇ ਸਨ। ਇਸ ਜ਼ਿੱਦ ਦਾ ਉਸ ਨੇ ਇਹ ਨਤੀਜਾ ਕੱਢਿਆ ਕਿ ਸ਼ਾਇਦ ਸੋਨੀਆ ਨੂੰ ਇਹ ਚਿੰਤਾ ਹੈ ਕਿ ਮਹੀਨਾਵਾਰ ਮਿਲਣ ਵਾਲ਼ੀ ਰਕਮ ਰਣਜੀਤ ਦੀ ਮੌਤ ਤੋਂ ਬਾਅਦ ਬੰਦ ਹੋ ਜਾਵੇਗੀ। ਉਹ ਇਹ ਵੀ ਸੋਚਦੀ ਹੋਵੇਗੀ ਕਿ ਰਣਜੀਤ ਇਸ ਹਾਲਤ ਵਿੱਚ ਪਤਾ ਨਹੀਂ ਕਿੰਨਾ ਚਿਰ ਕੱਢੇਗਾ। ਇਹ ਵੀ ਹੋ ਸਕਦਾ ਹੈ ਕਿ ਉਹ ਆਉਣ ਵਾਲ਼ੇ ਸਮੇਂ ਵਿੱਚ ਰਣਜੀਤ ਕੋਲੋਂ ਪਿੱਛਾ ਛਡਾਉਣ ਦੀ ਚਾਹਵਾਨ ਹੋਵੇ ਤੇ ਜੋ ਵੀ ਮਿਲਣਾ ਹੈ, ਇੱਕੋ ਵਾਰੀ ਹਥਿਆਉਣ ਦੇ ਚੱਕਰ ’ਚ ਹੋਵੇ। ਉਸ ਨੂੰ ਸੋਨੀਆ ਤੋਂ ਹੋਰ ਆਸ ਵੀ ਕੀ ਹੋ ਸਕਦੀ ਸੀ। ਪਰ ਰਣਜੀਤ ਹੁਣ ਇੱਕ ਤਰ੍ਹਾਂ ਨਾਲ਼ ਆਪਣੇ-ਆਪ ਨੂੰ ਸੋਨੀਆ ਦੇ ਰਹਿਮੋ-ਕਰਮ ’ਤੇ ਹੀ ਸਮਝਦਾ ਸੀ। ਇਸ ਲਈ ਉਹ ਇਕੱਠੀ ਰਕਮ ਲੈਣ ਲਈ ਮੰਨ ਗਿਆ।

ਇੱਕ ਦਿਨ ਪੀਟਰ ਅਤੇ ਕੁਲਜਿੰਦਰ ਉਸ ਨੂੰ ਦੇਖਣ ਆਏ। ਪੀਟਰ ਨੇ ਉਸ ਨੂੰ ਦੱਸਿਆ ਕਿ ਕੰਪਨੀ ਦੇ ਕਹਿਣ ’ਤੇ ਉਸ ਨੇ ਸੋਨੀਆ ਕੋਲ਼ੋਂ ਟਰੱਕ ਦੀ ਚਾਬੀ ਲੈ ਕੇ ਉਸ ਦਾ ਲੋਡ ਲਾਹ ਦਿੱਤੈ ਅਤੇ ਟਰਾਲਾ, ਕੰਪਨੀ ਦੀ ਯਾਰਡ ਵਿੱਚ ਛੱਡ ਕੇ, ਟਰੱਕ ਫਿਰ ਰਣਜੀਤ ਦੀ ਟਰੱਕ-ਯਾਰਡ ਵਿੱਚ ਪਾਰਕ ਕਰ ਦਿੱਤੈ। ਰਣਜੀਤ ਨੇ ਅੱਖਾਂ ਭਰ ਕੇ ਆਪਣੀ ਬੇਵਸੀ ਜ਼ਾਹਿਰ ਕਰਦਿਆਂ, ਪੀਟਰ ਨੂੰ ਕੋਈ

ਚੰਗੀ ਕੀਮਤ ਮਿਲਣ ’ਤੇ ਉਸ ਦਾ ਟਰੱਕ ਵੇਚਣ ਲਈ ਕਹਿ ਦਿੱਤਾ। ਰਣਜੀਤ ਨੇ ਸਾਢੇ ਚਾਰ ਸਾਲ ਪਹਿਲਾਂ ਬੜੇ ਚਾਅ ਨਾਲ਼ ਨਵਾਂ ਟਰੱਕ ਖ਼ਰੀਦਿਆ ਸੀ। ਅਜੇ ਛੇ ਮਹੀਨੇ ਪਹਿਲਾਂ ਹੀ ਉਸ ਦੀਆਂ ਕਿਸ਼ਤਾਂ ਮੁੱਕੀਆਂ ਸਨ। ਹੁਣ ਜਦੋਂ ਦੱਬ ਕੇ ਕਮਾਈ ਕਰਨ ਦਾ ਵੇਲ਼ਾ ਆਇਆ ਤਾਂ ਉਸ ਦੇ ਸੱਟ ਲੱਗ ਗਈ। ਜਾਣ ਲੱਗਿਆਂ ਪੀਟਰ, ਰਣਜੀਤ ਨੂੰ ਕਹਿਣ ਲੱਗਿਆ, “ਰੈਂਡੀ ਚੇਤੈ, ਉਸ ਦਿਨ ਆਪਾਂ ਡਰਾਈਵਰੀ ਵਿੱਚ ਤਪੱਸਿਆ ਦੀ ਗੱਲ ਕਰਦੇ ਸਾਂ, ਪਰ ਯਾਰ ਆਹ ਤੇਰੀ ਤਪੱਸਿਆ ਦੇ ਸਾਹਮਣੇ ਤਾਂ ਉਹ ਤਪੱਸਿਆ ਕੁੱਝ ਵੀ ਨਹੀਂ। ਮੈਨੂੰ ਇਹ ਸੋਚ ਕੇ ਝੁਣਝੁਣੀ ਜਿਹੀ ਆ ਜਾਂਦੀ ਹੈ ਕਿ ਤੂੰ ਸਾਰੀ ਦਿਹਾੜੀ ਬੈੱਡ ਤੇ ਪਿਆ ਰਹਿਨਾਂ। ਤੂੰ ਤਾਂ ਸੱਚ-ਮੁੱਚ ਬਹੁਤਾ ਵੱਡਾ ਤਪੀ ਬਣ ਗਿਐਂ ਯਾਰਾ। ਤੂੰ ਮੁੜ ਕੇ ਆ ਜਾ ਰੈਂਡੀ। ਆਪਾਂ ਨੂੰ ਉਹੀ ਤਪੱਸਿਆ ਚੰਗੀ ਆ,” ਇਹ ਕਹਿੰਦਿਆਂ ਪੀਟਰ ਦੀਆਂ ਅੱਖਾਂ ਪਰਲ-ਪਰਲ ਡੁੱਲ੍ਹ ਪਈਆਂ ਸਨ। ਰਣਜੀਤ ਵੀ ਉਸ ਵੱਲ ਦੇਖਦਾ ਆਪਣੇ ਹੰਝੂ ਡੱਕ ਨਾ ਸਕਿਆ। ਇਹ ਬੇਵਸੀ ਹੁਣ ਉਸ ਦੀ ਆਦਤ ਜਿਹੀ ਬਣਦੀ ਜਾ ਰਹੀ ਸੀ।

“ਸੱਚ ਯਾਰ, ਉਹ ਜਿਹੜਾ ਫਾਰਮ ਵਾਲਾ ਮਰਿਆ ਸੱਪ ਆਪਾਂ ਗਲ਼ ਪੁਆਇਐ, ਉਸ ਨੇ ਬੜਾ ਨੱਕ ’ਚ ਦਮ ਕੀਤਾ ਹੋਇਐ। ਹੁਣ ਤਾਂ ਪੇਮੈਂਟ ਦੇਣ ਲੱਗਿਆਂ ਵੀ ਗੁੱਸਾ ਆਉਂਦੈ। ਇਸ ’ਤੇ ਪੈਸੇ ਖਰਾਬ ਕਰਨ ਨਾਲੋਂ ਤਾਂ ਬੰਦਾ ਕਿਤੇ ਦਾਨ ਹੀ ਕਰ ਦੇਵੇ। ਨਾਲੇ ਯਾਰ, ਹੁਣ ਤੇਰਾ ਤਾਂ ਹੋਰ ਵੀ ਔਖਾ ਹੋ ਗਿਐ,” ਪੀਟਰ ਨੇ ਤੁਰਨ ਲੱਗਿਆਂ ਅਚਾਨਕ ਕੁੱਝ ਯਾਦ ਕਰਦਿਆਂ ਕਿਹਾ।

ਇਸ ਤੋਂ ਪਹਿਲਾਂ ਕਿ ਰਣਜੀਤ ਕੋਈ ਜੁਆਬ ਦਿੰਦਾ ਕੋਲ਼ ਬੈਠੀ ਸੋਨੀਆ ਟੁੱਟ ਕੇ ਪੈ ਗਈ, “ਪੀਟਰ, ਸਾਡੇ ਤੋਂ ਨਹੀਂ ਹੁਣ ਹੋਰ ਪੈਸੇ-ਪੂਸੇ ਦੇ ਹੋਣੇ। ਤੁਸੀਂ ਰੈਂਡੀ ਵਾਲਾ ਹਿੱਸਾ ਆਪੇ ਰੱਖ ਲਿਓ ਤੇ ਸਾਨੂੰ ਇਸ ਡੀਲ ਵਿੱਚੋਂ ਕੱਢ ਦਿਓ। ਅਸੀਂ ਨਾ ਕੁੱਝ ਲੈਣਾ ਨਾ ਦੇਣਾ।”

“ਹਾਂ ਭਾਬੀ ਜੀ ਮੈਨੂੰ ਪਤੈ, ਹੁਣ ਤੁਹਾਡੇ ਕੋਲੋਂ ਕਿਸ਼ਤ ਨਹੀਂ ਦੇ ਹੋਣੀ। ਚਲੋ, ਗ਼ਲਤੀ ਵੀ ਮੇਰੀ ਹੀ ਸੀ। ਮੈਂ ਹੀ ਗ਼ਲਤ ਇਨਫਰਮੇਸ਼ਨ ’ਤੇ ਭਰੋਸਾ ਕਰ ਲਿਆ। ਮੈਂ ਆਪੇ ਰਣਜੀਤ ਵਾਲਾ ਹਿੱਸਾ ਰੱਖ ਲਊਂ, ਘਾਟਾ ਤਾਂ ਘਾਟਾ ਹੀ ਸਹੀ,” ਪੀਟਰ ਦੇ ਇਹ ਆਖਣ ਤੋਂ ਬਾਅਦ ਉਹ ਮੀਆਂ-ਬੀਵੀ ਉੱਠ ਕੇ ਚਲੇ ਗਏ।

ਗੱਲ ਅਸਲ ਵਿੱਚ ਇਹ ਸੀ ਕਿ ਦੋ ਕੁ ਸਾਲ ਪਹਿਲਾਂ ਰਣਜੀਤ, ਪੀਟਰ ਅਤੇ ਦੋ ਹੋਰ ਦੋਸਤਾਂ ਨੇ ਰਲ਼ ਕੇ ਦੋ ਏਕੜ ਦਾ ਇੱਕ ਫਾਰਮ, ਅੱਠ ਲੱਖ ਡਾਲਰ ਦਾ ਖ਼ਰੀਦਿਆ ਸੀ। ਇਸ ਖ਼ਾਤਰ ਸਾਰਿਆਂ ਨੇ ਸਾਢੇ ਬਾਰਾਂ-ਬਾਰਾਂ ਹਜ਼ਾਰ ਡਾਲਰ ਦਾ ਹਿੱਸਾ ਪਾ ਕੇ, ਪੰਜਾਹ ਹਜ਼ਾਰ ਡਾਲਰ ਡਾਊਨ ਪੇਮੈਂਟ ਕੀਤੀ ਸੀ। ਬਾਕੀ ਸਾਢੇ ਸੱਤ ਲੱਖ ਡਾਲਰ ਦਾ ਕਰਜ਼ਾ ਲਿਆ ਸੀ, ਜਿਸ ਦਾ ਹਰ ਮਹੀਨੇ ਦਾ ਵਿਆਜ਼ ਤਿੰਨ ਹਜ਼ਾਰ ਡਾਲਰ ਬਣਦਾ ਸੀ। ਇਹ ਵਿਆਜ਼ ਚਾਰੇ ਦੋਸਤ ਰਲ਼ ਕੇ ਅਦਾ

ਕਰਦੇ ਸਨ। ਇਹ ਜ਼ਮੀਨ ਖ਼ਰੀਦਣ ਪਿੱਛੇ ਵੀ ਇੱਕ ਕਹਾਣੀ ਸੀ। ਅਸਲ ਵਿੱਚ ਪੀਟਰ ਨੂੰ ਕਿਤਿਓਂ ਸੂਹ ਮਿਲੀ ਸੀ ਕਿ ਸਿਟੀ ਵਾਲ਼ੇ ਫਾਰਮ ਅਤੇ ਇਸ ਦੇ ਆਲ਼ੇ-ਦੁਆਲ਼ੇ ਦੀ ਕਾਫ਼ੀ ਜ਼ਮੀਨ ਖੇਤੀਬਾੜੀ ਦੀ ਜ਼ੋਨਿੰਗ 'ਚੋਂ ਕੱਢ ਕੇ ਰਿਹਾਇਸ਼ੀ ਇਲਾਕੇ ਵਾਲੀ ਜ਼ੋਨਿੰਗ 'ਚ ਪਾਉਣ ਨੂੰ ਫਿਰਦੇ ਨੇ, ਜਿਸ ਕਰ ਕੇ ਇਸ ਜ਼ਮੀਨ ਦੀ ਕੀਮਤ ਬਹੁਤ ਉੱਚੀ ਚਲੇ ਜਾਣ ਦੀ ਸੰਭਾਵਨਾ ਸੀ। ਉਨ੍ਹਾਂ ਨੇ ਇਹ ਸੋਚ ਕੇ ਜ਼ਮੀਨ ਖ਼ਰੀਦੀ ਸੀ ਕਿ ਕੀਮਤ ਵਧਣ 'ਤੇ ਜ਼ਮੀਨ ਵੇਚ ਕੇ ਮੋਟਾ ਮੁਨਾਫ਼ਾ ਕਮਾਇਆ ਜਾ ਸਕੇ। ਪਰ ਨਾ ਸਿਟੀ ਨੇ ਜ਼ਮੀਨ ਦੀ ਜ਼ੋਨਿੰਗ ਬਦਲੀ ਅਤੇ ਨਾ ਹੀ ਕੀਮਤ ਵਧੀ। ਸਗੋਂ ਕੀਮਤ ਪਹਿਲਾਂ ਨਾਲ਼ੋਂ ਵੀ ਘਟ ਗਈ। ਹਰ ਮਹੀਨੇ ਵਿਆਜ਼ ਦੀ ਕਿਸ਼ਤ, ਕੱਚੇ ਧਾਗੇ ਨਾਲ਼ ਬੰਨ੍ਹੀਂ ਤਲਵਾਰ ਵਾਂਗ ਸਿਰ 'ਤੇ ਲਟਕਦੀ ਰਹਿੰਦੀ। ਸੋਨੀਆ ਸ਼ੁਰੂ ਤੋਂ ਹੀ ਇਸ ਸੌਦੇ ਦੇ ਹੱਕ ਵਿੱਚ ਨਹੀਂ ਸੀ, ਹੁਣ ਤਾਂ ਉਸ ਨੂੰ ਇਹ ਪੈਸੇ ਮਰਦੇ ਹੀ ਲੱਗ ਰਹੇ ਸਨ।

ਇਸ ਦੌਰਾਨ ਹੀ, ਰਣਜੀਤ ਦੇ ਸੱਟ ਲੱਗਣ ਦਾ ਅਫ਼ਸੋਸ ਕਰਨ ਵਾਲ਼ਿਆਂ ਦੇ, ਭਾਰਤ ਤੋਂ ਕਈ ਫ਼ੋਨ ਆਏ। ਫ਼ੋਨ ਕਰਨ ਵਾਲਿਆਂ ਵਿੱਚ ਸੋਨੀਆ ਅਤੇ ਰਣਜੀਤ ਦੇ ਬਹੁਤ ਸਾਰੇ ਰਿਸ਼ਤੇਦਾਰ ਤੇ ਦੋਸਤ-ਮਿੱਤਰ ਸ਼ਾਮਲ ਸਨ। ਤਕਰੀਬਨ ਸਾਰਿਆਂ ਨੇ ਹੀ ਰਣਜੀਤ ਨੂੰ ਰੱਬ ਦਾ ਭਾਣਾ ਮੰਨਣ ਤੇ ਹੌਸਲਾ ਰੱਖਣ ਲਈ ਕਿਹਾ ਅਤੇ ਉਸ ਦੇ ਛੇਤੀ ਠੀਕ ਹੋ ਜਾਣ ਦੀਆਂ ਅਰਦਾਸਾਂ ਵੀ ਕੀਤੀਆਂ।

ਇੰਸ਼ੋਰੈਂਸ ਦਾ ਕੰਮ ਨਿੱਬੜਦਿਆਂ-ਨਿੱਬੜਦਿਆਂ ਡੇਢ ਕੁ ਮਹੀਨਾ ਲੱਗ ਗਿਆ। ਇਸ ਦੌਰਾਨ ਸੋਨੀਆ ਨੇ ਆਪਣੀ ਛੁੱਟੀ, ਇੱਕ ਮਹੀਨਾ ਹੋਰ ਵਧਾ ਲਈ। ਇੰਸ਼ੋਰੈਂਸ ਵਾਲਿਆਂ ਨੇ ਉਨ੍ਹਾਂ ਨੂੰ ਸਾਢੇ ਤਿੰਨ ਲੱਖ ਡਾਲਰ ਇਕੱਠੇ ਦੇਣ ਦੀ ਪੇਸ਼ਕਸ਼ ਕੀਤੀ, ਜੋ ਸੋਨੀਆ ਨੇ ਤੁਰੰਤ ਕਬੂਲ ਕਰ ਲਈ। ਘਰ ਉੱਤੇ ਢਾਈ ਲੱਖ ਡਾਲਰ ਦਾ ਕਰਜ਼ਾ ਬਾਕੀ ਸੀ, ਜੋ ਸੋਨੀਆ ਨੇ ਇੰਸ਼ੋਰੈਂਸ ਦੇ ਪੈਸੇ ਮਿਲਦੇ ਸਾਰ ਹੀ ਲਾਹ ਦਿੱਤਾ। ਬਾਕੀ ਬਚੇ ਪੈਸਿਆਂ ਨਾਲ਼ ਸੋਨੀਆ ਨੇ ਬਾਹਰਲੀਆਂ ਪੌੜੀਆਂ 'ਤੇ ਵੀਲ ਚੇਅਰ ਚੜ੍ਹਾਉਣ ਵਾਸਤੇ ਰੈਂਪ ਬਣਵਾ ਦਿੱਤਾ ਅਤੇ ਘਰ ਅੰਦਰ ਉੱਪਰ ਥੱਲੇ ਜਾਣ ਲਈ ਇੱਕ ਲਿਫ਼ਟ ਲੁਆ ਦਿੱਤੀ। ਇਸ ਦੇ ਨਾਲ਼ ਹੀ ਉਸ ਨੇ ਰਣਜੀਤ ਨੂੰ ਇੱਕ ਇਲੈਕਟ੍ਰਿਕ ਵੀਲਚੇਅਰ ਵੀ ਲੈ ਦਿੱਤੀ। ਰਣਜੀਤ ਦੇ ਬੈੱਡ-ਰੂਮ 'ਚ ਕੁੱਝ ਅਦਲਾ-ਬਦਲੀਆਂ ਵੀ ਕੀਤੀਆਂ ਗਈਆਂ। ਰਣਜੀਤ ਨੂੰ ਉੱਠਣ-ਬੈਠਣ ਵਿੱਚ ਸਹਾਇਤਾ ਦੇਣ ਲਈ ਵਾਸ਼ਰੂਮ 'ਚ ਕੁਝ ਹੈਂਡਲ ਲਾ ਦਿੱਤੇ ਗਏ। ਇਸ ਤੋਂ ਇਲਾਵਾ, ਬਾਹਰਲੇ ਦਰਵਾਜ਼ੇ ਨੂੰ ਰਿਮੋਟ-ਕੰਟਰੋਲ ਵਾਲਾ ਲਾੱਕ ਅਤੇ ਦਰਵਾਜ਼ਿਉਂ ਬਾਹਰ ਵਿਡੀਉ ਕੈਮਰੇ ਵਾਲਾ ਇੰਟਰ-ਕਾਮ ਲਗਾ ਦਿੱਤਾ ਜਿਸ ਦਾ ਇੱਕ ਰਿਸੀਵਰ ਰਣਜੀਤ ਦੇ ਕਮਰੇ 'ਚ ਲਗਵਾ ਦਿੱਤਾ। ਹੁਣ ਜਦੋਂ ਕੋਈ ਬਾਹਰ ਆ ਕੇ ਬੈੱਲ ਵਜਾਵੇ ਤਾਂ ਰਣਜੀਤ ਦੇ ਕਮਰੇ ਵਿਚ ਛੋਟੀ ਜਿਹੀ ਸਕਰੀਨ ਜਗ ਪੈਂਦੀ ਅਤੇ ਉਸ ਵਿੱਚ ਬਾਹਰ ਆਏ ਵਿਅਕਤੀ ਦਾ ਚਿਹਰਾ ਦਿਸਣ ਲੱਗ

ਪੈਂਦਾ। ਰਣਜੀਤ ਬੈੱਡ ਤੋਂ ਹੀ, ਬਾਹਰ ਖੜ੍ਹੇ ਵਿਅਕਤੀ ਨਾਲ਼ ਗੱਲ ਵੀ ਕਰ ਸਕਦਾ ਸੀ ਅਤੇ ਲੋੜ ਪੈਣ ਤੇ ਦਰਵਾਜ਼ਾ ਵੀ ਖੋਲ੍ਹ ਸਕਦਾ ਸੀ। ਕੁੱਲ ਮਿਲ਼ਾ ਕੇ, ਸੋਨੀਆ ਨੇ ਇਹ ਕੋਸ਼ਿਸ਼ ਕੀਤੀ ਕਿ ਰਣਜੀਤ ਆਪਣੇ ਸਿਰ-ਖ਼ੁਦ ਹੋ ਕੇ ਘਰ ਵਿੱਚ ਸੌਖਿਆਂ ਵਿਚਰ ਸਕੇ। ਇਹ ਸਹੂਲਤਾਂ ਮਿਲਣ ਮਗਰੋਂ ਰਣਜੀਤ ਆਪਣੇ ਘਰ ਵਿੱਚ ਕਿਤੇ ਵੀ ਆਉਣ-ਜਾਣ ਅਤੇ ਆਪਣੇ ਬੈੱਡ ਤੇ ਚੜ੍ਹਨ-ਉੱਤਰਨ ਜੋਗਾ ਹੋ ਗਿਆ। ਹਰ ਦੋ-ਤਿੰਨ ਦਿਨ ਬਾਅਦ, ਇਕ ਨਰਸ ਆ ਕੇ ਰਣਜੀਤ ਦੀਆਂ ਦਵਾਈਆਂ ਤੇ ਹੋਰ ਇੰਤਜ਼ਾਮ ਵਗ਼ੈਰਾ ਚੈੱਕ ਕਰ ਜਾਂਦੀ ਤੇ ਲੋੜ ਮੁਤਾਬਕ ਸਲਾਹ ਦੇ ਜਾਂਦੀ।

ਫਿਰ ਪੁੱਛ-ਦੱਸ ਕੇ ਸੋਨੀਆ ਨੇ ਸਿਹਤ ਵਿਭਾਗ ਨੂੰ ਰਣਜੀਤ ਦੀ ਦੇਖ ਭਾਲ਼ ਵਾਸਤੇ ਇੱਕ ਰੈਗੂਲਰ ਨਰਸ ਭੇਜਣ ਦੀ ਦਰਖ਼ਾਸਤ ਦਿੱਤੀ। ਇੱਕ ਹਫ਼ਤੇ ਦੇ ਅੰਦਰ-ਅੰਦਰ ਹੀ, ਰੋਜ਼ਾਨਾ ਦੋ ਘੰਟੇ ਨਰਸ ਭੇਜਣ ਦੀ ਮਨਜ਼ੂਰੀ ਆ ਗਈ। ਹੁਣ ਤੱਕ ਸੋਨੀਆ ਦੀਆਂ ਛੁੱਟੀਆਂ ਦੇ ਦੋ ਮਹੀਨੇ ਲੰਘ ਚੁੱਕੇ ਸਨ ਅਤੇ ਉਸ ਨੇ ਦੁਬਾਰਾ ਕੰਮ ਤੇ ਜਾਣਾ ਸ਼ੁਰੂ ਕਰਨ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ।

ਰਣਜੀਤ ਨੂੰ ਰੈਗੂਲਰ ਨਰਸ ਮਿਲ਼ ਜਾਣ ’ਤੇ ਸੋਨੀਆ ਕਾਫ਼ੀ ਬੇਫ਼ਿਕਰ ਜਿਹੀ ਹੋ ਗਈ। ਉਹ ਦੁਬਾਰਾ ਕੰਮ ਕਰਨ ਲੱਗ ਪਈ। ਬੱਚਿਆਂ ਨੂੰ ਸਕੂਲ ਛੱਡ ਕੇ, ਉਹ ਕੰਮ ’ਤੇ ਚਲੇ ਜਾਂਦੀ। ਸਕੂਲੋਂ ਬਾਅਦ ਬੱਚਿਆਂ ਨੂੰ ਉਨ੍ਹਾਂ ਦੀ ਨਾਨੀ ਚੁੱਕ ਲਿਆਉਂਦੀ ਅਤੇ ਸ਼ਾਮ ਤੱਕ ਬੱਚੇ ਆਪਣੇ ਨਾਨੇ-ਨਾਨੀ ਕੋਲ ਰਹਿੰਦੇ। ਫਿਰ ਛੇ, ਸਾਢੇ ਛੇ ਵਜੇ ਕੰਮ ਤੋਂ ਮੁੜਦੀ ਸੋਨੀਆ ਨਿਆਣਿਆਂ ਨੂੰ ਘਰ ਲੈ ਆਉਂਦੀ। ਸੋਨੀਆ ਹਫ਼ਤੇ ਵਿੱਚ ਛੇ ਦਿਨ ਕੰਮ ਕਰਦੀ ਸੀ। ਜਦੋਂ ਉਸ ਨੇ ਨਵਾਂ-ਨਵਾਂ ਕੰਮ ਸ਼ੁਰੂ ਕੀਤਾ ਸੀ ਤਾਂ ਉਹ ਪੰਜ ਦਿਨ ਹੀ ਕੰਮ ਤੇ ਜਾਂਦੀ ਹੁੰਦੀ ਸੀ। ਫਿਰ ਹੌਲ਼ੀ-ਹੌਲ਼ੀ ਉਸ ਨੇ ਛੇ ਦਿਨ ਜਾਣਾ ਸ਼ੁਰੂ ਕਰ ਦਿੱਤਾ।

ਰਣਜੀਤ ਦੀ ਦੇਖਭਾਲ਼ ਲਈ ਪਹਿਲਾਂ ਇੱਕ ਫਿਲੀਪੀਨਣ ਨਰਸ ਨੇ ਆਉਣਾ ਸ਼ੁਰੂ ਕੀਤਾ, ਜਿਸ ਦਾ ਨਾਮ ਕਾਇਲਾ ਸੀ। ਉਸ ਨੇ ਰਣਜੀਤ ਨੂੰ ਨਵ੍ਹਾਉਣ ਦੇ ਨਾਲ਼-ਨਾਲ਼, ਉਸ ਦੇ ਕੱਪੜੇ ਲਾਂਡਰੀ ਕਰਨੇ, ਉਸ ਦੀ ਸ਼ੇਵ ਕਰਨੀ ਅਤੇ ਉਸ ਨੂੰ ਲੰਚ ਬਣਾ ਕੇ ਦਿਆ ਕਰਨਾ ਸੀ। ਪਹਿਲੇ ਦਿਨ ਰਣਜੀਤ ਨੇ ਕਾਇਲਾ ਕੋਲ਼ੋਂ ਨਹਾਉਣ ਤੋਂ ਨਾਂਹ ਕਰ ਦਿੱਤੀ। ਕਾਇਲਾ ਦੇ ਜ਼ੋਰ ਪਾਉਣ ’ਤੇ ਉਸ ਨੇ ਕੱਛਾ-ਬਨੈਣ ਆਪ ਬਦਲਣ ਦੀ ਸ਼ਰਤ ’ਤੇ ਉਸ ਦੀ ਮਦਦ ਨਾਲ਼ ਨਹਾਉਣਾ ਸ਼ੁਰੂ ਕਰ ਦਿੱਤਾ। ਨਹਾਉਣ ਤੋਂ ਬਾਅਦ ਉਹ ਅੰਡਰਵੀਅਰ ਆਪ ਬਦਲਦਾ ਅਤੇ ਫਿਰ ਬਾਕੀ ਕੱਪੜੇ ਕਾਇਲਾ ਪੁਆ ਦਿੰਦੀ। ਕੁੱਝ ਦਿਨ ਦੀ ਖ਼ਾਮੋਸ਼ੀ ਤੋਂ ਬਾਅਦ ਇੱਕ ਦਿਨ, ਰਣਜੀਤ ਨੇ ਅੰਗਰੇਜ਼ੀ ਵਿੱਚ ਉਸ ਨਾਲ਼ ਮਾੜੀ-ਮੋਟੀ ਗੱਲ ਕਰਨੀ ਸ਼ੁਰੂ ਕੀਤੀ, “ਕਾਇਲਾ, ਤੂੰ ਹਸਪਤਾਲ ਵੀ ਕੰਮ ਕਰਦੀ ਏਂ ਜਾਂ ਘਰਾਂ ਵਿੱਚ ਹੀ?”

"ਨਹੀਂ ਰੈਂਡੀ, ਅਸੀਂ ਹਸਪਤਾਲ ਨਹੀਂ, ਘਰਾਂ ਵਿੱਚ ਹੀ ਪੇਸ਼ੈਂਟ ਅਟੈਂਡ ਕਰੀਦੇ ਨੇ।"

"ਹਸਪਤਾਲ 'ਚ ਤਾਂ ਜ਼ਿਆਦਾ ਪੈਸੇ ਮਿਲਦੇ ਹੋਣੇ ਘਰਾਂ ਨਾਲੋਂ?" ਰਣਜੀਤ ਦਾ ਸੁਆਲ ਵਰਗਾ ਜੁਆਬ ਸੀ।

"ਨਹੀਂ ਰੈਂਡੀ, ਪੈਸਿਆਂ ਦਾ ਕੋਈ ਖਾਸ ਫਰਕ ਨਹੀਂ, ਅਸੀਂ ਵੀ 'ਫਰੇਜ਼ਰ ਹੈਲਥ' ਵਾਸਤੇ ਹੀ ਕੰਮ ਕਰਦੇ ਹਾਂ ਅਤੇ ਹਸਪਤਾਲ ਵਾਲੇ ਵੀ। 'ਫਰੇਜ਼ਰ ਹੈਲਥ' ਇਸ ਇਲਾਕੇ ਦੇ ਸਰਕਾਰੀ ਸਿਹਤ ਵਿਭਾਗ ਦਾ ਨਾਂ ਹੈ। ਓਦਾਂ ਅਸੀਂ ਕੇਅਰ-ਏਡ ਵਰਕਰ ਹਾਂ। ਰਜਿਸਟਰਡ ਨਰਸਾਂ ਨੂੰ ਸਾਡੇ ਨਾਲੋਂ ਪੈਸੇ ਜ਼ਿਆਦਾ ਮਿਲਦੇ ਨੇ। ਉਨ੍ਹਾਂ ਨੂੰ ਪੜ੍ਹਾਈ ਵੀ ਬਹੁਤ ਕਰਨੀ ਪੈਂਦੀ ਆ। ਅਸੀਂ ਤਾਂ ਸਾਲ ਕੁ ਦਾ ਕੋਰਸ ਹੀ ਕੀਤਾ ਹੁੰਦਾ ਆ। ਅਸੀਂ ਪੇਸ਼ੈਂਟਾਂ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਦੇ ਹਾਂ। ਮੈਂ ਇੱਕ ਦਿਨ ਵਿੱਚ ਤਿੰਨ ਪੇਸ਼ੈਂਟ, ਦੋ-ਦੋ ਘੰਟੇ ਲਈ ਅਟੈਂਡ ਕਰਦੀ ਹਾਂ।" ਕਾਇਲਾ ਨੇ ਇੱਕੋ ਵਾਰ ਹੀ ਰਣਜੀਤ ਨੂੰ ਇਹ ਸਾਰੀਆਂ ਗੱਲਾਂ ਦੱਸ ਦਿੱਤੀਆਂ।

ਰਣਜੀਤ ਕਾਇਲਾ ਨਾਲ਼ ਥੋੜ੍ਹਾ-ਥੋੜ੍ਹਾ ਖੁੱਲ੍ਹ ਗਿਆ ਅਤੇ ਉਹ ਵੀ ਉਸ ਦਾ ਸੁਭਾਅ ਕਾਫ਼ੀ ਹੱਦ ਤੱਕ ਸਮਝ ਗਈ। ਇੱਕ ਦਿਨ ਰਣਜੀਤ ਨੇ ਕਾਇਲਾ ਤੋਂ ਪੁੱਛਿਆ, "ਕਾਇਲਾ ਤੇਰੇ ਘਰ ਵਿੱਚ ਹੋਣ ਕੌਣ-ਕੌਣ ਐ? ਤੁਸੀਂ ਕੈਨੇਡਾ ਕਦੋਂ ਤੇ ਕਿੱਦਾਂ ਆਏ ਸੀਗੇ?"

ਲੰਮਾ ਹਉਕਾ ਭਰ ਕੇ ਕਾਇਲਾ ਕਹਿਣ ਲੱਗੀ, "ਓ ਡੀਅਰ ਰੈਂਡੀ, ਬੜੀ ਲੰਮੀ ਸਟੋਰੀ ਆ। ਮੈਂ ਤੈਨੂੰ ਛੋਟੀ ਕਰ ਕੇ ਦੱਸਦੀ ਹਾਂ। ਫਿਲਪੀਨ ਵਿੱਚ ਸਾਡਾ ਇੱਕ ਲੋਅਰ ਮਿਡਲ ਕਲਾਸ ਪਰਿਵਾਰ ਸੀ ਤੇ ਸਾਡਾ ਇਹ ਪਰਿਵਾਰ ਇੱਕ ਛੋਟੇ ਜਿਹੇ ਪਿੰਡ ਵਿੱਚ ਰਹਿੰਦਾ ਸੀ। ਮੇਰਾ ਡੈਡ, ਛੋਟਾ-ਮੋਟਾ ਮਕੈਨਿਕ ਸੀ। ਮੈਂ, ਮੇਰੇ ਦੋ ਭਰਾ ਅਤੇ ਮੇਰੇ ਪੇਰੈਂਟਸ, ਜਿਸ ਘਰ ਵਿੱਚ ਰਹਿੰਦੇ ਸਾਂ, ਉਹ ਇੱਕ ਕਮਰੇ ਦਾ ਹੀ ਸੀ, ਜਿਸ ਵਿੱਚ ਇੱਕ ਖੂੰਜੇ ਰਸੋਈ ਸੀ ਅਤੇ ਵਿਚਾਲੇ ਜ਼ਮੀਨ ਉੱਤੇ ਹੀ ਅਸੀਂ ਸੌਂਦੇ ਹੁੰਦੇ ਸਾਂ। ਮੇਰੇ ਡੈਡ ਦਾ ਇੱਕ ਭਰਾ ਯਾਨੀ ਕਿ ਮੇਰਾ ਚਾਚਾ ਬਹੁਤ ਪਹਿਲਾਂ ਕੈਨੇਡਾ ਆ ਗਿਆ ਸੀ। ਮੇਰਾ ਡੈਡ ਉਸ ਨੂੰ ਚਿੱਠੀਆਂ ਲਿਖ-ਲਿਖ ਜ਼ੋਰ ਪਾਉਂਦਾ ਰਹਿੰਦਾ ਸੀ ਕਿ ਉਹ ਸਾਨੂੰ ਵੀ ਕੈਨੇਡਾ ਸੱਦ ਲਵੇ। ਆਖ਼ਰ ਉਸ ਦੇ ਮਨ-ਮਿਹਰ ਪੈ ਗਈ ਅਤੇ ਉਸ ਨੇ ਐਕਸਟੈਂਡਡ ਫੈਮਲੀ ਪ੍ਰੋਗਰਾਮ ਹੇਠ ਸਾਡੇ ਲਈ ਅਪਲਾਈ ਕਰ ਦਿੱਤਾ। ਇਸ ਪ੍ਰੋਗਰਾਮ ਹੇਠ ਉਨ੍ਹੀਂ ਦਿਨੀਂ ਕਾਫ਼ੀ ਪਰਿਵਾਰ ਕੈਨੇਡਾ ਆਏ, ਹਾਲਾਂ ਕਿ ਬਾਅਦ ਵਿੱਚ ਸਰਕਾਰ ਨੇ ਇਹ ਪ੍ਰੋਗਰਾਮ ਬੰਦ ਕਰ ਦਿੱਤਾ। ਇਹ ਉੱਨੀ ਸੌ ਪਚਾਸੀ ਦੀਆਂ ਗੱਲਾਂ ਨੇ। ਮੇਰਾ ਚਾਚਾ ਓਕਾਨਾਗਨ ਵੈਲੀ ਵਿੱਚ ਪੈਂਦੀ 'ਬਲੂ-ਹਾਕ' ਖਾਣ ਵਿੱਚ ਕੰਮ ਕਰਦਾ ਸੀ। ਉਸ ਖਾਣ ਵਿੱਚੋਂ, ਸੋਨਾ, ਚਾਂਦੀ, ਤਾਂਬਾ, ਜ਼ਿੰਕ, ਅਤੇ ਲੀਡ ਵਗ਼ੈਰਾ ਧਾਤਾਂ ਨਿੱਕਲ਼ਦੀਆਂ ਸਨ। ਕੈਨੇਡਾ ਆ ਕੇ

ਸਾਡਾ ਪਹਿਲਾ ਟਿਕਾਣਾ ਉਸ ਖਾਣ ਨੇੜੇ ਹੀ ਹੋਇਆ। ਮੈਂ ਉਦੋਂ ਨੌਂ ਕੁ ਸਾਲਾਂ ਦੀ ਸਾਂ। ਮੈਨੂੰ ਸੱਭ ਤੋਂ ਵੱਧ ਚਾਅ ਇਸ ਗੱਲ ਦਾ ਸੀ ਕਿ ਸਾਡੇ ਘਰ ਟੀ. ਵੀ. ਸੀ, ਜਦੋਂ ਕਿ ਫੀਲਪੀਨ ਵਿੱਚ ਟੀ.ਵੀ. ਦੇਖਣ ਲਈ ਮੈਨੂੰ ਪਿੰਡ ਵਿੱਚ ਕਿਸੇ ਹੋਰ ਘਰ ਜਾਣਾ ਪੈਂਦਾ ਹੁੰਦਾ ਸੀ। ਮੇਰਾ ਡੈਡ ਵੀ ਮੇਰੇ ਚਾਚੇ ਨਾਲ਼ ਬਲੂ-ਹਾਕ ਖਾਣ ਵਿੱਚ ਕੰਮ ਕਰਨ ਲੱਗ ਪਿਆ। ਮੇਰੇ ਚਾਚੇ ਦੇ ਨਿਆਣੇ ਅਤੇ ਅਸੀਂ ਤਿੰਨੇਂ ਹੀ ਭੈਣ-ਭਰਾ ਸਾਰੇ ਇਕੱਠੇ ਪੜ੍ਹਦੇ, ਖੇਡਦੇ ਅਤੇ ਲੜਦੇ। ਫਿਰ ਉੱਨੀ ਸੌ ਸਤਾਸੀ ਵਿੱਚ ਖਾਣ ਬੰਦ ਹੋਣ ਬਾਰੇ ਗੱਲਾਂ ਹੋਣ ਲੱਗੀਆਂ। ਮੇਰਾ ਡੈਡ ਆਪਣੇ ਕਿਸੇ ਵਾਕਫ਼ ਨਾਲ਼ ਗੰਢ-ਤੁਪ ਕਰ ਕੇ, ਆਪਣਾ ਟੱਬਰ ਲੈ ਕੇ ਵੈਨਕੂਵਰ ਆ ਗਿਆ। ਇੱਥੇ ਉਸ ਨੂੰ ਇੱਕ ਕਾਰ-ਮਕੈਨਿਕ ਦੇ ਤੌਰ ’ਤੇ ਕੰਮ ਮਿਲ਼ ਗਿਆ। ਇੱਕ ਸਾਲ ਬਾਅਦ ਖਾਣ ਸੱਚੀਂ ਹੀ ਬੰਦ ਹੋ ਗਈ ਅਤੇ ਮੇਰਾ ਚਾਚਾ ਵੀ ਕਲੋਨਾ ’ਚ ਆ ਕੇ ਰਹਿਣ ਲੱਗ ਗਿਆ। ਮੈਂ ਗਰੇਡ ਬਾਰਾਂ ਤੱਕ ਪੜ੍ਹ ਕੇ, ਇਕ ਕੰਪਨੀ ਦੇ ਆਫ਼ਿਸ ਵਿੱਚ ਕੰਮ ਕਰਨ ਲੱਗ ਪਈ। ਇਹ ਕੰਪਨੀ ਵੀ ਇੱਕ ਫਿਲਪੀਨੀ ਬੰਦੇ ਦੀ ਸੀ। ਉੱਥੇ ਮੇਰੀ ਮੁਲਾਕਾਤ, ਨਿਕੋਲ ਨਾਂ ਦੇ ਇੱਕ ਮੁੰਡੇ ਨਾਲ਼ ਹੋਈ। ਉਹ ਵੀ ਫਿਲਪੀਨ ਨਾਲ਼ ਹੀ ਸਬੰਧ ਰੱਖਦਾ ਸੀ ਤੇ ਮੇਰੇ ਵਾਂਗ ਨਿੱਕਾ ਹੁੰਦਾ, ਆਪਣੇ ਮਾਪਿਆਂ ਨਾਲ਼ ਕੈਨੇਡਾ ਆਇਆ ਸੀ। ਅਸੀਂ ਦੋਹਾਂ ਨੇ ਆਪਣੇ ਮਾਪਿਆਂ ਦੀ ਸਹਿਮਤੀ ਨਾਲ਼ ਵਿਆਹ ਕਰਾ ਲਿਆ। ਸਾਡੇ ਦੋ ਬੱਚੇ ਹੋਏ। ਮੇਰੀ ਬੇਟੀ ਦਾ ਨਾਂ ਮਾਰੀਆ ਅਤੇ ਬੇਟੇ ਦਾ ਨਾਂ ਸ਼ਾੱਨ ਆ। ਮੇਰੇ ਭਰਾ ਅਤੇ ਪੇਰੈਂਟਸ ਹਾਲੇ ਵੀ ਵੈਨਕੂਵਰ ਹੀ ਰਹਿੰਦੇ ਆ। ਮਾਂ-ਬਾਪ ਨੂੰ ਪੈਨਸ਼ਨ ਲੱਗ ਚੁੱਕੀ ਹੈ ਅਤੇ ਉਹ ਵੱਖਰੇ ਰਹਿੰਦੇ ਨੇ। ਭਰਾਵਾਂ ਦੇ ਆਪਣੇ ਪਰਿਵਾਰ ਆ, ਪਰ ਅਸੀਂ ਸਾਰੇ ਇੱਕ-ਦੂਜੇ ਨੂੰ ਮਿਲਦੇ ਰਹਿਨੇ ਆਂ।”

“ਇਸ ਦਾ ਮਤਲਬ, ਤੁਸੀਂ ਵੀ ਚੰਗੀ ਜ਼ਿੰਦਗੀ ਲਈ ਹੀ ਕੈਨੇਡਾ ਆਏ ਸੀਗੇ,” ਰਣਜੀਤ ਨੇ ਮੁਸਕਰਾਉਂਦਿਆਂ ਕਾਇਲਾ ਨੂੰ ਕਿਹਾ।

“ਹਾਂ, ਰੈਂਡੀ ਆਪਾਂ ਸਾਰੇ ਚੰਗੀ ਜ਼ਿੰਦਗੀ ਲਈ ਹੀ ਆਉਂਦੇ ਹਾਂ। ਓਦਾਂ, ਕੈਨੇਡਾ ਆ ਕੇ ਮਿਹਨਤ ਕਰਨ ਵਾਲੇ ਲੋਕ ਕਾਮਯਾਬ ਹੋ ਹੀ ਜਾਂਦੇ ਆ। ਸਾਡੇ ਆਪਣੇ ਦੇਸ਼ਾਂ ਵਿੱਚ ਮਿਹਨਤ ਦਾ ਕੋਈ ਖਾਸ ਮੁੱਲ ਨਹੀਂ ਪੈਂਦਾ। ਪੈਸਾ ਹੀ ਪੈਸੇ ਨੂੰ ਖਿੱਚਦੈ। ਫਿਲਪੀਨ ਵਿੱਚੋਂ ਉੱਨੀ ਸੌ ਤੀਹ ਦੇ ਨੇੜ-ਤੇੜ ਲੋਕ, ਕੈਨੇਡਾ ਆਉਣੇ ਸ਼ੁਰੂ ਹੋਏ। ਹੁਣ ਤੱਕ ਸਾਡੇ ਮੁਲਕ ਦੇ ਕੋਈ ਸੱਤ ਲੱਖ ਲੋਕ ਆ ਕੇ ਕੈਨੇਡਾ ਵੱਸ ਚੁੱਕੇ ਨੇ। ਸਾਡੇ ਲੋਕ ਵੀ ਭਾਰਤੀ ਲੋਕਾਂ ਵਾਂਗ ਬਹੁਤ ਮਿਹਨਤੀ ਨੇ। ਇਸੇ ਕਰ ਕੇ ਕਾਮਯਾਬ ਨੇ। ਬਹੁਤ ਸਾਰੇ ਫਿਲਪੀਨੀ, ਕੈਨੇਡਾ ਦੇ ਵੱਡੇ ਸ਼ਹਿਰਾਂ ਵਿੱਚ ਕਾਫ਼ੀ ਕਾਰੋਬਾਰ ਚਲਾ ਰਹੇ ਆ,” ਕਾਇਲਾ ਨੇ ਦੱਸਿਆ।

“ਕਾਇਲਾ, ਤੂੰ ਹੁਣ ਤੱਕ ਕਿੰਨੀ ਵਾਰੀ ਆਪਣੇ ਮੁਲਕ ਗੇੜਾ ਮਾਰ ਆਈ ਏਂ? ਤੇਰਾ ਫਿਲਪੀਨ ਜਾ ਕੇ ਰਹਿਣ ਨੂੰ ਦਿਲ ਨਹੀਂ ਕਰਦਾ?” ਰਣਜੀਤ ਦਾ ਅਗਲਾ ਸੁਆਲ ਸੀ।

"ਰੈਂਡੀ, ਅਸੀਂ ਕੈਨੇਡਾ ਆ ਗਏ, ਇਹੋ ਬੜੈ। ਸ਼ਾਇਦ ਰੱਬ ਨੇ ਸਾਨੂੰ ਏਦਾਂ ਹੀ ਜਿਊਂਦੇ ਰੱਖਣਾ ਸੀ। ਸਾਡੇ ਪਿੰਡ ਦੇ ਸਾਰੇ ਲੋਕ ਅਤੇ ਹੋਰ ਕਈ ਨੇੜਲੇ ਰਿਸ਼ਤੇਦਾਰ, ਉੱਨੀ ਸੌ ਨੱਬੇ ਵਿੱਚ ਹੋਏ ਉਦੋਂ ਤੱਕ ਦੇ ਸੱਭ ਤੋਂ ਵੱਡੇ ਜੁਆਲਾਮੁਖੀ-ਧਮਾਕੇ ਦੀ ਲਪੇਟ ਵਿੱਚ ਆ ਕੇ ਮਾਰੇ ਗਏ। ਅਸਲ ਵਿੱਚ ਸਾਡਾ ਪਿੰਡ ਉਸ ਇਲਾਕੇ 'ਚ ਸੀ, ਜਿਸ ਵਿੱਚ ਇਹ ਜੁਆਲਾਮੁਖੀ ਫਟਿਆ ਸੀ। ਅਸੀਂ ਤਾਂ ਛੋਟੇ ਹੁੰਦੇ ਹੀ ਏਧਰ ਆ ਗਏ ਸੀ। ਮੇਰੇ ਪੇਰੈਂਟਸ ਦਿਆਂ ਮਨਾਂ ਉੱਤੇ ਇਸ ਹਾਦਸੇ ਨੇ ਬਹੁਤ ਡੂੰਘਾ ਅਸਰ ਕੀਤਾ। ਮੇਰਾ ਡੈਡ ਕਈ ਮਹੀਨੇ ਆਪਣੀ ਜੰਮਣ-ਭੋਂ ਦੀਆਂ ਗੱਲਾਂ ਕਰ-ਕਰ ਰੋਂਦਾ ਰਿਹਾ। ਇਸ ਹਾਦਸੇ ਤੋਂ ਬਾਅਦ ਸਾਡੇ ਪਰਿਵਾਰ ਦਾ ਕੋਈ ਵੀ ਜੀਅ, ਮੁੜ ਕੇ ਉੱਥੇ ਨਹੀਂ ਗਿਆ। ਸ਼ਾਇਦ ਹੁਣ ਕੋਈ ਜਾਵੇ ਵੀ ਨਾ," ਕਾਇਲਾ ਨੇ ਜ਼ਿੰਦਗੀ ਦੀ ਇੱਕ ਹੋਰ ਪਰਤ ਖੋਲ੍ਹੀ।

"ਆਪਣੀ ਜ਼ਿੰਦਗੀ ਅਤੇ ਆਪਣੇ ਲੋਕਾਂ ਬਾਰੇ ਮੇਰੇ ਨਾਲ ਗੱਲਾਂ ਕਰਨ ਲਈ ਸ਼ੁਕਰੀਆ ਕਾਇਲਾ, ਤੂੰ ਬਹੁਤ ਚੰਗੀ ਏਂ," ਰਣਜੀਤ ਨੇ ਕਿਹਾ।

"ਓਦਾਂ ਰੈਂਡੀ, ਕੇਅਰ-ਏਡ ਦੇ ਕੰਮ ਦੇ ਅਸੂਲਾਂ ਮੁਤਾਬਿਕ, ਤੁਸੀਂ ਆਪਣੀ ਕੋਈ ਵੀ ਨਿੱਜੀ ਜਾਣਕਾਰੀ ਆਪਣੇ ਪੇਸ਼ੈਂਟ ਨਾਲ ਸਾਂਝੀ ਨਹੀਂ ਕਰਨੀ ਹੁੰਦੀ। ਕਈ ਕੰਪਨੀਆਂ ਤਾਂ ਇਸ ਅਸੂਲ ਪ੍ਰਤੀ ਬਹੁਤ ਹੀ ਸਖਤ ਹਨ, ਪਰ ਸਾਡੀ ਕੰਪਨੀ ਵਾਲੇ ਬਹੁਤ ਹੀ ਖੁੱਲ੍ਹ-ਦਿਲੇ ਹਨ। ਅਸੀਂ ਅਕਸਰ ਪੈਸ਼ੈਂਟ ਨੂੰ ਆਪਣਾ ਮੋਬਾਈਲ ਨੰਬਰ ਵੀ ਦੇ ਦੇਈਦੈ, ਪਰ ਬਹੁਤੀਆਂ ਕੰਪਨੀਆਂ, ਪੇਸ਼ੈਂਟ ਨਾਲ ਜ਼ਿਆਦਾ ਨਿੱਜੀ ਸਾਂਝ ਪਾਉਣ 'ਤੇ ਤੁਹਾਨੂੰ ਕੰਮ ਤੋਂ ਹਟਾ ਦਿੰਦੀਆਂ ਨੇ," ਕਾਇਲਾ ਨੇ ਦੱਸਿਆ।

"ਪਤਾ ਨਹੀਂ ਕੰਪਨੀਆਂ ਵਾਲੇ ਆਪਣੇ ਹੀ ਅਣ-ਮਨੁੱਖੀ ਜਿਹੇ ਅਸੂਲ ਕਿਉਂ ਬਣਾ ਲੈਂਦੇ ਹਨ। ਜੋ ਗੱਲ-ਬਾਤ ਜਾਂ ਰਿਸ਼ਤਾ ਕਿਸੇ ਹੋਰ ਦਾ ਨੁਕਸਾਨ ਨਹੀਂ ਕਰਦਾ, ਉਸ 'ਤੇ ਪਾਬੰਦੀ ਲਾਉਣ ਦਾ ਕੀ ਮਤਲਬ ਹੋਇਆ? ਓਦਾਂ ਕੰਪਨੀਆਂ ਵਾਲਿਆਂ ਦੇ ਇਹੋ ਜਿਹੇ ਬੇਅਸੂਲੇ, ਅਸੂਲਾਂ ਦੀ, ਕਾਨੂੰਨ ਦੀ ਨਜ਼ਰ ਵਿੱਚ ਕੋਈ ਮਾਨਤਾ ਨਹੀਂ ਹੁੰਦੀ। ਕੋਈ ਕਨੂੰਨੀ ਪੰਗਾ ਪੈਣ 'ਤੇ ਅਦਾਲਤ ਅਜਿਹੇ ਅਸੂਲਾਂ ਨੂੰ ਨਹੀਂ ਮੰਨਦੀ," ਰਣਜੀਤ ਇੱਕ ਕਾਨੂੰਨੀ ਮਾਹਰ ਵਾਂਗ ਬੋਲ ਰਿਹਾ ਲੱਗਦਾ ਸੀ।

ਕਾਇਲਾ ਚੁੱਪ ਹੋ ਗਈ ਜਦ ਕਿ ਰਣਜੀਤ ਸੋਚ ਰਿਹਾ ਸੀ ਕਿ ਇਨਸਾਨ ਕਿਤੇ ਵੀ ਪੈਦਾ ਹੋਇਆ ਹੋਵੇ, ਬਿਹਤਰ ਜ਼ਿੰਦਗੀ ਦੀ ਆਸ ਜ਼ਰੂਰ ਰੱਖਦਾ ਹੈ। ਦੁਨੀਆ ਭਰ ਦੇ ਮੁਲਕਾਂ ਦੇ ਲੋਕਾਂ ਲਈ ਕੈਨੇਡਾ ਮਨ-ਭਾਉਂਦਾ ਮੁਲਕ ਹੈ। ਸਾਰੇ ਹੀ ਮੁਲਕ ਕੈਨੇਡਾ ਵਰਗੇ ਕਿਉਂ ਨਹੀਂ ਹੋ ਜਾਂਦੇ? ਕਿਉਂ ਹਰ ਥਾਂ ਮਿਹਨਤ ਦਾ ਮੁੱਲ ਨਹੀਂ ਪੈਂਦਾ? ਕਿਉਂ ਜ਼ਹੀਨ ਲੋਕਾਂ ਦੇ ਮੁਲਕ ਭਾਰਤ ਵਿੱਚ ਏਨਾ ਭ੍ਰਿਸ਼ਟਾਚਾਰ ਹੈ? ਇਸ ਦੇ ਨਾਲ਼ ਹੀ ਉਸ ਦੇ ਮਨ ਵਿੱਚ ਇਹ ਖ਼ਿਆਲ ਵੀ ਆਇਆ ਕਿ ਭਾਰਤ

ਕਿਹੋ ਜਿਹਾ ਮੁਲਕ ਹੈ, ਜਿੱਥੇ ਸਰਕਾਰੀ ਨੌਕਰੀ ਮਿਲਦੇ ਸਾਰ ਲੋਕ ਕੰਮ ਕਰਨਾ ਛੱਡ ਦਿੰਦੇ ਹਨ।

"ਕਾਇਲਾ, ਚਲੋ ਤੁਸੀਂ ਚੰਗੇ ਟਾਈਮ ਆ ਗਏ। ਬੱਚਿਆਂ ਦੇ ਭਵਿੱਖ ਖਾਤਰ ਇਸ ਮੁਲਕ ਵਿੱਚ ਬਹੁਤ ਮੌਕੇ ਆ," ਰਣਜੀਤ ਨੇ ਗੱਲ ਅੱਗੇ ਤੋਰੀ।

"ਬੱਚਿਆਂ ਦਾ ਭਵਿੱਖ, ਮਾਈ ਫੁੱਟ," ਕਾਇਲਾ ਤਾਂ ਜਿਵੇਂ ਇੱਕ ਦਮ ਭੜਕ ਜਿਹੀ ਪਈ।"

"ਕੀ ਗੱਲ ਕਾਇਲਾ, ਲਗਦੈ ਕੋਈ ਮਾੜਾ ਤਜਰਬਾ ਹੋ ਚੁੱਕਾ ਤੈਨੂੰ ਇਸ ਬਾਰੇ। ਕਾਇਲਾ ਜੇ ਤੈਨੂੰ ਮਾਈਂਡ ਨਹੀਂ ਤਾਂ ਮੈਨੂੰ ਖੋਲ੍ਹ ਕੇ ਦੱਸ," ਰਣਜੀਤ ਨੇ ਹੈਰਾਨ ਹੁੰਦਿਆਂ ਕਿਹਾ।

ਕਾਇਲਾ ਦੀਆਂ ਅੱਖਾਂ ਤੇ ਗੱਚ ਭਰ ਆਇਆ। "ਰੈਂਡੀ, ਮੈਂ ਇਹ ਗੱਲਾਂ ਛੇੜਨੀਆਂ ਨਹੀਂ ਸੀ ਚਾਹੁੰਦੀ, ਪਰ ਹੁਣ ਜਦ ਤੂੰ ਬੱਚਿਆਂ ਦੀ ਗੱਲ ਕਰ ਦਿੱਤੀ ਤਾਂ ਮੇਰੇ ਕੋਲੋਂ ਰਹਿ ਨਹੀਂ ਹੋਇਆ। ਅਸਲ ਵਿੱਚ ਸਰੀ ਆ ਕੇ ਰਹਿਣਾ ਸਾਡੀ ਬਹੁਤ ਵੱਡੀ ਗ਼ਲਤੀ ਸੀ। ਸਰੀ ਕੀ, ਵੈਨਕੂਵਰ ਵੱਲ ਨੂੰ ਮੂੰਹ ਕਰਨਾ ਹੀ ਸਾਡੀ ਵੱਡੀ ਗ਼ਲਤੀ ਸੀ। ਸਾਨੂੰ ਵੀ ਆਪਣੇ ਚਾਚੇ ਵਾਂਗ ਕਲੋਨਾ ਚਲੇ ਜਾਣਾ ਚਾਹੀਦਾ ਸੀ। ਮੇਰੇ ਪੇਰੈਂਟਸ ਨੇ ਵੈਨਕੂਵਰ ਆ ਕੇ, ਛੇਤੀ ਹੀ ਘਰ ਲੈ ਲਿਆ ਸੀ। ਮੇਰੇ ਭਰਾਵਾਂ ਨੇ ਵੀ ਵੱਖਰੇ ਹੋ ਕੇ ਆਪੋ-ਆਪਣੇ ਘਰ ਲੈ ਲਏ। ਮੈਂ ਤੇ ਨਿਕੋਲ, ਵੈਨਕੂਵਰ ਇੱਕ, ਦੋ ਕਮਰੇ ਦਾ ਅਪਾਰਟਮੈਂਟ ਕਿਰਾਏ 'ਤੇ ਲੈ ਕੇ ਰਹਿੰਦੇ ਸਾਂ। ਜਦੋਂ ਕਦੇ ਮੈਂ ਆਪਣੇ ਬੱਚੇ ਲੈ ਕੇ ਆਪਣੇ ਪੇਰੈਂਟਸ ਅਤੇ ਭਰਾਵਾਂ ਦੇ ਘਰ ਜਾਣਾ ਤਾਂ ਮੇਰੇ ਨਿਆਣਿਆਂ ਨੇ ਵੀ ਇਹੋ ਪੁੱਛਣਾ 'ਮੌਮ ਆਪਾਂ ਆਪਣਾ ਘਰ ਕਦੋਂ ਲੈਣਾ ਏ? ਸਾਨੂੰ ਵੀ ਆਪੋ-ਆਪਣੇ ਰੂਮ ਚਾਹੀਦੇ ਨੇ।' ਮੈਂ ਤੇ ਨਿਕੋਲ ਨੇ ਦੱਬ ਕੇ ਮਿਹਨਤ ਕੀਤੀ ਅਤੇ ਸਰੀ 'ਚ ਘਰ ਖ਼ਰੀਦ ਲਿਆ। ਸਰੀ ਵਿੱਚ ਘਰ ਵੈਨਕੂਵਰ ਦੇ ਮੁਕਾਬਲੇ ਸਸਤੇ ਸਨ। ਸਾਡਾ ਘਰ, ਮੇਰੇ ਡੈਡੀ ਅਤੇ ਭਰਾਵਾਂ ਦੇ ਘਰ ਨਾਲੋਂ ਵੱਡਾ ਹੈ। ਵੱਡਾ ਘਰ ਲੈਣਾ ਹੀ ਸ਼ਾਇਦ ਸਾਡੀ ਵੱਡੀ ਭੁੱਲ ਸੀ। ਸ਼ਾਇਦ ਇਹ ਘਰ ਬਣਾਉਣ ਦੇ ਚੱਕਰ ਵਿੱਚ ਅਸੀਂ ਬੱਚਿਆਂ ਵੱਲ ਬਣਦਾ ਧਿਆਨ ਨਹੀਂ ਦੇ ਸਕੇ। ਕੁੜੀ ਤਾਂ ਚੱਲ ਠੀਕ ਹੈ ਪਰ ਸ਼ਾੱਨ ਗ਼ਲਤ ਰਾਹੇ ਪੈ ਗਿਆ, ਸਾਡੀ ਇੱਕ ਨਹੀਂ ਸੁਣਦਾ। ਹੁਣ ਉਹ ਉੱਨੀਆਂ ਸਾਲਾਂ ਦਾ ਏ। ਪਤਾ ਨਹੀਂ ਕਿੱਥੋਂ ਇੱਕ ਮਹਿੰਗੀ ਕਾਰ ਲੈ ਆਇਆ। ਰਾਤਾਂ ਨੂੰ ਘਰ ਨਹੀਂ ਵੜਦਾ। ਪੁਲੀਸ ਵਾਲ਼ੇ ਇੱਕ-ਦੋ ਵਾਰ ਉਸ ਬਾਰੇ ਪੁੱਛ ਗਿੱਛ ਕਰਨ ਘਰ ਆ ਚੁੱਕੇ ਨੇ। ਸਾਡੀ ਬੇਟੀ ਮਾਰੀਆ ਸਾਨੂੰ ਨਿੱਤ ਹੀ ਕਹਿੰਦੀ ਰਹਿੰਦੀ ਏ ਕਿ ਸ਼ਾੱਨ ਗੈਂਗਸਟਰਜ਼ ਦੇ ਹੱਥੇ ਚੜ੍ਹ ਚੁੱਕੈ। ਅਸੀਂ ਇਕ-ਦੋ ਵਾਰ ਬਹਾ ਕੇ ਸਮਝਾਇਆ ਵੀ ਏ, ਪਰ ਉਹ ਸਾਡੀ ਇੱਕ ਨਹੀਂ ਸੁਣਦਾ। ਹੁਣ ਤਾਂ ਰਾਤ ਨੂੰ ਜਦੋਂ ਕਿਤੇ ਪੁਲੀਸ ਦੀ ਗੱਡੀ ਦਾ ਸਾਇਰਨ ਸੁਣਦੈ ਤਾਂ ਬੱਸ ਏਦਾਂ ਈ ਲਗਦੈ ਕਿ ਸ਼ਾਇਦ ਸਾਡੇ ਲਈ ਹੀ ਕੋਈ ਮਾੜੀ ਖ਼ਬਰ ਆ ਗਈ ਏ। ਜਦੋਂ

ਕਿਤੇ ਤੜਕੇ ਜਿਹੇ ਸ਼ਾੱਨ ਘਰ ਆਉਂਦੈ ਤਾਂ ਹੀ ਅਸੀਂ ਰਤਾ ਕੁ ਚੈਨ ਨਾਲ਼ ਅੱਖ ਲਾਉਂਦੇ ਹਾਂ। ਰੈਂਡੀ, ਅਸੀਂ ਪੋਟਾ-ਪੋਟਾ ਮਿਣ-ਮਿਣ ਕੇ ਆਪਣਾ ਪੁੱਤ ਪਾਲ਼ਿਐ। ਹੁਣ ਉਸ ਦੀ ਲਾਸ਼ ਦੇਖਣ ਦੀ ਹਿੰਮਤ ਸਾਡੇ ਵਿੱਚ ਨਹੀਂ ਏ," ਇਹ ਕਹਿੰਦਿਆਂ ਕਾਇਲਾ ਦੀ ਧਾਹ ਨਿਕਲ਼ ਗਈ।

ਰਣਜੀਤ ਬੁੱਤ ਬਣਿਆ ਕਾਇਲਾ ਦੀਆਂ ਗੱਲਾਂ ਸੁਣ ਰਿਹਾ ਸੀ। ਉਸ ਨੇ ਹੌਲ਼ੀ ਜਿਹੇ ਹੌਸਲਾ ਦੇਣ ਵਾਲ਼ੇ ਅੰਦਾਜ਼ ਵਿੱਚ ਕਿਹਾ, "ਕਾਇਲਾ, ਤੁਸੀਂ ਸਰੀ ਵਾਲ਼ਾ ਘਰ ਵੇਚ ਕੇ ਕਿਸੇ ਹੋਰ ਸ਼ਹਿਰ ਚਲੇ ਜਾਓ ਜਾਂ ਫਿਰ ਸ਼ਾੱਨ ਨੂੰ ਕਿਸੇ ਪੱਜ, ਕਿਤੇ ਹੋਰ ਭੇਜਣ ਦਾ ਜੁਗਾੜ ਕਰੋ ਤਾਂ ਕਿ ਉਹ ਇਨ੍ਹਾਂ ਚੀਜ਼ਾਂ ਤੋਂ ਦੂਰ ਹੋ ਜਾਵੇ।"

"ਰੈਂਡੀ, ਅਸੀਂ ਏਦਾਂ ਵੀ ਕਰ ਕੇ ਦੇਖ ਚੁੱਕੇ ਹਾਂ। ਘਰ ਵੇਚਣਾ ਲਾ ਦਿੱਤਾ ਸੀ, ਪਰ ਸ਼ਾੱਨ ਨਾ ਮੰਨਿਆ, ਕਹਿੰਦਾ 'ਤੁਸੀਂ ਜਾਣਾ ਤਾਂ ਜਾਓ, ਪਰ ਮੈਂ ਕਿਤੇ ਨਹੀਂ ਜਾਣਾ। ਮੈਂ ਤਾਂ ਇੱਥੇ ਹੀ ਰਹਾਂਗਾ।' ਦੱਸ, ਉਸ ਨੂੰ ਛੱਡ ਕੇ ਕਿੱਦਾਂ ਚਲੇ ਜਾਈਏ? ਨਾਲੇ ਉਸ ਤੋਂ ਬਗੈਰ ਜਾਣ ਦਾ ਕੀ ਫਾਇਦਾ? ਹੁਣ ਤਾਂ ਸਭ ਕੁੱਝ ਜੀਸਸ 'ਤੇ ਹੀ ਛੱਡ ਦਿੱਤੈ," ਕਾਇਲਾ ਨੇ ਬੇਵਸੀ ਜ਼ਾਹਰ ਕਰਦਿਆਂ ਕਿਹਾ।

"ਕਾਇਲਾ, ਰੱਬ ਵੀ ਉਨ੍ਹਾਂ ਦੀ ਹੀ ਸੁਣਦੈ, ਜਿਹੜੇ ਉਹ ਦੀ ਸੁਣਦੇ ਆ। ਮੈਂ ਤੈਨੂੰ ਕਿਸੇ ਤੋਂ ਇੱਕ ਸੰਸਥਾ ਦਾ ਫੋਨ ਨੰਬਰ ਲੈ ਕੇ ਦਿਆਂਗਾ। ਉਹ ਸੰਸਥਾ ਗੈਂਗਾਂ ਵਿੱਚ ਪਏ ਮੁੰਡਿਆਂ ਨੂੰ ਕੱਢਣ ਦੇ ਹੀਲੇ-ਵਸੀਲੇ ਕਰਦੀ ਏ। ਤੁਸੀਂ ਫੋਨ ਕਰ ਕੇ ਆਪਣੀ ਸਾਰੀ ਕਹਾਣੀ ਉਨ੍ਹਾਂ ਨੂੰ ਦੱਸਿਓ। ਰੱਬ ਨੇ ਚਾਹਿਆ ਤਾਂ ਸੱਭ ਠੀਕ ਹੋ ਜਾਊ।"

ਰਣਜੀਤ ਨੂੰ ਲੱਗ ਰਿਹਾ ਸੀ ਕਿ ਗੁਰਬਾਣੀ ਦਾ ਕਥਨ 'ਨਾਨਕ ਦੁਖੀਆ ਸਭ ਸੰਸਾਰ' ਕਿੰਨਾ ਸਹੀ ਹੈ। ਜਿਸ ਤੋਂ ਵੀ ਪੁੱਛੋ, ਉਹੀ ਆਪਣੇ ਦੁੱਖਾਂ ਦੀ ਪੰਡ ਖੋਲ੍ਹ ਕੇ ਬੈਠ ਜਾਂਦੈ। ਉੱਪਰੋਂ-ਉੱਪਰੋਂ ਸ਼ਾਂਤ ਦਿਸਦੀਆਂ ਸੂਰਤਾਂ ਅੰਦਰੋਂ ਜਿਵੇਂ ਉੱਬਲ਼ ਰਹੀਆਂ ਹੋਣ। ਕੈਨੇਡਾ-ਅਮਰੀਕਾ ਵਰਗੇ ਮੁਲਕ, ਜਿਨ੍ਹਾਂ ਨੂੰ ਦੁਨੀਆ ਸਵਰਗ ਮੰਨੀ ਬੈਠੀ ਹੈ, ਇਨ੍ਹਾਂ ਵਿੱਚ ਨਰਕ ਦਾ ਹੋਰ ਰੂਪ ਹੈ। ਹਥਿਆਰਾਂ ਅਤੇ ਡਰੱਗਾਂ ਦੇ ਕਾਰੋਬਾਰ ਨੇ ਸਾਰੇ ਵੱਡੇ ਸ਼ਹਿਰ ਆਪਣੇ ਵਿੱਚ ਲਪੇਟੇ ਹੋਏ ਹਨ। ਉਸ ਨੇ ਹੁਣ ਤੱਕ ਪੰਜਾਬੀ ਮੁੰਡਿਆਂ ਦੇ, ਡਰੱਗ ਅਤੇ ਹਥਿਆਰਾਂ ਦੇ ਮਾਇਆ-ਜਾਲ ਵਿੱਚ ਫਸੇ ਹੋਣ ਦੀਆਂ ਕਹਾਣੀਆਂ ਸੁਣੀਆਂ ਸਨ, ਅੱਜ ਕਾਇਲਾ ਦੇ ਮੂੰਹੋਂ ਉਸ ਦੇ ਪੁੱਤਰ ਦੀ ਕਹਾਣੀ ਸੁਣ ਕੇ ਉਸ ਨੂੰ ਲੱਗਿਆ ਕਿ ਬੁਰਿਆਈ ਧਰਮ ਅਤੇ ਜਾਤ ਦੇ ਲਿਹਾਜ਼ ਨਾਲ਼ ਨਹੀਂ ਆਉਂਦੀ। ਡਰੱਗ ਅਤੇ ਗੈਂਗਵਾਰ ਦੇ ਦੈਂਤ ਹੁਣ ਤੱਕ ਸਰੀ ਦੇ ਸੈਂਕੜੇ ਨੌਜੁਆਨਾਂ ਨੂੰ ਨਿਗਲ਼ ਚੁੱਕੇ ਹਨ। ਕਾਇਲਾ ਵੀ ਠੀਕ ਹੀ ਕਹਿੰਦੀ ਹੈ ਕਿ ਨਿਆਣਿਆਂ ਖ਼ਾਤਰ ਟੁੱਟ-ਟੁੱਟ ਮਰਦੇ ਮਾਪੇ, ਆਪਣੇ ਨਿਆਣੇ

ਹੀ ਗੁਆ ਬਹਿੰਦੇ ਹਨ। ਮਹਿੰਗਾਈ ਅਤੇ ਵੱਡੇ ਸ਼ਹਿਰਾਂ ਦੀ ਚਕਾਚੌਂਧ ਦੋਵੇਂ ਹੀ ਇਸ ਦੇ ਵੱਡੇ ਕਾਰਨ ਹਨ। ਰਣਜੀਤ ਦੀਆਂ ਅੱਖਾਂ ਬੰਦ ਹੋ ਗਈਆਂ ਤੇ ਉਸ ਦੇ ਮਨ 'ਚੋਂ ਇਹ ਅਰਦਾਸ ਨਿਕਲ਼ੀ ਕਿ ਹੇ ਪ੍ਰਮਾਤਮਾ ਕਿਸੇ ਵੀ ਮਾਪੇ ਕੋਲੋਂ ਉਸ ਦਾ ਧੀ-ਪੁੱਤ ਨਾ ਖੋਹੀਂ।

ਸਮਾਂ ਬੀਤਣ ਨਾਲ਼ ਹੁਣ ਰਣਜੀਤ ਦੀ ਲਾਚਾਰੀ ਕਾਫ਼ੀ ਘਟ ਗਈ ਸੀ ਕਿਉਂ ਕਿ ਉਸ ਨੇ ਘਰ ਵਿੱਚ ਲੱਗੇ ਹੋਏ ਸਿਸਟਮਜ਼ ਕਾਫ਼ੀ ਹੱਦ ਤੱਕ ਵਰਤਣੇ ਸਿੱਖ ਲਏ ਸਨ। ਉਹ ਵੀਲਚੇਅਰ, ਬੈੱਡ ਦੇ ਨਾਲ਼ ਲਾ ਕੇ ਰੱਖਦਾ। ਬੈੱਡ ਤੋਂ ਉੱਠ ਕੇ ਉਹ ਬਾਂਹਾਂ ਦੇ ਜ਼ੋਰ ਨਾਲ਼ ਖਿਸਕ ਕੇ ਵੀਲਚੇਅਰ ਤੇ ਬੈਠ ਜਾਂਦਾ, ਫਿਰ ਬਾਥਰੂਮ ਜਾ ਕੇ, ਵੀਲਚੇਅਰ ਇੱਕ ਪਾਸੇ ਖੜ੍ਹੀ ਕਰ ਕੇ ਤੇ ਵਾਸ਼ਰੂਮ 'ਚ ਲੱਗੇ ਹੈਂਡਲ ਫੜ ਕੇ ਟਾਇਲਟ ਸੀਟ 'ਤੇ ਬੈਠ ਜਾਂਦਾ। ਵੀਲਚੇਅਰ 'ਤੇ ਬੈਠਾ ਹੀ ਉਹ ਹੱਥ-ਮੂੰਹ ਵੀ ਧੋ ਲੈਂਦਾ ਤੇ ਬੁਰਸ਼ ਵੀ ਕਰ ਲੈਂਦਾ। ਉਹ ਸ਼ੇਵ ਵੀ ਖ਼ੁਦ ਕਰ ਸਕਦਾ ਸੀ, ਪਰ ਹੁਣ ਤੱਕ ਕਾਇਲਾ ਹੀ ਉਸ ਦੀ ਸ਼ੇਵ ਕਰਦੀ ਆ ਰਹੀ ਸੀ। ਇਸ ਤਰ੍ਹਾਂ, ਕਾਇਲਾ ਨਾਲ਼ ਉਸ ਦੇ ਢਾਈ ਕੁ ਮਹੀਨੇ ਸੋਹਣੇ ਗੁਜ਼ਰੇ।

## 4

ਅੱਜ ਕਾਫ਼ੀ ਦਿਨਾਂ ਦੀ ਬਾਰਸ਼ ਤੋਂ ਬਾਅਦ ਸੋਹਣਾ ਦਿਨ ਲੱਗਿਆ ਸੀ। ਬਾਹਰੋਂ ਪੰਛੀਆਂ ਦੇ ਚਹਿਚਹਾਉਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਪਰਦਿਆਂ ਪਿੱਛੋਂ ਸੂਰਜ ਚੜ੍ਹਿਆ ਹੋਇਆ ਪ੍ਰਤੀਤ ਹੋ ਰਿਹਾ ਸੀ। ਰਣਜੀਤ ਸੋਚ ਰਿਹਾ ਸੀ ਕਿ ਅੱਜ ਕਾਇਲਾ ਨੂੰ ਕਿਤੇ ਬਾਹਰ ਘੁਮਾਉਣ-ਫਿਰਾਉਣ ਦੀ ਬੇਨਤੀ ਕਰੇ। ਇਹ ਸੋਚਦਾ ਹੀ ਉਹ ਨੌਂ ਕੁ ਵਜੇ ਵਾਸ਼ਰੂਮ 'ਚੋਂ ਨਿਕਲ਼ ਕੇ ਹਾਲੇ ਬੈੱਡ 'ਤੇ ਪਿਆ ਹੀ ਸੀ ਕਿ ਕਿਸੇ ਨੇ ਦਰਵਾਜ਼ੇ ਦੀ ਘੰਟੀ ਵਜਾਈ। ਜਦੋਂ ਰਣਜੀਤ ਨੇ ਸਕਰੀਨ ਦੇਖੀ ਤਾਂ ਉਸ ਨੂੰ ਬਾਹਰ ਇੱਕ ਨਰਸ ਖੜ੍ਹੀ ਦਿਸੀ। ਵੇਲ਼ਾ ਤਾਂ ਕਾਇਲਾ ਦੇ ਆਉਣ ਦਾ ਸੀ, ਪਰ ਅੱਜ ਕਾਇਲਾ ਦੀ ਥਾਂ ਕੋਈ ਹੋਰ ਆਈ ਖੜ੍ਹੀ ਸੀ। ਰਣਜੀਤ ਨੂੰ ਲੱਗਿਆ ਕਿ ਨਵੀਂ ਨਰਸ ਪਹਿਲੇ ਦਿਨ ਹੀ ਉਸ ਨੂੰ ਬਾਹਰ ਲਿਜਾਣੋਂ ਤਾਂ ਰਹੀ। ਉਸ ਨੇ ਰਤਾ ਕੁ ਉੱਚੀ ਅਵਾਜ਼ ਵਿੱਚ ਇੰਟਰ-ਕਾਮ 'ਤੇ ਕਿਹਾ, "ਯੈਸ, ਆਈ ਐਮ ਓਪਨਿੰਗ ਦ ਡੋਰ, ਕਮ ਅੱਪਸਟੇਅਰਜ਼ ਪਲੀਜ਼" (ਮੈਂ ਬੂਹਾ ਖੋਲ੍ਹ ਰਿਹਾ ਹਾਂ, ਕਿਰਪਾ ਕਰ ਕੇ ਪੌੜੀਆਂ ਚੜ੍ਹ ਆਓ)

ਫਿਰ ਉਸ ਨੇ ਰਿਮੋਟ ਨਾਲ਼ ਬਾਹਰਲੇ ਬੂਹੇ ਦਾ ਜੰਦਰਾ ਖੋਲ੍ਹ ਦਿੱਤਾ ਅਤੇ ਦਰ ਅੱਗੇ ਖੜ੍ਹੀ ਨਰਸ ਪੌੜੀਆਂ ਚੜ੍ਹ ਕੇ ਉੱਪਰ ਆ ਗਈ। ਉਹ, ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਆਈ ਤੇ ਕਹਿਣ ਲੱਗੀ, "ਹਾਏ ਮਿਸਟਰ ਰੈਂਡੀ, ਆਈ ਐਮ ਯੂਅਰ ਨਿਊ ਨਰਸ ਹੈਪੀ।"

ਰਣਜੀਤ ਨੇ ਜਿਉਂ ਹੀ ਹੈਪੀ ਦੇ ਚਿਹਰੇ ਵੱਲ ਦੇਖਿਆ, ਉਸ ਦੀਆਂ ਅੱਖਾਂ ਖੁੱਲ੍ਹੀਆਂ ਦੀਆਂ ਖੁੱਲ੍ਹੀਆਂ ਰਹਿ ਗਈਆਂ। ਆਪਣੇ-ਆਪ ਨੂੰ 'ਹੈਪੀ' ਦੱਸਦੀ ਉਹ ਕੁੜੀ ਅਸਲ ਵਿੱਚ ਹਰਪ੍ਰੀਤ ਸੀ। ਇਹ ਉਹੀ ਹਰਪ੍ਰੀਤ ਸੀ, ਜਿਸ ਲਈ ਉਸ ਦੀਆਂ ਸੱਧਰਾਂ ਨੇ ਪਹਿਲੀ ਵਾਰੀ ਅੰਗੜਾਈ ਲਈ ਸੀ। ਜਿਸ ਨੂੰ ਦੇਖਦਿਆਂ ਉਸ ਦਾ ਦਿਲ, ਉਸ ਦੇ ਦਿਮਾਗ਼ ਉੱਤੇ ਭਾਰੂ ਹੋ ਜਾਂਦਾ ਸੀ। ਜਿਸ ਦੇ ਖ਼ਿਆਲ ਨਾਲ਼ ਹੀ ਉਸ ਦੀ ਸੁੱਧ-ਬੁੱਧ ਗੁਆਚ ਜਾਂਦੀ ਸੀ। ਹੁਣ ਵੀ ਉਸ ਦਾ ਹਾਲ ਕੁੱਝ ਉਸੇ ਤਰ੍ਹਾਂ ਦਾ ਹੀ ਹੋ ਗਿਆ ਲੱਗਦਾ ਸੀ ਤੇ ਉਸ ਨੂੰ ਮੋਟਰ ਸਾਈਕਲ 'ਤੇ ਕਾਲਜ ਜਾਂਦਿਆਂ ਇਸੇ ਹਰਪ੍ਰੀਤ ਦੇ ਮਗਰ ਲਾਈਆਂ ਗੇੜੀਆਂ ਦੇ ਨਜ਼ਾਰੇ ਦਿਸਣ ਲੱਗੇ। ਕੁੱਝ ਪਲਾਂ ਦੀ ਖ਼ਾਮੋਸ਼ੀ ਮਗਰੋਂ ਜਦੋਂ ਹਰਪ੍ਰੀਤ ਨੇ ਵੀ ਰਣਜੀਤ ਦੇ ਚਿਹਰੇ ਵੱਲ ਗਹੁ ਨਾਲ਼ ਦੇਖਿਆ ਤਾਂ ਉਹ ਵੀ, ਉਸ ਨੂੰ ਪਛਾਨਣੋਂ ਨਾ ਰਹਿ ਸਕੀ। ਇਸ ਘੜੀ ਉਸ ਦੇ ਮੂੰਹੋਂ ਬੱਸ ਇਹੋ ਹੀ ਨਿਕਲਿਆ, "ਓ ਮਾਈ ਗੌਡ, ਤੁਸੀਂ ?"

ਰਣਜੀਤ ਨੇ ਆਪਣੀਆਂ ਅੱਖਾਂ ਦੋ-ਤਿੰਨ ਵਾਰ ਮਲ਼ੀਆਂ ਕਿਉਂ ਕਿ ਉਸ ਨੂੰ ਲੱਗਿਆ ਕਿ ਉਸ ਨੂੰ ਹਰਪ੍ਰੀਤ ਸੁਫ਼ਨੇ ਵਿੱਚ ਦਿਸ ਰਹੀ ਹੈ। ਉਹ ਅੱਜ

ਉਸ ਨੂੰ ਗਿਆਰਾਂ ਸਾਲਾਂ ਬਾਅਦ ਦੇਖ ਰਿਹਾ ਸੀ। ਉਮਰ ਦਾ ਥੋੜ੍ਹਾ ਜਿਹਾ ਪ੍ਰਭਾਵ ਤਾਂ ਹਰਪ੍ਰੀਤ ਦੇ ਚਿਹਰੇ ਉੱਤੇ ਦਿਸਦਾ ਸੀ, ਪਰ ਹਾਲੇ ਵੀ ਉਹ ਲੋਹੜੇ ਦੀ ਸੋਹਣੀ ਲੱਗ ਰਹੀ ਸੀ। ਕਿਸੇ ਜ਼ਮਾਨੇ 'ਚ ਉਹ ਹਰਪ੍ਰੀਤ ਦੇ ਕਿੰਨੇ ਸੁਫ਼ਨੇ ਲੈਂਦਾ ਹੁੰਦਾ ਸੀ। ਉਸ ਨੂੰ ਦਿਨ-ਰਾਤ ਦੀ ਕੋਈ ਸੁੱਧ ਨਹੀਂ ਹੁੰਦੀ ਸੀ। ਜਦੋਂ ਕਦੇ ਵੀ ਹਰਪ੍ਰੀਤ ਉਸ ਵੱਲ ਲੁਕਵਾਂ ਜਿਹਾ ਦੇਖ ਲੈਂਦੀ ਤਾਂ ਉਸ ਨੂੰ ਲੱਗਦਾ ਕਿ ਉਸ ਦਾ ਹੱਜ ਹੋ ਗਿਆ ਹੈ। ਹਰਪ੍ਰੀਤ ਦੇ ਦਰਸ਼ਨ ਉਸ ਲਈ ਅਠ-ਛੱਠ ਤੀਰਥਾਂ ਦੇ ਦਰਸ਼ਨਾਂ ਬਰਾਬਰ ਸਨ। ਫਿਰ ਉਹ, ਉਸ ਦੀ ਜ਼ਿੰਦਗੀ 'ਚੋਂ ਐਸੀ ਉਡਾਰੀ ਮਾਰ ਕੇ ਗਈ ਕਿ ਵਾਪਸ ਆਉਣ ਨੂੰ ਗਿਆਰਾਂ ਸਾਲ ਲੱਗ ਗਏ। ਪਿਛਲੇ ਦਸਾਂ ਸਾਲਾਂ ਤੋਂ ਰਣਜੀਤ, ਕੈਨੇਡਾ ਵਿੱਚ ਸੀ, ਪਰ ਹਰਪ੍ਰੀਤ ਉਸ ਨੂੰ ਕਦੇ ਨਹੀਂ ਟੱਕਰੀ ਸੀ ਤੇ ਉਹ ਇੱਕ ਤਰ੍ਹਾਂ ਨਾਲ਼ ਭੁੱਲ ਹੀ ਗਿਆ ਸੀ ਕਿ ਹਰਪ੍ਰੀਤ ਉਸ ਤੋਂ ਪਹਿਲਾਂ ਦੀ ਵਿਦੇਸ਼ ਆਈ ਹੋਈ ਹੈ। ਅੱਜ ਉਸ ਨੂੰ ਹਰਪ੍ਰੀਤ ਟੱਕਰੀ ਵੀ, ਤਾਂ ਕਿਸ ਹਾਲਾਤ ਵਿੱਚ।

"ਹਰਪ੍ਰੀਤ ਤੂੰ ਵੀ ਸਰੀ ਵਿੱਚ ਈ ਏਂ? ਹੱਦ ਹੋ ਗਈ!" ਥੋੜ੍ਹ-ਚਿਰੀ ਇਹ ਚੁੱਪ ਰਣਜੀਤ ਨੇ ਹੀ ਤੋੜੀ।

"ਹਾਂ ਜੀ ਮੈਂ ਤਾਂ ਪਿਛਲੇ ਗਿਆਰਾਂ ਸਾਲਾਂ ਤੋਂ ਏਥੇ ਈ ਆਂ। ਤੁਸੀਂ, ਹਾਏ ਆਹ ਕੀ ਹੋਇਆ ਤੁਹਾਨੂੰ? ਕਿੱਦਾਂ ਹੋਇਆ? ਸੱਚ ਤੁਸੀਂ ਕਦੋਂ ਆਏ ਕੈਨੇਡਾ?" ਹਰਪ੍ਰੀਤ ਦੇ ਅੰਦਰ ਸੁਆਲਾਂ ਦਾ ਹੜ੍ਹ ਜਿਹਾ ਆ ਗਿਆ ਸੀ ਤਾਂ ਹੀ ਉਹ ਇੱਕੋ ਸਾਹੇ ਇੰਨੇ ਸਾਰੇ ਸੁਆਲ ਕਰ ਗਈ।

ਰਣਜੀਤ ਨੇ ਹੌਲ਼ੀ-ਹੌਲ਼ੀ ਆਪਣੇ ਵਿਆਹ ਤੇ ਪਰਵਾਸ ਦੀ ਕਹਾਣੀ ਸੁਣਾਉਣੀ ਸ਼ੁਰੂ ਕੀਤੀ ਅਤੇ ਆਪਣੀ ਸੱਟ 'ਤੇ ਆ ਕੇ ਆਪਣੀ ਗੱਲ ਨਿਬੇੜ ਵੀ ਦਿੱਤੀ।

ਸਭ ਕੁਝ ਸੁਣਨ ਤੋਂ ਬਾਅਦ ਹਰਪ੍ਰੀਤ ਨੇ ਕਿਹਾ, "ਤਾਂ ਤੁਸੀਂ ਪਿਛਲੇ ਦਸਾਂ ਸਾਲਾਂ ਤੋਂ ਸਰੀ ਵਿੱਚ ਰਹਿੰਦੇ ਓ! ਮੈਨੂੰ ਤਾਂ ਕਦੇ ਦਿਸੇ ਈ ਨਹੀਂ ਤੁਸੀਂ। ਉਹ ਤਾਂ ਅੱਜ ਕਾਇਲਾ ਨੇ ਅਚਾਨਕ ਛੁੱਟੀ ਲੈ ਲਈ ਅਤੇ ਸੁਪਰਵਾਈਜ਼ਰ ਨੇ ਮੈਨੂੰ ਭੇਜ ਦਿੱਤਾ। ਪਰ ਆਹ ਤੁਹਾਡੀ ਸੱਟ ਦਾ ਸੁਣ ਕੇ ਮੈਨੂੰ ਬਹੁਤ ਦੁੱਖ ਹੋਇਐ। ਤੁਸੀਂ ਏਨੇ ਚੰਗੇ ਓ, ਤੁਹਾਡੇ ਨਾਲ਼ ਐਹੋ ਜਿਹਾ ਕੁੱਝ ਨਹੀਂ ਸੀ ਹੋਣਾ ਚਾਹੀਦਾ। ਰੱਬ ਛੇਤੀ ਠੀਕ ਕਰੇ ਤੁਹਾਨੂੰ।"

ਇਸ ਤੋਂ ਬਾਅਦ ਹਰਪ੍ਰੀਤ, ਵਾਸ਼ਰੂਮ ਵਿੱਚ ਚੀਜ਼ਾਂ ਥਾਂ ਸਿਰ ਰੱਖਣ ਲੱਗ ਪਈ। ਉਸ ਨੇ ਰਣਜੀਤ ਦੇ ਲਾਹੇ ਹੋਏ ਕੱਪੜੇ ਲਾਂਡਰੀ ਵਾਸਤੇ 'ਕੱਠੇ ਕੀਤੇ। ਰਣਜੀਤ, ਉਸ ਨੂੰ ਇੱਧਰ-ਉੱਧਰ ਜਾਂਦੀ ਨੂੰ ਬੜੇ ਗਹੁ ਨਾਲ਼ ਦੇਖਦਾ ਰਿਹਾ। ਫਿਰ ਜਦੋਂ ਹਰਪ੍ਰੀਤ ਨੇ ਉਸ ਨੂੰ ਨਹਾਉਣ ਲਈ ਕਿਹਾ ਤਾਂ ਰਣਜੀਤ ਸੰਗ ਜਿਹਾ ਗਿਆ। ਉਹ ਹਰਪ੍ਰੀਤ ਦੇ ਸਾਹਮਣੇ ਕੱਪੜੇ ਲਾਹ ਕੇ ਕਿੱਦਾਂ ਜਾ ਸਕਦਾ ਸੀ। ਉਸ ਨੇ ਨਹਾਉਣਾ, ਟਾਲ਼ਣ ਖ਼ਾਤਰ ਕਿਹਾ, "ਨਹੀਂ ਹਰਪ੍ਰੀਤ, ਤੂੰ ਬਾਕੀ ਦੇ ਕੰਮ

ਕਰ ਜਾਹ। ਕੱਲ੍ਹ ਨੂੰ ਕਾਇਲਾ ਆ ਕੇ ਆਪੇ ਨੁਹਾ ਦਏਗੀ।"

ਹਰਪ੍ਰੀਤ ਸਮਝ ਗਈ ਕਿ ਉਹ ਸੰਗ ਰਿਹਾ ਹੈ। ਉਹ ਸਮਝਾਉਣ ਵਾਲ਼ੇ ਅੰਦਾਜ਼ ਵਿੱਚ ਕਹਿਣ ਲੱਗੀ, "ਰਣਜੀਤ ਤੁਸੀਂ ਇਹ ਸਮਝ ਲਓ ਕਿ ਮੈਂ ਕਾਇਲਾ ਈ ਆਂ। ਨਾਲ਼ੇ ਨਰਸ ਅਤੇ ਪੇਸ਼ੈਂਟ ਵਿੱਚ ਸੰਗ ਨੂੰ ਕੋਈ ਥਾਂ ਨਹੀਂ ਹੁੰਦੀ। ਇਸ ਲਈ ਤੁਸੀਂ ਮੇਰੀ ਰੋਜ਼ੀ ਤੇ ਲੱਤ ਨਾ ਮਾਰੋ ਪਲੀਜ਼।"

"ਰੋਜ਼ੀ 'ਤੇ ਲੱਤ? ਉਹ ਕਿੱਦਾਂ ਹਰਪ੍ਰੀਤ?" ਰਣਜੀਤ ਨੇ ਹੈਰਾਨੀ ਜਤਾਈ।

"ਜੇ ਤੁਸੀਂ ਨਹਾਉਣ ਨੂੰ ਨਾਂਹ ਕਰੋਗੇ ਤਾਂ ਮੈਨੂੰ ਜਾ ਕੇ ਸੁਪਰਵਾਈਜ਼ਰ ਨੂੰ ਇਸ ਦੀ ਰਿਪੋਰਟ ਕਰਨੀ ਪਏਗੀ ਕਿ ਪੇਸ਼ੈਂਟ ਮੇਰੇ ਕੋਲੋਂ ਨਹਾਉਣ ਲਈ ਨਹੀਂ ਮੰਨਦੈ ਤਾਂ ਫਿਰ ਸੁਪਰਵਾਈਜ਼ਰ ਮੈਨੂੰ ਕਦੇ ਤੁਹਾਡੇ ਘਰ ਨਹੀਂ ਭੇਜੇਗਾ। ਉਹ, ਮੇਰੇ ਪੇਸ਼ੈਂਟਸ ਦੀ ਲਿਸਟ ਵਿੱਚੋਂ ਤੁਹਾਡਾ ਨਾਂ ਕੱਢ ਦਏਗਾ। ਏਦਾਂ ਵੱਜ ਜਾਏਗੀ ਨਾ ਮੇਰੀ ਰੋਜ਼ੀ 'ਤੇ ਲੱਤ? ਹਰਪ੍ਰੀਤ ਨੇ ਹੱਸਦਿਆਂ-ਹੱਸਦਿਆਂ ਤਰਕ ਦਿੱਤਾ। ਰਣਜੀਤ ਲਈ ਇਹ ਸਾਰਾ ਕੁਝ ਆਸਾਨ ਨਹੀਂ ਸੀ, ਪਰ ਫਿਰ ਵੀ ਉਹ ਨਹਾਉਣ ਲਈ ਰਾਜ਼ੀ ਹੋ ਗਿਆ। ਬਾਥ-ਟੱਬ ਵਿੱਚ ਰੱਖੇ ਸਟੂਲ 'ਤੇ ਬਿਠਾ ਕੇ ਜਦੋਂ ਹਰਪ੍ਰੀਤ, ਉਸ ਦੀ ਪਿੱਠ 'ਤੇ ਸਾਬਣ ਮਲ ਰਹੀ ਸੀ ਤਾਂ ਹਰਪ੍ਰੀਤ ਦੇ ਹੱਥਾਂ ਦੀ ਛੋਹ ਨਾਲ ਉਸ ਨੂੰ ਅਜੀਬ ਜਿਹਾ ਸਕੂਨ ਮਿਲ ਰਿਹਾ ਸੀ। ਜ਼ਿੰਦਗੀ ਇਨਸਾਨ ਨੂੰ ਪਰਖਣ ਲਈ ਕਿੱਥੋਂ-ਕਿੱਥੋਂ ਜਾ ਫੜਦੀ ਹੈ। ਰਣਜੀਤ ਨੇ ਜਿਨ੍ਹਾਂ ਹੱਥਾਂ ਤੇ ਆਪਣੇ ਨਾਂ ਦੀ ਮਹਿੰਦੀ ਲੱਗੀ ਹੋਣ ਦਾ ਸੁਫਨਾ ਲਿਆ ਸੀ ਉਹੀ ਹੱਥ ਅੱਜ ਉਸ ਦੇ ਨਕਾਰਾ ਹੋਏ ਸਰੀਰ ਉੱਤੇ ਸਾਬਣ ਮਲ਼ ਰਹੇ ਸਨ। ਹਰਪ੍ਰੀਤ ਨੇ ਉਸ ਦੇ ਚਿਹਰੇ 'ਤੇ ਸਾਬਣ ਏਦਾਂ ਲਾਇਆ ਜਿੱਦਾਂ ਕੋਈ ਮਾਂ ਆਪਣੇ ਬੱਚੇ ਦੇ ਮੂੰਹ 'ਤੇ ਲਾਉਂਦੀ ਹੈ। ਨੁਹਾਉਣ ਤੋਂ ਬਾਅਦ ਹਰਪ੍ਰੀਤ ਨੇ ਰਣਜੀਤ ਦੇ ਪਿੰਡੇ ਅਤੇ ਸਿਰ 'ਤੇ ਤੇਲ ਲਾਇਆ। ਫਿਰ ਉਸ ਨੇ ਰਣਜੀਤ ਲਈ ਦੋ ਰੋਟੀਆਂ ਲਾਹੀਆਂ ਅਤੇ ਫ਼ਰਿੱਜ 'ਚੋਂ ਸਬਜ਼ੀ ਕੱਢ ਕੇ ਗਰਮ ਕੀਤੀ। ਰੋਟੀ ਥਾਲ਼ੀ 'ਚ ਪਾ ਕੇ ਰਣਜੀਤ ਨੂੰ ਦਿੱਤੀ। ਕਾਇਲਾ ਹਮੇਸ਼ਾ ਉਸ ਨੂੰ ਬਰੈੱਡਾਂ ਦੇ ਸੈਂਡਵਿਚ ਹੀ ਦਿੰਦੀ ਸੀ। ਹਰਪ੍ਰੀਤ ਪੰਜਾਬਣ ਹੋਣ ਕਰ ਕੇ ਜਾਣਦੀ ਸੀ ਕਿ ਪੰਜਾਬੀ ਲੋਕ ਲੰਚ ਵਿੱਚ ਰੋਟੀ ਹੀ ਖਾਂਦੇ ਹਨ। ਰੋਟੀ ਖਾਣ ਵੇਲੇ ਰਣਜੀਤ ਨੇ ਉਸ ਤੋਂ ਪੁੱਛਿਆ, "ਹਰਪ੍ਰੀਤ, ਤੂੰ ਅੱਜ ਦਾ ਦਿਨ ਈ ਏਂ ਜਾਂ ਕੱਲ੍ਹ ਨੂੰ ਵੀ ਆਏਂਗੀ? ਮੈਂ ਤੇਰੇ ਨਾਲ ਬਹੁਤ ਗੱਲਾਂ ਕਰਨੀਆਂ ਨੇ।" ਹਰਪ੍ਰੀਤ ਨੇ ਹੱਸਦਿਆਂ ਹੋਇਆਂ ਜੁਆਬ ਦਿੱਤਾ, "ਨਹੀਂ, ਮੈਨੂੰ ਤੁਹਾਡੀ ਡਿਊਟੀ ਪੰਜਾਂ ਦਿਨਾਂ ਲਈ ਹੀ ਅਸਾਈਨ ਹੋਈ ਏ। ਕਾਇਲਾ ਨੇ ਛੁੱਟੀ ਲਈ ਹੈ। ਸ਼ਾਇਦ ਉਸ ਦਾ ਬੇਟਾ ਬਿਮਾਰ ਹੈ। ਮੈਂ ਅਜੇ ਚਾਰ ਦਿਨ ਹੋਰ ਆਵਾਂਗੀ। ਉਸ ਤੋਂ ਬਾਅਦ ਓਦਾਂ ਵੀ ਨਵਾਂ ਸਮਾਂ-ਸਾਈਕਲ ਆ ਜਾਣੈ, ਫਿਰ ਸ਼ਾਇਦ ਸਾਡੀਆਂ ਡਿਊਟੀਆਂ ਬਦਲ ਹੀ ਜਾਣ।"

ਹਰਪ੍ਰੀਤ ਨੇ ਉਸ ਦੇ ਭਾਂਡੇ ਧੋ ਦਿੱਤੇ। ਉਸ ਦਾ ਬਿਸਤਰਾ ਚੰਗੀ ਤਰ੍ਹਾਂ ਵਿਛਾ ਕੇ ਉਹ ਚਲੇ ਗਈ। ਰਣਜੀਤ ਲਈ ਇਹ ਦਿਨ ਬੜਾ ਵਧੀਆ ਰਿਹਾ। ਉਸ ਦੇ ਦਿਲ

'ਚ ਦੱਬੀਆਂ ਹੋਈਆਂ ਰੀਝਾਂ ਨੱਚ ਉੱਠੀਆਂ। ਹਰਪ੍ਰੀਤ, ਜਿਸ ਨੂੰ ਬੁਲਾਉਣ ਦੀ, ਉਸ ਨੂੰ ਕਦੇ ਹਿੰਮਤ ਹੀ ਨਹੀਂ ਪਈ ਸੀ, ਅੱਜ ਆਪ ਉਸ ਦੇ ਘਰ ਆ ਕੇ ਗਈ ਸੀ। ਬੜੇ ਦਿਨਾਂ ਬਾਅਦ ਅੱਜ ਉਸ ਦਾ ਮਨ ਖ਼ੁਸ਼ ਸੀ। ਅੱਜ ਪਹਿਲੀ ਵਾਰ ਉਸ ਨੂੰ ਲੱਗਿਆ ਕਿ ਸੱਟ ਲੱਗਣ ਦਾ ਕੁੱਝ ਫ਼ਾਇਦਾ ਵੀ ਹੋਇਆ ਹੈ। ਹੁਣ ਉਹ ਇਹ ਚਾਹੁੰਦਾ ਸੀ ਕਿ ਅੱਜ ਦਾ ਦਿਨ ਛੇਤੀ ਲੰਘ ਜਾਵੇ ਅਤੇ ਅਗਲਾ ਦਿਨ ਆ ਜਾਵੇ ਤੇ ਨਾਲ਼ ਹੀ ਆ ਜਾਵੇ ਹਰਪ੍ਰੀਤ। ਰਣਜੀਤ ਦਾ ਮਨ ਕਾਹਲ਼ਾ ਜਿਹਾ ਪੈ ਰਿਹਾ ਸੀ। ਅੱਜ ਹਰਪ੍ਰੀਤ ਨੂੰ ਸਾਹਮਣੇ ਦੇਖ ਕੇ, ਘਰੋਂ ਬਾਹਰ ਜਾਣ ਦਾ ਖ਼ਿਆਲ ਉਸ ਨੂੰ ਵਿੱਸਰ ਹੀ ਗਿਆ ਸੀ। ਏਦਾਂ ਸੋਚਦਿਆਂ ਪਤਾ ਹੀ ਨਾ ਲੱਗਿਆ ਕਿ ਕਦ ਸ਼ਾਮ ਪੈ ਗਈ ਤੇ ਸੋਨੀਆ ਉਸ ਦਾ ਡਿੱਨਰ ਨੇੜੇ ਪਏ ਮੇਜ਼ ਉੱਤੇ ਰੱਖ ਕੇ, ਕੁੱਝ ਕਹੇ-ਸੁਣੇ ਬਗ਼ੈਰ ਹੀ ਕਮਰੇ 'ਚੋਂ ਬਾਹਰ ਨਿੱਕਲ਼ ਗਈ। ਉਸ ਦੀ ਤੇ ਸੋਨੀਆ ਦੀ ਬੱਸ ਹੁਣ ਇੰਨੀ ਕੁ ਸੁਰ-ਸਾਂਝ ਹੀ ਰਹਿ ਗਈ ਸੀ।

ਕਦੇ-ਕਦੇ ਰਣਜੀਤ ਦਾ ਧਿਆਨ ਆਪਣੇ ਅਪਾਹਜ-ਪੁਣੇ ਵੱਲ ਚਲਿਆ ਜਾਂਦਾ ਤਾਂ ਉਸ ਨੂੰ ਲੱਗਦਾ ਕਿ ਜਿਵੇਂ ਉਸ ਦੀਆਂ ਸਾਰੀਆਂ ਤਾਂਘਾਂ ਹੀ ਮਰ-ਮੁੱਕ ਗਈਆਂ ਹੋਣ। ਰੱਬ ਨੇ ਸੱਟ ਹੀ ਇਹੋ ਜਿਹੀ ਮਾਰ ਦਿੱਤੀ ਸੀ, ਜਿਸ ਦੇ ਠੀਕ ਹੋਣ ਦੇ ਕੋਈ ਆਸਾਰ ਨਹੀਂ ਦਿਸਦੇ ਸਨ। ਸਰੀਰ ਦਾ ਹੇਠਲਾ ਹਿੱਸਾ ਨਕਾਰਾ ਹੋ ਜਾਣ ਨਾਲ਼ ਉਹ ਔਰਤ ਦੇ ਕਾਬਲ ਨਹੀਂ ਰਹਿ ਗਿਆ ਸੀ। ਕਿਸੇ ਔਰਤ ਬਾਰੇ ਸੋਚਣਾ ਵੀ ਉਸ ਨੂੰ ਅਜੀਬ ਜਿਹਾ ਲਗਦਾ ਸੀ। ਭਾਵੇਂ ਹੀ ਉਸ ਦਾ ਸਰੀਰ ਔਰਤ ਦੇ ਕਾਬਲ ਨਹੀਂ ਸੀ, ਪਰ ਉਸ ਦਾ ਮਨ ਪਿਆਰ ਨੂੰ ਤਰਸਿਆ ਪਿਆ ਸੀ। ਸੋਨੀਆ ਨਾਲ਼ ਉਸ ਦਾ ਪਤੀ-ਪਤਨੀ ਵਾਲ਼ਾ ਰਿਸ਼ਤਾ ਤਾਂ ਪਹਿਲਾਂ ਹੀ ਸਹਿਕਦਾ ਜਿਹਾ ਚੱਲ ਰਿਹਾ ਸੀ, ਪਰ ਉਸ ਦੇ ਅਪਾਹਜ ਹੋ ਜਾਣ ਮਗਰੋਂ ਉਨ੍ਹਾਂ ਵਿਚਲਾ ਪਾੜਾ ਹੋਰ ਵਧ ਗਿਆ ਸੀ ਤੇ ਸੋਨੀਆ ਉਸ ਤੋਂ ਹੋਰ ਵੀ ਦੂਰ ਹੋ ਗਈ। ਹੁਣ ਤਾਂ ਉਹ ਬੱਸ ਡਿੱਨਰ ਫੜਾਉਣ ਹੀ ਆਉਂਦੀ ਸੀ ਅਤੇ ਸਵੇਰੇ ਉਸ ਦੇ ਉੱਠਣ ਤੋਂ ਪਹਿਲਾਂ ਉਸ ਦੇ ਜੂਠੇ ਭਾਂਡੇ ਲੈ ਜਾਂਦੀ ਤੇ ਬਾਕੀ ਦਾ ਟਾਈਮ ਉਹ ਨਿਆਣਿਆਂ ਨਾਲ਼ ਹੀ ਲੰਘਾਉਂਦੀ। "ਰਿਸ਼ਤੇ ਕੱਚੀਆਂ ਕੰਧਾਂ ਵਰਗੇ ਹੁੰਦੇ ਹਨ ਜਿਨ੍ਹਾਂ ਨੂੰ ਲਿੱਪਿਆ ਪੋਚਿਆ ਨਾ ਜਾਵੇ ਤਾਂ ਉਹ ਖੁਰਦੀਆਂ-ਖੁਰਦੀਆਂ ਖੁਰ ਜਾਂਦੀਆਂ ਹਨ," ਰਣਜੀਤ ਨੂੰ ਕਿਸੇ ਸਿਆਣੇ ਦੇ ਕਹੇ ਹੋਏ ਇਹ ਬੋਲ ਇਨੀਂ ਦਿਨੀਂ ਬੜੇ ਚੇਤੇ ਆਉਂਦੇ। ਸੋਨੀਆ ਨਾਲ਼ ਉਸ ਦਾ ਰਿਸ਼ਤਾ ਇੱਕ ਇਹੋ ਜਿਹੀ ਖੁਰੀ ਹੋਈ ਕੰਧ ਸੀ, ਜੋ ਕਿਸੇ ਵੇਲ਼ੇ ਵੀ ਢਹਿ-ਢੇਰੀ ਹੋ ਸਕਦੀ ਸੀ। ਨਿਆਣੇ ਵੀ ਹਫ਼ਤੇ 'ਚ ਇੱਕ-ਅੱਧੀ ਵਾਰ ਓਪਰਿਆਂ ਜਿਹਿਆਂ ਵਾਂਗ ਹੀ ਰਣਜੀਤ ਦੇ ਮੱਥੇ ਲੱਗਦੇ। ਕਦੇ-ਕਦੇ ਰਣਜੀਤ ਨੂੰ ਲੱਗਦਾ ਕਿ ਉਹ ਇੱਕ ਵਿਗੜੀ ਹੋਈ ਮਸ਼ੀਨ ਬਣ ਕੇ ਰਹਿ ਗਿਆ ਹੈ, ਜਿਸ ਉੱਤੇ ਕਦੇ-ਕਦਾਈਂ ਕੋਈ ਕੱਪੜਾ-ਟਾਕੀ ਤਾਂ ਮਾਰ ਦਿੰਦਾ ਹੈ, ਪਰ ਉਸ ਤੋਂ ਕੋਈ ਕੰਮ ਲੈਣ ਦੀ ਆਸ ਕਿਸੇ ਨੂੰ ਵੀ ਨਹੀਂ ਹੈ।

❒❒❒

# 5

ਰਣਜੀਤ ਨੂੰ ਬੜੀ ਮੁਸ਼ਕਲ ਨਾਲ਼ ਅਗਲਾ ਦਿਨ ਚੜ੍ਹਿਆ। ਉਹ ਤੜਕੇ ਤੋਂ ਨੌਂ ਵੱਜਣ ਦੀ ਉਡੀਕ ਕਰ ਰਿਹਾ ਸੀ। ਆਖ਼ਰ, ਨੌਂ ਵੱਜ ਕੇ ਤਿੰਨ ਮਿੰਟ 'ਤੇ ਉਸ ਨੂੰ ਹਰਪ੍ਰੀਤ ਦਰਵਾਜ਼ੇ 'ਤੇ ਖੜ੍ਹੀ ਨਜ਼ਰ ਆਈ। ਬੜੇ ਚਾਅ ਨਾਲ਼ ਉਸ ਨੇ ਰਿਮੋਟ ਨਾਲ਼ ਦਰਵਾਜ਼ਾ ਖੋਲ੍ਹਿਆ ਤੇ ਇੰਟਰ-ਕਾਮ 'ਤੇ ਹਰਪ੍ਰੀਤ ਨੂੰ ਅੰਦਰ ਆਉਣ ਲਈ ਕਿਹਾ। ਅੰਦਰ ਆਉਣ ਸਾਰ ਹੀ ਹਰਪ੍ਰੀਤ ਨੇ ਕਿਹਾ, "ਹਲੋ, ਗੁੱਡ ਮਾਰਨਿੰਗ ਰਣਜੀਤ, ਕੀ ਹਾਲ-ਚਾਲ ਏ ਤੁਹਾਡਾ?"

"ਮੈਂ ਠੀਕ ਆਂ ਹਰਪ੍ਰੀਤ, ਤੂੰ ਸੁਣਾ ਆਪਣਾ ਹਾਲ-ਚਾਲ। ਕਿੱਦਾਂ ਲੰਘਿਆ ਕੱਲ੍ਹ ਦਾ ਬਾਕੀ ਦਿਨ?" ਰਣਜੀਤ ਨੇ ਬਾਗੋ-ਬਾਗ਼ ਹੁੰਦਿਆਂ ਪੁੱਛਿਆ।

"ਬੱਸ ਠੀਕ ਹੀ ਸੀ। ਘਰ ਦੇ ਕੰਮਾਂ-ਕਾਰਾਂ ਵਿੱਚ ਦਿਨ ਪਤਾ ਨਹੀਂ ਕਦੋਂ ਬੀਤ ਜਾਂਦੈ। ਤੁਸੀਂ ਦੱਸੋ ਪਹਿਲਾਂ ਬਾਥ ਲਓਗੇ ਜਾਂ ਪਹਿਲਾਂ ਕੱਪੜੇ ਲਾਂਡਰੀ 'ਚ ਪਾ ਦਿਆਂ?" ਹਰਪ੍ਰੀਤ ਸਿੱਧੀ ਹੀ ਆਪਣੇ ਕੰਮਾਂ ਵੱਲ ਹੋ ਤੁਰੀ।

"ਹਰਪ੍ਰੀਤ ਤੂੰ ਕੁਛ ਵੀ ਨਾ ਕਰ। ਬੱਸ ਇੱਥੇ ਮੇਰੇ ਕੋਲ ਬਹਿ ਜਾਹ। ਮੈਂ ਤੇਰੇ ਨਾਲ਼ ਬਹੁਤ ਸਾਰੀਆਂ ਗੱਲਾਂ ਕਰਨੀਆਂ ਨੇ," ਰਣਜੀਤ ਨੇ ਜਿੱਦਾਂ ਆਪਣੇ ਦਿਲ ਦੀ ਗੱਲ ਕਹੀ।

"ਰਣਜੀਤ, ਮੈਂ ਤੁਹਾਡੇ ਕੋਲ ਦੋ ਘੰਟੇ ਲਈ ਹਾਂ। ਸੋ ਲੈਟ ਮੀ ਫਿਨਿਸ਼ ਮਾਈ ਵਰਕ ਟੂ, ਓਦਾਂ ਤੁਸੀਂ ਗੱਲਾਂ ਵੀ ਕਰੀ ਜਾਓ ਮੈਂ ਸੁਣਦੀ ਰਹਾਂਗੀ," ਇਹ ਕਹਿ ਕੇ ਹਰਪ੍ਰੀਤ ਲਾਂਡਰੀ ਵਾਸਤੇ ਕੱਪੜੇ ਇਕੱਠੇ ਕਰਨ ਲੱਗ ਪਈ।

"ਚੱਲ ਠੀਕ ਐ। ਤੂੰ ਆਪਣੀ ਫੈਮਿਲੀ ਬਾਰੇ ਦੱਸ, ਆਪਣੀ ਜ਼ਿੰਦਗੀ ਬਾਰੇ ਦੱਸ, ਮੈਂ ਤਾਂ ਆਖ਼ਰੀ ਵਾਰ ਤੈਨੂੰ ਕਾਲਜ ਦੀ ਬੱਸ 'ਚੋਂ ਉੱਤਰਦੀ ਨੂੰ ਹੀ ਦੇਖਿਆ ਸੀ। ਫਿਰ ਜਦ ਥੋੜ੍ਹੇ ਦਿਨ ਤੂੰ ਦਿਸੀ ਨਹੀਂ ਤਾਂ ਮੈਂ ਤੇਰੇ ਬਾਰੇ ਪਤਾ ਕਰਾਇਆ। ਦੱਸਣ ਵਾਲ਼ੇ ਨੇ ਦੱਸਿਆ ਕਿ ਤੇਰਾ ਵਿਆਹ ਕਿਸੇ ਐਨ.ਆਰ.ਆਈ ਨਾਲ਼ ਹੋ ਗਿਐ। ਉਸ ਤੋਂ ਕੁੱਝ ਚਿਰ ਬਾਅਦ ਤੇਰੇ ਵਿਦੇਸ਼ ਚਲੀ ਜਾਣ ਬਾਰੇ ਸੁਣਿਆ। ਇਹ ਸਾਰਾ ਕੁੱਝ ਛੇਤੀ-ਛੇਤੀ ਕਿੱਦਾਂ ਹੋ ਗਿਆ? ਟੈਲ ਮੀ ਦ ਕੰਪਲੀਟ ਸਟੋਰੀ," ਰਣਜੀਤ ਸਾਰਾ ਕੁਝ ਜਾਨਣ ਨੂੰ ਬਹੁਤ ਕਾਹਲ਼ਾ ਪੈ ਰਿਹਾ ਸੀ।

ਹਰਪ੍ਰੀਤ ਨੇ ਇੱਕ ਹਉਕਾ ਜਿਹਾ ਲੈ ਕੇ ਗੱਲ ਸ਼ੁਰੂ ਕੀਤੀ, "ਬੱਸ ਜਿੱਦਾਂ ਤੁਹਾਨੂੰ ਪਤਾ ਈ ਆ, ਪੜ੍ਹਦੀ-ਪੜ੍ਹਦੀ ਨੂੰ ਕੈਨੇਡਾ ਤੋਂ ਰਿਸ਼ਤਾ ਆ ਗਿਆ। ਅਖੇ 'ਮੁੰਡਾ ਸਾਊ ਆ ਤੇ ਬੜੇ ਪੈਸੇ ਵਾਲ਼ੇ ਲੋਕ ਨੇ।' ਮੈਂ ਮੰਨ ਗਈ। ਟੋਨੀ ਦੇਖਣ-ਚਾਖਣ ਨੂੰ ਤਾਂ ਮਾੜਾ ਨ੍ਹੀਂ ਸੀ, ਪਰ ਕੈਨੇਡਾ ਆ ਕੇ ਦੇਖਿਆ ਪਈ ਸ਼ਰਾਬ ਬਾਹਲ਼ੀ ਪੀਂਦਾ ਸੀ। ਪੈਸੇ-ਪੂਸੇ ਵਾਲ਼ੀ ਗੱਲ ਵੀ ਝੂਠ ਹੀ ਸੀ। ਮਾਂ-ਬਾਪ ਨਾਲ਼ ਇੱਕ ਬੇਸਮੈਂਟ ਵਿੱਚ ਕਿਰਾਏ 'ਤੇ ਰਹਿੰਦਾ ਸੀ। ਮੈਂ ਇੱਕ ਸਾਲ ਬਹੁਤ ਔਖ ਨਾਲ਼

ਕੱਟਿਆ, ਉਸ ਨਾਲ਼। ਆਉਂਦਿਆਂ ਹੀ ਮੈਂ ਕਾਰ ਦਾ ਲਾਇਸੈਂਸ ਲੈ ਕੇ ਕੰਮ ਕਰਨ ਲੱਗ ਪਈ। ਇੱਕ ਸਾਲ ਬਾਅਦ ਆਲ਼ੇ ਦੁਆਲੇ ਦਾ ਥੋੜ੍ਹਾ-ਬਹੁਤ ਭੇਤ ਪਾਉਣ ਪਿੱਛੋਂ, ਹਾਲਾਤ ਨਾ ਸੁਧਰਦੇ ਦੇਖ ਕੇ, ਮੈਂ ਟੋਨੀ ਤੋਂ ਤਲਾਕ ਲੈ ਕੇ ਰਿੱਕ ਨਾਲ਼ ਵਿਆਹ ਕਰਾ ਲਿਆ।"

"ਇਹ ਰਿੱਕ ਕੌਣ ਆ?" ਰਣਜੀਤ ਨੇ ਉਤਸੁਕਤਾ ਨਾਲ਼ ਪੁੱਛਿਆ। ਉਸ ਨੂੰ ਅੰਦਰੋਂ ਇਹ ਮਹਿਸੂਸ ਹੋਇਆ ਜਿਵੇਂ ਉਹ ਹਰਪ੍ਰੀਤ ਤੋਂ ਆਪਣੇ ਕਿਸੇ ਦੁਸ਼ਮਣ ਬਾਰੇ ਪੁੱਛ ਰਿਹਾ ਹੋਵੇ।

"ਮੈਂ ਜਿਸ ਬੇਕਰੀ ਵਿੱਚ ਕੰਮ ਕਰਦੀ ਸੀ, ਰਿੱਕ ਉਸ ਦਾ ਓਨਰ ਸੀ। ਉਹ ਬਾਂਬੇ ਦਾ ਏ ਅਤੇ ਉਸ ਦਾ ਅਸਲੀ ਨਾਮ ਰਾਕੇਸ਼ ਚੌਧਰੀ ਹੈ। ਰਿੱਕ ਨਾਲ਼ ਮੇਰੇ ਤਿੰਨ ਕੁ ਸਾਲ ਤਾਂ ਸੋਹਣੇ ਲੰਘ ਗਏ। ਬੇਕਰੀ ਸੋਹਣੀ ਚੱਲਦੀ ਸੀ। ਘਰ ਵਿੱਚ ਕਿਸੇ ਚੀਜ਼ ਦਾ ਘਾਟਾ ਨਹੀਂ ਸੀ। ਸਾਡੇ ਘਰ ਇੱਕ ਬੇਟੀ ਨੇ ਜਨਮ ਲਿਆ, ਜਿਸ ਦਾ ਨਾਂ ਅਸੀਂ ਸਰਿਤਾ ਰੱਖਿਆ। ਤਿੰਨਾਂ ਸਾਲਾਂ ਬਾਅਦ ਮੰਦੇ ਦਾ ਇਹੋ ਜਿਹਾ ਦੌਰ ਆਇਆ ਕਿ ਬੇਕਰੀ ਵਿੱਚ ਬਹੁਤ ਘਾਟਾ ਪੈ ਗਿਆ। ਸਾਨੂੰ ਬੇਕਰੀ ਬੰਦ ਕਰਨੀ ਪਈ। ਕਾਫ਼ੀ ਚਿਰ ਅਸੀਂ ਬੇਕਾਰ ਰਹੇ ਤੇ ਫਿਰ ਰਿੱਕ ਨੇ ਕਿਸੇ ਵੱਡੀ ਬੇਕਰੀ ਵਿੱਚ ਸੁਪਰਵਾਈਜ਼ਰ ਦੇ ਤੌਰ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੈਂ ਹੈਲਥ-ਕੇਅਰ ਵਰਕਰ ਦਾ ਕੋਰਸ ਕਰ ਕੇ ਆਹ ਕੰਮ ਕਰਨ ਲੱਗ ਪਈ," ਹਰਪ੍ਰੀਤ ਨੇ ਸਰਫ਼ੇ ਦੇ ਸ਼ਬਦਾਂ ਵਿੱਚ ਜ਼ਿੰਦਗੀ ਦਾ ਸਫ਼ਰ ਨਿਬੇੜ ਦਿੱਤਾ ।

"ਮੈਂ ਤਾਂ ਸੁਣਿਆ ਸੀ ਕਿ ਮੰਦੇ ਦਾ ਕੈਨੇਡਾ 'ਤੇ ਬਹੁਤਾ ਅਸਰ ਨਹੀਂ ਹੋਇਆ। ਓਦਾਂ ਵੀ ਬੇਕਰੀ ਵਿੱਚ ਤਾਂ ਖਾਣ-ਪੀਣ ਦਾ ਸਾਮਾਨ ਹੀ ਬਣਦੈ ਤੇ ਖਾਣ-ਪੀਣ ਦੀਆਂ ਚੀਜ਼ਾਂ 'ਤੇ ਮੰਦੇ ਦਾ ਬਹੁਤਾ ਅਸਰ ਨਹੀਂ ਹੁੰਦਾ। ਤੁਹਾਡੀ ਬੇਕਰੀ ਮੰਦੇ ਦੇ ਕਾਰਨ ਬੰਦ ਹੋ ਗਈ ਇਹ ਗੱਲ ਹਜ਼ਮ ਨਹੀਂ ਹੋ ਰਹੀ, ਕੋਈ ਹੋਰ ਵੀ ਵਜ੍ਹਾ ਹੋਣੀ?" ਰਣਜੀਤ ਨੇ ਸ਼ੰਕਾ ਜਤਾਉਂਦਿਆਂ ਕਿਹਾ।

"ਹਾਂ, ਤੁਸੀਂ ਸਹੀ ਕਿਹਾ। ਕਾਰਨ ਹੋਰ ਵੀ ਸੀਗੇ। ਅਸਲ ਵਿੱਚ ਜਿਸ ਪਲਾਜ਼ੇ ਵਿੱਚ ਸਾਡੀ ਬੇਕਰੀ ਸੀ, ਉਸ ਵਿੱਚ ਦੋ ਬੇਕਰੀਆਂ ਹੋਰ ਖੁੱਲ੍ਹ ਗਈਆਂ ਸੀਗੀਆਂ। ਉਨ੍ਹਾਂ ਬੇਕਰੀਆਂ ਵਾਲ਼ੇ ਚੀਜ਼ਾਂ ਬਹੁਤ ਹੀ ਸਸਤੀਆਂ ਵੇਚਣ ਲੱਗ ਪਏ। ਸਾਨੂੰ ਪਤਾ ਸੀ ਕਿ ਇਹ ਲੋਕ ਏਨਾ ਸਸਤਾ ਮਾਲ ਵੇਚ ਕੇ ਕਮਾ ਕੁਛ ਨਹੀਂ ਰਹੇ। ਇਹ ਸੋਚ ਕੇ ਹੀ ਰਿੱਕ ਨੇ ਸਮਝੌਤਾ ਨਾ ਕੀਤਾ ਅਤੇ ਚੀਜ਼ਾਂ ਦੀਆਂ ਕੀਮਤਾਂ ਨਾ ਘਟਾਈਆਂ। ਸਾਰੇ ਗਾਹਕ ਦੂਜੀਆਂ ਬੇਕਰੀਆਂ ਵੱਲ ਚਲੇ ਗਏ ਤੇ ਸਾਡੀ ਬੇਕਰੀ ਘਾਟੇ ਵਿੱਚ ਜਾਣ ਲੱਗ ਪਈ। ਕਾਫ਼ੀ ਘਾਟਾ ਖਾਣ ਤੋਂ ਬਾਅਦ ਰਿੱਕ ਨੇ ਬੇਕਰੀ ਬੰਦ ਕਰਨ ਦਾ ਫ਼ੈਸਲਾ ਲਿਆ। ਬਾਅਦ ਵਿੱਚ ਉਨ੍ਹਾਂ ਬੇਕਰੀਆਂ ਵਿੱਚੋਂ ਵੀ ਇੱਕ ਬੇਕਰੀ ਬੰਦ ਹੋ ਗਈ। ਅਸਲ ਵਿੱਚ ਏਰੀਏ ਦੇ ਹਿਸਾਬ ਨਾਲ਼ ਉੱਥੇ ਇੱਕ ਬੇਕਰੀ ਹੀ ਚੱਲ ਸਕਦੀ ਸੀ। ਆਖ਼ਰ ਇੱਕ ਹੀ ਰਹਿ ਗਈ," ਹਰਪ੍ਰੀਤ ਨੇ ਖ਼ੁਲਾਸਾ

ਕੀਤਾ।

"ਤੂੰ ਸਹੀ ਕਹਿਨੀ ਏਂ ਹਰਪ੍ਰੀਤ, ਇੰਡੀਅਨਜ਼ ਕੋਲ ਬਿਜ਼ਨਸ ਕਰਨ ਦੀ ਸੂਝ-ਬੂਝ ਤਾਂ ਹੈ ਈ ਨਹੀਂ। ਲਾਗਤ ਦਾ ਹਿਸਾਬ-ਕਿਤਾਬ ਲਾਏ ਬਗ਼ੈਰ, ਕੀਮਤ ਘਟਾ ਦਿੰਦੇ ਆ ਤਾਂ ਕਿ ਗਾਹਕਾਂ ਨੂੰ ਆਪਣੇ ਵੱਲ ਖਿੱਚ ਸਕਣ। ਇਹੀ ਹਾਲ ਹਰ ਕਿੱਤੇ ਦਾ ਏ। ਹੁਣ ਆਹ ਘਰ ਬਣਾਉਣ ਵਾਲ਼ੇ ਲੋਕਾਂ ਦੇ ਕੰਮ ਦੇਖ ਲਓ। ਕੋਈ ਕੰਪਨੀ, ਘਰ 'ਤੇ ਛੱਤ ਪਾਉਣ ਦਾ ਵੀਹ ਹਜ਼ਾਰ ਡਾਲਰ ਮੰਗ ਲੈਂਦੀ ਏ ਤੇ ਕੋਈ ਹੋਰ, ਉਹੀ ਕੰਮ ਛੇ ਹਜ਼ਾਰ ਵਿੱਚ ਕਰ ਦਿੰਦੀ ਏ। ਕੰਮ ਵੀ ਬਹੁਤਾ ਘਟੀਆ ਨਹੀਂ ਕਰ ਸਕਦੇ ਕਿਉਂ ਕਿ ਹਰੇਕ ਕੰਮ ਦੀ ਸਿਟੀ ਵਾਲਿਆਂ ਨੇ ਇੰਸਪੈਕਸ਼ਨ ਕਰਨੀ ਹੁੰਦੀ ਐ। ਫਿਰ ਇਹ ਸੋਚ ਕੇ ਹੈਰਾਨੀ ਹੁੰਦੀ ਐ ਕਿ ਕੀਮਤਾਂ ਵਿੱਚ ਏਨਾ ਫ਼ਰਕ ਕਿੱਦਾਂ ਪਾ ਦਿੰਦੇ ਨੇ। ਅਸਲ ਵਿੱਚ ਅਨਪੜ੍ਹ ਲੋਕ ਬਿਜ਼ਨਸ ਵਿੱਚ ਆਉਣ ਨਾਲ਼, ਉਨ੍ਹਾਂ ਲਈ ਜ਼ਿਆਦਾ ਕੰਮ ਹਾਸਲ ਕਰਨ ਦਾ ਤਰੀਕਾ ਇਹੋ ਰਹਿ ਗਿਆ ਏ ਕਿ ਕੀਮਤ ਹੋਰਨਾਂ ਨਾਲੋਂ ਘਟਾ ਦਿਓ। ਇਨ੍ਹਾਂ ਲੋਕਾਂ ਨੂੰ ਇਹ ਵੀ ਸਮਝ ਨਹੀਂ ਕਿ ਕੀਮਤ ਵੀ ਇੱਕ ਲਿਮਟ ਤੱਕ ਹੀ ਘਟਾਈ ਜਾ ਸਕਦੀ ਆ। ਇਸ ਮਾੜੇ ਰੁਝਾਨ ਦੀ ਵਜ੍ਹਾ ਨਾਲ਼ ਹੀ ਤੇਰੇ ਰਿੱਕ ਵਾਂਗ, ਬਹੁਤੇ ਗੋਰਿਆਂ ਨੇ ਆਪਣੀਆਂ ਕੰਸਟਰੱਕਸ਼ਨ ਕੰਪਨੀਆਂ ਬੰਦ ਕਰ ਦਿੱਤੀਆਂ ਨੇ ਤੇ ਹੋਰ ਕੰਮ-ਕਾਰ ਕਰਨ ਲੱਗ ਪਏ ਨੇ। ਇਹੋ ਹਾਲ ਟਰੱਕਿੰਗ ਕੰਪਨੀਆਂ ਦਾ ਏ। ਭਾੜਾ ਘਟਾ-ਘਟਾ ਕੇ ਲੋਡ ਚੁੱਕੀ ਜਾਂਦੇ ਆ। ਪੁਰਾਣੀਆਂ ਕੰਪਨੀਆਂ ਬੰਦ ਹੋਈ ਜਾਂਦੀਆਂ, ਨਵੀਆਂ ਖੁੱਲ੍ਹੀ ਜਾਂਦੀਆਂ। ਟਰੱਕਾਂ ਵਾਲ਼ਿਆ ਦੇ ਖ਼ਰਚੇ ਮਸਾਂ ਪੂਰੇ ਹੁੰਦੇ ਆ। ਬੱਸ ਇਹ ਸਮਝ ਲੈ ਕਿ ਆਵਾ ਈ ਊਤਿਆ ਹੋਇਐ," ਰਣਜੀਤ ਨੇ ਪੰਜਾਬੀਆਂ ਦੇ ਬਿਜ਼ਨਸ ਕਰਨ ਦੇ ਢੰਗ 'ਤੇ ਲੰਮਾ ਲੈਕਚਰ ਦੇ ਮਾਰਿਆ।

"ਆਹੋ, ਉੱਪਰੋਂ ਆਪਣੇ ਕੰਮ ਕਰਨ ਵਾਲ਼ਿਆਂ ਨੂੰ ਘੱਟ ਤੋਂ ਘੱਟ ਤਨਖ਼ਾਹ 'ਤੇ ਰੱਖਿਆ ਹੁੰਦੈ। ਜਦੋਂ ਮੈਂ ਰਿੱਕ ਕੋਲ਼ ਕੰਮ ਕਰਦੀ ਸੀ ਤਾਂ ਉਹ ਮੈਨੂੰ ਤੇਰਾਂ ਡਾਲਰ ਘੰਟੇ ਦੇ ਦਿੰਦਾ ਹੁੰਦਾ ਸੀ, ਜਦ ਕਿ ਹੋਰਾਂ ਬੇਕਰੀਆਂ ਵਾਲ਼ਿਆਂ ਨੇ ਨੌਂ-ਨੌਂ ਡਾਲਰਾਂ 'ਤੇ ਵਰਕਰ ਰੱਖੇ ਹੁੰਦੇ ਸੀ। ਘਟਾਉਣਾ ਹੈ ਤਾਂ ਆਪਣਾ ਮੁਨਾਫ਼ਾ ਘਟਾਓ। ਹੋਰਨਾਂ ਦਾ ਹੱਕ ਮਾਰ ਕੇ ਲਾਗਤਾਂ ਘਟਾਉਣ ਦੀ ਕੀ ਤੁਕ ਹੋਈ ਭਲਾ?" ਹਰਪ੍ਰੀਤ ਨੇ ਵੀ ਇਸ ਬਿਮਾਰ ਕੰਪੀਟੀਸ਼ਨ ਦਾ ਇੱਕ ਹੋਰ ਪੱਖ ਉਜਾਗਰ ਕੀਤਾ।

"ਚਲੋ, ਹੁਣ ਰਿੱਕ ਨਾਲ਼ ਤੇਰੀ ਸੋਹਣੀ ਨਿਭੀ ਜਾਂਦੀ ਏ?" ਰਣਜੀਤ ਦਾ ਅਗਲਾ ਸੁਆਲ ਸੀ।

"ਹੂੰ! ਠੀਕ-ਠਾਕ ਆ। ਬਿਜ਼ਨਸ ਬੰਦ ਕਰਨ ਤੋਂ ਬਾਅਦ ਉਹ ਵੀ ਕਾਫ਼ੀ ਸ਼ਰਾਬ ਪੀਣ ਲੱਗ ਪਿਆ ਸੀ। ਇੱਕ ਵਾਰੀ ਤਾਂ ਮੈਂ ਉਸ ਤੋਂ ਵੀ ਤਲਾਕ ਲੈਣ ਦਾ ਮਨ ਬਣਾ ਲਿਆ ਸੀ, ਪਰ ਫਿਰ ਉਸ ਨੇ ਪੀਣੀ ਕੁੱਝ ਘਟਾ ਦਿੱਤੀ," ਹਰਪ੍ਰੀਤ ਨੇ ਦੱਸਿਆ।

"ਹੱਦ ਹੋ ਗਈ ਹਰਪ੍ਰੀਤ, ਤੂੰ ਵੀ ਜ਼ਿੰਦਗੀ ਦੇ ਏਨੇ ਕੌੜੇ ਤਜਰਬਿਆਂ 'ਚੋਂ ਲੰਘ ਚੁੱਕੀ ਏਂ। ਜ਼ਿੰਦਗੀ ਓਨੀ ਅਸਾਨ ਕਦੀ ਵੀ ਨਹੀਂ ਹੁੰਦੀ ਜਿੰਨੀ ਆਪਾਂ ਸਮਝਦੇ ਆਂ," ਰਣਜੀਤ ਨੇ ਹਰਪ੍ਰੀਤ ਵੱਲ ਦੇਖਦਿਆਂ ਕਿਹਾ।

ਹਰਪ੍ਰੀਤ ਹਾਂ ਵਿਚ ਸਿਰ ਹਿਲਾ ਕੇ ਲਾਂਡਰੀ ਵਿੱਚ ਕੱਪੜੇ ਪਾਉਣ ਲਈ ਥੱਲੇ ਚਲੇ ਗਈ। ਰਣਜੀਤ ਬੈਠਾ-ਬੈਠਾ ਕਿਤੇ ਗੁਆਚ ਗਿਆ। ਉਹ ਸੋਚ ਵੀ ਨਹੀਂ ਸਕਦਾ ਸੀ ਕਿ ਹਰਪ੍ਰੀਤ ਵਰਗੀ ਕੁੜੀ ਵੀ ਇਹੋ ਜਿਹੇ ਹਾਲਾਤ ਨਾਲ਼ ਦੋ-ਚਾਰ ਹੋਈ ਹੋ ਸਕਦੀ ਹੈ। ਉਸ ਨੂੰ ਇੱਕ ਗੱਲ ਬੜੀ ਅਜੀਬ ਲੱਗੀ ਸੀ ਕਿ ਆਪਣੀ ਗੱਲਬਾਤ ਵਿੱਚ ਹਰਪ੍ਰੀਤ ਨੇ ਪੈਸੇ ਨੂੰ ਬਹੁਤ ਅਹਿਮੀਅਤ ਦਿੱਤੀ ਸੀ। ਉਹ ਸਾਫ਼-ਸਾਫ਼ ਕਹਿ ਗਈ ਸੀ ਕਿ ਉਸ ਨੂੰ ਇੰਡੀਆ ਵਿੱਚ ਕਿਹਾ ਗਿਆ ਸੀ ਕਿ ਮੁੰਡਾ ਸਾਊ ਤੇ ਪੈਸੇ ਵਾਲ਼ਾ ਹੈ। ਉਹ, ਵਿਆਹ ਕਰਾਉਣ ਲਈ ਮੰਨੀ ਹੀ ਇਸ ਕਰ ਕੇ ਸੀ। ਉਸ ਦੀ ਅਗਲੀ ਸਟੋਰੀ ਤੋਂ ਵੀ ਇਹੋ ਸਾਬਤ ਹੁੰਦਾ ਸੀ ਕਿ ਟੋਨੀ ਕੋਲ਼ ਪੈਸਾ ਜ਼ਿਆਦਾ ਨਾ ਹੋਣ ਕਰ ਕੇ ਅਤੇ ਉਸ ਦੇ ਸ਼ਰਾਬ ਪੀਣ ਦੇ ਆਦੀ ਹੋਣ ਕਰ ਕੇ, ਉਸ ਨੇ ਟੋਨੀ ਤੋਂ ਤਲਾਕ ਲੈ ਲਿਆ। ਰਣਜੀਤ ਇਨ੍ਹਾਂ ਸੋਚਾਂ ਵਿੱਚ ਗੁੰਮ-ਸੁੰਮ ਸੀ ਕਿ ਹਰਪ੍ਰੀਤ ਦੁਬਾਰਾ ਉੱਪਰ ਆ ਗਈ।

ਉਸ ਦੇ ਆਉਣ ਸਾਰ ਰਣਜੀਤ ਨੇ ਇਹ ਸੁਆਲ ਦਾਗ਼ ਦਿੱਤਾ, "ਹਰਪ੍ਰੀਤ, ਇੱਕ ਗੱਲ ਤਾਂ ਦੱਸ। ਤੂੰ ਟੋਨੀ ਨੂੰ ਸ਼ਰਾਬੀ ਹੋਣ ਕਰ ਕੇ ਛੱਡਿਆ ਜਾਂ ਨੰਗ ਹੋਣ ਕਰ ਕੇ ? ਜੇ ਟੋਨੀ ਦੀ ਫੈਮਲੀ ਅਮੀਰ ਹੁੰਦੀ ਅਤੇ ਉਸ ਦੇ ਟੱਬਰ ਵਿੱਚ ਰਹਿੰਦਿਆਂ ਤੈਨੂੰ ਪੈਸੇ ਦੀ ਕੋਈ ਕਮੀ ਨਾ ਹੁੰਦੀ, ਫੇਰ ਵੀ ਤੂੰ ਉਸ ਨੂੰ ਸ਼ਰਾਬ ਦੀ ਵਜ੍ਹਾ ਨਾਲ਼ ਛੱਡ ਆਉਂਦੀ ? ਤੈਨੂੰ ਕਿਸੇ ਨੇ ਇਹ ਤੋੜ-ਵਿਛੋੜਾ ਕਰਨੋਂ ਰੋਕਿਆ ਨਾ ?"

"ਨਹੀਂ, ਫੇਰ ਕਿਉਂ ਛੱਡਦੀ ? ਜੇ ਮੇਰੀਆਂ ਲੋੜਾਂ ਪੂਰੀਆਂ ਹੋਈ ਜਾਂਦੀਆਂ ਤਾਂ ਮੇਰਾ ਭਲਾ ਦਿਮਾਗ਼ ਖ਼ਰਾਬ ਸੀ, ਜੋ ਮੈਂ ਉਹ ਨੂੰ ਛੱਡ ਕੇ, ਰਿੱਕ ਨਾਲ਼ ਵਿਆਹ ਕਰਾਉਂਦੀ ? ਟੋਨੀ ਦੇ ਘਰ ਵਾਲ਼ਿਆਂ ਨੇ ਬਥੇਰਾ ਰੋਕਿਆ ਸੀ, ਪਰ ਰਣਜੀਤ, ਭੁੱਖੇ ਢਿੱਡ, ਭਾਸ਼ਨਾਂ ਨਾਲ਼ ਨਹੀਂ ਭਰਦੇ,"ਹਰਪ੍ਰੀਤ ਨੇ ਪਟਾਕ ਦੇਣੀ ਜੁਆਬ ਦਿੱਤਾ।

ਇਹ ਸੁਣ ਕੇ ਰਣਜੀਤ ਚੁੱਪ ਹੋ ਗਿਆ। ਹਰਪ੍ਰੀਤ ਦੇ ਜੁਆਬ ਨੇ ਰਣਜੀਤ ਦੇ ਮਨ ਵਿੱਚ ਬਣਿਆ ਹੋਇਆ ਉਸ ਦਾ ਅਕਸ ਚਕਨਾਚੂਰ ਹੀ ਕਰ ਦਿੱਤਾ ਸੀ। ਹਰਪ੍ਰੀਤ ਵੀ ਸੋਨੀਆ ਵਾਂਗ ਹੀ ਪੈਸੇ ਨੂੰ ਬਹੁਤੀ ਅਹਿਮੀਅਤ ਦਿੰਦੀ ਸੀ ਅਤੇ ਔਖੇ ਹਾਲਾਤ ਵਿੱਚ ਮੂੰਹ ਮੋੜਨ ਵਾਲ਼ੀ ਤੀਵੀਂ ਸੀ। ਹੁਣ ਰਣਜੀਤ ਨੂੰ ਬਹੁਤ ਸ਼ਿੱਦਤ ਨਾਲ਼ ਇਹ ਅਹਿਸਾਸ ਹੋਣ ਲੱਗ ਪਿਆ ਕਿ ਪਿਆਰ-ਮੁਹੱਬਤ ਮਹਿਜ਼ ਕਿਤਾਬੀ ਗੱਲਾਂ ਹੀ ਨੇ ਕਿਉਂ ਕਿ ਸਬੰਧਾਂ ਦਾ ਅਸਲ ਅਧਾਰ ਤਾਂ ਆਰਥਿਕਤਾ ਹੀ ਬਣ ਚੁੱਕੀ ਹੈ। ਪ੍ਰਮਾਤਮਾ ਕਈਆਂ ਨੂੰ ਬਹੁਤ ਸੋਹਣੀ ਸੂਰਤ ਤਾਂ ਦੇ ਦਿੰਦਾ ਪਰ ਉਨ੍ਹਾਂ ਸੂਰਤਾਂ ਅੰਦਰ ਪਿਆਰ ਦਾ ਜਜ਼ਬਾ ਪਾਉਣਾ ਸ਼ਾਇਦ ਭੁੱਲ ਹੀ ਜਾਂਦੈ।

ਰਣਜੀਤ ਨੂੰ ਕਿਸੇ ਔਰਤ ਦੇ ਮੂੰਹੋਂ ਪੈਸੇ ਅਤੇ ਜਾਇਦਾਦ ਦਾ ਜ਼ਿਕਰ ਮੂਲੋਂ ਹੀ ਚੰਗਾ ਨਹੀਂ ਲਗਦਾ ਸੀ। ਧਰਮ ਕੌਰ ਨੇ ਉਸ ਦੇ ਪਾਲਣ-ਪੋਸ਼ਣ ਵਿੱਚ ਇਹ ਚੀਜ਼ਾਂ ਦਾਖ਼ਲ ਨਹੀਂ ਹੋਣ ਦਿੱਤੀਆਂ ਸਨ। ਉਸ ਨੇ ਰਣਜੀਤ ਨੂੰ ਇਹ ਸਿਖਾਇਆ ਸੀ ਕਿ ਇਨਸਾਨੀ ਜਜ਼ਬਾਤ ਅਨਮੋਲ ਹਨ ਅਤੇ ਬਾਕੀ ਦੇ ਸਾਰੇ ਸੁਖ-ਸਾਧਨ ਇਨ੍ਹਾਂ ਤੋਂ ਹੇਠਾਂ ਹਨ।

ਹਰਪ੍ਰੀਤ ਨੇ ਉਸ ਨੂੰ ਨੁਹਾਇਆ, ਉਸ ਦਾ ਬਿਸਤਰਾ ਵਿਛਾਇਆ, ਲੰਚ ਬਣਾ ਕੇ ਦਿੱਤਾ, ਫਿਰ ਲਾਂਡਰੀ 'ਚੋਂ ਸੁੱਕੇ ਕੱਪੜੇ ਲਿਆ ਕੇ ਉਸ ਦੇ ਕਮਰੇ 'ਚ ਥਾਂ ਸਿਰ ਟਿਕਾਏ ਅਤੇ ਚਲੇ ਗਈ। ਹਰਪ੍ਰੀਤ ਦੇ ਜਾਣ ਮਗਰੋਂ ਰਣਜੀਤ ਨੇ ਹਰਪ੍ਰੀਤ ਦੀ ਏਜੰਸੀ 'ਐਕਸਟਰਾ ਕੇਅਰ' ਦੇ ਸੁਪਰਵਾਈਜ਼ਰ ਨੂੰ ਫ਼ੋਨ ਕੀਤਾ ਕਿਉਂ ਕਿ ਉਹ ਹਾਲੇ ਵੀ ਚਾਹੁੰਦਾ ਸੀ ਕਿ ਕਾਇਲਾ ਦੀ ਥਾਂ ਹਰਪ੍ਰੀਤ ਹੀ ਉਸ ਦੀ ਦੇਖਭਾਲ਼ ਕਰਨ ਆਵੇ।

ਜੁਆਬ ਵਿੱਚ ਸੁਪਰਵਾਈਜ਼ਰ ਨੇ ਕਿਹਾ, "ਕਾਇਲਾ ਤਿੰਨ ਹਫ਼ਤੇ ਲਈ ਛੁੱਟੀ 'ਤੇ ਹੈ, ਪਰ ਹਰਪ੍ਰੀਤ ਤੁਹਾਡੇ ਵੱਲ ਪੰਜ ਦਿਨ ਹੀ ਆਵੇਗੀ। ਉਸ ਤੋਂ ਬਾਅਦ ਨਵਾਂ ਸਮਾਂ-ਸਾਈਕਲ ਆ ਜਾਣੈ। ਅਗਲੇ ਢਾਈ-ਤਿੰਨ ਮਹੀਨਿਆਂ ਲਈ, ਯੂਨੀਅਨ ਦੇ ਨਿਯਮਾਂ ਮੁਤਾਬਿਕ ਤੇ ਕੇਅਰ-ਏਡ ਵਰਕਰਾਂ ਦੀ ਸੀਨੀਆਰਿਟੀ ਦੇ ਹਿਸਾਬ ਨਾਲ਼, ਉਨ੍ਹਾਂ ਨੂੰ ਪੇਸ਼ੈਂਟ ਚੁਣਨ ਦੀ ਖੁੱਲ੍ਹ ਦਿੱਤੀ ਜਾਵੇਗੀ। ਇਸ ਮਾਮਲੇ ਵਿੱਚ ਕਿਸੇ ਕਿਸਮ ਦੀ ਕੋਈ ਜ਼ੋਰ-ਜ਼ਬਰਦਸਤੀ ਨਹੀਂ ਕੀਤੀ ਜਾ ਸਕਦੀ।"

"ਪਰ ਹਰਪ੍ਰੀਤ ਤਾਂ ਕਹਿ ਰਹੀ ਕਿ ਉਸ ਨੂੰ ਤੁਸੀਂ ਭੇਜਿਆ ਏ ਤੇ ਉਸ ਨੇ ਮੈਨੂੰ ਆਪ ਸਿਲੈੱਕਟ ਨਹੀਂ ਕੀਤਾ?" ਰਣਜੀਤ ਦੇ ਮਨ ਵਿੱਚ ਸੁਆਲ ਉੱਠਿਆ ਤੇ ਉਸ ਨੇ ਪੁੱਛ ਲਿਆ।

"ਹਾਂ ਜੀ ਚੱਲਦੇ ਸਮੇਂ-ਸਾਈਕਲ ਦੌਰਾਨ ਕਈ ਵਾਰ ਪੱਟ-ਉਲ਼ੱਦ ਕਰਨੀ ਪੈਂਦੀ ਏ। ਅਸਲ ਵਿੱਚ, ਹਰਪ੍ਰੀਤ ਦੇ, ਨੌਂ ਤੋਂ ਗਿਆਰਾਂ ਵਾਲ਼ੇ ਬਜ਼ੁਰਗ ਪੇਸ਼ੈਂਟ ਦੀ ਮੌਤ ਹੋ ਗਈ ਸੀ। ਇਸ ਲਈ ਉਸ ਨੇ ਰਿਕੁਐਸਟ ਕੀਤੀ ਹੋਈ ਸੀ ਕਿ ਜੇ ਕੋਈ ਹੋਰ ਨੌਂ ਤੋਂ ਗਿਆਰਾਂ ਵਜੇ ਵਾਲ਼ਾ ਪੇਸ਼ੈਂਟ ਹੋਵੇ ਤਾਂ ਉਹ ਲੈ ਸਕਦੀ ਏ। ਹੁਣ ਜਦੋਂ ਕਾਇਲਾ ਨੇ ਅਚਾਨਕ ਛੁੱਟੀ ਲੈ ਲਈ ਤਾਂ ਸਾਡੇ ਕੋਲ਼ ਉਸ ਦੀ ਥਾਂ ਹਰਪ੍ਰੀਤ ਮੌਜੂਦ ਸੀ," ਸੁਪਰਵਾਈਜ਼ਰ ਨੂੰ ਬਹੁਤ ਵੇਰਵੇ ਨਾਲ਼ ਏਜੰਸੀ ਦੀ ਕਾਰਜ ਪ੍ਰਣਾਲੀ ਸਮਝਾਉਣੀ ਪਈ।

"ਓਦਾਂ ਤੁਹਾਡੇ ਵਰਕਰ, ਪੇਸ਼ੈਂਟ ਚੁਣਨ ਸਮੇਂ ਕਿਹੜੀਆਂ ਚੀਜ਼ਾਂ ਨੂੰ ਪਹਿਲ ਦਿੰਦੇ ਨੇ?" ਰਣਜੀਤ ਨੇ ਹੋਰ ਜਾਨਣ ਦੀ ਇੱਛਾ ਨਾਲ਼ ਅਗਲਾ ਸੁਆਲ ਕੀਤਾ।

"ਕਈ ਫੈਕਟਰ ਕੰਮ ਕਰਦੇ ਨੇ, ਜਿੱਦਾਂ ਵਰਕਰ ਦੇ ਆਪਣੇ ਘਰ ਦੇ ਨੇੜਲੇ ਪੇਸ਼ੈਂਟ, ਇੱਜ਼ੀ ਪੇਸ਼ੈਂਟ ਯਾਨੀ ਜਿਨ੍ਹਾਂ ਖ਼ਾਤਰ ਬਹੁਤੀ ਮਿਹਨਤ ਨਾ ਕਰਨੀ

ਪਵੇ। ਕਈ ਲੋਕ ਦੂਰ ਦੁਰਾਡੇ ਦੇ ਪੇਸ਼ੈਂਟਸ ਨੂੰ ਤਰਜੀਹ ਦਿੰਦੇ ਹਨ ਕਿਉਂ ਕਿ ਉਨ੍ਹਾਂ ਤੱਕ ਪਹੁੰਚਣ ਲਈ ਆਉਣ-ਜਾਣ ਦਾ ਭਾੜਾ ਮਿਲ਼ਦੈ। ਬਾਕੀ, ਵਰਕਰ ਦੇ ਆਪਣੇ ਵਿਹਲ, ਸਮੇਂ ਪੇਸ਼ੈਂਟ ਮਿਲਣਾ ਵੀ ਚੰਗਾ ਹੀ ਹੁੰਦਾ ਹੈ। ਕਈ ਕੁੜੀਆਂ ਆਪਣੇ ਬੱਚਿਆਂ ਨੂੰ ਸਕੂਲ ਛੱਡ ਕੇ ਇਕ ਦੋ ਪੇਸ਼ੈਂਟ ਅਟੈਂਡ ਕਰ ਲੈਂਦੀਆਂ ਨੇ ਤੇ ਫਿਰ ਡਿਊਟੀ ਮੁਕਾ ਕੇ ਆਪਣੇ ਬੱਚਿਆਂ ਨੂੰ ਸਕੂਲੋਂ ਲੈ ਕੇ ਘਰ ਚਲੇ ਜਾਂਦੀਆਂ ਨੇ," ਸੁਪਰਵਾਈਜ਼ਰ ਨੇ ਇਹ ਜੁਆਬ ਵੀ ਕਾਫ਼ੀ ਵਿਸਥਾਰ ਨਾਲ਼ ਦਿੱਤਾ।

"ਇੱਕ ਆਖ਼ਰੀ ਸੁਆਲ, ਇਹ ਫ਼ੈਸਲਾ ਕੌਣ ਕਰਦਾ ਹੈ ਕਿ ਕਿਸੇ ਪੇਸ਼ੈਂਟ ਨੂੰ ਕਿੰਨੇ ਘੰਟਿਆਂ ਲਈ ਵਰਕਰ ਦੀ ਲੋੜ ਏ? ਜਿੱਦਾਂ ਮੈਨੂੰ ਇੱਕ ਦਿਨ 'ਚ ਦੋ ਘੰਟੇ ਦੀ ਮਦਦ ਮਿਲਦੀ ਏ। ਕੀ ਇਹ ਮਦਦ ਵਧਾਈ ਵੀ ਜਾ ਸਕਦੀ ਏ?" ਰਣਜੀਤ ਨੇ ਪੁੱਛਿਆ।

"ਜੀ ਹਾਂ, ਆਮ ਤੌਰ ਤੇ ਤੁਹਾਡੇ ਵਰਗੇ ਪੇਸ਼ੈਂਟ ਨੂੰ ਇੱਕ ਦਿਨ ਵਿੱਚ ਚਾਰ ਜਾਂ ਪੰਜ ਘੰਟੇ ਮਿਲ਼ਦੇ ਨੇ। ਦੋ ਢਾਈ ਘੰਟੇ ਸਵੇਰੇ ਅਤੇ ਦੋ ਢਾਈ ਘੰਟੇ ਸ਼ਾਮ ਨੂੰ। ਅਸਲ ਵਿਚ ਇਹ ਫ਼ੈਸਲਾ ਸਿਹਤ ਵਿਭਾਗ ਨੇ ਕਰਨਾ ਹੁੰਦਾ ਏ। ਤੁਹਾਨੂੰ ਜ਼ਿਆਦਾ ਕੇਅਰ ਵੀ ਮਿਲ਼ ਸਕਦੀ ਏ। ਪਹਿਲਾਂ ਸ਼ਾਇਦ ਤੁਸੀਂ ਥੋੜ੍ਹੀ ਹੀ ਮਦਦ ਮੰਗੀ ਹੋਵੇਗੀ। ਤੁਸੀਂ ਉਨ੍ਹਾਂ ਨੂੰ ਫ਼ੋਨ ਕਰ ਕੇ, ਇਹ ਸਮਾਂ ਵਧਾ ਵੀ ਸਕਦੇ ਹੋ," ਸੁਪਰਵਾਈਜ਼ਰ ਨੇ ਖ਼ੁਲਾਸਾ ਕੀਤਾ।

ਹੁਣ ਰਣਜੀਤ ਨੂੰ ਲੱਗਣ ਲੱਗ ਪਿਆ ਕਿ ਸੁਪਰਵਾਈਜ਼ਰ ਪਤਾ ਨਹੀਂ ਕੀ ਸੋਚਦਾ ਹੋਇਗਾ। ਸ਼ਾਇਦ ਉਹ, ਉਸ ਦੇ ਸੁਆਲਾਂ ਦੇ ਜੁਆਬ ਦਿੰਦਾ-ਦਿੰਦਾ ਅੱਕ ਗਿਆ ਹੋਵੇ। ਹਰਪ੍ਰੀਤ ਵੱਲੋਂ ਕੇਅਰ-ਏਡ ਵਰਕਰ ਦੇ ਰੂਪ ਵਿੱਚ ਉਸ ਦੇ ਸਾਹਮਣੇ ਆਉਣ ਤੋਂ ਬਾਅਦ ਰਣਜੀਤ ਐਵੇਂ ਹੀ ਇਸ ਕਿੱਤੇ ਵਿੱਚ ਦਿਲਚਸਪੀ ਲੈਣ ਲੱਗ ਪਿਆ ਸੀ। ਇੱਕ ਤਰ੍ਹਾਂ ਨਾਲ਼ ਉਹ ਇਹ ਜਾਨਣ ਦੇ ਹੀਲੇ ਕਰ ਰਿਹਾ ਸੀ ਕਿ ਜੇ ਆਉਣ ਵਾਲ਼ੇ ਸਮੇਂ ਵਿੱਚ ਹਰਪ੍ਰੀਤ ਨੂੰ, ਉਸ ਦੇ ਘਰ ਆਉਣ ਵਿਚ ਕੋਈ ਔਖਿਆਈ ਹੋਵੇ ਤਾਂ ਉਹ, ਉਸ ਦਾ ਕੋਈ ਹੱਲ, ਅਗੇਤਾ ਹੀ ਲੱਭ ਲਵੇ। ਉਸ ਨੂੰ ਹੁਣ ਇੱਕ ਹੋਰ ਗੱਲ ਦਾ ਪਤਾ ਲੱਗ ਗਿਆ ਸੀ ਕਿ ਉਸ ਨੂੰ ਸ਼ਾਮ ਦੇ ਵਕਤ ਵੀ ਕੇਅਰ-ਏਡ ਮਿਲ ਸਕਦੀ ਹੈ। ਹੋ ਸਕਦਾ ਹੈ ਕਿ ਪਹਿਲਾਂ ਸੋਨੀਆ ਨੇ, ਦਿਨ ਵਿੱਚ ਦੋ ਘੰਟੇ ਹੀ ਮਦਦ ਮੰਗੀ ਹੋਵੇ।

ਫਿਰ ਰਣਜੀਤ ਨੇ ਸਿਹਤ ਵਿਭਾਗ ਨੂੰ ਫ਼ੋਨ ਕੀਤਾ ਅਤੇ ਅੱਧਾ-ਪੌਣਾ ਘੰਟਾ ਮੱਥਾ ਮਾਰਨ ਮਗਰੋਂ ਉਹ, ਆਉਣ ਵਾਲ਼ੇ ਦਿਨਾਂ ਵਿੱਚ ਆਪਣੇ ਲਈ ਹੋਮ-ਕੇਅਰ ਦਾ ਸਮਾਂ ਵਧਾਉਣ ਵਿੱਚ ਕਾਮਯਾਬ ਹੋ ਗਿਆ। ਪਤਾ ਨਹੀਂ ਕਿਉਂ ਉਸ ਦਾ ਦਿਲ ਕਹਿ ਰਿਹਾ ਸੀ ਕਿ ਆਉਣ ਵਾਲ਼ੇ ਦਿਨਾਂ ਵਿੱਚ ਹਰਪ੍ਰੀਤ ਉਸੇ ਨੂੰ ਹੀ ਆਪਣਾ ਪੱਕਾ ਪੇਸ਼ੈਂਟ ਰੱਖ ਲਏਗੀ।

ਉਸ ਦਿਨ ਸ਼ਾਮ ਦੇ ਸਾਢੇ ਛੇ ਵੱਜਣ ਤੋਂ ਬਾਅਦ ਵੀ ਘਰ ਵਿੱਚ ਕੋਈ

ਹਲਚਲ ਨਹੀਂ ਹੋਈ। ਆਮ ਤੌਰ ਤੇ ਸਾਢੇ ਛੇ ਤੱਕ ਸੋਨੀਆ ਨਿਆਣੇ ਲੈ ਕੇ ਘਰ ਆ ਜਾਂਦੀ ਸੀ, ਭਾਵੇਂ ਕਿ ਉਹ ਰਣਜੀਤ ਦੇ ਕਮਰੇ 'ਚ ਨਾ ਆਉਂਦੇ ਪਰ ਬੱਚੇ ਆਪਸ ਵਿੱਚ ਖੇਡਦੇ, ਹੱਸਦੇ, ਲੜਦੇ ਸੁਣ ਹੀ ਪੈਂਦੇ ਸਨ, ਜਾਂ ਫਿਰ ਸੋਨੀਆ ਉਨ੍ਹਾਂ ਨੂੰ ਝਿੜਕਾਂ ਮਾਰਦੀ ਸੁਣ ਜਾਂਦੀ ਸੀ। ਰੋਜ਼ ਸਾਢੇ ਸੱਤ ਤੱਕ ਤਾਂ ਸੋਨੀਆ ਰਣਜੀਤ ਦਾ ਡਿੱਨਰ ਵੀ ਫੜਾ ਜਾਇਆ ਕਰਦੀ ਸੀ ਪਰ ਅੱਜ ਕੋਈ ਨਹੀਂ ਰੜਕ ਰਿਹਾ ਸੀ। ਰਣਜੀਤ ਨੂੰ ਥੋੜ੍ਹਾ ਜਿਹਾ ਫ਼ਿਕਰ ਵੀ ਸੀ। ਫਿਰ ਸੱਤ ਕੁ ਵਜੇ ਰਣਜੀਤ ਨੂੰ ਕਾਰ ਰੁਕਣ ਦੀ ਆਵਾਜ਼ ਆਈ। ਉਸ ਨੇ ਖਿੜਕੀ ਤੋਂ ਪਰਦਾ ਹਟਾ ਕੇ ਬਾਹਰ ਦੇਖਿਆ ਕਿ ਸੋਨੀਆ ਕਿਸੇ ਦੀ ਕਾਰ ਵਿੱਚੋਂ ਉੱਤਰ ਰਹੀ ਸੀ।

ਇਹ ਕਾਰ ਸੋਨੀਆ ਦੇ ਬੱਸ ਸ਼ੌਕਤ ਭੱਟੀ ਦੀ ਸੀ ਤੇ ਉਹ ਆਪ ਕਾਰ ਚਲਾ ਰਿਹਾ ਸੀ। ਭੱਟੀ ਚਾਲ਼ੀ ਕੁ ਸਾਲਾ, ਲਾਹੌਰੀਆ ਮੁਸਲਮਾਨ ਸੀ। 'ਕਦੀਮ ਟਰੈਵਲਜ਼', ਜਿੱਥੇ ਸੋਨੀਆ ਕੰਮ ਕਰਦੀ ਸੀ, ਉਸੇ ਦੀ ਏਜੰਸੀ ਸੀ। ਇੱਕ ਵਾਰ ਸੋਨੀਆ ਨੇ ਸੁਖਰਾਜ ਦੇ ਜਨਮ ਦਿਨ 'ਤੇ ਛੋਟੀ ਜਿਹੀ ਪਾਰਟੀ ਰੱਖ ਕੇ ਸ਼ੌਕਤ ਭੱਟੀ ਅਤੇ ਉਸ ਦੇ ਪਰਿਵਾਰ ਨੂੰ ਘਰ ਸੱਦਿਆ ਸੀ। ਇਸੇ ਹੀ ਵਜ੍ਹਾ ਨਾਲ ਉਹ ਸ਼ੌਕਤ ਨੂੰ ਸਿਆਣਦਾ ਸੀ, ਪਰ ਸ਼ੌਕਤ ਉਸ ਨੂੰ ਪਹਿਲੇ ਦਿਨੋਂ ਹੀ ਚੰਗਾ ਨਹੀਂ ਲੱਗਦਾ ਸੀ। ਉਹ ਪਾਰਟੀ ਵਿੱਚ ਸ਼ਰਾਬੀ ਹੋ ਕੇ, ਪਾਕਿਸਤਾਨ ਵਿੱਚ ਆਪਣੇ ਪਰਿਵਾਰ ਦੀ ਖ਼ੁਸ਼ਹਾਲੀ ਦੀਆਂ ਡੀਂਗਾਂ ਮਾਰਦਾ-ਮਾਰਦਾ ਲੰਮ-ਲੇਟ ਹੋ ਗਿਆ ਸੀ। ਸ਼ੌਕਤ ਦੀ ਘਰ ਵਾਲ਼ੀ ਫ਼ਿਰੋਜ਼ਾ ਅਤੇ ਸੋਨੀਆ ਨੇ ਮਸਾਂ ਹੀ ਉਸ ਨੂੰ, ਉਸ ਦੀ ਕਾਰ ਤੱਕ ਪਹੁੰਚਾਇਆ ਸੀ। ਉਸ ਦਿਨ, ਉਸ ਦੀ ਬੀਵੀ ਹੀ ਕਾਰ ਚਲਾ ਕੇ ਉਸ ਨੂੰ ਘਰ ਲੈ ਕੇ ਗਈ ਸੀ।

ਹੁਣ ਸੋਨੀਆ ਉਸ ਦੀ ਕਾਰ 'ਚੋਂ ਉੱਤਰ ਕੇ ਕਿੰਨਾ ਹੀ ਚਿਰ ਕਾਰ ਦੀ ਖਿੜਕੀ ਕੋਲ ਖੜ੍ਹੀ, ਉਸ ਨਾਲ਼ ਹੱਸ-ਹੱਸ ਗੱਲਾਂ ਕਰਦੀ ਰਹੀ। ਰਣਜੀਤ ਨੂੰ ਲੱਗਿਆ ਕਿ ਸੋਨੀਆ ਉਸ ਦੇ ਅਪਾਹਜ ਹੋਣ ਦਾ ਪੂਰਾ ਫ਼ਾਇਦਾ ਉਠਾਉਂਦਿਆਂ ਪੂਰੀ ਨਿਸੰਗ ਹੋ ਕੇ ਵਿਚਰ ਰਹੀ ਹੈ। ਫਿਰ ਕੁੱਝ ਸਮੇਂ ਬਾਅਦ ਸੋਨੀਆ ਹੱਥ ਹਿਲਾ ਕੇ, ਸ਼ੌਕਤ ਨੂੰ 'ਬਾਏ-ਬਾਏ' ਕਰਦੀ ਹੋਈ ਘਰ ਅੰਦਰ ਦਾਖ਼ਲ ਹੋ ਗਈ। ਰਣਜੀਤ ਨੂੰ ਖ਼ਿਆਲ ਆਇਆ ਕਿ ਉਸ ਦਿਨ ਸ਼ੁੱਕਰਵਾਰ ਸੀ ਅਤੇ ਨਿਆਣਿਆਂ ਨੇ ਅਗਲੇ ਦਿਨ ਸਕੂਲ ਨਹੀਂ ਜਾਣਾ ਸੀ। ਉਹ ਸਮਝ ਗਿਆ ਸੀ ਕਿ ਸੋਨੀਆ ਨੇ ਜਾਣ-ਬੁੱਝ ਕੇ ਨਿਆਣੇ ਆਪਣੇ ਪੇਰੈਂਟਸ ਦੇ ਘਰ ਹੀ ਛੱਡ ਦਿੱਤੇ ਹੋਣੇ ਨੇ।

ਅੱਜ ਹਰਪ੍ਰੀਤ ਦਾ ਤੀਜਾ ਦਿਨ ਸੀ ਅਤੇ ਸਨਿੱਚਰਵਾਰ ਸੀ। ਪਹਾੜੀ ਇਲਾਕਾ ਹੋਣ ਕਾਰਨ, ਵੈਨਕੂਵਰ 'ਚ ਤਕਰੀਬਨ ਹਰ ਰੋਜ਼ ਹੀ ਬਾਰਸ਼ ਪੈਂਦੀ ਹੈ ਤੇ ਸੂਰਜ ਘੱਟ ਹੀ ਦਿਸਦਾ ਹੈ। ਜਿੱਦਣ ਵੀ ਸੋਹਣੀ ਧੁੱਪ ਨਿੱਕਲ਼ੇ, ਲੋਕ ਬਹੁਤ ਖ਼ੁਸ਼ੀਆਂ ਮਨਾਉਂਦੇ ਹਨ। ਰਿਟਾਇਰ ਹੋ ਚੁੱਕੇ ਲੋਕ ਘਰਾਂ ਤੋਂ ਬਾਹਰ ਨਿੱਕਲ਼ਦੇ ਹਨ, ਸ਼ਾਪਿੰਗ ਮਾਲਾਂ ਵਿੱਚ ਘੁੰਮਦੇ ਹਨ। ਅਪਾਹਜ ਲੋਕ ਵੀ ਆਪਣੀਆਂ ਵੀਲਚੇਅਰਾਂ

ਬਾਹਰ ਕੱਢਦੇ ਹਨ ਅਤੇ ਆਪ ਘੁੰਮਣ ਜਾਂਦੇ ਹਨ। ਅੱਜ ਵੀ ਦਿਨ ਬਹੁਤ ਸੋਹਣਾ ਲੱਗਿਆ ਹੋਇਆ ਸੀ। ਪਰ ਰਣਜੀਤ ਦਾ ਦਿਨ ਤਾਂ ਹਰਪ੍ਰੀਤ ਦੇ ਆਉਣ 'ਤੇ ਹੀ ਲੱਗਦਾ ਸੀ। ਜੇ ਹਰਪ੍ਰੀਤ ਨੇ ਕਿਸੇ ਵਜ੍ਹਾ ਨਾਲ਼ ਨਾ ਆਉਣਾ ਹੁੰਦਾ ਤਾਂ ਉਹ ਜ਼ਰੂਰ ਅੱਜ ਕਿਤੇ ਘੁੰਮਣ ਜਾਂਦਾ। ਰਣਜੀਤ ਸਵੇਰੇ ਛੇ ਕੁ ਵਜੇ ਉੱਠ ਕੇ, ਆਪਣਾ ਕਮਰਾ ਸੁਆਰਨ ਲੱਗ ਪਿਆ। ਅੱਜ ਲਾਂਡਰੀ ਦੀ ਵੀ ਲੋੜ ਨਹੀਂ ਸੀ। ਉਸ ਨੇ ਸਾਰਾ ਸਾਮਾਨ ਥਾਂ ਸਿਰ ਟਿਕਾਇਆ ਅਤੇ ਫਿਰ ਬੁਰਸ਼ ਕੀਤਾ। ਕੁਝ ਸੋਚ ਕੇ ਉਹ ਆਪਣੇ ਕੱਪੜੇ ਉਤਾਰ ਕੇ ਤੇ ਹੈਂਡਲ ਫੜ੍ਹ-ਫੜ੍ਹ ਕੇ ਵੀਲ ਚੇਅਰ ਤੋਂ ਟੱਬ ਵਿਚਲੇ ਸਟੂਲ ਤੇ ਜਾ ਬੈਠਾ। ਸ਼ਾਵਰ ਚਲਾ ਕੇ ਉਸ ਨੇ ਆਪ ਹੀ ਨਹਾ ਲਿਆ। ਨਹਾਉਣ ਤੋਂ ਬਾਅਦ ਉਸ ਨੇ ਕੋਸ਼ਿਸ਼ ਕਰ ਕੇ ਜਿੰਨਾ ਹੋ ਸਕਦਾ ਸੀ, ਟੱਬ ਵੀ ਧੋ ਦਿੱਤਾ। ਉਹ ਹਰਪ੍ਰੀਤ ਦੇ ਆਉਣ ਤੱਕ ਅੱਧ-ਪਚੱਧਾ ਕੰਮ ਮੁਕਾ ਦੇਣਾ ਚਾਹੁੰਦਾ ਸੀ ਤਾਂ ਕਿ ਉਨ੍ਹਾਂ ਕੋਲ਼ ਗੱਲਾਂ ਕਰਨ ਲਈ ਵੱਧ ਤੋਂ ਵੱਧ ਸਮਾਂ ਬਚ ਜਾਵੇ। ਹਰਪ੍ਰੀਤ ਨੌਂ ਵਜੇ ਆਈ ਤਾਂ ਉਹ ਬਿਲਕੁਲ ਤਰੋਤਾਜ਼ਾ ਹੋ ਕੇ ਆਪਣੇ ਬੈੱਡ 'ਤੇ ਬੈਠਾ ਸੀ।

"ਸਤਿ ਸ੍ਰੀ ਅਕਾਲ ਰਣਜੀਤ, ਅੱਜ ਸਵੇਰੇ-ਸਵੇਰੇ ਹੀ ਬਹੁਤ ਫਰੈੱਸ਼ ਜਿਹੇ ਹੋਏ ਬੈਠੇ ਓ? ਲਗਦੈ ਮੇਰੇ ਤੋਂ ਪਹਿਲਾਂ ਕੋਈ ਹੋਰ ਨਰਸ ਹੋ ਕੇ ਗਈ ਏ," ਹਰਪ੍ਰੀਤ ਨੇ ਹੱਸਦਿਆਂ ਕਿਹਾ।

"ਹਰਪ੍ਰੀਤ ਤੂੰ ਅੱਜ ਕੁਝ ਨਹੀਂ ਕਰਨਾ। ਆਪਾਂ ਗੱਲਾਂ ਕਰਨੀਆਂ ਨੇ। ਤੂੰ ਬੱਸ ਮੇਰੇ ਕੋਲ਼ ਬਹਿ ਜਾਹ। ਏਸੇ ਲਈ ਅੱਜ ਮੈਂ ਸਾਰਾ ਕੰਮ ਆਪੇ ਈ ਕਰ ਲਿਆ ਏ," ਰਣਜੀਤ ਦੀ ਆਵਾਜ਼ ਵਿੱਚ ਇੱਕ ਚਾਅ ਜਿਹੇ ਦੀ ਪੁੱਠ ਸੀ।

"ਤੁਸੀਂ ਆਪ ਕਾਹਨੂੰ ਕਰਨਾ ਸੀ। ਇਹ ਤਾਂ ਫਿਰ ਮੇਰੀ ਰੋਜ਼ੀ 'ਤੇ ਲੱਤ ਮਾਰਨ ਵਾਲੀ ਗੱਲ ਹੋ ਗਈ। ਚਲੋ ਠੀਕ ਏ, ਦੱਸੋ ਕੀ ਗੱਲਾਂ ਕਰਨੀਆਂ ਨੇ?" ਇਹ ਕਹਿ ਕੇ ਹਰਪ੍ਰੀਤ ਨੇੜੇ ਪਈ ਕੁਰਸੀ 'ਤੇ ਬਹਿ ਗਈ।

"ਤੈਨੂੰ ਕਾਲਜ ਦੇ ਉਹ ਦਿਨ ਯਾਦ ਨੇ ਭਲਾ? ਸੱਚ ਤੇਰੇ ਨਾਲ਼ ਇੱਕ ਹੋਰ ਕੁੜੀ ਵੀ ਹੁੰਦੀ ਸੀ, ਥੋੜ੍ਹੀ ਪੱਕੇ ਜਿਹੇ ਰੰਗ ਦੀ?" ਰਣਜੀਤ ਨੇ ਬੀਤੇ ਨੂੰ, ਚੇਤੇ ਕਰਦਿਆਂ ਗੱਲ ਤੋਰੀ।

"ਹਾਂ ਜੀ, ਉਹ ਸੁਕੀਰਤ ਸੀ, ਸ਼ਾਹਪੁਰੀਏ ਪਨਾਹਗੀਰਾਂ ਦੀ ਕੁੜੀ। ਪੜ੍ਹਨ ਵਿੱਚ ਬੜੀ ਹੁਸ਼ਿਆਰ ਸੀ। ਉਸ ਦਾ ਵਿਆਹ ਵੀ ਅਮਰੀਕਾ ਤੋਂ ਗਏ ਮੁੰਡੇ ਨਾਲ਼ ਹੋ ਗਿਆ ਸੀ। ਅੱਜ-ਕੱਲ੍ਹ ਕੈਲੇਫੋਰਨੀਆ 'ਚ ਆ। ਅਜੇ ਕੱਲ੍ਹ ਹੀ ਫ਼ੋਨ ਆਇਆ ਸੀ ਤੇ ਮੈਂ ਤੁਹਾਡੇ ਬਾਰੇ ਵੀ ਦੱਸਿਆ ਸੀ ਉਹ ਨੂੰ," ਹਰਪ੍ਰੀਤ ਇੱਕੋ ਸਾਹੇ ਕਿੰਨਾ ਕੁਝ ਦੱਸ ਗਈ।

"ਅੱਛਾ! ਮੇਰੇ ਬਾਰੇ ਕੀ ਦੱਸਿਆ ਉਹ ਨੂੰ?" ਰਣਜੀਤ ਨੂੰ ਗੱਲ ਅੱਗੇ ਤੋਰਨ ਦਾ ਬਹਾਨਾ ਮਿਲ਼ ਗਿਆ।

“ਕੁਛ ਨਹੀਂ, ਬੱਸ ਐਵੇਂ ਹੀ...ਉਹ ਤੁਹਾਨੂੰ ਜਾਣਦੀ ਏ ਨਾ...ਇਸੇ ਕਰ ਕੇ,” ਹਰਪ੍ਰੀਤ ਨੇ ਗੱਲ ਢਕਣ ਦੀ ਕੋਸ਼ਿਸ਼ ਕੀਤੀ।

“ਤੂੰ ਇਹੀ ਕਿਹਾ ਹੋਣਾ ਨਾ, ਨੀ ਸੁਕੀਰਤ, ਉਹ ਜਿਹੜਾ ਸੀਰਤਪੁਰੀਆ ਮੁੰਡਾ ਨਈਂ ਸੀ ਆਉਂਦਾ ਹੁੰਦਾ ਮੇਰੇ ਪਿੱਛੇ-ਪਿੱਛੇ ਮੋਟਰ ਸਾਈਕਲ ’ਤੇ, ਉਹ ਸਰੀ ’ਚ ਹੁਣ ਮੰਜੇ ਤੇ ਪਿਐ ਤੇ ਮੇਰਾ ਪੇਸ਼ੈਂਟ ਏ,” ਰਣਜੀਤ ਨੇ ਹੱਸ ਕੇ ਕਿਹਾ।

ਹਰਪ੍ਰੀਤ ਵੀ ਮੁਸਕਰਾਉਂਦਿਆਂ ਹੋਇਆਂ ਕਹਿਣ ਲੱਗੀ,“ ਨਹੀਂ-ਨਹੀਂ ਹੈਦਾਂ ਦਾ ਤਾਂ ਕੁੱਝ ਨਹੀਂ ਕਿਹਾ ਮੈਂ। ਨਾਲ਼ੇ ਤੁਸੀਂ ਮੇਰੇ ਮਗਰ ਆਉਂਦੇ ਸੀ, ਇਹ ਦਾ ਤਾਂ ਮੈਨੂੰ ਪਤਾ ਈ ਨਹੀਂ।”

ਰਣਜੀਤ ਨੂੰ ਹਰਪ੍ਰੀਤ ਦਾ ਇਹ ਨਖ਼ਰਾ ਬੜਾ ਪਿਆਰਾ ਲੱਗਿਆ। ਕਿੰਨੇ ਆਰਾਮ ਨਾਲ਼ ਉਹ ਸਭ ਕਾਸੇ ਤੋਂ ਮੁੱਕਰ ਗਈ ਸੀ ਅਤੇ ਨੀਵੀਂ ਪਾ ਕੇ ਨਿੰਮ੍ਹਾ-ਨਿੰਮ੍ਹਾ ਹੱਸੀ ਜਾ ਰਹੀ ਸੀ। ਰਣਜੀਤ ਨੇ ਗੱਲ ਅੱਗੇ ਵਧਾਈ, “ਲੈ ਦੱਸ, ਮੈਂ ਅੱਠ ਨੌਂ ਮਹੀਨੇ ਮੋਟੀ ਰਕਮ ਦਾ ਪੈਟਰੋਲ ਫੂਕ ਸੁੱਟਿਆ ਤੇ ਤਿੰਨ ਵਾਰੀ ਟਾਇਰ ਬਦਲਾਅ ਸੁੱਟੇ। ਗੁਰਦੁਆਰੇ ਦਾ ਸਪੀਕਰ ਲੱਗਣ ਸਾਰ ਉੱਠ ਕੇ ਮੈਂ ਰੱਬ ਦਾ ਨਾਂ ਲੈਣ ਦੀ ਥਾਂ, ਤੇਰੇ ਦਰਸ਼ਣਾਂ ਲਈ ਤਿਆਰ ਹੋਣਾ ਸ਼ੁਰੂ ਹੋ ਜਾਂਦਾ ਹੁੰਦਾ ਸੀ। ਤੇ ਤੂੰ ਕਹਿ ਦਿੱਤੈ ਕਿ ਤੈਨੂੰ ਪਤਾ ਈ ਨਹੀਂ। ਆਹ ਤਾਂ ਬਈ ਹੱਦ ਈ ਹੋ ਗਈ।”

ਇਹ ਸੁਣ ਕੇ ਹਰਪ੍ਰੀਤ ਦਾ ਹਾਸਾ ਨਿਕਲ਼ ਗਿਆ ਤੇ ਉਹ ਕਹਿਣ ਲੱਗੀ,“ਸੱਚੀਂ, ਉਹ ਦਿਨ ਵੀ ਬੜੇ ਕਮਾਲ ਦੇ ਹੁੰਦੇ ਸੀ। ਨਵੇਂ ਅਰਮਾਨ, ਨਵੀਆਂ ਉਮੰਗਾਂ, ਕੁੜੀਆਂ ਵੱਲੋਂ ਲੁਕ-ਲੁਕ ਕੇ ਮੁੰਡਿਆਂ ਨੂੰ ਦੇਖਣਾ ਤੇ ਨਾਲ਼ ਦੀ ਨਾਲ਼ ਡਰਦੀਆਂ ਵੀ ਰਹਿਣਾ। ਮੁੰਡੇ ਵੀ ਕੁੜੀਆਂ ਦੇ ਪਿੱਛੇ ਕੀ-ਕੀ ਨਹੀਂ ਕਰਦੇ ਹੁੰਦੇ ਸੀ! ਆਪਸ ਵਿੱਚ ਕਿੰਨਾ ਲੜਦੇ ਹੁੰਦੇ ਸੀ। ਇੱਕ ਗੱਲ ਚੰਗੀ ਹੋਈ ਕਿ ਤੁਸੀਂ ਕਿਸੇ ਨਾਲ਼ ਨਹੀਂ ਲੜੇ, ਨਹੀਂ ਤਾਂ ਕਾਲਜ ਵਿੱਚ ਮੇਰਾ ਨਾਂ ਵੀ ਉਨ੍ਹਾਂ ਕੁੜੀਆਂ ’ਚ ਆ ਜਾਣਾ ਸੀ, ਜਿਨ੍ਹਾਂ ਪਿੱਛੇ ਲੜਾਈਆਂ ਹੁੰਦੀਆਂ ਸੀ।”

“ਓਹ! ਅੱਛਾ ਜੀ, ਇੱਕ ਪਾਸੇ ਤਾਂ ਕੁੜੀ ਨੂੰ ਇਹ ਨਹੀ ਪਤਾ, ਕਿ ਮੈਂ ਉਹ ਦੇ ਮਗਰ ਆਉਂਦਾ ਹੁੰਦਾ ਸੀ, ਤੇ ਦੂਜੇ ਪਾਸੇ ਵਿਚਾਰੀ ਨੂੰ ਬਦਨਾਮ ਹੋਣ ਦਾ ਡਰ ਵੀ ਸੀ। ਸਦਕੇ ਜਾਈਏ ਬਈ ਹਰਪ੍ਰੀਤ ਤੇਰੇ ’ਤੇ ”, ਰਣਜੀਤ ਨੇ ਟਕੋਰ ਜਿਹੀ ਕੀਤੀ।

ਮੁਸਕਰਾਉਂਦਿਆਂ ਹੋਇਆਂ ਹਰਪ੍ਰੀਤ ਉੱਠ ਕੇ ਖਿੜਕੀ ਕੋਲ਼ ਜਾ ਖੜ੍ਹੀ ਹੋਈ। ਖਿੜਕੀ ਥਾਣੀ ਬਾਹਰ ਦੇਖਦਿਆਂ  ਉਹ ਆਖਣ ਲੱਗੀ, “ਤੁਹਾਨੂੰ ਨਹੀਂ ਪਤਾ ਰਣਜੀਤ, ਕੁੜੀਆਂ ਨੂੰ ਜ਼ਿੰਦਗੀ ’ਚ ਬਹੁਤ ਸਾਰੀਆਂ ਗੱਲਾਂ ਨਜ਼ਰਅੰਦਾਜ਼ ਕਰਨੀਆਂ ਪੈਂਦੀਆਂ ਨੇ। ਤੁਸੀਂ ਮੇਰੇ ਮਗਰ ਆਉਂਦੇ ਸੀ, ਇਸ ਗੱਲ ਦਾ ਸਾਡੇ ਅੱਧੇ ਤੋਂ ਵੱਧ ਕਾਲਜ ਨੂੰ ਪਤਾ ਸੀ। ਤੁਹਾਡਾ ਹੀ ਨਹੀਂ, ਹੋਰ ਕੌਣ-ਕੌਣ, ਕਿਸ-ਕਿਸ ਦੇ ਮਗਰ ਆਉਂਦਾ ਏ, ਸਾਰੇ ਕਾਲਜ ਨੂੰ ਪਤਾ ਹੁੰਦਾ ਸੀ। ਕੁੜੀਆਂ ਦੇ

ਕਾਲਜਾਂ ਅੱਗੇ ਮੁੰਡੇ ਸਵੇਰੇ-ਸ਼ਾਮ ਫ਼ੌਜੀਆਂ ਵਾਂਗ ਡਿਊਟੀਆਂ ਦਿੰਦੇ ਨੇ। ਇਹ, ਚੜ੍ਹਦੀ ਜਵਾਨੀ ਦੇ ਸਾਈਡ ਇਫ਼ੈਕਟ ਵਾਂਗ ਹੀ ਹੁੰਦਾ ਏ। ਇਸ ਨਾਲ਼ ਰਿਸ਼ਤੇ ਤਾਂ ਨਹੀਂ ਬਣਦੇ, ਬੱਸ ਗੱਲਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਨੇ।"

"ਤੂੰ ਸਹੀ ਕਹਿਨੀ ਏਂ ਹਰਪ੍ਰੀਤ, ਪਰ ਉਸ ਉਮਰੇ ਇਹ ਸਭ ਕੁੱਝ ਹੋਣਾ ਹੀ ਹੁੰਦੈ ਤੇ ਹੁੰਦਾ ਰਹੇਗਾ ਵੀ। ਓਦਾਂ ਮੈਂ ਤੇਰੀ ਇਸ ਗੱਲ ਨਾਲ਼ ਸਹਿਮਤ ਨਹੀਂ ਕਿ ਏਦਾਂ ਰਿਸ਼ਤੇ ਨਹੀਂ ਬਣਦੇ। ਰਿਸ਼ਤੇ ਤਾਂ ਬਣਦੇ ਨੇ, ਭਾਵੇਂ ਬਹੁਤੇ ਨਹੀਂ ਬਣਦੇ। ਕਈ ਤਾਂ ਮੇਰੇ ਵਾਂਗ ਰਾਹਾਂ ਦੀ ਖੇਹ ਛਾਣਦੇ ਹੀ ਰਹਿ ਜਾਂਦੇ ਨੇ। ਇਹ ਵੀ ਸੱਚ ਏ ਕਿ ਪਹਿਲੇ ਪਿਆਰ ਦੀ ਕਸਕ ਬੰਦੇ ਨੂੰ ਆਖ਼ਰੀ ਸਾਹ ਤੱਕ ਮਹਿਸੂਸ ਹੁੰਦੀ ਰਹਿੰਦੀ ਏ," ਰਣਜੀਤ ਸੰਜੀਦਾ ਹੋ ਗਿਆ ਤੇ ਉਨ੍ਹਾਂ ਦੋਹਾਂ ਵਿਚਾਲ਼ੇ ਕੁੱਝ ਪਲਾਂ ਲਈ ਚੁੱਪ ਪੱਸਰ ਗਈ। ਇਹ ਚੁੱਪ ਰਣਜੀਤ ਨੇ ਤੋੜੀ,"ਓਦਾਂ, ਮੈਨੂੰ ਇੱਕ ਗੱਲ ਦੀ ਸਮਝ ਤਾਂ ਆ ਗਈ ਸੀ ਕਿ ਮੇਰਾ ਪਿਆਰ ਇੱਕਪਾਸੜ ਹੀ ਸੀ। ਨਹੀਂ ਤਾਂ ਤੂੰ ਕੋਈ ਹੋਰ ਰਿਸ਼ਤਾ ਨਹੀਂ ਲੈਣਾ ਸੀ। ਪਰ ਦਿਲ ਤਾਂ ਦਿਲ ਏ, ਜੋ ਬਹੁਤ ਸਾਰੀਆਂ ਗੱਲਾਂ ਜਾਣਦਾ ਹੋਇਆ ਵੀ ਮੰਨਣ ਨੂੰ ਤਿਆਰ ਨਹੀਂ ਹੁੰਦਾ।"

"ਲੰਘੇ ਪਾਣੀ ਕਦੋਂ ਮੁੜਦੇ ਨੇ ਰਣਜੀਤ! ਮਿੱਟੀ ਫ਼ਰੋਲਣ ਦਾ ਹੁਣ ਕੀ ਫ਼ਾਇਦਾ? ਹੁਣ ਤਾਂ ਵਰਤਮਾਨ ਆਪਣੇ ਵਿਚਾਲ਼ੇ ਖੜ੍ਹਾ ਲਲਕਾਰੇ ਮਾਰ ਰਿਹਾ ਏ। ਚਲੋ ਇਸ ਦਾ ਸਾਹਮਣਾ ਕਰੀਏ ਤੇ ਤੁਹਾਡਾ ਵਾਸ਼ਰੂਮ ਸਾਫ਼ ਕਰੀਏ। ਫੇਰ ਤੁਹਾਨੂੰ ਲੰਚ ਵੀ ਕਰਾਉਣਾ ਏ," ਹਰਪ੍ਰੀਤ ਨੇ ਇਹ ਗੱਲਾਂ ਇੱਕ ਸੌਖੇ ਜਿਹੇ ਨੋਟ 'ਤੇ ਮੁਕਾਉਣ ਦਾ ਹੀਲਾ ਕੀਤਾ।

ਰਣਜੀਤ ਨੂੰ ਪਤਾ ਲੱਗ ਗਿਆ ਕਿ ਹਰਪ੍ਰੀਤ ਪੁਰਾਣੀਆਂ ਗੱਲਾਂ ਤੋਂ ਪਾਸਾ ਵੱਟ ਰਹੀ ਹੈ। ਨਾ ਹੀ ਉਸ ਨੇ ਰਣਜੀਤ ਨਾਲ਼ ਪਿਆਰ ਨਕਾਰਿਆ ਤੇ ਨਾ ਹੀ ਇਕਰਾਰਿਆ। ਓਦਾਂ ਰਣਜੀਤ ਹਾਲੇ ਵੀ ਚਾਹੁੰਦਾ ਸੀ ਕਿ ਉਹ ਗੱਲ ਕਿਸੇ ਸਿਰੇ ਲਾ ਦਿੰਦੀ। ਸਮੇਂ ਨਾਲ਼ ਸਿਆਣੀ ਹੋ ਗਈ ਹਰਪ੍ਰੀਤ ਉਸ ਦੀ ਆਖ਼ਰੀ ਗੱਲ ਦਾ ਜੁਆਬ ਬਹੁਤ ਹੀ ਸਿਆਣਪ ਨਾਲ਼ ਗੋਲ਼ ਕਰ ਗਈ ਸੀ। ਉਹ ਜਾਣਦਾ ਸੀ ਇਸ ਜੁਆਬ ਨਾਲ਼ ਉਸ ਦਾ ਕੁੱਝ ਨਹੀਂ ਸੌਰਨਾ, ਪਰ ਫਿਰ ਵੀ ਮਨ ਤੋਂ ਇੱਕ ਬੋਝ ਜਿਹਾ ਲਹਿਣ ਦੀ ਆਸ ਹਾਲੇ ਵੀ ਸੀ। ਉਹ ਹਾਲੇ ਵੀ ਇਸ ਆਸ ਵਿੱਚ ਸੀ ਕਿ ਕਿਸੇ ਤਰ੍ਹਾਂ ਹਰਪ੍ਰੀਤ ਇਹ ਮੰਨ ਲਵੇ ਕਿ ਉਹ ਵੀ ਉਸ ਨੂੰ ਪਿਆਰ ਕਰਦੀ ਸੀ। ਹਰਪ੍ਰੀਤ ਦੇ ਇਸ ਜੁਆਬ ਨਾਲ਼, ਉਹ ਆਪਣੀ ਜ਼ਿੰਦਗੀ ਦੇ ਉਸ ਕਾਂਡ ਨੂੰ ਮੁਕੰਮਲ ਹੋਇਆ ਮੰਨ ਕੇ, ਅਗਲੇ ਕਾਂਡ ਵੱਲ ਵਧਣਾ ਚਾਹੁੰਦਾ ਸੀ।

ਅਗਲੇ ਦੋ-ਤਿੰਨ ਦਿਨ ਹਰਪ੍ਰੀਤ ਹਲਕੀਆਂ-ਫੁਲਕੀਆਂ ਗੱਲਾਂ ਕਰਦਿਆਂ ਆਪਣਾ ਕੰਮ ਨਿਬੇੜ ਕੇ ਵਾਪਸ ਜਾਂਦੀ ਰਹੀ। ਰਣਜੀਤ ਇਹ ਸੋਚ ਕੇ ਚੁੱਪ ਰਿਹਾ ਕਿ ਰੋਜ਼ ਬੀਤੀਆਂ ਗੱਲਾਂ ਛੇੜਨੀਆਂ ਠੀਕ ਨਹੀਂ। ਹੁਣ ਉਸ ਨੇ ਸੋਚ ਲਿਆ ਸੀ ਕਿ ਉਹ ਥੋੜ੍ਹੇ ਦਿਨਾਂ ਦਾ ਵਕਫ਼ਾ ਪਾ ਕੇ, ਇਹ ਮਜ਼ਮੂਨ ਦੁਬਾਰਾ ਛੋਹੇਗਾ।

## 6.

ਬੁੱਧਵਾਰ ਦੇ ਦਿਨ ਸਵੇਰ ਤੋਂ ਹੀ ਸੂਰਜ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ। ਨੌਂ ਵਜੇ ਵੀ ਅਸਮਾਨ ਵਿੱਚ ਸੰਘਣੇ ਕਾਲ਼ੇ ਬੱਦਲ਼ ਸਨ ਅਤੇ ਕੋਈ-ਕੋਈ ਕਣੀ ਪੈ ਰਹੀ ਸੀ। ਜਦ ਦਰਵਾਜ਼ੇ ਦੀ ਘੰਟੀ ਵੱਜੀ ਤਾਂ ਰਣਜੀਤ ਦੀ ਨਜ਼ਰ ਝੱਟ ਹੀ ਇੰਟਰਕਾਮ ਦੀ ਸਕਰੀਨ 'ਤੇ ਗਈ। ਸਕਰੀਨ ਦੇਖਦਿਆਂ ਹੀ ਉਸ ਦਾ ਦਿਲ ਬੁਝ ਗਿਆ। ਅੱਜ ਹਰਪ੍ਰੀਤ ਦੀ ਥਾਂ ਕੋਈ ਹੋਰ ਕੁੜੀ ਦਰਵਾਜ਼ੇ ਅੱਗੇ ਖੜ੍ਹੀ ਸੀ। ਉਸ ਦਾ ਉੱਚੀ-ਉੱਚੀ ਰੌਲ਼ਾ ਪਾਉਣ ਨੂੰ ਜੀਅ ਕੀਤਾ ਕਿ "ਮੈਨੂੰ ਹਰਪ੍ਰੀਤ ਤੋਂ ਬਗ਼ੈਰ ਕੋਈ ਨਰਸ ਨਹੀਂ ਚਾਹੀਦੀ! ਹਰਪ੍ਰੀਤ ਹੀ ਚਾਹੀਦੀ ਏ!!" ਮਨ ਦੀ ਮਨ ਵਿੱਚ ਹੀ ਰੱਖਦਿਆਂ ਉਸ ਨੇ ਸੜ-ਭੁੱਜ ਕੇ ਦਰਵਾਜ਼ਾ ਖੋਲ੍ਹਿਆ ਤਾਂ ਉਸ ਦੇ ਸਾਹਮਣੇ ਕੋਈ ਓਪਰੀ ਜਿਹੀ ਪੰਜਾਬਣ ਮੁਟਿਆਰ ਖੜੀ ਸੀ, ਜਿਸ ਦੇ ਨੈਣ-ਨਕਸ਼ ਤਿੱਖੇ, ਕੱਦ-ਬੁੱਤ ਗੋਰਾ ਤੇ ਪਤਲਾ ਜਿਹਾ ਸੀ। ਉਹ ਉਮਰੋਂ ਬਹੁਤ ਛੋਟੀ ਲੱਗਦੀ ਸੀ। ਨਰਸ ਵਾਲ਼ੀ ਵਰਦੀ ਵਿੱਚ ਉਹ ਕਾਫ਼ੀ ਚੁਸਤ ਜਿਹੀ ਨਜ਼ਰ ਆ ਰਹੀ ਸੀ। ਉਸ ਨੇ ਆਪਣੇ ਕੱਟੇ ਹੋਏ ਵਾਲ਼ਾਂ ਦੀ ਛੋਟੀ ਜਿਹੀ ਪੋਨੀ-ਟੇਲ ਕੀਤੀ ਹੋਈ ਸੀ । ਇਕ ਪਲ ਲਈ ਰਣਜੀਤ ਨੂੰ ਲੱਗਿਆ ਕਿ ਜਿੱਦਾਂ ਕਿਸੇ ਸਕੂਲ ਵਿੱਚ ਪੜ੍ਹਦੀ ਕੋਈ ਜੁਆਕੜੀ ਜਿਹੀ ਉਸ ਦੇ ਸਾਹਮਣੇ ਆ ਖੜ੍ਹੀ ਹੋਈ ਹੋਵੇ।

"ਹੈਲੋ, ਮਿਸਟਰ ਰੈਂਡੀ, ਆਈ ਐਮ ਯੂਅਰ ਨਿਊ ਨਰਸ ਅਨੂਪ੍ਰੀਤ ਐਂਡ ਯੂ ਕੈਨ ਕਾਲ ਮੀ ਅਨੂ," ਇਹ ਕਹਿੰਦਿਆਂ ਜਦ ਅਨੂ ਨੇ ਰਣਜੀਤ ਦੇ ਚਿਹਰੇ 'ਤੇ ਨਜ਼ਰ ਮਾਰੀ ਤਾਂ ਉਸ ਨੂੰ ਲੱਗਿਆ, ਜਿੱਦਾਂ ਉਹ ਨੇ ਰਣਜੀਤ ਨੂੰ ਕਦੇ ਦੇਖਿਆ ਹੋਇਆ ਹੋਵੇ। ਉਸ ਨੂੰ ਆਪਣੀ ਕੋਈ ਤਲਾਸ਼ ਪੂਰੀ ਹੋ ਗਈ ਜਾਪੀ। ਉਸ ਨੂੰ ਇੱਕ ਪਲ ਲਈ ਲੱਗਿਆ ਕਿ ਇਸ ਚਿਹਰੇ ਨਾਲ਼ ਉਸ ਦਾ ਕੋਈ ਪੁਰਾਣਾ ਰਿਸ਼ਤਾ ਹੈ।

"ਹਰਪ੍ਰੀਤ ਕਿਉਂ ਨਹੀਂ ਆਈ?"ਰਣਜੀਤ ਦਾ ਇਹ ਸੁਆਲ ਸੁਣ ਕੇ ਉਹ ਆਪਣੀਆਂ ਸੋਚਾਂ ਵਿੱਚੋਂ ਬਾਹਰ ਆਈ।

"ਸੌਰੀ ਰੈਂਡੀ, ਹਰਪ੍ਰੀਤ ਨੇ ਸ਼ਾਇਦ ਆਪਣੇ ਘਰ ਦੇ ਨੇੜੇ ਕੋਈ ਪੇਸ਼ੈਂਟ ਲੈ ਲਿਆ ਏ। ਇਸ ਲਈ, ਮੈਂ ਚਾਰ ਘੰਟੇ ਤੁਹਾਡੀ ਨਰਸਿੰਗ ਕਰਨ ਆਇਆ ਕਰਾਂਗੀ। ਨੌਂ ਤੋਂ ਗਿਆਰਾਂ ਵਜੇ ਸਵੇਰੇ ਤੇ ਸਾਢੇ ਪੰਜ ਤੋਂ ਸਾਢੇ ਸੱਤ ਵਜੇ ਤੱਕ ਸ਼ਾਮ ਨੂੰ, ਦੋ ਵੇਲ਼ੇ ਮੈਂ ਹੀ ਆਇਆ ਕਰਾਂਗੀ," ਅਨੂ ਨੇ ਸਲੀਕੇ ਨਾਲ਼ ਜੁਆਬ ਦਿੱਤਾ।

"ਹਰਪ੍ਰੀਤ ਤੁਹਾਡੇ ਨਾਲੋਂ ਸੀਨੀਅਰ ਹੈਂ ਜਾਂ ਜੂਨੀਅਰ?" ਰਣਜੀਤ ਨੇ ਕੁੱਝ ਸੋਚਦੇ ਹੋਇਆਂ ਪੁੱਛਿਆ।

"ਨੋ ਸ਼ੀ ਇਜ਼ ਕੁਆਈਟ ਸੀਨੀਅਰ ਦੈਨ ਮੀ। ਉਸ ਨੇ ਹੀ ਪਹਿਲਾਂ

ਪੇਸ਼ੈਂਟ ਸਾਈਨ ਕਰਨਾ ਸੀ। ਜਦੋਂ ਤੁਹਾਨੂੰ ਮੇਰੇ ਤੋਂ ਸੀਨੀਅਰ ਵਰਕਰਾਂ 'ਚੋਂ ਕਿਸੇ ਨੇ ਸਾਈਨ ਨਹੀਂ ਕੀਤਾ ਤਾਂ ਮੈਂ ਤੁਹਾਨੂੰ ਸਾਈਨ ਕਰ ਲਿਆ ਕਿਉਂ ਕਿ ਤੁਸੀਂ ਮੇਰੇ ਘਰ ਦੇ ਨੇੜੇ ਪੈਂਦੇ ਸੀ। ਕੀ ਗੱਲ, ਮਿਸਟਰ ਰੈਂਡੀ ਤੁਹਾਨੂੰ ਹੈਪੀ ਦਾ ਕੰਮ ਬਹੁਤਾ ਪਸੰਦ ਸੀ? ਚਿੰਤਾ ਨਾ ਕਰੋ ਮੇਰੇ ਕੰਮ ਤੋਂ ਤੁਸੀਂ ਨਿਰਾਸ਼ ਨਹੀਂ ਹੋਵੋਗੇ," ਅਨੂ ਨੇ ਰਣਜੀਤ ਦੇ ਸੁਆਲਾਂ ਤੋਂ ਹਾਲਾਤ ਦਾ ਜਾਇਜ਼ਾ ਲੈਂਦਿਆਂ ਆਖਿਆ।

ਰਣਜੀਤ ਅੱਗੋਂ ਕੁੱਝ ਨਾ ਬੋਲਿਆ। ਉਹ ਸਮਝ ਗਿਆ ਸੀ ਕਿ ਹਰਪ੍ਰੀਤ ਇੱਕ ਵਾਰ ਫੇਰ ਉਸ ਨੂੰ ਝਕਾਨੀ ਦੇ ਗਈ ਹੈ। ਉਸ ਨੇ ਤਾਂ ਨਰਸਿੰਗ ਦਾ ਟਾਈਮ ਵੀ ਹਰਪ੍ਰੀਤ ਦੀ ਵਜ੍ਹਾ ਨਾਲ਼ ਹੀ ਵਧਾਇਆ ਸੀ ਤੇ ਉਸ ਨੇ ਜਾਣ ਲੱਗੀ ਨੇ ਇਸ ਬਾਰੇ ਹਵਾ ਤੱਕ ਨਾ ਲੱਗਣ ਦਿੱਤੀ। ਰਣਜੀਤ ਨੇ ਕਾਹਲ਼ੀ ਨਾਲ਼ ਹਰਪ੍ਰੀਤ ਦਾ ਨੰਬਰ ਡਾਇਲ ਕੀਤਾ। ਘੰਟੀ ਵੱਜਦੀ ਰਹੀ, ਪਰ ਹਰਪ੍ਰੀਤ ਨੇ ਫ਼ੋਨ ਨਾ ਚੁੱਕਿਆ। ਰਣਜੀਤ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਰੇ। ਇਹ ਸੋਚ-ਸੋਚ ਕੇ ਉਸ ਦਾ ਬੁਰਾ ਹਾਲ ਸੀ ਕਿ ਘਰ ਦੇ ਨੇੜੇ ਪੇਸ਼ੈਂਟ ਮਿਲ ਜਾਣ ਨਾਲ਼ ਹੀ ਹਰਪ੍ਰੀਤ ਨੇ ਉਸ ਨੂੰ ਛੱਡ ਦਿੱਤਾ। ਉਹ ਘਰੋਂ ਦੂਰੀ ਦੀ ਗੱਲ ਤਾਂ ਕਰਦੀ ਮੈਂ ਉਸ ਨੂੰ ਟੈਕਸੀ ਦਾ ਕਿਰਾਇਆ ਦੇ ਦਿਆ ਕਰਦਾ, ਉਹ ਸੋਚ ਰਿਹਾ ਸੀ। ਰਣਜੀਤ ਦਾ ਜੀਅ ਕੰਧ 'ਚ ਸਿਰ ਮਾਰ-ਮਾਰ ਰੋਣ ਨੂੰ ਕਰ ਰਿਹਾ ਸੀ। ਇਸ ਦੌਰਾਨ ਲਾਂਡਰੀ 'ਚ ਕੱਪੜੇ ਪਾ ਕੇ ਅਨੂ ਆ ਗਈ ਤੇ ਆਉਂਦੀ ਹੀ ਕਹਿਣ ਲੱਗੀ, "ਓ ਕੇ ਮਿਸਟਰ ਰੈਂਡੀ, ਚਲੋ ਹੁਣ ਬਾਥ ਟਾਈਮ ਹੋ ਗਿਆ, ਮੈਂ ਤੁਹਾਨੂੰ ਨੁਹਾ ਦਿਆਂ।"

"ਨਹੀਂ ਮੈਂ ਅੱਜ ਬਾਥ ਨਹੀਂ ਲੈਣਾ। ਤੁਸੀਂ ਚਾਹੋਂ ਤਾਂ ਜਾ ਸਕਦੇ ਹੋ। ਤੁਸੀਂ ਚਲੇ ਹੀ ਜਾਵੋਂ ਤਾਂ ਚੰਗੈ," ਰਣਜੀਤ ਦੀ ਆਵਾਜ਼ ਵਿੱਚ ਤਲਖ਼ੀ ਸੀ।

"ਚਲੋ ਮਿਸਟਰ ਰੈਂਡੀ, ਬਾਥ ਨਹੀਂ ਲੈਣਾ ਤਾਂ ਨਾ ਸਹੀ। ਮੈਂ ਤੁਹਾਡੇ ਲਈ ਲੰਚ ਰੈਡੀ ਕਰ ਦਿੰਦੀ ਹਾਂ," ਅਨੂ ਨੇ ਥੋੜ੍ਹਾ ਹੈਰਾਨ ਜਿਹੀ ਹੁੰਦਿਆਂ ਕਿਹਾ।

"ਨੋ, ਤੈਨੂੰ ਸੁਣਿਆ ਨਹੀਂ? ਮੈਨੂੰ ਕੁੱਝ ਨਹੀਂ ਚਾਹੀਦਾ, ਤੂੰ ਜਾ ਸਕਦੀ ਏਂ," ਰਣਜੀਤ ਇੱਕ ਵਾਰ ਫਿਰ ਟੁੱਟ ਕੇ ਪੈ ਗਿਆ। ਗ਼ੁੱਸੇ ਵਿੱਚ ਉਸ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਕਦੋਂ 'ਤੁਸੀਂ' ਤੋਂ 'ਤੂੰ' 'ਤੇ ਆ ਗਿਆ। ਅਨੂ ਉਸ ਨੂੰ ਗ਼ੁੱਸੇ ਵਿੱਚ ਦੇਖ ਕੇ ਇੱਕ ਦਮ ਠਠੰਬਰ ਗਈ। ਕੁੱਝ ਸੋਚ ਕੇ ਉਸ ਨੇ ਫ਼ੈਸਲਾ ਲੈਂਦਿਆਂ ਕਿਹਾ, "ਚਲੋ ਠੀਕ ਹੈ ਰੈਂਡੀ। ਟੇਕ ਕੇਅਰ, ਸ਼ਾਮ ਨੂੰ ਮਿਲ਼ਦੇ ਆਂ। ਤਦ ਤੱਕ ਤੁਸੀਂ ਆਪਣਾ ਵੀ ਮੂਡ ਠੀਕ ਕਰ ਲਓਗੇ।" ਅਨੂ ਆਪਣਾ ਬੈਗ ਚੁੱਕ ਕੇ ਪੌੜੀਆਂ ਉੱਤਰ ਗਈ।

ਅਨੂ ਹੈਰਾਨ ਸੀ ਕਿ ਜਦੋਂ ਉਸ ਨੇ ਰਣਜੀਤ ਦੀ ਪੇਸ਼ੈਂਟ ਰਿਪੋਰਟ ਪੜ੍ਹੀ ਸੀ ਤਾਂ ਉਸ ਵਿੱਚ ਇਹੋ ਜਿਹਾ ਕੁੱਝ ਨਹੀਂ ਸੀ, ਜਿਸ ਤੋਂ ਇਹ ਪਤਾ ਲੱਗੇ ਕਿ ਪੇਸ਼ੈਂਟ ਡਿਸਟਰਬਡ ਜਾਂ ਐਜੀਟੇਟਿਡ ਹੈ। ਨਾ ਹੀ ਉਸ ਦੇ ਕਿਸੇ ਮੂਡ-ਸਵਿੰਗ ਦਾ ਜ਼ਿਕਰ ਸੀ। ਜ਼ਰੂਰ ਹੀ ਹੈਪੀ ਨਾਲ਼ ਉਸ ਦੀ ਕੋਈ ਮਾਨਸਕ ਅਟੈਚਮੈਂਟ ਹੋ ਗਈ

ਹੋਣੀ ਏਂ, ਤਾਂ ਹੀ ਉਹ ਇੰਨਾ ਡਿਸਟਰਬਡ ਹੈ। ਅਨੂ ਨੂੰ ਕੇਅਰਏਡ ਵਜੋਂ ਕੰਮ ਕਰਦਿਆਂ ਕਈ ਸਾਲ ਹੋ ਗਏ ਸਨ, ਪਰ ਅੱਜ ਤੱਕ ਕੋਈ ਪੇਸ਼ੈਂਟ ਉਸ ਨਾਲ਼ ਇਸ ਤਰ੍ਹਾਂ ਪੇਸ਼ ਨਹੀਂ ਆਇਆ ਸੀ। ਉਹ ਹੈਰਾਨ ਸੀ ਕਿ ਜਿਹੜੇ ਚਿਹਰੇ ਵਿੱਚ ਉਸ ਨੂੰ ਇੱਕ ਅਪਣੱਤ ਜਿਹੀ ਦਿਸੀ ਸੀ, ਉਸੇ ਤੋਂ ਹੁਣ ਉਸ ਨੂੰ ਖ਼ੌਫ ਆਉਣ ਲੱਗ ਪਿਆ ਸੀ। ਭਾਵੇਂ ਕਿ ਉਸੇ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਹੀ ਅਣਸੁਖਾਵੇਂ ਹਾਲਾਤ ਹੰਢਾਏ ਹੋਏ ਸਨ, ਫਿਰ ਵੀ ਉਸ ਨੂੰ ਇਹ ਫ਼ਿਕਰ ਪਿਆ ਹੋਇਆ ਸੀ ਕਿ ਅਗਲੇ ਤਿੰਨ ਮਹੀਨੇ, ਹਰ ਰੋਜ਼ ਚਾਰ ਘੰਟੇ ਇਸ ਖ਼ੁਸ਼ਕ ਜਿਹੇ ਬੰਦੇ ਨਾਲ਼ ਕਿਵੇਂ ਬਿਤਾਏਗੀ।

ਪੰਜਾਬ ਵਿੱਚ ਜਲੰਧਰ ਸ਼ਹਿਰ ਦੀ ਜੰਮਪਲ਼ ਅਨੁਪ੍ਰੀਤ ਨੇ ਆਪਣੇ ਪ੍ਰੇਮੀ ਗੁਰੀ ਨਾਲ਼ ਵਿਆਹ ਕਰਾਉਣ ਲਈ ਆਪਣੇ ਮਾਪਿਆਂ ਨੂੰ ਬੜੇ ਹੀ ਤਰਲੇ ਪਾ ਕੇ ਮਨਾਇਆ ਸੀ। ਉਸ ਦਾ ਪੂਰਾ ਨਾਮ ਗੁਰਪ੍ਰਤਾਪ ਸੀ ਅਤੇ ਉਸ ਦਾ ਸਬੰਧ ਜਲੰਧਰ ਦੇ ਇਕ ਮੱਧ-ਵਰਗੀ ਪਰਿਵਾਰ ਨਾਲ਼ ਸੀ। ਉਸ ਦੇ ਤਿੰਨ ਭਰਾ ਅਤੇ ਦੋ ਭੈਣਾਂ ਸਨ। ਗੁਰੀ ਨੇ ਅਨੂ ਦੇ ਨਾਲ਼ ਹੀ ਐਮ.ਐਸ.ਸੀ. ਕੀਤੀ ਸੀ ਅਤੇ ਫਿਰ ਕਿਸੇ ਪ੍ਰਾਈਵੇਟ ਫ਼ਰਮ ਵਿੱਚ ਨੌਕਰੀ ਕਰਨ ਲੱਗ ਪਿਆ। ਪੜ੍ਹਦਿਆਂ ਹੀ ਦੋਹਾਂ ਵਿਚਾਲ਼ੇ ਜਜ਼ਬਾਤੀ ਜਿਹੀ ਸਾਂਝ ਬਣ ਗਈ ਸੀ। ਹੌਲ਼ੀ-ਹੌਲ਼ੀ ਦੋਹਾਂ ਨੇ ਆਪਣਾ ਪਿਆਰ ਪ੍ਰਵਾਨ ਚੜ੍ਹਾ ਲਿਆ ਤੇ ਵਿਆਹ ਤੋਂ ਬਾਅਦ ਅਨੂ ਵੀ ਇਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਲੱਗ ਪਈ। ਉਨ੍ਹਾਂ ਦਾ ਗੁਜ਼ਾਰਾ ਸੋਹਣਾ ਚੱਲਣ ਲੱਗ ਪਿਆ ਸੀ। ਫਿਰ ਪਤਾ ਨਹੀਂ ਕਿਸ ਨੇ ਗੁਰੀ ਨੂੰ ਨੰਬਰਾਂ ਦੇ ਆਧਾਰ 'ਤੇ ਕੈਨੇਡਾ ਦੀ ਇੰਮੀਗ੍ਰੇਸ਼ਨ ਲੈਣ ਲਈ ਉਕਸਾਇਆ ਕਿ ਉਸ ਦੇ ਸਿਰ ਕੈਨੇਡਾ ਦਾ ਹੀ ਭੂਤ ਸਵਾਰ ਹੋ ਗਿਆ। ਆਖ਼ਰ ਉਸ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਤੇ ਵਿਆਹ ਤੋਂ ਢਾਈ ਸਾਲਾਂ ਦੇ ਅੰਦਰ-ਅੰਦਰ ਹੀ, ਉਹ ਦੋਵੇਂ ਜਣੇ ਕੈਨੇਡਾ ਪਹੁੰਚ ਗਏ। ਇਸ ਧਰਤੀ 'ਤੇ ਆਉਂਦੇ ਲੋਕਾਂ ਦੇ ਮਨਾਂ ਵਿੱਚ ਸੁਪਨਿਆਂ ਦੀਆਂ ਤਹਿਆਂ ਜਿਹੀਆਂ ਲੱਗੀਆਂ ਹੁੰਦੀਆਂ ਹਨ ਤੇ ਉਹ ਆਪਣੀ ਮਿਹਨਤ ਨਾਲ਼ ਇਨ੍ਹਾਂ ਵਿੱਚੋਂ ਕੁੱਝ ਸੁਪਨੇ ਤਾਂ ਸਾਕਾਰ ਵੀ ਕਰ ਲੈਂਦੇ ਹਨ। ਅਨੂ ਨਾਲ਼ ਕੁੱਝ ਹੋਰ ਹੀ ਤਰ੍ਹਾਂ ਦਾ ਵਾਪਰ ਗਿਆ। ਇਸ ਧਰਤੀ ਨੇ ਉਸ ਤੋਂ, ਉਸ ਦਾ ਪਿਆਰ ਖੋਹ ਲਿਆ। ਇਸ ਸਭ ਕੁੱਝ ਵਿੱਚ ਅਨੂ ਗੁਰੀ ਨੂੰ ਕਸੂਰਵਾਰ ਮੰਨਣ ਦੀ ਥਾਂ ਆਪਣੀ ਕਿਸਮਤ ਦਾ ਬਹੁਤਾ ਦੋਸ਼ ਮੰਨਦੀ ਸੀ। ਜਦ ਕੈਨੇਡਾ ਵਿੱਚ ਤਕਰੀਬਨ ਸਾਲ-ਭਰ ਰਹਿਣ ਪਿੱਛੋਂ, ਅਨੂ ਦੀ ਕੁੱਖ ਹਰੀ ਨਾ ਹੋਈ ਤਾਂ ਡਾਕਟਰਾਂ ਨੇ ਉਸ ਦੀ ਬੱਚੇਦਾਨੀ ਵਿੱਚ ਕੋਈ ਵੱਡਾ ਨੁਕਸ ਦੱਸ ਕੇ, ਇਹ ਕਹਿ ਦਿੱਤਾ ਕਿ ਉਹ ਕਦੇ ਵੀ ਮਾਂ ਨਹੀਂ ਬਣ ਸਕੇਗੀ। ਜਦ ਇਸ ਗੱਲ ਦਾ ਪਤਾ, ਪੰਜਾਬ ਵਿੱਚ ਰਹਿੰਦੇ ਗੁਰੀ ਦੇ ਮਾਪਿਆਂ ਨੂੰ ਲੱਗਿਆ ਤਾਂ ਉਨ੍ਹਾਂ ਨੇ ਝੱਟ ਹੀ ਆਪਣੀ ਰਿਸ਼ਤੇਦਾਰੀ ਵਿੱਚੋਂ ਇੱਕ ਹੋਰ ਕੁੜੀ, ਗੁਰੀ ਖ਼ਾਤਰ ਲੱਭ ਲਈ ਅਤੇ ਗੁਰੀ ਉੱਤੇ ਜ਼ੋਰ ਪਾਉਣ ਲੱਗ ਪਏ ਕਿ ਉਹ ਅਨੂ ਨੂੰ ਤਲਾਕ ਦੇ ਦੇਵੇ ਤੇ ਉਸ ਕੁੜੀ ਨਾਲ਼ ਵਿਆਹ ਕਰਾ ਲਵੇ। ਅਨੂ ਦਾ ਮੂੰਹ ਰੱਖਣ ਲਈ ਗੁਰੀ ਨੇ

ਭਾਵੇਂ ਆਪਣੇ ਮਾਪਿਆਂ ਦੀ ਗੱਲ ਤਾਂ ਨਾ ਮੰਨੀ, ਪਰ ਉਹ ਦਿਨੋਂ-ਦਿਨ ਬਹੁਤ ਉਦਾਸ ਜਿਹਾ ਰਹਿਣ ਲੱਗ ਪਿਆ। ਡਾਕਟਰਾਂ ਨੇ ਔਲਾਦ ਹਾਸਲ ਕਰਨ ਲਈ ਕਈ ਹੋਰ ਆਰਟੀਫੀਸ਼ਿਅਲ ਢੰਗ ਦੱਸੇ, ਪਰ ਨਾਲ਼ ਹੀ ਇਸ ਗੱਲ ਦੀ ਕੋਈ ਗਰੰਟੀ ਨਹੀਂ ਦਿੱਤੀ ਕਿ ਇਨ੍ਹਾਂ ਢੰਗਾਂ ਨਾਲ਼ ਹਰ ਹੀਲੇ ਬੱਚਾ ਹੋ ਹੀ ਜਾਵੇਗਾ। ਗੁਰੀ ਹੁਣ ਅਨੂ ਨਾਲ਼ ਕੁੱਝ ਵੱਟਿਆ-ਵੱਟਿਆ ਜਿਹਾ ਰਹਿੰਦਾ ਤੇ ਕਿੰਨਾ-ਕਿੰਨਾ ਚਿਰ ਫ਼ੋਨ ਤੇ ਆਪਣੇ ਮਾਪਿਆਂ ਨਾਲ਼ ਗੱਲਾਂ ਕਰਦਾ ਰਹਿੰਦਾ। ਉਸ ਸਮੇਂ ਅਨੂ ਨੂੰ ਮਾਨਸਕ ਢਾਸਣੇ ਦੀ ਬਹੁਤ ਲੋੜ ਸੀ, ਪਰ ਇਹ ਢਾਸਣਾ ਦੇਣ ਦੀ ਥਾਂ ਗੁਰੀ ਆਪ ਹੀ ਗੁੰਮ-ਸੁੰਮ ਰਹਿਣ ਲੱਗ ਪਿਆ। ਅਨੂ ਨੂੰ ਕੋਈ ਭੁਲੇਖਾ ਨਹੀਂ ਰਹਿ ਗਿਆ ਸੀ ਕਿ ਗੁਰੀ ਦਿਨੋਂ-ਦਿਨ ਉਸ ਤੋਂ ਦੂਰ ਹੋਈ ਜਾ ਰਿਹਾ ਹੈ ਅਤੇ ਇਸ ਦਾ ਕਾਰਨ, ਅਨੂ ਦਾ ਬਾਂਝਪੁਣਾ ਹੀ ਹੈ। ਅਨੂ ਨੂੰ ਹੁਣ ਇਸ ਵਿੱਚ ਕੋਈ ਸ਼ੱਕ ਨਾ ਰਹੀ ਕਿ ਗੁਰੀ ਮੁਸੀਬਤ ਵਿੱਚ ਸਾਥ ਦੇਣ ਵਾਲ਼ਾ ਸਾਥੀ ਨਹੀਂ ਹੈ। ਹਾਲਾਤ ਨਾ ਸੁਧਰਦੇ ਦੇਖ ਕੇ, ਬਹੁਤ ਸੋਚਣ-ਸਮਝਣ ਤੋਂ ਬਾਅਦ ਇੱਕ ਦਿਨ ਅਨੂ ਨੇ ਵੀ ਦਿਲ ਕਰੜਾ ਕਰ ਕੇ ਆਪ ਹੀ, ਗੁਰੀ ਨਾਲ਼ੋਂ ਤੋੜ-ਵਿਛੋੜਾ ਕਰਨ ਦਾ ਇਰਾਦਾ ਕਰ ਲਿਆ ਅਤੇ ਗੁਰੀ ਨੂੰ ਆਪਣੇ ਮਾਪਿਆਂ ਦੀ ਗੱਲ ਮੰਨ ਲੈਣ ਲਈ ਕਹਿ ਦਿੱਤਾ। ਗੁਰੀ ਨੂੰ ਅਨੂ ਦਾ ਇਹ ਫ਼ੈਸਲਾ ਸੁਣ ਕੇ ਬਹੁਤ ਹੈਰਾਨੀ ਹੋਈ ਕਿਉਂ ਕਿ ਉਸ ਨੂੰ ਲੱਗਿਆ ਕਿ ਅਨੂ ਦੇ ਇਸ ਫ਼ੈਸਲੇ ਨੇ ਉਸ ਦੀ ਤਾਂ ਮੁਰਾਦ ਹੀ ਪੂਰੀ ਕਰ ਦਿੱਤੀ ਹੈ। ਕੈਨੇਡਾ ਆਉਣ ਤੋਂ ਸੱਤ-ਅੱਠ ਮਹੀਨੇ ਬਾਅਦ ਹੀ ਅਨੂ ਕੇਅਰ-ਏਡ ਵਜੋਂ ਕੰਮ ਕਰਨ ਲੱਗ ਪਈ ਸੀ। ਉਹ ਜਾਣਦੀ ਸੀ ਕਿ ਉਹ ਆਪਣੇ ਗੁਜ਼ਾਰੇ ਜੋਗਾ ਤਾਂ ਕਮਾ ਹੀ ਲਏਗੀ।

ਇਸ ਪਿੱਛੋਂ ਗੁਰੀ ਨੇ ਆਪਣੇ ਮਾਪਿਆਂ ਨੂੰ ਦੂਜਾ ਵਿਆਹ ਕਰਾਉਣ ਵਾਸਤੇ ਹਾਂ ਤਾਂ ਕਰ ਦਿੱਤੀ ਪਰ ਨਾਲ਼ ਹੀ ਇਹ ਵੀ ਕਹਿ ਦਿੱਤਾ ਕਿ ਉਹ ਇਹ ਵਿਆਹ ਅਜੇ ਅਟਕ ਕੇ ਹੀ ਕਰਾਏਗਾ। ਫਿਰ ਉਸ ਨੇ ਇੱਕ ਵਕੀਲ ਦੀ ਸਲਾਹ ਲਈ ਅਤੇ ਅਨੂ ਦੀ ਰਜ਼ਾਮੰਦੀ ਨਾਲ਼ ਤਲਾਕ ਦੇ ਪੇਪਰ ਤਿਆਰ ਕਰਾ ਲਏ। ਉਨ੍ਹਾਂ ਦਾ ਘਰ ਕਿਰਾਏ ਦਾ ਸੀ। ਉਨ੍ਹਾਂ ਦੇ ਅਸਾਸਿਆਂ ਵਿੱਚ ਇੱਕ ਪੁਰਾਣੀ ਕਾਰ ਅਤੇ ਬੈਂਕ ਦੇ ਖਾਤੇ ਵਿੱਚ ਪਏ ਪੈਂਹਠ ਕੁ ਹਜ਼ਾਰ ਡਾਲਰ ਹੀ ਸਨ। ਇਹ ਸਭ ਕੁੱਝ ਗੁਰੀ ਨੇ ਅਨੂ ਨੂੰ, ਇੱਕ ਤਰ੍ਹਾਂ, ਸੌਖਿਆਂ ਗਲ਼ੋਂ ਲਹਿਣ ਦੇ ਇਨਾਮ ਵਜੋਂ ਦੇ ਦਿੱਤਾ। ਉਹ ਤਲਾਕ ਲੈ ਕੇ ਆਪਣੇ ਇੱਕ ਦੋਸਤ ਕੋਲ਼ ਕੈਲਗਰੀ ਚਲੇ ਗਿਆ। ਇਹ ਸ਼ਹਿਰ, ਵੈਨਕੂਵਰ ਤੋਂ ਗਿਆਰਾਂ ਸੌ ਕਿੱਲੋਮੀਟਰ ਦੀ ਦੂਰੀ ’ਤੇ ਹੈ। ਗੁਰੀ ਦੇ ਉਸ ਦੋਸਤ ਨੇ ਵੈਨਕੂਵਰ ਦੇ ਮੁਕਾਬਲੇ ਸਸਤਾ ਰਹਿਣ-ਸਹਿਣ ਹੋਣ ਦਾ ਅਤੇ ਵਧੀਆ ਕੰਮ-ਕਾਰ ਦੁਆਉਣ ਦਾ ਭਰੋਸਾ ਦੇ ਕੇ, ਉਸ ਨੂੰ ਕੈਲਗਰੀ ਆਉਣ ਲਈ ਮਨਾ ਲਿਆ ਸੀ। ਉਸ ਕੋਲ਼ ਹੁਣ ਕੋਈ ਪੈਸਾ ਨਾ ਬਚਿਆ ਹੋਣ ਕਰ ਕੇ, ਉਹ ਚੁੱਪ-ਚਾਪ ਕੈਲਗਰੀ ਚਲੇ ਗਿਆ। ਹੁਣ ਉਹ ਭਾਰਤ ਜਾ ਕੇ ਦੁਬਾਰਾ ਵਿਆਹ ਕਰਾਉਣ ਖ਼ਾਤਰ, ਸਾਲ-ਛੇ ਮਹੀਨੇ ਕੰਮ ਕਰ ਕੇ ਚਾਰ ਪੈਸੇ ਜੋੜਨੇ

ਚਾਹੁੰਦਾ ਸੀ।

ਗੁਰੀ ਦੇ ਜਾਣ ਬਾਅਦ ਅਨੂ ਕਈ ਦਿਨ ਰੋਂਦੀ ਰਹੀ। ਭਾਵੇਂ ਗੁਰੀ ਤੋਂ ਵੱਖਰੇ ਹੋਣ ਦਾ ਫ਼ੈਸਲਾ ਉਸ ਦਾ ਆਪਣਾ ਸੀ ਫਿਰ ਵੀ ਗੁਰੀ ਵੱਲੋਂ ਛੱਡ ਜਾਣ ਤੋਂ ਪਹਿਲਾਂ ਤੱਕ ਉਸ ਨੂੰ ਇਹੋ ਆਸ ਸੀ ਕਿ ਉਨ੍ਹਾਂ ਦਾ ਪਿਆਰ, ਉਸ ਨੂੰ ਜਾਣ ਨਹੀਂ ਦੇਵੇਗਾ, ਪਰ ਇਹੋ ਜਿਹਾ ਕੁੱਝ ਨਾ ਹੋਇਆ। ਮਹੀਨਾ ਡੇਢ ਮਹੀਨਾ ਅਨੂ ਗੁਰੀ ਨੂੰ ਉਡੀਕਦੀ ਰਹੀ। ਉਸ ਨੂੰ ਲਗਦਾ ਸੀ ਕਿ ਜਦੋਂ ਗੁਰੀ ਨੂੰ ਉਸ ਦੀ ਯਾਦ ਨੇ ਸਤਾਇਆ ਤਾਂ ਉਹ ਜ਼ਰੂਰ ਮੁੜ ਆਏਗਾ, ਪਰ ਇਹੋ ਜਿਹਾ ਵੀ ਕੁੱਝ ਨਾ ਹੋਇਆ। ਮਹੀਨਾ ਭਰ ਉਡੀਕਣ ਬਾਅਦ ਉਸ ਨੇ ਸੱਭ ਕੁੱਝ ਭੁੱਲ-ਭੁਲਾ ਕੇ ਅੱਗੇ ਤੁਰਨ ਦੀ ਸੋਚੀ।

ਇੱਕ ਰੀਅਲ ਅਸਟੇਟ ਏਜੰਟ ਨੂੰ ਮਿਲ਼ ਕੇ, ਉਸ ਨੇ ਢਾਈ ਕੁ ਲੱਖ ਡਾਲਰ ਦਾ ਤਿੰਨ ਕਮਰਿਆਂ ਵਾਲ਼ਾ ਟਾਊਨ-ਹਾਊਸ ਖ਼ਰੀਦ ਲਿਆ। ਇਸ ਕੰਮ ਲਈ ਉਸ ਨੇ ਗੁਰੀ ਤੋਂ ਮਿਲਿਆ ਹੋਇਆ ਪੈਂਹਠ ਹਜ਼ਾਰ ਡਾਲਰ, ਡਾਊਨ ਪੇਮੈਂਟ ਵਜੋਂ ਦੇ ਦਿੱਤਾ ਅਤੇ ਬਾਕੀ ਤੇਰਾਂ ਸੌ ਡਾਲਰ ਪ੍ਰਤੀ ਮਹੀਨਾ ਦੀ ਕਿਸ਼ਤ ਕਰਾ ਲਈ। ਉਹ ਆਪ ਇੱਕ ਕਮਰੇ 'ਚ ਰਹਿੰਦੀ ਤੇ ਇੱਕ ਹੋਰ ਕਮਰਾ ਉਸ ਨੇ ਭਾਰਤ ਤੋਂ ਆਈਆਂ ਹੋਈਆਂ ਦੋ ਸਟੂਡੈਂਟ ਕੁੜੀਆਂ ਸਿੰਮੀ ਅਤੇ ਗੁਰਲੀਨ ਨੂੰ ਕਿਰਾਏ 'ਤੇ ਦੇ ਦਿੱਤਾ। ਇਹ ਦੋਵੇਂ ਕੁੜੀਆਂ ਉਸ ਨੂੰ ਕਮਰੇ ਅਤੇ ਗਰੌਸਰੀ ਦੇ ਖਰਚੇ ਦਾ, ਕੁੱਲ ਸੱਤ ਸੌ ਡਾਲਰ ਹਰ ਮਹੀਨੇ ਦਿੰਦੀਆਂ ਸਨ। ਇਸ ਨਾਲ਼ ਅਨੂ ਨੂੰ ਘਰ ਦੀ ਕਿਸ਼ਤ ਲਾਹੁਣ 'ਚ ਥੋੜ੍ਹੀ ਮਦਦ ਅਤੇ ਇਕਲਾਪੇ ਵਿੱਚ ਉਨ੍ਹਾਂ ਦਾ ਸਾਥ ਮਿਲ਼ ਜਾਂਦਾ ਸੀ। ਕੰਮ ਉੱਤੇ ਤਰਨੀਤ ਉਸ ਦੀ ਇੱਕੋ-ਇੱਕ ਪੱਕੀ ਸਹੇਲੀ ਸੀ। ਅਨੂ ਉਸ ਨਾਲ਼ ਦਿਲ ਦੀ ਹਰ ਗੱਲ ਕਰ ਲੈਂਦੀ ਸੀ। ਐਤਕੀਂ ਅਨੂ ਨੂੰ ਪੇਸ਼ੈਂਟ ਘਰ ਦੇ ਨੇੜੇ ਮਿਲ਼ ਜਾਣ ਕਾਰਨ ਉਹ ਬੜੀ ਖ਼ੁਸ਼ ਸੀ। ਅੱਜ ਪਹਿਲੇ ਹੀ ਦਿਨ ਉਸ ਦੀ ਉਹ ਸਾਰੀ ਖ਼ੁਸ਼ੀ ਖੰਭ ਲਾ ਕੇ ਉੱਡ ਗਈ ਸੀ।

ਅਨੂ ਦੇ ਜਾਣ ਤੋਂ ਬਾਅਦ ਇੱਕ ਵਾਰ ਫੇਰ ਰਣਜੀਤ ਨੇ ਹਰਪ੍ਰੀਤ ਨੂੰ ਫ਼ੋਨ ਕੀਤਾ, ਪਰ ਉਸ ਨੇ ਫਿਰ ਫ਼ੋਨ ਨਾ ਚੁੱਕਿਆ। ਰਣਜੀਤ ਨੇ ਖਿਝ ਕੇ ਫ਼ੋਨ ਰੱਖ ਦਿੱਤਾ ਤੇ ਸੋਚਣ ਲੱਗਿਆ ਕਿ ਹੁਣ ਤੋਂ ਬਾਅਦ ਉਹ ਹਰਪ੍ਰੀਤ ਨੂੰ ਫ਼ੋਨ ਨਹੀਂ ਕਰੇਗਾ। ਇੱਕ ਤੜਫ਼ ਉਸ ਦੇ ਦਿਲ ਅੰਦਰ ਜਿਉਂ ਦੀ ਤਿਉਂ ਰਹਿ ਗਈ। ਉਹ ਹਰਪ੍ਰੀਤ ਤੋਂ ਇਹ ਨਹੀਂ ਜਾਣ ਸਕਿਆ ਸੀ ਕਿ ਕਾਲਜ ਦੇ ਦਿਨੀਂ ਉਹ ਉਸ ਨੂੰ ਪਿਆਰ ਕਰਦੀ ਸੀ ਜਾਂ ਨਹੀਂ। ਫਿਰ ਉਸ ਨੂੰ ਖ਼ਿਆਲ ਆਇਆ ਕਿ ਜੇ ਹਰਪ੍ਰੀਤ ਇਸ ਦਾ ਜੁਆਬ ਹਾਂ ਵਿੱਚ ਨਾ ਦਿੰਦੀ ਤਾਂ ਉਸ ਦਾ ਕੀ ਬਣਦਾ। ਚਲੋ ਚੰਗਾ ਹੋਇਆ, ਕੁੱਝ ਸੁਆਲ, ਬੇਜੁਆਬੇ ਹੀ ਰਹਿ ਜਾਣ ਤਾਂ ਚੰਗੈ। ਅਨੂ ਨੂੰ ਗ਼ੁੱਸੇ ਵਿੱਚ ਬੋਲ ਕੇ ਉਹ ਹੁਣ ਆਪਣੇ ਆਪ ਨੂੰ ਗੁਨਾਹਗ਼ਾਰ ਮਹਿਸੂਸ ਕਰ ਰਿਹਾ ਸੀ। ਜੇ ਹਰਪ੍ਰੀਤ ਨੇ ਉਸ ਦੀ ਥਾਂ ਕੋਈ ਹੋਰ ਪੇਸ਼ੈਂਟ ਲੈ ਲਿਆ ਏ ਤਾਂ ਇਸ ਵਿੱਚ ਅਨੂ

ਵਿਚਾਰੀ ਦਾ ਕੀ ਦੋਸ਼। ਉਸ ਨੇ ਕਿਸੇ ਨੂੰ ਤਾਂ ਚੁਣਨਾ ਹੀ ਸੀ ਆਖ਼ਰ। ਉਹ, ਸ਼ਾਮ ਨੂੰ ਅਨੂ ਦੇ ਮੁੜ ਆਉਣ 'ਤੇ ਉਸ ਤੋਂ ਮੁਆਫ਼ੀ ਮੰਗਣ ਦੇ ਮਨਸੂਬੇ ਬਣਾਉਣ ਲੱਗ ਪਿਆ।

ਢਾਈ ਵਜੇ ਫ਼ੋਨ ਦੀ ਰਿੰਗ ਵੱਜੀ। ਰਣਜੀਤ ਨੇ ਹਰਪ੍ਰੀਤ ਦਾ ਫ਼ੋਨ ਸਮਝ ਕੇ, ਬਹੁਤ ਕਾਹਲ਼ੀ ਨਾਲ਼ ਚੁੱਕ ਲਿਆ। ਫ਼ੋਨ 'ਤੇ ਕਿਸੇ ਔਰਤ ਦੀ ਆਵਾਜ਼ ਆਈ, "ਸਤਿ ਸ੍ਰੀ ਅਕਾਲ ਜੀ, ਤੁਸੀਂ ਭਲਾ ਰਣਜੀਤ ਹੀ ਬੋਲ ਰਹੇ ਹੋ?"

"ਜੀ ਹਾਂ ਮੈਂ ਰਣਜੀਤ ਹੀ ਬੋਲਦਾਂ। ਤੁਸੀਂ ਕੌਣ ਬੋਲਦੇ ਹੋ?" ਰਣਜੀਤ ਜੁਆਬ ਦਿੰਦਿਆਂ ਅੰਦਾਜ਼ੇ ਜਿਹੇ ਲਾ ਰਿਹਾ ਸੀ ਕਿ ਇਹ ਆਵਾਜ਼ ਕਿਸ ਦੀ ਹੋ ਸਕਦੀ ਹੈ।

"ਮੈਂ ਸੁਕੀਰਤ ਬੋਲਦੀ ਹਾਂ ਜੀ, ਕੈਲੇਫੋਰਨੀਆ ਤੋਂ ਹਰਪ੍ਰੀਤ ਦੀ ਸਹੇਲੀ।"

"ਓਹ! ਸਤਿ ਸ੍ਰੀ ਅਕਾਲ ਸੁਕੀਰਤ ਜੀ। ਮੈਨੂੰ ਦੱਸਿਆ ਸੀ, ਹਰਪ੍ਰੀਤ ਨੇ ਤੁਹਾਡੇ ਬਾਰੇ ਕਿ ਤੁਸੀਂ ਯੂ.ਐੱਸ. ਰਹਿੰਦੇ ਹੋ। ਕੀ ਹਾਲ-ਚਾਲ ਏ ਤੁਹਾਡਾ?" ਰਣਜੀਤ ਥੋੜ੍ਹਾ ਹੈਰਾਨ ਹੁੰਦਾ ਹੋਇਆ ਬੋਲਿਆ।

"ਮੈਂ ਤਾਂ ਠੀਕ ਆਂ, ਪਰ ਤੁਹਾਡੀ ਸੱਟ ਬਾਰੇ ਸੁਣ ਕੇ ਬਹੁਤ ਦੁੱਖ ਹੋਇਆ। ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ ਤੁਹਾਨੂੰ। ਤੁਹਾਡੇ ਵਰਗੇ ਸਾਊ ਇਨਸਾਨ ਨਾਲ਼ ਰੱਬ ਨੂੰ ਏਦਾਂ ਨਹੀਂ ਕਰਨਾ ਚਾਹੀਦਾ ਸੀ," ਸੁਕੀਰਤ ਨੇ ਹਮਦਰਦੀ ਭਰੇ ਸੁਰ ਵਿੱਚ ਕਿਹਾ।

"ਹਾਂ ਜੀ, ਜਿੱਦਾਂ ਕਿਸਮਤ 'ਚ ਲਿਖਿਆ ਹੋਵੇ, ਓਦਾਂ ਹੀ ਹੁੰਦੈ। ਆਪਾਂ ਕੀ ਕਰ ਸਕਦੇ ਹਾਂ। ਜਿੱਥੇ, ਜਿੱਦਾਂ ਤੇ ਜਿੰਨੇ ਸਾਹ ਲੈਣੇ ਨੇ, ਸਾਰੇ ਲਿਖੇ ਹੋਏ ਨੇ। ਆਪਣਾ ਸੁਣਾਓ ਤੁਸੀਂ। ਬੜੇ ਸਾਲ ਹੋ ਗਏ ਤੁਹਾਨੂੰ ਦੇਖਿਆਂ," ਰਣਜੀਤ ਨੇ ਗੱਲ ਅੱਗੇ ਤੋਰੀ।

"ਬੱਸ ਜੀ, ਅਸੀਂ ਵੀ ਠੀਕ ਈ ਹਾਂ। ਮੇਰੇ ਹਸਬੈਂਡ ਦਾ ਨਾਂ ਕੁਲਦੀਪ ਏ ਤੇ ਅਸੀਂ ਫ਼ਰਿਜ਼ਨੋ ਰਹਿਨੇ ਆਂ। ਏਥੇ ਸਾਡੀ ਆਪਣੀ ਟਰੱਕਿੰਗ ਕੰਪਨੀ ਏ। ਹਸਬੈਂਡ ਫੀਲਡ ਦਾ ਕੰਮ ਦੇਖਦੇ ਨੇ ਅਤੇ ਮੈਂ ਦਫ਼ਤਰ ਸੰਭਾਲ਼ਦੀ ਹਾਂ। ਸਾਡੇ ਦੋ ਬੱਚੇ ਨੇ, ਬੇਟਾ ਬੇਟੀ। ਮੈਂ ਸੁਣਿਆ, ਤੁਸੀਂ ਪਹਿਲਾਂ ਹਾਈਵੇ 'ਤੇ ਟਰੱਕ ਚਲਾਉਂਦੇ ਸੀ। ਇਸ ਹਿਸਾਬ ਨਾਲ਼ ਤਾਂ ਤੁਸੀਂ ਸਾਡੇ ਨੇੜਿਉਂ ਦੀ ਲੰਘਦੇ ਰਹੇ। ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਜ਼ਰੂਰ ਤੁਹਾਨੂੰ ਆਉਂਦਿਆਂ-ਜਾਂਦਿਆਂ ਨੂੰ ਚਾਹ-ਪਾਣੀ ਪਿਲਾ ਕੇ ਤੋਰਿਆ ਕਰਨਾ ਸੀ," ਸੁਕੀਰਤ ਨੇ ਹੱਸਦਿਆਂ ਕਿਹਾ।

"ਹਾਂ ਸੁਕੀਰਤ ਜੀ, ਪਤਾ ਹੀ ਹੁਣ ਲੱਗਿਆ। ਸੱਟ ਨਾ ਲਗਦੀ ਤਾਂ ਹਰਪ੍ਰੀਤ ਨੇ ਵੀ ਕਿੱਥੇ ਮਿਲਣਾ ਸੀ। ਸੱਟ ਦੀ ਵਜ੍ਹਾ ਨਾਲ਼ ਹੀ ਸਹੀ, ਜਾਣ-ਪਛਾਣ ਵਾਲ਼ੇ ਕੁੱਝ ਬੰਦੇ ਤਾਂ ਟੱਕਰ ਈ ਗਏ," ਰਣਜੀਤ ਨੇ ਹਉਕਾ ਜਿਹਾ ਭਰ ਕੇ ਕਿਹਾ।

"ਹਾਂ ਜੀ, ਪੰਜ-ਛੇ ਦਿਨ ਪਹਿਲਾਂ ਜਦੋਂ ਹਰਪ੍ਰੀਤ ਨੇ ਤੁਹਾਡੇ ਬਾਰੇ ਦੱਸਿਆ ਤਾਂ ਮੇਰਾ ਓਦਣ ਹੀ ਦਿਲ ਕਰੇ ਤੁਹਾਨੂੰ ਫ਼ੋਨ ਕਰਨ ਨੂੰ। ਫਿਰ ਮੈਂ ਸੋਚਿਆ ਕਿ ਛੱਡੋ ਪਰ੍ਹਾਂ, ਤੁਸੀਂ ਕਿਹੜਾ ਮੈਨੂੰ ਜਾਣਦੇ ਹੋਣੇ ਆਂ। ਤੁਹਾਡੀ ਨਜ਼ਰ ਤਾਂ ਮਹਾਂਭਾਰਤ ਵਾਲ਼ੇ ਅਰਜਨ ਦੀ ਨਜ਼ਰ ਵਾਂਗ ਸਿੱਧੀ ਹਰਪ੍ਰੀਤ 'ਤੇ ਹੀ ਰਹਿੰਦੀ ਸੀ," ਸੁਕੀਰਤ ਨੇ ਮਸ਼ਕਰੀ ਜਿਹੀ ਕੀਤੀ। ਜੁਆਬ ਵਿੱਚ ਰਣਜੀਤ ਹੱਸ ਕੇ ਕਹਿਣ ਲੱਗਿਆ," ਅੱਛਾ, ਅੱਜ ਫਿਰ ਕਿੱਦਾਂ ਕਰ ਲਿਆ ਫ਼ੋਨ?"

"ਤੁਸੀਂ ਕਿਤੇ ਹਰਪ੍ਰੀਤ ਤੋਂ ਮੇਰੇ ਬਾਰੇ ਪੁੱਛਿਆ ਹੋਊ। ਮੈਨੂੰ ਤਾਂ ਇਹ ਸੁਣ ਕੇ ਚਾਅ ਈ ਬੜਾ ਚੜ੍ਹਿਆ। ਸੋਚਿਆ, ਭਾਈ ਸਾਡੀ ਵੀ ਪੁੱਛ-ਗਿੱਛ ਹੋਈ ਐ ਕਿਤੇ," ਸੁਕੀਰਤ ਦੇ ਕਹਿਣ ਵਿੱਚੋਂ ਮਖ਼ੌਲ ਡੁੱਲ੍ਹ-ਡੁੱਲ੍ਹ ਪੈ ਰਿਹਾ ਸੀ।

"ਹਾਂਜੀ ਅਤੀਤ ਵਿੱਚ ਝਾਤ ਮਾਰੀ ਤਾਂ ਤੁਸੀਂ ਵੀ ਮੈਨੂੰ ਹਰਪ੍ਰੀਤ ਦੇ ਨਾਲ ਤੁਰੇ ਫਿਰਦੇ ਨਜ਼ਰ ਆਏ। ਮੈਂ ਇਸੇ ਵਜ੍ਹਾ ਨਾਲ਼ ਹਰਪ੍ਰੀਤ ਤੋਂ ਤੁਹਾਡੇ ਬਾਰੇ ਪੁੱਛਿਆ ਸੀ," ਰਣਜੀਤ ਨੇ ਕਿਹਾ।

"ਬਿਲਕੁਲ ਸਹੀ, ਜੇ ਮੈਂ ਹਰਪ੍ਰੀਤ ਦੀ ਸਹੇਲੀ ਨਾ ਹੁੰਦੀ ਤਾਂ ਤੁਸੀਂ ਮੈਨੂੰ ਕਦੋਂ ਚੇਤੇ ਰੱਖਣਾ ਸੀ! ਮੈਂ ਤਾਂ ਹਰਪ੍ਰੀਤ ਨੂੰ ਉਦੋਂ ਈ ਕਹਿ ਦਿੱਤਾ ਸੀ ਪਈ ਇਹ ਮੁੰਡਾ ਥਾਂ-ਥਾਂ ਮੂੰਹ ਮਾਰਨ ਵਾਲਾ ਨਹੀਂ ਲੱਗਦਾ। ਪਰ, ਹਰਪ੍ਰੀਤ ਦਾ ਸੁਭਾਅ ਕੁੱਝ ਹੋਰ ਈ ਤਰ੍ਹਾਂ ਦਾ ਏ," ਸੁਕੀਰਤ ਨੇ ਪੁਰਾਣੇ ਵੇਲ਼ੇ ਯਾਦ ਕਰਦਿਆਂ ਕਿਹਾ।

"ਹਾਂ, ਉਹ ਸ਼ਾਇਦ ਮੈਨੂੰ ਪਿਆਰ ਨਹੀਂ ਕਰਦੀ ਸੀ ਸੁਕੀਰਤ। ਇਸੇ ਲਈ ਉਸ ਨੇ ਮੈਨੂੰ ਬਹੁਤਾ ਮੂੰਹ ਨਹੀਂ ਲਾਇਆ," ਰਣਜੀਤ ਨੇ ਦਿਲ ਦੀ ਗੱਲ ਕਹਿ ਦਿੱਤੀ।

"ਉਹ ਤੁਹਾਨੂੰ ਹੀ ਨਹੀਂ, ਕਿਸੇ ਨੂੰ ਵੀ ਪਿਆਰ ਨਹੀਂ ਕਰਦੀ ਸੀ। ਜਾਂ ਇਹ ਕਹਿ ਲਓ ਕਿ ਉਸ ਨੂੰ ਪਿਆਰ ਕਰਨਾ ਆਉਂਦਾ ਈ ਨਹੀਂ। ਰੱਬ ਨੇ ਸੂਰਤ ਤਾਂ ਸੋਹਣੀ ਦੇ ਦਿੱਤੀ, ਪਰ ਦਿਲ ਵਿੱਚ ਕੋਮਲ ਅਹਿਸਾਸ ਪਾਉਣੇ ਭੁੱਲ ਗਿਆ," ਸੁਕੀਰਤ ਨੇ ਆਪਣੀ ਸਹੇਲੀ ਦੇ ਸੁਭਾਅ ਦੀ ਸਮੀਖਿਆ ਕੀਤੀ।

"ਉਸ ਨੂੰ ਪਿਆਰ ਕਰਨਾ ਆਉਂਦਾ ਹੀ ਨਹੀਂ? ਇਹ ਕੀ ਗੱਲ ਹੋਈ ਭਲਾ? ਇਸ ਬਾਰੇ ਜ਼ਰਾ ਖੋਲ੍ਹ ਕੇ ਦੱਸੋ ਸੁਕੀਰਤ ਜੀ। ਉਸ ਨੂੰ ਕਦੇ ਵੀ ਕੋਈ ਚੰਗਾ ਲੱਗਿਆ ਈ ਨਾ ਹੋਵੇ, ਇਹ ਕਿੱਦਾਂ ਹੋ ਸਕਦੈ?" ਰਣਜੀਤ ਦੀ ਉਤਸੁਕਤਾ ਅਸਮਾਨ ਤੇ ਪਹੁੰਚ ਗਈ ਸੀ।

"ਓਦਾਂ ਤਾਂ ਉਹ ਮੇਰੀ ਬਹੁਤ ਪੱਕੀ ਸਹੇਲੀ ਸੀ, ਪਰ ਉਹ ਹਮੇਸ਼ਾ ਹਰ ਇਨਸਾਨ ਨੂੰ ਉਸ ਦੇ ਕਿਰਦਾਰ ਤੋਂ ਨਹੀਂ, ਸਟੇਟਸ ਤੋਂ ਹੀ ਮਾਪਦੀ ਸੀ। ਛੱਡੋ ਪਰ੍ਹਾਂ, ਆਪਾਂ ਤਾਂ ਐਵੇਂ ਚੁਗ਼ਲੀਆਂ ਜਿਹੀਆਂ 'ਚ ਪੈ ਗਏ। ਚਲੋ, ਉਹ ਭਾਵੇਂ ਤੁਹਾਨੂੰ ਪਿਆਰ ਨਹੀਂ ਕਰਦੀ ਸੀ, ਤੁਸੀਂ ਤਾਂ ਕਰਦੇ ਸੀ ਨਾ! ਇਸ ਲਈ ਨੋ ਮੋਰ ਨੈਗਟਿਵ ਟਾਕ ਅਬਾਊਟ ਹਰ," ਸੁਕੀਰਤ ਨੇ ਹੱਸ ਕੇ ਗੱਲ ਨਿਬੇੜੀ।

ਸੁਕੀਰਤ ਦਾ ਇਹ ਚੁਲਬੁਲਾਪਨ ਰਣਜੀਤ ਨੂੰ ਚੰਗਾ ਲੱਗਿਆ। ਉਸ ਨੇ ਮਹਿਸੂਸ ਕੀਤਾ ਕਿ ਇਹੋ ਜਿਹੀ ਕੁੜੀ ਜਿੰਨੀਆਂ ਮਰਜ਼ੀ ਤਲਖ਼ ਗੱਲਾਂ ਕਹਿ ਦੇਵੇ, ਸੁਣ ਕੇ ਕਿਸੇ ਨੂੰ ਗੁੱਸਾ ਨਹੀਂ ਆ ਸਕਦਾ। ਉਸ ਦਾ ਗੱਲ ਕਰਨ ਦਾ ਅੰਦਾਜ਼ ਹੀ ਇਹੋ ਜਿਹਾ ਸੀ।

"ਨੋ-ਨੋ ਸੁਕੀਰਤ, ਆਈ ਵਾਂਟ ਟੂ ਨੋ ਐਵਰੀਥਿੰਗ। ਅਸਲ ਵਿੱਚ ਮੈਂ ਆਪਣੇ ਮਨ ਤੋਂ ਬਹੁਤ ਸਾਰਾ ਬੋਝ ਲਾਹ ਦੇਣਾ ਚਾਹੁੰਨਾ। ਜਦੋਂ ਮੈਂ ਹਰਪ੍ਰੀਤ ਤੋਂ ਇਸ ਬਾਰੇ ਪੁੱਛਿਆ ਤਾਂ ਉਹ ਗੱਲ ਈ ਗੋਲ਼ ਕਰ ਗਈ। ਪਲੀਜ਼, ਮੈਨੂੰ ਡਿਟੇਲ 'ਚ ਦੱਸ। ਨਾਲ਼ੇ ਸੱਚ ਬੋਲਣਾ ਚੁਗ਼ਲੀ ਕਰਨਾ ਨਹੀਂ ਹੁੰਦਾ," ਰਣਜੀਤ ਨੇ ਤਰਲਾ ਜਿਹਾ ਲਿਆ।

"ਬਹੁਤਾ ਕੁਛ ਨਹੀਂ ਏ ਦੱਸਣ ਨੂੰ। ਹਰਪ੍ਰੀਤ ਹਮੇਸ਼ਾ ਮੋਟੀਆਂ 'ਸਾਮੀਆਂ ਹੀ ਭਾਲ਼ਦੀ ਹੁੰਦੀ ਸੀ। ਉਹ ਪੜ੍ਹਨ ਵਿੱਚ ਵੀ ਤਾਂ ਠੀਕ-ਠਾਕ ਈ ਸੀ। ਪਤਾ ਨਹੀਂ ਕਿਉਂ, ਪਿਆਰ ਵਰਗਾ ਅਹਿਸਾਸ ਉਸ ਦੇ ਅੰਦਰ ਹੈ ਈ ਨਹੀਂ ਸੀ। ਤੁਹਾਨੂੰ ਯਾਦ ਹੋਊਗਾ, ਜਦੋਂ ਪਹਿਲੇ ਕੁੱਝ ਦਿਨ ਤੁਸੀਂ ਉਸ ਦੇ ਮਗਰ ਆਏ ਤਾਂ ਉਸ ਨੇ ਝੱਟ ਤੁਹਾਡੇ ਪਿੰਡ ਦੀ ਕੁੜੀ ਰਾਣੋ ਤੋਂ ਤੁਹਾਡੇ ਖ਼ਾਨਦਾਨ ਤੇ ਜਾਇਦਾਦ ਦਾ ਪਤਾ ਕਰਵਾ ਲਿਆ ਸੀ। ਉਸ ਨੂੰ ਪਤਾ ਸੀ ਕਿ ਤੁਹਾਡਾ ਪਰਿਵਾਰ ਮਸਾਂ ਦੋ ਜੀਆਂ ਦਾ ਏ ਤੇ ਉਸ ਵਿੱਚ ਤੁਸੀਂ ਤੇ ਤੁਹਾਡੀ ਮਾਂ ਹੀ ਹੋ। ਦਸ ਕਿੱਲੇ ਜ਼ਮੀਨ ਦੇ ਠੇਕੇ ਨਾਲ਼ ਤੁਸੀਂ ਆਪਣਾ ਪਰਿਵਾਰ ਚਲਾ ਰਹੇ ਹੋ। ਹਰਪ੍ਰੀਤ ਦੀ ਭੁੱਖ ਵੱਡੀ ਸੀ ਤੇ ਉਹ ਨੂੰ ਕਿਸੇ ਰਜਵਾੜੇ ਦੀ ਭਾਲ਼ ਸੀ। ਤਾਹੀਓਂ ਤਾਂ ਕੈਨੇਡਾ ਵਾਲ਼ੇ ਰਿਸ਼ਤੇ 'ਤੇ ਝੱਟ ਡੁੱਲ੍ਹ ਗਈ। ਹੁਣ ਦੇਖ ਲਓ, ਰੱਬ ਨੇ ਉਸ ਨੂੰ ਉੱਥੇ ਲਿਆ ਕੇ ਸੁੱਟਿਆ, ਜਿੱਥੋਂ ਮੁੜ ਕੇ ਉਹ ਆਪਣੇ ਮਾਪਿਆਂ ਦਾ ਦੁੱਖ-ਸੁੱਖ ਜਾਨਣ ਜੋਗੀ ਵੀ ਨਾ ਰਹੀ। ਬਹੁਤ ਬੁਰੇ ਹਾਲਾਤ 'ਚੋਂ ਲੰਘੀ ਹੈ ਉਹ। ਹਾਲੇ ਵੀ ਉਸ ਨੇ ਆਪਣਾ ਸੁਭਾਅ ਨਹੀਂ ਬਦਲਿਆ। ਹਾਲੇ ਵੀ ਉਹ ਬੰਦੇ ਦੇ ਗੁਣਾਂ ਦੀ ਥਾਂ, ਉਸ ਦੇ ਸਟੇਟਸ ਦਾ ਹੀ ਗੁਣਗਾਨ ਕਰਨ ਬਹਿ ਜਾਂਦੀ ਏ। ਸ਼ਾਇਦ ਮੁਹੱਬਤ ਦੀ ਅਦੁੱਤੀ ਦਾਤ ਹਰ ਕਿਸੇ ਨੂੰ ਨਹੀਂ ਮਿਲ਼ਦੀ। ਉਹ ਮੁਹੱਬਤ ਤੋਂ ਸੱਖਣੀ ਹੈ ਤੇ ਸ਼ਾਇਦ ਸੱਖਣੀ ਹੀ ਰਹੇਗੀ," ਸੁਕੀਰਤ ਨੇ ਇੱਕੋ ਸਾਹ 'ਚ ਹੀ ਹਰਪ੍ਰੀਤ ਦੇ ਕਿਰਦਾਰ ਦਾ ਸਾਰਾ ਕੱਚਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ।

"ਤੁਸੀਂ ਸਹੀ ਕਿਹੈ ਸੁਕੀਰਤ। ਹੁਣ ਵੀ ਤਾਂ ਉਹ ਪੈਟ੍ਰੋਲ ਦੇ ਇਕ-ਦੋ ਡਾਲਰ ਬਚਾਉਣ ਖ਼ਾਤਰ ਮੈਨੂੰ ਛੱਡ ਕੇ ਚਲੇ ਗਈ। ਅਖੇ 'ਆਪਣੇ ਘਰ ਦੇ ਨੇੜੇ ਪੇਸ਼ੈਂਟ ਲੱਭ ਗਿਐ'," ਰਣਜੀਤ ਨੇ ਹਉਕਾ ਜਿਹਾ ਲੈ ਕੇ ਕਿਹਾ।

"ਰਣਜੀਤ, ਤੁਹਾਨੂੰ ਫ਼ੋਨ ਕਰਨ ਤੋਂ ਪਹਿਲਾਂ, ਮੈਂ ਉਸ ਨਾਲ਼ ਈ ਫ਼ੋਨ 'ਤੇ ਸੀ। ਮੈਨੂੰ ਕਹਿ ਰਹੀ ਸੀ ਕਿ ਤੁਸੀਂ ਉਸ ਨੂੰ ਵਾਰ-ਵਾਰ ਫ਼ੋਨ ਕਰ ਰਹੇ ਹੋ, ਜਦੋਂ ਕਿ ਉਸ ਨੇ ਕੋਈ ਹੋਰ ਪੇਸ਼ੈਂਟ ਲੈ ਲਿਆ ਏ। ਮੈਂ ਉਸ ਨੂੰ ਬਥੇਰਾ ਸਮਝਾਇਆ ਕਿ

ਤੈਨੂੰ ਰਣਜੀਤ ਨਹੀਂ ਛੱਡਣਾ ਚਾਹੀਦਾ ਸੀ। ਪੰਜ-ਦਸ ਮਿੰਟ ਦੇ ਫ਼ਾਸਲੇ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਪਰ ਉਹ ਤਾਂ ਫਿਰ 'ਹਰਪ੍ਰੀਤ' ਏ ਨਾ ? ਮੈਂ ਉਸ ਕੋਲ਼ੋਂ ਹੀ ਨੰਬਰ ਲੈ ਕੇ ਅੱਜ ਤੁਹਾਨੂੰ ਫ਼ੋਨ ਕੀਤੈ। ਮੈਂ 'ਸਾਬ ਲਾ ਲਿਆ ਸੀ ਪਈ ਤੁਸੀਂ ਅੱਜ ਬਹੁਤ ਈ ਡਿਸਟਰਬਡ ਹੋਵੋਂਗੇ। ਮੈਂ ਤਾਂ ਤੁਹਾਨੂੰ ਇਹੋ ਈ ਸਲਾਹ ਦਊਂਗੀ ਰਣਜੀਤ ਕਿ ਤੁਸੀਂ ਉਸ ਦਾ ਖਹਿੜਾ ਛੱਡ ਕੇ ਜਿਹੜੀ ਵੀ ਨਰਸ ਆਉਂਦੀ ਏ, ਓਸੇ ਤੋਂ ਨਰਸਿੰਗ ਕਰਾ ਲਓ ਅਤੇ ਆਪਣੇ ਘਰ ਖ਼ੁਸ਼ ਰਹੋ, "ਸੁਕੀਰਤ ਨੇ ਆਪਣੇ ਵੱਲੋਂ ਗੱਲ ਮੁਕਾਈ।

"ਮੈਂ ਜਾਣਦਾਂ ਸੁਕੀਰਤ ਕਿ ਮੇਰਾ ਸਰੀਰ ਨਕਾਰਾ ਹੋ ਚੁੱਕਿਐ। ਇਸ ਲਈ ਮੈਂ ਕਿਸੇ ਔਰਤ ਨਾਲ਼ ਕੋਈ ਰਿਲੇਸ਼ਨ ਬਣਾਉਣ ਬਾਰੇ ਤਾਂ ਸੋਚ ਵੀ ਨਹੀਂ ਸਕਦਾ। ਉਸ ਨਾਲ਼ ਪੁਰਾਣੇ ਵੇਲ਼ੇ ਦੀ ਅਟੈਚਮੈਂਟ ਜਿਹੀ ਸੀ, ਜਿਸ ਕਰ ਕੇ ਉਹ ਜਦੋਂ ਘਰ ਆਉਂਦੀ ਸੀ, ਤਾਂ ਚੰਗਾ ਲਗਦਾ ਸੀ। ਬੱਸ ਆਲੇ-ਦੁਆਲੇ ਕੋਈ ਆਪਣਾ ਤੁਰਿਆ-ਫਿਰਦਾ ਲੱਗਦਾ ਸੀ। ਪਰ ਪੱਥਰ-ਦਿਲਾਂ ਨੂੰ ਹੁਣ ਕੋਈ ਕੀ ਸਮਝਾਏ ? ਚਲੋ, ਰਾਜ਼ੀ-ਬਾਜ਼ੀ ਰਹੇ ਆਪਣੇ ਘਰ," ਰਣਜੀਤ ਨੇ ਅੰਦਰੋਂ ਇੱਕ ਭਰਵਾਂ ਸਾਹ ਛੱਡਦਿਆਂ ਕਿਹਾ।

"ਜ਼ਿੰਦਗੀ ਕੁੱਝ ਇਸ ਤਰ੍ਹਾਂ ਹੀ ਏ ਰਣਜੀਤ। ਤੁਸੀਂ ਉਹ ਗੀਤ ਤਾਂ ਸੁਣਿਆ ਈ ਹੋਣੈ,

***'ਕਭੀ ਕਿਸੀ ਕੋ ਮੁਕੰਮਲ ਜਹਾਂ ਨਹੀਂ ਮਿਲਤਾ,***
***ਕਿਸੀ ਕੋ ਜ਼ਮੀਂ, ਕਿਸੀ ਕੋ ਆਸਮਾਂ ਨਹੀਂ ਮਿਲਤਾ'***

ਸੋ, ਜ਼ਰੂਰੀ ਨਹੀਂ ਕਿ ਤੁਸੀਂ ਜਿਸ ਨੂੰ ਪਿਆਰ ਕਰਦੇ ਹੋ, ਉਹ ਤੁਹਾਨੂੰ ਮਿਲ਼ ਜਾਵੇ," ਸੁਕੀਰਤ ਨੇ ਹੌਸਲਾ ਦਿੰਦਿਆਂ ਕਿਹਾ।

"ਤੁਸੀਂ ਬਿਲਕੁਲ ਸਹੀ ਕਿਹਾ ਸੁਕੀਰਤ," ਰਣਜੀਤ ਨੇ ਹੁੰਗਾਰਾ ਭਰਿਆ।

"ਇਸ ਦੁਨੀਆ 'ਚ ਕੋਈ ਵਿਰਲਾ-ਟਾਵਾਂ ਪਿਆਰ ਈ ਪਰਵਾਨ ਚੜ੍ਹਦਾ ਏ। ਬਹੁਤੇ ਇੱਕਪਾਸੜ ਪਿਆਰ ਸਦਾ ਲਈ ਸੂਲ਼ ਬਣ ਕੇ ਦਿਲ 'ਚ ਲਹਿ ਜਾਂਦੇ ਨੇ। ਬਹੁਤੇ ਆਸ਼ਕਾਂ ਦੇ ਮੁਕੱਦਰ ਵਿੱਚ ਉਦਾਸੀ ਦੇ ਗਹਿਣੇ ਪਹਿਨਣੇ ਹੀ ਲਿਖੇ ਹੁੰਦੇ ਨੇ। ਤੁਸੀਂ ਵੀ ਤਾਂ ਹਰਪ੍ਰੀਤ ਨੂੰ ਪਿਆਰ ਕਰਦੇ ਸੀ। ਹੁਣ ਕੀ ਪਤਾ ਕੋਈ ਤੁਹਾਨੂੰ ਉਸ ਤੋਂ ਵੀ ਵੱਧ ਪਿਆਰ ਕਰਦਾ ਹੋਵੇ। ਲਵ-ਟਰੈਂਗਲਜ਼ ਤਾਂ ਦੁਨੀਆ 'ਚ ਬਹੁਤ ਨੇ, ਤੇ ਰਹਿਣਗੇ ਵੀ," ਸੁਕੀਰਤ ਨੇ ਕਿਸੇ ਦਾਰਸ਼ਨਿਕ ਵਾਂਗ ਕਿਹਾ।

"ਨਹੀਂ ਸੁਕੀਰਤ, ਮੈਂ ਇਸ ਪੱਖੋਂ ਹਮੇਸ਼ਾ ਮੁਫ਼ਲਿਸ ਹੀ ਰਿਹਾਂ। ਛੋਟੀ ਉਮਰੇ ਬਾਪ ਦਾ ਹੱਥ ਸਿਰੋਂ ਉੱਠ ਗਿਆ, ਮਾਂ ਨੇ ਬੜੇ ਹੀ ਦਹਿਰਮਾਂ ਨਾਲ਼ ਪਾਲ਼ਿਆ। ਫਿਰ ਪਹਿਲੀ ਵਾਰੀ ਹਰਪ੍ਰੀਤ ਲਈ ਦਿਲ ਵਿੱਚ ਉਮੰਗਾਂ ਨੇ ਜਨਮ ਲਿਆ। ਬੜੇ ਚਾਵਾਂ ਨਾਲ਼ ਪ੍ਰੀਤਾਂ ਦਾ ਮਹਿਲ ਉਸਾਰਿਆ ਤੇ ਉਸ ਵਿੱਚ ਬੜੀਆਂ ਰੀਝਾਂ ਸਜਾਈਆਂ,

ਪਰ ਸਭ ਕੁਛ ਢਹਿ ਢੇਰੀ ਹੋ ਗਿਆ। ਹੁਣ ਦੇਖ ਲਾ, ਹਰਪ੍ਰੀਤ ਦੁਬਾਰਾ ਮਿਲ਼ ਕੇ ਇੱਕ ਚੰਗੀ ਦੋਸਤ ਵੀ ਨਾ ਬਣ ਸਕੀ। ਮੈਨੂੰ ਬਹਾਦਰ ਸ਼ਾਹ ਜ਼ਫ਼ਰ ਦੀਆਂ ਉਹ ਸਤਰਾਂ ਰਹਿ-ਰਹਿ ਕੇ ਯਾਦ ਆਉਂਦੀਆਂ ਨੇ। ਅਖੇ,'

*ਨਾ ਕਿਸੀ ਕੀ ਆਂਖ ਕਾ ਨੂਰ ਹੂੰ ,*
*ਨਾ ਕਿਸੀ ਕੇ ਦਿਲ ਕਾ ਕਰਾਰ ਹੂੰ*
*ਜੋ ਕਿਸੀ ਕੇ ਕਾਮ ਨਾ ਆ ਸਕਾ,*
*ਮੈਂ ਵੋ ਏਕ ਮੁਸ਼ਤਿ-ਗ਼ੁਬਾਰ ਹੂੰ,"*

ਇਹ ਕਹਿੰਦਿਆਂ-ਕਹਿੰਦਿਆਂ ਰਣਜੀਤ ਦਾ ਗਲ਼ ਭਰ ਆਇਆ।

"ਵਾਹ! ਤੁਸੀਂ ਤਾਂ ਬਹੁਤ ਸੋਹਣੀ ਸ਼ਾਇਰੀ ਵੀ ਕਰ ਲੈਂਦੇ ਓ ਰਣਜੀਤ!! ਤੁਹਾਡਾ ਦਿਲ ਤਾਂ ਬਹੁਤ ਈ ਮਲੂਕੜਾ ਜਿਹਾ ਏ। ਤੁਸੀਂ ਲਿਖਿਆ ਕਰੋ, ਸੁਣਿਆ ਕਰੋ, ਸ਼ਾਇਰੀ ਕਰਿਆ ਕਰੋ, ਜ਼ਿੰਦਗੀ ਬਦਲ ਜਾਊਗੀ। ਇਕ ਮਕਸਦ ਮਿਲ਼ ਜਾਊਗਾ ਜ਼ਿੰਦਗੀ ਨੂੰ। ਓਦਾਂ ਵੀ ਪਿਆਰ ਅਤੇ ਕਰੁਣਾ ਤੋਂ ਬਿਨਾਂ ਤੁਸੀਂ ਹੋਰ ਕੁੱਝ ਵੀ ਬਣ ਸਕਦੇ ਹੋਵੋਂ, ਸ਼ਾਇਰ ਨਹੀਂ ਬਣ ਸਕਦੇ। ਇਹ ਬਿਲਕੁਲ ਨਾ ਸੋਚਿਓ ਕਿ ਮੈਨੂੰ ਕੋਈ ਪਿਆਰ ਨਹੀਂ ਕਰਦਾ। ਤੁਹਾਡੀ ਨਜ਼ਰ ਈ ਹਰਪ੍ਰੀਤ ਤੋਂ ਅੱਗੇ ਕਿਸੇ ਨੂੰ ਦੇਖ ਨਹੀਂ ਸਕੀ। ਰਣਜੀਤ ਆਪਾਂ ਫਿਰ ਗੱਲ ਕਰਾਂਗੇ, ਬਾਏ," ਸੁਕੀਰਤ ਕਾਹਲ਼ੀ ਨਾਲ਼ ਫ਼ੋਨ ਕੱਟ ਗਈ। ਲੱਗਦਾ ਸੀ, ਉਹ ਆਪਣੇ ਹੀ ਸ਼ਬਦਾਂ ਤੋਂ ਝੇਂਪ ਗਈ ਸੀ।

ਰਣਜੀਤ ਨੂੰ ਸੁਕੀਰਤ ਵੱਲੋਂ ਫ਼ੋਨ ਕੱਟਣ ਤੋਂ ਪਹਿਲਾਂ ਬੋਲੇ ਹੋਏ ਬੋਲਾਂ ਨੇ ਹਲਕਾ ਜਿਹਾ ਸਰੂਰ ਵੀ ਦਿੱਤਾ ਤੇ ਉਸ ਨੂੰ ਹੈਰਾਨ ਵੀ ਕਰ ਦਿੱਤਾ। ਕੀ ਸੱਚੀਂ ਕੋਈ ਹੋਰ ਵੀ ਉਸ ਨੂੰ ਪਿਆਰ ਕਰਦਾ ਸੀ? ਕੀ ਸੱਚੀਂ ਉਹ ਹਰਪ੍ਰੀਤ ਤੋਂ ਅੱਗੇ ਦੇਖ ਹੀ ਨਹੀਂ ਸਕਿਆ? ਸੁਕੀਰਤ ਆਪਣੀ ਹੀ ਗੱਲ ਕਰ ਰਹੀ ਸੀ ਜਾਂ ਕਿਸੇ ਹੋਰ ਦੀ? ਬਹੁਤ ਸਾਰੇ ਖ਼ਿਆਲ, ਉਸ ਦੇ ਜ਼ਿਹਨ ਵਿੱਚ ਉੱਪਰੋਥਲ਼ੀ ਉੱਭਰ ਰਹੇ ਸਨ। ਸੱਚ-ਮੁੱਚ ਇਨਸਾਨ ਸਾਰਾ ਜ਼ੋਰ, ਆਪਣੇ ਮਨ-ਪਸੰਦ ਦੇ ਰਿਸ਼ਤੇ ਬਣਾਉਣ ਵਿੱਚ ਹੀ ਲਾ ਦਿੰਦੈ। ਹੋਰਨਾਂ ਵੱਲ ਉਹ ਕਦੇ ਅੱਖ ਪੁੱਟ ਕੇ ਵੀ ਨਹੀਂ ਦੇਖਦਾ। ਏਦਾਂ ਸੋਚਦਾ-ਸੋਚਦਾ, ਰਣਜੀਤ ਮਨੋ-ਮਨੀਂ ਆਪਣੇ ਨਾਨਕੀਂ ਚਲਿਆ ਗਿਆ।

ਇਹ ਉਨ੍ਹਾਂ ਦਿਨਾਂ ਦਾ ਦ੍ਰਿਸ਼ ਸੀ ਜਦੋਂ ਉਹ ਐਮ. ਏ. ਵਿੱਚ ਪੜ੍ਹਦਾ ਸੀ ਅਤੇ ਹਰਪ੍ਰੀਤ ਦੇ ਪਿੱਛੇ ਜੁੱਤੀਆਂ ਘਸਾ ਰਿਹਾ ਸੀ। ਕਾਲਜ ਵਿੱਚ ਜਦੋਂ ਵੀ ਛੁੱਟੀਆਂ ਹੁੰਦੀਆਂ, ਉਹ ਜਲੰਧਰ ਨੇੜੇ ਪੈਂਦੇ ਆਪਣੇ ਨਾਨਕੇ ਪਿੰਡ ਚੱਕ ਖ਼ੁਰਦ ਚਲਿਆ ਜਾਂਦਾ। ਉਹ, ਐਤਕੀਂ ਫਿਰ ਪੰਜ ਛੁੱਟੀਆਂ ਹੋਣ 'ਤੇ ਨਾਨਕੀਂ ਗਿਆ ਹੋਇਆ ਸੀ। ਸਿਆਲ਼ਾਂ ਦੇ ਦਿਨੀਂ ਜੱਟਾਂ ਨੂੰ ਕੋਈ ਬਹੁਤਾ ਕੰਮ-ਕਾਰ ਨਾ ਹੋਣ ਕਰ ਕੇ, ਉਹ ਅਕਸਰ ਹੀ ਆਪਣੇ ਕੋਠਿਆਂ ਉੱਤੇ, ਧੁੱਪ ਸੇਕਣ ਬਹਿ ਜਾਂਦੇ ਹਨ ਅਤੇ

ਰੋਟੀ ਪਾਣੀ ਵੀ ਉੱਥੇ ਹੀ ਛਕ ਲੈਂਦੇ ਹਨ। ਉਸ ਦਿਨ ਸ਼ਾਇਦ ਐਤਵਾਰ ਸੀ। ਰਣਜੀਤ ਅਤੇ ਉਸ ਦੇ ਮਾਮੇ ਦਾ ਮੁੰਡਾ ਗੇਜਾ, ਕੋਠੇ 'ਤੇ ਬੈਠੇ ਧੁੱਪ ਸੇਕ ਰਹੇ ਸਨ। ਗੇਜਾ ਉਸ ਤੋਂ ਚਾਰ ਕੁ ਸਾਲ ਵੱਡਾ ਸੀ ਤੇ ਖੇਤੀ ਕਰਦਾ ਸੀ। ਸਾਹਮਣੇ ਵਾਲ਼ੇ ਘਰ ਦੀ ਛੱਤ 'ਤੇ ਇੱਕ ਕੁੜੀ ਕੱਪੜੇ ਸੁੱਕਣੇ ਪਾ ਰਹੀ ਸੀ। ਉਸ ਨੂੰ ਦੇਖ ਕੇ ਗੇਜੇ ਨੇ ਰਣਜੀਤ ਨੂੰ ਟਿੱਚਰ ਜਿਹੀ ਕੀਤੀ, "ਰਣਜੀਤ ਸਿਹਾਂ, ਤੂੰ ਤਾਂ ਸਾਡੀ ਆਹ ਗੁਆਂਢਣ ਪਾਗਲ ਕਰਨੀ ਲਈ ਹੋਈ ਆ। ਪਰਸੋਂ ਦਾ ਇੱਕੋ ਈ ਸੂਟ ਧੋ-ਧੋ ਕੇ ਸੁੱਕਣਾ ਪਾਈ ਜਾ ਰਹੀ ਆ। ਮੈਨੂੰ ਤਾਂ ਲੱਗਦੈ ਉਹ ਤੈਨੂੰ ਦੇਖਣ ਦੇ ਪੱਜ ਈ ਕੋਠੇ 'ਤੇ ਆਉਂਦੀ ਏ। ਏਸ ਵਿਚਾਰੀ ਨੇ ਤਾਂ ਆਪਣੇ ਨਾਲ਼ ਈ ਸੂਟ ਵੀ ਭੇਂ-ਭੇਂ ਕੇ ਕਮਲ਼ਾ ਕੀਤਾ ਹੋਇਆ ਯਾਰ।"

"ਇਹ ਕੌਣ ਐ ਭਾਜੀ? ਮੈਂ ਤਾਂ ਇਸ ਨੂੰ ਜਾਣਦਾ ਨਹੀਂ। ਨਾਲ਼ੇ ਇਹ ਕੀ ਪਤਾ ਪਈ ਉਹ ਸੂਟ ਮੇਰੇ ਲਈ ਸੁੱਕਣਾ ਪਾਉਂਦੀ ਐ ਜਾਂ ਤੁਹਾਡੇ ਲਈ," ਰਣਜੀਤ ਨੇ ਵੀ ਉੱਨੀਂ ਦੇ ਇੱਕੀ ਪਾ ਦਿੱਤੇ।

"ਓਏ ਕਮਲ਼ਿਆ, ਮੈਂ ਤਾਂ ਰੋਜ ਈ ਕੋਠੇ 'ਤੇ ਹੁੰਨਾਂ। ਪਹਿਲਾਂ ਤਾਂ ਇਹ ਨੇ ਕਦੇ ਏਦਾਂ ਨਹੀਂ ਕੀਤਾ। ਇਹ ਦਾ ਨਾਂ ਰਾਜੀ ਏ ਅਤੇ ਇਹ ਵੀ ਜਲੰਧਰ ਐੱਚ. ਐੱਮ. ਵੀ. ਕਾਲਜ ਵਿੱਚ ਹੀ ਪੜ੍ਹਦੀ ਐ, ਜਿੱਥੇ ਤੂੰ ਰੋਜ਼ ਗੇੜੀਆਂ ਮਾਰਦੈਂ। ਰੋਜ਼, ਕਿਸੇ ਨਾ ਕਿਸੇ ਬਹਾਨੇ ਆਪਣੇ ਘਰ ਆ ਕੇ ਮੰਮੀ ਨਾਲ਼ ਤੇਰੇ ਬਾਰੇ ਗੱਲਾਂ ਕਰਦੀ ਰਹਿੰਦੀ ਐ। ਅਖੇ, 'ਤਾਈ ਜੀ, ਤੁਹਾਡਾ ਭਾਣਜਾ ਰਣਜੀਤ ਅੱਜ ਫੇਰ ਮੈਂ ਆਪਣੇ ਕਾਲਜ ਅੱਗੇ ਦੇਖਿਆ। ਉਸ ਦੇ ਫਲਾਣੇ ਰੰਗ ਦੀ ਜ਼ੀਨ ਪਾਈ ਹੋਈ ਸੀ, ਫਲਾਣੇ ਰੰਗ ਦੀ ਕਮੀਜ਼ ਪਾਈ ਹੋਈ ਸੀ। ਉਸ ਦੇ ਮੋਟਰ ਸਾਈਕਲ ਪਿੱਛੇ 'ਰੱਬ ਰਾਖਾ' ਲਿਖਾਇਆ ਹੋਇਐ ਤੇ ਹੋਰ ਪਤਾ ਨਹੀਂ ਕੀ ਅਬਾ-ਤਬਾ...।' ਇਹ ਵਿਚਾਰੀ ਤਾਂ ਤੇਰੇ ਉੱਤੇ ਡੁੱਲ੍ਹੀ ਪਈ ਐ ਮੁੰਡਿਆ। ਪਰ ਤੂੰ ਕਿਸੇ ਹੋਰ ਦੇ ਚੱਕਰਾਂ ਵਿੱਚ ਹੀ ਤੇਲ ਫੂਕੀ ਜਾਨੈਂ," ਗੇਜੇ ਨੇ ਹਾਸੇ-ਹਾਸੇ ਵਿੱਚ ਹੀ ਸਾਰੀ ਗੱਲ ਖੋਲ੍ਹ ਦਿੱਤੀ।

ਰਣਜੀਤ ਇਹ ਸੁਣ ਕੇ ਹੈਰਾਨ ਰਹਿ ਗਿਆ ਕਿ ਕੋਈ ਕੁੜੀ ਉਸ ਨੂੰ ਰੋਜ਼-ਰੋਜ਼ ਦੇਖਦੀ ਹੈ, ਉਸ ਦਾ ਪਹਿਰਾਵਾ ਤਾੜਦੀ ਹੈ। ਪਰ ਉਸ ਉੱਤੇ ਤਾਂ ਹਰਪ੍ਰੀਤ ਦਾ ਭੂਤ ਸੁਆਰ ਸੀ। ਉਸ ਨੂੰ ਰਾਜੀ ਕਿੱਥੋਂ ਦਿਸਣੀ ਸੀ। ਜੁਆਨੀ ਦੇ ਦਿਨੀਂ ਅਕਸਰ ਇਹੋ ਜਿਹੇ ਦੁਖਾਂਤ ਵਾਪਰਦੇ ਨੇ ਕਿ ਜਿਹੜਾ ਸਾਨੂੰ ਚੰਗਾ ਲੱਗਦੈ, ਉਹ ਸਾਨੂੰ ਨੇੜੇ ਨਹੀਂ ਲੱਗਣ ਦਿੰਦਾ ਤੇ ਜਿਹੜਾ ਸਾਨੂੰ ਚੰਗਾ ਨਹੀਂ ਲੱਗਦਾ, ਉਸ ਦੀ ਨਜ਼ਰ ਸਾਨੂੰ ਭਾਲ਼ਦੀ ਰਹਿੰਦੀ।

ਘਰ ਦੀ ਕਾਲ-ਬੈੱਲ ਵੱਜੀ ਤਾਂ ਰਣਜੀਤ ਅਤੀਤ 'ਚੋਂ ਬਾਹਰ ਆ ਗਿਆ। ਉਸ ਨੇ ਸਕਰੀਨ 'ਤੇ ਦੇਖਿਆ ਕਿ ਅਨੂ ਫਿਰ ਬੂਹੇ ਅੱਗੇ ਖੜ੍ਹੀ ਸੀ। ਉਸ ਨੇ ਅੰਦਰ ਬੈਠਿਆਂ ਹੀ ਬੂਹਾ ਖੋਲ੍ਹਿਆ ਤਾਂ ਉਹ ਬਹੁਤ ਮੱਠੀ ਜਿਹੀ ਤੋਰੇ ਪੌੜੀਆਂ ਚੜ੍ਹ ਆਈ।

"ਹਾਏ ਰੈਂਡੀ, ਹਉ ਆਰ ਯੂ ਡੂਇੰਨ," ਅਨੂ ਝਿਜਕਦੀ ਜਿਹੀ ਬੋਲੀ।

"ਓਹ ਹਾਏ ਅਨੂ, ਮੈਂ ਠੀਕ ਹਾਂ। ਤੁਸੀਂ ਸੁਣਾਓ ?" ਰਣਜੀਤ ਨੇ ਸਧਾਰਨ ਜਿਹਾ ਜੁਆਬ ਦਿੱਤਾ।

"ਮੈਂ ਵੀ ਠੀਕ ਹਾਂ, ਤੁਹਾਡਾ ਹਾਲ-ਚਾਲ ਕਿੱਦਾਂ ਏ ?" ਅਨੂ ਨੇ ਡਰਦੀ ਜਿਹੀ ਨੇ ਫਿਰ ਉਹੀ ਸੁਆਲ ਪੰਜਾਬੀ ਵਿੱਚ ਕਰ ਦਿੱਤਾ।

ਰਣਜੀਤ ਨੇ ਬਹੁਤ ਗ਼ੌਰ ਨਾਲ਼ ਅਨੂ ਦੇ ਚਿਹਰੇ ਵੱਲ ਦੇਖਿਆ ਤੇ ਫਿਰ ਹੱਸ ਕੇ ਕਹਿਣ ਲੱਗਿਆ,"ਅਨੂ, ਅਸਲ ਵਿੱਚ ਮੈਂ ਓਦਾਂ ਦਾ ਨਹੀਂ ਹਾਂ, ਜਿੱਦਾਂ ਦਾ ਤੈਨੂੰ ਲੱਗਣ ਲੱਗ ਪਿਆ ਹਾਂ। ਮੈਂ ਤਾਂ ਬਹੁਤ ਬੀਬਾ ਬੱਚਾ ਹਾਂ। ਆਪਣੀ ਸਵੇਰ ਵਾਲ਼ੀ ਹਰਕਤ ਲਈ..., ਆਈ ਐਮ ਰੀਅਲੀ ਸੌਰੀ।"

ਰਣਜੀਤ ਨੂੰ ਪੂਰਾ ਬਦਲਿਆ ਹੋਇਆ ਦੇਖ ਕੇ ਅਨੂ ਹੈਰਾਨ ਰਹਿ ਗਈ। ਕਿੱਥੇ ਸਵੇਰ ਵਾਲਾ ਖਿਝੂ ਜਿਹਾ ਬੰਦਾ ਤੇ ਕਿੱਥੇ ਇਹ, ਖ਼ੁਸ਼ੀ ਨਾਲ਼ ਛਲਕਦਾ ਇਨਸਾਨ। ਹੁਣ ਉਹ ਬਿਲਕੁਲ ਓਦਾਂ ਹੀ ਹੱਸ ਰਿਹਾ ਸੀ, ਜਿੱਦਾਂ ਅਨੂ ਨੇ ਉਸ ਨੂੰ ਚਿਤਵਿਆ ਸੀ। ਉਸ ਨੇ ਇਹ ਮਹਿਸੂਸ ਕਰ ਕੇ ਆਪਣੀ ਛਾਤੀ ਭਰ ਕੇ ਖ਼ਾਲੀ ਕੀਤੀ ਤੇ ਮਨ ਤੋਂ ਮਣਾਂ-ਮੂੰਹੀਂ ਭਾਰ ਲਹਿ ਗਿਆ ਮਹਿਸੂਸ ਕੀਤਾ।

"ਚਲੋ ਚੰਗੈ, ਤੁਹਾਡਾ ਮੂਡ ਠੀਕ ਹੋ ਗਿਆ। ਮੈਂ ਤਾਂ ਅਜੇ ਵੀ ਇਹ ਸੋਚਦਿਆਂ, ਡਰਦੀ-ਡਰਦੀ ਅੰਦਰ ਆਈ ਸੀ ਕਿ ਤੁਸੀਂ ਸਵੇਰ ਵਰਗੇ ਈ ਹੋਵੋਂਗੇ। ਬਈ ਸੱਚੀਂ, ਸਵੇਰੇ ਤਾਂ ਮੈਂ ਡਰ ਈ ਗਈ ਸੀ। ਇੱਕ ਵਾਰ ਤਾਂ ਮੈਂ ਸਮਝਿਆ ਕਿ ਇਹ ਬੰਦਾ ਆਪਣੀ ਵੀਲ ਚੇਅਰ ਦੀ ਬਾਂਹ ਪੁੱਟ ਕੇ ਮੇਰੇ ਮੱਥੇ 'ਚ ਮਾਰੂਗਾ," ਅਨੂ ਨੇ ਹਾਸੇ 'ਚ ਕਿਹਾ।

"ਜ਼ਿੰਦਗੀ ਮੈਨੂੰ ਹਮੇਸ਼ਾ ਦੁਸ਼ਮਣ ਜਿਹੀ ਬਣ ਕੇ ਟੱਕਰੀ ਏ ਅਨੂ। ਮੇਰੇ ਵਰਗੇ ਹਾਰੇ ਹੋਏ ਬੰਦੇ ਦੀ ਗੱਲ ਦਾ ਗੁੱਸਾ ਨਹੀਂ ਕਰੀਦਾ। ਤੇਰਾ ਸੁਭਾਅ ਤਾਂ ਮੈਨੂੰ ਬਾਹਲ਼ਾ ਈ ਠੰਢਾ ਜਿਹਾ ਲੱਗਦੈ," ਰਣਜੀਤ ਨੇ ਸਵੇਰ ਵਾਲ਼ੇ ਘਟਨਾ-ਚੱਕਰ ਨੂੰ ਸਾਵਾਂ ਜਿਹਾ ਕਰਨ ਦਾ ਹੀਲਾ ਕੀਤਾ। ਅਨੂ ਕੁੱਝ ਚਿਰ ਰਣਜੀਤ ਦੀਆਂ ਅੱਖਾਂ ਵਿੱਚ ਦੇਖਦੀ ਰਹੀ ਤੇ ਫਿਰ ਰਤਾ ਕੁ ਸੰਜੀਦਾ ਹੋ ਕੇ ਬੋਲੀ,

***"ਜ਼ਿੰਦਗੀ ਦੇ ਮੰਚ 'ਤੇ ਭਾਵੇਂ ਹੀ ਵੱਖਰੇ ਰੋਲ਼ ਨੇ।***
***ਉਂਝ ਤੇਰੇ ਦਰਦਾਂ ਜਿਹੇ ਹੀ ਦਰਦ ਮੇਰੇ ਕੋਲ਼ ਨੇ।"***

ਸ਼ਿਅਰ ਦਾ ਦੂਸਰਾ ਮਿਸਰਾ ਕਹਿੰਦਿਆਂ ਹੀ ਅਨੂ ਦੀ ਆਵਾਜ਼ ਭਾਰੀ ਹੋ ਗਈ। ਇਹ ਸਤਰਾਂ ਸੁਣ ਕੇ ਰਣਜੀਤ ਕੰਬ ਜਿਹਾ ਗਿਆ। ਅਨੂ ਇੱਕ ਦਮ ਉੱਠ ਕੇ ਵਾਸ਼ਰੂਮ ਚਲੇ ਗਈ। ਉਸ ਨੇ ਟੂਟੀ ਛੱਡ ਕੇ ਮੂੰਹ ਤੇ ਪਾਣੀ ਦੇ ਛਿੱਟੇ ਮਾਰੇ ਤੇ ਆਪਣਾ ਮੂਡ ਠੀਕ ਕਰ ਕੇ ਮੁਸਕਰਾਉਂਦੀ ਬਾਹਰ ਨਿਕਲ਼ੀ।

"ਰੈਂਡੀ, ਚਲੋ ਤੁਹਾਨੂੰ ਘੰਟਾ ਕੁ ਬਾਹਰ ਘੁਮਾ ਲਿਆਵਾਂ। ਫਿਰ ਆ ਕੇ, ਡਿਨਰ ਬਣਾ ਦਿਆਂਗੀ," ਅਨੂ ਨੇ ਕਿਹਾ।

ਰਣਜੀਤ ਕੁਝ ਬੋਲੇ ਬਗ਼ੈਰ ਹੀ ਬੈੱਡ ਤੋਂ ਖਿਸਕ ਕੇ ਵੀਲਚੇਅਰ 'ਤੇ ਬੈਠਣ ਲੱਗ ਪਿਆ। ਅਗਲੇ ਦਸਾਂ ਮਿੰਟਾਂ ਵਿੱਚ ਹੀ ਉਹ ਘਰ ਦੇ ਨੇੜੇ ਬੇਅਰ-ਕਰੀਕ ਪਾਰਕ ਵਿੱਚ ਫਿਰ ਰਹੇ ਸਨ। ਉੱਥੇ ਬਣੇ ਹੋਏ ਉਨਾਬੀ ਰੰਗ ਦੇ ਇੱਕ ਟਰੈਕ ਉੱਤੇ, ਕੁੱਝ ਪੰਜਾਬੀ ਬਜ਼ੁਰਗ ਗੱਲਾਂ ਕਰਦੇ-ਕਰਦੇ ਕਾਹਲ਼ੀ-ਕਾਹਲ਼ੀ ਤੁਰ ਰਹੇ ਸਨ। ਸਰੀ ਓਦਾਂ ਵੀ 'ਪਾਰਕਾਂ ਦਾ ਸ਼ਹਿਰ' ਸਦਾਉਂਦਾ ਹੈ। ਇੱਥੋਂ ਦੇ ਪਾਰਕ, ਦੁਨੀਆ ਦੇ ਬਿਹਤਰੀਨ ਪਾਰਕਾਂ ਵਿੱਚ ਗਿਣੇ ਜਾਂਦੇ ਹਨ। ਸੈਂਕੜੇ ਏਕੜਾਂ ਵਿੱਚ ਫੈਲਿਆ ਹੋਇਆ ਇੱਥੋਂ ਦਾ ਹਰ ਪਾਰਕ ਦੇਖਣ ਹੀ ਵਾਲ਼ਾ ਹੈ। ਸਿਆਲ਼ਾਂ ਤੋਂ ਬਾਅਦ ਹੁਣ ਦਿਨ ਸੋਹਣੇ ਲੱਗਣੇ ਸ਼ੁਰੂ ਹੋ ਗਏ ਸਨ। ਇਨ੍ਹੀਂ ਦਿਨੀਂ ਪਾਰਕ ਓਦਾਂ ਵੀ ਸੱਜ-ਵਿਆਹੀ ਨਾਰ ਵਾਂਗ ਨਿੱਖਰੇ ਹੁੰਦੇ ਹਨ। ਪਾਰਕ ਦੇ ਇੱਕ ਕੋਨੇ ਵਿੱਚ ਦਸ-ਪੰਦਰਾਂ ਪੰਜਾਬੀ ਬਜ਼ੁਰਗ, ਤਾਸ਼ ਖੇਡ ਰਹੇ ਸਨ।

"ਅਨੂ, ਮੈਂ ਅੱਧਾ-ਪੌਣਾ ਘੰਟਾ ਉਨ੍ਹਾਂ ਬਾਬਿਆਂ ਕੋਲ ਜਾਨਾਂ। ਤੂੰ ਹੈਥੇ ਬੈਂਚ 'ਤੇ ਬਹਿ ਲਾ ਜਾਂ ਫਿਰ ਟਰੈਕ ਉੱਤੇ ਫੇਰਾ ਮਾਰ ਲੈ। ਮੇਰੀ ਚਿੰਤਾ ਨਾ ਕਰੀਂ," ਰਣਜੀਤ ਨੇ ਇਹ ਕਹਿ ਕੇ ਆਪਣੀ ਵੀਲਚੇਅਰ ਬਾਬਿਆਂ ਵੱਲ ਤੋਰ ਲਈ। ਅਨੂ ਚੁੱਪ-ਚਾਪ, ਟਰੈਕ ਵੱਲ ਹੋ ਤੁਰੀ। ਰਣਜੀਤ ਨੇ ਤਾਸ਼ ਖੇਡਦਿਆਂ ਬਾਬਿਆਂ ਦੇ ਨੇੜੇ ਪਹੁੰਚ ਕੇ ਵੀਲਚੇਅਰ ਰੋਕ ਲਈ ਅਤੇ ਉਹ ਉਨ੍ਹਾਂ ਵੱਲ ਦੇਖਣ ਲੱਗ ਪਿਆ। ਸੀਪ ਖੇਡ ਰਹੇ ਬਜ਼ੁਰਗਾਂ ਨੇ ਇੱਕ ਵਾਰ ਰਣਜੀਤ ਵੱਲ ਮਿੱਠੀਆਂ ਜਿਹੀਆਂ ਨਜ਼ਰਾਂ ਨਾਲ਼ ਦੇਖਿਆ ਤੇ ਮਨੋ-ਮਨੀਂ ਉਸ ਨੂੰ 'ਜੀ ਆਇਆਂ ਨੂੰ' ਕਹਿ ਦਿੱਤਾ।

"ਕਿੱਦਾਂ ਅੰਕਲ, ਸੀਪ ਖੇਡੀ ਜਾ ਰਹੀ ਏ?" ਰਣਜੀਤ ਨੇ ਸ਼ਿਰਕਤ ਕੀਤੀ। ਉਸ ਨੂੰ ਪੰਜਾਬੀ ਬੋਲਦਾ ਸੁਣ ਕੇ ਬਜ਼ੁਰਗ ਇਕ ਦਮ ਖਿੜ ਜਿਹੇ ਗਏ। ਵਿਦੇਸ਼ ਗਏ ਹੋਏ ਪੰਜਾਬੀ ਬਜ਼ੁਰਗ ਬਹੁਤੀ ਵਾਰ ਦੂਜੇ ਕਲੀਨ ਸ਼ੇਵਡ ਪੰਜਾਬੀ ਨੂੰ ਇਸ ਕਰ ਕੇ ਨਹੀਂ ਬੁਲਾਉਂਦੇ ਕਿ ਕਿਤੇ ਉਹ ਕਿਸੇ ਹੋਰ ਮੁਲਕ ਦਾ ਬੰਦਾ ਹੀ ਨਾ ਨਿੱਕਲ਼ੇ। ਇੱਕ ਵਾਰ ਸ਼ਬਦੀ-ਸਾਂਝ ਪੈਣ ਨਾਲ਼ ਝੱਟ ਜਿੱਦਾਂ ਦੋਹਾਂ ਧਿਰਾਂ ਵਿਚਾਲ਼ੇ ਸੰਪਰਕ ਦਾ ਪੁਲ਼ ਬਣ ਜਾਂਦਾ ਹੈ।

"ਹਾਂ ਜੀ, ਹਾਂ ਜੀ, ਸੀਪ ਈ ਖੇਡਦੇ ਹਾਂ। ਆ ਜਾਓ ਖਿਡਾਈਏ। ਏਧਰ ਹੁਣ ਮੂਵ ਹੋਏ ਹੋ ਕਾਕਾ ਜੀ? ਪਹਿਲਾਂ ਤੁਹਾਨੂੰ ਏਧਰ ਕਦੇ ਦੇਖਿਆ ਨਹੀਂ," ਨੀਲੀ ਪੱਗ ਵਾਲ਼ੇ ਇੱਕ ਬਜ਼ੁਰਗ ਨੇ ਜੁਆਬ ਦਿੰਦਿਆਂ ਹੀ ਸੁਆਲ ਵੀ ਕਰ ਦਿੱਤਾ।

"ਨਹੀਂ ਅੰਕਲ, ਰਹਿਨਾਂ ਤਾਂ ਮੈ ਏਥੇ ਨੇੜੇ ਈ ਆਂ। ਪਹਿਲਾਂ ਟਰੱਕ ਚਲਾਉਂਦਾ ਸੀ। ਹੁਣ ਪਿਛਲੇ ਚਹੁੰ-ਪੰਜਾਂ ਮਹੀਨਿਆਂ ਤੋਂ ਆਹ ਸੱਟ ਲੱਗਣ ਕਰ ਕੇ, ਵੀਲਚੇਅਰ ਤੇ ਆ ਗਿਆਂ। ਓਦਾਂ ਕਦੇ ਏਸ ਪਾਰਕ ਵਿੱਚ ਘੱਟ ਹੀ ਆਇਆਂ,"

ਰਣਜੀਤ ਨੇ ਜੁਆਬ ਦਿੱਤਾ।

"ਅੱਛਾ ਕਾਕਾ, ਇਹ ਫਿਰ ਟਰੱਕ ਦਾ ਐਕਸੀਡੈਂਟ ਹੋਣ ਨਾਲ਼ ਤੇਰੇ ਸੱਟਾਂ ਲੱਗੀਆਂ?" ਇੱਕ ਹੋਰ ਬਜ਼ੁਰਗ ਨੇ ਸੁਆਲ ਕੀਤਾ।

"ਨਹੀਂ ਅੰਕਲ, ਸਨੋਅ 'ਚ ਤਿਲਕ ਕੇ ਡਿੱਗ ਪਿਆ ਸੀ ਕਸੂਤਾ ਜਿਹਾ। ਰੀੜ੍ਹ ਦੀ ਹੱਡੀ ਠੁਕ ਗਈ ਤੇ ਲੱਕ ਹੇਠਲਾ ਹਿੱਸਾ ਖੜ੍ਹ ਗਿਆ," ਰਣਜੀਤ ਨੇ ਥੋੜ੍ਹੇ ਸ਼ਬਦਾਂ 'ਚ ਗੱਲ ਮੁਕਾਈ।

"ਅੱਛਾ! ਹੱਦ ਹੋ ਗਈ ਆਹ ਤਾਂ, ਡਿੱਗਣ ਨਾਲ ਈ? ਬਈ ਰੱਬ ਦੇ ਰੰਗ ਆ। ਉਸ ਡਾਢੇ ਅੱਗੇ ਕਿਸੇ ਦਾ ਜ਼ੋਰ ਨਹੀਂ। ਚਾਹੇ ਤਾਂ ਬਲ਼ਦੀ ਅੱਗ 'ਚੋਂ ਰੱਖ ਲੈਂਦੈ, ਨਾ ਚਾਹੇ ਤਾਂ ਪਾਣੀ ਦੇ ਛਿੱਟੇ ਨਾਲ਼ ਵੀ ਮਾਰ ਦਿੰਦਾ। ਸਨੋਅ ਉੱਤੋਂ ਪਹਿਲਾਂ ਕਿਹੜਾ ਲੋਕ ਤਿਲ੍ਹਕਦੇ ਨਹੀਂ," ਬਜ਼ੁਰਗ ਨੇ ਸੰਜੀਦਗੀ ਨਾਲ਼ ਕਿਹਾ।

"ਤੇਰਾ ਨਾਂ ਕੀ ਆ ਜੁਆਨਾਂ?" ਇੱਕ ਹੋਰ ਬਜ਼ੁਰਗ ਨੇ ਪੁੱਛਿਆ।

"ਰਣਜੀਤ ਆ ਅੰਕਲ, ਓਦਾਂ ਰੈਂਡੀ ਵੀ ਕਹਿ ਲੈਂਦੇ ਆ ਲੋਕ," ਰਣਜੀਤ ਨੇ ਜੁਆਬ ਦਿੱਤਾ। ਫਿਰ ਇੱਕ ਬਜ਼ੁਰਗ, ਇੱਕ ਹੋਰ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗਿਆ, "ਦੇਖ ਲੈ ਪ੍ਰੀਤਮ ਸਿਹਾਂ, ਕਿੰਨਾਂ ਸੋਹਣਾ-ਸੁਨੱਖਾ ਗੱਭਰੂ ਆ, ਰੱਬ ਵੀ ਅੱਗਾ-ਪਿੱਛਾ ਨਹੀਂ ਦੇਖਦਾ, ਦੁੱਖ ਦੇਣ ਲੱਗਾ। ਭਲਾ ਆਹ ਕੋਈ ਉਮਰ ਆ ਏਦਾਂ ਨਕਾਰਾ ਜਿਹੇ ਹੋ ਕੇ ਘਰ ਬਹਿਣ ਦੀ?"

"ਇੰਡੀਆ 'ਚ ਕਿਹੜਾ ਇਲਾਕਾ ਆਪਣਾ ਜੁਆਨਾਂ?" ਇਹ ਪੁੱਛਣ ਵਾਲ਼ਾ ਫੇਰ ਪਹਿਲਾ ਹੀ ਬਜ਼ੁਰਗ ਸੀ।

"ਅੰਕਲ, ਜਲੰਧਰ ਜ਼ਿਲ੍ਹੇ 'ਚ ਪਿੰਡ ਐ ਮੇਰਾ, ਸੀਰਤ ਪੁਰ। ਜਲੰਧਰ ਤੋਂ ਛੇ ਕੁ ਕਿੱਲੋਮੀਟਰ 'ਤੇ ਆ," ਰਣਜੀਤ ਨੇ ਜੁਆਬ ਦਿੱਤਾ।

"ਅੱਛਾ, ਸਾਡਾ ਪਿੰਡ ਮੋਗੇ ਕੋਲ਼ੇ ਐ। ਸਾਡੇ ਪਿੰਡ ਦੇ ਨਾਲ਼ ਦਾ ਲੱਗਦਾ ਪਿੰਡ ਰਸੂਲ ਪੁਰ ਐ। ਉੱਥੇ ਇੱਕ ਮੁਸਲਮਾਨ ਵੈਦ ਆ ਇਹੋ ਜਿਹੀਆਂ ਸੱਟਾਂ-ਫੇਟਾਂ ਦੀ ਦਵਾਈ ਕਰਦਾ। ਬੜੇ ਲੋਕੀ ਠੀਕ ਹੋਏ ਉਹ ਦੇ ਤੋਂ। ਤੂੰ ਵੀ ਉੱਥੋਂ 'ਲਾਜ਼ ਕਰਾ ਕੇ ਦੇਖ," ਬਜ਼ੁਰਗ ਨੇ ਦੱਸ ਪਾਈ।

"ਚੰਗਾ ਅੰਕਲ, ਮੈਂ ਕੱਲ੍ਹ ਨੂੰ ਕਾਪੀ-ਪੈੱਨ ਲੈ ਕੇ ਆਊਂ, ਫਿਰ ਮੈਨੂੰ ਅਡਰੈੱਸ ਲਿਖਾ ਦਿਓ," ਰਣਜੀਤ ਨੇ ਬਜ਼ੁਰਗ ਤੋਂ ਇੱਕ ਤਰ੍ਹਾਂ ਨਾਲ਼ ਪਿੱਛਾ ਜਿਹਾ ਛਡਾਉਣ ਦਾ ਹੀਲਾ ਕਰਦਿਆਂ ਕਿਹਾ। ਉਹ ਜਾਣਦਾ ਸੀ ਕਿ ਪੰਜਾਬ ਦੇ ਲੋਕ ਹੋਰ ਕੁੱਝ ਨਾ ਵੀ ਜਾਣਦੇ ਹੋਣ, ਕੋਈ ਬਿਮਾਰ ਮਿਲ਼ ਜਾਵੇ ਸਹੀ, ਉਸ ਅੱਗੇ ਨੁਸਖ਼ਿਆਂ ਦੀਆਂ ਢੇਰੀਆਂ ਲਾ ਹੀ ਦਿੰਦੇ ਆ।

"ਪ੍ਰੀਤਮ ਸਿਹਾਂ, ਇੱਕ ਵਾਰ ਤੂੰ ਵੀ ਦੱਸਿਆ ਸੀ ਪਈ ਤੇਰੇ ਕਿਸੇ ਪੇਂਡੂ ਦੀਆਂ ਵੀ ਐਕਸੀਡੈਂਟ 'ਚ ਲੱਤਾਂ ਖੜ੍ਹ ਗਈਆਂ ਸੀ। ਹੁਣ ਕੀ ਹਾਲ ਆ ਉਹ ਦਾ?" ਨੀਲੀ ਪੱਗ ਵਾਲ਼ੇ ਬਜ਼ੁਰਗ ਨੇ ਦੱਸ ਪਾਉਣ ਵਾਲ਼ੇ ਬਜ਼ੁਰਗ ਨੂੰ ਸੁਆਲ

ਕੀਤਾ।

"ਹਾਂ ਯਾਰ, ਉਹ ਤਾਂ ਹਾਲੇ ਵੀ ਓਵੇਂ ਈ ਐਂ। ਵਿਚਾਰੇ ਦੀ ਘਰ ਆਲ਼ੀ ਵੀ ਛੱਡ ਗਈ। ਹੁਣ ਮਾਂ ਈ ਸਾਂਭਦੀ ਆ ਜਾਂ ਫੇਰ ਆਹ ਨਰਸਾਂ-ਨੁਰਸਾਂ ਆਉਂਦੀਆਂ ਘਰ। ਏਦਾਂ ਦੀਆਂ ਸੱਟਾਂ ਕਾਹ'ਨੂੰ ਖਹਿੜਾ ਛੱਡਦੀਆਂ ਗੁਰਮੇਲ ਸਿਹਾਂ," ਪ੍ਰੀਤਮ ਸਿੰਘ ਨੇ ਜੁਆਬ ਦਿੱਤਾ।

"ਇਹ ਸਹੁਰੇ ਰਿਸ਼ਤੇ ਵੀ ਅੱਜ-ਕੱਲ੍ਹ ਗਰਜਾਂ ਦੇ ਈ ਆ। ਲੋੜ ਪੈਣ 'ਤੇ ਕੋਈ ਨੇੜੇ ਨਹੀਂ ਢੁੱਕਦਾ," ਇੱਕ ਹੋਰ ਬਜ਼ੁਰਗ ਬੋਲਿਆ। ਬਜ਼ੁਰਗ ਦੀ ਇਹ ਗੱਲ ਸੁਣ ਕੇ, ਰਣਜੀਤ ਦਾ ਧਿਆਨ ਸੋਨੀਆ ਵੱਲ ਚਲੇ ਗਿਆ। ਉਸ ਨੂੰ ਲੱਗਿਆ ਕਿ ਸੋਨੀਆ ਵੀ ਉਸ ਨਾਲ਼ ਡੰਗ ਹੀ ਟਪਾ ਰਹੀ ਹੈ। ਡਿਨਰ ਬਣਾਉਣ ਤੋਂ ਇਲਾਵਾ, ਘਰ-ਪਰਿਵਾਰ ਬਾਰੇ ਕਦੇ ਕੋਈ ਸਲਾਹ ਨਹੀਂ ਕੀਤੀ ਉਸ ਨੇ। ਪਤਾ ਨਹੀਂ ਕਿਸ ਦੁਨੀਆ 'ਚ ਰਹਿੰਦੀ ਹੈ। ਅੱਜ ਤੋਂ ਤਾਂ ਡਿਨਰ ਵੀ ਅਨੂ ਨੇ ਬਣਾਉਣ ਲੱਗ ਜਾਣਾ। ਰਣਜੀਤ ਨੂੰ ਰਿਸ਼ਤਿਆਂ ਬਾਰੇ ਕਹੀ ਹੋਈ ਬਜ਼ੁਰਗ ਦੀ ਗੱਲ ਸੌ ਫ਼ੀ ਸਦੀ ਸਹੀ ਲੱਗੀ। ਰਿਸ਼ਤੇ, ਪੁਰਾਣੇ ਕੱਪੜਿਆਂ ਵਾਂਗ ਹੰਢਦਿਆਂ-ਹੰਢਦਿਆਂ, ਘਸ-ਬੁਦ ਜਾਂਦੇ ਹਨ ਤੇ ਘਸੇ-ਬੁਦੇ ਕੱਪੜਿਆਂ ਦੀ ਬਹੁਤੀ ਮਿਆਦ ਨਹੀਂ ਹੁੰਦੀ। ਰਣਜੀਤ ਨੂੰ ਸੁਖਰਾਜ ਤੇ ਸਰਤਾਜ ਦਾ ਚੇਤਾ ਆਇਆ, ਜਿਨ੍ਹਾਂ ਦੇ ਮੂੰਹੋਂ 'ਡੈਡ' ਸ਼ਬਦ ਸੁਣੇ ਨੂੰ ਵੀ ਬੜਾ ਹੀ ਚਿਰ ਹੋ ਗਿਆ ਸੀ। ਇਸ ਪਿੱਛੋਂ ਰਣਜੀਤ ਨੂੰ ਆਪਣੀ ਮਾਂ ਧਰਮ ਕੌਰ ਦਾ ਚੇਤਾ ਆਇਆ ਤਾਂ ਉਸ ਦੇ ਅੰਦਰੋਂ ਇਹ ਆਵਾਜ਼ ਆਈ ਕਿ ਮਾਂ ਦਾ ਰਿਸ਼ਤਾ ਹੀ ਅਸਲ ਵਿੱਚ ਸਦਾਬਹਾਰ ਹੈ।

"ਕੋਈ ਨ੍ਹੀਂ ਕਾਕਾ ਤੂੰ ਇੱਥੇ ਆ ਜਾਇਆ ਕਰ। ਨਾਲ਼ੇ ਗੱਲਬਾਤ ਵਿੱਚ ਟੈਮ ਪਾਸ ਹੋ ਜਾਂਦੈ, ਨਾਲ਼ੇ ਹਵਾਖ਼ੋਰੀ ਹੋ ਜਾਂਦੀ ਐ। ਜੇ ਕਦੇ-ਕਦਾਈਂ ਨਰਸ ਨਾ ਵੀ ਆਵੇ ਤਾਂ ਮੈਨੂੰ ਫ਼ੋਨ ਕਰ ਦਿਆ ਕਰ, ਮੈਂ ਤੈਨੂੰ ਆਪੇ ਈ ਘਰੋਂ ਆ ਕੇ ਲੈ ਜਾਇਆ ਕਰੂੰ। ਮੇਰਾ ਘਰ ਵੀ ਤੇਰੇ ਨੇੜੇ ਈ ਆ। 'ਕਲਾਪਾ ਬਹੁਤ ਬੁਰੀ ਸ਼ੈਅ ਆ। ਡਿੱਗੇ ਪਏ ਬੰਦੇ ਨੂੰ ਖਾ ਈ ਜਾਂਦੈ। ਇਨ੍ਹਾਂ ਮੁਲਕਾਂ 'ਚ ਜੇ ਇਹ ਪਾਰਕ ਨਾ ਹੋਣ ਤੇ ਇਨ੍ਹਾਂ ਪਾਰਕਾਂ 'ਚ ਜੇ ਇਹ ਢਾਣੀਆਂ ਨਾ ਲੱਗਦੀਆਂ ਹੋਣ ਤਾਂ ਅੱਧੇ ਬਜ਼ੁਰਗ ਤਾਂ ਆਪਣੀ ਆਈ ਤੋਂ ਕਈ ਵਰ੍ਹੇ ਅਗੇਤੇ ਹੀ ਤੁਰ ਜਾਣ," ਪ੍ਰੀਤਮ ਸਿੰਘ ਨੇ ਰਣਜੀਤ ਦਾ ਮੋਢਾ ਥਾਪੜਦਿਆਂ ਕਿਹਾ।

"ਤੁਹਾਡਾ ਬਹੁਤ ਸ਼ੁਕਰੀਆ ਅੰਕਲ, ਓਦਾਂ ਆਉਣ ਨੂੰ ਤਾਂ ਮੈਂ 'ਕੱਲਾ ਵੀ ਆ ਸਕਦਾਂ, ਏਡੀ ਕੋਈ ਗੱਲ ਨਹੀਂ। ਚਲੋ, ਮੈਂ ਕੋਸ਼ਿਸ਼ ਕਰਿਆ ਕਰੂੰ ਕਿ ਹਫ਼ਤੇ 'ਚ ਇੱਕ-ਦੋ ਵਾਰ ਤੁਹਾਡੇ ਦਰਸ਼ਣ ਕਰਿਆ ਕਰਾਂ," ਰਣਜੀਤ ਨੇ ਪ੍ਰੀਤਮ ਸਿੰਘ ਵੱਲ ਦੋਵੇਂ ਹੱਥ ਜੋੜ ਕੇ ਕਿਹਾ।

"ਗੁਰਮੇਲ ਸਿਹਾਂ, ਆਹ ਮਨਸਾਧੂ ਸਿੰਹੁ ਅੱਜ-ਕੱਲ੍ਹ ਮੂਲ਼ੋਂ ਈ ਪਰ੍ਹਾਂ-ਪਰ੍ਹਾਂ ਰਹਿੰਦੈ ਆਪਣੇ ਤੋਂ। ਲੈ ਦੇਖ ਕਿਵੇਂ ਟਰੈਕ 'ਤੇ 'ਕੱਲਾ ਈ ਚੱਕਰੀ ਬਣਿਆ

ਹੋਇਐ," ਪ੍ਰੀਤਮ ਸਿੰਘ ਟਰੈਕ 'ਤੇ ਤੁਰ ਰਹੇ ਇਕ ਫ਼ੁਰਤੀਲੇ ਜਿਹੇ ਬਜ਼ੁਰਗ ਵੱਲ ਉਂਗਲ਼ ਕਰਦਿਆਂ ਬੋਲਿਆ।

"ਯਾਰ ਇਹ ਦੀਆਂ ਗੱਲਾਂ ਆਪਾਂ ਨੂੰ ਨਹੀਂ ਸਮਝ ਆਉਂਦੀਆਂ। ਆਪਣੀਆਂ ਇਹ ਨੂੰ ਚੰਗੀਆਂ ਨਹੀਂ ਲੱਗਦੀਆਂ। ਏਸੇ ਹੀ ਵਜ੍ਹਾ ਨਾਲ਼ ਆਪਣੇ ਨੇੜੇ ਨਹੀਂ ਫਟਕਦਾ," ਗੁਰਮੇਲ ਸਿੰਘ ਨੇ ਜੁਆਬ ਦਿੱਤਾ।

ਰਣਜੀਤ ਨੇ ਟਰੈਕ 'ਤੇ ਤੁਰਦੇ ਬਜ਼ੁਰਗ ਵੱਲ ਦੇਖਿਆ। ਮਨਸਾਧੂ ਸਿੰਘ ਭਗਵੇਂ ਰੰਗ ਦੀ ਗੋਲ਼ ਜਿਹੀ ਪੱਗ ਤੇ ਅੱਧ-ਚਿੱਟੀ ਖੁੱਲ੍ਹੀ ਦਾੜ੍ਹੀ ਵਾਲ਼ਾ ਸੰਜੀਦਾ ਜਿਹਾ ਲੱਗਦਾ ਬਜ਼ੁਰਗ ਸੀ।

"ਇਹ ਬਾਬਾ ਜੀ ਕੌਣ ਨੇ?" ਰਣਜੀਤ ਨੇ ਪੁੱਛਿਆ।

"ਇਹ ਬੜੀ ਪਹੁੰਚੀ ਹੋਈ ਸ਼ੈਅ ਆ ਜ਼ੁਆਨਾ। ਇਹ ਦਾ ਨਾਂ ਈ ਮਨਸਾਧੂ ਸਿੰਘ ਐ। ਇਹ ਬੰਦਾ, ਹਰਿਦੁਆਰ ਦੇ, ਨਿਰਮਲਿਆਂ ਦੇ ਆਸ਼ਰਮ 'ਚ ਕਈ ਸਾਲ ਰਿਹਾ ਏ। ਗਿਆਨ ਬੜਾ ਇਹ ਨੂੰ। ਬਈ ਬੜੀਆਂ ਡੂੰਘੀਆਂ-ਡੂੰਘੀਆਂ ਗੱਲਾਂ ਕਰਦਾ ਰਹਿੰਦੈ। ਸਾਡੇ ਤਾਂ ਬਹੁਤੀ ਵਾਰੀ ਪੱਲੇ ਈ ਨਹੀਂ ਪੈਂਦੀਆਂ। ਤੂੰ ਪੜ੍ਹਿਆ-ਲਿਖਿਐਂ, ਖ਼ਬਰੇ ਤੇਰੇ ਪੱਲੇ ਪੈ ਜਾਣ," ਪ੍ਰੀਤਮ ਸਿੰਘ ਨੇ ਕਿਹਾ। ਰਣਜੀਤ ਨੇ ਦੇਖਿਆ ਕਿ ਟਰੈਕ ਤੇ ਦੋ ਕੁ ਗੇੜੇ ਕੱਢਣ ਤੋਂ ਬਾਅਦ ਅਨੂ ਵੀ ਆ ਕੇ ਬੈਂਚ 'ਤੇ ਬੈਠ ਗਈ ਹੈ। ਉਹ ਆਪਣੀ ਵੀਲਚੇਅਰ ਤੋਰਦਾ ਅਨੂ ਕੋਲ ਪਹੁੰਚ ਗਿਆ ਤਾਂ ਅਨੂ ਨੇ ਕਿਹਾ, "ਚੱਲੀਏ ਰੈਂਡੀ? ਜਾਂ ਅਜੇ ਹੋਰ ਅਟਕਣੈ ਇੱਥੇ?"

"ਅਨੂ, ਠਹਿਰ ਆਪਾਂ ਔਸ ਅੰਕਲ ਨੂੰ ਮਿਲ ਕੇ ਜਾਣਾ," ਇਹ ਆਖ ਕੇ ਰਣਜੀਤ ਨੇ ਮਨਸਾਧੂ ਸਿੰਘ ਵੱਲ ਇਸ਼ਾਰਾ ਕੀਤਾ, ਜੋ ਆਪਣੀ ਸੈਰ ਮੁਕਾ ਕੇ ਉਨ੍ਹਾਂ ਵੱਲ ਹੀ ਵਧ ਰਿਹਾ ਸੀ। ਅਨੂ ਨੇ ਗਰਦਨ ਘੁਮਾ ਕੇ ਮਨਸਾਧੂ ਸਿੰਘ ਵੱਲ ਦੇਖਿਆ ਤੇ ਫਿਰ ਸੁਆਲੀਆ ਨਜ਼ਰਾਂ ਨਾਲ਼ ਰਣਜੀਤ ਵੱਲ ਦੇਖਿਆ। ਇਸ ਤੋਂ ਪਹਿਲਾਂ ਉਹ ਰਣਜੀਤ ਨੂੰ ਕੁੱਝ ਪੁੱਛਦੀ, ਰਣਜੀਤ ਨੇ ਮਨਸਾਧੂ ਸਿੰਘ ਨੂੰ ਸੰਬੋਧਨ ਕਰਦਿਆਂ ਕਿਹਾ, "ਸਤਿ ਸ੍ਰੀ ਅਕਾਲ ਬਾਬਾ ਜੀ, ਕਰ ਆਏ ਸੈਰ?"

ਮਨਸਾਧੂ ਸਿੰਘ ਨੇ ਰਣਜੀਤ ਦੀ ਆਵਾਜ਼ ਸੁਣ ਕੇ ਉਸ ਦੀ ਵੀਲਚੇਅਰ ਵੱਲ ਦੇਖਿਆ। ਅਤੇ ਫਿਰ ਉਸ ਨੇ ਉਨ੍ਹਾਂ ਵੱਲ ਵਧਦਿਆਂ ਕਿਹਾ, "ਸਤਿ ਸ੍ਰੀ ਅਕਾਲ ਬੇਟਾ ਜੀ, ਕਰ ਆਏ ਹਾਂ ਸੈਰ, ਹੋਰ ਸੁਣਾਓ ਤੁਹਾਡਾ ਕੀ ਹਾਲ-ਚਾਲ ਏ?"

"ਮੇਰਾ ਹਾਲ-ਚਾਲ ਤਾਂ ਤੁਹਾਡੇ ਸਾਹਮਣੇ ਈ ਆ ਬਾਬਾ ਜੀ," ਰਣਜੀਤ ਨੇ ਕਿਹਾ।

"ਕੋਈ ਬਾਤ ਨਹੀਂ ਬੇਟਾ ਜੀ, ਠੀਕ ਹੋ ਜਾਓਗੇ," ਮਨਸਾਧੂ ਸਿੰਘ ਨੇ ਆਖਿਆ।

"ਕਿੱਥੇ ਬਾਬਾ ਜੀ! ਇਹ ਨੁਕਸ ਠੀਕ ਹੁੰਦਾ ਨਹੀਂ ਦੀਹਦਾ। ਹੁਣ ਤਾਂ

ਲੱਗਦੈ ਇਹ ਮੈਨੂੰ ਲੈ ਕੇ ਹੀ ਜਾਊ," ਰਣਜੀਤ ਦਾ ਸੁਰ ਕਾਫ਼ੀ ਉਦਰੇਵੇਂ ਵਾਲ਼ਾ ਸੀ।

"ਨਹੀਂ ਬੇਟਾ ਏਦਾਂ ਨਹੀਂ ਕਹੀਦਾ। ਏਦਾਂ ਸੋਚਣਾ ਵੀ ਨਹੀਂ। ਹਾਰ ਡਿੱਗਣ ਵਿੱਚ ਨਹੀਂ ਹੁੰਦੀ, ਉੱਠਣੋਂ ਮੁਨਕਰ ਹੋਣ ਵਿੱਚ ਹੁੰਦੀ ਏ। ਇਸ ਤਰ੍ਹਾਂ ਸੋਚ ਕੇ ਤੁਸੀਂ ਆਪਣੇ ਹੀ ਖ਼ਿਲਾਫ਼ ਭੁਗਤਦੇ ਹੋ," ਮਨਸਾਧੂ ਸਿੰਘ ਨੇ ਉਪਦੇਸ਼ਆਤਮਕ ਸੁਰ ਵਿੱਚ ਕਿਹਾ।

"ਉਹ ਕਿੱਦਾਂ ਅੰਕਲ ਜੀ?" ਰਣਜੀਤ ਨੇ ਪੁੱਛਿਆ।

ਮਨਸਾਧੂ ਸਿੰਘ ਕੁੱਝ ਚਿਰ ਖ਼ਾਮੋਸ਼ੀ ਨਾਲ਼ ਰਣਜੀਤ ਦੇ ਮੂੰਹ ਵੱਲ ਦੇਖਦਾ ਰਿਹਾ। ਉਹ ਸੋਚ ਰਿਹਾ ਸੀ ਕਿ ਗੱਲ ਸ਼ੁਰੂ ਕਰੇ ਕਿ ਨਾ। ਫਿਰ ਉਸ ਨੇ ਰਣਜੀਤ ਨੂੰ ਕਿਹਾ, "ਜੇ ਤੁਹਾਡੇ ਕੋਲ਼ ਟਾਈਮ ਹੈ ਤਾਂ ਆਪਾਂ ਕੁੱਝ ਦੇਰ ਬੈਠ ਕੇ ਗੱਲਬਾਤ ਕਰ ਸਕਦੇ ਹਾਂ?"

"ਕਿਉਂ ਨਹੀਂ ਬਾਬਾ ਜੀ," ਕਹਿ ਕੇ ਰਣਜੀਤ ਨੇ ਵੀਲਚੇਅਰ ਟਰੈਕ ਦੇ ਨਾਲ਼ ਲੱਗੇ ਹੋਏ ਇੱਕ ਬੈਂਚ ਵੱਲ ਤੋਰ ਲਈ। ਬੈਂਚ ਨੇੜੇ ਪਹੁੰਚ ਕੇ ਰਣਜੀਤ ਨੇ ਅਨੂ ਨੂੰ ਬੈਠ ਜਾਣ ਦਾ ਇਸ਼ਾਰਾ ਕੀਤਾ ਤੇ ਬੈਂਚ ਦੇ ਇੱਕ ਪਾਸੇ ਮਨਸਾਧੂ ਸਿੰਘ ਨੇ ਵੀ ਆਸਣ ਲਾ ਕੇ ਕਹਿਣਾ ਸ਼ੁਰੂ ਕੀਤਾ, "ਬੇਟੇ, ਤੁਸੀਂ ਮੈਨੂੰ ਪੜ੍ਹੇ-ਲਿਖੇ ਲਗਦੇ ਹੋ, ਮੇਰੀ ਗੱਲ ਛੇਤੀ ਸਮਝ ਜਾਉਗੇ। ਜਿਵੇਂ ਵਿਗਿਆਨ ਦੇ ਸਿਧਾਂਤ ਹੁੰਦੇ ਨੇ, ਜਿਨ੍ਹਾਂ ਨੂੰ ਕਦੇ ਵੀ ਬਦਲਿਆ ਨਹੀਂ ਜਾ ਸਕਦਾ, ਉਵੇਂ ਹੀ ਕੁੱਝ ਅਧਿਆਤਮਕ ਸਿਧਾਂਤ ਵੀ ਹੁੰਦੇ ਨੇ ਤੇ ਉਹ ਵੀ ਅਟੱਲ ਹੁੰਦੇ ਨੇ। ਇਹ ਸਿਧਾਂਤ ਤੁਹਾਡੇ ਅਤੇ ਕੁਦਰਤ ਦੇ ਵਿਚਾਲ਼ੇ ਕੰਮ ਕਰਦੇ ਨੇ। ਰਹੱਸਵਾਦ ਨੂੰ ਸਮਝਣ ਵਾਲ਼ੇ ਦੁਨੀਆ ਦੇ ਕੁੱਝ ਮਹਾਨ ਲੋਕਾਂ ਨੇ ਇਨ੍ਹਾਂ ਸਿਧਾਂਤਾਂ ਬਾਰੇ ਗੱਲ ਕੀਤੀ ਏ, ਪਰ ਬਹੁਤੇ ਲੋਕੀ ਇਨ੍ਹਾਂ ਸਿਧਾਂਤਾਂ ਤੋਂ ਅਜੇ ਵੀ ਅਣਜਾਣ ਨੇ। ਇਕ ਰੂਹਾਨੀ ਸਿਧਾਂਤ ਇਹ ਵੀ ਏ ਕਿ ਤੁਸੀਂ ਜੋ ਵੀ ਸੱਚੇ ਦਿਲੋਂ ਚਾਹੋ, ਕੁਦਰਤ ਨੂੰ ਉਹ ਪੂਰਾ ਕਰਨਾ ਪੈਂਦਾ ਹੈ। ਜੋ ਵੀ ਤੁਸੀਂ ਆਪਣੇ ਦਿਮਾਗ਼ ਵਿੱਚ ਰੱਖਦੇ ਹੋ, ਪਾਲ਼ਦੇ ਹੋ, ਅੰਤ ਵਿੱਚ ਉਹੀ ਤੁਸੀਂ ਬਾਹਰਲੀ ਦੁਨੀਆ ਵਿੱਚ ਜ਼ਾਹਰ ਕਰਦੇ ਹੋ, ਸਾਬਤ ਕਰਦੇ ਹੋ। ਦੁਨੀਆ ਦਾ ਹਰ ਸਫ਼ਲ ਆਦਮੀ, ਜਾਣੇ-ਅਣਜਾਣੇ ਵਿੱਚ ਇਸ ਸਿਧਾਂਤ ਉੱਤੇ ਅਮਲ ਕਰਦਾ ਰਹਿੰਦਾ ਏ। ਇਸ ਸ੍ਰਿਸ਼ਟੀ ਅੰਦਰ ਹਰ ਚੀਜ਼ ਹੀ ਊਰਜਾ ਏ। ਤੁਹਾਡੇ ਤੁਰਨ-ਫਿਰਨ, ਬੋਲਣ, ਸੋਚਣ ਹਰ ਕਿਰਿਆ ਵਿੱਚ ਹੀ ਊਰਜਾ ਦਾ ਵਹਾਅ ਏ। ਏਸੇ ਤਰ੍ਹਾਂ ਤੁਹਾਡੇ ਸਾਰੇ ਖ਼ਿਆਲ ਵੀ ਊਰਜਾ ਦਾ ਵਹਾਅ ਈ ਨੇ। ਊਰਜਾ 'ਤੇ ਕੇਂਦਰਿਤ ਹੋਇਆ ਜਾਵੇ ਤਾਂ ਊਰਜਾ ਫ਼ੈਲਦੀ ਏ। ਊਰਜਾ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਤਰ੍ਹਾਂ ਦੀ ਹੋ ਸਕਦੀ ਏ। ਤੁਹਾਡਾ ਅ'ਚੇਤਨ ਮਨ ਤੁਹਾਡੇ ਵੱਲੋਂ ਮੁਹੱਈਆ ਕਰਾਈ ਗਈ ਊਰਜਾ ਅਨੁਸਾਰ ਕੰਮ ਕਰਦਾ ਏ। ਜੇ ਤੁਸੀਂ ਚੰਗਾ ਸੋਚਦੇ ਹੋ, ਚੰਗਾ ਚਾਹੁੰਦੇ ਹੋ, ਚੰਗਾ ਭਾਲ਼ਦੇ ਹੋ ਤਾਂ ਤੁਹਾਡਾ ਅ'ਚੇਤਨ ਮਨ ਤੁਹਾਡੀ ਖ਼ਾਤਰ ਉਸ ਚੰਗੇ ਦੀ ਸਿਰਜਣਾ ਕਰਨਾ ਸ਼ੁਰੂ ਕਰ ਦਿੰਦਾ ਏ, ਉਸ ਚੰਗੇ ਨੂੰ ਲੱਭਣ ਅਤੇ

ਉਸ ਤੱਕ ਪਹੁੰਚਣ ਲਈ ਹੀਲੇ-ਵਸੀਲੇ ਬਣਾਉਂਦਾ ਏ। ਇਸ ਦੇ ਉਲਟ, ਜੇ ਤੁਸੀਂ ਆਪਣੇ ਅ'ਚੇਤਨ ਮਨ ਨੂੰ ਨਕਾਰਾਤਮਕ ਊਰਜਾ ਦਿੰਦੇ ਓ ਤਾਂ ਉਹ ਇਸੇ ਊਰਜਾ ਨੂੰ ਫੈਲਾਉਣਾ ਆਰੰਭ ਕਰ ਦਿੰਦਾ ਏ। ਇਸ ਸਾਰੇ ਵਰਤਾਰੇ ਨੂੰ ਸਿੱਧੇ ਅਤੇ ਸੰਖੇਪ ਲਫ਼ਜ਼ਾਂ 'ਚ ਕਹਿਣਾ ਹੋਵੇ ਤਾਂ ਇਉਂ ਵੀ ਕਿਹਾ ਜਾ ਸਕਦਾ ਏ ਕਿ ਜੇ ਤੁਸੀਂ ਚੰਗਾ ਸੋਚਦੇ ਹੋ ਤਾਂ ਚੰਗਾ ਹੁੰਦਾ ਏ, ਜੇ ਤੁਸੀਂ ਮਾੜਾ ਸੋਚਦੇ ਹੋ ਤਾਂ ਮਾੜਾ ਹੁੰਦਾ ਏ। ਇਸ ਤਰ੍ਹਾਂ ਹੀ, ਜੇ ਤੁਸੀਂ ਕਹੋਗੇ ਕਿ ਮੈਂ ਕਦੇ ਠੀਕ ਨਹੀਂ ਹੋਣਾ ਤਾਂ ਤੁਹਾਡੇ ਅ'ਚੇਤਨ ਮਨ ਨੇ ਕਦੇ ਵੀ ਠੀਕ ਹੋਣ ਵਿੱਚ ਤੁਹਾਡੀ ਮਦਦ ਨਹੀਂ ਕਰਨੀ, ਕਿਉਂ ਕਿ ਤੁਸੀਂ ਉਸ ਨੂੰ ਨਕਾਰਾਤਮਕ ਊਰਜਾ ਹੀ ਮੁਹੱਈਆ ਕਰਾਈ ਹੈ ਤੇ ਉਹ, ਇਸੇ ਦਾ ਫੈਲਾਅ ਕਰੇਗਾ," ਮਨਸਾਧੂ ਸਿੰਘ ਨੇ ਆਪਣਾ ਨੁਕਤਾ ਸਿਰੇ ਲਾਇਆ।

"ਪਰ ਬਾਬਾ ਜੀ, ਬੰਦਾ ਤਾਂ ਕਦੇ ਵੀ ਨਹੀਂ ਚਾਹੁੰਦਾ ਕਿ ਉਸ ਨਾਲ਼ ਕੁੱਝ ਮਾੜਾ ਹੋਵੇ, ਫੇਰ ਵੀ ਮਾੜਾ ਕਿਉਂ ਹੋ ਜਾਂਦੈ? ਇੱਕ ਬੱਚਾ ਕਦੇ ਵੀ ਇਹ ਨਹੀਂ ਚਾਹੁੰਦਾ ਕਿ ਉਹ ਸਕੂਲੋਂ ਫ਼ੇਲ੍ਹ ਹੋਵੇ, ਫਿਰ ਵੀ ਕਈ ਬੱਚੇ ਫ਼ੇਲ੍ਹ ਕਿਉਂ ਹੋ ਜਾਂਦੇ ਨੇ?" ਰਣਜੀਤ ਨੂੰ ਬਾਬਾ ਜੀ ਦੇ ਵਿਖਿਆਨ ਵਿੱਚੋਂ ਹੀ ਇਹ ਸੁਆਲ ਲੱਭ ਪਏ।

"ਇਹ ਇਸ ਲਈ ਹੁੰਦਾ ਏ ਬੇਟੇ ਕਿ ਬੰਦਾ ਨਤੀਜਾ ਤਾਂ ਚੰਗਾ ਚਾਹੁੰਦੈ, ਪਰ ਉਸ ਦੇ ਮਨ ਅੰਦਰ ਮਾੜਾ ਹੋਣ ਦਾ ਡਰ ਬਹੁਤ ਪ੍ਰਬਲ ਹੁੰਦਾ ਏ। ਜੇ ਕੋਈ ਬੱਚਾ ਪਾਸ ਹੋਣ ਲਈ ਇਮਤਿਹਾਨ ਦੇ ਰਿਹਾ ਏ ਤਾਂ ਇਮਤਿਹਾਨ ਤੋਂ ਪਹਿਲਾਂ ਉਸ ਨੂੰ ਇਹ ਕਦੇ ਵੀ ਨਹੀਂ ਸੋਚਣਾ ਚਾਹੀਦਾ ਕਿ ਉਹ ਫ਼ੇਲ੍ਹ ਵੀ ਹੋ ਸਕਦੈ। ਫਿਰ ਉਹ ਕਦੇ ਵੀ ਫ਼ੇਲ੍ਹ ਨਹੀਂ ਹੋਵੇਗਾ ਕਿਉਂ ਕਿ ਉਸ ਦਾ ਅ'ਚੇਤਨ ਮਨ, ਉਸ ਨੂੰ ਪਾਸ ਕਰਾਉਣ ਲਈ ਯਤਨ ਸ਼ੁਰੂ ਕਰ ਦੇਵੇਗਾ। ਇਸ ਦੇ ਉਲਟ, ਬੱਚੇ ਇਮਤਿਹਾਨਾਂ ਦੇ ਦਿਨੀਂ ਅੰਦਰੋਂ ਬਹੁਤ ਡਰੇ ਹੁੰਦੇ ਨੇ ਕਿ ਕਿਤੇ ਫ਼ੇਲ੍ਹ ਨਾ ਹੋ ਜਾਈਏ। ਇਹ ਡਰ ਹੀ ਉਨ੍ਹਾਂ ਦੇ ਅ'ਚੇਤਨ ਮਨ ਨੂੰ ਨਕਾਰਾਤਮਕ ਊਰਜਾ ਮੁਹੱਈਆ ਕਰਾਉਂਦਾ ਏ ਅਤੇ ਉਨ੍ਹਾਂ ਦਾ ਅਚੇਤਨ ਮਨ ਇਸ ਮਾੜੀ ਊਰਜਾ ਮੁਤਾਬਿਕ ਹੀ ਨਤੀਜਾ ਦੇ ਦਿੰਦਾ ਏ," ਮਨਸਾਧੂ ਸਿੰਘ ਨੇ ਖੋਲ੍ਹ ਕੇ ਸਮਝਾਇਆ।

"ਤੁਸੀਂ ਠੀਕ ਕਹਿੰਦੇ ਹੋ ਬਾਬਾ ਜੀ। ਚੰਗੀ-ਮਾੜੀ ਐਨਰਜੀ ਬਹੁਤ ਮੈਟਰ ਕਰਦੀ ਏ। ਕਿਸੇ ਦੋਸਤ ਨਾਲ਼ ਮੈਂ ਇੱਕ ਦਿਨ ਗੱਲਾਂ ਕਰ ਰਿਹਾ ਸੀ ਕਿ ਉਹ ਮੈਨੂੰ ਕਹਿੰਦਾ ਕਿ ਕੈਨੇਡਾ ਆ ਕੇ ਅਨਪੜ੍ਹ ਜਿਹੇ ਲੋਕ ਜ਼ਿਆਦਾ ਕਾਮਯਾਬ ਬਿਜ਼ਨਸਮੈਨ ਬਣੇ ਹੋਏ ਨੇ ਜਦੋਂ ਕਿ ਪੜ੍ਹੇ-ਲਿਖੇ ਲੋਕ ਜੌਬਾਂ ਜੋਗੇ ਹੀ ਰਹਿ ਜਾਂਦੇ ਨੇ। ਫਿਰ ਅਸੀਂ ਇਹ ਨਤੀਜਾ ਕੱਢਿਆ ਕਿ ਕਿ ਪੜ੍ਹੇ ਲਿਖੇ-ਲੋਕ ਕੋਈ ਵੀ ਕੰਮ ਸ਼ੁਰੂ ਕਰਨ ਵੇਲ਼ੇ ਉਸ ਦੇ ਸਬੰਧ ਵਿੱਚ ਕਈ ਪੱਖਾਂ ਤੋਂ ਵਿਚਾਰ ਕਰਨ ਲੱਗ ਜਾਂਦੇ ਨੇ। ਤੇ ਹਰ ਪੱਖ ਵਿੱਚ ਪੇਸ਼ ਆਉਣ ਵਾਲ਼ੀਆਂ ਮੁਸ਼ਕਲਾਂ ਤੇ ਨਾਕਾਮੀਆਂ ਦੇਖਣ ਲੱਗ ਜਾਂਦੇ ਨੇ ਜਾਂ ਕਹਿ ਲਓ ਉਨ੍ਹਾਂ ਤੋਂ ਡਰ ਜਾਂਦੇ ਨੇ। ਦੂਜੇ ਪਾਸੇ ਅਨਪੜ੍ਹ ਲੋਕ ਕੋਈ ਵੀ ਕੰਮ-ਕਾਰ ਚਲਾਉਣ ਲੱਗੇ ਬਹੁਤਾ ਤਿੰਨ-ਪੰਜ ਨਹੀਂ ਵਿਚਾਰਦੇ, ਬੱਸ

ਧੁੱਸ ਜਿਹੀ ਦੇ ਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਨੇ ਅਤੇ ਸਫਲ ਹੋ ਜਾਂਦੇ ਨੇ। ਤੁਹਾਡੇ ਕਹਿਣ ਮੁਤਾਬਿਕ ਉਹ ਨੈਗੇਟਿਵ ਐਨਰਜੀ ਨੂੰ ਪੈਦਾ ਹੀ ਨਹੀਂ ਹੋਣ ਦਿੰਦੇ," ਰਣਜੀਤ ਨੇ ਮਨਸਾਧੂ ਸਿੰਘ ਦੇ ਸਿਧਾਂਤ ਨੂੰ ਸਮਝ ਲੈਣ ਦਾ ਸਬੂਤ ਦਿੱਤਾ।

"ਤੁਸੀਂ ਬਿਲਕੁਲ ਸਹੀ ਸਮਝੇ ਹੋ ਬੇਟਾ ਜੀ। ਅਨਪੜ੍ਹਤਾ ਚੰਗੀ ਨਹੀਂ ਏ। ਇਸ ਦੀ ਇੱਕ ਮਾੜੀ ਗੱਲ ਇਹ ਵੀ ਏ ਕਿ ਅਨਪੜ੍ਹ ਆਦਮੀ ਬਹੁਤੀ ਲੰਬੀ ਨਹੀਂ ਸੋਚ ਸਕਦਾ, ਪਰ ਇਹੋ ਔਗੁਣ, ਕਈ ਵਾਰ ਗੁਣ ਬਣ ਜਾਂਦੈ ਤੇ ਉਹ ਆਦਮੀ ਰਿਸਕ ਜਲਦੀ ਲੈ ਲੈਂਦਾ ਏ। ਇਸ ਦੇ ਬਾਵਜੂਦ ਉਹ ਆਦਮੀ, ਆਪਣੇ ਕੰਮ-ਕਾਰ ਵਿੱਚ ਓਨੀ ਤਰੱਕੀ ਨਹੀਂ ਕਰਦਾ, ਜਿੰਨੀਂ ਇੱਕ ਪੜ੍ਹਿਆ-ਲਿਖਿਆ ਬੰਦਾ ਕਰ ਸਕਦਾ ਏ। ਇਸ ਲਈ, ਜੇ ਕੋਈ ਪੜ੍ਹਿਆ-ਲਿਖਿਆ ਆਦਮੀ ਸਕਾਰਾਤਮਕ ਊਰਜਾ ਵਾਲ਼ਾ ਹੋਵੇ ਤਾਂ ਉਹ ਕਿਸੇ ਅਨਪੜ੍ਹ ਨਾਲ਼ੋਂ ਕਈ ਗੁਣਾ ਵੱਧ ਤਰੱਕੀ ਕਰ ਸਕਦਾ ਏ," ਬਾਬਾ ਜੀ ਨੇ ਇਹ ਨੁਕਤਾ ਵੀ ਖੋਲ੍ਹ ਕੇ ਬਿਆਨਿਆ।

ਰਣਜੀਤ ਅਤੇ ਅਨੂ, ਬਾਬਾ ਜੀ ਦੀਆਂ ਗੱਲਾਂ ਬਹੁਤ ਧਿਆਨ ਨਾਲ਼ ਸੁਣ ਰਹੇ ਸਨ। ਉਨ੍ਹਾਂ ਨੂੰ ਇਨ੍ਹਾਂ ਗੱਲਾਂ ਵਿੱਚ ਸੱਚੀਂ ਹੀ ਬਹੁਤ ਦਮ ਨਜ਼ਰ ਆਇਆ। ਰਣਜੀਤ ਨੇ ਕਿਤੇ ਸੁਣਿਆ ਹੋਇਆ ਸੀ ਕਿ ਅਸੀਂ ਜੋ ਵੀ ਸੱਚੇ ਮਨ ਨਾਲ਼ ਮੰਗੀਏ, ਉਹ ਮਿਲ ਜਾਂਦਾ ਏ। ਯਾਨੀ ਜੋ ਤੁਸੀਂ ਸੋਚਦੇ ਹੋ ਉਹੀ ਤੁਸੀਂ ਹਾਸਲ ਕਰ ਜਾਂਦੇ ਹੋ, ਉਹ ਤੁਸੀਂ ਬਣ ਜਾਂਦੇ ਹੋ। ਇਸ ਪਿੱਛੇ ਕੋਈ ਰੂਹਾਨੀ ਸਿਧਾਂਤ ਕੰਮ ਕਰਦਾ ਹੈ, ਇਸ ਦਾ ਇਲਮ ਉਸ ਨੂੰ ਅੱਜ ਹੀ ਹੋਇਆ ਸੀ।

"ਤੁਹਾਡੀਆਂ ਗੱਲਾਂ ਬਹੁਤ ਸੇਧ ਦੇਣ ਵਾਲੀਆਂ ਨੇ ਬਾਬਾ ਜੀ। ਤੁਸੀਂ ਮੈਨੂੰ ਆਪਣਾ ਸ਼ਿੱਸ਼ ਬਣਾ ਲਓ ਤੇ ਆਪਣਾ ਫ਼ੋਨ ਨੰਬਰ ਵੀ ਦੇ ਦਿਓ," ਰਣਜੀਤ ਨੇ ਬਹੁਤ ਹੀ ਸਤਿਕਾਰ ਨਾਲ਼ ਕਿਹਾ।

"ਕਿਉਂ ਨਹੀਂ ਬੇਟੇ, ਮੈਂ ਹਾਲੇ ਢਾਈ ਮਹੀਨੇ ਹੋਰ ਏਥੇ ਰਹਾਂਗਾ। ਫਿਰ ਮੈਂ ਇੰਡੀਆ ਚਲੇ ਜਾਣੈ। ਏਥੇ ਮੈਂ ਆਪਣੀ ਬੇਟੀ ਕੋਲ ਠਹਿਰਿਆ ਹੋਇਆ ਹਾਂ। ਉਸ ਦਾ ਘਰ ਦਾ ਫ਼ੋਨ ਨੰਬਰ ਲੈ ਲਓ, ਮੇਰੇ ਕੋਲ਼ ਆਪਣਾ ਤਾਂ ਕੋਈ ਫ਼ੋਨ ਨਹੀਂ ਏ। ਉਂਝ ਤੁਸੀਂ ਮੈਨੂੰ ਆਪਣਾ ਫ਼ੋਨ ਨੰਬਰ ਵੀ ਦੇ ਦਿਓ," ਬਾਬਾ ਜੀ ਨੇ ਤਾਂ ਜਿੱਦਾਂ ਬੂਹੇ ਹੀ ਖੋਲ੍ਹ ਦਿੱਤੇ। ਇਸ ਪਿੱਛੋਂ ਅਨੂ ਨੇ ਜੇਬ ਵਿਚੋਂ ਇਕ ਪੇਪਰ ਕੱਢ ਕੇ ਰਣਜੀਤ ਦਾ ਫ਼ੋਨ ਨੰਬਰ ਲਿਖ ਕੇ ਬਾਬਾ ਜੀ ਨੂੰ ਦੇ ਦਿੱਤਾ ਅਤੇ ਰਣਜੀਤ ਨੇ ਉਨ੍ਹਾਂ ਦੀ ਬੇਟੀ ਦਾ ਫ਼ੋਨ ਨੰਬਰ ਆਪਣੇ ਫ਼ੋਨ ਵਿੱਚ ਫੀਡ ਕਰ ਲਿਆ। ਇਸ ਤੋਂ ਬਾਅਦ ਉਹ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਆਪਣੇ ਘਰ ਵੱਲ ਤੁਰ ਪਏ।

"ਬਾਬਾ ਜੀ ਦੀਆਂ ਗੱਲਾਂ ਸੱਚੀਂ ਹੀ ਕਮਾਲ ਦੀਆਂ ਸੀ। ਸੰਖੇਪ ਜਿਹੇ ਵਿੱਚ ਹੀ ਕਿੰਨੀਂ ਡੂੰਘੀ ਗੱਲ ਸਮਝਾ ਗਏ," ਅਨੂ ਨੇ ਉੱਥੋਂ ਤੁਰਦੇ ਸਾਰ ਹੀ ਹੌਲ਼ੀ ਜਿਹੇ ਰਣਜੀਤ ਨੂੰ ਕਿਹਾ।

"ਅਨੂ, ਇਹੋ ਜਿਹੇ ਸੰਜਮ ਪਿੱਛੇ ਬਹੁਤੀ ਵਾਰ ਉਮਰ ਭਰ ਦੀ ਸਾਧਨਾ

ਹੁੰਦੀ ਏ," ਰਣਜੀਤ ਨੇ ਕਿਸੇ ਦਾਰਸ਼ਨਿਕ ਵਾਂਗ ਕਿਹਾ।

"ਸੱਚ, ਤੁਸੀਂ ਕਿੱਦਾਂ ਜਾਣਦੇ ਸੀ ਇਨ੍ਹਾਂ ਬਾਬਾ ਜੀਆਂ ਨੂੰ? ਤਾਸ਼ ਆਲ਼ੇ ਬਾਬਿਆਂ ਨਾਲ਼ ਤੁਹਾਡੀ ਗੱਲ-ਬਾਤ ਕਿੱਦਾਂ ਰਹੀ?" ਅਨੂ ਪੁੱਛਣ ਲੱਗੀ।

"ਠੀਕ ਈ ਸੀ, ਬਾਬੇ ਰੌਣਕੀ ਨੇ, ਸੋਹਣਾ ਜੀਅ ਲਾਉਂਦੇ ਆ। ਅਸਲ ਵਿੱਚ ਉਨ੍ਹਾਂ ਨੇ ਹੀ ਮੈਨੂੰ ਦੱਸਿਆ ਸੀ ਇਨ੍ਹਾਂ ਬਾਬਾ ਜੀਆਂ ਬਾਰੇ ਪਈ ਬੜੇ ਗਿਆਨਵਾਨ ਨੇ। ਇਹ ਸੁਣ ਕੇ ਮੈਨੂੰ ਖ਼ਿਆਲ ਆਇਆ ਕਿ ਮਨਾਂ ਮਿਲ਼ ਕੇ ਹੀ ਦੇਖ ਲੈਨੇ ਆਂ," ਰਣਜੀਤ ਨੇ ਜੁਆਬ ਦਿੱਤਾ।

"ਚਲੋ, ਜਿੱਦਣ ਵੀ ਮੌਸਮ ਚੰਗਾ ਹੋਇਆ, ਮੈਂ ਤੁਹਾਨੂੰ ਏਥੇ ਘੁਮਾ ਲਿਜਾਇਆ ਕਰਾਂਗੀ। ਨਾਲ਼ੇ ਏਸੇ ਪੱਜ ਮੈਂ ਵੀ ਥੋੜ੍ਹੀ ਜਿਹੀ ਵਾਕ ਕਰ ਲਿਆ ਕਰਾਂਗੀ," ਅਨੂ ਨੇ ਕਿਹਾ।

"ਇੱਕ ਗੱਲ ਪੁੱਛਾਂ ਅਨੂ?" ਰਣਜੀਤ ਨੇ ਝਿਜਕਦੇ ਹੋਏ ਕਿਹਾ।

"ਪੁੱਛੋ ਜੋ ਪੁੱਛਣੈ"

"ਤੂੰ ਇੱਕ ਸ਼ਿਅਰ ਬੋਲਿਆ ਸੀ, ਜਿਸ ਵਿੱਚ ਬੜਾ ਈ ਦਰਦ ਸੀ," ਰਣਜੀਤ ਨੇ ਅਜੇ ਇੰਨਾ ਹੀ ਕਿਹਾ ਸੀ ਕਿ ਅਨੂ ਬੋਲ ਪਈ, "ਉਹ ਮੇਰਾ ਈ ਲਿਖਿਆ ਹੋਇਐ। ਮੈਂ ਥੋੜ੍ਹੀ-ਬਹੁਤ ਪੋਇਟਰੀ ਵੀ ਲਿਖ ਲੈਨੀ ਆਂ ਤੇ ਕਦੇ-ਕਦੇ ਸ਼ਾਇਰੀ ਦੀ ਕਿਸੇ ਮਹਿਫ਼ਲ 'ਚ ਵੀ ਜਾ ਆਉਨੀ ਆਂ। ਏਥੇ ਸਰੀ 'ਚ ਦੋ ਤਿੰਨ ਥਾਂ ਸਾਹਿਤਕ ਮੀਟਿੰਗਾਂ ਹੁੰਦੀਆਂ ਨੇ ਹਰ ਮਹੀਨੇ।"

"ਓਹ ਅੱਛਾ! ਇਸ ਦਾ ਮਤਲਬ ਹੁਣ ਮੈਂ ਇੱਕ ਸ਼ਾਇਰਾ ਦੀ ਨਿਗਰਾਨੀ ਹੇਠ ਹੋਇਆ ਕਰਾਂਗਾ," ਰਣਜੀਤ ਨੇ ਹੱਸਦਿਆਂ ਹੋਇਆਂ ਕਿਹਾ।

"ਹਾਂ ਜੀ, ਹੁਣ ਮੈਂ ਆਪਣੀ ਫਜ਼ੂਲ ਜਿਹੀ ਸ਼ਾਇਰੀ ਸੁਣਾ-ਸੁਣਾ, ਤੁਹਾਡਾ ਸਿਰ ਦੁਖਣ ਲਾ ਦਿਆ ਕਰਨਾ," ਅਨੂ ਨੇ ਵੀ ਠਹਾਕਾ ਮਾਰਿਆ।

"ਅਨੂ, ਸ਼ਾਇਦ ਤੈਨੂੰ ਇਲਮ ਨਹੀਂ ਕਿ ਮੈਨੂੰ ਵੀ ਸ਼ਾਇਰੀ ਦਾ ਭੁਸ ਏ, ਮੇਰਾ ਵੀ ਕਦੇ-ਕਦੇ ਜੀਅ ਕਰਦੈ ਕਿ ਆਪਣੇ ਮਨ ਦਾ ਹਾਲ ਕਵਿਤਾ ਰਾਹੀਂ ਜ਼ਾਹਰ ਕਰਿਆ ਕਰਾਂ। ਚੱਲ ਹੁਣ ਤੇਰੇ ਨਾਲ਼ ਇਹ ਭੁਸ ਵੀ ਪੂਰਾ ਕਰ ਲਿਆ ਕਰਾਂਗੇ," ਇਹ ਕਹਿੰਦਿਆਂ ਰਣਜੀਤ ਦੀਆਂ ਨਜ਼ਰਾਂ ਅਨੂ ਦੇ ਚਿਹਰੇ ਤੇ ਟਿਕੀਆਂ ਹੋਈਆਂ ਸਨ।

"ਤੁਸੀਂ ਸਹੀਂ ਕਹਿੰਦੇ ਹੋ ਰਣਜੀਤ, ਆਪਣੇ ਦਰਦ ਸ਼ਬਦਾਂ ਹਵਾਲ਼ੇ ਕਰਨਾ ਹੀ ਸ਼ਾਇਰੀ ਏ। ਦਰਦ ਸ਼ਬਦਾਂ ਨੂੰ ਦੇ ਕੇ ਮਨ ਹੌਲ਼ਾ ਹੋ ਜਾਂਦਾ ਏ," ਅਨੂ ਦੇ ਸ਼ਬਦਾਂ ਵਿੱਚ ਵੀ ਸ਼ਾਇਰੀ ਉੱਤਰ ਆਈ ਸੀ।

"ਤੂੰ ਜੇ ਸਾਹਿਤਕਾਰਾਂ ਦੀ ਸੰਗਤ ਕਰਦੀ ਰਹਿਨੀ ਏਂ ਤਾਂ ਇਹ ਬਹੁਤ ਵਧੀਆ ਗੱਲ ਏ ਅਨੂ। ਸਾਹਿਤ ਸਾਡੇ ਅੰਦਰਲੀ ਖ਼ਾਮੋਸ਼ੀ ਨੂੰ ਜ਼ੁਬਾਨ ਦਿੰਦਾ ਏ। ਕਲਮ ਦੇ ਸਾਧਕ ਇਹ ਲੋਕ, ਸਮਾਜ ਦਾ ਸ਼ੀਸ਼ਾ ਹੁੰਦੇ ਨੇ। ਮੈਂ ਇਹੋ ਜਿਹੇ ਲੋਕਾਂ ਦੀ ਸੰਗਤ ਮਾਨਣ ਦਾ ਹਮੇਸ਼ਾ ਚਾਹਵਾਨ ਰਹਿਨਾ। ਮੇਰਾ ਚਿੱਤ ਕਰਦਾ ਰਹਿੰਦੈ ਸਾਹਿਤ

ਪੜ੍ਹਾਂ, ਉਸ ਵਿੱਚ ਡੂੰਘਾ ਉੱਤਰ ਕੇ, ਉੱਚਾ ਉੱਠ ਜਾਵਾਂ। ਸਾਜ਼ਿਸ਼ੀ ਤੇ ਸਿਆਸੀ ਜਹਾਨ ਤੋਂ ਦੂਰ, ਇਹੋ ਜਿਹੇ ਸੰਤ-ਸਰੂਪ ਲੋਕਾਂ ਦੀ ਸੰਗਤ ਮਾਣਾਂ," ਰਣਜੀਤ ਦਾ ਦਿਲ ਸ਼ਬਦਾਂ ਦਾ ਰੂਪ ਧਾਰਨ ਕਰ ਗਿਆ ਸੀ।

ਅਨੂ ਨਿੰਮਾ ਜਿਹਾ ਮੁਸਕਰਾਈ ਤੇ ਕਹਿਣ ਲੱਗੀ,"ਪਹਿਲਾਂ ਮੈਂ ਵੀ ਏਦਾਂ ਹੀ ਸਮਝਦੀ ਹੁੰਦੀ ਸੀ ਕਿ ਇਹ ਬਹੁਤ ਹੀ ਉੱਚੇ ਕਿਰਦਾਰਾਂ ਵਾਲ਼ੇ ਲੋਕ ਹੁੰਦੇ ਹੋਣਗੇ, ਦੁਨੀਆ ਨਾਲੋਂ ਵੱਖਰੇ ਹੁੰਦੇ ਹੋਣਗੇ, ਵਲ਼-ਛਲ਼ ਜਾਂ ਸਿਆਸਤ ਤੋਂ ਦੂਰ ਹੁੰਦੇ ਹੋਣਗੇ, ਪਰ ਉਨ੍ਹਾਂ ਨੂੰ ਮਿਲਣ-ਗਿਲਣ ਮਗਰੋਂ ਮੈਨੂੰ ਲੱਗਿਆ ਕਿ ਮੇਰੀ ਇਹ ਸੋਚ, ਮੇਰਾ ਭਰਮ ਹੀ ਸੀ।"

"ਹੈਂ-ਹੈਂ, ਉਹ ਕਿੱਦਾਂ। ਇਹੋ ਜਿਹਾ ਕਿਹੜਾ ਅਨੁਭਵ ਹੋ ਗਿਆ ਤੇਰਾ ਕਿ ਤੈਨੂੰ ਸ਼ਾਇਰੀ ਕਰਨ ਵਾਲ਼ੇ ਲੋਕ ਛੋਟੇ ਲੱਗਣ ਲੱਗ ਪਏ। ਕਵਿਤਾ ਰਾਹੀਂ ਬ੍ਰਹਿਮੰਡ ਦਾ ਗਿਆਨ ਸਮੇਟ ਲੈਣ ਵਾਲ਼ੇ ਲੋਕ ਆਮ ਤੇ ਛੋਟੇ ਕਿੱਦਾਂ ਹੋ ਸਕਦੇ ਹਨ ?" ਰਣਜੀਤ ਸਾਰੇ ਦਾ ਸਾਰਾ ਸੁਆਲ ਬਣਿਆ ਹੋਇਆ ਸੀ।

ਬੋਲਣ ਤੋਂ ਪਹਿਲਾਂ ਅਨੂ ਨੇ ਆਪਣਾ ਗਲ਼ਾ ਖੰਘਾਰਿਆ ਤੇ ਕਹਿਣ ਲੱਗੀ, "ਮੈਂ ਸਾਲ-ਡੇਢ ਸਾਲ, ਦੋ-ਤਿੰਨ ਸਭਾਵਾਂ ਵਿੱਚ ਲਗਾਤਾਰ ਜਾਂਦੀ ਰਹੀ ਹਾਂ। ਮੇਰੇ ਖ਼ਿਆਲ ਮੁਤਾਬਕ, ਇਹ ਸਭਾਵਾਂ ਵੀ ਇੱਕ ਤਰ੍ਹਾਂ ਨਾਲ਼, ਲੇਖਕਾਂ ਦੀ ਧੜੇਬਾਜ਼ੀ ਦੀ ਪੈਦਾਵਾਰ ਹੀ ਹੁੰਦੀਆਂ ਨੇ। ਹਰੇਕ ਸਭਾ ਆਪਣੇ ਖ਼ਾਸੋ-ਖ਼ਾਸ ਲੇਖਕਾਂ ਨੂੰ ਪ੍ਰਮੋਟ ਕਰਦੀ ਏ। ਇਹ ਵੱਖਰੀ ਗੱਲ ਏ ਕਿ ਉਨ੍ਹਾਂ ਨੂੰ ਚੱਜ ਨਾਲ਼ ਲਿਖਣਾ ਆਉਂਦਾ ਹੋਵੇ ਭਾਵੇਂ ਨਾ। ਇੱਕ ਤੋਂ ਵੱਧ ਗਰੁੱਪਸ ਵਿੱਚ ਜਾਣ ਵਾਲ਼ਾ ਜਾਂ ਕਿਸੇ ਹੋਰ ਗਰੁੱਪ ਨਾਲ਼ ਵੀ ਸਬੰਧ ਰੱਖਣ ਵਾਲ਼ਾ ਲੇਖਕ ਭਾਵੇਂ ਕਿੰਨਾ ਵੀ ਵਧੀਆ ਹੋਵੇ, ਉਸ ਦੀ ਪੁੱਛ-ਪ੍ਰਤੀਤ ਘੱਟ ਹੀ ਹੁੰਦੀ ਏ। ਇਨ੍ਹਾਂ ਗੁਰੱਪਾਂ ਵਿੱਚ ਆਲੋਚਨਾ ਸੁਣਨਾ ਕਿਸੇ ਨੂੰ ਵੀ ਪਸੰਦ ਨਹੀਂ। ਆਲੋਚਨਾ ਕਰਨ ਵਾਲ਼ੇ ਲੇਖਕ ਨੂੰ ਤਾਂ ਓਦਾਂ ਹੀ ਚੰਗਾ ਨਹੀਂ ਸਮਝਿਆ ਜਾਂਦਾ। ਇੰਡੀਆ ਤੋਂ ਕੋਈ ਮਾੜਾ-ਮੋਟਾ ਲੇਖਕ ਵੀ ਆ ਜਾਵੇ ਤਾਂ ਸਾਰੀਆਂ ਸਭਾਵਾਂ ਉਸ ਨੂੰ ਆਪਣੇ ਵੱਲ ਖਿੱਚਣਾ ਸ਼ੁਰੂ ਕਰ ਦਿੰਦੀਆਂ ਨੇ। ਫਿਰ ਜੇ ਉਹ ਇੱਕ ਸਭਾ ਵਿੱਚ ਚਲਿਆ ਜਾਵੇ ਤਾਂ ਹੋਰ ਸਭਾਵਾਂ ਪਿੱਛੇ ਹਟ ਜਾਂਦੀਆਂ ਨੇ ਤੇ ਮੁੜ ਕੇ ਉਸ ਨੂੰ ਮੂੰਹ ਨਹੀਂ ਲਾਉਂਦੀਆਂ। ਜਿਸ ਸਭਾ ਵਿੱਚ ਉਹ ਚਲਿਆ ਜਾਵੇ, ਉਹ ਗਰੁੱਪ ਉਸ ਨੂੰ ਪਲਕਾਂ 'ਤੇ ਬਿਠਾ ਕੇ ਉਸ ਦੇ ਗਲ਼ ਵਿੱਚ ਹਾਰ ਪਾਉਂਦਾ ਹੈ ਤਾਂ ਸਿਰਫ਼ ਇਹ ਸੋਚ ਕੇ ਕਿ ਜਦੋਂ ਉਸ ਗਰੁੱਪ ਦੇ ਅਹੁਦੇਦਾਰ ਆਪ ਭਾਰਤ ਜਾਣਗੇ ਤਾਂ ਉਹ ਲੇਖਕ, ਉਨ੍ਹਾਂ ਦਾ ਮਾਣ-ਤਾਣ ਕਰਾਉਣ ਦਾ ਕੋਈ ਜੁਗਾੜ ਕਰੇਗਾ। ਹਰ ਥਾਂ ਉਹੀ ਹਾਲ ਏ ਪਈ ਸੱਜਾ ਧੋਵੇ ਖੱਬੇ ਨੂੰ ਤੇ ਖੱਬਾ ਧੋਵੇ ਸੱਜੇ ਨੂੰ। ਯਾਨੀ ਮੈਂ ਤੇਰੀ ਸਿਫ਼ਤ ਤਾਂ ਹੀ ਕਰਾਂਗਾ, ਜੇ ਤੂੰ ਮੇਰੀ ਕਰੇਂਗਾ। ਕੁੱਲ ਮਿਲ਼ਾ ਕੇ ਇਨ੍ਹਾਂ ਸਭਾਵਾਂ ਦਾ ਮਕਸਦ, ਸਾਹਿਤ ਦੀ ਸੇਵਾ ਘੱਟ ਤੇ ਨਿੱਜੀ ਸੇਵਾ ਬਹੁਤਾ ਏ। ਚੰਗਾ ਲਿਖਣ ਵਾਲ਼ੇ ਲੋਕ, ਇਨ੍ਹਾਂ ਮਹਿਫ਼ਿਲਾਂ ਤੋਂ ਕਿਨਾਰਾ ਕਰ ਲੈਂਦੇ ਨੇ। ਜਿਉਂ-ਜਿਉਂ ਤੁਸੀਂ ਇਨ੍ਹਾਂ ਮਹਿਫਲਿਾਂ ਅੰਦਰ ਡੂੰਘੇ

ਉੱਤਰਦੇ ਹੋ, ਤੁਹਾਨੂੰ ਇਹ ਲੀਰਾਂ ਵਾਲੀ ਖੁੱਦੋ ਹੀ ਜਾਪਣ ਲੱਗ ਪੈਂਦੀਆਂ ਨੇ। ਮੈਂ ਤਾਂ ਕੁੱਝ ਸਿੱਖਣ ਦੀ ਲਾਲਸਾ ਨਾਲ਼ ਹੀ ਗਈ ਸਾਂ। ਮੈਂ ਤਾਂ ਇਹੋ ਦੇਖਿਆ ਕਿ ਜੇ ਨਵੇਂ ਬੰਦੇ ਵਿੱਚ ਸੰਭਾਵਨਾਵਾਂ ਹੋਣ ਤਾਂ ਉਸ ਨੂੰ ਹੱਲਾ-ਸ਼ੇਰੀ ਦੇਣ ਦੀ ਥਾਂ ਬਹੁਤੇ ਸਭਾਵਾਂ ਵਾਲ਼ੇ ਉਸ ਨਾਲ਼ ਖ਼ਾਰ ਖਾਣ ਲੱਗ ਪੈਂਦੇ ਨੇ। ਹੋ ਸਕਦਾ ਮੈਂ ਗ਼ਲਤ ਹੋਵਾਂ, ਪਰ ਮੇਰਾ ਅਨੁਭਵ ਤਾਂ ਇਹੋ ਜਿਹਾ ਈ ਏ।"

"ਅੱਛਾ! ਹੱਦ ਹੋ ਗਈ! ਫਿਰ ਤਾਂ ਇਹ ਲੋਕ ਵੀ ਹੋਰਨਾਂ ਵਰਗੇ ਈ ਹੋਏ। ਓਦਾਂ ਜਿੱਦਾਂ ਤੂੰ ਕਿਹੈ ਕਿ ਚੰਗੇ ਲੇਖਕ ਸਭਾਵਾਂ ਤੋਂ ਦੂਰ ਹੋ ਜਾਂਦੇ ਨੇ ਤਾਂ ਇਸ ਦਾ ਮਤਲਬ ਇਹ ਵੀ ਹੋਇਆ ਕਿ ਇਹੋ ਜਿਹੇ ਸੰਤ-ਸਰੂਪ ਲੇਖਕ ਵੀ ਹੈਗੇ ਨੇ, ਜੋ ਹੋਣ ਤਾਂ ਭਾਵੇਂ ਥੋੜ੍ਹੇ ਹੀ ਪਰ ਉਹ 'ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਬੈਰ' ਵਾਲ਼ੀ ਸੋਚ 'ਤੇ ਪਹਿਰਾ ਦਿੰਦੇ ਨੇ," ਰਣਜੀਤ ਨੇ ਕਿਹਾ।

"ਹਾਂ ਜੀ ਅਜਿਹੇ ਕਾਫ਼ੀ ਲੇਖਕ ਨੇ, ਜੋ ਸਿਰਫ਼ ਆਪਣੀ ਸਿਰਜਣਾ ਵੱਲ ਧਿਆਨ ਦਿੰਦੇ ਨੇ ਅਤੇ ਬੇਲੋੜੀ ਪੌਲੀਟਿਕਸ ਤੋਂ ਦੂਰ ਹੀ ਰਹਿੰਦੇ ਨੇ," ਅਨੂ ਨੇ ਜੁਆਬ ਦਿੱਤਾ।

"ਫਿਰ ਵੀ ਇਨ੍ਹਾਂ ਸਭਾਵਾਂ ਦਾ ਕੋਈ ਤਾਂ ਫ਼ਾਇਦਾ ਹੁੰਦਾ ਹੀ ਹੋਵੇਗਾ ਅਨੂ ?" ਰਣਜੀਤ ਨੇ ਮਨ 'ਚ ਆਇਆ ਸੁਆਲ ਪੁੱਛ ਲਿਆ।

"ਹਾਂ ਫ਼ਾਇਦੇ ਵੀ ਨੇ, ਜਿੱਦਾਂ ਮਹੀਨੇ ਬਾਅਦ ਲੇਖਕ ਇੱਕ-ਦੂਜੇ ਨੂੰ ਮਿਲ਼-ਗਿਲ਼ ਲੈਂਦੇ ਨੇ, ਸਾਹਿੱਤਿਕ ਸੰਸਾਰ ਦੀਆਂ ਖ਼ਬਰਾਂ ਮਿਲ਼ ਜਾਂਦੀਆਂ ਨੇ, ਕਈ ਲੋਕ ਕਿਸੇ ਗਰੁੱਪ ਦਾ ਹਿੱਸਾ ਹੁੰਦੇ ਹੋਏ ਵੀ ਬਹੁਤ ਸੋਹਣਾ ਲਿਖਦੇ ਨੇ ਤੇ ਉਨ੍ਹਾਂ ਦੀਆਂ ਰਚਨਾਵਾਂ ਸੁਣ ਕੇ ਬਹੁਤ ਕੁੱਝ ਸਿੱਖਣ ਨੂੰ ਮਿਲ਼ ਜਾਂਦੈ। ਇੰਡੀਆ ਤੋਂ ਆਉਣ ਵਾਲ਼ੇ ਚੰਗੇ-ਮਾੜੇ, ਹਰ ਤਰ੍ਹਾਂ ਦੇ ਲੇਖਕਾਂ ਨਾਲ਼ ਮੇਲ਼-ਗੇਲ਼ ਹੋ ਜਾਂਦਾ, ਅਖ਼ਬਾਰਾਂ ਵਿੱਚ ਫ਼ੋਟੋਆਂ ਛਪ ਜਾਂਦੀਆਂ, ਕਿਤਾਬਾਂ ਛਪਵਾਉਣ ਦੇ ਢੰਗ-ਤਰੀਕਿਆਂ ਦਾ ਪਤਾ ਲੱਗ ਜਾਂਦੈ, ਮੀਡੀਏ ਨਾਲ਼ ਜਾਣ-ਪਛਾਣ ਹੋ ਜਾਂਦੀ ਏ ਤੇ ਨਵੇਂ ਦੋਸਤ ਵੀ ਬਣ ਜਾਂਦੇ ਨੇ ਵਗ਼ੈਰਾ ਵਗ਼ੈਰਾ," ਅਨੂ ਨੇ ਸਭਾਵਾਂ ਦੇ ਕੁੱਝ ਫ਼ਾਇਦੇ ਗਿਣਾਏ।

"ਚਲੋ ਕੁੱਝ ਵੀ ਹੋਵੇ ਅਨੂ, ਹਰ ਚੀਜ਼ ਦੇ ਚੰਗੇ-ਮਾੜੇ ਪੱਖ ਹੁੰਦੇ ਨੇ। ਇਸ ਦੁਨੀਆ 'ਤੇ ਕਲਯੁਗ ਦਾ ਪ੍ਰਭਾਵ ਵੀ ਤਾਂ ਸਪੱਸ਼ਟ ਏ। ਕਈ ਲੇਖਕ, ਪਾਠਕਾਂ ਦਾ ਪੱਧਰ ਨੀਵਾਂ ਹੋਣ ਕਰ ਕੇ ਵੀ ਉੱਚੇ ਉੱਠ ਜਾਂਦੇ ਨੇ। ਕਈ ਵਾਰੀ ਕਿਸੇ ਗ਼ਜ਼ਲ ਵਿੱਚ ਭਰਤੀ ਪਾਉਣ ਲਈ ਲਿਖੇ ਹੋਏ ਸ਼ਿਅਰ ਵੀ ਪਾਠਕਾਂ ਦਾ ਪੱਧਰ ਨੀਵਾਂ ਹੋਣ ਦੀ ਵਜ੍ਹਾ ਨਾਲ਼ ਮਕਬੂਲ ਹੋ ਜਾਂਦੇ ਨੇ। ਪਰ ਓਦਾਂ:

***'ਜ਼ਿੰਦਗੀ ਦੇ ਮੰਚ 'ਤੇ ਭਾਵੇਂ ਹੀ ਵੱਖਰੇ ਰੋਲ਼ ਨੇ***
***ਉਂਝ ਤੇਰੇ ਦਰਦਾਂ ਜਿਹੇ ਹੀ ਦਰਦ ਮੇਰੇ ਕੋਲ਼ ਨੇ'***

ਮੈਂ ਤੇਰਾ ਇਹ ਸ਼ਿਅਰ ਸੁਣਨ ਤੋਂ ਬਾਅਦ ਇਹ ਅਨੁਮਾਨ ਲਾ ਲਿਆ ਸੀ ਕਿ ਤੂੰ

ਇੱਕ ਚੰਗੀ ਸ਼ਾਇਰਾ ਬਣ ਸਕਦੀ ਏਂ। ਤੇਰੇ ਦਰਦ ਦੀ, ਤੇਰੀ ਸ਼ਾਇਰੀ ਵਿੱਚ ਬਹੁਤ ਅਹਿਮ ਭੂਮਿਕਾ ਹੋ ਸਕਦੀ ਏ। ਇਹ ਦਰਦ ਹੀ ਤੇਰੇ ਸ਼ਬਦਾਂ ਵਿੱਚ ਘੁਲ਼ ਕੇ ਸ਼ਬਦਾਂ ਨੂੰ ਅੰਮ੍ਰਿਤ ਕਰ ਦਿੰਦਾ ਏ। ਅਸਲ ਵਿੱਚ ਉਸ ਸ਼ਿਅਰ ਦਾ ਜ਼ਿਕਰ ਕਰਨ ਵਿੱਚ ਮੇਰਾ ਮਕਸਦ ਇਹੋ ਪੁੱਛਣਾ ਸੀ ਕਿ ਇਸ ਸ਼ਿਅਰ ਵਿਚਲਾ ਇਹ ਦਰਦ ਅਸਲ ਵਿੱਚ ਕੀ ਏ?" ਰਣਜੀਤ ਨੇ ਇਹ ਕਹਿੰਦਿਆਂ ਅਨੂ ਵੱਲ ਦੇਖਿਆ।

"ਪਹਿਲੇ ਦਿਨ ਹੀ ਸਭ ਕੁੱਝ ਪੁੱਛ ਲਓਗੇ ਰਣਜੀਤ ਜੀ? ਆਪਾਂ ਹੁਣ ਘੱਟੋ-ਘੱਟ ਸਾਢੇ ਤਿੰਨ ਮਹੀਨੇ ਇੱਕ-ਦੂਜੇ ਦੀ ਸੰਗਤ ਕਰਾਂਗੇ। ਆਪਾਂ ਇਹੋ ਜਿਹੀਆਂ ਗੱਲਾਂ ਹੀ ਕਰਿਆ ਕਰਨੀਆਂ ਨੇ," ਅਨੂ ਵੱਲੋਂ ਇਹ ਕਹਿਣ ਵੇਲ਼ੇ ਉਹ ਦੋਵੇਂ ਜਣੇ ਘਰ ਅੱਗੇ ਪਹੁੰਚ ਗਏ ਸਨ। ਜਦੋਂ ਉਹ ਘਰ ਦੇ ਅੰਦਰ ਦਾਖ਼ਲ ਹੋਏ ਤਾਂ ਸੋਨੀਆ ਕਿਚਨ ਵਿੱਚ ਕੁੱਝ ਕਰ ਰਹੀ ਸੀ।

"ਇਹ ਅਨੂ ਏ ਸੋਨੀਆ। ਇਸ ਨੇ ਅੱਜ ਤੋਂ ਦੋ ਘੰਟੇ ਸਵੇਰੇ ਅਤੇ ਦੋ ਘੰਟੇ ਸ਼ਾਮ ਨੂੰ ਆਇਆ ਕਰਨਾ ਏਂ," ਰਣਜੀਤ ਨੇ ਸੋਨੀਆ ਨੂੰ ਅਨੂ ਬਾਰੇ ਦੱਸਿਆ। ਸੋਨੀਆ ਨੇ ਅਨੂ ਵੱਲ ਬਹੁਤ ਗ਼ੌਰ ਨਾਲ਼ ਦੇਖਿਆ। ਰਣਜੀਤ ਨੂੰ ਕਿਸੇ ਸਿਆਣੇ ਦੀ ਕਹੀ ਹੋਈ ਉਹ ਗੱਲ ਚੇਤੇ ਆ ਗਈ ਕਿ ਜਦੋਂ ਇੱਕ ਜ਼ਨਾਨੀ, ਦੂਜੀ ਜ਼ਨਾਨੀ ਵੱਲ ਬਹੁਤ ਗ਼ੌਰ ਨਾਲ਼ ਦੇਖੇ ਤਾਂ ਇੱਕ ਤਰ੍ਹਾਂ ਨਾਲ਼ ਉਹ, ਦੂਜੀ ਵਿੱਚ ਕੋਈ ਕਾਣ ਲੱਭ ਰਹੀ ਹੁੰਦੀ ਹੈ। ਅਨੂ, ਸੋਨੀਆ ਨੂੰ 'ਹੈਲੋ' ਕਹਿ ਕੇ ਡਿਨਰ ਤਿਆਰ ਕਰਾਉਣ ਵਿੱਚ ਉਸ ਦੀ ਮਦਦ ਕਰਨ ਲੱਗ ਪਈ।

"ਅੱਜ ਤੂੰ ਕੁੱਝ ਛੇਤੀ ਨਹੀਂ ਆ ਗਈ ਸੋਨੀਆ?" ਰਣਜੀਤ ਨੇ ਪੁੱਛਿਆ।

"ਹਾਂ ਰੈਂਡੀ, ਮੈਂ ਕੰਮ ਬਦਲ ਲਿਐ। ਮੈਂ ਹੁਣ ਬਾਜਵਾ ਟਰੈਵਲ ਜੁਆਇਨ ਕਰ ਲਿਐ," ਸੋਨੀਆ ਨੇ ਜੁਆਬ ਦਿੱਤਾ।

"ਕੀ ਗੱਲ ਹੋ ਗਈ? 'ਕਦੀਮ ਟਰੈਵਲ' ਨਾਲ਼ ਕੋਈ ਪੰਗਾ ਪੈ ਗਿਆ?" ਰਣਜੀਤ ਨੇ ਹੈਰਾਨ ਹੋ ਕੇ ਕਿਹਾ।

"ਨਹੀਂ ਪੰਗਾ ਤਾਂ ਕੋਈ ਨਹੀਂ, ਓਦਾਂ ਹੀ ਬਾਜਵਾ ਟਰੈਵਲ ਵਾਲ਼ਿਆਂ ਨੇ ਸੋਹਣਾ ਪੇ-ਪੈਕੇਜ ਆਫ਼ਰ ਕੀਤਾ ਸੀ। ਬੈੱਨੀਫਿੱਟ ਵਗ਼ੈਰਾ ਕਾਫ਼ੀ ਨੇ। ਪਿਛਲੇ ਹਫ਼ਤੇ ਇੰਟਰਵਿਊ ਦਿੱਤੀ, ਉਨ੍ਹਾਂ ਨੇ ਹਾਇਰ ਕਰ ਲਿਆ। ਮੈਂ ਅੱਜ ਪਹਿਲੇ ਦਿਨ ਈ ਗਈ ਸੀ," ਸੋਨੀਆ ਨੇ ਜੁਆਬ ਦਿੱਤਾ। ਅੱਗੋਂ ਰਣਜੀਤ ਕੁੱਝ ਨਾ ਬੋਲਿਆ। ਉਹ ਜਾਣਦਾ ਸੀ ਕਿ ਵਧੇਰੇ ਪੈਸੇ ਮਿਲਣ ਤਾਂ ਸੋਨੀਆ ਨਾਂਹ ਕਰ ਹੀ ਨਹੀਂ ਸਕਦੀ।

ਡਿਨਰ ਬਣਾਉਣ ਤੋਂ ਬਾਅਦ ਅਨੂ, ਰਣਜੀਤ ਨੂੰ ਉੱਪਰਲੇ ਕਮਰੇ ਵਿੱਚ ਲੈ ਗਈ ਅਤੇ ਉਸ ਨੇ ਵੀਲਚੇਅਰ ਤੋਂ ਉੱਤਰ ਕੇ ਬੈੱਡ ਤੱਕ ਜਾਣ 'ਚ ਉਸ ਦੀ ਮਦਦ ਕੀਤੀ। ਉਸ ਨੂੰ ਬੈੱਡ ਤੇ ਬਿਠਾ ਕੇ, ਉਹ ਥੱਲਿਓਂ ਉਸ ਲਈ ਖਾਣਾ ਪਾ ਲਿਆਈ। ਰਣਜੀਤ ਖਾਣਾ ਖਾਂਦਾ ਰਿਹਾ ਤੇ ਅਨੂ ਨੇੜੇ ਕੁਰਸੀ ਤੇ ਬੈਠੀ ਰਹੀ।

"ਮੈਂ ਤੁਹਾਡੀ ਵਾਈਫ਼ ਕੋਲੋਂ ਪੁੱਛਦੀ ਸਾਂ ਕਿ ਤੁਹਾਨੂੰ ਕੀ-ਕੀ ਖਾਣਾ

ਚੰਗਾ ਲੱਗਦਾ ਏ," ਅਨੂ ਬੋਲੀ।

"ਫਿਰ ਕੀ ਕਹਿੰਦੀ ਉਹ ?" ਰਣਜੀਤ ਨੇ ਅਨੂ ਵੱਲ ਦੇਖਦਿਆਂ ਪੁੱਛਿਆ।

"ਕਹਿੰਦੀ ਮੈਨੂੰ ਤਾਂ ਪਤਾ ਨਹੀਂ, ਜੋ ਵੀ ਬਣਾ ਦਿਓ ਖਾ ਲੈਂਦਾ ਹੁੰਦਾ," ਜੁਆਬ ਦਿੰਦਿਆਂ ਅਨੂ ਹੱਸ ਰਹੀ ਸੀ।

"ਸਹੀ ਕਹਿੰਦੀ ਆ ਉਹ, ਆਪਾਂ ਨੂੰ ਜੋ ਮਿਲ਼ੇ, ਛਕ ਲਈਦੈ। ਸਾਧਾਂ ਨੂੰ ਕੀ ਸੁਆਦਾਂ ਨਾਲ਼," ਰਣਜੀਤ ਨੇ ਵੀ ਹਾਸੇ ਨਾਲ਼ ਹਾਸਾ ਜੋੜਿਆ।

"ਪਰ ਤੁਸੀਂ ਮੈਨੂੰ ਦੱਸ ਦਿਓ, ਜੇ ਕੁਝ ਖ਼ਾਸ ਪਸੰਦ ਏ। ਮੈਂ ਉਸ ਹਿਸਾਬ ਨਾਲ਼ ਸੋਨੀਆ ਨੂੰ ਗਰੌਸਰੀ ਕਰਨ ਲਈ ਕਹਿ ਦਿਆ ਕਰਾਂ," ਅਨੂ ਨੇ ਕਿਹਾ।

"ਇਸ ਮਾਮਲੇ 'ਚ ਮੇਰੀ ਕੋਈ ਖ਼ਾਸ ਪਸੰਦ ਨਹੀਂ ਅਨੂ, ਬੱਸ ਜੋ ਤੈਨੂੰ ਪਸੰਦ ਏ, ਬਣਾ ਦਿਆ ਕਰੀਂ। ਮੈਨੂੰ ਪਤੈ ਸ਼ਾਇਰਾਂ ਦੀ ਪਸੰਦ ਮਾੜੀ ਨਹੀਂ ਹੁੰਦੀ," ਰਣਜੀਤ ਨੇ ਮਜ਼ਾਕ ਕੀਤਾ।

ਰੋਟੀ ਮਗਰੋਂ ਦੁਆਈ ਖੁਆਉਣ ਤੋਂ ਬਾਅਦ, ਰਣਜੀਤ ਨੂੰ ਬੈੱਡ ਤੇ ਲਿਟਾ ਕੇ ਅਨੂ ਚਲੇ ਗਈ। ਰਣਜੀਤ ਨੇ ਮਹਿਸੂਸ ਕੀਤਾ ਕਿ ਅਨੂ ਦਾ ਟਾਈਮ ਤਾਂ ਸਾਢੇ ਪੰਜ ਤੋਂ ਸਾਢੇ ਸੱਤ ਦਾ ਸੀ, ਪਰ ਗਈ ਉਹ ਪੌਣੇ ਅੱਠ ਵਜੇ ਸੀ। ਤਿੰਨ-ਚਾਰ ਮਹੀਨੇ ਵਿੱਚ ਹੀ ਉਸ ਦਾ ਵਾਹ ਤਿੰਨਾਂ ਨਰਸਾਂ ਨਾਲ਼ ਪੈ ਚੁੱਕਾ ਸੀ। ਸਭ ਦੇ ਆਪੋ-ਆਪਣੇ ਸੁਭਾਅ ਸਨ, ਪਰ ਕੁੱਲ ਮਿਲ਼ਾ ਕੇ ਉਹ ਸਾਰੀਆਂ ਹੀ ਆਪਣੇ ਕੰਮ ਪ੍ਰਤੀ ਬਹੁਤ ਇਮਾਨਦਾਰ ਸਨ। ਇਮਾਨਦਾਰ ਦੇਸ਼ 'ਚ ਆ ਕੇ ਲੋਕ ਵੀ ਆਪਣੇ ਆਪ ਇਮਾਨਦਾਰ ਹੋ ਜਾਂਦੇ ਨੇ, ਨਹੀਂ ਤਾਂ ਇੰਡੀਆ ਵਿੱਚ ਤਾਂ ਜਿੰਨਾ ਚਿਰ ਕੋਈ ਡੰਡੇ ਵਾਲ਼ਾ ਪਿੱਛੇ ਨਾ ਹੋਵੇ, ਲੋਕ ਕੰਮ ਕਰਦੇ ਹੀ ਨਹੀਂ ਜਾਂ ਫਿਰ ਫਾਹਾ ਜਿਹਾ ਵੱਢ ਜਾਂਦੇ ਹਨ। ਇਹ ਸੱਭ ਕੈਨੇਡਾ ਦੀਆਂ ਹੀ ਬਰਕਤਾਂ ਹਨ ਕਿ ਉਸ ਦੇ ਲਕਵਾ ਮਾਰੇ ਸਰੀਰ ਦੀ ਏਨੀ ਦੇਖਭਾਲ਼, ਸਰਕਾਰੀ ਖ਼ਰਚੇ 'ਤੇ ਕੀਤੀ ਜਾ ਰਹੀ ਏ। ਦੇਖਭਾਲ਼ ਹੀ ਨਹੀਂ, ਸਰਕਾਰ ਉਸ ਨੂੰ ਪੰਜ ਸੌ ਡਾਲਰ ਮਹੀਨੇ ਦਾ, 'ਡਿਸਅਬਿਲਿਟੀ ਭੱਤਾ' ਵੀ ਦੇ ਰਹੀ ਸੀ। ਇਹ ਮੁਲਕ ਇਨਸਾਨ ਨੂੰ ਇਨਸਾਨ ਹੀ ਨਹੀਂ ਸਮਝਦੇ, ਸਗੋਂ ਉਸ ਦੀਆਂ ਮਜਬੂਰੀਆਂ ਅਤੇ ਲੋੜਾਂ ਦਾ ਖ਼ਿਆਲ ਵੀ ਰੱਖਦੇ ਹਨ। ਇਸ ਪਿੱਛੋਂ ਅੱਜ ਦੀਆਂ ਸਾਰੀਆਂ ਘਟਨਾਵਾਂ ਰਣਜੀਤ ਦੇ ਮੱਥੇ ਵਿੱਚ ਫ਼ਿਲਮ ਵਾਂਗ ਚੱਲ ਗਈਆਂ। ਕਿੱਦਾਂ ਸਵੇਰੇ ਹਰਪ੍ਰੀਤ ਨੂੰ ਨਾ ਦੇਖ ਕੇ ਉਸ ਦਾ ਮੂਡ ਖ਼ਰਾਬ ਹੋ ਗਿਆ, ਕਿੱਦਾਂ ਮਲੂਕ ਜਿਹੀ ਅਨੂ, ਉਸ ਦੀ ਬੇਰੁਖ਼ੀ ਦਾ ਸ਼ਿਕਾਰ ਹੋਈ, ਫਿਰ ਸੁਕੀਰਤ ਦਾ ਫ਼ੋਨ ਆਉਣਾ, ਦੂਜੇ ਵੇਲ਼ੇ ਆ ਕੇ ਅਨੂ ਦਾ ਉਸ ਨਾਲ਼ ਘੁਲ਼-ਮਿਲ ਜਾਣਾ, ਫਿਰ ਪਾਰਕ ਦੀ ਸੈਰ ਕਰਨਾ ਤੇ ਉੱਥੇ ਬਾਬਿਆਂ ਨਾਲ਼ ਸੰਵਾਦ ਹੋਣਾ ਅਤੇ ਸ਼ਾਮ ਤੱਕ ਕਿੰਨਾ ਕੁੱਝ ਹੀ ਵੰਨ-ਸੁਵੰਨਾ ਵਾਪਰ ਗਿਆ।

## 7.

ਅਗਲੇ ਛੇ-ਸੱਤ ਦਿਨ ਦੌਰਾਨ ਜਦੋਂ ਅਨੂ ਉਸ ਦੀ ਸਾਂਭ-ਸੰਭਾਲ਼ ਕਰਨ ਆਉਂਦੀ ਰਹੀ ਤਾਂ ਰਣਜੀਤ ਹਰ ਦਿਨ ਉਸ ਨੂੰ ਹੋਰ ਨੇੜੇ ਹੋ ਕੇ ਸਮਝਣ ਦੇ ਹੀਲੇ ਕਰਦਾ ਰਿਹਾ। ਉਸ ਨੇ ਤਾੜ ਲਿਆ ਸੀ ਕਿ ਅਨੂ, ਸੋਨੀਆ ਅਤੇ ਹਰਪ੍ਰੀਤ ਵਾਂਗ ਲਾਲਚਣ ਨਹੀਂ। ਉਹ ਜਦੋਂ ਵੀ ਕਦੇ ਕੋਈ ਗੱਲ ਕਰਦੀ ਤਾਂ ਉਸ ਦੀ ਗੱਲਬਾਤ ਵਿੱਚੋਂ ਸੰਜੀਦਗੀ ਤੇ ਸ਼ਾਇਰੀ ਝਲਕਣ ਲੱਗ ਪੈਂਦੀ। ਉਸ ਦਾ ਕਾਵਿਕ ਲਹਿਜਾ ਰਣਜੀਤ ਨੂੰ ਵਿਸਮਾਦੋ-ਵਿਸਮਾਦ ਕਰ ਦਿੰਦਾ। ਉਸ ਦਾ ਵੀ ਜੀਅ ਕਰਦਾ ਕਿ ਉਹ, ਉਸ ਦਾ ਇਹ ਅੰਦਾਜ਼ ਅਪਣਾਅ ਲਵੇ। ਉਸ ਨੂੰ ਮਹਿਸੂਸ ਹੋਣ ਲੱਗ ਪਿਆ ਕਿ ਅਨੂ ਨੇ ਹਰਪ੍ਰੀਤ ਦੀ ਜੁਦਾਈ ਦਾ ਖੱਪਾ ਭਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹੀਂ ਦਿਨੀਂ ਰੋਜ਼ ਹੀ ਹਲਕਾ-ਹਲਕਾ ਮੀਂਹ ਪੈਣ ਦੀ ਵਜ੍ਹਾ ਨਾਲ਼ ਉਹ ਕਈ ਦਿਨ ਪਾਰਕ ਵਿੱਚ ਨਾ ਜਾ ਸਕੇ।

ਐਤਵਾਰ ਨੂੰ ਦਿਨ ਬੜਾ ਸੋਹਣਾ ਲੱਗਿਆ ਤਾਂ ਰਣਜੀਤ ਨੇ ਅਨੂ ਨੂੰ ਆਉਣ ਸਾਰ ਕਿਹਾ, "ਅੱਜ ਦਿਨ ਬੜਾ ਸੋਹਣੈ, ਆਪਾਂ ਪਾਰਕ ਨਾ ਚੱਲੀਏ?"

"ਸ਼ਾਮ ਨੂੰ ਸਹੀ," ਅਨੂ ਨੇ ਜੁਆਬ ਦਿੱਤਾ। ਉਸ ਨੇ ਸਾਰਾ ਹੀ ਕੰਮ ਵੇਲ਼ੇ ਸਿਰ ਹੀ ਨਿਬੇੜ ਲਿਆ। ਸ਼ਾਮ ਪਈ ਤੇ ਜਦੋਂ ਉਹ ਪਾਰਕ ਪਹੁੰਚੇ ਤਾਂ ਪਾਰਕ ਸੁੰਨ-ਮਸਾਣ ਸੀ। ਬਾਬਿਆਂ ਦੀ ਢਾਣੀ ਵੀ ਹੈ ਨਹੀਂ ਸੀ। ਟਰੈਕ 'ਤੇ ਕੁੱਝ ਹੀ ਲੋਕ ਤੁਰ-ਫਿਰ ਰਹੇ ਸਨ, ਪਰ ਬਜ਼ੁਰਗ ਕੋਈ ਵੀ ਨਹੀਂ ਸੀ। ਇੱਕ ਪਾਸੇ ਕੁੱਝ ਬੱਚੇ ਪਾਣੀ ਨਾਲ਼ ਖੇਡ ਰਹੇ ਸਨ। ਰਣਜੀਤ ਨੇ ਵੀਲਚੇਅਰ ਬੱਚਿਆਂ ਵੱਲ ਤੋਰ ਲਈ ਅਤੇ ਉਹ ਅਨੂ ਨੂੰ ਕਹਿਣ ਲੱਗਿਆ, "ਅੱਜ ਬਾਬੇ ਨਹੀਂ ਆਏ ਅਨੂ, ਕਿਤੇ ਬੇਰੀ-ਬੂਰੀ ਤੋੜਨ ਚਲੇ ਗਏ ਹੋਣੇ। ਚਲੋਂ, ਮੈਂ ਅੱਜ ਬੱਚਿਆਂ ਨਾਲ਼ ਖੇਡ ਲੈਨਾਂ, ਤੂੰ ਟਰੈਕ 'ਤੇ ਚਹਿਲ-ਕਦਮੀ ਕਰ ਲੈ।" ਅਨੂ ਇਹ ਸੁਣ ਕੇ ਟਰੈਕ ਵੱਲ ਚਲੇ ਗਈ।

ਰਣਜੀਤ ਵੀਲਚੇਅਰ ਲੈ ਕੇ ਬੱਚਿਆਂ ਨੇੜੇ ਚਲੇ ਗਿਆ। ਉਹ ਥੋੜ੍ਹੀ ਦੂਰ ਰਹਿ ਕੇ ਬੱਚਿਆਂ ਨੂੰ ਖੇਡਦੇ ਦੇਖਣ ਲੱਗ ਪਿਆ। ਇਹ ਤਿੰਨ-ਚਾਰ ਬੱਚੇ 'ਸਪੈਸ਼ਲ ਨੀਡ' ਵਾਲ਼ੇ ਸਨ, ਜਿਨ੍ਹਾਂ ਨੂੰ ਇੱਕ ਗੋਰੀ ਔਰਤ ਖਿਡਾਉਣ ਲਿਆਈ ਹੋਈ ਸੀ। ਸ਼ਾਇਦ ਇਹ, ਉਨ੍ਹਾਂ ਮੰਦ-ਬੁੱਧੀ ਬੱਚਿਆਂ ਦੀ ਟੀਚਰ ਸੀ। ਇੱਕ ਬੱਚਾ, ਜੋ ਹੋਰਨਾਂ ਨਾਲ਼ੋਂ ਥੋੜ੍ਹਾ ਜਿਹਾ ਸੁਚੇਤ ਲੱਗਦਾ ਸੀ, ਦੂਜਿਆਂ 'ਤੇ ਪਾਣੀ ਪਾਉਣ ਲੱਗ ਪਿਆ ਤਾਂ ਉਹ ਰੋਣ ਲੱਗ ਪਏ। ਫਿਰ ਪਾਣੀ ਪਾਉਣ ਵਾਲ਼ਾ ਬੱਚਾ ਵੀ ਰੋਣ ਲੱਗ ਪਿਆ। ਟੀਚਰ ਉਨ੍ਹਾਂ ਨੂੰ ਕੁੱਝ ਸਮਝਾਉਣ ਲੱਗ ਪਈ। ਰਣਜੀਤ ਉਨ੍ਹਾਂ ਬੱਚਿਆਂ ਵੱਲ ਦੇਖਦਾ ਸੋਚਣ ਲੱਗ ਪਿਆ ਕਿ ਕੈਨੇਡਾ ਵਿੱਚ ਇਹੋ ਜਿਹੇ ਬੱਚਿਆਂ ਲਈ ਵੀ ਕਾਫ਼ੀ ਸਹੂਲਤਾਂ ਹਨ। ਉਨ੍ਹਾਂ ਲਈ ਵਿਸ਼ੇਸ਼ ਅਧਿਆਪਕ ਹਨ, ਜੋ ਉਨ੍ਹਾਂ ਨੂੰ ਵਿਸ਼ੇਸ਼ ਢੰਗ ਨਾਲ਼ ਪੜ੍ਹਾਉਂਦੇ-ਖਿਡਾਉਂਦੇ ਹਨ। ਇੰਨੀ ਰੁਝੇਵਿਆਂ ਭਰੀ ਜ਼ਿੰਦਗੀ

ਵਿੱਚ ਇਹੋ ਜਿਹੇ ਬੱਚੇ ਪਾਲਣੇ, ਮਾਪਿਆਂ ਲਈ ਬਹੁਤ ਔਖੇ ਹਨ। ਇਸੇ ਹੀ ਵਜ੍ਹਾ ਨਾਲ਼ ਇਨ੍ਹਾਂ ਦੇ ਪਾਲਣ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਨੇ ਚੁੱਕੀ ਹੋਈ ਹੈ। ਅੱਜ ਗਰਮੀ ਜ਼ਿਆਦਾ ਹੋਣ ਕਰ ਕੇ ਰਣਜੀਤ ਦਾ ਜੀਅ ਕਰਦਾ ਸੀ ਕਿ ਉਹ ਵੀ ਉਨ੍ਹਾਂ ਬੱਚਿਆਂ ਨਾਲ਼ ਨਹਾਵੇ ਤੇ ਹੱਸੇ-ਖੇਡੇ। ਉਸ ਨੂੰ ਆਪਣਾ ਬਚਪਨ ਚੇਤੇ ਆ ਗਿਆ ਜਦੋਂ ਉਹ ਪਿੰਡ ਦੀ ਢਾਬ ਦੇ ਪਾਣੀ ਵਿੱਚ ਖੇਡਦਾ ਹੁੰਦਾ ਸੀ। ਗਰਮੀਆਂ ਵਿੱਚ ਲੋਕਾਂ ਨੇ ਢਾਬ 'ਚ ਆਪਣੀਆਂ ਮੱਝਾਂ ਵਾੜ ਦੇਣੀਆਂ ਅਤੇ ਨਿਆਣਿਆਂ ਨੇ ਪਾਣੀ ਵਿੱਚ ਬੈਠੀਆਂ ਮੱਝਾਂ ਉੱਪਰ ਜਾ ਚੜ੍ਹਨਾ। ਕਈ ਵਾਰ ਗੋਤੇ ਵੀ ਆ ਜਾਣੇ, ਕੰਨਾਂ ਵਿੱਚ ਪਾਣੀ ਪੈ ਜਾਣਾ, ਵਾਲ਼ਾਂ ਵਿੱਚ ਚਿੱਕੜ ਫਸ ਜਾਣਾ। ਉਸ ਨੂੰ ਘਰ ਆਏ ਨੂੰ ਮਾਂ ਨੇ ਨੁਹਾਉਣਾ ਅਤੇ ਪਿੰਡੇ ਤੋਂ ਜੋਕਾਂ ਲਾਹੁਣੀਆਂ। ਅੱਗੇ ਤੋਂ ਢਾਬ ਤੇ ਜਾਣੋਂ ਵਰਜਣਾਂ, ਪਰ ਉਸ ਨੇ ਫਿਰ ਵੀ ਗਰਮੀਆਂ ਵਿੱਚ ਕਦੇ-ਕਦਾਈਂ ਢਾਬ 'ਤੇ ਹਾਜ਼ਰੀ ਲੁਆਉਂਦੇ ਰਹਿਣਾ।

"ਭਾਅ ਜੀ ਸਾਸਰੀ ਕਾਲ," ਰਣਜੀਤ ਦੇ ਕੰਨੀਂ ਇਹ ਆਵਾਜ਼ ਪਈ ਤਾਂ ਉਸ ਨੇ ਘੁੰਮ ਕੇ ਦੇਖਿਆ। ਸਾਹਮਣੇ ਵੀਹ-ਪੱਚੀ ਸਾਲ ਦਾ ਇੱਕ ਮੁੰਡਾ ਖੜ੍ਹਾ ਸੀ ਜਿਸ ਨੇ ਹਰੇ ਰੰਗ ਦੀ ਮੈਲ਼ੀ ਜਿਹੀ ਟੀ-ਸ਼ਰਟ ਤੇ ਮੈਲ਼ੀ ਜਿਹੀ ਘਸੀ ਹੋਈ ਜ਼ੀਨ ਪਾਈ ਹੋਈ ਸੀ। ਉਸ ਦੇ ਵਾਲ਼ ਵਧੇ ਹੋਏ ਸਨ। ਉਸ ਦੇ ਹੱਥ ਵਿੱਚ ਇੱਕ ਪੁਰਾਣਾ ਜਿਹਾ ਬੈਗ ਵੀ ਸੀ। ਜਦੋਂ ਰਣਜੀਤ ਨੇ ਉਸ ਦੀ ਸਤ ਸ੍ਰੀ ਅਕਾਲ ਦਾ ਜੁਆਬ ਦਿੱਤਾ ਤਾਂ ਉਸ ਮੁੰਡੇ ਨੇ ਕਿਹਾ, "ਭਾਅ ਜੀ ਆਹ ਘੜੀ ਲੈਣੀ ਆਂ?" ਇਹ ਕਹਿ ਕੇ ਉਸ ਨੇ ਆਪਣੇ ਬੈਗ ਵਿੱਚੋਂ ਇਕ ਪੈਕ-ਬੰਦ ਘੜੀ ਕੱਢ ਕੇ ਰਣਜੀਤ ਵੱਲ ਕੀਤੀ। ਰਣਜੀਤ ਨੇ ਘੜੀ ਵੱਲ ਨਿਗਾਹ ਮਾਰੀ ਤਾਂ ਉਸ ਨੇ ਦੇਖਿਆ ਕਿ ਘੜੀ ਨਾਲ਼ ਸਾਢੇ ਚਾਰ ਸੌ ਡਾਲਰ ਦਾ ਕੀਮਤ ਟੈਗ ਲੱਗਿਆ ਹੋਇਆ ਸੀ। ਉਹ ਅਜੇ ਘੜੀ ਦੇਖ-ਪਰਖ ਹੀ ਰਿਹਾ ਸੀ ਕਿ ਮੁੰਡਾ ਬੋਲਿਆ, "ਭਾਅ ਜੀ, ਸਟੋਰ ਤੋਂ ਨਵੀਂ ਲੈਣੀ ਹੋਵੇ ਤਾਂ ਸਾਢੇ ਚਾਰ ਸੌ ਡਾਲਰ ਦੀ ਏ, ਟੈਕਸ ਵੱਖਰਾ। ਮੈਂ ਤੁਹਾਨੂੰ ਪੰਜਾਹ ਡਾਲਰਾਂ ਦੀ ਦਿੰਨਾਂ।"

"ਨਹੀਂ, ਘੜੀ ਤਾਂ ਨਹੀਂ ਲੈਣੀ। ਹੋਰ ਕੀ-ਕੀ ਆ ਤੇਰੇ ਕੋਲ਼?" ਰਣਜੀਤ ਨੇ ਉਤਸੁਕਤਾ ਨਾਲ਼ ਪੁੱਛਿਆ।

"ਹੋਰ ਵੀ ਬਥੇਰਾ ਕੁਛ ਆ ਜੀ। ਇੱਕ ਆਈ ਪੈਡ ਆ ਜਿਹੜਾ ਨਵਾਂ ਅੱਠ ਸੌ ਡਾਲਰ ਦਾ ਮਿਲ਼ਦੈ, ਮੈਂ ਤੁਹਾਨੂੰ ਸੱਤਰਾਂ ਡਾਲਰਾਂ ਦਾ ਦੇ ਸਕਦਾਂ। ਬਾਕੀ ਕੁਝ ਅੰਗਰੇਜ਼ੀ ਫ਼ਿਲਮਾਂ ਦੀਆਂ ਸੀਡੀਆਂ ਨੇ, ਦੋ, ਚਾਂਦੀ ਦੀਆਂ ਚੇਨਾਂ ਨੇ, ਇੱਕ, ਸ਼ਰਾਬ ਦੀ ਬੋਤਲ ਐ, ਕੁਛ ਚਾਹੀਦੈ ਤਾਂ ਦੱਸੋ?" ਮੁੰਡਾ ਕਾਹਲ਼ੀ ਨਾਲ਼ ਕੋਲ ਵਾਲਾ ਸਮਾਨ ਗਿਣ ਰਿਹਾ ਸੀ।

"ਇਹ ਸ਼ਰਾਬ ਦੀ ਬੋਤਲ ਕਿੱਥੋਂ ਚੁੱਕੀ ਫਿਰਦੈਂ? ਪਾਰਕ ਵਿਚ ਇਹ ਤੇਰੇ ਕੋਲੋਂ ਕਿਹ ਨੇ ਲੈਣੀ ਆਂ?" ਰਣਜੀਤ ਨੇ ਹੈਰਾਨ ਜਿਹਾ ਹੁੰਦਿਆਂ ਪੁੱਛਿਆ।

"ਸ਼ਰਾਬ ਦੇ ਗਾਹਕ ਤਾਂ ਆਪਣੇ ਬਾਬੇ ਨੇ, ਪਰ ਅੱਜ ਬਾਬੇ ਦੀਹਦੇ ਨਹੀਂ, ਨਹੀਂ ਇਹ ਤਾਂ ਉਨ੍ਹਾਂ ਨੇ ਖ਼ਰੀਦ ਹੀ ਲੈਣੀ ਸੀ," ਮੁੰਡੇ ਨੇ ਪਾਰਕ ਵਿੱਚ ਆਉਣ ਦਾ ਭੇਤ ਖੋਲ੍ਹਿਆ।

ਬਾਬੇ ਜਾਂ ਹੋਰ ਲੋਕ ਇਸ ਮੁੰਡੇ ਤੋਂ ਸਾਮਾਨ ਖ਼ਰੀਦ ਕੇ ਕਿੰਨਾ ਗ਼ਲਤ ਕੰਮ ਕਰਦੇ ਹਨ, ਰਣਜੀਤ ਸੋਚ ਰਿਹਾ ਸੀ। ਇਹੋ ਜਿਹੇ ਚੋਰ ਸਰੀ ਵਿੱਚ ਬਹੁਤ ਫਿਰਦੇ ਹਨ, ਜੋ ਸਟੋਰਾਂ ਵਿੱਚੋਂ ਸਾਮਾਨ ਚੋਰੀ ਕਰ ਕੇ, ਬਾਹਰ ਸੜਕਾਂ ਉੱਤੇ ਵੇਚਦੇ ਹਨ। ਇਨ੍ਹਾਂ ਨੇ ਸ਼ਾਮ ਤੱਕ ਆਪਣੀ ਡਰੱਗ ਜੋਗੇ ਪੈਸੇ ਇਕੱਠੇ ਕਰਨੇ ਹੁੰਦੇ ਹਨ, ਜਿਸ ਲਈ ਇਹ ਪਾਰਕਾਂ ਜਾਂ ਗੁਰਦੁਆਰਿਆਂ ਦਾ ਗੇੜਾ ਮਾਰਨ ਤੋਂ ਵੀ ਨਹੀਂ ਝਿਜਕਦੇ। ਇਨ੍ਹਾਂ ਦੇ ਗਾਹਕ ਖ਼ਾਸ ਕਿਸਮ ਦੇ ਪੰਜਾਬੀ ਲੋਕ ਹੀ ਹੁੰਦੇ ਹਨ ਕਿਉਂ ਕਿ ਗੋਰੇ ਇਨ੍ਹਾਂ ਕੋਲ਼ੋਂ ਸਾਮਾਨ ਨਹੀਂ ਖ਼ਰੀਦਦੇ, ਸਗੋਂ ਪੁਲਿਸ ਨੂੰ ਫ਼ੋਨ ਕਰ ਦਿੰਦੇ ਹਨ।

"ਹੂੰ...ਮੈਂ ਨਹੀਂ ਬਈ ਲੈਣਾ ਕੁਛ, ਤੂੰ ਕੋਈ ਹੋਰ ਗਾਹਕ ਲੱਭ ਲਾ," ਰਣਜੀਤ ਨੇ ਗੱਲ ਮੁਕਾਈ।

"ਲੈ ਲਓ ਭਾਅ ਜੀ, ਦੱਸੋ ਕੀ ਚਾਹੀਦੈ? ਰੇਟ ਸਹੀ-ਸਹੀ ਲਾ ਲੈਨੇ ਆਂ," ਮੁੰਡੇ ਨੇ ਤਰਲਾ ਜਿਹਾ ਕੀਤਾ। ਅੱਜ ਪਾਰਕ ਵਿੱਚ ਰੌਣਕ ਘੱਟ ਹੋਣ ਕਰ ਕੇ, ਸ਼ਾਇਦ ਉਸ ਦਾ ਮਾਲ ਨਹੀਂ ਵਿਕਿਆ ਸੀ।

"ਨਹੀਂ ਯਾਰ, ਤੈਨੂੰ ਸੁਣਿਆ ਨਹੀਂ? ਮੈਨੂੰ ਕੁੱਝ ਨਹੀਂ ਚਾਹੀਦਾ," ਰਣਜੀਤ ਐਤਕੀਂ ਥੋੜ੍ਹਾ ਜਿਹਾ ਖਿਝ ਕੇ ਬੋਲਿਆ।

"ਚਲੋ ਜੀ, ਜੇ ਅੱਜ ਕੁੱਝ ਨਹੀਂ ਚਾਹੀਦਾ ਤਾਂ ਨਾ ਸਹੀ, ਕੋਈ ਹੋਰ ਚੀਜ਼ ਤੁਹਾਨੂੰ ਚਾਹੀਦੀ ਹੋਵੇ ਤਾਂ ਉਹ ਦੱਸ ਦਿਓ, ਅਗਲੇ ਹਫ਼ਤੇ ਲਿਆ ਦਿਆਂਗੇ," ਮੁੰਡੇ ਨੇ ਅਗਲੀ ਪੇਸ਼ਕਸ਼ ਕੀਤੀ।

"ਹੱਦ ਹੋ ਗਈ ਓਏ ਤੁਹਾਡੀ ਚੋਰਾਂ ਵਾਲੀ! ਸਾਲੀ ਸ਼ਰਮ ਹੀ ਲਾਹ ਲਈ, ਅਖੇ 'ਅਗਲੇ ਹਫ਼ਤੇ ਲਿਆ ਦਿਆਂਗੇ'। ਸਾਲ਼ਾ ਪਿਉ ਆਲ਼ਾ ਡੀਪੂ ਖੋਲ੍ਹਿਆ ਹੋਇਐ। ਸਾਲ਼ਿਓ ਸ਼ਰਮ ਕਰੋ ਕੁੱਝ, ਕਿਉਂ ਪੰਜਾਬੀਆਂ ਦੇ ਨਾਂ ਨੂੰ ਧੱਬਾ ਲੁਆਉਂਦੇ ਓਂ? ਉਹੋ ਜਿਹੇ ਈ ਲੋਕ ਨੇ, ਜਿਹੜੇ ਸਾਲ਼ਾ ਚੋਰੀ ਦਾ ਸਮਾਨ ਈ ਖ਼ਰੀਦੀ ਜਾਂਦੇ ਆ। ਜਾਹ ਦਫ਼ਾ ਹੋ ਜਾਹ, ਨਹੀਂ ਤਾਂ ਮੈਂ ਲੱਗਾਂ ਪੁਲਿਸ ਨੂੰ ਫ਼ੋਨ ਕਰਨ," ਰਣਜੀਤ ਗ਼ੁੱਸੇ ਵਿੱਚ ਉੱਬਲ਼ ਰਿਹਾ ਸੀ ਤੇ ਉਸ ਨੇ ਫ਼ੋਨ ਜ਼ੇਬ 'ਚੋਂ ਕੱਢ ਲਿਆ। ਰਣਜੀਤ ਦੇ ਗ਼ੁੱਸੇ ਦਾ ਜੁਆਬ ਗ਼ੁੱਸੇ 'ਚ ਦਿੰਦਿਆਂ ਮੁੰਡੇ ਨੇ ਵੀ ਉਸ ਨੂੰ ਗਾਹਲ਼ਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ ਤੇ ਫਿਰ ਰਣਜੀਤ ਹੱਥੋਂ ਫ਼ੋਨ ਖੋਹ ਕੇ ਪਰ੍ਹਾਂ ਸੁੱਟ ਦਿੱਤਾ। ਇਸ ਦੇ ਨਾਲ਼ ਹੀ ਉਹ ਆਪਣਾ ਬੈਗ ਚੁੱਕ ਕੇ ਉੱਥੋਂ ਖਿਸਕ ਗਿਆ। ਰਣਜੀਤ ਨੇ ਵੀ ਬੇਵਸੀ ਵਿੱਚ ਉਸ ਨੂੰ ਵਾਹਵਾ ਗਾਹਲ਼ਾਂ ਵਾਹੀਆਂ। ਗੋਰੀ ਟੀਚਰ ਅਤੇ ਬੱਚੇ ਹੈਰਾਨੀ ਨਾਲ਼ ਰਣਜੀਤ ਵੱਲ ਦੇਖ ਰਹੇ ਸਨ। ਅਨੂ ਨੇ ਜਦ ਰਣਜੀਤ

ਨੂੰ ਕਿਸੇ ਨਾਲ਼ ਉੱਚਾ ਬੋਲਦਾ ਸੁਣਿਆ ਤਾਂ ਉਹ ਵੀ ਰਣਜੀਤ ਵੱਲ ਦੌੜੀ। ਜਦ ਤੱਕ ਉਹ ਪਹੁੰਚੀ, ਉਹ ਮੁੰਡਾ ਜਾ ਚੁੱਕਾ ਸੀ ਅਤੇ ਰਣਜੀਤ ਬੋਲ-ਬੋਲ ਕੇ ਲਾਲ ਹੋਇਆ ਪਿਆ ਸੀ। ਅਨੂ ਨੇ ਰਣਜੀਤ ਦਾ ਫ਼ੋਨ ਚੁੱਕ ਕੇ ਉਸ ਨੂੰ ਫੜਾਇਆ ਅਤੇ ਪੁੱਛਣ ਲੱਗੀ, "ਕੀ ਗੱਲ ਹੋਈ ਰਣਜੀਤ? ਕੀ ਕਹਿੰਦਾ ਸੀ ਉਹ ਮੁੰਡਾ? ਉਹ ਨੇ ਫ਼ੋਨ ਕਿਉਂ ਖੋਹਿਆ ਤੁਹਾਡੇ ਤੋਂ?"

"ਕੁਛ ਨਹੀਂ ਅਨੂ, ਚੋਰ ਸੀ। ਦੌੜ ਗਿਆ ਹੁਣ ਤਾਂ। ਆਪਣਾ ਈ ਮੁੰਡਾ ਸੀ ਤੇ ਮੈਨੂੰ ਚੋਰੀ ਦਾ ਸਾਮਾਨ ਵੇਚਣਾ ਚਾਹੁੰਦਾ ਸੀ। ਜਦੋਂ ਮੈਂ ਖਿਝ ਕੇ ਪੁਲਿਸ ਨੂੰ ਫ਼ੋਨ ਕਰਨ ਦੀ ਧਮਕੀ ਦਿੱਤੀ ਤਾਂ ਉਸ ਨੇ ਮੇਰਾ ਫ਼ੋਨ ਖੋਹ ਕੇ ਪਰ੍ਹਾਂ ਸੁੱਟ ਦਿੱਤਾ," ਰਣਜੀਤ ਹੁਣ ਕਾਫ਼ੀ ਹੱਦ ਤੱਕ ਆਪਣੇ ਗ਼ੁੱਸੇ ਤੇ ਕਾਬੂ ਪਾ ਚੁੱਕਾ ਸੀ।

"ਇਜ਼ ਐਵਰੀਥਿੰਗ ਓ ਕੇ?" ਦੂਰ ਖੜ੍ਹੀ ਗੋਰੀ ਟੀਚਰ ਨੇ ਰਤਾ ਕੁ ਨੇੜੇ ਆਉਂਦਿਆਂ ਅਨੂ ਕੋਲ਼ੋਂ ਪੁੱਛਿਆ।

"ਯੈੱਸ ਡੀਅਰ, ਐਵਰੀਥਿੰਗ ਇਜ਼ ਫਾਈਨ, ਥੈਂਕਸ ਫ਼ਾਰ ਆਸਕਿੰਗ," ਅਨੂ ਨੇ ਜੁਆਬ ਦਿੱਤਾ।

"ਜੇ ਤੁਸੀਂ ਪੁਲਿਸ ਨੂੰ ਫ਼ੋਨ ਕਰ ਵੀ ਦਿੰਦੇ ਰਣਜੀਤ, ਤਾਂ ਕਿਹੜਾ ਇਨ੍ਹਾਂ ਲੋਕਾਂ ਨੇ ਹਟ ਜਾਣਾ। ਪੁਲਿਸ ਵਾਲ਼ੇ ਫੜ ਕੇ ਛੱਡ ਦਿੰਦੇ ਆ। ਕੈਨੇਡਾ ਦੇ ਕਾਨੂੰਨਾਂ ਦੀ ਢਿੱਲ ਤੇ ਸਬੂਤਾਂ ਦੀ ਘਾਟ ਦੀ ਵਜ੍ਹਾ ਨਾਲ਼ ਇਹ ਲੋਕ ਛੁੱਟ ਹੀ ਜਾਂਦੇ ਨੇ ਤੇ ਫਿਰ ਇਹੋ ਕੰਮ ਸ਼ੁਰੂ ਕਰ ਲੈਂਦੇ ਨੇ।" ਵੀਲਚੇਅਰ ਦੇ ਨਾਲ਼-ਨਾਲ਼ ਤੁਰਦਿਆਂ ਅਨੂ ਕਹਿ ਰਹੀ ਸੀ।

"ਤੂੰ ਸਹੀ ਕਹਿੰਨੀ ਏਂ ਅਨੂ। ਜਦੋਂ ਸਾਡੇ ਲੋਕ ਹੀ, ਸਸਤਾ ਸਾਮਾਨ ਦੇਖ ਕੇ ਲਾਲ਼ਾਂ ਸੁੱਟਣ ਲੱਗ ਪੈਂਦੇ ਨੇ ਤਾਂ ਫਿਰ ਕਾਨੂੰਨ ਵੀ ਵਿਚਾਰਾ ਕੀ ਕਰੇ! ਹੈਰਾਨੀ ਵਾਲ਼ੀ ਗੱਲ ਤਾਂ ਇਹ ਐ ਕਿ ਉਹ ਚੋਰੀ ਕਰਨ ਤੋਂ ਪਹਿਲਾਂ, ਮਾਲ ਦਾ ਆਰਡਰ ਲੈਂਦੇ ਨੇ। ਮੈਨੂੰ ਪੁੱਛ ਰਿਹਾ ਸੀ ਪਈ ਜੋ ਚਾਹੀਦਾ, ਉਹ ਦੱਸ ਦਿਓ, ਅਗਲੇ ਹਫ਼ਤੇ ਲਿਆ ਦਊਂ। ਆਹ ਤਾਂ ਹੱਦ ਈ ਹੋਈ ਪਈ ਆ ਬੇਸ਼ਰਮੀ ਵਾਲ਼ੀ। ਏਨੇ ਵਧ ਗਏ ਚੋਰਾਂ ਦੇ ਹੌਸਲੇ? ਓਦਾਂ ਤਾਂ ਗੋਰੇ ਵੀ ਬਥੇਰੇ ਚੋਰ ਨੇ, ਪਰ ਪਤਾ ਨਹੀਂ ਕਿਉਂ, ਜਦੋਂ ਆਪਣੇ ਲੋਕਾਂ ਨੂੰ ਇਹੋ ਜਿਹੇ ਕੰਮ ਕਰਦੇ ਦੇਖਦਾਂ, ਮੈਨੂੰ ਬਾਹਲ਼ੀ ਖਿਝ ਚੜ੍ਹਦੀ ਆ। ਆਪਣੇ ਕਈਆਂ ਲੋਕਾਂ ਨੇ ਏਥੇ ਕਿੰਨਾ ਨਾਂ ਕਮਾਇਐ। ਵੱਡੇ-ਵੱਡੇ ਕਾਰੋਬਾਰ ਖੋਲ੍ਹੇ ਹੋਏ ਆ, ਸਿਆਸਤ ਵਿਚ ਮੱਲਾਂ ਮਾਰੀਆਂ ਹੋਈਆਂ, ਪਰ ਇਹ ਕੁੱਝ ਵਿਹਲੜ ਅਤੇ ਨਸ਼ੱਈ ਕਿਸਮ ਦੇ ਲੋਕ ਆਪਣਾ ਸਾਰੇ ਪੰਜਾਬੀਆਂ ਦਾ ਨਾਂ, ਖ਼ਰਾਬ ਕਰ ਰਹੇ ਨੇ। ਜੇ ਕੋਈ ਵੀ ਇਨ੍ਹਾਂ ਤੋਂ ਸਾਮਾਨ ਨਾ ਖ਼ਰੀਦੇ ਤਾਂ ਇਹ ਆਪੇ ਹਟ ਜਾਣਗੇ ਚੋਰੀ ਕਰਨੋਂ। ਪਰ ਲੋਕਾਂ ਨੂੰ ਕਿਹੜਾ ਸਮਝਾਵੇ? ਸਾਡੇ ਤਾਂ ਬਾਬੇ ਈ ਮਾਣ ਨਹੀਂ, ਸਸਤੀ ਸ਼ਰਾਬ ਦੇਖ ਕੇ ਡੁੱਲ੍ਹ ਜਾਂਦੇ ਆ," ਰਣਜੀਤ ਮਨ ਦਾ ਗੁੱਭ-ਗਲ੍ਹਾਟ ਕੱਢ ਰਿਹਾ ਸੀ।

"ਤੁਹਾਡੀ ਗੱਲ ਸਹੀ ਆ ਰਣਜੀਤ, ਪਰ ਤੁਸੀਂ ਵੀ ਠੀਕ ਨਹੀਂ ਕੀਤਾ। ਜੇ ਪੁਲਿਸ ਨੂੰ ਫ਼ੋਨ ਕਰਨਾ ਹੀ ਸੀ ਤਾਂ ਅਗਲੇ ਨੂੰ ਦੱਸਣ ਦੀ ਕੀ ਲੋੜ ਸੀ ? ਉਹ ਤੁਹਾਡੇ ਕੋਈ ਸੱਟ ਵੀ ਮਾਰ ਸਕਦਾ ਸੀ। ਤੁਹਾਡਾ ਰੌਲ਼ਾ-ਗੌਲ਼ਾ ਸੁਣ ਕੇ ਮੈਂ ਤਾਂ ਬਾਹਲ਼ੀ ਹੀ ਡਰ ਗਈ ਸੀ। ਇਹ ਲੋਕ ਤਾਂ ਮੁਜ਼ਰਮ ਸੁਭਾਅ ਦੇ ਹੁੰਦੇ ਨੇ, ਪਰ ਤੁਸੀਂ ਤਾਂ ਅਕਲਮੰਦ ਹੋ। ਤਾਕਤਵਰ ਇਨਸਾਨ ਹਮੇਸ਼ਾ ਸ਼ਾਂਤ ਰਹਿੰਦੇ ਨੇ, ਉੱਚੇ ਵਿਚਾਰਾਂ ਵਾਲ਼ੇ ਲੋਕ ਉੱਚਾ ਨਹੀਂ ਬੋਲਦੇ। ਆਪਣੇ-ਆਪ ਨੂੰ ਸ਼ਾਂਤ ਰੱਖਣਾ ਵੀ ਤੁਹਾਡੀ ਪ੍ਰਾਪਤੀ ਹੁੰਦੀ ਏ," ਅਨੂ ਡਰਦੀ-ਡਰਦੀ ਵੀ ਰਣਜੀਤ ਨੂੰ ਨਸੀਹਤਾਂ ਦੇ ਗਈ।

"ਐੱਮ ਸੋ ਸੌਰੀ ਅਨੂ। ਤੇਰੀਆਂ ਗੱਲਾਂ 'ਚ ਦਮ ਏਂ। ਮੈਨੂੰ ਇਸ ਤਰ੍ਹਾਂ ਰੀਐਕਟ ਨਹੀਂ ਕਰਨਾ ਚਾਹੀਦਾ ਸੀ। ਪਤਾ ਨਹੀਂ ਕਿਉਂ ਮੈਨੂੰ ਇੱਕ ਦਮ ਗੁੱਸਾ ਆ ਗਿਆ। ਮੈਂ ਸ਼ਾਇਦ ਭੁੱਲ ਹੀ ਗਿਆ ਸੀ ਕਿ ਮੈਂ ਵੀਲਚੇਅਰ 'ਤੇ ਆਂ," ਰਣਜੀਤ ਨੇ ਹੁੰਗਾਰਾ ਭਰਿਆ।

ਅਗਲਾ ਦਿਨ ਸੋਮਵਾਰ ਸੀ ਅਤੇ ਦਿਨ ਸੋਹਣਾ ਲੱਗਿਆ ਹੋਣ ਕਰ ਕੇ, ਉਹ ਫਿਰ ਬੇਅਰ-ਕਰੀਕ ਪਾਰਕ ਚਲੇ ਗਏ। ਅੱਜ ਕੁੱਝ ਬਜ਼ੁਰਗ ਬੈਂਚਾਂ 'ਤੇ ਬੈਠੇ ਸਨ ਤੇ ਕੁੱਝ ਟਰੈਕ ਤੇ ਤੁਰ ਫਿਰ ਰਹੇ ਸਨ। ਜਿਸ ਬੈਂਚ 'ਤੇ ਅੱਜ ਬਜ਼ੁਰਗ ਬੈਠੇ ਸਨ, ਉਸ ਦੁਆਲ਼ੇ ਬੱਜਰੀ ਦੀ ਬੰਨ੍ਹੀ ਜਿਹੀ ਬਣੀ ਹੋਈ ਸੀ। ਰਣਜੀਤ ਨੂੰ ਪਤਾ ਸੀ ਕਿ ਉਸ ਬੰਨ੍ਹੀ ਦੀ ਵਜ੍ਹਾ ਨਾਲ਼ ਉਸ ਦੀ ਵੀਲਚੇਅਰ, ਬੈਂਚ ਤੱਕ ਨਹੀਂ ਪਹੁੰਚ ਸਕਦੀ। ਇਸ ਕਰ ਕੇ, ਉਸ ਨੇ ਵੀਲਚੇਅਰ ਬਜ਼ੁਰਗਾਂ ਤੋਂ ਥੋੜ੍ਹੀ ਜਿਹੀ ਪਰ੍ਹਾਂ ਹੀ ਰੋਕ ਲਈ। ਇੱਕ ਬਜ਼ੁਰਗ ਨੇ ਉਸ ਨੂੰ ਦੇਖ ਕੇ, ਮਸੋਸੀ ਜਿਹੀ ਆਵਾਜ਼ ਵਿੱਚ ਕਿਹਾ, "ਆ ਬਈ ਜੁਆਨਾ ਕੀ ਹਾਲ-ਚਾਲ ਤੇਰਾ ?"

"ਮੈਂ ਠੀਕ ਹਾਂ ਅੰਕਲ। ਤੁਸੀਂ ਸੁਣਾਓ ? ਕੱਲ੍ਹ ਕੋਈ ਆਇਆ ਈ ਨ੍ਹੀਂ ਪਾਰਕ ਵਿੱਚ ? ਐਤਵਾਰ ਦੀ ਛੁੱਟੀ ਕਰ ਲਈ ਸੀ ?" ਰਣਜੀਤ ਨੇ ਮੁਸਕਰਾਉਂਦਿਆਂ ਕਿਹਾ ਤਾਂ ਸਾਰੇ ਹੀ ਬਜ਼ੁਰਗ, ਉਸ ਵੱਲ ਅਜ਼ੀਬ ਜਿਹੀਆਂ ਨਜ਼ਰਾਂ ਨਾਲ਼ ਦੇਖਣ ਲੱਗ ਪਏ। ਫਿਰ ਗੁਰਮੇਲ ਸਿੰਘ ਉੱਠ ਕੇ ਰਣਜੀਤ ਕੋਲ਼ ਗਿਆ ਅਤੇ ਉਸ ਨੂੰ ਕਹਿਣ ਲੱਗਿਆ, "ਨਹੀਂ ਪੁੱਤਰਾ, ਕੱਲ੍ਹ ਆਪਣੇ ਪ੍ਰੀਤਮ ਸਿਹੁੰ ਦਾ ਸਸਕਾਰ ਸੀ। ਸਾਰੇ ਈ ਦਾਗਾਂ 'ਤੇ ਗਏ ਹੋਏ ਸੀ।"

"ਹੈਂ ! ਕੀ ਹੋਇਆ ਅੰਕਲ ਪ੍ਰੀਤਮ ਸਿੰਘ ਨੂੰ ? ਕਦੋਂ ਪੂਰੇ ਹੋਏ ? ਬਿਮਾਰ-ਠਮਾਰ ਤਾਂ ਲੱਗਦੇ ਨ੍ਹੀਂ ਸੀ," ਰਣਜੀਤ ਨੇ ਜੁਆਬ ਵਿੱਚ ਕਈ ਸੁਆਲ ਕਰ ਦਿੱਤੇ। ਰਣਜੀਤ ਨੂੰ ਹੁਣ ਚੰਗੀ ਤਰ੍ਹਾਂ ਚੇਤੇ ਆ ਗਿਆ ਕਿ ਉਹ ਅੰਕਲ ਪ੍ਰੀਤਮ ਸਿੰਘ ਹੀ ਸੀ ਜਿਸ ਨੇ ਉਸ ਨੂੰ ਘਰੋਂ, ਪਾਰਕ ਤੱਕ ਲਿਆਉਣ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕੀਤੀ ਸੀ।

"ਪੁੱਤ ਲੱਗਦਾ ਤੂੰ ਖ਼ਬਰਾਂ-ਖ਼ੁਬਰਾਂ ਘੱਟ ਈ ਸੁਣਦੈਂ। ਤੈਨੂੰ ਨਹੀਂ ਪਤਾ ਪ੍ਰੀਤਮ ਸਿਹੁੰ ਨੂੰ ਤਾਂ ਗੋਰਿਆਂ ਨੇ ਮਾਰ ਦਿੱਤੈ। ਯਾਰ, ਏਨਾਂ ਤਾਂ ਰੌਲ਼ਾ ਪਿਆ ਸਾਰੀ

ਸਰੀ ਵਿੱਚ। ਦੋ-ਤਿੰਨ ਦਿਨ ਤਾਂ ਪੁਲਿਸ ਆਲ਼ਿਆ ਨੇ ਆਹ ਪਾਰਕ ਵੀ ਸੀਲ ਕਰੀ ਰੱਖੀ," ਗੁਰਮੇਲ ਸਿੰਘ ਨੇ ਰਲ਼ੇ-ਮਿਲ਼ੇ ਭਾਵਾਂ ਨਾਲ਼ ਕਿਹਾ।

ਰਣਜੀਤ ਸੁਣ ਕੇ ਦੰਗ ਰਹਿ ਗਿਆ। ਸੱਚੀਂ ਉਹ ਖ਼ਬਰਾਂ ਘੱਟ ਹੀ ਸੁਣਦਾ ਸੀ। ਆਲੇ-ਦੁਆਲ਼ੇ ਕੀ ਵਾਪਰਦਾ ਹੈ, ਉਸ ਨੂੰ ਸਦਾ ਹੀ, ਬੜੀ ਦੇਰ ਨਾਲ਼ ਪਤਾ ਲਗਦਾ। ਉਹ ਝੂਠਾ ਜਿਹਾ ਹੁੰਦਿਆਂ ਕਹਿਣ ਲੱਗਿਆ, "ਸੌਰੀ ਅੰਕਲ, ਮੈਂ ਸੱਚੀਂ ਹੀ ਖ਼ਬਰਾਂ ਨਹੀਂ ਸੁਣਦਾ। ਤੁਸੀਂ ਦੱਸੋ ਪਲੀਜ਼, ਗੱਲ ਕੀ ਹੋਈ, ਇਹ ਭਾਣਾ ਕਿੱਦਾਂ ਵਰਤਿਆ?"

"ਕੁਝ ਨਹੀ ਕਾਕਾ, ਤੇਰੇ ਏਥੇ ਆਉਣ ਵਾਲ਼ੇ ਦਿਨ ਦੀ ਹੀ ਗੱਲ ਆ। ਅਸੀਂ ਏਥੇ ਸਾਢੇ ਕੁ ਸੱਤ ਵਜੇ ਤੱਕ ਤਾਸ਼ ਖੇਡਦੇ ਰਹੇ। ਫਿਰ ਹੌਲ਼ੀ-ਹੌਲ਼ੀ ਸਾਰੇ ਹੀ, ਘਰਾਂ ਨੂੰ ਤੁਰ ਪਏ। ਮੈਂ ਤੇ ਪ੍ਰੀਤਮ ਸਿੰਹੁ ਏਥੇ ਈ ਬੈਠੇ ਗੱਪਾਂ ਮਾਰਦੇ ਰਹੇ। ਰਤਾ ਕੁ ਘੁਸਮੁਸਾ ਹੋਏ 'ਤੇ ਮੈਂ ਆਪਣੇ ਘਰ ਨੂੰ ਤੇ ਉਹ ਆਹ ਦਰੱਖ਼ਤਾਂ ਵਿਚਾਲੜੀ ਡੰਡੀ ਥਾਣੀ ਆਪਣੇ ਘਰ ਨੂੰ ਤੁਰ ਪਿਆ। ਬਥੇਰੀ ਵਾਰੀ ਉਹ ਨੂੰ ਕਿਹਾ ਸੀ ਪਈ ਸੜਕੇ-ਸੜਕੇ ਜਾਇਆ ਕਰ, ਪਰ ਕਿੱਥੋਂ! ਅਖੇ, 'ਏਧਰ ਦੀ ਬਹੁਤ ਨੇੜੇ ਪੈਂਦੈ।' ਤੈਨੂੰ ਤਾਂ ਪਤਾ ਪਈ ਆਹ ਜੰਗਲ਼ ਜਿਹਾ ਕਿੰਨਾ ਸੰਘਣੈ। ਰਾਹ ਵਿੱਚ ਕਿਤੇ ਸੁੰਨੀਂ ਥਾਂ, ਦੋ ਤਿੰਨ ਕੱਟੜ ਜਿਹੇ ਗੋਰੇ ਮੁੰਡੇ ਬੈਠੇ ਕੋਈ ਨਸ਼ਾ-ਪੱਤਾ ਕਰ ਰਹੇ ਸੀ। ਉਹ ਭੂਤਰੇ ਹੋਏ, ਉਸ ਨੂੰ 'ਕੱਲਾ ਦੇਖ ਕੇ ਪੈ ਗਏ। ਉਹ ਸਾਰੇ ਹੀ ਉਸ ਨੂੰ ਥੱਲੇ ਸੁੱਟ ਕੇ ਕੁੱਟਦੇ-ਮਧੋਲ਼ਦੇ ਰਹੇ। ਉਨ੍ਹਾਂ ਵਿੱਚੋਂ ਇੱਕ ਨੇ ਬੇਸਬਾਲ ਵਾਲ਼ਾ ਬੱਲਾ ਤੇ ਬਾਕੀਆਂ ਨੇ ਨੇੜਿਓਂ ਪੱਥਰ ਚੁੱਕ-ਚੁੱਕ ਕੇ ਉਸ ਦੇ ਸਿਰ ਵਿੱਚ ਮਾਰੇ ਤੇ ਉਸ ਦਾ ਸਿਰ-ਮੂੰਹ ਫੇਹ ਸੁੱਟਿਆ। ਫਿਰ ਉਹ, ਉਸ ਨੂੰ ਅੱਧਮਰਿਆ ਜਿਹਾ ਕਰ ਕੇ, ਛੱਡ ਕੇ ਦੌੜ ਗਏ। ਇਸ ਘਟਨਾ ਦੀ ਕਿਸੇ ਨੂੰ ਕੋਈ ਖ਼ਬਰ ਨਾ ਹੋਣ ਕਰ ਕੇ, ਉਹ ਵਿਚਾਰਾ ਉੱਥੇ ਕਾਫ਼ੀ ਚਿਰ ਬੇਹੋਸ਼ ਪਿਆ ਰਿਹਾ। ਬੜੇ ਚਿਰ ਬਾਅਦ ਕਿਸੇ ਆਉਂਦੇ-ਜਾਂਦੇ ਦੀ ਨਜ਼ਰ ਉਸ 'ਤੇ ਪਈ ਤਾਂ ਉਸ ਨੇ ਐਮਰਜੈਂਸੀ ਫੋਨ ਕੀਤਾ। ਹਸਪਤਾਲ ਵਿਚ ਬੱਸ ਮਾੜੀ ਜਿਹੀ ਸੁਰਤ ਆਈ ਤਾਂ ਉਸ ਨੇ ਜਿੰਨਾਂ ਹੋ ਸਕਿਆ, ਪੁਲਿਸ ਨੂੰ ਬਿਆਨ ਦਿੱਤਾ। ਸੱਟਾਂ ਬਹੁਤੀਆਂ ਹੋਣ ਕਰ ਕੇ ਤੇ ਖ਼ੂਨ ਬਹੁਤਾ ਵਗ ਜਾਣ ਦੀ ਵਜ੍ਹਾ ਨਾਲ਼ ਰਾਤੀਂ ਦਸ-ਗਿਆਰਾਂ ਵਜੇ ਜਹਾਨੋਂ ਤੁਰ ਗਿਆ ਵਿਚਾਰਾ ਪ੍ਰੀਤਮ ਸਿਹੁੰ।"

"ਉਨ੍ਹਾਂ ਗੋਰਿਆਂ ਦਾ ਕੋਈ ਪਤਾ-ਸਤਾ ਲੱਗਿਆ ਜਾਂ ਨਹੀਂ? ਕੋਈ ਫੜਿਆ-ਫੁੜਿਆ ਗਿਆ ਕਿ ਨਹੀਂ, ਉਨ੍ਹਾਂ ਚੋਂ?" ਰਣਜੀਤ ਨੇ ਪੁੱਛਿਆ।

"ਆਹੋ, ਇੱਕ ਤਾਂ ਫੜ ਲਿਆ, ਬਾਕੀ ਵੀ ਫੜੇ ਜਾਣਗੇ। ਅਸਲ ਵਿੱਚ ਇਹ ਉਹੀ ਛੋਕਰੇ ਸੀ, ਜੋ ਏਥੇ ਪਾਰਕ ਵਿੱਚ ਨਸ਼ੇ-ਪੱਤੇ ਕਰ ਕੇ ਪੰਜਾਬੀ ਬੁੜ੍ਹਿਆਂ ਨੂੰ ਗਾਲ਼ਾਂ ਕੱਢਦੇ ਹੁੰਦੇ ਸੀ। ਫਿਰ ਅਸੀਂ ਆਪਣੇ ਮੁੰਡਿਆਂ ਨੂੰ ਕਹਿ ਕੇ ਪੁਲਿਸ ਨੂੰ ਫ਼ੋਨ ਕਰਾਇਆ। ਇਕ ਦਿਨ ਪੁਲਿਸ ਆਲ਼ਿਆ ਨੇ ਆ ਕੇ ਉਨ੍ਹਾਂ ਨੂੰ ਨੱਪ ਲਿਆ

ਤੇ ਫੇਰ ਉਨ੍ਹਾਂ ਨੂੰ ਵਾਰਨਿੰਗ ਦੇ ਕੇ ਬੰਦੇ ਬਣ ਜਾਣ ਲਈ ਕਿਹਾ। ਫੇਰ ਉਹ ਪਾਰਕ ਵਿੱਚ ਆਉਣੋਂ ਤਾਂ ਹਟ ਗਏ, ਪਰ ਰਾਹ 'ਚ ਹੀ ਕਿਤੇ ਨਸ਼ੇ ਦਾ 'ਖਾੜਾ ਲਾਉਣ ਲੱਗ ਪਏ। ਪ੍ਰੀਤਮ ਸਿਹੁੰ ਵਿਚਾਰਾ ਇਨ੍ਹਾਂ ਦੇ ਹੱਥੇ ਚੜ੍ਹ ਗਿਆ। ਇਹ ਨਸਲਵਾਦੀ ਗੋਰੇ ਨਹੀਂ ਚਾਹੁੰਦੇ ਕਿ ਹੋਰ ਦੇਸ਼ਾਂ ਦੇ ਲੋਕ, ਕਨੇਡੇ ਆਉਣ। ਉਹ ਤਾਂ ਇਹੋ ਸਮਝਦੇ ਆ ਪਈ ਕਨੇਡਾ ਉਨ੍ਹਾਂ ਦਾ ਈ ਮੁਲਕ ਐ। ਪ੍ਰੀਤਮ ਸਿੰਘ ਵਿਚਾਰਾ ਤਾਂ ਪਹਿਲਾਂ ਈ ਘਰੋਂ ਬਥੇਰਾ ਦੁਖੀ ਸੀ। ਉਹ ਅਤੇ ਉਸ ਦੀ ਘਰ ਆਲ਼ੀ, ਪੰਜ ਕੁ ਸਾਲ ਪਹਿਲਾਂ ਆਪਣੇ ਧੀ-ਜੁਆਈ ਕੋਲ਼ ਆਏ ਸੀ। ਉਨ੍ਹਾਂ ਦਾ ਪ੍ਰਾਹੁਣਾ ਪਿਛਲੇ ਸਾਲ ਈ ਛੱਤਾਂ ਦਾ ਕੰਮ ਕਰਦਾ-ਕਰਦਾ ਡਿੱਗ ਕੇ ਪੂਰਾ ਹੋ ਗਿਆ ਸੀ। ਹੁਣ ਇਹ ਤੁਰ ਗਿਆ। ਮਗਰ ਰਹਿ ਗਈਆਂ ਦੋਵੇਂ ਰੰਡੀਆਂ ਹੋਈਆਂ ਮਾਵਾਂ ਧੀਆਂ। ਬਾਹਲ਼ਾ ਈ ਕਹਿਰ ਕੀਤਾ ਰੱਬ ਨੇ," ਗੁਰਮੇਲ ਸਿੰਘ ਦੇ ਬੋਲਾਂ ਵਿੱਚ ਲੋਹੜੇ ਦਾ ਦਰਦ ਸੀ।

"ਅੰਕਲ, ਨਸਲਵਾਦ ਕਿੱਥੇ ਨਹੀਂ ਏ। ਭਾਰਤ ਵਿੱਚ ਵੀ ਤਾਂ ਹੈਗਾ। ਆਪਣੀ ਗੱਲ ਈ ਲੈ ਲਓ, ਪੰਜਾਬ ਵਿੱਚ, ਬਿਹਾਰ ਜਾਂ ਯੂ ਪੀ ਤੋਂ ਆ ਕੇ ਜੋ ਮਜ਼ਦੂਰ ਕੰਮ ਕਰਦੇ ਆ, ਜੇ ਉਨ੍ਹਾਂ ਵਿੱਚੋਂ ਕੁਛ ਬਹੁਤੇ ਕਾਮਯਾਬ ਹੋ ਜਾਂਦੇ ਨੇ ਤਾਂ ਸਾਨੂੰ ਪੰਜਾਬੀਆਂ ਨੂੰ ਆਪਣਾ ਹੱਕ ਮਰਦਾ ਦਿਸਣ ਲੱਗ ਜਾਂਦਾ। ਇਹ ਕਬਜ਼ੇ ਦੀ ਭਾਵਨਾ ਹਰ ਥਾਂ ਏ, ਕਿਤੇ ਧਰਮ ਦੇ ਨਾਂ 'ਤੇ, ਕਿਤੇ ਬਹੁਮਤ ਦੇ ਨਾਂ 'ਤੇ। ਓਦਾਂ ਕੈਨੇਡਾ ਵਿੱਚ ਗੋਰੇ ਵੀ ਬਾਹਰੋਂ ਆ ਕੇ ਹੀ ਵਸੇ ਹੋਏ ਨੇ, ਪਰ ਇਹ ਸਾਡੇ ਤੋਂ ਪਹਿਲਾਂ ਦੇ ਆਏ ਹੋਏ ਹੋਣ ਦੀ ਵਜ੍ਹਾ ਨਾਲ਼, ਉਨ੍ਹਾਂ ਵਿੱਚੋਂ ਕਈਆਂ ਨੂੰ ਲੱਗਦੈ ਕਿ ਕੈਨੇਡਾ ਉਨ੍ਹਾਂ ਦਾ ਈ ਏ। ਉਹ ਨਹੀਂ ਚਾਹੁੰਦੇ ਕਿ ਬਾਅਦ 'ਚ ਆਏ, ਹੋਰ ਲੋਕ ਕਾਮਯਾਬ ਹੋਣ। ਇਸੇ ਲਈ ਉਹ ਹੋਰ ਨਸਲਾਂ ਦੇ ਲੋਕਾਂ ਨੂੰ ਦੇਖ ਨਹੀਂ ਸੁਖਾਉਂਦੇ। ਗੋਰਿਆਂ ਦੀ ਗੱਲ ਤਾਂ ਇੱਕ ਪਾਸੇ ਰਹੀ, ਸਾਡੇ ਆਪਣੇ ਲੋਕ, ਜਿਹੜੇ ਕਾਫ਼ੀ ਸਾਲਾਂ ਤੋਂ ਕਨੇਡਾ ਆਏ ਹੋਏ ਨੇ, ਉਹ ਸਾਡੇ ਹੀ ਨਵੇਂ ਆਏ ਲੋਕਾਂ ਵੱਲ ਅੱਖਾਂ ਕੱਢ-ਕੱਢ ਦੇਖਦੇ ਨੇ। ਉਹ ਵੀ ਇਹੋ ਸਮਝਦੇ ਨੇ ਕਿ ਉਹ ਪਹਿਲਾਂ ਆਏ ਹੋਣ ਕਰ ਕੇ ਇਸ ਮੁਲਕ ਉੱਤੇ ਉਨ੍ਹਾਂ ਦਾ ਹੱਕ ਜ਼ਿਆਦਾ ਏ। ਅਸਲ ਵਿੱਚ ਜਿੱਥੇ ਵੀ ਮਨੁੱਖ ਐ, ਉੱਥੇ ਹੀ ਨਸਲਵਾਦ ਐ। ਅਨਪੜ੍ਹ ਲੋਕ ਇਸ ਦਾ ਵੱਧ ਸ਼ਿਕਾਰ ਹੁੰਦੇ ਆ। ਸੱਚ, ਪ੍ਰੀਤਮ ਸਿੰਘ ਅੰਕਲ ਕੰਮ ਨਹੀਂ ਕਰਦਾ ਸੀ ਭਲਾ?" ਰਣਜੀਤ ਨੇ ਆਪਣੀ ਗੱਲ ਨਿਬੇੜਦਿਆਂ ਪੁੱਛਿਆ।

"ਕਾਹ'ਨੂੰ ਯਾਰ, ਕੰਮ ਤਾਂ ਕਰਦਾ ਸੀ। ਅਸੀਂ 'ਕੱਠੇ ਬੇਰੀ ਤੋੜਨ ਜਾਂਦੇ ਹੁੰਦੇ ਸੀ। ਪਰ ਬੇਰੀ ਤੋਂ ਬਾਅਦ ਹੁਣ ਠੇਕੇਦਾਰ ਉਸ ਨੂੰ ਘੰਟਿਆਂ ਦੇ ਹਿਸਾਬ ਨਾਲ਼ ਪੈਸੇ ਕਮਾਉਣ ਵਾਲ਼ੇ ਕੰਮ 'ਤੇ ਨਹੀ ਸੀ ਲਿਜਾਂਦਾ। ਅਖੇ, 'ਇਹ ਪੁਰਾਣਾ ਫੌਜੀ ਹੋਣ ਕਰ ਕੇ ਥੋੜ੍ਹਾ ਪੜ੍ਹਿਆ ਲਿਖਿਆ ਵੀ ਆ ਤੇ ਗੋਰੇ ਨਾਲ਼ ਸਿੱਧੀ ਗੱਲ ਕਰ ਲੈਂਦੈ। ਬਾਕੀ ਕਾਮਿਆਂ ਨੂੰ ਚੁੱਕਤਾਂ ਵੀ ਦਿੰਦਾ ਰਹਿੰਦਾ ਏ ਕਿ ਤੁਹਾਨੂੰ ਪੈਸੇ ਘੱਟ ਮਿਲ਼ਦੇ ਆ ਤੇ ਠੇਕੇਦਾਰ ਅੱਗਿਓਂ ਬਹੁਤੇ ਲੈਂਦੈ।' ਬਸ ਹੈਨ੍ਹਾਂ ਗੱਲਾਂ ਤੋਂ ਖ਼ਾਰ ਖਾ

ਕੇ, ਉਹ ਨੂੰ ਲਿਜਾਣੋਂ ਹਟ ਗਿਆ। ਮੈਂ ਤਾਂ ਕਹਿੰਦਾ ਹੁੰਦਾ ਸੀ ਪ੍ਰੀਤਮ ਸਿੰਹੁ ਨੂੰ, 'ਪਈ ਚਲ ਤੂੰ ਥੋੜ੍ਹਾ-ਬਹੁਤ ਪੜ੍ਹਿਆ-ਲਿਖਿਐਂ, ਕੋਈ ਹੋਰ ਕੰਮ ਈ ਕਰ ਲੈ। ਕੋਈ ਸਕੋਰਟੀ ਗਾਰਡ ਦੀ ਨੌਂਕਰੀ ਕਰ ਲੈ।' ਕਹਿੰਦਾ ਸੀ, 'ਆਹੋ, ਦੇਖਦੇ ਆਂ।' ਪਰ ਉੱਪਰ ਆਲ਼ੇ ਨੂੰ ਕੁਛ ਹੋਰ ਈ ਮੰਜ਼ੂਰ ਸੀ," ਗੁਰਮੇਲ ਸਿੰਘ ਨੇ ਪ੍ਰੀਤਮ ਸਿੰਘ ਦੀਆਂ ਦੁੱਖ-ਤਕਲੀਫ਼ਾਂ ਦਾ ਖ਼ੁਲਾਸਾ ਕੀਤਾ।

"ਅੰਕਲ, ਇੱਕ ਗੱਲ ਪੁੱਛਾਂ? ਸੱਚ ਦੱਸਿਓ, ਉਸ ਦਿਨ ਅੰਕਲ ਨੇ ਸ਼ਰਾਬ ਵੀ ਪੀਤੀ ਹੋਈ ਸੀ ਕਿ ਨਹੀਂ?" ਰਣਜੀਤ ਨੇ ਬੜੇ ਗਹੁ ਨਾਲ਼ ਗੁਰਮੇਲ ਸਿੰਘ ਵੱਲ ਦੇਖਦਿਆਂ ਪੁੱਛਿਆ ਤਾਂ ਗੁਰਮੇਲ ਸਿੰਘ ਨੇ ਰਤਾ ਕੁ ਹੈਰਾਨੀ ਜਿਹੀ ਨਾਲ਼ ਉਸ ਵੱਲ ਏਦਾਂ ਦੇਖਿਆ ਜਿੱਦਾਂ ਉਹ ਸੰਨ੍ਹ ਤੋਂ ਫੜਿਆ ਗਿਆ ਹੋਵੇ। ਕੁੱਝ ਚਿਰ ਸੋਚ ਕੇ ਉਹ ਬੋਲਿਆ, "ਹਾਂ, ਪੀਤੀ ਹੋਈ ਤਾਂ ਸੀ ਉਸ ਦੀ। ਉਸ ਦਿਨ ਜੌਹਲ ਜੁਗਾੜੂ ਆਇਆ ਹੋਇਆ ਸੀ। ਅਸੀਂ ਦੋਹਾਂ ਜਣਿਆਂ ਨੇ ਪੰਜ-ਪੰਜ ਡਾਲਰ ਪਾ ਕੇ ਉਸ ਤੋਂ ਇੱਕ ਬੋਤਲ ਲੈ ਲਈ। ਅਸੀਂ ਸਾਰਿਆਂ ਦੇ ਜਾਣ ਤੋਂ ਬਾਅਦ ਦੋ-ਦੋ ਪੈੱਗ ਲਾਏ ਤੇ ਬਾਕੀ ਦੀ ਬਚੀ ਮੈਂ ਘਰ ਨੂੰ ਲੈ ਗਿਆ ਸੀ।"

"ਅੰਕਲ, ਇਹ ਜੌਹਲ ਜੁਗਾੜੂ ਆਪਣਾ ਉਹੀ ਮੁੰਡਾ ਨਾ, ਜਿਹੜਾ ਏਥੇ ਆ ਕੇ ਚੋਰੀ ਦਾ ਸਮਾਨ ਵੇਚਦੈ। ਉਹੀ ਉਹ ਪਟਿਆਂ ਜਿਹਿਆਂ ਆਲ਼ਾ?" ਰਣਜੀਤ ਨੇ ਗੁਰਮੇਲ ਸਿੰਘ ਨੂੰ ਪੁੱਛਿਆ।

"ਆਹੋ ਉਹੀ ਆ। ਓਦਾਂ, ਉਹ ਦਾ ਅਸਲੀ ਨਾਂ ਸਰਬਜੀਤ ਜੌਹਲ ਆ। ਏਥੇ ਅਸੀਂ ਹੀ ਉਹ ਦਾ ਨਾਂ 'ਜੌਹਲ ਜੁਗਾੜੂ' ਪਾਇਆ ਹੋਇਐ। ਵਧੀਆ-ਵਧੀਆ ਨਿਕ-ਸੁਕ ਬਾਹਲ਼ਾ ਈ ਸਸਤਾ ਵੇਚ ਜਾਂਦੈ। ਹਫ਼ਤੇ 'ਚ ਇਕ-ਦੋ ਦਿਨ ਆਉਂਦੈ, ਪੱਚੀਆਂ ਵਾਲ਼ੀ ਸੀਲਬੰਦ ਬੋਤਲ ਦਸਾਂ ਡਾਲਰਾਂ ਦੀ ਦੇ ਜਾਂਦੈ। ਅਸੀਂ ਕਈ ਜਣੇ ਰਲ਼ ਕੇ ਏਦਾਂ ਦਾ ਸੌਦਾ ਮਾਰ ਲੈਨੇ ਹੁੰਨੇ ਆਂ। ਓਦਣ ਜੌਹਲ ਜੁਗਾੜੂ ਥੋੜ੍ਹਾ ਲੇਟ ਆਇਆ ਹੋਣ ਦੀ ਵਜ੍ਹਾ ਨਾਲ਼, ਬਾਕੀ ਦੇ ਸਾਂਝ ਪਾਉਣ ਨੂੰ ਨਾ ਮੰਨੇ, ਪਰ ਮੈਂ ਤੇ ਪ੍ਰੀਤਮ ਸਿਹੁੰ ਨੇ ਬੋਤਲ ਲੈ ਲਈ," ਗੁਰਮੇਲ ਸਿੰਘ ਨੇ ਵਿਚਲੀ ਗੱਲ ਦੱਸੀ।

"ਦੇਖ ਲਓ ਅੰਕਲ, ਤੁਸੀਂ ਚੋਰੀ ਦਾ ਮਾਲ ਖ਼ਰੀਦ ਕੇ ਠੀਕ ਨਹੀਂ ਕਰਦੇ। ਜਿੰਨਾ ਦੋਸ਼ ਚੋਰੀ ਕਰ ਕੇ, ਚੋਰ ਦਾ ਬਣਦੈ, ਓਨਾ ਹੀ ਦੋਸ਼, ਚੋਰੀ ਦਾ ਮਾਲ ਖ਼ਰੀਦ ਕੇ ਤੁਹਾਡਾ ਬਣਦੈ। ਜੇ ਪੀਤੀ ਹੋਈ ਨਾ ਹੁੰਦੀ ਤਾਂ ਖ਼ੌਰੇ ਅੰਕਲ ਪ੍ਰੀਤਮ ਸਿੰਹੁ ਦੀ ਜਾਨ ਈ ਨਾ ਜਾਂਦੀ। ਜੇ ਉਹ ਸ਼ਰਾਬੀ ਨਾ ਹੁੰਦਾ ਤਾਂ ਸ਼ਾਇਦ ਉਹ ਦੌੜ ਕੇ ਜਾਂ ਰੌਲ਼ਾ-ਰੱਪਾ ਪਾ ਕੇ ਆਪਣੀ ਜਾਨ ਬਚਾ ਲੈਂਦਾ। ਇੱਕ ਤਾਂ ਉਮਰ ਸਿਆਣੀ, ਉੱਪਰੋਂ ਸ਼ਰਾਬ ਦਾ ਨਸ਼ਾ। ਇਸ ਹਾਲਤ ਵਿੱਚ ਤਾਂ ਬੰਦਾ ਪਹਿਲਾਂ ਹੀ ਸਾਹ-ਸਤਹੀਣ ਹੋਇਆ ਹੁੰਦੈ। ਤਾਹੀਓਂ ਵਿਚਾਰਾ ਚੁੱਪ ਕਰ ਕੇ ਕੁੱਟ ਖਾਈ ਗਿਆ ਤੇ ਆਪਣੀ ਜਾਨ ਗੁਆ ਗਿਆ। ਓਦਾਂ ਤਾਂ ਉਹ ਮੁੰਡੇ ਵੀ ਨਸ਼ੱਈ ਸਨ ।

ਜੇ ਉਸ ਨੇ ਪੀਤੀ-ਖਾਧੀ ਨਾ ਹੁੰਦੀ ਤਾਂ ਉਹ, ਉਨ੍ਹਾਂ ਨੂੰ ਧੱਕੇ-ਧੁੱਕੇ ਮਾਰ ਕੇ ਦੌੜ ਸਕਦਾ ਸੀ। ਮੈਨੂੰ ਲਗਦੈ ਕਿ ਨਾ ਤਾਂ ਕੁੱਟਣ ਵਾਲ਼ੇ ਈ ਹੋਸ਼ ਵਿੱਚ ਸਨ ਤੇ ਨਾ ਹੀ ਕੁੱਟ ਖਾਣ ਵਾਲਾ। ਜਿੱਥੇ ਕਿਤੇ ਸੂਤ ਲੱਗਿਆ, ਅਗਲੇ ਮਾਰੀ ਗਏ। ਅੰਕਲ, ਮੇਰੀ ਮੰਨੋਂ ਤਾਂ ਆਹ ਚੋਰੀ ਦਾ ਸਾਮਾਨ ਅਤੇ ਸ਼ਰਾਬ-ਸ਼ਰੂਬ ਖ਼ਰੀਦਣੀ ਬੰਦ ਕਰੋ। ਉਮਰ ਨਾਲ਼ ਕੋਈ ਬੰਦਾ ਸਿਆਣਾ ਨਹੀਂ ਹੁੰਦਾ, ਸਿਆਣਾ ਤਾਂ ਉਹ ਹੁੰਦੈ, ਜਿਹੜਾ ਮੁਸੀਬਤ ਆਉਣੋਂ ਪਹਿਲਾਂ ਹੀ ਤਾੜ ਜਾਵੇ," ਰਣਜੀਤ ਨੇ ਮੱਤ ਦੇਣ ਦੀ ਕੋਸ਼ਿਸ਼ ਕੀਤੀ।

"ਤੂੰ ਸਹੀ ਕਹਿਨਾਂ ਪੁੱਤਰਾ। ਹੁਣ ਤਾਂ ਓਦਾਂ ਈ ਪੀਣ ਨੂੰ ਵੱਢੀ ਰੂਹ ਨਹੀਂ ਕਰਨੀ। ਹੁਣ ਜੇ ਪੀਣੀ ਨਹੀਂ ਤਾਂ ਖ਼ਰੀਦਣੀ ਕਾਹ'ਨੂੰ ਆਂ। ਐਵੇਂ ਸ਼ੁਗਲ ਕਰਦਿਆਂ-ਕਰਦਿਆਂ ਯਾਰ ਗੁਆ ਬੈਠੈ," ਅੱਗੇ ਗੁਰਮੇਲ ਸਿੰਘ ਤੋਂ ਬੋਲਿਆ ਨਾ ਗਿਆ।

ਇਸ ਦੌਰਾਨ ਰਣਜੀਤ ਦੀ ਨਜ਼ਰ, ਟਰੈਕ 'ਤੇ ਤੁਰੇ ਜਾ ਰਹੇ ਮਨਸਾਧੂ ਸਿੰਘ 'ਤੇ ਪੈ ਗਈ। ਉਸ ਨੇ ਵੀਲਚੇਆਰ, ਟਰੈਕ ਤੋਂ ਬਾਹਰ ਨਿੱਕਲ਼ਣ ਵਾਲ਼ੇ ਗੇਟ ਵੱਲ ਮੋੜ ਲਈ। ਗੇਟ ਨੇੜੇ ਖੜ੍ਹ ਕੇ ਉਹ ਕੁੱਝ ਚਿਰ ਉਡੀਕਦਾ ਰਿਹਾ। ਵੀਹ ਕੁ ਮਿੰਟ ਬਾਅਦ, ਉਸ ਨੂੰ ਮਨਸਾਧੂ ਸਿੰਘ ਆਪਣੇ ਵੱਲ ਆਉਂਦਾ ਦਿਸਿਆ।

"ਸਤਿ ਸ੍ਰੀ ਅਕਾਲ ਬਾਬਾ ਜੀ, ਕੀ ਹਾਲ-ਚਾਲ ਏ ਤੁਹਾਡਾ?" ਉਸ ਦੇ ਨੇੜੇ ਆਉਣ 'ਤੇ ਰਣਜੀਤ ਨੇ ਫ਼ਤਿਹ ਬੁਲਾਉਂਦਿਆਂ ਪੁੱਛਿਆ।

"ਸਤਿ ਸ੍ਰੀ ਅਕਾਲ ਰਣਜੀਤ ਸਿੰਘ। ਮੈਂ ਬਿਲਕੁਲ ਠੀਕ-ਠਾਕ ਆਂ, ਤੁਸੀਂ ਆਪਣਾ ਸੁਣਾਓ," ਮਨਸਾਧੂ ਸਿੰਘ ਨੇ ਖਿੜੀ ਤਬੀਅਤ ਨਾਲ਼ ਉੱਤਰ ਦਿੱਤਾ।

"ਬਾਬਾ ਜੀ ਤੁਹਾਨੂੰ ਅੰਕਲ ਪ੍ਰੀਤਮ ਸਿੰਘ ਬਾਰੇ ਪਤਾ ਲੱਗਿਆ? ਉਹ ਪੂਰੇ ਹੋ ਗਏ," ਰਣਜੀਤ ਨੇ ਕਿਹਾ।

"ਹਾਂ ਬੇਟਾ ਲੱਗਾ ਸੀ ਪਤਾ, ਜੋ ਭਾਵੇ ਕਰਤਾਰ।"

"ਮੈਨੂੰ ਤਾਂ ਯਕੀਨ ਜਿਹਾ ਨਹੀਂ ਆਉਂਦਾ ਕਿ ਅੰਕਲ ਪ੍ਰੀਤਮ ਸਿੰਘ ਹੁਣ ਸਾਡੇ 'ਚ ਨਹੀਂ ਰਹੇ।"

"ਹਾਂ ਪੁੱਤਰ ਜੀ, ਇਸ ਸੰਸਾਰ ਵਿੱਚ ਲੋਕ ਇਕੱਲਾ ਜਿਊਣ ਵਾਸਤੇ ਨਹੀਂ ਆਉਂਦੇ, ਉਨ੍ਹਾਂ ਨੇ ਮਰਨਾ ਵੀ ਹੁੰਦਾ ਏ। ਫਿਰ ਵੀ ਪ੍ਰੀਤਮ ਸਿੰਘ ਦੀ ਮੌਤ ਬਹੁਤ ਹੀ ਅਣਸੁਖਾਵੀਂ ਸੀ, ਜਿਸ ਦਾ ਮੈਨੂੰ ਬਹੁਤ ਅਫ਼ਸੋਸ ਹੈ।"

"ਅਜੇ ਪਿਛਲੇ ਐਤਵਾਰ ਈ ਮੈਨੂੰ ਪਾਰਕ ਤੱਕ ਲਿਆਉਣ ਵਿੱਚ ਮਦਦ ਕਰਨ ਦੀ ਪੇਸ਼ਕਸ਼ ਕਰ ਰਹੇ ਸੀ," ਰਣਜੀਤ ਨੇ ਕਿਹਾ।

"ਮੌਤ ਤੋਂ ਵੱਡਾ ਕੋਈ ਸੱਚ ਨਹੀਂ, ਮੌਤ ਹੀ ਸੱਚ ਏ, ਬਾਕੀ ਸਭ ਕੁਝ ਝੂਠ!" ਬਾਬਾ ਮਨਸਾਧੂ ਸਿੰਘ ਨੇ ਉੱਪਰ ਅੰਬਰ ਵੱਲ ਦੇਖਦਿਆਂ ਜੁਆਬ ਦਿੱਤਾ।

"ਬਾਬਾ ਜੀ, ਇਹ ਮੌਤ ਆਖ਼ਰ ਹੈ ਕੀ? ਲੋਕ ਇਸ ਤੋਂ ਏਨਾ ਡਰਦੇ ਕਿਉਂ ਨੇ? ਮੌਤ ਕੋਲ਼ੋਂ ਡਰਨਾ ਸਹੀ ਏ?" ਰਣਜੀਤ ਨੇ ਇੱਕੋ ਸਾਹੇ ਕਈ ਸੁਆਲ ਕਰ ਦਿੱਤੇ।

"ਮੌਤ ਤਾਂ ਪ੍ਰੀਵਰਤਨ ਦੀ ਇੱਕ ਪ੍ਰਕਿਰਿਆ ਏ ਤੇ ਪ੍ਰੀਵਰਤਨ ਕੁਦਰਤ ਦਾ ਨਿਯਮ ਏ। ਮੌਤ ਇੱਕ ਇਹੋ ਜਿਹੀ ਨੀਂਦ ਏ, ਜਿਸ ਵਿੱਚ ਇਨਸਾਨ ਸੌਂਦਾ ਕਿਤੇ ਹੋਰ ਏ ਤੇ ਜਾਗਦਾ ਕਿਤੇ ਹੋਰ ਏ। ਮੌਤ ਟਾਲ਼ੀ ਨਹੀਂ ਜਾ ਸਕਦੀ, ਪਰ ਇਸ ਨੂੰ ਦੁੱਖਦਾਈ ਬਣਨ ਤੋਂ ਰੋਕਿਆ ਜਾ ਸਕਦਾ ਏ। ਤੁਹਾਡੇ ਕਰਮ ਤੇ ਆਦਰਸ਼ ਹੀ ਇਸ ਨੂੰ ਸੁਖਦ ਜਾਂ ਦੁਖਦ ਬਣਾਉਂਦੇ ਨੇ। ਪ੍ਰਮਾਤਮਾ ਦਾ ਅੰਸ਼, ਜਿਸ ਨੂੰ ਅਸੀਂ ਆਤਮਾ ਆਖਦੇ ਹਾਂ, ਅਸਲ ਵਿੱਚ ਊਰਜਾ ਦਾ ਉਹ ਸਰੋਤ ਹੈ, ਜੋ ਇਸ ਸਰੀਰ ਨੂੰ ਗਤੀਸ਼ੀਲ ਬਣਾਉਂਦਾ ਏ। ਜਦੋਂ ਤਕ ਆਤਮਾ ਇਸ, ਪੰਜ ਤੱਤਾਂ ਦੇ ਪੁਤਲੇ ਅਰਥਾਤ ਸਰੀਰ ਅੰਦਰ ਵਾਸਾ ਕਰਦੀ ਏ, ਇਸ ਪੁਤਲੇ ਵਿੱਚ ਊਰਜਾ ਦਾ ਪ੍ਰਵਾਹ ਜਾਰੀ ਰਹਿੰਦਾ ਏ। ਊਰਜਾ ਦਾ ਇਹ ਪ੍ਰਵਾਹ ਹੀ ਜੀਵਨ ਏ ਤੇ ਇਸ ਪ੍ਰਵਾਹ ਦਾ ਰੁਕ ਜਾਣਾ ਮੌਤ ਏ," ਬਾਬਾ ਜੀ ਨੇ ਮੌਤ ਦਾ ਸਰਲੀਕਰਣ ਕੀਤਾ।

"ਪਰ ਵਿਗਿਆਨ ਇਸ ਦੀ ਪਰਿਭਾਸ਼ਾ ਹੋਰ ਤਰ੍ਹਾਂ ਦਿੰਦਾ ਏ ਬਾਬਾ ਜੀ," ਰਣਜੀਤ ਨੇ ਆਪਣਾ ਸੰਸਾ ਜ਼ਾਹਰ ਕੀਤਾ।

"ਵਿਗਿਆਨ ਅਸਲ ਵਿੱਚ ਗਿਆਨ ਦਾ ਹੀ ਅੰਗ ਹੈ ਬੇਟਾ। ਵਿਗਿਆਨ ਦਾ ਅਰਥ ਹੈ 'ਵਿਸ਼ੇਸ਼ ਗਿਆਨ'। ਵਿਗਿਆਨ ਦੀ ਹਰ ਨਵੀਂ ਖੋਜ, ਇੱਕ ਤਰ੍ਹਾਂ ਨਾਲ਼ ਪ੍ਰਮਾਤਮਾ ਦੀ ਹੋਂਦ ਦਾ ਹੀ ਨਵਾਂ ਸਬੂਤ ਹੁੰਦੀ ਏ। ਅਸਲ ਵਿੱਚ ਜਿੰਨਾ ਗਿਆਨ ਸਿੱਧ ਕਰ ਲਿਆ ਜਾਂਦਾ ਏ, ਉਹੀ ਵਿਗਿਆਨ ਬਣ ਜਾਂਦਾ ਹੈ। ਗਿਆਨ ਦੀ ਕੋਈ ਸੀਮਾ ਨਹੀਂ ਏ। ਬੰਦਾ ਸਾਰੀ ਉਮਰ ਗਿਆਨ ਹਾਸਲ ਕਰ ਕੇ ਵੀ ਇੱਕ ਤਰ੍ਹਾਂ ਨਾਲ਼ ਅਗਿਆਨੀ ਹੀ ਮਰਦਾ ਏ। ਵਿਗਿਆਨ ਨੇ ਆਪਣੀ ਨੀਂਹ, ਸਬੂਤਾਂ 'ਤੇ ਟਿਕਾਈ ਹੋਈ ਏ। ਤੁਸੀਂ ਇਸ ਨੂੰ ਇੰਞ ਵੀ ਕਹਿ ਸਕਦੇ ਹੋ ਕਿ ਜਦੋਂ ਜਹਾਜ਼ ਦੀ ਖੋਜ ਨਹੀਂ ਹੋਈ ਸੀ, ਉਹ ਗਿਆਨ ਹੀ ਸੀ, ਪਰ ਜਦੋਂ ਜਹਾਜ਼ ਬਣ ਕੇ ਸਾਹਮਣੇ ਆ ਗਿਆ, ਉਹ ਵਿਗਿਆਨ ਬਣ ਗਿਆ ਕਿਉਂ ਕਿ ਤਦ ਉਸ ਨੂੰ ਸਬੂਤ ਦੇ ਤੌਰ ਤੇ ਪੇਸ਼ ਕੀਤਾ ਜਾ ਸਕਦਾ ਸੀ। ਇਸ ਦਾ ਮਤਲਬ ਇਹ ਵੀ ਨਹੀਂ ਕਿ ਪਹਿਲਾਂ ਜਹਾਜ਼ ਕੁਦਰਤ ਵਿੱਚ ਮੌਜੂਦ ਨਹੀਂ ਸੀ। ਜਹਾਜ਼ ਤਾਂ ਸੀ, ਪਰ ਉਹ ਦਿਸਦਾ ਨਹੀਂ ਸੀ। ਸ਼ਾਇਦ ਏਸੇ ਕਰ ਕੇ ਹੀ ਵਿਗਿਆਨਕ ਤਰਕ ਦੇ ਕੇ, ਗਿਆਨ ਨੂੰ ਝੁਠਲਾਉਣਾ ਜਾਂ ਨਾ ਮੰਨਣਾ ਮੁੱਢ-ਕਦੀਮ ਤੋਂ ਚਲਿਆ ਆ ਰਿਹਾ ਹੈ। ਜੇ ਤਰਕਾਂ ਤੋਂ ਉੱਪਰ ਉੱਠ ਕੇ ਗਿਆਨ ਨੂੰ ਮਹਿਸੂਸ ਕਰੀਏ ਤਾਂ ਇਹ ਪਰਮ-ਅਨੰਦ ਬਣ ਜਾਂਦਾ ਏ," ਬਾਬਾ ਮਨਸਾਧੂ ਸਿੰਘ ਨੇ ਸਮਝਾਇਆ।

ਫਿਰ ਉਨ੍ਹਾਂ ਨੇ ਮੌਤ ਅਤੇ ਜ਼ਿੰਦਗੀ ਨਾਲ਼ ਸਬੰਧਤ ਕਈ ਹੋਰ ਨੁਕਤਿਆਂ ਦੀ ਵਿਆਖਿਆ ਕੀਤੀ। ਰਣਜੀਤ ਨੂੰ ਬਾਬਾ ਜੀ ਦੇ ਵਿਖਿਆਨ ਵਿੱਚੋਂ ਵੇਦਾਂ,

ਉਪਨਿਸ਼ਦਾਂ ਅਤੇ ਗੁਰਬਾਣੀ ਦੀ ਰਲ਼ੀ-ਮਿਲ਼ੀ ਜਿਹੀ ਝਲਕ ਮਿਲ਼ਦੀ ਸੀ। ਉਸ ਨੂੰ ਲੱਗਿਆ ਕਿ ਗਿਆਨ ਤਾਂ ਉਹੀ ਹੈ, ਪਰ ਸਾਡਾ ਉਸ ਨੂੰ ਦੇਖਣ-ਪਰਖਣ ਦਾ ਨਜ਼ਰੀਆ ਵੱਖਰਾ-ਵੱਖਰਾ ਹੈ।

□□□

# 8.

ਅਨੂ ਦੀ ਹਾਜ਼ਰੀ ਵਿੱਚ ਰਣਜੀਤ ਦਾ ਟਾਈਮ ਖੰਭ ਲਾ ਕੇ ਉੱਡ ਜਾਂਦਾ ਸੀ। ਉਸ ਨੂੰ ਅਨੂ ਦੀਆਂ ਗੱਲਾਂ, ਸ਼ਾਇਰੀ, ਅਤੇ ਨਸੀਹਤਾਂ, ਜੀਵਨ ਦੀਆਂ ਗਹਿਰੀਆਂ ਪਰਤਾਂ ਖੋਲ੍ਹਣ ਵਾਲ਼ੇ ਪ੍ਰਵਚਨ ਜਿਹੇ ਲੱਗਦੇ ਸਨ। ਉਹ ਅਨੂ ਦੀ ਹਰ ਗੱਲ ਖਿੜੇ ਮੱਥੇ ਮੰਨ ਲੈਂਦਾ। ਜਦੋਂ ਵੀ ਉਹ ਅਨੂ ਦਾ ਕੋਈ ਹੁਕਮ ਮੰਨਦਾ ਤਾਂ ਅਨੂ ਹੱਸ ਕੇ ਉਸ ਨੂੰ 'ਦੈਟਸ ਲਾਈਕ ਏ ਗੁਡ ਬੁਆਏ' ਕਹਿ ਦਿੰਦੀ। ਅਨੂ ਦੇ ਆਉਣ ਨਾਲ ਉਸ ਦੀ ਦੁੱਖਾਂ ਦੀ ਸਤਾਈ ਹੋਈ ਜ਼ਿੰਦਗੀ ਨੂੰ ਖ਼ੁਸ਼ੀਆਂ ਦੀ ਪਿਓਂਦ ਚੜ੍ਹਦੀ ਜਾ ਰਹੀ ਸੀ। ਹੁਣ ਅਨੂ, ਉਸ ਨੂੰ ਪਹਿਲੇ ਦਿਨ ਵਾਲ਼ੀ ਬੱਚੀ ਦੀ ਥਾਂ, ਉਹ 'ਸਿਆਣੀ ਆਂਟੀ' ਲੱਗਣ ਲੱਗ ਪਈ, ਜਿਸ ਦੇ ਹੁਸਨ ਤੋਂ ਵੀ ਉਹ ਮੁਨਕਰ ਨਹੀਂ ਸੀ। ਕਈ ਵਾਰੀ ਤਾਂ ਉਸ ਨੂੰ ਉਹ, ਦੁਨੀਆ ਦੀ ਸਭ ਤੋਂ ਖ਼ੂਬਸੂਰਤ ਔਰਤ ਲੱਗਦੀ। ਉਸ ਨੇ ਕਿਤੇ ਸੁਣਿਆ ਸੀ ਕਿ ਇਨਸਾਨ ਦੀ ਅਸਲੀ ਖ਼ੂਬਸੂਰਤੀ, ਉਸ ਦੀ ਸੂਰਤ ਵਿੱਚ ਨਹੀਂ, ਸੀਰਤ ਵਿੱਚ ਹੁੰਦੀ ਹੈ। ਹੁਣ ਉਸ ਨੂੰ ਲੱਗਦਾ ਸੀ ਕਿ ਅਨੂ ਨੇ, ਉਸ ਦੀ ਸੁਣੀ ਹੋਈ ਇਹ ਗੱਲ ਆਪਣੇ ਰੂਪ ਵਿੱਚ ਸਹੀ ਤੇ ਪ੍ਰਤੱਖ ਸਿੱਧ ਕਰ ਦਿੱਤੀ ਹੈ। ਅਸਲ ਵਿੱਚ ਦਿਲ-ਚੜ੍ਹੀ ਕੋਈ ਵੀ ਚੀਜ਼, ਚਾਹੇ ਕਿਹੋ ਜਿਹੀ ਵੀ ਹੋਵੇ, ਅੱਖ ਨੂੰ ਆਪੇ ਹੀ ਖ਼ੂਬਸੂਰਤ ਲੱਗਣ ਲੱਗ ਜਾਂਦੀ ਹੈ। ਹਾਲ ਹੀ ਵਿੱਚ ਉਸ ਦੀ ਜ਼ਿੰਦਗੀ 'ਚ ਆਈ ਇਹ ਕੁੜੀ, ਉਸ ਨੂੰ ਜਨਮਾਂ-ਜਨਮਾਂਤਰਾਂ ਦੀ ਸਾਥਣ ਲੱਗਣ ਲੱਗ ਪਈ ਸੀ। ਅਨੂ ਕੋਲ਼ ਹੋਵੇ ਤਾਂ ਉਸ ਨੂੰ ਦਰਦ ਸਹਿਣ ਦੀ ਸ਼ਕਤੀ ਮਿਲਦੀ ਸੀ। ਉਸ ਦੀ ਹਾਜ਼ਰੀ ਵਿੱਚ ਉਸ ਨੂੰ ਸਮਾਂ ਇੱਕ ਖ਼ੂਬਸੂਰਤ ਪੜਾਅ ਤੇ ਅਟਕਿਆ ਹੋਇਆ ਲੱਗਦਾ ਸੀ। ਏਦਾਂ ਲੱਗਦਾ ਸੀ ਕਿ ਇਸ ਵੇਲ਼ੇ ਸਮੇਂ ਦਾ ਸਟੇਅਰਿੰਗ ਉਸ ਦੇ ਹੱਥਾਂ ਵਿੱਚ ਸੀ ਤੇ ਉਸ ਦਾ ਸੱਜਾ ਪੈਰ ਐਕਸਲਰੇਟਰ ਉੱਤੇ ਦੱਬਦਾ ਜਾ ਰਿਹਾ ਸੀ। ਫਿਰ ਇੱਕ ਦਿਨ, ਉਸ ਦਾ ਪੈਰ ਗੈਸ ਤੋਂ ਉੱਠ ਕੇ ਬਰੇਕ ਤੇ ਆ ਗਿਆ ਤੇ ਸਮੇਂ ਦੀ ਗੱਡੀ ਚੀਕਾਂ ਮਾਰ ਕੇ ਰੁਕ ਗਈ।

ਰਣਜੀਤ ਦੇ ਸੱਟ ਲੱਗਣ ਤੋਂ ਪਹਿਲਾਂ ਉੱਪਰ ਵਾਲ਼ਾ ਮਾਸਟਰ ਬੈੱਡਰੂਮ ਹੀ ਉਸ ਦਾ ਤੇ ਸੋਨੀਆ ਦਾ ਕਮਰਾ ਹੁੰਦਾ ਸੀ, ਪਰ ਉਸ ਦੇ ਸੱਟ ਲੱਗਣ ਤੋਂ ਬਾਅਦ ਸੋਨੀਆ ਨੇ ਆਪਣੇ ਸੌਣ ਦਾ ਇੰਤਜ਼ਾਮ ਕਿਸੇ ਹੋਰ ਕਮਰੇ ਵਿੱਚ ਕਰ ਲਿਆ। ਮਾਸਟਰ ਬੈੱਡ ਰੂਮ ਹੁਣ ਪੂਰੀ ਤਰ੍ਹਾਂ ਰਣਜੀਤ ਲਈ ਹੀ ਛੱਡ ਦਿੱਤਾ ਗਿਆ ਸੀ। ਸੋਨੀਆ ਦਾ ਬਹੁਤਾ ਸਮਾਂ ਰਸੋਈ ਵਿੱਚ ਜਾਂ ਨਿਆਣਿਆਂ ਦਾ ਅੱਗਾ-ਤੱਗਾ ਕਰਦਿਆਂ ਹੀ ਲੰਘਦਾ। ਕਦੇ-ਕਦੇ ਉਹ ਕੰਮ ਛੱਡ ਕੇ ਫ਼ੋਨ ਦੁਆਲ਼ੇ ਹੋਈ ਰਹਿੰਦੀ। ਘਰ ਦੇ ਫ਼ੋਨ ਨਾਲ਼ ਦੋ-ਤਿੰਨ ਕੋਰਡਲੈਸ ਰਸੀਵਰ ਸਨ, ਜਿਨ੍ਹਾਂ ਵਿੱਚੋਂ ਇੱਕ, ਹਮੇਸ਼ਾ ਰਣਜੀਤ ਦੇ ਨੇੜੇ ਪਿਆ ਰਹਿੰਦਾ ਕਿਉਂ ਕਿ ਸੋਨੀਆ ਦੀ ਗ਼ੈਰਹਾਜ਼ਰੀ

ਵਿੱਚ ਹਰ ਫ਼ੋਨ ਉਸੇ ਨੇ ਹੀ ਅਟੈਂਡ ਕਰਨਾ ਹੁੰਦਾ ਸੀ। ਸੋਮਵਾਰ ਸ਼ਾਮ ਨੂੰ ਜਦੋਂ ਅਨੂ ਆਪਣਾ ਕੰਮ ਨਿਬੇੜ ਕੇ ਚਲੇ ਗਈ ਤਾਂ ਸਾਢੇ ਕੁ ਅੱਠ ਵਜੇ ਫ਼ੋਨ ਦੀ ਘੰਟੀ ਵੱਜੀ। ਰਣਜੀਤ ਨੇ ਸੋਨੀਆ ਨੂੰ ਘਰ ਆਈ ਹੋਈ ਸਮਝ ਕੇ ਫ਼ੋਨ ਚੁੱਕਣ ਦੀ ਕੋਸ਼ਿਸ਼ ਨਾ ਕੀਤੀ। ਜਦੋਂ ਕੁੱਝ ਚਿਰ ਫ਼ੋਨ ਦੀ ਘੰਟੀ ਵੱਜਣੋਂ ਬੰਦ ਨਾ ਹੋਈ ਤਾਂ ਰਣਜੀਤ ਨੂੰ ਫ਼ੋਨ ਚੁੱਕਣਾ ਪਿਆ। ਹਰਾ ਬਟਨ ਨੱਪ ਕੇ ਉਹ "ਹੈਲੋ" ਕਹਿਣ ਹੀ ਲੱਗਾ ਸੀ ਕਿ ਹੇਠਲੇ ਕਮਰੇ ਵਿੱਚੋਂ ਸੋਨੀਆ ਨੇ ਫ਼ੋਨ ਚੁੱਕ ਕੇ "ਹੈਲੋ" ਕਹਿ ਦਿੱਤਾ। ਸੋਨੀਆ ਦੀ 'ਹੈਲੋ' ਸੁਣ ਕੇ ਰਣਜੀਤ ਰਸੀਵਰ ਰੱਖਣ ਹੀ ਵਾਲ਼ਾ ਸੀ ਕਿ ਦੂਜੇ ਪਾਸਿਉਂ ਕਿਸੇ ਦੀ ਗ਼ੁੱਸੇ ਭਰੀ ਅਵਾਜ਼ ਉਸ ਦੇ ਕੰਨੀਂ ਪਈ, "ਯੂ ਬਿੱਚ, ਮੇਰਾ ਫ਼ੋਨ ਨਹੀਂ ਚੁੱਕਦੀ!"

"ਸ਼ੱਟ-ਅੱਪ ਸ਼ੌਕਤ, ਤੂੰ ਇਸ ਨੰਬਰ 'ਤੇ ਫ਼ੋਨ ਕਿਉਂ ਕੀਤਾ?" ਸੋਨੀਆ ਨੇ ਵੀ ਗ਼ੁੱਸੇ ਨਾਲ਼ ਜੁਆਬ ਦਿੱਤਾ।

"ਮੋਬਾਈਲ ਫ਼ੋਨ ਤੂੰ ਚੁੱਕਦੀ ਨਹੀਂ, ਮੈਂ ਕਿੰਨੀ ਵਾਰ ਕਰ ਚੁੱਕਾਂ। ਹੁਣ ਜੇ ਤੂੰ ਫ਼ੋਨ ਕੱਟਿਆ ਤਾਂ ਮੈਂ ਦੁਬਾਰਾ ਫ਼ੋਨ ਨਹੀਂ ਕਰਨਾ, ਸਿੱਧਾ ਤੇਰੇ ਘਰ ਪਹੁੰਚ ਜਾਣੈ," ਸ਼ੌਕਤ ਨੇ ਧਮਕੀ ਦੇਣ ਵਾਲ਼ੇ ਅੰਦਾਜ਼ 'ਚ ਕਿਹਾ।

"ਓ ਕੇ ਹੋਲਡ ਆਨ," ਕਹਿ ਕੇ ਸੋਨੀਆ ਚੁੱਪ ਕਰ ਗਈ। ਕੁੱਝ ਚਿਰ ਬਾਅਦ ਰਣਜੀਤ ਨੂੰ ਮਹਿਸੂਸ ਹੋਇਆ ਕਿ ਕੋਈ ਪੌੜੀਆਂ ਚੜ੍ਹਦਾ ਉੱਪਰ ਆ ਰਿਹਾ ਹੈ। ਉਹ ਸਮਝ ਗਿਆ ਸੀ ਕਿ ਸੋਨੀਆ ਇਹ ਦੇਖਣ ਹੀ ਆ ਰਹੀ ਹੈ ਕਿ ਕਿਤੇ ਉਸ ਨੇ ਉੱਪਰਲਾ ਫ਼ੋਨ ਤਾਂ ਨਹੀਂ ਚੁੱਕਿਆ ਹੋਇਆ? ਉਹ, ਫ਼ੋਨ ਇੱਕ ਪਾਸੇ ਰੱਖ ਕੇ, ਛੇਤੀ-ਛੇਤੀ, ਸੁੱਤੇ ਹੋਏ ਹੋਣ ਦਾ ਡਰਾਮਾ ਕਰਨ ਲੱਗ ਪਿਆ। ਸੋਨੀਆ ਉਸ ਨੂੰ ਦੇਖਣ ਦੱਬੇ ਪੈਰੀਂ ਉਸ ਦੇ ਕਮਰੇ 'ਚ ਆਈ। ਜਦੋਂ ਉਸ ਨੂੰ ਰਣਜੀਤ ਦੇ ਸੁੱਤੇ ਹੋਏ ਹੋਣ ਦਾ ਯਕੀਨ ਹੋ ਗਿਆ ਤਾਂ ਉਹ, ਹੌਲ਼ੀ ਜਿਹੇ ਕਮਰੇ ਦਾ ਦਰਵਾਜ਼ਾ ਢੋਅ ਕੇ ਆਪਣੇ ਕਮਰੇ ਵਿੱਚ ਚਲੇ ਗਈ। ਰਣਜੀਤ ਨੂੰ ਵੀ ਜਦੋਂ ਸੋਨੀਆ ਦੇ ਚਲੀ ਜਾਣ ਦੀ ਤਸੱਲੀ ਹੋ ਗਈ ਤਾਂ ਉਸ ਨੇ ਸਹਿਜ ਨਾਲ਼ ਫ਼ੋਨ ਚੁੱਕ ਕੇ ਫੇਰ ਕੰਨ ਨੂੰ ਲਾ ਲਿਆ।

"ਹਾਂ ਹੁਣ ਬੋਲ, ਕੀ ਕਹਿਣੈ! ਨਾਲ਼ੇ ਮੇਰੇ ਨਾਲ਼ ਜ਼ੁਬਾਨ ਸੰਭਾਲ਼ ਕੇ ਗੱਲ ਕਰੀਂ," ਸੋਨੀਆ ਨੇ ਸ਼ੌਕਤ ਨੂੰ ਬੋਲਣ ਲਈ ਹਰੀ ਝੰਡੀ ਦੇ ਦਿੱਤੀ।

"ਕਹਿਣਾ ਕੀ ਆ। ਤੂੰ ਚੁੱਪ ਕਰ ਕੇ, ਬਾਜਵੇ ਦੀ ਬੁੱਕਲ਼ ਵਿੱਚ ਜਾ ਵੜੀ। ਤੈਨੂੰ ਕੋਈ ਸ਼ਰਮ ਹਯਾ ਹੈ ਕਿ ਨਹੀਂ?" ਸ਼ੌਕਤ ਅਜੇ ਵੀ ਓਨਾਂ ਹੀ ਗਰਮ ਸੀ।

"ਚੁੱਪ ਕਰ ਕੇ ਕਾਹ'ਦਾ? ਮੈਂ ਤਾਂ ਤੈਨੂੰ ਦੋ ਹਫ਼ਤੇ ਪਹਿਲਾਂ ਦੱਸ ਦਿੱਤਾ ਸੀ ਕਿ ਮੈਂ ਕੰਮ ਛੱਡਣ ਲੱਗੀ ਆਂ," ਸੋਨੀਆ ਨੇ ਠੋਕ ਕੇ ਜੁਆਬ ਦਿੱਤਾ।

ਸ਼ੌਕਤ ਦੇ ਗੱਲ ਕਰਨ ਦੇ ਅੰਦਾਜ਼ 'ਤੇ ਸੋਨੀਆ ਵੱਲੋਂ ਜੁਆਬ ਦੇਣ ਦੇ

ਢੰਗ ਤੋਂ ਰਣਜੀਤ ਨੂੰ ਹੈਰਾਨੀ ਹੋਣ ਦੀ ਥਾਂ ਇਹ ਯਕੀਨ ਜਿਹਾ ਹੋ ਗਿਆ ਸੀ ਕਿ ਫ਼ੋਨ 'ਤੇ ਹੋਈ ਇਹ ਗੱਲਬਾਤ ਨਿਰੀ ਕੰਮ-ਕਾਰ ਸਬੰਧੀ ਨਹੀਂ ਸੀ, ਸਗੋਂ ਇਸ ਵਿੱਚ ਹੋਰ ਵੀ ਬਹੁਤ ਸਾਰਾ ਲੱਗ-ਲਬੇੜ ਸੀ। ਜਦੋਂ ਉਹ, ਮਾਊਥਪੀਸ 'ਤੇ ਹੱਥ ਰੱਖ ਕੇ, ਫ਼ੋਨ 'ਤੇ ਹੁੰਦੀ ਗੱਲ-ਬਾਤ ਸੁਣ ਰਿਹਾ ਸੀ ਤਾਂ ਉਸ ਨੂੰ ਲੱਗਦਾ ਸੀ ਕਿ ਫ਼ੋਨ ਬੰਦ ਹੋਣ ਤੋਂ ਪਹਿਲਾਂ ਬਹੁਤ ਵੱਡੇ ਫ਼ੈਸਲੇ ਸੁਣਾਏ ਜਾਣਗੇ।

"ਮੈਂ ਤਾਂ ਸੋਚਿਆ ਪਈ ਤੂੰ ਮਜ਼ਾਕ ਈ ਕਰਦੀ ਏਂ। ਮੈਨੂੰ ਕੀ ਪਤਾ ਸੀ ਪਈ ਤੂੰ ਮੇਰੇ ਨਾਲ਼ ਦਗਾ ਕਰਨ 'ਤੇ ਤੁਲੀ ਹੋਈ ਏਂ," ਸ਼ੌਕਤ ਦੀ ਆਵਾਜ਼ ਵਿੱਚ ਹੁਣ ਨਰਮੀ ਆ ਗਈ ਸੀ।

"ਮੈਂ ਕੋਈ ਦਗਾ ਨਹੀਂ ਕੀਤਾ ਨਾ ਹੀ ਮੈਂ ਦਗਾ ਕਰਨ 'ਤੇ ਤੁਲੀ ਹੋਈ ਆਂ। ਜੇ ਕਿਸੇ ਨੂੰ ਆਪਣੇ ਕੈਰੀਅਰ ਦੌਰਾਨ ਕੋਈ ਵਧੀਆ ਮੌਕਾ ਮਿਲਦੈ ਤਾਂ ਉਸ ਨੂੰ, ਉਹ ਅਵੇਲ ਕਰਨ ਦਾ ਪੂਰਾ ਹੱਕ ਏ," ਸੋਨੀਆ ਨੇ ਸਫ਼ਾਈ ਦਿੱਤੀ।

"ਅੱਛਾ! ਹੁਣ ਤੈਨੂੰ ਕੈਰੀਅਰ ਦਾ ਚੇਤਾ ਆ ਗਿਆ! ਕੁੱਝ ਤਾਂ ਹਯਾ ਕਰ। ਮੈਂ ਕੀ ਨਹੀਂ ਦਿੱਤਾ ਤੈਨੂੰ? ਸਤਾਰਾਂ ਡਾਲਰ ਘੰਟੇ ਦੇ ਕੋਈ ਨਹੀਂ ਦਿੰਦਾ ਏਥੇ। ਨਾਲ਼ੇ ਤੇਰੀ ਕਾਰ ਦੀਆਂ ਕਿਸ਼ਤਾਂ ਹਾਲੇ ਵੀ ਮੇਰੇ ਪੱਲਿਉਂ ਜਾਂਦੀਆਂ," ਸ਼ੌਕਤ ਨੇ ਮਿਹਣਾ ਮਾਰਿਆ।

"ਤੂੰ ਜਿੰਨਾ ਮੈਨੂੰ ਦਿੱਤਾ, ਉਸ ਤੋਂ ਕਿਤੇ ਵੱਧ ਵਸੂਲਿਆ ਵੀ ਤਾਂ ਹੈ। ਏਨਾ ਚਿਰ ਮੈਨੂੰ ਚਰੂੰਡਦਾ ਰਿਹਾਂ ਏਂ। ਹੁਣ ਮੇਰਾ ਹੋਰ ਮੂੰਹ ਨਾ ਖੁਲ੍ਹਾ," ਸੋਨੀਆ ਨੇ ਠੋਕਵਾਂ ਜੁਆਬ ਦਿੱਤਾ।

"ਮੈਂ ਤੇਰੇ ਨਾਲ਼ ਜ਼ਬਰਦਸਤੀ ਤਾਂ ਨਹੀਂ ਕਰਦਾ ਰਿਹਾ, ਤੇਰੀ ਮਰਜ਼ੀ ਤੋਂ ਬਗ਼ੈਰ ਤਾਂ ਕੁੱਝ ਨਹੀਂ ਕੀਤਾ। ਤੂੰ ਖ਼ੁਦ ਇਹ ਡੀਲ ਕਬੂਲ ਕੀਤੀ ਸੀ ਕਿ ਜੇ ਮੈਂ ਤੈਨੂੰ ਕਾਰ ਲੈ ਦਿਆਂ ਤਾਂ ਤੂੰ ਹਰ ਸਨਿੱਚਰਵਾਰ ਮੈਨੂੰ ਮਿਲਣ ਆਇਆ ਕਰੇਂਗੀ," ਸ਼ੌਕਤ ਦਾ ਜੁਆਬ ਸੀ।

"ਸ਼ੌਕਤਾ, ਮੇਰੀ ਗੱਲ ਸੁਣ ਲਾ। ਮੈਂ ਤੈਨੂੰ ਕੋਈ ਪੜਾ-ਪਿਆਰ ਨਹੀਂ ਕਰਦੀ। ਕਾਰ ਤਾਂ ਹੰਢ ਵੀ ਗਈ, ਮੇਰਾ ਲੇਖਾ ਅਜੇ ਵੀ ਰਹਿੰਦਾ? ਬਥੇਰੇ ਸਨਿੱਚਰਵਾਰ ਆਉਂਦੀ ਰਹੀਂ ਤੇਰੇ ਕੋਲ਼। ਉਹ ਤਾਂ ਵਿਚਾਰਾ ਮੇਰਾ ਘਰ ਆਲ਼ਾ ਕੰਮ-ਕਾਰ ਤੋਂ ਆਰੀ ਹੋ ਗਿਆ ਤੇ ਮੈਂ ਏਸ ਜਿਸਮ ਦੀ ਧੱਕੀ ਹੋਈ ਤੇਰੇ ਕੋਲ਼ ਆਉਣ ਨੂੰ ਤਿਆਰ ਹੋ ਗਈ। ਹੁਣ ਮੇਰੀ ਬੱਸ ਆ," ਸੋਨੀਆ ਨੇ ਤਰਕ ਦਿੰਦੇ ਹੋਏ ਨਾਂਹ ਕੀਤੀ।

"ਅੱਛਾ ਜੀ? ਬਹੁਤੀਆਂ ਚਲਾਕੀਆਂ ਤਾਂ ਨਾ ਕਰ। ਤੇਰੇ ਘਰ ਆਲ਼ੇ ਦੇ ਸੱਟ ਲੱਗੀ ਨੂੰ ਅਜੇ ਜੁੰਮਾਂ-ਜੁੰਮਾਂ ਚਾਰ ਦਿਨ ਹੋਏ ਨੇ, ਤੂੰ ਤਾਂ ਪਿਛਲੇ ਡੇਢ ਦੋ ਸਾਲ ਤੋਂ ਮੇਰੇ ਕਲ਼ਾਵੇ ਭਰ-ਭਰ ਸੌਂਦੀ ਰਹੀ ਏਂ। ਨਾਲ਼ੇ ਮੈਨੂੰ ਤਾਂ ਤੂੰ ਪਹਿਲਾਂ ਵੀ ਕੋਈ ਬਹੁਤੀ ਦੁੱਧ-ਧੋਤੀ ਨਹੀਂ ਲੱਗਦੀ। ਖ਼ਬਰੇ ਆਹ ਨਿਆਣੇਂ ਵੀ ਤੇਰੇ ਘਰ

ਆਲ਼ੇ ਦੇ ਹੈ ਕਿ ਨਹੀਂ। ਚੇਤੈ, ਜਦੋਂ ਤੂੰ ਕਹਿੰਦੀ ਹੁੰਦੀ ਸੀ ਕਿ 'ਮੇਰਾ ਘਰ ਆਲ਼ਾ ਕਈ-ਕਈ ਦਿਨਾਂ ਬਾਅਦ ਘਰ ਮੁੜਦੈ ਤੇ ਮੈਂ ਤੱਤੜੀ ਉਹ ਦੀਆਂ ਏਨੀਆਂ ਲੰਮੀਆਂ ਉਡੀਕਾਂ ਨਹੀਂ ਕਰ ਸਕਦੀ'," ਸ਼ੌਕਤ ਨੇ ਕਹਿਣ ਵਾਲ਼ੀ ਕੋਈ ਗੱਲ ਹੀ ਨਾ ਛੱਡੀ।

"ਓ ਸ਼ਟ-ਅੱਪ! ਮੇਰੇ ਬੱਚੇ, ਮੇਰੇ ਹਸਬੈਂਡ ਦੇ ਈ ਨੇ। ਮੈ ਏਨੀ ਵੀ ਚੀਪ ਨਹੀਂ। ਨਾਲ਼ੇ ਹੁਣ ਭਾਵੇਂ ਮੈਂ ਜੋ ਵੀ ਆਂ, ਮੈਂ ਤੇਰੇ ਕੋਲ਼ ਨਹੀਂ ਆਉਣਾ। ਇੱਕ ਉਹ ਤੇਰੀ ਸਾਲ਼ੀ ਸਾਇਰਾ ਆ ਗਈ ਏ ਮੇਰੀ ਸੌਂਕਣ ਬਣ ਕੇ। ਵੱਡੀ ਸੁੱਪਰਵਾਈਜ਼ਰ! ਮੈਥੋਂ ਨਹੀਂ ਇਹੋ ਜਿਹੀ ਕਿਸੇ ਐਰੀ-ਗ਼ੈਰੀ ਥੱਲੇ ਕੰਮ ਹੁੰਦਾ," ਸੋਨੀਆ ਨੇ ਨਵੀਂ ਕੁਲ਼ ਪੁੱਟ ਲਈ।

"ਸਾਇਰਾ ਮਸਾਂ ਦੋ-ਢਾਈ ਮਹੀਨੇ ਲਈ ਆਈ ਏ ਸੋਨੀਆਂ। ਉਹ ਨੇ ਸ਼ਿਕਾਗੋ ਮੁੜ ਜਾਣੈ। ਉਹ ਉੱਥੇ ਪੜ੍ਹਦੀ ਐ। ਉਹ ਨੇ ਤਾਂ ਖ਼ਰਚੇ ਜੋਗੇ ਚਾਰ ਪੈਸੇ ਬਣਾ ਕੇ ਚਲੀ ਜਾਣੈ, ਨਾਲ਼ੇ ਉਹ ਨੇ ਤੈਨੂੰ ਕੁਛ ਕਿਹੈ?" ਸ਼ੌਕਤ ਨੇ ਸਾਇਰਾ ਵਾਲ਼ੀ ਗੱਲ ਮੁਕਾਉਣ ਦਾ ਹੀਲਾ ਕੀਤਾ।

"ਜੋ ਹੋਣਾ ਸੀ, ਹੁਣ ਹੋ ਗਿਐ," ਸੋਨੀਆ ਜਿਉਂ ਦੀ ਤਿਉਂ ਅੜੀ ਹੋਈ ਸੀ।

"ਨਾ-ਨਾ ਤੂੰ ਇੰਝ ਨਾ ਕਰ, ਤੈਨੂੰ ਆਉਣਾ ਈ ਪੈਣੈ। ਮੈਂ ਤੈਨੂੰ ਬਾਜਵੇ ਦੇ ਹੱਥ ਨਹੀਂ ਆਉਣ ਦੇਣਾ। ਨਾਲ਼ੇ ਤੈਨੂੰ ਪਤਾ ਨਹੀਂ, ਉਹ ਹਰਾਮੀ ਏ ਪੂਰਾ," ਸ਼ੌਕਤ ਤਰਲਿਆਂ ਜਿਹਿਆਂ 'ਤੇ ਉੱਤਰ ਆਇਆ।

"ਮੈਨੂੰ ਪਤਾ ਉਹ ਜਿੰਨਾ ਕੁ ਹਰਾਮੀ ਆ। ਹੋਵੇ ਵੀ, ਉਹ ਨੇ ਮੈਨੂੰ ਪੇਅ ਤੇਰੇ ਨਾਲੋਂ ਬੈਟਰ ਆਫ਼ਰ ਕੀਤੀ ਏ। ਨਾਲ਼ੇ ਕੰਮ ਵੀ ਤਾਂ ਪੰਜ ਦਿਨ ਏ। ਟਾਈਮਿੰਗ ਵੀ ਮੈਨੂੰ ਸੂਟ ਕਰਦੀ ਆ। ਹੋਰ ਬੈਨੀਫਿੱਟ ਵੀ ਬਥੇਰੇ ਆ। ਤੂੰ ਹੀ ਦੱਸ ਮੈਂ ਤੇਰੇ ਕੋਲ ਕੀ ਕਰਨ ਆਵਾਂ?" ਸੋਨੀਆ ਨੇ ਗੱਲ ਮੁਕਾਉਣ ਦੀ ਵਾਹ ਲਾਈ।

"ਬੈਨੀਫਿੱਟ ਨਾ ਹੋਰ ਵੀ ਕੁੱਝ, ਸਨਿੱਚਰਵਾਰ ਨੂੰ ਤਾਂ ਤੈਨੂੰ, ਉਹ ਨੇ ਵੀ ਸੱਦ ਲਿਆ ਕਰਨੈ। ਨਾਲ਼ੇ ਉਹ ਇੰਡੀਅਨ ਜ਼ਨਾਨੀਆਂ ਦਾ ਤਕੜਾ ਸ਼ੁਕੀਨ ਏ। ਓ ਤੂੰ ਵਾਪਸ ਆ ਜਾ ਸੋਨੀਆ, ਪੇਅ ਤੇਰੀ ਮੈਂ ਵਧਾ ਦਊਂ। ਲੈ ਲਈਂ ਜੋ ਲੈਣਾ ਹੋਇਆ। ਸਨਿੱਚਰਵਾਰ ਨੂੰ ਵੀ ਇੱਕ ਵਜੇ ਵਿਹਲੀ ਕਰ ਦਿਆ ਕਰੂੰਗਾ, ਹੋਰ ਦੱਸ?" ਸ਼ੌਕਤ ਨੇ ਆਫ਼ਰ ਦਿੱਤੀ। ਕੁੱਝ ਚਿਰ ਚੁੱਪ ਕਰ ਕੇ ਸੋਚਣ ਤੋਂ ਬਾਅਦ ਸੋਨੀਆ ਨੇ ਜੁਆਬ ਦਿੱਤਾ, "ਚੱਲ ਠੀਕ ਆ, ਉਹ ਮੈਨੂੰ ਬਾਈ ਡਾਲਰ ਦਿੰਦਾ, ਤੂੰ ਜੇ ਪੱਚੀ ਡਾਲਰ ਪਰ ਆਵਰ ਦਿੰਨਾ ਤਾਂ ਮੁੜ ਆਉਨੀ ਆਂ।"

ਸ਼ੌਕਤ ਸਮਝ ਗਿਆ ਸੀ ਕਿ ਸੋਨੀਆ ਬੋਲਦੀ ਤਾਂ ਝੂਠ ਹੈ ਕਿਉਂ ਕਿ ਕੋਈ ਵੀ ਟਰੈਵਲ ਏਜੰਸੀ ਆਪਣੇ ਮੁਲਾਜ਼ਮਾਂ ਨੂੰ ਕਦੇ ਵੀ ਇੰਨੀ ਤਨਖ਼ਾਹ ਨਹੀ ਦੇ ਸਕਦੀ। ਸ਼ੌਕਤ ਨੂੰ ਵੀ ਪੱਚੀ ਡਾਲਰ ਦੇਣੇ ਪੁੱਗਦੇ ਨਹੀਂ ਸੀ ਜਿਸ ਕਰ ਕੇ ਉਹ

ਕਹਿਣ ਲੱਗਿਆ, "ਓ ਬਹੁਤਾ ਲਾਲਚ ਨਹੀਂ ਕਰੀਦਾ ਸੋਨੀਆ। ਗੋਰੇ ਵੀ ਐਸ ਕੰਮ ਦੇ ਵੀਹਾਂ ਡਾਲਰਾਂ ਤੋਂ ਵੱਧ ਨਹੀਂ ਦਿੰਦੇ।"

"ਓ ਕੇ ਫਿਰ ਮੈਂ ਨਹੀਂ ਆਉਣਾ। ਮੈਨੂੰ ਮੁੜ ਕੇ ਘੜੀ-ਘੜੀ ਫ਼ੋਨ ਨਾ ਕਰੀਂ," ਸੋਨੀਆ ਦੀ ਆਵਾਜ਼ ਫਿਰ ਖੜਾਕੇਦਾਰ ਹੋ ਗਈ।

"ਚੱਲ ਠੀਕ ਆ ਲੈ ਲਈਂ ਪੱਚੀ, ਕੰਮ 'ਤੇ ਆ ਜਾ ਕੱਲ ਨੂੰ ਈ," ਸ਼ੌਕਤ ਨੇ ਸੌਦਾ ਹੱਥੋਂ ਨਿੱਕਲ਼ਦਾ ਦੇਖ ਕੇ ਕਹਿ ਦਿੱਤਾ। ਆਪਣੀਆਂ ਜਿਸਮਾਨੀ ਲੋੜਾਂ ਹੱਥੋਂ ਮਜਬੂਰ ਹੋਇਆ ਸ਼ੌਕਤ ਇਹ ਕੌੜਾ ਘੁੱਟ ਭਰਨ ਨੂੰ ਵੀ ਤਿਆਰ ਹੋ ਗਿਆ। ਪਹਿਲਾਂ ਸੋਨੀਆ ਉਸ ਕੋਲ਼ ਸਤਾਰਾਂ ਡਾਲਰ ਘੰਟੇ'ਤੇ ਕੰਮ ਕਰਦੀ ਸੀ। ਹੁਣ ਉਸ ਨੇ ਸ਼ੌਕਤ ਦੀ ਕਮਜ਼ੋਰੀ ਦਾ ਫ਼ਾਇਦਾ ਉਠਾਉਂਦਿਆਂ ਅੱਠ ਡਾਲਰ ਦਾ ਸਿੱਧਾ ਹੀ ਛੜੱਪਾ ਮਾਰ ਲਿਆ।

"ਕੱਲ੍ਹ-ਕੁੱਲ੍ਹ ਨਹੀਂ ਆ ਸਕਦੀ। ਬਾਜਵੇ ਨੂੰ ਦੋ ਹਫ਼ਤੇ ਦਾ ਨੋਟਿਸ ਦੇਣਾ ਪੈਣੈ। ਅੱਜ ਸਤਾਰਾਂ ਤਰੀਕ ਆ, ਪਹਿਲੀ ਤੋਂ ਜੁਆਇਨ ਕਰ ਲਊਂ," ਸੋਨੀਆ ਨੇ ਦੋ ਟੁੱਕ ਫ਼ੈਸਲਾ ਸੁਣਾਇਆ।

"ਚੱਲ ਠੀਕ ਆ, ਤਦ ਤੱਕ ਸਨਿੱਚਰਵਾਰ ਨੂੰ ਮੇਰੇ ਕੋਲ਼ ਆ ਜਾਇਆ ਕਰੀਂ," ਸ਼ੌਕਤ ਨੇ ਡਰਦਿਆਂ-ਡਰਦਿਆਂ ਇੱਕ ਸ਼ਰਤ ਰੱਖ ਦਿੱਤੀ।

"ਕਿੱਥੇ ਆ ਜਾਇਆ ਕਰਾਂ?" ਸੋਨੀਆ ਦੀ ਆਵਾਜ਼ ਵਿੱਚ ਤਨਜ਼ ਤੇ ਗ਼ੁੱਸੇ ਦੇ ਰਲ਼ੇ-ਮਿਲ਼ੇ ਭਾਵ ਸਨ।

"ਉੱਥੇ ਈ, ਜਿੱਥੇ ਪਹਿਲਾਂ ਆਉਨੀ ਹੁੰਨੀ ਏਂ। ਆਪਣੇ ਟ੍ਰੀ ਟਾਵਰ ਵਾਲ਼ੇ ਫ਼ਲੈਟ ਵਿੱਚ। ਚਾਬੀ ਤਾਂ ਹੈਗੀ ਆ ਨਾ ਤੇਰੇ ਕੋਲ਼? ਹੁਣ ਮੈਂ ਉੱਥੇ ਵਾਟਰ ਬੈੱਡ ਲੁਆਇਐ, ਫੁੱਲ ਇੰਜੁਆਏ ਕਰਾਂਗੇ," ਸ਼ੌਕਤ ਨੇ ਚਾਮਲਦਿਆਂ ਜਿਹਿਆਂ ਕਿਹਾ।

"ਕਿੰਨਾ ਹਰਾਮੀ ਏਂ ਤੂੰ। ਏਸ ਫਲੈਟ ਦਾ ਤੇਰੀ ਬੇਗ਼ਮ ਨੂੰ ਪਤੈ? ਨਾਲ਼ੇ ਉਹ ਦੇ ਅੱਗੇ ਹੁਣ ਕੀ ਬਹਾਨਾ ਲਾਵੇਂਗਾ, ਹੁਣ ਤਾਂ ਤੇਰੀ ਸਾਲ਼ੀ ਵੀ ਆ ਵੜੀ ਆ। ਉਸ ਨੇ ਦੱਸ ਦੇਣਾ ਆਪਣੀ ਭੈਣ ਨੂੰ ਕਿ ਸ਼ਨਿਚਰਵਾਰ ਨੂੰ ਆਫ਼ਿਸ ਨਹੀਂ ਖੁੱਲ੍ਹਦਾ," ਸੋਨੀਆ ਨੇ, ਸ਼ੌਕਤ ਦਾ ਧਿਆਨ ਨਵੇਂ ਮਸਲੇ ਵੱਲ ਦੁਆਇਆ।

"ਤੂੰ ਉਸ ਦਾ ਫ਼ਿਕਰ ਨਾ ਕਰ। ਬਥੇਰੇ ਪੱਜ ਹੁੰਦੇ ਆ। ਬਸ ਤੂੰ ਆ ਜਾ ਏਸ ਸਨਿੱਚਰ ਵਾਰ ਨੂੰ ਵਧੀਆ ਜਿਹਾ ਪਰਫ਼ਿਊਮ ਲਾ ਕੇ। ਰਾਈਡ ਚਾਹੀਦੀ ਏ ਤਾਂ ਦੱਸ ਦੇਈਂ," ਸ਼ੌਕਤ ਨੇ ਪੇਸ਼ਕਸ਼ ਕੀਤੀ।

"ਨਹੀਂ ਮੈਂ ਆ ਜਾਊਂਗੀ। ਨਾਲੇ ਇਹ ਨੂੰ ਆਪਣੀ ਸਾਲ਼ੀ ਨੂੰ ਛੇਤੀ ਚੱਲਦੀ ਕਰ। ਮੈਥੋਂ ਕਿਸੇ ਦੇ ਥੱਲੇ ਲੱਗ ਕੇ ਕੰਮ ਨਹੀਂ ਹੁੰਦਾ। ਐਵੇਂ ਨੱਕ-ਬੁੱਲ੍ਹ ਜਿਹੇ ਕੱਢਦੀ ਰਹਿੰਦੀ ਆ," ਸੋਨੀਆ ਨੇ ਲੱਗਦੇ ਹੱਥ ਸਾਇਰਾ ਦਾ ਪੱਤਾ ਸਾਫ਼ ਕਰਾਉਣ ਦੀ ਫ਼ਰਮਾਇਸ਼ ਵੀ ਕਰ ਦਿੱਤੀ।

"ਉਹ ਨੇ ਤਾਂ ਚਲੀ ਈ ਜਾਣੈ ਯਾਰ। ਆਫ਼ਿਸ ਵਿੱਚ ਤੇਰੀ ਆਪਣੀ ਥਾਂ

ਏ। ਮੇਰੇ ਤੋਂ ਬਾਅਦ ਤੂੰ ਈ ਬੱਸ ਏਂ ਕਦੀਮ ਟਰੈਵਲ ਦੀ," ਸ਼ੌਕਤ ਨੇ ਇੱਕ ਹੋਰ ਸ਼ਬਦੀ ਫੰਧਾ ਵਲ਼ਿਆ, ਜੋ ਸੋਨੀਆ ਨੂੰ ਪਸੰਦ ਆਇਆ ਤੇ ਉਹ ਠਹਾਕਾ ਮਾਰ ਕੇ ਕਹਿਣ ਲੱਗੀ, "ਚਲੋ ਠੀਕ ਐ ਸ਼ੌਕਤ ਸਾਹਬ, ਮਿਲਦੇ ਆਂ ਫਿਰ ਸਨਿੱਚਰਵਾਰ ਨੂੰ। ਬਾਏ-ਬਾਏ ਨਾਉ।"

"ਇੱਕ ਗੱਲ ਹੋਰ, ਉਹ ਸਾਲ਼ੇ ਬਾਜਵੇ ਕੋਲ਼ੋਂ ਬਚ ਕੇ ਰਹੀਂ, ਬੜਾ ਹਰਾਮੀ ਏ। ਤੇਰੇ ਵੱਲੋਂ ਨੋਟਿਸ ਦੇਣ ਮਗਰੋਂ ਜ਼ਰੂਰ ਕਈ ਲਾਲਚ ਦੇਊਗਾ ਤੈਨੂੰ। ਤੂੰ ਮੈਨੂੰ ਹੁਣ ਜ਼ੁਬਾਨ ਦੇ ਦਿੱਤੀ ਏ, ਤੈਨੂੰ ਆਉਣਾ ਈ ਪੈਣੈ," ਸ਼ੌਕਤ ਨੂੰ ਅਜੇ ਵੀ ਪੂਰਾ ਯਕੀਨ ਨਹੀਂ ਸੀ।

"ਜਦੋਂ ਤੈਨੂੰ ਇੱਕ ਵਾਰੀ ਕਹਿ ਦਿੱਤਾ ਪਈ ਆਵਾਂਗੀ। ਹੁਣ ਲਿਖ ਕੇ ਦੇਵਾਂ?" ਇਹ ਕਹਿ ਕੇ ਸੋਨੀਆ ਨੇ ਫ਼ੋਨ ਰੱਖ ਦਿੱਤਾ। ਅਸਲ ਵਿੱਚ ਸੋਨੀਆ ਵੀ ਬਾਜਵੇ ਦੇ ਆਫ਼ਿਸ ਵਿਚ ਖ਼ੁਸ਼ ਨਹੀਂ ਸੀ। 'ਕਦੀਮ ਟਰੈਵਲ' ਵਿੱਚ ਉਸ ਦਾ ਪੂਰਾ ਟੌਹਰ ਸੀ। ਉਹੀ ਸਵੇਰੇ ਆਫ਼ਿਸ ਖੋਲ੍ਹਦੀ ਸੀ ਅਤੇ ਸ਼ਾਮ ਨੂੰ ਬੰਦ ਵੀ ਉਹੀ ਕਰਦੀ ਸੀ। ਦਫ਼ਤਰ ਵਿੱਚ ਉਸ ਦੀ ਪੂਰੀ ਪੁੱਛ-ਪ੍ਰਤੀਤ ਸੀ। ਓਦਾਂ ਦਫ਼ਤਰ ਵਿੱਚ ਕੰਮ ਕਰਨ ਵਾਲ਼ੀਆਂ ਹੋਰ ਤਿੰਨ-ਚਾਰ ਔਰਤਾਂ ਨੂੰ ਮਾੜਾ-ਮੋਟਾ ਇਲਮ ਸੀ ਕਿ ਸੋਨੀਆ ਨੇ ਸ਼ੌਕਤ ਨਾਲ਼ ਅੰਦਰੋ-ਅੰਦਰੀ ਕੋਈ ਗੰਢ-ਤੁਪ ਕਰ ਕੇ ਹੀ ਇਹ ਦਰਜਾ ਹਾਸਲ ਕੀਤਾ ਹੋਇਆ ਹੈ। ਉਹ ਸ਼ੌਕਤ ਦੀ ਸਾਲ਼ੀ ਤੋਂ ਹੀ ਖਿਝ ਕੇ ਕੰਮ ਬਦਲ ਬੈਠੀ ਸੀ। ਹੁਣ ਉਸ ਦੇ ਮਨ ਦੀ ਮੁਰਾਦ ਪੂਰੀ ਹੋ ਜਾਣ ਵਾਲ਼ੀ ਸੀ ਤੇ ਉਸ ਦੀ ਤਨਖ਼ਾਹ ਵੀ ਸਿੱਧੀ ਉੱਨੀ ਤੋਂ ਪੱਚੀ ਡਾਲਰ ਪ੍ਰਤੀ ਘੰਟਾ ਹੋ ਗਈ ਸੀ। ਹੋਰ ਉਸ ਨੂੰ ਚਾਹੀਦਾ ਵੀ ਕੀ ਸੀ। ਉਸ ਨੇ ਜੋ ਗੁਪਤ ਰੂਪ ਵਿੱਚ ਕੀਤਾ ਸੀ, ਜਹਾਨ ਓਸੇ ਨੂੰ ਹੀ ਇਮਾਨਦਾਰੀ ਸਮਝਦਾ ਹੈ।

ਇਹ ਸਾਰਾ ਵਾਰਤਾਲਾਪ ਸੁਣਦਿਆਂ ਰਣਜੀਤ ਪਤਾ ਨਹੀਂ ਕਿੰਨੀ ਵਾਰ ਮਰਿਆ। ਸੋਨੀਆ ਦਾ ਇਹ ਕਿਹੋ ਜਿਹਾ ਰੂਪ ਅੱਜ ਉਸ ਦੇ ਸਾਹਮਣੇ ਆਇਆ ਸੀ। ਅੱਜ ਉਸ ਨੂੰ ਸਾਫ਼ ਪਤਾ ਲੱਗ ਗਿਆ ਸੀ ਕਿ ਪਿਛਲੇ ਡੇਢ-ਦੋ ਸਾਲ ਤੋਂ ਸੋਨੀਆ ਨਾਲ਼ ਉਸ ਦਾ ਰਿਸ਼ਤਾ, ਨਾ ਹੋਣ ਵਰਗਾ ਕਿਉਂ ਹੋ ਗਿਐ। ਸੋਨੀਆ ਨੇ ਉਸ ਦੇ ਵਿਸ਼ਵਾਸ ਦਾ ਸੌਦਾ ਕੁੱਝ ਪੈਸੇ ਪ੍ਰਤੀ ਘੰਟੇ ਦੇ ਹਿਸਾਬ ਨਾਲ਼ ਕਰ ਲਿਆ ਸੀ। ਰਣਜੀਤ ਨੂੰ ਇਹ ਤਾਂ ਪਤਾ ਸੀ ਕਿ ਸੋਨੀਆ ਲਾਲਚੀ ਸੁਭਾਅ ਦੀ ਹੈ, ਪਰ ਪੈਸੇ ਖ਼ਾਤਰ ਇਸ ਹੱਦ ਤੱਕ ਵੀ ਜਾ ਸਕਦੀ ਹੈ, ਇਹ ਉਸ ਨੇ ਕਦੇ ਨਹੀਂ ਸੋਚਿਆ ਸੀ। ਸਨਿੱਚਰਵਾਰ ਨੂੰ ਸੋਨੀਆ ਕੰਮ ਕਰਨ ਨਹੀਂ, ਅੱਯਾਸ਼ੀ ਕਰਨ ਹੀ ਜਾਂਦੀ ਸੀ। ਉਸ ਦਿਨ ਉਸ ਦਾ ਕੰਮ ਬਾੱਸ ਦੀ ਬੁੱਕਲ਼ ਨਿੱਘੀ ਕਰਨਾ ਹੀ ਸੀ। ਇਹ ਸੋਚਦਿਆਂ ਰਣਜੀਤ ਦੇ ਜਿਸਮ ਨੂੰ ਕਈ ਵਾਰ ਝੁਣਝਣੀ ਜਿਹੀ ਆਈ। ਉਸ ਦਾ ਜੀਅ ਕਰਦਾ ਸੀ ਕਿ ਸੋਨੀਆ ਨੂੰ ਗੋਲ਼ੀ ਮਾਰ ਦੇਵੇ ਜਾਂ ਫਿਰ ਉਸ ਦੇ ਟੋਟੇ-ਟੋਟੇ ਕਰ ਸੁੱਟੇ। ਇਹ ਸੋਚਦਿਆਂ ਹੀ ਉਸ ਦੀਆਂ ਅੱਖਾਂ ਅੱਗੇ ਉਸ ਦੇ ਦੋਹਾਂ ਬੱਚਿਆਂ ਦੇ

ਚਿਹਰੇ ਆ ਗਏ। ਬੱਚਿਆਂ ਦੇ ਚਿਹਰੇ ਦਿਸਣ ਸਾਰ ਉਸ ਦੇ ਕੰਨਾਂ ਵਿੱਚ ਸੋਨੀਆ ਦੇ ਇਹ ਬੋਲ ਗੂੰਜ ਗਏ,'ਮੇਰੇ ਬੱਚੇ, ਮੇਰੇ ਹਸਬੈਂਡ ਦੇ ਈ ਨੇ'। ਫ਼ੋਨ 'ਤੇ ਸੁਣੀ ਸਾਰੀ ਗੱਲ-ਬਾਤ 'ਚੋਂ ਇਸ ਗੱਲ ਨੇ ਹੀ ਉਸ ਨੂੰ ਲੋਹੜੇ ਦਾ ਸਕੂਨ ਦਿੱਤਾ ਸੀ। ਰਣਜੀਤ ਸੋਚ ਰਿਹਾ ਸੀ ਕਿ ਜੇ ਇਹ ਗੱਲ-ਬਾਤ ਉਸ ਨੇ ਛੇ ਮਹੀਨੇ ਪਹਿਲਾਂ ਸੁਣ ਲਈ ਹੁੰਦੀ ਤਾਂ ਹੁਣ ਤੱਕ ਉਹ ਪਤਾ ਨਹੀਂ ਕੀ-ਕੀ ਕਰ ਬੈਠਾ ਹੁੰਦਾ। ਇਸ ਦੇ ਨਾਲ਼ ਹੀ ਉਸ ਦਾ ਧਿਆਨ ਆਪਣੀ ਜਿਸਮਾਨੀ ਹਾਲਤ ਵੱਲ ਗਿਆ ਤਾਂ ਉਸ ਦਾ ਤਣਾਅ ਰਤਾ ਕੁ ਘਟ ਗਿਆ। ਰਣਜੀਤ ਨੂੰ ਇਹ ਅਹਿਸਾਸ ਬਹੁਤ ਜ਼ਿਆਦਾ ਵੱਢ-ਵੱਢ ਖਾ ਰਿਹਾ ਸੀ ਕਿ ਸੋਨੀਆ ਨੇ ਆਪਣੇ ਜਿਸਮ ਦਾ ਸੌਦਾ, ਉਸ ਦੇ ਸੱਟਾਂ ਲੱਗਣ ਤੋਂ ਕਿਤੇ ਪਹਿਲਾਂ ਹੀ ਕਰ ਲਿਆ ਸੀ। ਹੁਣ ਉਹ ਪਤੀ ਦੇ ਜਿਸਮਾਨੀ ਪੱਖੋਂ ਨਕਾਰਾ ਹੋਣ ਦੇ ਬਹਾਨੇ ਦਾ ਆਸਰਾ ਵੀ ਨਹੀਂ ਲੈ ਸਕਦੀ ਸੀ।

ਰਣਜੀਤ ਨੂੰ ਸੋਨੀਆ ਦਾ ਕਿਰਦਾਰ ਬੜਾ ਗੁੰਝਲਦਾਰ ਜਿਹਾ ਲੱਗ ਰਿਹਾ ਸੀ। ਉਹ ਸ਼ੌਕਤ ਕੋਲ਼ ਜਾਂਦੀ ਤਾਂ ਸੀ, ਪਰ ਇਹ ਉਸ ਦਾ ਕਾਰੋਬਾਰੀ ਕਿਸਮ ਦਾ ਸਬੰਧ ਹੀ ਸੀ। ਓਦਾਂ ਇੱਕ ਤਰ੍ਹਾਂ ਨਾਲ਼ ਸੋਨੀਆ ਇੱਕ ਜਿਸਮਫ਼ਰੋਸ਼ ਔਰਤ ਹੀ ਸੀ। ਫ਼ਰਕ ਇੰਨਾ ਸੀ ਕਿ ਇਸ ਤਰ੍ਹਾਂ ਹੋਣ ਦੇ ਬਾਵਜੂਦ ਉਹ ਆਪਣੇ ਬੱਚਿਆਂ ਦੀ ਸੁਹਿਰਦ ਮਾਂ ਸੀ। ਜੱਗ-ਰਖਾਵੇ ਲਈ ਉਹ ਮਾੜੀ-ਮੋਟੀ, ਰਣਜੀਤ ਦੀ ਕੇਅਰ ਵੀ ਕਰ ਰਹੀ ਸੀ। ਰਣਜੀਤ ਦੇ ਸੱਟ ਲੱਗਣ ਦੇ ਪਹਿਲੇ ਦੋ-ਢਾਈ ਮਹੀਨੇ ਸੋਨੀਆ ਨੇ ਰਣਜੀਤ ਦੀ ਦੇਖਭਾਲ਼ ਕਰਦਿਆਂ ਸਾਰੇ ਬਣਦੇ ਫ਼ਰਜ਼ ਨਿਭਾਏ ਸਨ। ਬਹੁਤੀ ਵਾਰੀ ਰਣਜੀਤ ਨੂੰ ਇਹੋ ਲੱਗਦਾ ਕਿ ਸੋਨੀਆ ਇਕ ਜਜ਼ਬਾਤ ਵਿਹੂਣੀ, ਉਸ ਕੰਪਿਊਟਰਾਈਜ਼ਡ ਮਸ਼ੀਨ ਜਿਹੀ ਔਰਤ ਹੈ, ਜਿਸ ਵਿਚ ਜਜ਼ਬਾਤ ਦੀ ਥਾਂ ਲਾਲਚ ਦੀ ਚਿੱਪ ਪਾਈ ਹੋਈ ਹੋਵੇ।

ਸੋਚਦਿਆਂ-ਸੋਚਦਿਆਂ ਹੀ ਰਾਤ ਦੇ ਗਿਆਰਾਂ ਵੱਜ ਗਏ। ਮੁਸੀਬਤਾਂ ਦੀ ਬਾਰਿਸ਼ ਵੀ ਪਹਿਲਾਂ ਭਿੱਜਿਆਂ ਹੋਇਆਂ ਨੂੰ ਹੀ ਹੋਰ ਭਿਉਂਦੀ ਹੈ। ਹੁਣ ਰਣਜੀਤ ਇਸ ਸ਼ਸ਼ੋਪੰਜ ਵਿੱਚ ਸੀ ਕਿ ਇਸ ਸ਼ੌਕਤ-ਵਾਰਤਾ ਬਾਰੇ ਸੋਨੀਆ ਨਾਲ਼ ਕੋਈ ਗੱਲ ਕਰੇ ਜਾਂ ਨਾ। ਸੋਨੀਆ ਨੇ ਰਣਜੀਤ ਦੀ ਬਿਮਾਰੀ ਨੂੰ ਸ਼ੌਕਤ ਕੋਲ਼ ਜਾਣ ਦੀ ਇੱਕ ਵਜ੍ਹਾ ਬਣਾ ਕੇ ਪੇਸ਼ ਕੀਤਾ ਸੀ, ਜਿਸ ਨੂੰ ਬਾਅਦ ਵਿੱਚ ਸ਼ੌਕਤ ਨੇ ਗ਼ਲਤ ਕਰਾਰ ਦੇ ਦਿੱਤਾ ਸੀ। ਹੁਣ ਤਾਂ ਰਣਜੀਤ ਸੱਚਮੁੱਚ ਹੀ ਬਿਮਾਰ ਸੀ। ਜੇ ਸੋਨੀਆ ਨਾਲ਼ ਲੜ-ਝਗੜ ਕੇ, ਉਸ ਨੂੰ ਸ਼ੌਕਤ ਕੋਲ਼ ਜਾਣ ਤੋਂ ਰੋਕ ਵੀ ਲਿਆ ਜਾਵੇ ਤਾਂ ਇਹ ਜ਼ਰੂਰੀ ਨਹੀਂ ਕਿ ਉਹ ਆਪਣੀ ਮਰਦਖ਼ੋਰ ਆਦਤ ਛੱਡ ਦੇਵੇ। ਉਹ ਵੇਦਾਂ-ਕਤੇਬਾਂ ਵਾਲ਼ੀ ਪਤੀਵਰਤਾ ਔਰਤ ਨਹੀਂ ਹੈ। ਉਸ ਕੋਲ਼ੋਂ ਪਿਆਰ ਦੇ ਨਾਂ 'ਤੇ ਕੁਰਬਾਨੀ ਦੀ ਆਸ ਨਹੀਂ ਰੱਖੀ ਜਾ ਸਕਦੀ। ਔਰਤ ਦੇ ਦਿਲ ਦੀ ਥਾਹ ਤਾਂ ਦੇਵਤੇ ਵੀ ਨਹੀਂ ਪਾ ਸਕਦੇ। ਰਣਜੀਤ ਨੇ ਦਿਲ 'ਤੇ ਪੱਥਰ ਰੱਖ ਕੇ ਚੁੱਪ ਰਹਿਣ 'ਚ ਹੀ ਭਲਾਈ ਸਮਝੀ। ਕੁੱਤੇ ਵੱਲੋਂ ਵੱਢੇ ਜਾਣ ਤੋਂ ਬਚਣ ਲਈ, ਉਸ ਨੂੰ ਭੌਂਕਦੇ ਰਹਿਣ ਦੇਣ ਵਿੱਚ ਹੀ

ਭਲਾਈ ਹੈ। ਤੜਕੇ ਜਿਹੇ ਰਣਜੀਤ ਨੂੰ ਮਸਾਂ ਦੋ-ਢਾਈ ਘੰਟੇ ਹੀ ਨੀਂਦ ਆਈ। ਸਾਢੇ ਸੱਤ ਵਜੇ ਉਸ ਦੀ ਅੱਖ ਖੁੱਲ੍ਹੀ ਤਾਂ ਉਸ ਦਾ ਸਿਰ ਬਹੁਤ ਦੁਖ ਰਿਹਾ ਸੀ। ਅੱਖਾਂ 'ਚੋਂ ਵੀ ਸੇਕ ਨਿਕਲ਼ ਰਿਹਾ ਸੀ। ਉਸ ਨੇ ਹੇਠਲੀ ਮੰਜ਼ਲ ਦੀ ਬਿੜਕ ਲਈ ਤਾਂ ਉਸ ਨੂੰ ਪਤਾ ਲੱਗ ਗਿਆ ਕਿ ਸੋਨੀਆ ਅਤੇ ਨਿਆਣੇ ਜਾ ਚੁੱਕੇ ਹਨ। ਕੋਲ਼ ਪਿਆ ਪਾਣੀ ਦਾ ਗਿਲਾਸ ਚੁੱਕ ਕੇ, ਉਸ ਨੇ ਦੋ-ਤਿੰਨ ਘੁੱਟ ਭਰੇ। ਉਸ ਦੇ ਦਿਮਾਗ਼ ਵਿੱਚ ਫਿਰ ਰਾਤ ਵਾਲ਼ਾ ਕਿੱਸਾ ਦੁਬਾਰਾ ਘੁੰਮਣ ਲੱਗ ਪਿਆ ਜਿਸ ਨਾਲ਼ ਉਸ ਦਾ ਸਿਰ ਹੋਰ ਪਾਟਣਾ ਆ ਗਿਆ। ਉਹ ਫਿਰ ਰਜਾਈ ਦੱਬ ਕੇ ਸੌਣ ਦੀ ਕੋਸ਼ਿਸ਼ ਕਰਨ ਲੱਗਿਆ। ਸਿਰ ਦੁਖਣ ਦੀ ਵਜ੍ਹਾ ਨਾਲ਼ ਉਸ ਨੂੰ ਨੀਂਦ ਮੂਲ਼ੋਂ ਹੀ ਨਹੀਂ ਆ ਰਹੀ ਸੀ। ਉਸ ਨੇ ਰਜਾਈ 'ਚੋਂ ਮੂੰਹ ਬਾਹਰ ਕੱਢ ਕੇ ਅੱਖਾਂ ਖੋਲ੍ਹ ਲਈਆਂ। ਅਚਾਨਕ ਉਸ ਦੀਆਂ ਅੱਖਾਂ 'ਚੋਂ ਮੋਟੇ-ਮੋਟੇ ਹੰਝੂ ਉਸ ਦੀਆਂ ਗੱਲ੍ਹਾਂ 'ਤੇ ਸਰਕ ਆਏ। ਉਹ ਖਿਝ ਰਿਹਾ ਸੀ ਕਿ ਇੰਨਾ ਮਨ ਸਮਝਾਉਣ ਦੇ ਬਾਵਜੂਦ ਇਹ ਹੰਝੂ ਕਿਉਂ ਨਹੀਂ ਥੰਮਦੇ। ਉਸ ਨੂੰ ਸੁਕੀਰਤ ਅਤੇ ਅਨੂ ਹੁਰਾਂ ਦੀ ਇਹ ਗੱਲ ਯਾਦ ਆ ਗਈ ਕਿ ਜਦੋਂ ਦਰਦ ਵਧ ਜਾਵੇ ਤਾਂ ਉਹ ਦਰਦ ਸ਼ਬਦਾਂ ਦੇ ਹਵਾਲੇ ਕਰ ਦਿਓ। ਫਿਰ ਉਹ ਆਪਣੇ ਦਰਦ ਲਈ ਢੁਕਵੇਂ ਸ਼ਬਦ ਲੱਭਣ ਲੱਗ ਪਿਆ।

❏❏❏

ਨੌਂ ਵਜੇ ਦਰਵਾਜ਼ੇ ਦੀ ਘੰਟੀ ਵੱਜੀ। ਅਨੂ ਦਰਵਾਜ਼ੇ ਅੱਗੇ ਖੜ੍ਹੀ ਸੀ। ਇੱਕ ਵਾਰ ਤਾਂ ਰਣਜੀਤ ਦਾ ਜੀਅ ਕੀਤਾ ਕਿ ਉਸ ਨੂੰ ਕਹਿ ਦੇਵੇ ਕਿ ਅੱਜ ਉਹ ਪੂਰੀ ਤਰ੍ਹਾਂ ਇਕੱਲਾ ਰਹਿਣਾ ਚਾਹੁੰਦਾ ਹੈ, ਪਰ ਉਸ ਨੇ ਕੁੱਝ ਕਹਿਣ ਤੋਂ ਬਿਨਾ ਹੀ ਦਰਵਾਜ਼ਾ ਖੋਲ੍ਹ ਦਿੱਤਾ। ਕੁੱਝ ਦੇਰ ਬਾਅਦ ਅਨੂ ਉਸ ਦੇ ਸਰ੍ਹਾਣੇ ਖੜ੍ਹੀ ਸੀ। 'ਗੁੱਡ ਮਾਰਨਿੰਗ' ਕਹਿਣ ਮਗਰੋਂ ਜਦੋਂ ਉਸ ਨੇ ਰਣਜੀਤ ਦੇ ਚਿਹਰੇ 'ਤੇ ਨਜ਼ਰ ਮਾਰੀ ਤਾਂ ਉਸ ਦੇ ਮੂੰਹੋਂ ਇਕ ਦਮ ਨਿਕਲ਼ਿਆ,"ਓ ਮਾਈ ਗਾੱਡ! ਰੈਂਡੀ ਕੀ ਹੋਇਆ ਤੁਹਾਨੂੰ ? ਅੱਖਾਂ ਕਿੱਦਾਂ ਲਾਲ ਹੋਈਆਂ ਪਈਆਂ ਨੇ ਤੁਹਾਡੀਆਂ ?" ਇਹ ਕਹਿੰਦਿਆਂ ਹੀ ਉਸ ਨੇ ਛੇਤੀ ਦੇਣੇ ਆਪਣਾ ਹੱਥ ਰਣਜੀਤ ਦੇ ਮੱਥੇ ਉੱਤੇ ਰੱਖ ਦਿੱਤਾ।

"ਹਾਏ ਮੈਂ ਮਰ ਗਈ! ਤੁਹਾਨੂੰ ਤਾਂ ਬੜਾ ਤੇਜ਼ ਬੁਖ਼ਾਰ ਏ। ਚਲੋ ਉੱਠੋ, ਮੈਂ ਤੁਹਾਨੂੰ ਡਾਕਟਰ ਕੋਲ਼ ਲੈ ਕੇ ਜਾਨੀ ਆਂ," ਅਨੂ ਦੇ ਬੋਲਾਂ ਵਿੱਚ ਕਾਹਲ਼ ਸੀ।

"ਨਹੀਂ ਅਨੂ, ਡਾਕਟਰ ਦੇ ਜਾਣ ਦੀ ਲੋੜ ਨਹੀਂ। ਅਸਲ ਵਿੱਚ ਮੈਨੂੰ ਰਾਤੀਂ ਨੀਂਦ ਨਹੀਂ ਆਈ। ਸਵੇਰ ਦਾ ਹੀ ਮੇਰਾ ਸਿਰ ਦੁਖੀ ਜਾਂਦੈ। ਤੂੰ ਮੈਨੂੰ ਕੋਈ ਐਡਵਿਲ ਜਾਂ ਟਾਈਲਨੌਲ ਦੀ ਗੋਲ਼ੀ ਦੇ-ਦੇ, ਆਪੇ ਠੀਕ ਹੋ ਜਾਊ ਸਾਰਾ ਕੁਛ," ਰਣਜੀਤ ਨੇ ਲਾਪ੍ਰਵਾਹੀ ਜਿਹੀ ਦਿਖਾਈ।

"ਨਹੀਂ ਗੋਲ਼ੀ ਖਾਣ ਤੋਂ ਪਹਿਲਾਂ, ਦੁੱਧ ਨਾਲ਼ ਇੱਕ ਬਰੈੱਡ ਸਲਾਈਸ ਖਾ ਲਓ, ਮੈਂ ਹੁਣੇ ਲਿਆਉਨੀ ਆਂ," ਇਹ ਕਹਿ ਕੇ, ਉਹ ਪੌੜੀਆਂ ਉੱਤਰ ਗਈ। ਦਸ ਕੁ ਮਿੰਟ ਬਾਅਦ ਵਾਪਸ ਆ ਕੇ, ਉਸ ਨੇ ਰਣਜੀਤ ਨੂੰ ਬਹਾ ਕੇ ਆਪਣੇ ਹੱਥੀਂ ਦੁੱਧ ਵਿੱਚ ਭਿਉਂ-ਭਿਉਂ ਕੇ ਬਰੈੱਡ ਖਲ਼ਾਈ ਅਤੇ ਉਸ ਦੇ ਨਾਂਹ-ਨੁੱਕਰ ਕਰਦਿਆਂ, ਉਸ ਨੂੰ ਅੱਧਾ ਕੁ ਗਿਲਾਸ ਦੁੱਧ ਦਾ ਵੀ ਪਿਲ਼ਾ ਦਿੱਤਾ। ਰਣਜੀਤ ਦਾ ਜੀਅ ਕੁੱਝ ਵੀ ਖਾਣ ਨੂੰ ਨਹੀਂ ਕਰ ਰਿਹਾ ਸੀ, ਪਰ ਉਹ ਅਨੁ ਦੀ ਜ਼ਿੱਦ ਅੱਗੇ ਅੜ ਨਾ ਸਕਿਆ। ਗੋਲ਼ੀ ਖਾਣ ਪਿੱਛੋਂ ਹੁਣ ਉਹ ਫਿਰ ਲੰਮਾ ਪੈ ਗਿਆ।

ਅਨੂ ਨੇ ਰਣਜੀਤ ਦੇ ਬੈੱਡ ਤੇ ਚੜ੍ਹ ਕੇ, ਸਰ੍ਹਾਣਾ ਇੱਕ ਪਾਸੇ ਕਰ ਕੇ ਉਸ ਦਾ ਸਿਰ ਚੁੱਕ ਕੇ ਆਪਣੀ ਗੋਦ ਵਿੱਚ ਟਿਕਾ ਲਿਆ ਅਤੇ ਉਹ ਆਪਣੇ ਹੱਥੀਂ ਉਸ ਦਾ ਸਿਰ ਘੁੱਟਣ ਲੱਗ ਪਈ। ਉਸ ਨੂੰ ਇਸ ਤਰ੍ਹਾਂ ਕਰਦੀ ਦੇਖ ਕੇ ਰਣਜੀਤ ਨੂੰ ਅਚੰਭਾ ਜਿਹਾ ਹੋਇਆ ਕਿਉਂ ਕਿ ਇੱਕ ਨਰਸ ਤੋਂ ਉਸ ਨੂੰ ਇਸ ਤਰ੍ਹਾਂ ਦੀ ਸੇਵਾ ਦੀ ਆਸ ਨਹੀਂ ਸੀ। ਸਿਰ ਨੂੰ ਛੂੰਹਦੇ ਅਨੂ ਦੇ ਮੁਲਾਇਮ ਹੱਥ, ਰਣਜੀਤ ਨੂੰ ਬੜਾ ਸਕੂਨ ਜਿਹਾ ਦੇ ਰਹੇ ਸਨ ਤੇ ਉਹ ਅੱਖਾਂ ਬੰਦ ਕਰ ਕੇ ਪਿਆ ਏਦਾਂ ਮਹਿਸੂਸ ਕਰ ਰਿਹਾ ਸੀ ਜਿੱਦਾਂ ਉਸ ਨੇ ਆਪਣਾ ਸਿਰ ਆਪਣੀ ਮਾਂ ਦੀ ਗੋਦ ਵਿੱਚ ਰੱਖਿਆ ਹੋਇਆ ਹੋਵੇ।

"ਰੈਂਡੀ, ਮੈਨੂੰ ਦੱਸੋ ਕਿੱਥੋਂ ਦੱਬਿਆਂ ਆਰਾਮ ਆਉਂਦਾ ਏ ?" ਅਨੂ ਉਸ ਨੂੰ ਪੁੱਛ ਰਹੀ ਸੀ।

"ਜਿੱਦਾਂ ਦੱਬ ਰਹੀਂ ਏਂ, ਓਦਾਂ ਈ ਠੀਕ ਏ ਅਨੂ। ਮੈਨੂੰ ਬੜਾ ਆਰਾਮ ਆ ਰਿਹਾ ਏ। ਤੂੰ ਬਹੁਤ ਚੰਗੀ ਏਂ। ਤੇਰੀ ਸੇਵਾ ਨੇ ਮੈਨੂੰ ਮਾਂ ਦਾ ਚੇਤਾ ਕਰਾ ਦਿੱਤਾ। ਰੱਬ ਤੈਨੂੰ ਦੁਨੀਆ ਦੀ ਹਰ ਖ਼ੁਸ਼ੀ ਦੇਵੇ," ਰਣਜੀਤ ਦੇ ਮੂੰਹ 'ਚੋਂ ਆਪਣੇ ਆਪ ਦੁਆ ਨਿਕਲੀ।

"ਖ਼ੁਸ਼ੀਆਂ ਮੇਰੀ ਕਿਸਮਤ 'ਚ ਹੈ ਨਹੀਂ ਰੈਂਡੀ। ਬੱਸ ਰੱਬ ਨੇ ਜ਼ਿੰਦਗੀ ਦੇ ਕੇ ਹੀ ਮੇਰੇ 'ਤੇ ਅਹਿਸਾਨ ਕਰ ਦਿੱਤਾ ਸੀ ਤੇ ਮੈਂ ਇਹ ਜ਼ਿੰਦਗੀ ਕੱਟ ਕੇ ਉਸ ਦਾ ਅਹਿਸਾਨ ਲਾਹ ਰਹੀ ਆਂ," ਅਨੂ ਨੇ ਜੁਆਬ ਦਿੱਤਾ।

"ਅਹਿਸਾਨ ਕਿਉਂ ਅਨੂ ? ਕੀ ਹੋਇਆ ਤੇਰੀ ਜ਼ਿੰਦਗੀ ਨੂੰ ? ਕੀ ਦੁੱਖ ਏ ਤੈਨੂੰ ?" ਰਣਜੀਤ ਨੇ ਅਨੂ ਵੱਲ ਸੁਆਲਾਂ ਦੀ ਵਾਛੜ ਕਰ ਦਿੱਤੀ।

"ਬੱਸ ਕੋਈ ਸੀ, ਜੋ ਛੱਡ ਕੇ ਚਲਾ ਗਿਆ। ਕੌਲ-ਕਰਾਰ ਪੂਰੇ ਕਰਨ ਬਗ਼ੈਰ ਅੱਧ-ਵਿਚਾਲ਼ੇ ਛੱਡ ਗਿਆ। ਚਲੋ ਛੱਡੋ, ਤੁਸੀਂ ਹੁਣ ਗੱਲਾਂ ਕਰਨ ਦੀ ਥਾਂ, ਆਰਾਮ ਕਰ ਲਓ," ਅਨੂ ਨੇ ਗੱਲ ਟਾਲ਼ਣ ਦੀ ਕੋਸ਼ਿਸ਼ ਕੀਤੀ।

"ਅਨੂ ਤੂੰ ਦੱਸਦੀ ਵੀ ਏਂ ਤੇ ਦੱਸਣਾ ਚਾਹੁੰਦੀ ਵੀ ਨਹੀਂ," ਇਹ ਕਹਿੰਦਿਆਂ ਰਣਜੀਤ ਦੇ ਬੁਲ੍ਹਾਂ ਨੇ ਮੁਸਕਰਾਉਣ ਦਾ ਹੀਲਾ ਕੀਤਾ।

***"ਮੇਰੇ ਵਿੱਚੋਂ ਤੁਪਕਾ-ਤੁਪਕਾ, ਮੈਨੂੰ ਰਿਸਦੀ ਰਹਿਣ ਦਿਓ।***
***ਮੇਰੀ ਵੇਦਣ ਉਮਰੋਂ ਵੱਡੀ, ਥੋੜ੍ਹੀ -ਥੋੜ੍ਹੀ ਕਹਿਣ ਦਿਓ।"***

ਅਨੂ ਦਾ ਜੁਆਬ ਸੀ।

"ਵਾਹ ਜੀ ਵਾਹ ! ਕਿੰਨੀ ਸੋਹਣੀ ਸ਼ਾਇਰੀ ਕਰਦੀ ਏਂ ਤੂੰ। ਜਾਨ ਈ ਕੱਢ ਲੈਨੀ ਏਂ ਸ਼ਬਦਾਂ ਨਾਲ਼। ਇਹ ਸਾਰੇ ਸ਼ਿਅਰ ਤੂੰ ਆਪ ਹੀ ਲਿਖੇ ਨੇ ?" ਰਣਜੀਤ ਨੇ ਤਾਰੀਫ਼ ਕਰਦਿਆਂ ਪੁੱਛਿਆ।

"ਕੁੱਝ ਆਪਣੇ ਨੇ, ਕੁੱਝ ਹੋਰ ਸ਼ਾਇਰਾਂ ਦੇ ਵੀ ਨੇ, ਮੌਕੇ ਦੇ ਹਿਸਾਬ ਨਾਲ਼ ਕੁੱਝ ਬੋਲ ਮੂੰਹੋਂ ਨਿੱਕਲ਼ ਜਾਂਦੇ ਨੇ," ਅਨੂ ਨੇ ਮੁਸਕਰਾ ਕੇ ਤਾਰੀਫ਼ ਦੀ ਰਸੀਦ ਦੇ ਦਿੱਤੀ।

"ਮੈਂ ਵੀ ਅੱਜ ਸਵੇਰੇ-ਸਵੇਰੇ ਕੁੱਝ ਸਤਰਾਂ ਕਹਿਣ ਦਾ ਹੀਲਾ ਕੀਤਾ ਏ, ਜੇ ਤੂੰ ਕਹੇਂ ਤਾਂ ਸੁਣਾਵਾਂ," ਰਣਜੀਤ ਨੇ ਸੁਣਾਉਣ ਦੀ ਇਜਾਜ਼ਤ ਮੰਗੀ।

"ਚਲੋ ਠੀਕ ਹੈ ਸੁਣਾ ਦਿਓ, ਪਰ ਸੁਣਾ ਕੇ ਬਾਅਦ ਵਿੱਚ ਆਰਾਮ ਕਰਨਾ ਪਊ। ਆਪਾਂ ਹੁਣ ਕਵੀ ਦਰਬਾਰ ਨਹੀਂ ਕਰਨਾ," ਅਨੂ ਨੇ ਹੱਸਦਿਆਂ ਰਣਜੀਤ ਨੂੰ ਇਜਾਜ਼ਤ ਦਿੰਦਿਆਂ ਵਰਜ ਵੀ ਦਿੱਤਾ।

ਰਣਜੀਤ ਨੇ ਅਨੂ ਦੀਆਂ ਅੱਖਾਂ ਵਿੱਚ ਦੇਖਦਿਆਂ ਕਹਿਣਾ ਸ਼ੁਰੂ ਕੀਤਾ:

*"ਜੋ ਮੈਨੂੰ ਜਾਪਦਾ ਸੀ ਬਣ ਗਿਆ ਨਹੁੰ-ਮਾਸ ਦਾ ਰਿਸ਼ਤਾ।*
*ਉਹ ਸ਼ੀਸ਼ੇ ਵਾਂਗਰਾਂ ਟੁੱਟਾ, ਮੇਰੇ ਵਿਸ਼ਵਾਸ ਦਾ ਰਿਸ਼ਤਾ।*

*ਮੈਂ ਆਪਣੇ ਰਿਸ਼ਤਿਆਂ ਨੂੰ ਨਾਪਦਾ ਹਾਂ ਇਸ ਤਰ੍ਹਾਂ ਅੱਜ ਕੱਲ੍ਹ,*
*ਕਿ ਦਿੰਦਾ ਓਨੀਆਂ ਪੀੜਾਂ, ਹੈ ਜਿੰਨਾ ਪਾਸ ਦਾ ਰਿਸ਼ਤਾ।"*

"ਵਾਹ ਜਨਾਬ ਤੁਸੀਂ ਤਾਂ ਕਮਾਲ ਕਰ ਦਿੱਤੀ ਤੇ ਰਿਸ਼ਤਿਆਂ ਨੂੰ ਨਵੀਂ ਪਰਿਭਾਸ਼ਾ ਦੇ ਦਿੱਤੀ। ਅੱਜ ਮੈਨੂੰ ਯਕੀਨ ਹੋ ਗਿਆ ਕਿ ਤੁਹਾਡਾ ਦਿਲ ਬਹੁਤ ਹੀ ਖ਼ੂਬਸੂਰਤ ਏ ਤੇ ਤੁਹਾਡੀ ਸ਼ਾਇਰੀ ਵਿੱਚੋਂ ਤੁਹਾਡੇ ਦਿਲ ਦੀ ਖ਼ੂਬਸੂਰਤੀ ਝਲਕਦੀ ਏ," ਇਹ ਕਹਿੰਦੀ ਅਨੂ ਨੇ ਰਣਜੀਤ ਦਾ ਸਿਰ ਘੁੱਟਣ ਦੇ ਨਾਲ਼-ਨਾਲ਼ ਪਿਆਰ ਨਾਲ਼ ਪਲੋਸਣਾ ਵੀ ਸ਼ੁਰੂ ਕਰ ਦਿੱਤਾ। ਕੁੱਝ ਪਲਾਂ ਲਈ ਰਣਜੀਤ ਨੂੰ ਏਦਾਂ ਲੱਗਿਆ ਕਿ ਉਹ ਆਪਣੀ ਜ਼ਿੰਦਗੀ ਵਿੱਚ ਆਏ ਹੋਏ ਤੂਫ਼ਾਨ ਨੂੰ ਕਿਤੇ ਪਿੱਛੇ ਛੱਡ ਆਇਆ ਹੈ। ਉਸ ਨੂੰ ਅਨੂ ਕੋਈ ਇਹੋ ਜਿਹੀ ਦੇਵੀ ਲੱਗ ਰਹੀ ਸੀ, ਜਿਸ ਦੀ ਛੋਹ ਨਾਲ਼ ਉਸ ਦਾ ਤਨ-ਮਨ ਹੌਲ਼ਾ-ਫ਼ੁੱਲ ਹੋ ਗਿਆ ਸੀ। ਹੌਲ਼ੇ-ਫ਼ੁੱਲ ਹੋਏ, ਉਸ ਦੇ ਮਨ ਵਿੱਚ ਔਰਤ ਦੇ ਕਈ ਰੂਪ ਉੱਭਰੇ। ਉਸ ਨੂੰ ਖ਼ਿਆਲ ਆਇਆ ਕਿ ਉਸ ਨੂੰ ਸੋਨੀਆ ਦੀ ਥਾਂ, ਅਨੂ ਵਰਗੀ ਕੋਈ ਕੁੜੀ ਕਿਉਂ ਨਸੀਬ ਨਾ ਹੋਈ, ਤੇ ਫਿਰ ਉਹ ਗੂੜ੍ਹੀ ਨੀਂਦੇ ਸੌਂ ਗਿਆ।

ਉਸ ਦੀ ਅੱਖ ਖੁੱਲ੍ਹੀ ਤਾਂ ਉਹ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਅਨੂ ਅਜੇ ਵੀ ਉਸ ਦਾ ਸਿਰ ਘੁੱਟ ਰਹੀ ਸੀ। ਹੁਣ ਉਸ ਦਾ ਸਿਰ ਮੂਲ਼ੋਂ ਹੀ ਨਹੀਂ ਦੁਖ ਰਿਹਾ ਸੀ। ਉਸ ਨੇ ਘੜੀ ਤੇ ਨਜ਼ਰ ਮਾਰੀ। ਪੌਣੇ ਬਾਰਾਂ ਵੱਜੇ ਹੋਏ ਸਨ ਤੇ ਉਹ ਤਕਰੀਬਨ ਪੌਣੇ ਤਿੰਨ ਘੰਟੇ ਸੁੱਤਾ ਰਿਹਾ ਸੀ।

"ਅਨੂ ਤੂੰ ਗਈ ਨਹੀਂ ? ਹੁਣ ਤਾਂ ਬਹੁਤ ਟਾਈਮ ਹੋ ਗਿਆ !" ਰਣਜੀਤ ਹੈਰਾਨ ਸੀ।

"ਤੁਹਾਨੂੰ ਨੀਂਦ ਆ ਗਈ ਤਾਂ ਮੈਂ ਸੋਚਿਆ ਪਈ ਜੇ ਮੈਂ ਤੁਹਾਡਾ ਸਿਰ ਹਿਲਾਇਆ ਤਾਂ ਤੁਸੀਂ ਜਾਗ ਪੈਣੈ, ਇਸ ਲਈ ਮੈਂ ਬੈਠੀ ਰਹੀ। ਸੋਚਿਆ ਘਰ ਜਾ ਕੇ ਵੀ ਕੀ ਕਰਨਾ, ਜਦੋਂ ਤੁਸੀਂ ਉੱਠੋਂਗੇ, ਉਦੋਂ ਚਲੀ ਜਾਵਾਂਗੀ। ਤੁਹਾਡੀ ਤਬੀਅਤ ਕਿੱਦਾਂ ਹੁਣ ?" ਅਨੂ ਨੇ ਪੁੱਛਿਆ।

"ਮੈਂ ਬਿਲਕੁਲ ਠੀਕ ਹਾਂ। ਸਿਰ ਵੀ ਠੀਕ ਏ, ਲਗਦੈ ਬੁਖ਼ਾਰ ਵੀ ਉਤਰ ਗਿਐ। ਪਰ ਤੂੰ ਮੈਨੂੰ ਜਗਾ ਲੈਂਦੀ, ਤੈਨੂੰ ਇਸ ਵਾਧੂ ਟਾਈਮ ਦੇ ਕਿਹੜਾ ਪੈਸੇ ਮਿਲਣੇ ਹੋਣੇ ਆਂ," ਰਣਜੀਤ ਨੇ ਚਿੰਤਾ ਜਤਾਈ।

"ਹਾਅ ! ਆਹ ਤਾਂ ਮੈਂ ਸੋਚਿਆ ਈ ਨਹੀਂ। ਬਈ ਹੁਣ ਕੀ ਬਣੂ !! ਇਸ ਅੱਧੇ ਘੰਟੇ ਦੀ ਪੇਅ ਹੁਣ ਮੈਂ ਤੁਹਾਡੇ ਕੋਲੋਂ ਲਊਂ," ਅਨੂ ਨੇ ਖਿੜਖਿੜਾ ਕੇ ਹੱਸਦਿਆਂ ਮਜ਼ਾਕ ਕੀਤਾ।

"ਲੈ ਲਈਂ, ਸਗੋਂ ਡਬਲ ਲਈਂ! ਕੈਨੇਡਾ ਵਿੱਚ ਪਲ-ਪਲ ਦੀ ਕੀਮਤ ਐ," ਰਣਜੀਤ ਨੇ ਵੀ ਹੱਸ ਕੇ ਹੀ ਕਿਹਾ।

"ਚਲੋ ਤੁਹਾਨੂੰ ਆਰਾਮ ਆ ਗਿਆ, ਸਮਝ ਲਓ ਮੇਰੀ ਪੇਅ ਮੈਨੂੰ ਮਿਲ ਗਈ।"

"ਉਹ ਕਿੱਦਾਂ ਬਈ?"

"ਤੁਸੀਂ ਹੁਣ ਮੇਰੀ ਜ਼ਿੰਮੇਵਾਰੀ ਹੋ। ਜੇ ਤੁਹਾਨੂੰ ਕੁੱਝ ਹੋ ਜਾਵੇ ਤਾਂ ਉਹ ਮੇਰੀ ਅਣਗਹਿਲੀ ਮੰਨਿਆ ਜਾਣਾ ਏਂ," ਅਨੂ ਨੇ ਪ੍ਰੋਫ਼ੈਸ਼ਨਲ ਬਣਦਿਆਂ ਕਿਹਾ।

"ਬਈ ਬਹੁਤ ਹਾਜ਼ਰ ਜੁਆਬ ਏਂ ਤੂੰ। ਚੱਲ ਜਾਹ ਹੁਣ, ਸ਼ਾਮ ਨੂੰ ਫੇਰ ਆਉਣੈ," ਰਣਜੀਤ ਨੇ ਸੰਜੀਦਗੀ ਨਾਲ਼ ਕਿਹਾ।

"ਜੀ-ਜੀ। ਸਾਡੀ ਕਿਸਮਤ 'ਚ ਬੱਸ ਭਟਕਣ ਏ, ਨਾ ਮੁੱਕਣ ਵਾਲ਼ਾ ਸਫ਼ਰ ਏ। ਆਪਣੇ ਇਸ ਹਾਲ 'ਤੇ ਮੇਰੇ ਕੁੱਝ ਸ਼ਿਅਰ ਵੀ ਨੇ:

***ਗਲ਼ ਪੈ ਗਿਆ ਹੈ ਕਿਸ ਤਰਾਂ ਦੇ ਕਾਲ ਚੱਕਰ ਦਾ ਸਫ਼ਰ।***
***ਪੱਥਰ ਨੂੰ ਕਰਨਾ ਪੈ ਗਿਆ ਬਿਫ਼ਰੇ ਸਮੁੰਦਰ ਦਾ ਸਫ਼ਰ।***

***ਨਾ ਹਾਣ ਦੀ ਸਰਗਮ ਮਿਲੀ, ਨਾ ਮੇਚ ਦੀ ਝਾਂਜਰ ਜੁੜੀ,***
***ਪੈਰਾਂ ਦੀ ਜ਼ਿੱਦ ਨੂੰ ਮਿਲ ਗਿਆ ਆਪਣੇ ਬਰਾਬਰ ਦਾ ਸਫ਼ਰ।***

"ਸ਼ਿਅਰ ਬਹੁਤ ਹੀ ਸੋਹਣੇ ਨੇ ਅਨੂ, ਪਰ ਯਾਰ ਆਪਣੇ ਬਾਰੇ ਸਭ ਕੁੱਝ ਦੱਸ ਵੀ ਪਲੀਜ਼, ਜਿੱਥੇ ਏਨਾ ਲੇਟ ਹੋਈਂ ਏਂ, ਉੱਥੇ ਦਸ ਮਿੰਟ ਹੋਰ ਸਹੀ," ਰਣਜੀਤ ਨੇ ਤਰਲਾ ਜਿਹਾ ਲੈਂਦਿਆਂ ਕਿਹਾ।

ਇਸ ਤੋਂ ਅਗਲੇ ਦਸਾਂ-ਪੰਦਰਾਂ ਮਿੰਟਾਂ ਵਿੱਚ ਅਨੂ ਨੇ ਆਪਣੀ ਸਾਰੀ ਜ਼ਿੰਦਗੀ ਰਣਜੀਤ ਅੱਗੇ ਖੋਲ੍ਹ ਕੇ ਰੱਖ ਦਿੱਤੀ। ਰਣਜੀਤ ਬੜਾ ਹੈਰਾਨ ਹੋਇਆ ਸਭ ਕੁੱਝ ਸੁਣਦਾ ਰਿਹਾ। ਉਸ ਸੋਚ ਰਿਹਾ ਸੀ ਕਿ ਦੁਨੀਆ ਦਾ ਹਰ ਇਨਸਾਨ ਇੱਕ ਤੁਰੀ ਫਿਰਦੀ ਕਿਤਾਬ ਹੈ। ਇਹ ਦੁਨੀਆ ਇੱਕ ਅਜਿਹਾ ਜੰਗ ਦਾ ਮੈਦਾਨ ਹੈ, ਜਿੱਥੇ ਹਰ ਕੋਈ ਆਪਣੇ ਹਿੱਸੇ ਦੀ ਜੰਗ ਲੜ ਰਿਹਾ ਹੈ।

"ਚਲੋ ਭਾਈ, ਸੰਤ ਤੁਰਦੇ ਈ ਭਲੇ ਆ। ਹਾਂ ਸੱਚ, ਅੱਜ ਤਾਂ ਮੈਂ ਬੈਂਕ ਵੀ ਜਾਣੈ, ਡੇਢ ਵਜੇ ਦੀ ਅਪੁਆਇੰਟਮੈਂਟ ਆ। ਹਾਅ, ਡੇਢ ਵੱਜਣ ਵਿੱਚ ਤਾਂ ਮਿੰਟ ਹੀ ਥੋੜ੍ਹੇ ਰਹਿ ਗਏ," ਅਨੂ ਕਾਹਲ਼ੀ-ਕਾਹਲ਼ੀ ਆਪਣਾ ਸਾਮਾਨ ਸਮੇਟਣ ਲੱਗੀ।

"ਬੈਂਕ 'ਚ ਕੀ ਕਰਨ ਜਾਣੈ? ਜੇ ਕੋਈ ਖ਼ਾਸ ਕੰਮ ਨਹੀਂ ਤਾਂ ਕੱਲ੍ਹ ਨੂੰ ਚਲੀ ਜਾਵੀਂ," ਰਣਜੀਤ ਨੇ ਕਿਹਾ।

"ਨਹੀਂ ਰੈਂਡੀ ਕੰਮ ਤਾਂ ਹੈ," ਅਨੂ ਨੇ ਦ੍ਰਿੜਤਾ ਨਾਲ਼ ਕਿਹਾ।

"ਚੰਗਾ ਭਾਈ, ਕਰੋ ਆਪਣੇ ਕੰਮ ਤੇ ਰੱਖੋ ਸੀਕ੍ਰੇਸੀ," ਰਣਜੀਤ ਨੇ ਮਜ਼ਾਕ ਕੀਤਾ।

"ਨਹੀਂ ਰੈਂਡੀ, ਸੀਕ੍ਰੇਸੀ ਵਾਲ਼ੀ ਤਾਂ ਕੋਈ ਗੱਲ ਨਹੀਂ। ਇੰਡੀਆ 'ਚ ਡੈਡੀ ਹੁਰਾਂ ਨੇ ਮੈਥੋਂ ਛੋਟੀ ਦਾ ਵਿਆਹ ਰੱਖ ਲਿਆ ਏ। ਡੈਡੀ ਦਾ ਫ਼ੋਨ ਆਇਆ ਸੀ," ਅਨੂ ਨੇ ਰਣਜੀਤ ਦਾ ਸ਼ੱਕ ਮਿਟਾਉਣ ਦਾ ਹੀਲਾ ਕੀਤਾ।

"ਵਧਾਈਆਂ ਫੇਰ ਤਾਂ! ਫੇਰ ਤਾਂ ਇੰਡੀਆ ਜਾਣ ਦੀਆਂ ਤਿਆਰੀਆਂ ਨੇ।"

"ਨਾ, ਮੈਂ ਤਾਂ ਜਾਣਾ ਨਹੀਂ। ਤਾਂ ਹੀ ਮੈਂ ਸੋਚਿਆ ਪਈ ਚਲ ਪੈਸੇ ਭੇਜ ਦਿੰਨੀ ਆਂ। ਪਰ ਪੈਸੇ ਵਿਆਹ ਲਈ ਭੇਜਣ ਜੋਗੇ ਹੈ ਨਹੀਂ। ਬੈਂਕ ਤੋਂ ਲੋਨ ਲੈਣਾ ਏ। ਹੌਲ਼ੀ-ਹੌਲ਼ੀ ਕਿਸ਼ਤਾਂ 'ਚ ਲਾਹ ਦਿਆਂਗੀ," ਅਨੂ ਨੇ ਹਕੀਕਤ ਦੱਸੀ।

"ਕਿੰਨੇ ਪੈਸੇ ਭੇਜਣੇ ਚਾਹੁੰਨੀ ਏਂ? ਨਾਲ਼ੇ ਤੂੰ ਕਿਉਂ ਨਹੀਂ ਜਾਣਾ?" ਰਣਜੀਤ ਨੇ ਪੁੱਛਿਆ

"ਜੇ ਲੋਨ ਮਿਲ਼ ਗਿਆ ਤਾਂ ਦਸ ਹਜ਼ਾਰ ਡਾਲਰ ਭੇਜਣੇ ਚਾਹੁੰਨੀ ਆਂ। ਬਾਕੀ ਰੈਂਡੀ ਮੇਰਾ 'ਕੱਲੀ ਦਾ ਜਾਣ ਨੂੰ ਜੀਅ ਨਹੀਂ ਕਰਦਾ। ਲੋਕ ਗੁਰੀ ਬਾਰੇ ਪੁੱਛਣਗੇ ਤਾਂ ਕੀ ਕਹੂੰਗੀ?" ਇਹ ਕਹਿੰਦਿਆਂ ਅਨੂ ਦਾ ਚਿਹਰਾ ਬਹੁਤ ਮਸੋਸਿਆ ਜਿਹਾ ਸੀ।

"ਚਲ ਫੇਰ ਤੂੰ ਬੈਂਕ ਜਾਣ ਨੂੰ ਤਾਂ ਰਹਿਣ ਈ ਦੇ। ਮੇਰੇ ਕੋਲੋਂ ਦਸ ਹਜ਼ਾਰ ਲੈ ਲਾ, ਜਦੋਂ ਹੋਇਆ ਤਾਂ ਮੋੜ ਦਈਂ," ਰਣਜੀਤ ਨੇ ਕਿਹਾ।

"ਨਹੀਂ ਰੈਂਡੀ, ਕੰਮ ਦੇ ਅਸੂਲਾਂ ਮੁਤਾਬਕ ਅਸੀਂ ਪੇਸ਼ੈਂਟਾਂ ਨਾਲ਼ ਲੈਣ-ਦੇਣ ਨਹੀਂ ਕਰ ਸਕਦੇ। ਨਾ ਉਧਾਰ ਲਈਏ ਨਾ ਉਧਾਰ ਦਈਏ। ਨਾਲ਼ੇ ਤੁਹਾਡੀ ਵਾਈਫ਼ ਨੂੰ ਪਤਾ ਲੱਗ ਗਿਆ ਤਾਂ ਉਹ ਗੁੱਸਾ ਕਰੂ। ਹੋ ਸਕਦੈ ਮੇਰੀ ਕੰਪਲੇਂਟ ਈ ਕਰ ਦੇਵੇ। ਓਦਾਂ, ਇਹ ਸੁਲ੍ਹਾ ਮਾਰਨ ਲਈ ਤੁਹਾਡਾ ਸ਼ੁਕਰੀਆ," ਅਨੂ ਨੇ ਕਿਹਾ।

"ਅਨੂ ਤੂੰ ਹਾਲੇ ਵੀ ਮੇਰੇ ਨਾਲ਼ ਪੇਸ਼ੈਂਟਾਂ ਵਾਂਗ ਹੀ ਵਰਤਦੀ ਏਂ। ਮੈਂ ਤਾਂ ਪਹਿਲੇ ਦਿਨੋਂ ਹੀ ਤੈਨੂੰ ਦੋਸਤ ਮੰਨ ਰਿਹਾਂ, ਸ਼ਾਇਦ ਤੈਨੂੰ ਪਤਾ ਨਈਂ, ਮੇਰੀ ਬਹੁਤੇ ਲੋਕਾਂ ਨਾਲ਼ ਦੋਸਤੀ ਨਹੀਂ। ਕਿਸੇ ਸਿਆਣੇ ਦਾ ਕਿਹਾ ਹੋਇਆ ਏ ਕਿ ਦੋਸਤ ਏਨੇ ਕੁ ਹੀ ਬਣਾਓ ਕਿ ਗਿਣਨ ਦੀ ਲੋੜ ਨਾ ਪਏ। ਜੇ ਦੋਸਤ ਕੰਮ ਈ ਨਾ ਆਵੇ ਤਾਂ ਉਹ ਨੂੰ ਰਗੜ ਕੇ ਲਾਉਣੈ? ਬਾਕੀ ਸੋਨੀਆ ਬਾਰੇ ਨਾ ਬਹੁਤਾ ਸੋਚਿਆ ਕਰ, ਉਸ ਨੂੰ ਪਤਾ ਨਹੀਂ ਲੱਗੇਗਾ ਤੇ ਨਾ ਹੀ ਤੇਰੇ ਕੰਮ ਵਾਲ਼ਿਆ ਨੂੰ ਕੋਈ ਸ਼ਿਕੈਤ ਕਰੂਗਾ। ਨਾਲੇ ਇਹ ਉਧਾਰ ਐ, ਤੂੰ ਮੋੜ ਈ ਦੇਣੈ। ਬਹੁਤੇ ਲੱਲੇ-ਭੱਬੇ ਨਹੀਂ ਮਾਰੀਦੇ। ਆਹ ਲੈ, ਚੁੱਪ ਕਰ ਕੇ ਚੈੱਕ ਫੜ ਤੇ ਆਪਣਾ ਵੇਲ਼ਾ ਸਾਰ," ਰਣਜੀਤ

ਦੇ ਕਹਿਣ ਵਿੱਚ ਹੱਕ ਦੀ ਭਾਵਨਾ ਭਾਰੂ ਸੀ।

ਚੈੱਕ ਫੜ ਕੇ ਵੀ ਅਨੂ ਦੁਚਿੱਤੀ ਵਿੱਚ ਸੀ। ਰਣਜੀਤ ਲਈ ਕੰਮ ਕਰਦਿਆਂ ਕਈ ਵਾਰ ਅਨੂ ਇਹ ਭੁੱਲ ਹੀ ਜਾਂਦੀ ਸੀ ਕਿ ਉਹ ਕੰਮ ’ਤੇ ਆਈ ਹੋਈ ਹੈ। ਉਹ ਰਣਜੀਤ ਦਾ ਸਾਥ ਮਾਣ ਕੇ ਖ਼ੁਸ਼ ਹੁੰਦੀ ਸੀ ਤੇ ਹੁਣ ਉਹ, ਉਸ ਉੱਤੇ ਆਪਣੇ ਨਾਲ਼ੋਂ ਵੀ ਵੱਧ ਭਰੋਸਾ ਕਰਨ ਲੱਗ ਪਈ ਸੀ। ਰਣਜੀਤ ਨੂੰ ‘ਥੈਂਕਸ’ ਕਹਿ ਕੇ ਅਨੂ ਝਟਕੇ ਜਿਹੇ ਨਾਲ਼ ਪੌੜੀਆਂ ਉੱਤਰ ਗਈ। ਰਣਜੀਤ ਹੈਰਾਨ ਸੀ ਕਿ ਉਸ ਨੇ ਅਨੂ ਦੀ ਮਦਦ ਕਰਨ ਵਿੱਚ ਅੱਖ ਵੀ ਨਹੀਂ ਝਮਕੀ ਜਦੋਂ ਕਿ ਉਸ ਨੂੰ ਆਉਂਦਿਆਂ-ਜਾਂਦਿਆਂ ਹਾਲੇ ਕੁੱਝ ਹਫ਼ਤੇ ਹੀ ਹੋਏ ਸਨ। ਪਤਾ ਨਹੀਂ ਕਿਉਂ, ਉਸ ਨੂੰ ਇਹ ਪੈਸੇ ਮਰਨ ਦਾ ਖ਼ਿਆਲ ਇੱਕ ਵਾਰੀ ਵੀ ਨਹੀਂ ਆਇਆ। ਏਦਾਂ ਲੱਗਦਾ ਸੀ ਕਿ ਉਹ ਹਰ ਤਰ੍ਹਾਂ ਦਾ ਝਟਕਾ ਖਾਣ ਲਈ ਤਿਆਰ ਹੋ ਚੁੱਕਿਆ ਸੀ। ਸ਼ਾਇਦ ਉਹ ਸੋਨੀਆ ਤੇ ਸ਼ੌਕਤ ਦੀਆਂ ਗੱਲਾਂ ਸੁਣ ਕੇ ਜ਼ਿੰਦਗੀ ਦਾ ਸੱਭ ਤੋਂ ਵੱਡਾ ਝਟਕਾ ਬਰਦਾਸ਼ਤ ਕਰ ਕੇ ਹੋਰ ਮਜ਼ਬੂਤ ਹੋ ਗਿਆ ਸੀ। ਅਨੂ ਨੂੰ ਪੈਸੇ ਦੇ ਕੇ ਉਹ ਸੋਨੀਆ ਦੀ, ਪੈਸੇ ਦੀ ਭੁੱਖ ਦੇ ਖ਼ਿਲਾਫ਼ ਡਟਣਾ ਚਾਹੁੰਦਾ ਸੀ। ਉਸ ਨੂੰ ਹੁਣ ਸੋਨੀਆ ਦੇ ਉਲਟ ਚੱਲਣ ਵਿੱਚ ਅਨੰਦ ਜਿਹਾ ਮਹਿਸੂਸ ਹੋਇਆ ਸੀ।

## 10.

ਸਨਿੱਚਰਵਾਰ ਸਵੇਰੇ ਉੱਠ ਕੇ ਪਹਿਲਾਂ ਸੋਨੀਆ ਆਪ ਤਿਆਰ ਹੋਈ ਅਤੇ ਫਿਰ ਸੱਤ ਵਜੇ ਤੱਕ ਉਸ ਨੇ ਨਿਆਣੇ ਵੀ ਉਠਾ ਕੇ ਤਿਆਰ ਕਰ ਲਏ। ਉਹ ਆਪਣੇ ਕਮਰੇ ਵਿੱਚੋਂ ਕੁੱਝ ਲੈਣ ਗਈ ਤਾਂ ਰਣਜੀਤ ਉਸ ਨੂੰ ਸਜੀ-ਧਜੀ ਦੇਖ ਕੇ ਹੈਰਾਨ ਰਹਿ ਗਿਆ। ਸੋਨੀਆ ਨੇ ਨਹਾ-ਧੋ ਕੇ, ਹਰੇ ਰੰਗ ਦਾ ਨਵਾਂ ਰੇਸ਼ਮੀ ਸੂਟ ਪਾਇਆ ਹੋਇਆ ਸੀ ਅਤੇ ਫਿੱਕੀ ਗ਼ੁਲਾਬੀ ਲਿਪਸਟਿਕ ਲਾਈ ਹੋਈ ਸੀ।

"ਸੋਨੀਆ, ਨਵੇਂ ਥਾਂ ਵੀ ਸਨਿੱਚਰਵਾਰ ਕੰਮ ਤੇ ਜਾਇਆ ਕਰਨੈ?" ਰਣਜੀਤ ਨੇ ਦਰਵਾਜ਼ੇ ਕੋਲੋਂ ਲੰਘਦੀ ਸੋਨੀਆ ਨੂੰ ਆਵਾਜ਼ ਮਾਰ ਕੇ ਪੁੱਛ ਲਿਆ।

"ਹਾਂ, ਦੁਪਹਿਰ ਤੱਕ ਦੀ ਸ਼ਿਫ਼ਟ ਏ। ਨਾਲ਼ੇ ਮੈਨੂੰ 'ਬਾਜਵਾ ਟਰੈਵਲ' ਵਾਲ਼ਿਆ ਦਾ ਕੰਮ ਕੋਈ ਬਹੁਤਾ ਪਸੰਦ ਨਹੀਂ ਆਇਆ। ਮੈਂ ਫੇਰ 'ਕਦੀਮ ਟਰੈਵਲ' ਵਾਲ਼ਿਆ ਦੇ ਈ ਚਲੀ ਜਾਣੈ," ਸੋਨੀਆ ਨੇ ਕਾਹਲ਼ੀ ਨਾਲ਼ ਗੱਲ ਮੁਕਾਈ।

"ਉਹ ਰੱਖ ਲੈਣਗੇ ਦੁਬਾਰਾ ਤੈਨੂੰ? ਤੂੰ ਆਪੇ ਤਾਂ ਉੱਥੋਂ ਕੰਮ ਛੱਡਿਆ ਸੀ। ਕੀ ਪਤਾ ਉਹ ਰੱਖਦੇ ਵੀ ਆ ਕਿ ਨਹੀਂ," ਰਣਜੀਤ ਇਹ ਦੇਖਣਾ ਚਾਹੁੰਦਾ ਸੀ ਕਿ ਸੋਨੀਆ ਕਿੰਨਾ ਕੁ ਝੂਠ ਬੋਲਦੀ ਏ ਤੇ ਕਿੱਦਾਂ ਬੋਲਦੀ ਏ।

"ਨਹੀਂ, ਮੈਨੂੰ ਸ਼ੌਕਤ ਭੱਟੀ ਨੇ ਆਪ ਹੀ ਸੱਦ ਲਿਆ ਏ। ਉਹ ਕਹਿੰਦੈ ਤੂੰ ਵਾਪਸ ਆ ਸਕਦੀ ਏਂ। ਉਨ੍ਹਾਂ ਨੇ ਮੇਰੀ ਥਾਂ ਕਿਸੇ ਹੋਰ ਨੂੰ ਨਹੀਂ ਰੱਖਿਆ। ਚਲ ਠੀਕ ਏ, ਮੈਂ ਕਿਤੇ ਲੇਟ ਨਾ ਹੋ ਜਾਵਾਂ। ਬਾਏ," ਸੋਨੀਆ ਇਹ ਕਹਿ ਕੇ ਨਿੱਕਲ਼ ਗਈ।

ਉਸ ਨੂੰ ਇਸ ਤਰ੍ਹਾਂ ਗਈ ਦੇਖ ਕੇ ਰਣਜੀਤ ਨੂੰ ਲੱਗਿਆ ਕਿ ਉਹ, ਉਸ ਦੀ ਸੋਨੀਆ ਨਹੀਂ, ਕੋਈ ਹਾਈ ਸੋਸਾਇਟੀ ਕਾਲ-ਗ਼ਰਲ ਹੈ। ਇੱਕ ਜ਼ਹਿਰੀਲੀ ਮੁਸਕਾਨ ਨਾਲ਼ ਉਸ ਦਾ ਮੂੰਹ ਕੌੜਾ ਜਿਹਾ ਹੋ ਗਿਆ। ਪਿਛਲੇ ਡੇਢ-ਦੋ ਸਾਲ ਤੋਂ ਉਹ ਕਿੰਨੀ ਸਫ਼ਾਈ ਨਾਲ਼ ਸਭ ਦੀਆਂ ਅੱਖਾਂ ਵਿੱਚ ਘੱਟਾ ਪਾਉਂਦੀ ਆ ਰਹੀ ਸੀ। ਹਰ ਸਨਿੱਚਰਵਾਰ ਉਸ ਦੇ ਮੰਮੀ-ਡੈਡੀ ਇਹ ਸੋਚ ਕੇ ਉਨ੍ਹਾਂ ਦੇ ਬੱਚਿਆਂ ਨੂੰ ਸਾਂਭਦੇ ਰਹੇ ਸਨ ਕਿ ਉਨ੍ਹਾਂ ਦੀ ਮਿਹਨਤਕਸ਼ ਧੀ, ਵਿਚਾਰੀ ਕੰਮ ਤੇ ਗਈ ਹੋਈ ਹੈ। ਉਨ੍ਹਾਂ ਨੂੰ ਕੀ ਪਤਾ ਕਿ ਸਜ-ਧਜ ਕੇ ਕਿੱਥੇ ਮੌਜਾਂ ਲੁੱਟ ਰਹੀ ਹੈ।

ਬੱਚਿਆਂ ਨੂੰ ਆਪਣੇ ਪੇਕਿਆਂ ਦੇ ਘਰ ਛੱਡ ਕੇ ਸੋਨੀਆ ਨੇ ਆਪਣੀ ਮਰਸਡੀਜ਼ ਕਾਰ, ਸਰੀ ਸੈਂਟਰਲ ਵੱਲ ਭਜਾ ਦਿੱਤੀ। ਸਰੀ ਦੇ ਵਿਚਾਲ਼ੇ ਜਿਹੇ ਦਸ-ਬਾਰਾਂ ਬਹੁਮੰਜ਼ਲੀਆਂ ਇਮਾਰਤਾਂ ਬਣ ਗਈਆਂ ਸਨ ਜਿਨ੍ਹਾਂ ਵਿੱਚੋਂ ਇੱਕ ਟ੍ਰੀ ਟਾਵਰ ਵੀ ਸੀ। ਇਸ ਦੀ ਦਸਵੀਂ ਮੰਜ਼ਲ 'ਤੇ ਸ਼ੌਕਤ ਦਾ ਫਲੈਟ ਸੀ, ਜਿਸ ਦੀ ਇਕ ਡੁਪਲੀਕੇਟ ਚਾਬੀ ਸ਼ੌਕਤ ਨੇ ਸੋਨੀਆ ਨੂੰ ਦਿੱਤੀ ਹੋਈ ਸੀ। ਪਿਛਲੇ ਤਕਰੀਬਨ ਡੇਢ ਸਾਲ ਤੋਂ ਉਹ ਇਸ ਫਲੈਟ ਵਿੱਚ ਹੀ ਮਿਲ਼ਦੇ-ਗਿਲ਼ਦੇ ਸਨ ਤੇ ਸ਼ੌਕਤ ਇਸ

ਨੂੰ ਆਪਣਾ 'ਲਵ ਨੈਸਟ' ਕਹਿੰਦਾ ਸੀ। ਟਾਵਰ ਦੇ ਹੇਠਲੀਆਂ ਦੋ ਮੰਜ਼ਲਾਂ ਵਿੱਚ ਪਾਰਕਿੰਗ ਲਾੱਟ ਸੀ। ਉੱਥੇ ਆਪਣੀ ਕਾਰ ਪਾਰਕ ਕਰਦਿਆਂ ਸੋਨੀਆ ਨੇ ਸ਼ੌਕਤ ਦੀ ਕਾਰ ਖੜ੍ਹੀ ਦੇਖ ਲਈ ਤੇ ਉਸ ਨੂੰ ਪਤਾ ਲੱਗ ਗਿਆ ਸੀ ਕਿ ਸ਼ੌਕਤ ਆ ਚੁੱਕਾ ਹੈ। ਪੌਣੇ ਕੁ ਨੌਂ ਵਜੇ, ਜਿਉਂ ਹੀ ਸੋਨੀਆ ਫਲੈਟ ਵਿੱਚ ਦਾਖ਼ਲ ਹੋਈ, ਸ਼ੌਕਤ ਨੇ ਦੌੜ ਕੇ ਉਸ ਨੂੰ ਜੱਫੀ ਪਾ ਲਈ। ਸੋਨੀਆ ਉਸ ਦੀਆਂ ਬਾਹਾਂ 'ਚੋਂ ਨਿਕਲਣ ਦਾ ਹੀਲਾ ਕਰਦਿਆਂ ਬੋਲੀ,"ਸ਼ੌਕਤ ਪਲੀਜ਼, ਮੈਨੂੰ ਸਾਹ ਤਾਂ ਲੈ ਲੈਣ ਦੇ।" ਸ਼ੌਕਤ ਤਾਂ ਜਿੱਦਾਂ ਸੋਨੀਆ ਦਾ ਜਿਸਮ ਪਲ਼ੋਸਣ ਲਈ ਤਰਸਿਆ ਹੀ ਪਿਆ ਸੀ। ਉਸ ਨੇ ਸੋਨੀਆ ਨੂੰ ਬਾਹਾਂ 'ਚ ਚੁੱਕ ਲਿਆ ਅਤੇ ਅੰਦਰ ਬੈੱਡ 'ਤੇ ਲਿਜਾ ਸੁੱਟਿਆ। ਸੋਨੀਆ ਪੂਰੀ ਦੀ ਪੂਰੀ ਵਾਟਰ-ਬੈੱਡ ਵਿੱਚ ਧਸ ਗਈ। ਉਸ ਨੂੰ ਡਿੱਗ ਕੇ ਵੀ ਅਜੀਬ ਜਿਹਾ ਅਨੰਦ ਆਇਆ ਕਿਉਂ ਕਿ ਉਹ ਪਹਿਲੀ ਵਾਰੀ ਪਾਣੀ ਵਾਲ਼ੇ ਬੈੱਡ 'ਤੇ ਡਿੱਗੀ ਸੀ। ਸ਼ੌਕਤ ਵੀ ਛਾਲ਼ ਮਾਰ ਕੇ ਬੈੱਡ 'ਤੇ ਆ ਚੜ੍ਹਿਆ ਤਾਂ ਬੈਡ ਦੇ ਪਾਣੀ ਵਿੱਚ ਵੱਡੀ ਹਲਚਲ ਜਿਹੀ ਹੋਈ, ਜਿਸ ਦੀ ਵਜ੍ਹਾ ਨਾਲ਼ ਸੋਨੀਆ ਇਕਦਮ ਉੱਪਰ ਆ ਗਈ। ਫਿਰ ਕਿੰਨਾ ਹੀ ਚਿਰ, ਉਹ ਵਾਰੀ-ਵਾਰੀ ਉੱਪਰ-ਥੱਲੇ ਜਾਂਦੇ-ਆਉਂਦੇ ਰਹੇ।

"ਇਹ ਬੈੱਡ ਬੜਾ ਮਜ਼ੇਦਾਰ ਏ। ਇਹ ਏਥੇ ਈ ਏ ਜਾਂ ਘਰ ਵਿੱਚ ਵੀ ਇਹ ਦੇ ਨਾਲ਼ ਦਾ ਈ ਏ?" ਸੋਨੀਆ ਨੇ ਸ਼ਰਾਰਤ ਨਾਲ਼ ਪੁੱਛਿਆ।

"ਇਹ ਤਾਂ ਸਿਰਫ਼ ਤੇਰੀ ਖ਼ਾਤਰ ਲਿਆਂਦੈ। ਘਰ, ਕੀ ਸਿਰ 'ਚ ਮਾਰਨਾ ਸੀ," ਸ਼ੌਕਤ ਦਾ ਜੁਆਬ ਸੀ।

"ਅੱਜ ਕੱਲ੍ਹ ਸਾਲ਼ੀ ਸਾਹਿਬਾਂ ਆਈ ਹੋਈ ਏ ਨਾ, ਕੀ ਪਤਾ ਉਸ ਨੂੰ ਖ਼ੁਸ਼ ਕਰਨ ਲਈ ਵੀ ਕੌੜਾ ਘੁੱਟ ਭਰ ਲਿਆ ਹੋਊਗਾ," ਸੋਨੀਆ ਨੇ ਟਿੱਚਰ ਕੀਤੀ।

"ਓਏ ਐਵੇਂ ਕਮਲ਼ ਨਾ ਮਾਰ। ਉਹ ਮੇਰੇ ਨਿਆਣਿਆਂ ਵਰਗੀ ਏ। ਨਾਲ਼ੇ ਜੇ ਉਸ ਲਈ ਲਿਆ ਹੁੰਦਾ ਤਾਂ ਫਿਰ ਤੈਨੂੰ ਫ਼ੋਨ ਨਾ ਕਰਦਾ", ਸ਼ੌਕਤ ਨੇ ਸਫ਼ਾਈ ਦਿੱਤੀ ਤੇ ਇਹ ਕਹਿੰਦਿਆਂ ਹੀ ਉਸ ਨੇ ਸੋਨੀਆ ਨੂੰ ਖਿੱਚ ਕੇ ਹਿੱਕ ਨਾਲ਼ ਲਾ ਲਿਆ।

"ਓਦਾਂ ਤਾਂ ਮੈਂ ਵੀ ਤੇਰੇ ਨਾਲ਼ੋਂ ਬਹੁਤ ਛੋਟੀ ਆਂ। ਮੈਨੂੰ ਪਤਾ ਤੂੰ ਛੋਟੀਆਂ ਦਾ ਕਿੰਨਾ ਕੁ ਲਿਹਾਜ ਕਰਦੈਂ। ਤੇਰੀ ਬੇਗ਼ਮ ਵੱਲੋਂ ਤੇਰੇ 'ਤੇ ਨਜ਼ਰ ਰੱਖਣ ਦੀ ਵਜ੍ਹਾ ਨਾਲ਼ ਖ਼ਬਰੇ ਤੇਰਾ ਸੂਤ ਨਾ ਲੱਗਦਾ ਹੋਵੇ," ਸੋਨੀਆ ਨੇ ਫਿਰ ਸੱਟ ਮਾਰੀ।

"ਨਹੀਂ ਯਾਰ, ਮੰਨ ਵੀ ਲਈਦੈ, ਇਹੋ ਜਿਹੀ ਕੋਈ ਗੱਲ ਨਹੀਂ। ਸਹੁੰ ਤੇਰੀ ਬੱਸ?" ਸ਼ੌਕਤ ਆਖ਼ਰੀ ਹਥਿਆਰਾਂ 'ਤੇ ਉੱਤਰ ਆਇਆ ਲੱਗਦਾ ਸੀ।

"ਜਿੱਦਣ ਦਾ ਤੂੰ ਮੈਨੂੰ ਫ਼ੋਨ ਉੱਤੇ ਪੁੱਠਾ-ਸਿੱਧਾ ਬੋਲਿਆ ਏਂ, ਮੈਨੂੰ ਜ਼ਹਿਰ ਲੱਗਦੈਂ। ਮੈਂ ਤਾਂ ਮਜਬੂਰੀ ਨੂੰ ਆਈ ਆਂ। ਕਰੈਕਟਰ ਸਰਟੀਫਿਕੇਟ ਤਾਂ ਉਹ

ਦੇਵੇ, ਜਿਹੜਾ ਆਪ ਦੁੱਧ ਧੋਤਾ ਹੋਵੇ," ਸੋਨੀਆ ਅੱਜ ਸ਼ੌਕਤ ਦੀਆਂ ਹੀਲਾਂ ਕਰਾਉਣ ਤੇ ਤੁਲੀ ਹੋਈ ਸੀ।

"ਛੱਡ ਯਾਰ, ਤੂੰ ਫ਼ੋਨ ਨਹੀਂ ਚੁੱਕਦੀ ਸੀ, ਮੈਂ ਸੜਿਆ-ਬਲ਼ਿਆ ਬੈਠਾ ਸੀ। ਉਸੇ ਗ਼ੁੱਸੇ 'ਚ ਕਿਤੇ ਵੱਧ-ਘੱਟ ਬੋਲਿਆ ਗਿਆ ਹੋਣੈ। ਚੱਲ ਹੁਣ ਮਾਫ਼ ਵੀ ਕਰ ਦੇ," ਇਸ ਦੇ ਨਾਲ਼ ਹੀ ਸ਼ੌਕਤ ਨੇ ਆਪਣੇ ਬੁੱਲ੍ਹਾਂ ਨਾਲ਼ ਸੋਨੀਆ ਦਾ ਮੂੰਹ ਬੰਦ ਕਰ ਦਿੱਤਾ ਅਤੇ ਉਸ ਦੇ ਹੱਥ ਸੋਨੀਆ ਦੇ ਪਿੰਡੇ 'ਤੇ ਫਿਰਨ ਲੱਗੇ। ਸੋਨੀਆ ਵੀ ਉਸ ਨੂੰ ਚਿੰਬੜ ਗਈ।

ਜਿਸਮਾਂ ਦੀ ਤਪਸ਼ ਮਿਟਾਉਣ ਮਗਰੋਂ ਦੋਵੇਂ ਕੁਝ ਚਿਰ ਪਏ ਰਹੇ ਤੇ ਫਿਰ ਸ਼ੌਕਤ ਬੋਲਿਆ, "ਵਿਆਹ ਤੋਂ ਪਹਿਲਾਂ ਕੋਈ ਬੁਆਏ ਫਰੈਂਡ ਸੀ ਤੇਰਾ?"

ਬੋਲਣ ਦੀ ਥਾਂ ਸੋਨੀਆ ਨੇ ਘੂਰ ਕੇ ਸ਼ੌਕਤ ਵੱਲ ਦੇਖਿਆ ਤਾਂ ਸ਼ੌਕਤ ਦਾ ਹਾਸਾ ਨਿੱਕਲ਼ ਗਿਆ। ਉਸ ਦੇ ਹੱਸ-ਹਟਣ ਮਗਰੋਂ ਸੋਨੀਆ ਨੇ ਪੁੱਛਿਆ, " ਹੋਵੇ ਵੀ ਤਾਂ ਤੂੰ ਵਿੱਚੋਂ ਕੀ ਲੈਣੈ?"

"ਮੈਂ ਤਾਂ ਉਂਝ ਹੀ ਪੁੱਛਿਆ ਸੀ। ਵੈਸੇ ਤੂੰ ਦੱਸ ਨਾ ਦੱਸ, ਪਰ ਕੈਨੇਡਾ ਵਿੱਚ ਪਲ਼ੀ-ਪੜ੍ਹੀ ਕੁੜੀ ਦਾ ਵਿਆਹ ਤੋਂ ਪਹਿਲਾਂ ਕੋਈ ਅਫ਼ੇਅਰ ਨਾ ਹੋਵੇ, ਇਹ ਗੱਲ ਹਜ਼ਮ ਨਹੀਂ ਹੁੰਦੀ," ਸ਼ੌਕਤ ਨੇ ਕਿਹਾ।

"ਵਿਆਹ ਤੋਂ ਪਹਿਲਾਂ ਹਰ ਇੱਕ ਦੀ ਜ਼ਿੰਦਗੀ ਵੱਖਰੀ ਤੇ ਆਜ਼ਾਦ ਹੁੰਦੀ ਏ ਤੇ ਇਸ ਦਾ ਵਿਆਹ ਤੋਂ ਮਗਰਲੀ ਜ਼ਿੰਦਗੀ ਨਾਲ਼ ਕੋਈ ਸਬੰਧ ਨਹੀਂ ਹੁੰਦਾ। ਤੂੰ ਪੁੱਛਣਾ ਈ ਚਾਹੁੰਨੈ ਤਾਂ ਸੁਣ ਲੈ। ਸਕੂਲ ਦੇ ਦਿਨੀਂ 'ਆਈ ਯੂਜ਼ਡ ਟੂ ਹੈਵ ਟੂ ਬੁਆਏਫਰੈਂਡਜ਼।' ਤੇ ਮੈਂ ਇਸ ਨੂੰ ਗ਼ਲਤ ਨਹੀਂ ਸਮਝਦੀ," ਸੋਨੀਆ ਸੰਜੀਦਗੀ ਨਾਲ਼ ਆਖਣ ਲੱਗੀ।

"ਦੋ ਬੁਆਏਫ਼ਰੈਂਡਜ਼? ਵਾਹ! ਕਮਾਲ ਐ ਬਈ 'ਕੱਠੇ ਈ ਦੋ-ਦੋ?" ਸ਼ੌਕਤ ਹੈਰਾਨ ਸੀ।

"ਨੋ-ਨੋ, ਟੂ ਬੁਆਏਫ਼ਰੈਂਡਜ਼ ਡੂ ਨਾਟ ਮੀਨ, ਟੂ ਐਟ ਵਨਸ। ਗਰੇਡ ਇਲੈਵਨ 'ਚ ਪਹਿਲਾ ਬੁਆਏ ਫਰੈਂਡ ਹੋਰ ਸੀ ਤੇ ਗਰੇਡ ਟਵੈਲਵ 'ਚ ਪਹਿਲੇ ਨਾਲੋਂ ਬਰੇਕ-ਅਪ ਹੋ ਗਿਆ, ਜਿਸ ਕਰ ਕੇ ਦੂਜਾ ਬਣਾਇਆ ਸੀ," ਸੋਨੀਆ ਨੇ ਗੱਲ ਸਾਫ਼ ਕੀਤੀ।

"ਇਸ ਦਾ ਮਤਲਬ, ਰਣਜੀਤ ਤੇਰੀ ਜ਼ਿੰਦਗੀ ਵਿੱਚ ਤੀਜਾ ਮਰਦ ਏ ਤੇ ਮੈਂ ਚੌਥਾ," ਸ਼ੌਕਤ ਨੇ ਸੋਨੀਆ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

"ਯੈੱਸ, ਯੂ ਕੈਨ ਸੇ ਦੈਟ," ਸੋਨੀਆ ਨੇ ਗੱਲ ਮੁਕਾਈ।

"ਤੂੰ ਆਪਣੇ ਸਕੂਲ ਵਾਲ਼ੇ ਦੋਸਤਾਂ ਨਾਲ਼ ਹਮਬਿਸਤਰ ਵੀ ਹੋਈ ਸੀ?" ਸ਼ੌਕਤ ਹਾਲੇ ਗੱਲ ਮੁਕਾਉਣ ਦੀ ਥਾਂ, ਗੱਲ ਮਘਾਉਣ ਦੇ ਰਉਂ ਵਿੱਚ ਸੀ।

"ਵਟ ਇਜ਼ ਦਿਸ ਨਾਨਸੈਂਸ! ਤੂੰ ਮੇਰੀ ਇਨਕੁਆਰੀ ਕਰ ਰਿਹਾਂ ਏਂ? ਕੈਨੇਡਾ ਵਿੱਚ ਜੇ ਮਰਦ-ਔਰਤ ਆਪਸ ਵਿੱਚ ਨੇੜੇ ਹੋਣ ਤਾਂ ਫਿਜ਼ੀਕਲ ਰਿਲੇਸ਼ਨ

ਆਮ ਜਿਹੀ ਗੱਲ ਏ। ਇਹ ਵੀ ਕੋਈ ਪੁੱਛਣ ਵਾਲ਼ੀ ਗੱਲ ਏ? ਹੁਣ ਮੈਂ ਤੈਨੂੰ 'ਕੱਲੀ-'ਕੱਲੀ ਗੱਲ ਦੀ ਡਿਟੇਲ ਦੱਸਾਂ। ਜਦ ਮੈਂ ਤੈਨੂੰ ਦੱਸ ਦਿੱਤਾ ਪਈ ਵਿਆਹ ਤੋਂ ਪਹਿਲਾਂ ਮੇਰਾ ਦੋ ਜਣਿਆਂ ਨਾਲ਼ ਅਫੇਅਰ ਸੀ ਤਾਂ ਤੈਨੂੰ ਹੋਰ ਡਿਟੇਲਜ਼ ਨਹੀਂ ਪੁੱਛਣੀਆਂ ਚਾਹੀਦੀਆਂ। ਮੈਂ ਤੈਨੂੰ ਇਹ ਵੀ ਕਹਿ ਚੁੱਕੀ ਆਂ ਕਿ ਮੈਂ ਅੱਜ ਵੀ ਵਿਆਹ ਤੋਂ ਪਹਿਲੇ ਰਿਸ਼ਤਿਆਂ ਨੂੰ ਕੋਈ ਗ਼ੁਨਾਹ ਨਹੀਂ ਮੰਨਦੀ, ਕਿਉਂ ਕਿ ਉਸ ਵੇਲ਼ੇ ਕਿਸੇ ਨੂੰ ਵੀ ਆਪਣੀ ਆਉਣ ਵਾਲ਼ੀ ਜ਼ਿੰਦਗੀ ਬਾਰੇ ਕੁਛ ਪਤਾ ਨਹੀਂ ਹੁੰਦਾ," ਸੋਨੀਆ ਦੇ ਜੁਆਬ ਵਿੱਚੋਂ ਖਿਝ ਸਾਫ਼ ਝਲਕਦੀ ਸੀ।

"ਉਹ ਰਿਸ਼ਤੇ ਗ਼ਲਤ ਨਹੀਂ ਸਨ। ਚੱਲ ਠੀਕ ਐ, ਪਰ ਜੋ ਪਿਛਲੇ ਡੇਢ ਸਾਲ ਤੋਂ ਆਪਣਾ ਰਿਸ਼ਤਾ ਏ, ਇਹ ਗ਼ਲਤ ਹੈ ਕਿ ਨਹੀਂ?" ਸ਼ੌਕਤ ਜਿਵੇਂ ਸੋਨੀਆ ਨੂੰ ਹੋਰ ਖਿਝਾਉਣ ਤੇ ਤੁਲਿਆ ਹੋਇਆ ਸੀ।

"ਵਿਆਹ ਦਾ ਰਿਸ਼ਤਾ ਇਸ ਵਿਸ਼ਵਾਸ 'ਤੇ ਟਿਕਿਆ ਹੁੰਦੈ, ਸ਼ੌਕਤ ਪਈ ਲੋੜ ਪੈਣ 'ਤੇ ਰੰਨ-ਖਸਮ ਇੱਕ ਦੂਜੇ ਦੀ ਹਰ ਲੋੜ ਪੂਰੀ ਕਰਨਗੇ। ਜਿੱਦਾਂ ਇਨਸਾਨ ਨੂੰ ਜੀਂਦੇ ਰਹਿਣ ਲਈ ਰੋਟੀ-ਪਾਣੀ ਦੀ ਲੋੜ ਹੁੰਦੀ ਐ, ਓਦਾਂ ਹੀ ਇੱਕ ਖ਼ਾਸ ਉਮਰ ਤੱਕ ਔਰਤ ਅਤੇ ਮਰਦ ਨੂੰ ਇੱਕ-ਦੂਜੇ ਦੀ ਜਿਸਮਾਨੀ ਲੋੜ ਹੁੰਦੀ ਏ। ਜਦੋਂ ਇਹ ਲੋੜ ਘਰੋਂ ਪੂਰੀ ਨਾ ਹੋਵੇ ਤਾਂ ਬਾਹਰੋਂ ਪੂਰੀ ਕੀਤੀ ਜਾਂਦੀ ਏ। ਮੈਂ ਵੀ ਕਿਹੜੀ ਜੱਗੋਂ-ਬਾਹਰੀ ਗੱਲ ਕੀਤੀ ਏ, ਇਹੀ ਕੁਛ ਕੀਤੈ। ਇਸ ਵਿੱਚ ਕੀ ਏ? ਮੇਰਾ ਘਰ ਆਲ਼ਾ ਹਫ਼ਤਾ-ਡੇਢ ਹਫ਼ਤਾ ਬਾਹਰ ਟਰੱਕ 'ਤੇ ਲਾ ਆਉਂਦਾ ਸੀ, ਮੈਂ ਘਰ ਪਈ, ਜਿਸਮਾਨੀ ਅੱਗ ਵਿਚ ਸੜਦੀ-ਭੁੱਜਦੀ ਰਹਿੰਦੀ ਸੀ। ਇਸ ਲਈ ਮੈਂ ਤੇਰੇ ਹੱਥ ਆ ਗਈ। ਮੇਰੇ ਹਿਸਾਬ ਨਾਲ਼ ਤਾਂ ਮੈਂ ਕੋਈ ਖ਼ੁਨਾਮੀ ਨਹੀਂ ਕੀਤੀ। ਦੱਸ ਜੇ ਕੀਤੀ ਏ ਤਾਂ?" ਸੋਨੀਆ ਨੇ ਆਪਣਾ ਪੱਖ ਪੂਰਨ ਲਈ ਪੂਰੀ ਤਿਆਰੀ ਕੀਤੀ ਲੱਗਦੀ ਸੀ।

ਸੋਨੀਆ ਦਾ ਜੁਆਬ ਸੁਣ ਕੇ ਸ਼ੌਕਤ ਮੁਸਕਰਾਇਆ। ਉਹ ਸੋਚ ਰਿਹਾ ਸੀ ਕਿ ਜਿਸਮਾਨੀ ਲੋੜ ਦੀ ਗੱਲ ਕਰਦਿਆਂ ਸੋਨੀਆ ਬੜੀ ਚਤਰਾਈ ਨਾਲ਼ ਲਾਲਚ ਵਾਲ਼ਾ ਪੱਖ ਲੁਕਾ ਗਈ ਸੀ। ਸ਼ੌਕਤ ਨੂੰ ਮੁਸਕਰਾਉਂਦਾ ਦੇਖ ਕੇ ਸੋਨੀਆ ਨੂੰ ਹੋਰ ਖਿਝ ਚੜ੍ਹ ਗਈ ਤੇ ਉਹ ਕਹਿਣ ਲੱਗੀ, "ਇਸ ਵਿੱਚ ਦੰਦ ਕੱਢਣ ਵਾਲ਼ੀ ਕਿਹੜੀ ਗੱਲ ਏ? ਮੈਂ ਕੋਈ ਝੂਠ ਤਾਂ ਨਹੀਂ ਕਿਹਾ। ਤੂੰ ਮੇਰੇ ਨਾਲ਼ ਸਹਿਮਤ ਏਂ ਕਿ ਨਹੀਂ?"

ਸ਼ੌਕਤ ਸੰਜੀਦਾ ਹੋ ਕੇ ਆਖਣ ਲੱਗਾ, "ਸੋਨੀਆ ਮੈਂ ਤੇਰੇ ਨਾਲ਼ ਸਹਿਮਤ ਹਾਂ ਵੀ ਤੇ ਨਹੀਂ ਵੀ। ਮੈਂ ਸਹਿਮਤ ਆਂ ਕਿ ਵਿਆਹ ਤੋਂ ਪਹਿਲਾਂ ਇਨਸਾਨ ਆਜ਼ਾਦ ਹੁੰਦੈ ਤੇ ਆਪਣੀ ਮਰਜ਼ੀ ਮੁਤਾਬਕ ਜੀ ਸਕਦੈ। ਪਰ ਵਿਆਹ ਤੋਂ ਬਾਅਦ ਵਾਲ਼ੀ ਤੇਰੀ ਦਲੀਲ ਬਹੁਤੀ ਵਾਜਬ ਨਹੀਂ ਲੱਗਦੀ। ਵਿਆਹ ਤੋਂ ਪਹਿਲਾਂ ਬਹੁਤੀਆਂ ਕੁੜੀਆਂ ਇਹ ਸੋਚ ਕੇ ਹੀ ਕਿਸੇ ਬੰਦੇ ਨਾਲ਼ ਜਿਸਮਾਨੀ ਸਬੰਧ ਬਣਾਉਂਦੀਆਂ ਨੇ ਕਿ ਉਨ੍ਹਾਂ ਦਾ ਵਿਆਹ ਉਸੇ ਬੰਦੇ ਨਾਲ਼ ਈ ਹੋਣੈ। ਜਦੋਂ ਸਬੰਧਤ ਬੰਦਾ ਆਪਣਾ

ਉੱਲੂ ਸਿੱਧਾ ਕਰ ਕੇ ਨਿੱਕਲ਼ ਜਾਂਦਾ ਹੈ ਜਾਂ ਵਿਆਹ ਨਹੀਂ ਕਰਾਉਂਦਾ ਤਾਂ ਉਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੁੰਦਾ ਏ, ਪਰ ਉਦੋਂ ਤੱਕ ਪੁਲ਼ਾਂ ਹੇਠੋਂ ਬਹੁਤ ਸਾਰਾ ਪਾਣੀ ਵਗ ਚੁੱਕਾ ਹੁੰਦਾ ਏ। ਉੱਥੇ ਉਨ੍ਹਾਂ ਦੀ ਗ਼ਲਤੀ ਨੂੰ ਗੁਨਾਹ ਨਹੀਂ ਕਿਹਾ ਜਾ ਸਕਦਾ। ਪਰ ਤੇਰੇ ਮਾਮਲੇ 'ਚ, ਜੇ ਤੇਰੇ ਘਰ ਵਾਲ਼ਾ ਹਫ਼ਤਾ-ਡੇਢ ਹਫ਼ਤਾ ਘਰੋਂ ਦੂਰ ਰਹਿੰਦਾ ਸੀ ਤਾਂ ਉਸ ਦਾ ਵੀ ਤਾਂ ਜਿਸਮਾਨੀ ਸਾਥ ਤੋਂ ਬਗ਼ੈਰ ਸਰਦਾ ਈ ਹੋਵੇਗਾ। ਉਸ ਨੇ ਤਾਂ ਬਾਹਰ ਕੋਈ ਜੁਗਾੜ ਨਹੀਂ ਕੀਤਾ ਹੋਵੇਗਾ। ਨਾਲ਼ੇ ਤੂੰ ਕਿਹੜਾ ਉਸ ਅੱਗੇ ਇਹ ਦੁਹਾਈ ਪਾਈ ਹੋਵੇਗੀ ਕਿ ਤੈਥੋਂ ਜਿਸਮਾਨੀ ਭੁੱਖ ਜਰੀ ਨਹੀਂ ਜਾਂਦੀ ਜਿਸ ਕਰ ਕੇ ਉਹ ਤੈਨੂੰ ਛੱਡ ਕੇ ਨਾ ਜਾਇਆ ਕਰੇ। ਉਹ ਕਿਸੇ ਤਰ੍ਹਾਂ ਵੀ ਤੇਰੇ ਇਸ ਜੁਗਾੜ ਵਿੱਚ ਨਾ ਭਾਈਵਾਲ਼ ਸੀ, ਨਾ ਜ਼ਿੰਮੇਵਾਰ। ਇਸ ਲਈ ਇਹ ਜੁਗਾੜ ਬਣਾ ਕੇ ਤੂੰ ਰਣਜੀਤ ਦੀ ਗ਼ੁਨਾਹਗਾਰ ਏਂ ਤੇ ਸਮਾਜ ਦੀ ਵੀ।"

"ਅੱਛਾ, ਮੇਰੇ ਫ਼ੈਸਲੇ ਨੂੰ ਤਾਂ ਸਮਾਜ ਗੁਨਾਹ ਮੰਨਦੈ, ਤੇਰੇ ਫ਼ੈਸਲੇ ਉੱਤੇ ਤਾਂ ਫ਼ੁੱਲ ਚੜ੍ਹਾਉਂਦਾ ਹੋਣੈ। ਤੂੰ ਤਾਂ ਤਕਰੀਰ ਕਰ ਹਟਿਆਂ, ਹੁਣ ਮੈਨੂੰ ਇਹ ਦੱਸ, ਪਈ ਘਰ ਵਿੱਚ ਤੀਵੀਂ ਦੇ ਹੁੰਦਿਆਂ-ਸੁੰਦਿਆਂ ਜੋ ਮੇਰੇ ਨਾਲ਼ ਕਰਦੈਂ, ਉਹ ਜਾਇਜ਼ ਐ?" ਸੋਨੀਆ ਨੇ ਤਨਜ਼ ਨਾਲ਼ ਪੁੱਛਿਆ।

"ਤਕਰੀਰ ਕਾਹ'ਦੀ? ਮੈਂ ਵੀ ਵਹਿਣ ਜਿਹੇ ਵਿੱਚ ਵਹਿ ਕੇ ਕਹਿ ਬੈਠਾਂ। ਮੈਂ ਕਿਹੜਾ ਗ਼ੁਨਾਹਾਂ ਤੋਂ ਵਾਂਝਾ ਹਾਂ। ਆਪਾਂ ਦੋਵੇਂ ਹੀ ਇਸ ਰਿਸ਼ਤੇ ਨੂੰ ਕਿਸੇ ਤਰ੍ਹਾਂ ਵੀ ਸਹੀ ਨਹੀਂ ਕਹਿ ਸਕਦੇ। ਇਸ ਦੇ ਬਾਵਜੂਦ ਇਸ ਦੇ ਬਗ਼ੈਰ ਸਰਦਾ ਵੀ ਨਹੀਂ। 'ਪਿਆਰ' ਲੁਕਾ ਕੇ ਹੀ ਇਸ ਦਾ ਅਸਲੀ ਮਜ਼ਾ ਆਉਂਦੈ, ਇਸ ਲਈ ਗੋਲ਼ੀ ਮਾਰ ਸਭ ਕੁਛ ਨੂੰ, ਇਹ ਦੱਸ ਹੁਣ ਰਣਜੀਤ ਦੀ ਤਬੀਅਤ ਕਿੱਦਾਂ ਏ? ਕੁਛ ਹਿੱਲਣ-ਜੁੱਲਣ ਵੀ ਲੱਗੈ ਕਿ ਹਾਲੇ ਵੀ ਮੰਜੇ 'ਤੇ ਈ ਏ?" ਸ਼ੌਕਤ ਨੇ ਗੱਲ ਬਦਲਣ ਦੀ ਮਨਸ਼ਾ ਨਾਲ਼ ਕਿਹਾ।

"ਠੀਕ ਐ, ਉਸ ਖ਼ਾਤਰ ਨਰਸ ਆਉਂਦੀ ਐ ਦੋ ਵੇਲ਼ੇ। ਮੈਨੂੰ ਆਰਾਮ ਹੋ ਗਿਐ ਨਰਸ ਦੇ ਆਉਣ ਦਾ। ਪਹਿਲਾਂ ਮੈਨੂੰ ਉਹ ਦਾ ਡਿਨਰ ਬਣਾਉਣਾ ਪੈਂਦਾ ਸੀ, ਹੁਣ ਨਰਸ ਬਣਾ ਦਿੰਦੀ ਏ," ਸੋਨੀਆ ਨੇ ਜੁਆਬ ਦਿੱਤਾ।

"ਨਰਸ ਕਿਹੋ ਜਿਹੀ ਏ?" ਸ਼ੌਕਤ ਦਾ ਅਗਲਾ ਸੁਆਲ ਸੀ।

"ਛੋਟੀ ਉਮਰ ਦੀ ਜੁਆਨ ਕੁੜੀ ਏ, ਓਦਾਂ ਨਾਈਸ ਏ।"

"ਵੇਖੀਂ ਕਿਤੇ ਪੱਟ ਨਾ ਲਵੇ ਰੈਂਡੀ ਨੂੰ," ਸ਼ੌਕਤ ਨੇ ਫਿਰ ਦੰਦ ਕੱਢੇ।

"ਵੀਲ ਚੇਅਰ ਦੇ ਵੱਸ ਪਿਆ ਬੰਦਾ ਪੱਟ ਕੇ, ਉਹ ਕੀ ਲੈ ਲਊ। ਚੰਗਾ ਸਗੋਂ, ਪੱਟ ਲਵੇ। ਮੈਂ ਕੀ ਲੈਣਾ ਹੁਣ ਰਣਜੀਤ ਤੋਂ? ਮੇਰੇ ਵੱਲੋਂ ਲੈ ਜਾਵੇ ਆਪਣੇ ਘਰ। ਆਪੇ ਸਾਂਭੂ, ਮੈਨੂੰ ਹੋਰ ਕੀ ਚਾਹੀਦਾ?" ਸੋਨੀਆ ਨੇ ਬੇਪ੍ਰਵਾਹੀ ਜਿਹੀ ਨਾਲ਼ ਜੁਆਬ ਦਿੱਤਾ।

"ਸੋਨੀਆ ਤੂੰ ਵੀ ਮੂਰਖ ਈ ਰਹੇਂਗੀ। ਜੇ ਉਹ ਰੈਂਡੀ ਨੂੰ ਲੈ ਗਈ ਤਾਂ

ਅੱਧਾ ਘਰ ਵੀ ਲੈ ਜਾਊ। ਇਹ ਔਰਤਾਂ ਬੜੀਆਂ ਸ਼ਾਤਰ ਹੁੰਦੀਆਂ ਨੇ," ਸ਼ੌਕਤ ਨੇ ਸੋਨੀਆ ਨੂੰ ਸਾਵਧਾਨ ਕਰਨ ਦਾ ਹੀਲਾ ਕੀਤਾ।

"ਘਰ ਨਾ, ਮੈਂ ਹੋਰ ਵੀ ਕੁਛ ਦੇ ਕੇ ਤੋਰੂੰ ਆਪਣੀ ਸੌਂਕਣ ਨੂੰ," ਸੋਨੀਆ ਦੇ ਮੱਥੇ 'ਤੇ ਤਿਊੜੀਆਂ ਪੈ ਗਈਆਂ।

"ਚੱਲ ਛੱਡ ਇਹ ਨਰਸਨਾਮਾ, ਐਵੇਂ ਲੱਗੇ ਹੋਏ ਆਂ ਜ਼ੁਬਾਨਾਂ ਘਸਾਉਣ। ਤੂੰ ਜ਼ਰਾ ਉਰ੍ਹਾਂ ਨੂੰ ਹੋ," ਸ਼ੌਕਤ ਨੇ ਸੋਨੀਆ ਦਾ ਡੌਲ਼ਾ ਫੜ ਕੇ ਉਸ ਨੂੰ ਆਪਣੇ ਵੱਲ ਧੂਹ ਲਿਆ।

ਦੁਪਹਿਰ ਨੂੰ ਘਰ ਮੁੜਦਿਆਂ ਸੋਨੀਆ ਦੇ ਕੰਨਾਂ ਵਿੱਚ ਸ਼ੌਕਤ ਦੇ ਕਹੇ ਸ਼ਬਦ ਰੜਕ ਰਹੇ ਸਨ। ਉਹ ਸੋਚਣ ਲੱਗੀ ਕਿ ਇਹ ਅਨੂ ਤਾਂ ਰੈਂਡੀ ਨਾਲ਼ ਬਹੁਤੇ ਹੀ ਹੇਜ਼ ਦਿਖਾ ਰਹੀ ਏ। ਕਿਤੇ ਸੱਚੀਂ ਹੀ ਉਹ ਅੱਧਾ ਘਰ ਤਾਂ ਭੋਟਣ ਨੂੰ ਨਹੀਂ ਫਿਰਦੀ ? ਉਸ ਨੂੰ ਇਸ ਨਰਸ ਉੱਤੇ ਤਿੱਖੀ ਨਜ਼ਰ ਰੱਖਣੀ ਪਵੇਗੀ। ਕਿਸੇ ਦੇ ਮਨ ਦਾ ਕੀ ਪਤਾ। ਲੋਕ ਤਾਂ ਸੌ ਡਾਲਰ ਪਿੱਛੇ ਬੰਦਾ ਮਾਰ ਦਿੰਦੇ ਨੇ, ਫਿਰ ਘਰ ਤਾਂ ਲੱਖਾਂ ਡਾਲਰਾਂ ਦੇ ਏ। ਪੰਜ ਸਾਲ ਪਹਿਲਾਂ ਸਾਢੇ ਤਿੰਨ ਲੱਖ ਡਾਲਰ ਦਾ ਲਿਆ ਹੋਇਆ ਘਰ ਹੁਣ ਤਾਂ ਘੱਟੋ-ਘੱਟ ਪੰਜ ਲੱਖ ਡਾਲਰ ਦਾ ਹੋ ਗਿਆ ਹੋਣੈ। ਜੇ ਉਹ ਰਣਜੀਤ ਸਮੇਤ ਅੱਧਾ ਘਰ ਲੈ ਗਈ ਤਾਂ ਸਿੱਧੇ ਢਾਈ ਲੱਖ ਡਾਲਰ ਤਾਂ ਹੂੰਝ ਕੇ ਲੈ ਜਾਊ। ਰਕਮ ਹੱਥ ਆਉਣ ਦੀ ਦੇਰ ਹੈ, ਸਾਲ ਦੋ ਸਾਲ ਬਾਅਦ ਕਿਸੇ ਸਰਕਾਰੀ ਫੈਸਿਲਟੀ ਵਿੱਚ ਰਣਜੀਤ ਤੋਂ ਖਹਿੜਾ ਛੁਡਾ ਕੇ ਤੁਰਦੀ ਹੋਊ।

ਹੁਣ ਉਸ ਨੂੰ ਰਣਜੀਤ 'ਤੇ ਵੀ ਖਿਝ ਆਉਣ ਲੱਗ ਪਈ ਸੀ ਕਿਉਂ ਕਿ ਉਹ ਵੀ ਦਿਨੋਂ-ਦਿਨ ਉਸ ਕੰਵਲ-ਨੈਣੀ ਨਰਸ ਦੇ ਅੜਿੱਕੇ ਆਈ ਜਾ ਰਿਹਾ ਸੀ। ਮਰਦ ਦੇ ਸੁਭਾਅ ਬਾਰੇ ਇੱਕ ਹੋਰ ਗੱਲ ਉਸ ਦੇ ਦਿਮਾਗ਼ ਵਿੱਚ ਰੜਕਦੀ ਰਹੀ ਹੈ, ਉਸ ਨੇ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੋਇਆ ਸੀ ਕਿ ਕਈ ਬੁੜੇ ਵੀ, ਕੁੜੀਆਂ ਮਗਰ ਲਾਲ਼ਾਂ ਸੁੱਟਣੋਂ ਨਹੀਂ ਹਟਦੇ। ਸੋਨੀਆ ਤਾਂ ਇਹ ਸੋਚਦੀ ਹੁੰਦੀ ਸੀ ਕਿ ਭਲਾ ਇਹ ਬੁੜੇ ਕਿਸੇ ਜ਼ਨਾਨੀ ਨੂੰ ਕੀ ਸੁੱਖ ਦੇਣ ਜੋਗੇ ਹੁੰਦੇ ਹੋਣਗੇ। ਹੁਣ ਵੀਲਚੇਅਰ ਵਿੱਚ ਫਸੇ ਹੋਏ ਰਣਜੀਤ ਦੀ ਅਨੂ ਪ੍ਰਤੀ ਲਾਲਸਾ ਦੇਖ ਕੇ ਸੋਨੀਆ ਦਾ ਇਹ ਭੁਲੇਖਾ ਨਿਕਲ਼ ਗਿਆ ਸੀ ਕਿ ਸਿਰਫ਼ ਜਿਸਮਾਨੀ ਤਲਬ ਹੀ ਮਰਦਾਂ ਨੂੰ ਔਰਤਾਂ ਪਿੱਛੇ ਲਾਉਂਦੀ ਹੈ। ਔਰਤਾਂ ਨਾਲ਼ ਗੱਲੀਂ-ਬਾਤੀਂ ਠਰਕ ਭੋਰਨਾ ਵੀ ਮਰਦ ਦੀ ਕਮਜ਼ੋਰੀ ਹੁੰਦੀ ਹੈ। ਰਣਜੀਤ ਵੀ ਗੱਲੀਂ-ਬਾਤੀਂ ਹੀ ਸਾਰ ਲੈਂਦਾ ਹੋਵੇਗਾ। ਚਲਾਕ ਔਰਤਾਂ ਮਰਦਾਂ ਦੇ ਇਸ ਠਰਕ ਦਾ ਵੀ ਫ਼ਾਇਦਾ ਉਠਾਉਣ ਤੱਕ ਜਾਂਦੀਆਂ ਨੇ। ਹੋ ਸਕਦਾ ਹੈ ਕਿ ਅਨੂ ਵੀ ਰਣਜੀਤ ਦਾ ਫ਼ਾਇਦਾ ਹੀ ਉਠਾਉਣ ਦੀ ਤਾੜ ਵਿੱਚ ਹੋਵੇ।

# 11.

ਸਵੇਰੇ ਸੋਨੀਆ ਦੇ ਚਲੀ ਜਾਣ ਤੋਂ ਬਾਅਦ, ਨੌਂ ਵਜੇ ਜਦੋਂ ਅਨੂ ਆਈ ਤਾਂ ਰਣਜੀਤ, ਸੋਨੀਆ ਦੀਆਂ ਸੋਚਾਂ ਵਿੱਚ ਹੀ ਉਲਝਿਆ ਹੋਇਆ ਸੀ। ਅਨੂ ਨੇ ਆਉਂਦਿਆਂ ਹੀ ਰਣਜੀਤ ਨੂੰ ਪੁੱਛਿਆ, "ਰਣਜੀਤ ਤੁਹਾਡੇ ਕੋਲ ਕੰਪਿਊਟਰ ਜਾਂ ਟੈਬਲਿਟ ਹੈ?"

"ਹਾਂ ਟੈਬਲਟ ਹੈ, ਸਗੋਂ ਦੋ ਨੇ, ਪਰ ਮੈਂ ਕਦੇ ਚਲਾਏ ਨਹੀਂ। ਬੱਚੇ ਹੀ ਖੇਡਦੇ ਰਹਿੰਦੇ ਨੇ ਉਨ੍ਹਾਂ ਨਾਲ਼। ਕਿਉਂ, ਕੀ ਲੋੜ ਪੈ ਗਈ?" ਰਣਜੀਤ ਨੇ ਅਨੂ ਦੀ ਆਵਾਜ਼ ਨਾਲ਼ ਆਪਣੀਆਂ ਸੋਚਾਂ 'ਚੋਂ ਬਾਹਰ ਆਉਂਦਿਆਂ ਜੁਆਬ ਦਿੱਤਾ।

"ਮੈਂ ਨੈੱਟ 'ਤੇ ਦੇਖਣਾ ਸੀ। ਅੱਜ 'ਸਿਕਸ-ਫੌਰਟੀ ਨਾਈਨ' ਦਾ ਡਰਾਅ ਨਿੱਕਲਣਾ ਸੀ," ਅਨੂ ਨੇ ਜੁਆਬ ਦਿੱਤਾ।

"ਅੱਛਾ! ਤੂੰ ਲਾਟਰੀ ਵੀ ਪਾਉਨੀ ਏਂ? ਲਿਆ ਆਪਾਂ ਫ਼ੋਨ ਤੇ ਦੇਖ ਲੈਨੇ ਆਂ। ਮੇਰੇ ਫ਼ੋਨ 'ਤੇ ਟੈਬਲਿਟ ਵਾਂਗ ਹੀ ਨੈੱਟ ਚੱਲਦੈ," ਰਣਜੀਤ ਨੇ ਸਰ੍ਹਾਣੇ ਹੇਠੋਂ ਫ਼ੋਨ ਕੱਢ ਲਿਆ।

"ਅਨੂ ਤੂੰ ਕੀ ਕਰੇਂਗੀ ਏਨੇ ਪੈਸੇ?" ਰਣਜੀਤ ਨੇ ਹੱਸਦਿਆਂ ਸੁਆਲ ਕੀਤਾ।

"ਕਰਨਾ ਕੀ ਏ ਰਣਜੀਤ, ਮੇਰੇ ਨਾਲ਼ ਦੋ ਕੁੜੀਆਂ ਰਹਿੰਦੀਆਂ ਨੇ, ਉਨ੍ਹਾਂ ਨੂੰ ਬੜਾ ਸ਼ੌਕ ਏ ਲਾਟਰੀ ਦਾ। ਮੇਰੀ ਇੱਕ ਸਹੇਲੀ ਤਰਨੀਤ ਵੀ ਹਰ ਹਫ਼ਤੇ ਲਾਟਰੀ ਪਾਉਂਦੀ ਏ। ਬੱਸ ਉਨ੍ਹਾਂ ਵਲ ਦੇਖ ਕੇ ਮੈਂ ਵੀ ਲੱਗ ਪਈ। ਹਰ ਬੁੱਧਵਾਰ ਡਰਾਅ ਨਿੱਕਲਦੈ, ਉਹ ਚੈੱਕ ਕਰ ਦਿੰਦੀਆਂ ਹੁੰਦੀਆਂ। ਐਤਕੀਂ ਉਨ੍ਹਾਂ ਤੋਂ ਚੈੱਕ ਕਰਾਉਣ ਦਾ ਚੇਤਾ ਈ ਭੁੱਲ ਗਿਆ," ਅਨੂ ਨੇ ਕਿਹਾ।

ਕੁੱਝ ਚਿਰ ਸੋਚ ਕੇ ਰਣਜੀਤ ਕਹਿਣ ਲੱਗਿਆ, "ਓਦਾਂ ਹੈ ਤਾਂ ਗੱਲ ਠੀਕ, ਬੰਦਾ ਇਕ ਆਸ ਜਿਹੀ ਦੇ ਸਹਾਰੇ ਦਿਨ ਕੱਢੀ ਜਾਂਦੈ। ਉਸ ਨੂੰ ਏਦਾਂ ਲਗਦਾ ਰਹਿੰਦੈ ਪਈ ਛੇਤੀ ਹੀ ਇਕ ਬਹੁਤ ਵੱਡੀ ਰਕਮ ਉਸ ਨੂੰ ਮਿਲਣ ਵਾਲ਼ੀ ਏ। ਕਲਪਨਾ ਦਾ ਸੰਸਾਰ, ਅਸਲੀ ਸੰਸਾਰ ਨਾਲ਼ੋਂ ਵੱਡਾ ਤੇ ਸੁਖਾਵਾਂ ਹੁੰਦੈ। ਤੈਨੂੰ ਸ਼ਾਇਦ ਪਤਾ ਨਹੀਂ ਪਈ ਜੂਏ ਦਾ ਭੁਸ ਇੱਕ ਵਾਰ ਪੈ ਜਾਵੇ ਤਾਂ ਇਹ ਖਹਿੜਾ ਨਹੀਂ ਛੱਡਦਾ।"

"ਲੈ, ਅਸੀਂ ਕਿਹੜਾ ਜੂਆ ਖੇਡਦੇ ਆਂ? ਲਾਟਰੀ ਤਾਂ ਸਾਰੇ ਈ ਲੋਕ ਪਾਉਂਦੇ ਨੇ," ਅਨੂ ਭੋਲ਼ੇਪਨ 'ਚ ਕਹਿ ਗਈ।

"ਓਹ ਜਨਾਬ, ਇਹ ਵੀ ਜੂਏ ਦਾ ਹੀ ਇੱਕ ਰੂਪ ਐ। ਸਰਕਾਰ ਇਸ ਨੂੰ ਜੂਆ ਈ ਮੰਨਦੀ ਏ। ਬਸ ਇਹ ਸਮਝ ਲਉ ਕਿ ਇਹ ਜੂਆ ਸਰਕਾਰ ਖਿਡਾਉਂਦੀ ਏ। ਇਸ ਵੇਲ਼ੇ ਗੈਂਬਲਿੰਗ ਇੰਡੱਸਟਰੀ ਵਿੱਚ ਹਰ ਸਾਲ ਪੱਚੀ ਬਿਲੀਅਨ ਡਾਲਰ

ਏਧਰੋਂ ਓਧਰ ਹੋ ਜਾਂਦੈ। ਇਸ ਵਿੱਚ ਲਾਟਰੀ, ਕੈਸੀਨੋ, ਜੂਆ-ਮਸ਼ੀਨਾਂ ਅਤੇ ਇੰਟਰਨੈਟ ਰਾਹੀਂ ਜੂਆ, ਸਾਰਾ ਕੁੱਝ ਹੀ ਆ ਜਾਂਦੈ। ਸਭ ਨਾਲ਼ੋਂ ਦੁੱਖਦਾਈ ਗੱਲ ਇਹ ਹੈ ਕਿ ਉਹ ਲੋਕ ਜੂਏ ਦੇ ਭੁਸ ਵਿੱਚ ਬਹੁਤੇ ਫਸੇ ਹੋਏ ਨੇ, ਜਿਨ੍ਹਾਂ ਦੀ ਆਮਦਨ ਥੋੜ੍ਹੀ ਹੈ। ਥੋੜ੍ਹੇ ਨੂੰ ਬਹੁਤਾ ਕਰਨ ਦੇ ਚੱਕਰ 'ਚ ਲੋਕ ਥੋੜ੍ਹਾ ਵੀ ਗੁਆ ਬਹਿੰਦੇ ਨੇ। ਨਸ਼ੇ ਕਰਨੇ, ਚੋਰੀ ਕਰਨੀ, ਝੂਠ ਬੋਲਣਾ, ਹੇਰਾਫੇਰੀ, ਪਰਿਵਾਰ ਵਿੱਚ ਅਣਬਣ ਵਗ਼ੈਰਾ-ਵਗ਼ੈਰਾ ਅਲਾਮਤਾਂ ਵੀ ਜੂਏ ਦੇ ਭੁਸ ਦੀਆਂ ਬਾਈ-ਪਰੌਡਕਟਸ ਨੇ। ਇਸ ਤੋਂ ਬਚ ਜਾਹ ਅਨੂ, ਨਹੀਂ ਤਾਂ ਇੱਕ ਦਿਨ ਇਹੋ ਜਿਹਾ ਵੀ ਆ ਜਾਊ ਜਦੋਂ ਤੂੰ ਤਾਂ ਗੈਂਬਲਿੰਗ ਛੱਡਣਾ ਚਾਹੇਂਗੀ ਪਰ ਗੈਂਬਲਿੰਗ ਤੈਨੂੰ ਨਾ ਛੱਡੂ!" ਰਣਜੀਤ ਸਕੂਲ ਟੀਚਰ ਵਾਂਗ ਅਨੂ ਨੂੰ ਮੱਤਾਂ ਦੇ ਰਿਹਾ ਸੀ।

"ਅੱਛਾ ਜੀ? ਹੱਦ ਹੋ ਗਈ! ਅਸੀਂ ਤਾਂ ਹਫ਼ਤੇ 'ਚ ਇੱਕ-ਅੱਧੀ ਟਿਕਟ ਹੀ ਲੈਨੇ ਆਂ, ਲਾਟਰੀ ਦੀ। ਏਦੂੰ ਵਧ ਕਦੇ ਇੱਕ ਪੈਸਾ ਨਹੀਂ ਖ਼ਰਚਿਆ," ਅਨੂ ਨੇ ਸਫ਼ਾਈ ਦਿੱਤੀ।

"ਚਲੋ ਠੀਕ ਐ, ਹੋ ਸਕਦੈ ਤੁਸੀਂ ਇਸ ਮਾਮਲੇ ਵਿੱਚ ਸੰਜਮ ਵਰਤਦੇ ਹੋਵੋਂ, ਪਰ ਹਰ ਬੰਦਾ ਤੁਹਾਡੇ ਵਰਗਾ ਸੰਜਮੀਂ ਨਹੀਂ ਹੋ ਸਕਦਾ। ਸ਼ੌਕ-ਸ਼ੌਕ ਵਿੱਚ ਹੀ, ਪਤਾ ਨਹੀਂ ਲੱਗਦਾ ਬੰਦਾ ਕਦੋਂ ਇਸ ਭੈੜੀ ਆਦਤ ਦੀ ਲਪੇਟ ਵਿੱਚ ਆ ਜਾਂਦੈ। ਲਾਟਰੀ ਤਾਂ ਚਲੋ ਫੇਰ ਵੀ ਠੀਕ ਐ, ਕਸੀਨੋ ਜਾ ਕੇ ਜੂਆ ਖੇਡਣ ਦਾ ਭੁਸ ਤਾਂ ਰੱਬ ਕਿਸੇ ਨੂੰ ਨਾ ਹੀ ਪਾਵੇ," ਰਣਜੀਤ ਨੇ ਗੱਲ ਖ਼ਤਮ ਕਰਦਿਆਂ ਕਿਹਾ।

"ਆਪਾਂ ਸਾਰਾ ਕੁਛ ਸੰਜਮ 'ਚ ਰਹਿ ਕੇ ਹੀ ਕਰੀਦੈ। ਮੈਂ ਸੋਚਦੀ ਆਂ, ਪਈ ਅਗਲੀ ਵਾਰ ਟਿਕਟ ਤੁਹਾਡੇ ਨਾਂ 'ਤੇ ਲਵਾਂ। ਮੇਰੀ ਤਾਂ ਕਿਸਮਤ ਈ ਖੋਟੀ ਆ। ਮੇਰਾ ਇਨਾਮ ਤਾਂ ਕੀ ਨਿੱਕਲਣਾ, ਤੁਹਾਡਾ ਸ਼ਾਇਦ ਨਿੱਕਲ਼ ਆਵੇ। ਅਗਲੀ ਵਾਰ ਤੋਂ ਮੈਂ ਟਿਕਟ ਲਿਆ ਕੇ ਤੁਹਾਨੂੰ ਫੜਾ ਦਿਆ ਕਰਨੀ ਆਂ। ਜੇ ਇਨਾਮ ਨਿਕਲੂ ਤਾਂ ਅੱਧੇ-ਅੱਧੇ ਕਰ ਲਿਆ ਕਰਾਂਗੇ," ਅਨੂ ਨੇ ਰਣਜੀਤ ਦੇ ਮੋਢੇ ਤੇ ਹੱਥ ਮਾਰ ਕੇ ਹੱਸਦਿਆਂ ਕਿਹਾ।

"ਟਿਕਟ ਬੇਸ਼ੱਕ ਫੜਾ ਦਿਆ ਕਰੀਂ, ਚੈੱਕ ਕਰ ਦਿਆ ਕਰੂੰ। ਇਨਾਮ-ਉਨੂਮ ਨਹੀਂ ਚਾਹੀਦਾ ਮੈਨੂੰ। ਓ ਕੇ?"

ਇਹ ਕਹਿ ਕੇ ਰਣਜੀਤ ਨੇ ਅਨੂ ਤੋਂ ਟਿਕਟ ਲੈ ਕੇ, ਆਪਣੇ ਫ਼ੋਨ 'ਤੇ ਲਾਟਰੀ ਦੇ ਡਰਾਅ ਦਾ ਨੰਬਰ ਮਿਲਾਉਣ ਲੱਗ ਪਿਆ। ਅਨੂ ਦੇ ਟਿਕਟ ਵਾਲ਼ਾ ਨੰਬਰ ਨਤੀਜੇ ਵਿੱਚ ਕਿਤੇ ਨਹੀਂ ਸੀ।

"ਰਣਜੀਤ, ਕੱਲ੍ਹ ਮੇਰੀ ਸਹੇਲੀ ਤਰਨੀਤ ਦੱਸ ਰਹੀ ਸੀ ਪਈ ਇੰਡੀਆ ਤੋਂ ਇੱਕ ਡਾਕਟਰ ਆਇਆ ਹੋਇਐ। ਉਹ ਸਟੈਮਸੈੱਲ ਨਾਲ਼ ਅਧਰੰਗ ਦਾ ਇਲਾਜ ਕਰਦੈ। ਇਹ ਟੈਕਨਾਲੋਜੀ ਇੰਡੀਆ ਵਿੱਚ ਵਰਤੀ ਜਾਂਦੀ ਏ ਤੇ ਕੈਨੇਡਾ ਵਿੱਚ ਹਾਲੇ ਇਸ ਦਾ ਰਿਵਾਜ ਨਹੀਂ ਏਂ। ਜੇ ਤੁਸੀਂ ਕਹੋਂ ਤਾਂ ਆਪਾਂ ਉਸ ਡਾਕਟਰ ਨੂੰ

ਮਿਲ਼ੀਏ ?" ਅਨੂ ਨੇ ਰਣਜੀਤ ਨੂੰ ਪੁੱਛਿਆ।

"ਅੱਛਾ, ਇਹ ਕਿਹੜੀ ਟੈਕਨਾਲੋਜੀ ਹੋਈ ਜੋ ਜਿਸ ਬਾਰੇ ਕਨੇਡਾ ਵਾਲ਼ਿਆ ਨੂੰ ਕੋਈ ਇਲਮ ਨਹੀਂ ਤੇ ਇੰਡੀਆ ਵਾਲ਼ੇ ਉਸ ਨਾਲ਼ ਇਲਾਜ ਕਰੀ ਜਾਂਦੇ ਆ ? ਮੈਨੂੰ ਤਾਂ ਲੱਗਦਾ ਇਹੋ ਜਿਹਾ ਇਲਾਜ ਕੈਨੇਡੀਅਨ ਹੈਲਥ-ਇੰਸ਼ੋਰੈਂਸ ਨੇ ਕਵਰ ਨਹੀਂ ਕਰਨਾ," ਰਣਜੀਤ ਨੇ ਕਿਹਾ।

"ਓ ਚਲੋ ਇਲਾਜ ਨਾ ਵੀ ਕਰਾਉਣਾ ਹੋਇਆ, ਡਾਕਟਰ ਨੂੰ ਮਿਲ਼ ਕੇ ਨਵੀਂ ਇਨਫਰਮੇਸ਼ਨ ਤਾਂ ਲੈ ਹੀ ਲਵਾਂਗੇ। ਓਦਾਂ ਵੀ ਤੁਸੀਂ ਘਰ ਈ ਬੈਠੇ ਰਹਿਨੇ ਓਂ, ਇਸ ਪੱਜ ਬਾਹਰ ਫਿਰ-ਤੁਰ ਆਵਾਂਗੇ," ਅਨੂ ਨੇ ਥੋੜ੍ਹੀ ਜ਼ਿੱਦ ਜਿਹੀ ਕੀਤੀ।

"ਠੀਕ ਆ ਭਾਈ, ਤੇਰੇ ਵੱਸ ਪਏ ਹੋਏ ਆਂ। ਲਈ ਜਾਹ, ਜਿੱਧਰ ਲਿਜਾਣਾ," ਰਣਜੀਤ ਨੇ ਗੱਲ ਮੁਕਾ ਦਿੱਤੀ।

ਅਨੂ ਨੇ ਤਰਨੀਤ ਤੋਂ ਫ਼ੋਨ ਨੰਬਰ ਲੈ ਕੇ, ਉਸ ਡਾਕਟਰ ਨੂੰ ਫ਼ੋਨ ਕੀਤਾ ਤਾਂ ਡਾਕਟਰ ਨੇ ਅਗਲੇ ਹੀ ਦਿਨ ਉਨ੍ਹਾਂ ਨੂੰ ਬੁਲਾ ਲਿਆ। ਅਗਲੇ ਦਿਨ ਅਨੂ, ਰਣਜੀਤ ਨੂੰ ਬੱਸੇ ਚੜ੍ਹਾ ਕੇ ਡਾਕਟਰ ਦੇ ਲੈ ਗਈ। ਡਾਕਟਰ ਨੇ ਜਿਹੜਾ ਸਿਰਨਾਵਾਂ ਮਿਲ਼ਣ ਵਾਲ਼ੀ ਥਾਂ ਦਾ ਦਿੱਤਾ ਸੀ, ਉਹ ਅਸਲ ਵਿੱਚ ਉਸ ਦਾ ਆਫ਼ਿਸ ਨਹੀਂ ਸੀ, ਸਗੋਂ ਕਿਸੇ ਦਾ ਘਰ ਦਾ ਸੀ। ਬਾਅਦ ਵਿਚ ਪਤਾ ਲੱਗਿਆ ਸੀ ਕਿ ਇਹ ਡਾਕਟਰ, ਇੰਡੀਆ ਤੋਂ ਆ ਕੇ ਆਪਣੇ ਕਿਸੇ ਕਨੇਡੀਅਨ ਡਾਕਟਰ ਦੋਸਤ ਕੋਲ਼ ਠਹਿਰਿਆ ਹੋਇਆ ਸੀ। ਉਹ, ਅਨੂ ਵੱਲੋਂ ਕਾਫ਼ੀ ਜ਼ੋਰ ਪਾਉਣ 'ਤੇ ਹੀ ਰਣਜੀਤ ਨੂੰ ਦੇਖਣ ਲਈ ਤਿਆਰ ਹੋਇਆ ਸੀ। ਮੁੰਬਈ ਤੋਂ ਆਏ ਹੋਏ ਇਸ ਦਾ ਡਾਕਟਰ ਦਾ ਨਾਂ ਮਨੀਸ਼ ਗੋਇਲ ਸੀ।

ਅਨੂ ਨੇ ਦਰਵਾਜ਼ੇ ਦੀ ਘੰਟੀ ਵਜਾਈ ਤਾਂ ਚਾਲ਼ੀ ਕੁ ਸਾਲ ਦੇ ਇੱਕ ਬੰਦੇ ਨੇ ਬੂਹਾ ਖੋਲ੍ਹਿਆ। ਅਨੂ ਕੁੱਝ ਦੱਸਣ ਹੀ ਲੱਗੀ ਸੀ ਕਿ ਉਹ ਬੋਲ ਪਿਆ, "ਅਨੂ ਐਂਡ ਰਣਜੀਤ ਰਾਈਟ ? ਆਈ ਐਮ ਡਾਕਟਰ ਗੋਇਲ'ਜ਼ ਫ਼ਰੈਂਡ, ਡਾਕਟਰ ਸਤੀਸ਼। ਪਲੀਜ਼ ਕਮ ਇਨ।"

ਅਨੂ ਨੇ ਡਾਕਟਰ ਸਤੀਸ਼ ਨਾਲ਼ ਹੱਥ ਮਿਲ਼ਾਇਆ ਅਤੇ ਰਣਜੀਤ ਨੇ ਹੱਥ ਜੋੜ ਕੇ ਨਮਸਤੇ ਕੀਤੀ। ਡਾਕਟਰ ਦਾ ਘਰ ਗਰਾਉਂਡ ਲੈਵਲ 'ਤੇ ਹੀ ਹੋਣ ਕਰ ਕੇ ਉਨ੍ਹਾਂ ਨੂੰ ਅੰਦਰ ਜਾਣ ਵਿੱਚ ਕੋਈ ਦਿੱਕਤ ਨਾ ਹੋਈ ਤੇ ਉਹ ਵੀਲਚੇਅਰ ਸਮੇਤ ਅੰਦਰ ਚਲੇ ਗਏ। ਲਿਵਿੰਗ ਰੂਮ ਵਿੱਚੋਂ ਆ ਕੇ ਡਾਕਟਰ ਗੋਇਲ ਨੇ ਵੀ ਉਨ੍ਹਾਂ ਨਾਲ਼ ਹੱਥ ਮਿਲ਼ਾਇਆ ਅਤੇ ਮਾਮੂਲੀ ਜਾਣ- ਪਛਾਣ ਪਿੱਛੋਂ ਅਨੂ ਨੇ ਰਣਜੀਤ ਦੀਆਂ ਰਿਪੋਰਟਾਂ ਵਾਲ਼ਾ ਲਿਫ਼ਾਫ਼ਾ ਡਾਕਟਰ ਨੂੰ ਫੜਾ ਦਿੱਤਾ। ਡਾਕਟਰ, ਰਣਜੀਤ ਦੀ ਰਿਪੋਰਟ ਦਸ ਕੁ ਮਿੰਟ ਵਿੱਚ ਪੜ੍ਹ ਕੇ ਬੋਲਿਆ, "ਦੇਖੋ ਮਿਸਟਰ ਰਣਜੀਤ, ਸਟੈਮਸੈੱਲਜ਼ ਨਾਲ਼ ਅਧਰੰਗ ਤੋਂ ਛੁਟਕਾਰਾ ਮਿਲ਼ਣ ਦੇ ਚਾਂਸਿਜ਼ ਤਾਂ ਕਾਫ਼ੀ ਨੇ, ਪਰ ਸੌ ਫ਼ੀ ਸਦੀ ਇਲਾਜ ਦੀ ਕੋਈ ਗਰੰਟੀ ਨਹੀਂ। ਕੁੱਝ ਮਰੀਜ਼ਾਂ ਉੱਤੇ

ਇਸ ਇਲਾਜ ਦਾ ਅਸਰ ਬਹੁਤ ਜਲਦੀ ਤੇ ਬਹੁਤ ਚੰਗਾ ਹੁੰਦਾ ਏ ਪਰ ਕੁੱਝ ਮਰੀਜ਼ ਇਸ ਇਲਾਜ ’ਤੇ ਸਲੋਲੀ ਰਿਸਪੌਂਡ ਕਰਦੇ ਨੇ।”

“ਡਾਕਟਰ ਸਾਹਿਬ ਸਟੈਮਸੈੱਲਜ਼ ਬਾਰੇ ਦੱਸੋਂਗੇ ਕੁਛ? ਮੇਰਾ ਮਤਲਬ, ਇਸ ਇਲਾਜ–ਵਿਧੀ ਬਾਰੇ ਥੋੜ੍ਹੀ ਜਿਹੀ ਰੌਸ਼ਨੀ ਪਾ ਦਿਓ। ਯਾਨੀ ਖਰਚਾ ਕਿੰਨਾ ਕੁ ਆਉਂਦੈ? ਕਹਿੰਦੇ, ਇਹ ਤਕਨੀਕ ਅਜੇ ਕੈਨੇਡਾ ’ਚ ਨਹੀਂ ਵਰਤੀ ਜਾਂਦੀ। ਏਦਾਂ ਭਲਾ ਕਿਉਂ?” ਰਣਜੀਤ ਨੇ ਕਿੰਨੇ ਸਾਰੇ ਸੁਆਲ ਇੱਕੋ ਵਾਰੀ ਕਰ ਦਿੱਤੇ।

“ਸਟੈਮਸੈੱਲਜ਼ ਮਨੁੱਖ ਦੇ ਸਰੀਰ ਦਾ ਹਿੱਸਾ ਹੀ ਹੁੰਦੇ ਨੇ, ਪਰ ਉਹ ਸਰੀਰ ਦੇ ਅੰਦਰ ਕਿਸੇ ਖ਼ਾਸ ਥਾਂ ਪਏ ਹੁੰਦੇ ਨੇ। ਦੂਜੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਇਹ ਸੈੱਲਜ਼ ਕਿਸੇ ਪੌਦੇ ਦੇ ਬੀਜ ਵਾਂਗ ਹੁੰਦੇ ਨੇ। ਜਿਵੇਂ ਪੌਦਾ, ਬੀਜ ਦੇ ਉੱਗਣ ਤੋਂ ਬਾਅਦ ਵਧਦਾ–ਫੁੱਲਦਾ ਹੈ, ਉਵੇਂ ਹੀ ਹਿਊਮਨ–ਬੌਡੀ ਵੀ ਸਟੈੱਮਸੈੱਲਜ਼ ਤੋਂ ਹੀ ਪੈਦਾ ਹੋ ਕੇ ਵਧਦੀ–ਫੁੱਲਦੀ ਹੈ। ਇਨ੍ਹਾਂ ਸੈੱਲਾਂ ਅੰਦਰ ਹਿਊਮਨ–ਬੌਡੀ ਅੰਦਰ ਪੈਦਾ ਹੋਣ ਵਾਲ਼ੀ ਕਿਸੇ ਵੀ ਘਾਟ ਨੂੰ ਪੂਰੀ ਕਰਨ ਦੀ ਸਮਰੱਥਾ ਹੁੰਦੀ ਏ। ਇਹ ਇਲਾਜ ਕੋਈ ਬਹੁਤਾ ਮਹਿੰਗਾ ਵੀ ਨਹੀਂ ਏ। ਸਿਰਫ਼ ਇੱਕ ਟੀਕਾ ਤੁਹਾਡੀ ਸਪਾਈਨਲ ਕੋਰਡ ਵਿੱਚ ਲੱਗਣਾ ਹੁੰਦਾ ਏ ਤੇ ਇਹ ਟੀਕਾ ਉਨ੍ਹਾਂ ਸਟੈੱਮਸੈੱਲਜ਼ ਦਾ ਹੀ ਹੁੰਦਾ ਏ, ਜੋ ਤੁਹਾਡੇ ਸਰੀਰ ਤੋਂ ਹੀ ਲਏ ਜਾਂਦੇ ਨੇ। ਇੰਡੀਆ ਵਿੱਚ ਇਸ ਟੀਕੇ ਦਾ ਖ਼ਰਚਾ ਪੰਜਾਹ ਕੁ ਹਜ਼ਾਰ ਰੁਪਏ ਤੱਕ ਹੋ ਜਾਂਦਾ ਏ।”

“ਕਨੇਡਾ ਵਿੱਚ ਇਹ ਇਲਾਜ ਕਿਉਂ ਨਹੀਂ ਕੀਤਾ ਜਾਂਦਾ? ਕੀ ਇਸ ਵਿੱਚ ਕੋਈ ਰਿਸਕ ਜਾਂ ਸਾਈਡ ਇਫ਼ੈਕਟ ਏ?” ਰਣਜੀਤ ਦੀ ਉਤਸੁਕਤਾ ਹੋਰ ਜਾਗੀ।

“ਨਹੀਂ, ਇਸ ਵਿੱਚ ਰਿਸਕ ਤਾਂ ਕੋਈ ਨਹੀਂ। ਤੁਹਾਡੀਆਂ ਹੱਡੀਆਂ ਅੰਦਰ ‘ਬੋਨ–ਮੈਰੋ’ ਨਾਂ ਦਾ ਪਦਾਰਥ ਹੁੰਦਾ ਏ, ਜਿਸ ਨੂੰ ਆਪਾਂ ਆਮ ਭਾਸ਼ਾ ਵਿੱਚ ‘ਮਿੱਝ’ ਕਹਿ ਦਿੰਦੇ ਆਂ। ਇਹ ਪਦਾਰਥ ਸਰਿੰਜ ਰਾਹੀਂ ਹੱਡੀ ਦੇ ਅੰਦਰੋਂ ਕੱਢ ਲਿਆ ਜਾਂਦਾ ਏ। ‘ਬੋਨ–ਮੈਰੋ’ ਵਿੱਚ ਹੀ ਸਟੈੱਮਸੈਲਜ਼ ਹੁੰਦੇ ਨੇ। ਫਿਰ ਇੱਕ ਹੋਰ ਢੰਗ ਨਾਲ਼ ‘ਬੋਨ–ਮੈਰੋ’ ਵਿੱਚੋਂ ਸਟੈੱਮਸੈਲਜ਼ ਕੱਢ ਕੇ ਤੁਹਾਡੀ ਸਪਾਈਨਲ ਕੋਰਡ ਵਿੱਚ ਪਾ ਦਿੱਤੇ ਜਾਂਦੇ ਹਨ। ਇਸ ਕਾਰਵਾਈ ਦੌਰਾਨ ਸਟੈੱਮਸੈਲਜ਼ ਵਿੱਚ ਕੋਈ ਦਵਾਈ ਜਾਂ ਬਾਹਰੀ ਪਦਾਰਥ ਨਹੀਂ ਰਲ਼ਾਇਆ ਜਾਂਦਾ, ਜਿਸ ਕਰ ਕੇ ਕਿਸੇ ਕਿਸਮ ਦੀ ਇਨਫ਼ੈਕਸ਼ਨ ਵਗ਼ੈਰਾ ਦਾ ਕੋਈ ਰਿਸਕ ਨਹੀਂ ਰਹਿੰਦਾ। ਇਸ ਪ੍ਰਾਸੈੱਸ ਨੂੰ ਦੋ–ਤਿੰਨ ਘੰਟੇ ਦਾ ਸਮਾਂ ਲੱਗ ਜਾਂਦਾ ਏ। ਬਾਕੀ ਰਹੀ, ਕੈਨੇਡਾ ਵਿੱਚ ਇਹ ਇਲਾਜ–ਵਿਧੀ ਅਜੇ ਨਾ ਅਪਣਾਉਣ ਦੀ ਗੱਲ। ਇਸ ਦੀ ਵਜ੍ਹਾ ਇਹ ਹੈ ਕਿ ਕਨੇਡਾ ਦੀ ਇਲਾਜ–ਪ੍ਰਣਾਲ਼ੀ ਦਾ ਵਿਧਾਨ ਕਾਫ਼ੀ ਗੁੰਝਲਦਾਰ ਏ। ਇੱਥੇ ਕਿਸੇ ਵੀ ਇਲਾਜ–ਪ੍ਰਣਾਲ਼ੀ ਨੂੰ ਛੇਤੀ ਪ੍ਰਵਾਨ ਨਹੀਂ ਕੀਤਾ ਜਾਂਦਾ। ਇਨ੍ਹਾਂ ਮੁਲਕਾਂ ਵਿੱਚ ਕੋਈ ਵੀ ਇਲਾਜ–ਪ੍ਰਣਾਲ਼ੀ ਅਪਣਾਉਣ ਲਈ ਲੋਕ–ਰਾਏ ਲਈ ਜਾਂਦੀ ਏ। ਨੌਰਥ ਅਮਰੀਕਾ

ਦੇ ਲੋਕ, ਸਟੈਮਸੈੱਲਜ਼ ਇਲਾਜ-ਵਿਧੀ ਨੂੰ ਕੁਦਰਤੀ ਨਿਯਮਾਂ ਦੀ ਉਲੰਘਣਾ ਮੰਨਦੇ ਹਨ। ਭਾਰਤ ਵਿੱਚ ਇਲਾਜ ਪ੍ਰਾਈਵੇਟ ਹੋਣ ਕਰ ਕੇ ਪੇਸ਼ੈਂਟ ਨੂੰ ਖ਼ਰਚਾ ਆਪਣੀ ਜੇਬ ਵਿੱਚੋਂ ਦੇਣਾ ਪੈਂਦਾ ਏ। ਇਸ ਲਈ, ਪ੍ਰਾਈਵੇਟ ਤੌਰ ਤੇ ਡਾਕਟਰ ਕਈ ਤਰ੍ਹਾਂ ਦੇ ਤਜਰਬੇ ਕਰਦੇ ਰਹਿੰਦੇ ਨੇ। ਉਨ੍ਹਾਂ ਨੂੰ ਬਹੁਤੀਆਂ ਸਰਕਾਰੀ ਇਜਾਜ਼ਤਾਂ ਜਾਂ ਲੋਕ-ਰਾਏ ਲੈਣ ਦੀ ਲੋੜ ਨਹੀਂ ਪੈਂਦੀ। ਹੋਰ ਵੀ ਬਹੁਤ ਸਾਰੇ ਇਲਾਜ ਨੇ, ਜੋ ਕੈਨੇਡਾ ਦੇ ਹੈਲਥ-ਸਿਸਟਮ ਵਿੱਚ ਮਨਜ਼ੂਰਸ਼ੁਦਾ ਨਹੀਂ ਹਨ। ਇਹੋ ਜਿਹੇ ਇਲਾਜ ਕਈ ਵਾਰ ਪ੍ਰਾਈਵੇਟਲੀ ਕਰਨ ਦੀ ਇਜਾਜ਼ਤ ਹੁੰਦੀ ਏ ਤੇ ਕਈ ਵਾਰ ਨਹੀਂ ਵੀ। ਮੈਨੂੰ ਸਟੈੱਮਸੈੱਲਜ਼ ਵਾਲ਼ੇ ਇਲਾਜ਼ ਉੱਪਰ ਪੂਰਾ ਵਿਸ਼ਵਾਸ ਏ। ਹੌਲ਼ੀ-ਹੌਲ਼ੀ ਇਹ ਇਲਾਜ-ਵਿਧੀ ਪਾਪੂਲਰ ਹੋਣ ਦੀ ਉਮੀਦ ਐ," ਡਾਕਟਰ ਗੋਇਲ ਨੇ ਤਕਰੀਬਨ ਸਾਰੇ ਸੁਆਲਾਂ ਦੇ ਜੁਆਬ ਦੇ ਦਿੱਤੇ।

"ਤੁਸੀਂ ਮੇਰਾ ਇਲਾਜ ਕਰ ਸਕਦੇ ਹੋ?" ਰਣਜੀਤ ਨੇ ਸਿੱਧਾ ਸੁਆਲ ਕੀਤਾ।

"ਇਲਾਜ ਤਾਂ ਹੋ ਸਕਦੈ, ਪਰ ਇਸ ਲਈ ਤੁਹਾਨੂੰ ਇੰਡੀਆ ਜਾਣਾ ਪੈ ਸਕਦੈ।"

"ਇੰਡੀਆ ਜਾਣ ਦੀ ਲੋੜ ਕਿਉਂ ਏ ਡਾਕਟਰ ਸਾਹਿਬ?"

"ਕਨੇਡਾ ਵਿੱਚ ਸਾਰੀਆਂ ਲੈਬਾਂ ਸਰਕਾਰੀ ਨੇ, ਜਿਸ ਕਰ ਕੇ ਇੱਥੇ 'ਬੋਨ-ਮੈਰੋ' ਵਿੱਚੋਂ ਸਟੈੱਮਸੈੱਲਜ਼ ਨਹੀਂ ਕਢਾਏ ਜਾ ਸਕਣਗੇ ਕਿਉਂ ਕਿ ਇਹ ਕੰਮ ਲੈਬ ਵਿੱਚ ਹੀ ਹੋਣਾ ਏ। ਜੇ 'ਬੋਨ-ਮੈਰੋ' ਵਿੱਚੋਂ ਸਟੈੱਮਸੈੱਲਜ਼ ਕੱਢਣ ਦਾ ਕੰਮ ਏਥੇ ਹੋ ਜਾਵੇ ਤਾਂ ਸਟੈੱਮਸੈੱਲਜ਼ ਸਪਾਈਨਲ ਕੋਰਡ ਵਿੱਚ ਚੜ੍ਹਾਉਣ ਦਾ ਕੰਮ ਤਾਂ ਮੈਂ ਇੱਥੇ ਵੀ ਕਰ ਸਕਦਾਂ," ਡਾਕਟਰ ਗੋਇਲ ਨੇ ਵਜ੍ਹਾ ਦੱਸੀ।

"ਡਾਕਟਰ ਸਾਹਿਬ, ਮੇਰੀ ਜਾਣ-ਪਛਾਣ ਵਾਲੀ ਇਕ ਕੁੜੀ, ਅਮਰੀਕਾ ਦੇ ਬਾਰਡਰ ਦੇ ਨਾਲ਼ ਹੀ ਇੱਕ ਲੈਬ ਵਿੱਚ ਕੰਮ ਕਰਦੀ ਏ। ਜੇ ਉਹ ਮੰਨ ਜਾਵੇ ਤਾਂ ਆਪਾਂ ਸਟੈੱਮਸੈੱਲਜ਼, ਅਮਰੀਕਾ ਦੀ ਕਿਸੇ ਲੈਬ ਤੋਂ ਵੱਖ ਨਹੀਂ ਕਰਾ ਸਕਦੇ?" ਅਨੂ ਨੇ ਸਲਾਹ ਵੀ ਦਿੱਤੀ ਤੇ ਸੁਆਲ ਵੀ ਕੀਤਾ।

"ਫੇਰ ਤਾਂ ਕਰਾ ਸਕਦੇ ਆਂ। ਮੈਂ ਬਾਕੀ ਦਾ ਕੰਮ ਤਾਂ ਡਾਕਟਰ ਸਤੀਸ਼ ਦੇ ਕਲਿਨਿਕ ਵਿੱਚ ਵੀ ਕਰ ਸਕਦਾਂ। ਰਣਜੀਤ ਨੂੰ ਦੋ ਵਾਰ ਆਉਣਾ ਪਏਗਾ। ਇਕ ਵਾਰੀ 'ਬੋਨ-ਮੈਰੋ' ਕਢਾਉਣ ਲਈ ਤੇ ਦੂਜੀ ਵਾਰੀ ਸਟੈੱਮਸੈਲਜ਼ ਪੁਆਉਣ ਲਈ। ਹਾਂ, ਇੱਕ ਗੱਲ ਏ, 'ਬੋਨ-ਮੈਰੋ' 'ਚੋ ਸਟੈੱਮਸੈੱਲਜ਼ ਵੱਖ ਕਰਾਉਣ ਦੀ ਜ਼ਿੰਮੇਵਾਰੀ ਤੁਹਾਡੀ," ਡਾਕਟਰ ਗੋਇਲ ਨੇ ਅਨੂ ਦੀਆਂ ਅੱਖਾਂ ਵਿੱਚ ਝਾਕਦਿਆਂ ਕਿਹਾ।

ਰਣਜੀਤ, ਅਨੂ ਵੱਲੋਂ ਉਸ ਦੇ ਇਲਾਜ ਦੇ ਸਬੰਧ ਵਿੱਚ ਬਹੁਤ ਹੀ ਅਸਾਧਾਰਣ ਕੋਸ਼ਿਸ਼ਾਂ ਕਰਨ ਤੋਂ ਬੜਾ ਹੈਰਾਨ ਹੋ ਰਿਹਾ ਸੀ। ਉਹ ਨਰਸ ਤੋਂ ਕਿਤੇ ਵੱਧ ਤੇ ਵੱਖਰਾ ਕੰਮ ਕਰ ਰਹੀ ਸੀ। ਕਈ ਵਾਰ ਪਰਾਏ ਲੋਕ, ਆਪਣਿਆਂ ਨਾਲ਼ੋਂ

ਵੀ ਕਿਤੇ ਵੱਧ ਹੇਜਲੇ ਹੋ ਜਾਂਦੇ ਹਨ। ਰੱਬ ਵੀ ਬੰਦਿਆਂ ਦੀ ਮਦਦ ਕਰਨ ਲਈ ਬੰਦਿਆਂ ਦੇ ਮਨਾਂ ਵਿੱਚ ਹੀ ਸੁਮੱਤ ਪਾਉਂਦਾ ਹੈ। ਇਹ ਸੋਚਦਿਆਂ ਰਣਜੀਤ ਦੀਆਂ ਅੱਖਾਂ ਭਰ ਆਈਆਂ।

ਅਨੂ ਨੇ ਅਗਲੇ ਹੀ ਦਿਨ, ਆਪਣੀ ਅਮਰੀਕਾ ਵਾਲ਼ੀ ਫਰੈਂਡ ਨਾਲ਼ ਰਣਜੀਤ ਦੇ 'ਬੋਨ-ਮੈਰੋ' ਵਿੱਚੋਂ ਸਟੈਂਮਸੈਲਜ਼ ਕਢਾਉਣ ਸਬੰਧੀ ਗੱਲ ਕੀਤੀ ਤਾਂ ਉਸ ਦੀ ਫਰੈਂਡ ਨੇ ਅਨਓਫਿਸ਼ਿਅਲੀ ਇਹ ਕੰਮ ਕਰਨਾ ਵੀ ਮੰਨ ਲਿਆ। ਦੋ ਦਿਨ ਬਾਅਦ ਅਨੂ ਨੇ ਰਣਜੀਤ ਨੂੰ ਡਾਕਟਰ ਸਤੀਸ਼ ਦੇ ਕਲਿਨਿਕ ਲਿਜਾ ਕੇ ਉਸ ਦੀ ਪਿੱਠ ਵਿੱਚੋਂ 'ਬੋਨ-ਮੈਰੋ' ਕਢਾ ਲਿਆ, ਜੋ ਡਾਕਟਰ ਨੇ ਇਕ ਖ਼ਾਸ ਕਿਸਮ ਦੀ ਸ਼ੀਸ਼ੀ 'ਚ ਪਾ ਕੇ ਤੇ ਉਹ ਸ਼ੀਸ਼ੀ ਬਰਫ਼ ਨਾਲ਼ ਭਰੇ ਇੱਕ ਛੋਟੇ ਜਿਹੇ ਕਨਟੇਨਰ 'ਚ ਪਾ ਕੇ ਅਨੂ ਨੂੰ ਦੇ ਦਿੱਤੀ। ਅਨੂ, ਰਣਜੀਤ ਨੂੰ ਘਰ ਛੱਡ ਕੇ, ਉੱਥੋਂ ਆਪਣੀ ਕਾਰ ਲੈ ਕੇ, ਸਰਹੱਦ ਨਾਲ਼ ਲੱਗਦੇ ਅਮਰੀਕੀ ਸ਼ਹਿਰ ਬੈਲਹਿੰਗਮ ਚਲੇ ਗਈ। ਇਸ ਤੋਂ ਅਗਲੇ ਦਿਨ ਰਣਜੀਤ ਨੂੰ ਸਟੈਂਮਸੈੱਲ ਵਾਲਾ ਟੀਕਾ ਲਗਾ ਦਿੱਤਾ ਗਿਆ ਸੀ। ਇਹ ਸਭ ਕੁੱਝ ਗੁਪਤੋ-ਗੁਪਤੀ ਸਿਰੇ ਚੜ੍ਹਾ ਦਿੱਤਾ ਗਿਆ। ਡਾਕਟਰ ਗੋਇਲ ਨੇ ਫ਼ੀਸ ਲੈਣੋਂ ਵੀ ਨਾਂਹ ਕਰ ਦਿੱਤੀ ਅਤੇ ਹੱਸ ਕੇ ਕਿਹਾ, "ਜੇ ਰਣਜੀਤ ਇਸ ਇਲਾਜ ਨਾਲ਼ ਠੀਕ ਹੋ ਗਿਆ ਤਾਂ ਉਹ ਇੰਡੀਆ ਆ ਕੇ ਫ਼ੀਸ ਦੇ ਦੇਵੇ। ਇਸ ਨਾਲ਼ ਮੈਨੂੰ ਬਹੁਤ ਖ਼ੁਸ਼ੀ ਹੋਵੇਗੀ। ਜੇ ਇਹ ਇਲਾਜ ਕਾਮਯਾਬ ਨਹੀਂ ਹੁੰਦਾ ਤਾਂ ਫ਼ੀਸ ਲੈਣ ਦੀ ਕੋਈ ਤੁਕ ਹੀ ਨਹੀਂ ਬਣਦੀ।"

ਉਸ ਦਿਨ ਰਣਜੀਤ ਅਤੇ ਅਨੂ ਘਰ ਵਾਪਸ ਆਏ ਤਾਂ ਸ਼ਾਮ ਦੇ ਸਾਢੇ ਛੇ ਵੱਜ ਚੁੱਕੇ ਸਨ। ਜਿਉਂ ਹੀ ਅਨੂ, ਰਣਜੀਤ ਦੇ ਨਾਲ਼ ਘਰ 'ਚ ਦਾਖ਼ਲ ਹੋਈ, ਸੋਨੀਆ ਉਸ ਨੂੰ ਟੁੱਟ ਕੇ ਪੈ ਗਈ, "ਤੂੰ ਆਪਣੀਆਂ ਬਾਹਲ਼ੀਆਂ ਈ ਮਰਜ਼ੀਆਂ ਕਰਦੀ ਫਿਰਦੀ ਏਂ। ਕਿੱਥੇ ਲੈ ਕੇ ਗਈ ਸੀ ਇਹ ਨੂੰ? ਤੂੰ ਇਹ ਨੂੰ ਏਦਾਂ ਲੈ ਕੇ ਤੁਰ ਪੈਨੀ ਜਿੱਦਾਂ ਤੇਰਾ ਖ਼ਸਮ ਹੁੰਦਾ। ਕੁਛ ਮੈਨੂੰ ਵੀ ਦੱਸਣਾ-ਪੁੱਛਣਾ ਬਣਦਾ ਕਿ ਨਹੀਂ?"

"ਓ ਪਲੀਜ਼ ਦੀਦੀ, ਇੱਕ ਡਾਕਟਰ ਨਾਲ਼ ਅਪੁਆਇੰਟਮੈਂਟ ਸੀ ਰੈਂਡੀ ਦੀ। ਉੱਥੇ ਗਏ ਸੀ, ਹੋਰ ਅਸੀਂ ਕਿੱਥੇ ਜਾਣੈ। ਅੱਗੇ ਤੋਂ, ਬਹੁਤੀ ਗੱਲ ਐ ਤਾਂ ਤੁਹਾਨੂੰ ਦੱਸ ਕੇ ਚਲੇ ਜਾਇਆ ਕਰਾਂਗੇ," ਅਨੂ ਦਾ ਜੁਆਬ ਸਹਿਮਿਆ ਹੋਇਆ ਸੀ।

"ਮੈਂ ਕੋਈ ਕੱਲ੍ਹ ਦਾ ਜੰਮਿਆਂ ਬੱਚਾ ਨਹੀਂ ਸੋਨੀਆ ਕਿ ਕੋਈ ਮੈਨੂੰ ਕਿਤੇ ਵੀ ਲੈ ਕੇ ਤੁਰਿਆ ਫਿਰੇ। ਤੂੰ ਗੱਲ ਮੇਰੇ ਨਾਲ਼ ਕਰ, ਇਹ ਨੂੰ ਵਿਚਾਰੀ ਨੂੰ ਕਿਉਂ ਟੁੱਟ-ਟੁੱਟ ਪੈਨੀਂ ਏਂ?" ਰਣਜੀਤ ਨੇ ਸੋਨੀਆ ਨੂੰ ਠੋਕ ਕੇ ਜੁਆਬ ਦਿੱਤਾ।

"ਇਹ ਦਾ ਬੜਾ ਹੇਜ ਆ ਰਿਹੈ। ਮੈਂ ਤੇਰੀ ਵਾਈਫ਼ ਆਂ ਰਣਜੀਤ। ਲਿਜਾਣ ਤੋਂ ਪਹਿਲਾਂ ਇਹ ਦਾ ਮੈਨੂੰ ਦੱਸਣਾ ਨਹੀਂ ਬਣਦਾ ਸੀ?" ਸੋਨੀਆ ਦੀ

ਸੁਰ ਹਾਲੇ ਵੀ ਪਹਿਲਾਂ ਵਾਲ਼ੀ ਹੀ ਸੀ।

"ਜੇ ਤੈਨੂੰ ਬਾਹਲ਼ਾ ਫ਼ਿਕਰ ਸੀ ਤਾਂ ਤੂੰ ਫ਼ੋਨ ਕਰ ਕੇ ਪੁੱਛ ਲੈਂਦੀ। ਇਹ ਨਹੀਂ ਗਈ ਮੇਰੇ ਨਾਲ਼, ਮੈਂ ਹੀ ਲੈ ਕੇ ਗਿਆਂ ਇਹ ਨੂੰ ਨਾਲ਼। ਨਾਲ਼ੇ ਉਹ ਵਿਚਾਰੀ ਤਾਂ ਆਪਣੀ ਡਿਊਟੀ ਕਰ ਰਹੀ ਏ," ਰਣਜੀਤ ਨੇ ਅਨੂ ਦਾ ਪੱਖ ਪੂਰਿਆ।

" ਤਾਂ ਹੁਣ ਇਹ 'ਵਿਚਾਰੀ' ਹੋ ਗਈ! ਇਹ 'ਵਿਚਾਰੀ' ਫੇਰ ਤੈਨੂੰ ਆਪਣੇ ਘਰ ਕਿਉਂ ਨਹੀਂ ਲੈ ਜਾਂਦੀ? ਉੱਥੇ ਲਿਜਾ ਕੇ ਕਰੀ ਜਾਵੇ ਤੇਰੀ ਟਹਿਲ-ਸੇਵਾ। ਰਣਜੀਤ ਤੈਨੂੰ ਰਹਿਣਾ ਤਾਂ ਮੇਰੇ ਨਾਲ਼ ਈ ਪੈਣੈ, ਇਹੋ ਜਿਹੀਆਂ 'ਵਿਚਾਰੀਆਂ' ਦੋ ਢਾਈ ਮਹੀਨੇ ਮਸਾਂ ਕੱਢਦੀਆਂ ਹੁੰਦੀਆਂ ਨੇ," ਸੋਨੀਆ ਦੀ ਜ਼ੁਬਾਨ ਤੋਂ ਉਹੀ ਜ਼ਹਿਰ ਕਿਰ ਰਿਹਾ ਸੀ ਜੋ ਸ਼ੌਕਤ ਨੇ ਅਨੂ ਦੇ ਖ਼ਿਲਾਫ਼ ਉਸ ਦੇ ਮਨ ਵਿੱਚ ਭਰਿਆ ਹੋਇਆ ਸੀ।

"ਚੱਲ ਠੀਕ ਹੈ ਦੀਦੀ ਐਤਕੀਂ ਮਾਫ਼ ਕਰ ਦਿਓ, ਅੱਗੇ ਤੋਂ ਦੱਸ ਕੇ ਹੀ ਜਾਇਆ ਕਰਾਂਗੇ ਤੁਹਾਨੂੰ," ਅਨੂ ਨੇ ਗੱਲ ਮੁਕਾਉਣ ਵਾਂਗ ਕਿਹਾ। ਸੋਨੀਆ ਕੁੱਝ ਨਾ ਬੋਲੀ ਤੇ ਅਨੂ ਡਰਦੀ-ਡਰਦੀ, ਕਿਚਨ ਵਿੱਚ ਸੋਨੀਆ ਦੇ ਨੇੜੇ ਖੜ੍ਹ ਕੇ, ਰਣਜੀਤ ਲਈ ਡਿਨਰ ਬਣਾਉਣ ਲੱਗ ਪਈ।

ਸੋਨੀਆ ਦੇ ਇਸ ਵਿਹਾਰ ਤੋਂ ਰਣਜੀਤ ਇਕ ਦੋ-ਦਿਨ ਬਹੁਤ ਹੀ ਦੁਖੀ ਜਿਹਾ ਰਿਹਾ। ਉਸ ਨੂੰ ਲੱਗਿਆ ਕਿ ਅਨੂ ਵਿਚਾਰੀ ਤਾਂ ਉਸ ਦਾ ਭਲਾ ਕਰਦਿਆਂ-ਕਰਦਿਆਂ ਹੀ ਸੋਨੀਆ ਹੱਥੋਂ ਰਗੜੀ ਗਈ। ਉਸ ਨੂੰ ਸੋਨੀਆ ਵੱਲੋਂ ਅਨੂ ਉੱਤੇ ਨਜਾਇਜ਼ ਹੀ ਚੜ੍ਹਾਈ ਕਰਨਾ ਚੰਗਾ ਨਹੀਂ ਲੱਗਿਆ ਸੀ।

ਟੀਕਾ ਲਗਵਾਉਣ ਤੋਂ ਬਾਅਦ, ਇੱਕ-ਡੇਢ ਹਫ਼ਤਾ ਰਣਜੀਤ ਆਪਣੇ ਪੈਰਾਂ ਦੀਆਂ ਉਂਗਲ਼ਾਂ ਹਿਲਾਉਣ ਦੀ ਕੋਸ਼ਿਸ਼ ਕਰਦਾ ਰਿਹਾ, ਪਰ ਕੋਈ ਹਿੱਲ-ਜੁੱਲ ਨਾ ਹੋਈ। ਉਸ ਦਾ ਲੱਕ ਤੋਂ ਹੇਠਲਾ ਹਿੱਸਾ ਪਹਿਲਾਂ ਵਾਂਗ ਹੀ ਸੁੰਨ ਸੀ। ਰਣਜੀਤ ਨੂੰ ਲੱਗਿਆ ਕਿ ਇਸ ਟੀਕੇ ਨੇ ਉਸ ਦੀ ਸੱਟ ਉੱਤੇ ਅਸਰ ਨਹੀਂ ਕੀਤਾ, ਪਰ ਚੰਗਾ ਇਹ ਹੋਇਆ ਕਿ ਇਸ ਟੀਕੇ ਨੇ ਉਸ ਉੱਤੇ ਕੋਈ ਸਾਈਡ ਇਫੈਕਟ ਵੀ ਨਹੀਂ ਕੀਤਾ ਸੀ। ਓਦਾਂ ਇਸ ਇਲਾਜ ਵਿੱਚ ਕੋਈ ਖ਼ਰਚਾ ਵੀ ਨਹੀਂ ਹੋਇਆ ਸੀ ਕਿਉਂ ਕਿ ਡਾਕਟਰ ਨੇ ਕੋਈ ਫ਼ੀਸ ਨਹੀਂ ਲਈ ਸੀ। ਅਨੂ ਕਈ ਦਿਨ ਰਣਜੀਤ ਨੂੰ ਠੀਕ ਹੋਣ ਸਬੰਧੀ ਹੌਸਲਾ ਦਿੰਦੀ ਰਹੀ, ਪਰ ਜਦੋਂ ਕੁੱਝ ਬਣਦਾ ਨਾ ਦਿਸਿਆ ਤਾਂ ਉਸ ਨੇ ਵੀ ਆਸ ਲਾਹ ਦਿੱਤੀ।

ਅਨੂ ਵੱਲੋਂ ਆਪਣੀ ਜ਼ਿੰਦਗੀ ਦੇ ਹਰ ਪਲ ਦੀ ਦਾਸਤਾਨ, ਰੋਜ਼ ਹੀ ਰਣਜੀਤ ਨਾਲ਼ ਸਾਂਝੀ ਕਰਦਿਆਂ-ਕਰਦਿਆਂ ਪਤਾ ਹੀ ਨਾ ਲੱਗਿਆ ਕਿ ਸਾਢੇ ਤਿੰਨ ਮਹੀਨੇ ਕਦੋਂ ਗੁਜ਼ਰ ਗਏ। ਰਿਸ਼ਤਿਆਂ ਦੀ ਮਾਰ ਤੋਂ ਬੇਹਾਲ ਹੋਈ ਅਨੂ, ਰਣਜੀਤ ਨੂੰ ਮੂਲ਼ੋਂ ਹੀ ਆਪਣੇ ਵਰਗੀ ਲੱਗਣ ਲੱਗ ਪਈ। ਸਗੋਂ ਉਸ ਨੂੰ, ਉਹ ਬਹੁਤੀ ਹੀ ਜਿਗਰੇ ਵਾਲ਼ੀ ਲੱਗਦੀ, ਜੋ ਇਕੱਲੀ ਹੁੰਦਿਆਂ ਵੀ ਹਾਲਾਤ ਨਾਲ਼ ਜੂਝ ਰਹੀ ਸੀ। ਰਣਜੀਤ ਨੇ ਸੋਨੀਆ ਦੇ ਬਦਚਲਣ ਹੋਣ ਦਾ ਭੇਤ ਹਾਲੇ ਤੱਕ ਅਨੂ ਤੋਂ ਲੁਕਾਇਆ ਹੋਇਆ ਸੀ। ਉਹ ਸੋਚਦਾ ਸੀ ਕਿ ਝੱਗਾ ਚੁੱਕਿਆਂ ਆਪਣਾ ਹੀ ਢਿੱਡ ਨੰਗਾ ਹੋਣਾ ਹੈ। ਉਸ ਨੂੰ ਇਹ ਖ਼ਦਸ਼ਾ ਵੀ ਸੀ ਕਿ ਕੀ ਪਤਾ ਅਨੂ ਅਗਲੀ ਵਾਰ ਆਵੇ ਕਿ ਨਾ ਆਵੇ। ਓਦਾਂ ਉਸ ਨੇ, ਹਰਪ੍ਰੀਤ ਨਾਲ਼ ਆਪਣੇ ਇੱਕਪਾਸੜ ਇਸ਼ਕ ਦੀ ਕਹਾਣੀ, ਅਨੂ ਨੂੰ ਸੁਣਾ ਦਿੱਤੀ ਸੀ। ਫਿਰ ਇੱਕ ਦਿਨ ਅਨੂ ਨੇ ਆਉਂਦਿਆਂ ਹੀ ਕਿਹਾ ਕਿ ਸਾਢੇ ਤਿੰਨ ਮਹੀਨੇ ਬੀਤ ਗਏ ਨੇ ਤੇ ਹੁਣ ਉਸ ਨੂੰ ਨਵੀਂ ਅਸਾਈਨਮੈਂਟ ਮਿਲ਼ੇਗੀ। ਇਹ ਸੁਣ ਕੇ ਰਣਜੀਤ ਦੀਆਂ ਅੱਖਾਂ 'ਚ ਚਿੰਤਾ ਦੇ ਬੱਦਲ਼ ਚੜ੍ਹ ਆਏ।

"ਅਨੂ ਤੂੰ ਮੇਰੇ ਨਾਂ ਦੀ ਅਸਾਈਨਮੈਂਟ ਲਵੇਂਗੀ ਨਾ? ਦੇਖੀਂ ਹੁਣ ਕਿਤੇ ਤੂੰ ਵੀ ਹਰਪ੍ਰੀਤ ਵਾਂਗ ਮੈਨੂੰ ਛੱਡ ਕੇ ਨਾ ਤੁਰ ਜਾਈਂ," ਰਣਜੀਤ ਦੇ ਮੂੰਹੋਂ ਲੇਲ੍ਹੜੀ ਜਿਹੀ ਨਿੱਕਲ਼ ਗਈ।

"ਹਾਂ ਜੀ, ਮੈਂ ਤਾਂ ਤੁਹਾਨੂੰ ਹੀ ਸਾਈਨ ਕਰਾਂਗੀ, ਜੇ ਐਤਕੀਂ ਹਰਪ੍ਰੀਤ ਨੇ ਦੁਬਾਰਾ ਤੁਹਾਨੂੰ ਸਾਈਨ ਨਾ ਕੀਤਾ ਤਾਂ," ਅਨੂ ਦੀ ਗੱਲ ਵਿੱਚ ਚਿੰਤਾ ਭਾਰੂ ਸੀ।

"ਉਹ ਕਿੱਦਾਂ ਕਰ ਲਊ ਭਲਾ? ਕਰ ਕੇ ਦੇਖੇ ਸਹੀ, ਮੈਂ ਉਸ ਨੂੰ ਬੂਹਾ ਹੀ ਨਹੀਂ ਖੋਲ੍ਹਣਾ। ਜੇ ਮੈਂ ਉਸ ਨੂੰ ਬਾਹਰੋਂ ਨਾ ਮੋੜਿਆ ਤਾਂ ਮੇਰਾ ਨਾਂ ਵੀ ਰਣਜੀਤ ਨਹੀਂ। ਲੋੜ ਪਈ ਤਾਂ ਮੈਂ ਸੁਪਰਵਾਈਜ਼ਰ ਨੂੰ ਕਹਿ ਦੇਣਾ ਕਿ ਮੈਨੂੰ ਇਹ ਨਰਸ ਨਹੀਂ ਚਾਹੀਦੀ," ਰਣਜੀਤ ਨੇ ਰੋਹ ਜਿਹੇ ਵਿੱਚ ਕਿਹਾ।

ਇਹ ਸੁਣ ਕੇ ਅਨੂ ਦਾ ਹਾਸਾ ਨਿੱਕਲ਼ ਗਿਆ ਤੇ ਉਹ ਕਹਿਣ ਲੱਗੀ, "ਲੈ ਕੀ ਪਤਾ ਹੁਣ ਅਗਲੀ ਦਾ ਬਚਪਨ ਦਾ ਪਿਆਰ ਜਾਗ ਪਵੇ ਤੇ ਉਹ ਰੈਂਡੀ-ਰੈਂਡੀ ਗਾਉਂਦੀ ਫਿਰੇ।"

"ਅੱਛਾ ਹੁਣ ਤੈਨੂੰ ਉਹ ਦਾ ਹੇਜ ਜਾਗ ਪਿਆ। ਬਹੁਤੀਆਂ ਗੱਲਾਂ ਨਾ ਬਣਾ ਹੁਣ। ਤੇਰੇ ਹਾਸੇ ਨਿੱਕਲ਼ ਰਹੇ ਆ ਮੇਰੀ ਜਾਨ ਨਿੱਕਲ਼ੀ ਜਾਂਦੀ ਆ।"

ਕੁੱਝ ਚਿਰ ਚੁੱਪ ਰਹਿਣ ਤੋਂ ਬਾਅਦ ਬਹੁਤ ਸੰਜੀਦਗੀ ਨਾਲ਼ ਅਨੂ ਨੇ ਕਿਹਾ, "ਨਹੀਂ, ਹੁਣ ਨਹੀਂ ਉਹ ਮੁੜਨ ਲੱਗੀ ਕਿਉਂ ਕਿ:

*ਉਸ ਬੱਦਲ਼ੀ ਨੇ ਮੁੜ ਕੇ ਆਉਣਾ ਨਹੀਂ,*
*ਤੇਰੀ ਤੇਹ ਨੂੰ ਨੀਰ ਥਿਆਉਣਾ ਨਹੀ।*

*ਉਹ ਕੋਇਲ ਹੈ ਵੱਡਿਆਂ ਬਾਗਾਂ ਦੀ,*
*ਉਹ ਨੇ ਤੇਰੀ ਖ਼ਾਤਰ ਗਾਉਣਾ ਨਹੀਂ।"*

"ਤੈਨੂੰ ਸ਼ਿਅਰ ਸੁੱਝਦੇ ਆ ਏਸ ਵੇਲ਼ੇ। ਮੈਂ ਕਦੋਂ ਕਹਿਨਾ ਕਿ ਉਹ ਮੁੜੇ। ਮੈਂ ਕਿਹੜਾ ਮਰਦਾ ਜਾਨਾਂ ਉਹ ਦੇ ਬਗ਼ੈਰ। ਰੱਬ ਉਸ ਦੇ ਘਰ ਨੇੜਲੇ ਪੇਸ਼ੈਂਟ ਨੂੰ ਠੀਕ-ਠਾਕ ਰੱਖੇ ਤੇ ਉਹ ਉਸ ਦੀ ਸੇਵਾ ਵਿੱਚ ਹੀ ਲੱਗੀ ਰਹੇ। ਤੂੰ ਮੇਰੇ ਨਾਲ਼ ਵਾਅਦਾ ਕਰ ਕਿ ਜੇ ਕਿਸੇ ਕਾਰਨ ਤੂੰ ਐਤਕੀਂ ਨਾ ਵੀ ਆ ਸਕੀ ਤਾਂ ਅਗਲੀ ਜਾਂ ਫਿਰ ਉਸ ਤੋਂ ਅਗਲੀ ਵਾਰ, ਜਦ ਵੀ ਤੈਨੂੰ ਮੌਕਾ ਮਿਲ਼ੇ, ਮੇਰੇ ਕੋਲ਼ ਜ਼ਰੂਰ ਆਏਂਗੀ," ਰਣਜੀਤ ਨੇ ਫਿਰ ਤਰਲਾ ਜਿਹਾ ਲਿਆ।

"ਫ਼ਿਕਰ ਨਾ ਕਰੋ ਰੈਂਡੀ, ਕੁਛ ਵੀ ਹੋ ਜਾਵੇ, ਮੈਂ ਹੀ ਆਵਾਂਗੀ ਤੁਹਾਡੇ ਵੱਲ਼," ਅਨੂ ਨੇ ਇਹ ਬੋਲ ਬਹੁਤ ਦ੍ਰਿੜਤਾ ਨਾਲ਼ ਕਹੇ।

"ਸ਼ੁਕਰ ਏ ਰੱਬ ਦਾ, ਤੇਰੇ ਮੂੰਹੋਂ ਇਹ ਸੁਣਿਆ," ਰਣਜੀਤ ਦੇ ਚਿਹਰੇ 'ਤੇ ਹਲਕੀ ਜਿਹੀ ਖ਼ੁਸ਼ੀ ਝਲਕੀ।

ਅਨੂ ਨੂੰ ਸਾਹਮਣੇ ਬੈੱਡ ਉੱਤੇ ਪਿਆ ਰਣਜੀਤ, ਪੰਘੂੜੇ ਵਿੱਚ ਪਏ ਇੱਕ ਬੱਚੇ ਵਰਗਾ ਲੱਗ ਰਿਹਾ ਸੀ। ਉਸ ਵੱਲ ਦੇਖਦੀ ਹੋਈ ਉਹ ਮਨੋ-ਮਨੀਂ ਉਸ ਤੇ ਹੋਰ ਵੀ ਤਰਸ ਖਾਣ ਲੱਗੀ। ਉਹ ਜਾਣਦੀ ਸੀ ਕਿ ਬਹੁਤੇ ਮਰੀਜ਼ ਆਪਣੇ ਘਰ ਵਿੱਚ ਕੈਦ ਹੋ ਕੇ ਰਹਿ ਜਾਂਦੇ ਹਨ ਅਤੇ ਇਹ ਕੈਦ ਕਿਸੇ ਜੇਲ੍ਹ ਦੀ ਕੈਦ ਤੋਂ ਘੱਟ ਨਹੀਂ ਹੁੰਦੀ। ਇਕਲਾਪੇ ਦੇ ਮਾਰੇ, ਇਹ ਲੋਕ, ਕਿਸੇ ਨਾਲ਼ ਗੱਲ ਕਰਨ ਨੂੰ ਵੀ ਤਰਸ ਜਾਂਦੇ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਮਰੀਜ਼ਾਂ ਦੀ ਆਪਣੀਆਂ ਨਰਸਾਂ ਨਾਲ਼ ਅਟੈਚਮੈਂਟ ਹੋ ਜਾਂਦੀ ਹੈ। ਪਹਿਲੀ ਨਰਸ ਦੇ ਚਲੀ ਜਾਣ 'ਤੇ ਉਹ ਤੜਫ਼ ਉੱਠਦੇ ਹਨ। ਕੁੱਝ ਲੋਕ ਇਹੋ ਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਇਕ-ਦੋ ਦਿਨ ਹੀ ਓਪਰਾ ਜਿਹਾ ਲੱਗਦਾ ਹੈ ਤੇ ਫਿਰ ਉਹ ਦੂਜੀ ਨਰਸ ਨਾਲ਼ ਵੀ ਪਹਿਲੀ ਵਾਂਗ ਹੀ ਘੁਲ਼-ਮਿਲ਼ ਜਾਂਦੇ ਹਨ।

ਇਸ ਕੇਸ ਵਿੱਚ ਅਟੈਚਮੈਂਟ ਇਕੱਲੇ ਰਣਜੀਤ ਨੂੰ ਨਹੀਂ ਹੋਈ ਸੀ, ਅਨੂ ਵੀ ਇਮੋਸ਼ਨਲੀ ਉਸ ਨਾਲ਼ ਕਾਫ਼ੀ ਜੁੜ ਚੁੱਕੀ ਸੀ। ਦੋ-ਚਾਰ ਸਾਲਾਂ ਦਾ ਹੀ ਫ਼ਰਕ ਹੋਵੇਗਾ, ਰਣਜੀਤ ਉਸ ਦਾ ਹਮ-ਉਮਰ ਹੀ ਸੀ। ਉਸ ਨਾਲ਼ ਗੱਲਾਂ ਕਰ ਕੇ ਅਨੂ ਦਾ ਦਿਲ ਖਿੜ ਜਾਂਦਾ। ਹੁਣ ਰਣਜੀਤ ਵੀ ਮਾੜੀ-ਮੋਟੀ ਸ਼ਾਇਰੀ ਕਰਨ ਲੱਗ ਪਿਆ ਸੀ। ਨਾਲ਼ੇ ਉਸ ਨੂੰ ਇਹ ਇਲਮ ਹੋ ਚੁੱਕਾ ਸੀ ਕਿ ਰਣਜੀਤ ਦੀ ਘਰਵਾਲ਼ੀ, ਉਸ ਦੀ ਬਹੁਤੀ ਦਰਦਣ ਨਹੀਂ। ਅਸਲ ਵਿੱਚ ਰਣਜੀਤ ਅਤੇ ਅਨੂ ਦੋਵੇਂ ਹੀ ਇਕਲਾਪੇ ਦੇ ਮਾਰੇ ਹੋਏ ਸਨ। ਦੋਵੇਂ ਹੀ ਆਸਰਾ ਭਾਲ਼ਦੀਆਂ ਵੇਲਾਂ ਬਣੇ ਹੋਏ ਸਨ

ਤੇ ਦੋਵੇਂ ਹੀ ਇੱਕ ਦੂਜੇ ਦਾ ਆਸਰਾ ਬਣ ਗਏ। ਇਸ ਤੋਂ ਪਹਿਲਾਂ ਅਨੂ ਦਾ ਜਿੰਨੇ ਵੀ ਪੇਸ਼ੈਂਟਸ ਨਾਲ਼ ਵਾਹ ਪਿਆ ਸੀ, ਉਹ ਉਨ੍ਹਾਂ ਕੋਲ਼ ਟਾਈਮ ਸਿਰ ਜਾਂਦੀ ਤੇ ਟਾਈਮ ਸਿਰ ਹੀ ਮੁੜ ਆਉਂਦੀ, ਪਰ ਹੁਣ ਰਣਜੀਤ ਕੋਲ਼ ਬੈਠਿਆਂ ਜਦੋਂ ਉਸ ਦਾ ਟਾਈਮ ਪੂਰਾ ਹੋਣ ਲੱਗਦਾ ਤਾਂ ਉਸ ਦਾ ਦਿਲ ਘਟਣ ਲੱਗ ਪੈਂਦਾ। ਉਸ ਦਾ ਉੱਥੋਂ ਉੱਠਣ ਨੂੰ ਜੀਅ ਨਾ ਕਰਦਾ। ਉਹ ਰਣਜੀਤ ਕੋਲ਼ੋਂ ਵਿਦਾ ਹੁੰਦੀ-ਕਰਦੀ ਹਮੇਸ਼ਾ ਹੀ ਪੰਦਰਾਂ-ਵੀਹ ਮਿੰਟ ਹੋਰ ਲਗਾ ਦਿੰਦੀ।

## 13.

ਐਤਵਾਰ ਦੀ ਰਾਤ ਨੂੰ ਰਣਜੀਤ ਇਹੋ ਸੁੱਖਾਂ ਸੁੱਖ ਰਿਹਾ ਸੀ ਕਿ ਅਗਲੇ ਦਿਨ ਸਵੇਰੇ ਅਨੂ ਹੀ ਉਸ ਦੇ ਘਰ ਆਵੇ, ਅਨੂ ਤੋਂ ਬਗ਼ੈਰ ਹੋਰ ਕੋਈ ਨਾ ਆਵੇ। ਉਸ ਨੂੰ ਟਾਇਲਟ ਜਾਣ ਦੀ ਹਾਜਤ ਹੋਈ ਤਾਂ ਉਹ ਉੱਠ ਕੇ ਬਹਿ ਗਿਆ। ਆਪਣੀ ਵੀਲ ਚੇਅਰ ਨੇੜੇ ਕਰ ਕੇ ਉਹ, ਉਸ 'ਤੇ ਬੈਠ ਗਿਆ। ਵਾਸ਼ਰੂਮ ਅੰਦਰ ਜਾ ਕੇ, ਹੈਂਡਲ ਦਾ ਸਹਾਰਾ ਲੈਂਦਿਆਂ ਉਹ ਟਾਇਲਟ 'ਤੇ ਜਾ ਬੈਠਾ। ਟਾਇਲਟ 'ਤੇ ਬੈਠਿਆਂ ਉਸ ਦਾ ਧਿਆਨ ਆਪਣੇ ਪੈਰਾਂ ਵੱਲ ਚਲੇ ਗਿਆ। ਉਸ ਨੇ ਆਪਣੇ ਸੱਜੇ ਪੈਰ ਦੀਆਂ ਉਂਗਲਾਂ ਹਿਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਉਂਗਲ਼ਾਂ ਵਿੱਚ ਮਮੂਲੀ ਜਿਹੀ ਹਰਕਤ ਮਹਿਸੂਸ ਹੋਈ। ਯਕੀਨ ਜਿਹਾ ਨਾ ਹੋਣ 'ਤੇ ਉਸ ਨੇ ਫਿਰ ਜ਼ੋਰ ਲਾ ਕੇ ਪੈਰ ਦਾ ਅਗਲਾ ਹਿੱਸਾ ਹਿਲਾਉਣ ਦਾ ਯਤਨ ਕੀਤਾ। ਐਤਕੀਂ ਉਸ ਨੇ, ਅੰਗੂਠੇ ਦੇ ਨਾਲ਼ ਦੀ ਉਂਗਲ਼ ਸਪੱਸ਼ਟ ਹਿੱਲਦੀ ਦੇਖੀ। ਫਿਰ ਉਸ ਨੇ ਬਾਕੀ ਉਂਗਲ਼ਾਂ ਵੀ ਹਿਲਾਉਣ ਲਈ ਜ਼ੋਰ ਲਾਇਆ ਪਰ ਹੋਰ ਕੋਈ ਵੀ ਉਂਗਲ਼ ਨਾ ਹਿੱਲੀ। ਇੱਕ ਉਂਗਲ਼ ਦੀ ਇਸ ਇੱਕ ਹਰਕਤ ਨੇ ਉਸ ਦੀ ਹਿੱਕ ਚਾਅ ਜਿਹੇ ਨਾਲ਼ ਭਰ ਦਿੱਤੀ। ਇਸ ਦੇ ਨਾਲ਼ ਹੀ ਉਸ ਦੇ ਮਨ ਵਿੱਚ ਇਹ ਗੱਲ ਬੱਤੀ ਵਾਂਗ ਜਗੀ ਕਿ ਸ਼ਾਇਦ ਸਟੈੱਮਸੈਲਜ਼ ਥੈਰੇਪੀ ਕਾਮਯਾਬ ਹੋ ਗਈ ਹੈ। ਇੱਕ ਵਾਰ ਤਾਂ ਉਸ ਦਾ ਜੀਅ ਕੀਤਾ ਕਿ ਉਹ, ਸੋਨੀਆ ਨੂੰ ਆਵਾਜ਼ ਮਾਰ ਕੇ ਇਹ ਖ਼ੁਸ਼ਖ਼ਬਰੀ ਦੇਵੇ, ਪਰ ਸੋਨੀਆ ਦਾ ਖ਼ਿਆਲ ਆਉਂਦਿਆਂ ਹੀ ਉਸ ਦਾ ਮੂੰਹ ਕੌੜਾ ਜਿਹਾ ਹੋ ਗਿਆ। ਹੱਥ ਧੋਣ ਮਗਰੋਂ ਰਣਜੀਤ ਵਾਸ਼ਰੂਮ 'ਚੋਂ ਆ ਕੇ ਬੈੱਡ 'ਤੇ ਲੰਮਾ ਪੈ ਗਿਆ। ਬੈੱਡ ਤੇ ਪਿਆ-ਪਿਆ ਉਹ ਦੋਵੇਂ ਪੈਰਾਂ ਦੀਆਂ ਉਂਗਲ਼ਾਂ ਹਿਲਾਉਣ ਦੇ ਹੀਲੇ ਕਰਦਾ ਰਿਹਾ, ਪਰ ਦੁਬਾਰਾ ਉਸ ਦੀਆਂ ਉਂਗਲ਼ਾਂ ਨਾ ਹਿੱਲੀਆਂ। ਬੇਵਸ ਜਿਹਾ ਹੋ ਕੇ ਉਹ ਸੌਣ ਦੀ ਕੋਸ਼ਿਸ਼ ਕਰਨ ਲੱਗਿਆ।

ਸੋਮਵਾਰ ਸਵੇਰੇ ਸੱਤ ਕੁ ਵਜੇ ਉੱਠ ਕੇ, ਰਣਜੀਤ ਦਾ ਧਿਆਨ ਫਿਰ ਆਪਣੇ ਪੈਰਾਂ ਵੱਲ ਚਲਿਆ ਗਿਆ ਤੇ ਉਹ ਪੈਰਾਂ ਦੀਆਂ ਉਂਗਲਾਂ ਹਿਲਾਉਣ ਦਾ ਯਤਨ ਕਰਨ ਲੱਗ ਪਿਆ, ਪਰ ਉਹ ਉਂਗਲ਼ਾਂ ਹਿਲਾਉਣ ਵਿੱਚ ਕਾਮਯਾਬ ਨਾ ਹੋਇਆ। ਰਣਜੀਤ ਨੂੰ ਇਹ ਲੱਗਣ ਲੱਗ ਪਿਆ ਕਿ ਖ਼ਬਰੇ ਉਸ ਨੇ ਸੁਪਨੇ ਵਿੱਚ ਹੀ ਆਪਣੇ ਪੈਰ ਦੀ ਉਂਗਲ਼ ਹਿਲਦੀ ਦੇਖੀ ਸੀ। ਇਸ ਵਾਰ ਲੌਂਗ-ਵੀਅਕਐਂਡ ਹੋਣ ਕਰ ਕੇ ਸੋਮਵਾਰ ਦੀ ਛੁੱਟੀ ਸੀ। ਸੋਨੀਆ ਵੀ ਅੱਜ ਘਰ ਹੀ ਸੀ। ਨੌਂ ਵਜੇ ਤੋਂ ਰਣਜੀਤ ਘੜੀ-ਘੜੀ ਖਿੜਕੀ ਰਾਹੀਂ ਬਾਹਰ ਡਰਾਈਵੇ ਵੱਲ ਦੇਖੀ ਜਾ ਰਿਹਾ ਸੀ। ਇੱਕ ਕਾਰ ਡਰਾਈਵੇ ਵਿੱਚ ਰੁਕਣ ਦੀ ਆਵਾਜ਼ ਆਈ ਤਾਂ ਰਣਜੀਤ ਨੇ ਦੇਖਿਆ ਕਿ ਉਹ ਕਾਰ ਅਨੂ ਦੀ ਹੀ ਸੀ। ਅਨੂ ਨੂੰ ਕਾਰ 'ਚੋਂ ਉੱਤਰਦੀ ਦੇਖ ਕੇ ਰਣਜੀਤ ਨੂੰ ਚਾਅ ਚੜ੍ਹ ਗਿਆ ਤੇ ਉਸ ਨੂੰ ਮਹਿਸੂਸ ਹੋਇਆ

ਕਿ ਉਸ ਦਾ ਸੂਰਜ ਹੁਣੇ ਹੀ ਚੜ੍ਹਿਆ ਹੈ। ਉਸ ਨੇ ਫਟਾਫਟ ਰਿਮੋਟ ਚੁੱਕ ਕੇ ਬਾਹਰਲੇ ਦਰਵਾਜ਼ੇ ਦਾ ਲੌਕ ਖੋਲ੍ਹ ਦਿੱਤਾ। ਉਹ ਨਹੀਂ ਚਾਹੁੰਦਾ ਸੀ ਕਿ ਘੰਟੀਆਂ-ਘੁੰਟੀਆਂ ਵੱਜਣ-ਵਜਾਉਣ ਵਿੱਚ ਕੋਈ ਪਲ ਜ਼ਾਇਆ ਹੋਵੇ। ਉਹ ਅਨੂ ਦੇ ਸੁਆਗਤ ਵਿੱਚ, ਆਪਣੀ ਵੀਲਚੇਅਰ ਲੈ ਕੇ ਕਮਰੇ ਦੇ ਬਾਹਰ ਪੌੜੀਆਂ ਤੱਕ ਚਲਿਆ ਗਿਆ। ਏਨੇ ਵਿੱਚ ਉਸ ਦੀ ਨਿਗਾਹ, ਥੱਲੇ ਕਿਚਨ 'ਚ ਖੜ੍ਹੀ ਸੋਨੀਆ 'ਤੇ ਪਈ ਤਾਂ ਉਸ ਦਾ ਦਿਲ ਇੱਕ ਦਮ ਬੁਝ ਗਿਆ। ਜਿਉਂ-ਜਿਉਂ ਅਨੂ ਅੰਦਰ ਆ ਰਹੀ ਸੀ, ਸੋਨੀਆ ਦੀ ਨਜ਼ਰ ਉਸ ਦੇ ਨਾਲ਼-ਨਾਲ਼ ਤੁਰ ਰਹੀ ਸੀ। ਕਿਸੇ ਅਖ਼ਬਾਰ 'ਚੋਂ ਪੜ੍ਹਿਆ ਹੋਇਆ ਪਰਮਜੀਤ ਦਾ ਸ਼ਿਅਰ ਆਪ ਮੁਹਾਰੇ ਹੀ ਰਣਜੀਤ ਦੇ ਬੁੱਲ੍ਹਾਂ 'ਤੇ ਆ ਗਿਆ:

**"ਮੈਲ਼ੀ ਰੁੱਤੇ ਸੂਰਜ ਚੜ੍ਹਿਆ, ਮੇਰੇ ਮੌਲਾ ਖ਼ੈਰ ਕਰੀਂ।**
**ਚਾਨਣ ਨੇ ਇੱਕ ਹਉਕਾ ਭਰਿਆ, ਮੇਰੇ ਮੌਲਾ ਖ਼ੈਰ ਕਰੀਂ।"**

ਫਿਰ ਉਹੀ ਹੋਇਆ ਜਿਸ ਦਾ ਰਣਜੀਤ ਨੂੰ ਖਦਸ਼ਾ ਸੀ। ਘਰ ਵੜਦੀ ਅਨੂ ਦੇ ਹੱਥ ਵਿੱਚ ਮਠਿਆਈ ਦਾ ਡੱਬਾ ਦੇਖ ਕੇ ਸੋਨੀਆ ਨੇ ਸੁਆਲ ਕੀਤਾ, "ਇਹ ਮਠਿਆਈਆਂ ਕਿਸ ਖ਼ੁਸ਼ੀ ਵਿੱਚ ਆਈਆਂ ?"

"ਦੀਦੀ, ਮੇਰੀ ਅਸਾਈਨਮੈਂਟ ਅਗਲੇ ਤਿੰਨ ਮਹੀਨੇ ਲਈ ਕੰਟੀਨਿਊ ਕਰ ਦਿੱਤੀ ਗਈ ਏ," ਅਨੂ ਨੇ ਮੁਸਕਰਾਉਂਦਿਆਂ ਕਿਹਾ।

"ਏਨੀ ਗੱਲ ਲਈ ਤਾਂ ਡੱਬਾ ਲਿਆਉਣ ਵਾਲ਼ੀ ਤਾਂ ਕੋਈ ਗੱਲ ਨਹੀਂ ਸੀ। ਤੈਨੂੰ ਏਨਾ ਚਾਅ ਕਾਹ'ਦੇ ਲਈ ਚੜ੍ਹਿਆ ਹੋਇਆ ਏ ? ਇਹ ਚਾਅ ਕਿਤੇ ਮਨ-ਭਾਉਂਦਾ ਬੰਦਾ ਮਿਲਣ ਦਾ ਤਾਂ ਨਹੀਂ ?" ਸੋਨੀਆ ਨੇ ਜ਼ਹਿਰ ਭਰੇ ਬੋਲਾਂ ਨਾਲ਼ ਕਿਹਾ।

"ਇਹ ਕੀ ਕਹੀ ਜਾ ਰਹੇ ਓ ਦੀਦੀ," ਅਨੂ ਨੇ ਹੈਰਾਨ ਹੁੰਦਿਆਂ ਕਿਹਾ।

"ਮੈਨੂੰ ਤਾਂ ਏਦਾਂ ਈ ਲਗਦੈ। ਬਾਹਲ਼ੀਏ ਚਲਾਕੇ, ਹਾਲੇ ਤਾਂ ਰੈਂਡੀ ਕਾਸੇ ਜੋਗਾ ਨਹੀਂ। ਜੇ ਕਿਤੇ ਕਾਸੇ ਜੋਗਾ ਹੁੰਦਾ ਤਾਂ ਫੇਰ ਪਤਾ ਨਹੀਂ ਕੀ-ਕੀ ਲੈ ਕੇ ਆਉਂਦੀ ਤੂੰ," ਸੋਨੀਆ ਇਹ ਕਹਿੰਦੀ ਹੋਈ ਕ੍ਰੋਧੋ-ਕ੍ਰੋਧੀ ਹੋਈ ਪਈ ਸੀ।

"ਦੀਦੀ ਪਲੀਜ਼, ਐਹੋ ਜਿਹੀ ਕੋਈ ਗੱਲ ਨਹੀਂ। ਐਵੇਂ ਨਾ ਚੋਭਾਂ ਜਿਹੀਆਂ ਮਾਰੀ ਜਾਇਆ ਕਰੋ ਬਿਨਾ ਗੱਲੋਂ," ਅਨੂ ਨੇ ਵੀ ਥੋੜ੍ਹਾ ਜਿਹਾ ਖਿਝ ਕੇ ਜੁਆਬ ਦਿੱਤਾ।

"ਨਾ ਹੁਣ ਮੇਰੀਆਂ ਸਿੱਧੀਆਂ ਕਹੀਆਂ ਵੀ ਚੋਭਾਂ ਲੱਗਣ ਲੱਗ ਪਈਆਂ ? ਉਹ ਤੇਰਾ ਖ਼ਸਮ ਨਹੀਂ, ਮਰੀਜ਼ ਐ। ਖ਼ਸਮ ਹੁੰਦਾ ਤਾਂ ਭਾਵੇਂ ਹਲਵਾਈ ਦੀ ਸਾਰੀ ਹੱਟੀ ਚੁੱਕ ਲਿਆਉਂਦੀ," ਸੋਨੀਆ ਨੇ ਹੋਰ ਜ਼ਹਿਰ ਉਗਲ਼ੀ।

"ਦੀਦੀ ਉਹ ਮੇਰੇ ਪੇਸ਼ੈਂਟ ਨੇ, ਮੇਰੀ ਰੋਜ਼ੀ-ਰੋਟੀ ਦਾ ਵਸੀਲਾ ਨੇ। ਮੈਂ ਉਨ੍ਹਾਂ ਨੂੰ ਮਰੀਜ਼ ਤੋਂ ਵੱਧ ਕਦੇ ਕੁਛ ਨਹੀਂ ਸਮਝਿਆ। ਉਹ ਤੁਹਾਡੇ ਨੇ ਤੇ ਤੁਸੀਂ ਰਾਜ਼ੀ-ਖ਼ੁਸ਼ੀ ਰਹੋ। ਉਨ੍ਹਾਂ ਨੂੰ ਮੇਰੀ ਵਜ੍ਹਾ ਨਾਲ਼ ਕੋਈ ਖ਼ੁਸ਼ੀ ਮਿਲ਼ਦੀ ਹੋਵੇ ਤਾਂ ਪਲੀਜ਼, ਉਨ੍ਹਾਂ ਨੂੰ ਖ਼ੁਸ਼ ਹੋ ਲੈਣ ਦਿਆ ਕਰੋ। ਮੈਂ ਉਨ੍ਹਾਂ ਦੇ ਕਹਿਣ 'ਤੇ ਹੀ ਬਹੁਤ ਕੋਸ਼ਿਸ਼ ਕਰ ਕੇ, ਇਹ ਅਸਾਈਨਮੈਂਟ ਦੁਬਾਰਾ ਲਈ ਏ। ਮਰੀਜ਼ ਨੂੰ ਖ਼ੁਸ਼ ਕਰਨ ਲਈ ਮਠਿਆਈ ਵਗ਼ੈਰਾ ਲੈ ਕੇ ਆਉਣਾ ਸਾਡੇ ਕੰਮ ਦਾ ਹਿੱਸਾ ਏ," ਅਨੂ ਨੇ ਅਦਬ ਦਾ ਪੱਲਾ ਨਾ ਛੱਡਦਿਆਂ ਥੋੜ੍ਹੀ ਤਲਖ਼ ਅਵਾਜ਼ 'ਚ ਕਿਹਾ।

"ਬਹੁਤੀਆਂ ਚਤਰਾਈਆਂ ਨਾ ਕਰ। ਮੈਂ ਸਭ ਸਮਝਦੀ ਆਂ। ਤੈਨੂੰ ਇਹ ਤੋਂ ਬਗ਼ੈਰ ਕੋਈ ਹੋਰ ਨਹੀਂ ਲੱਭਦਾ? ਮੈਂ ਏਨੀ ਵੀ ਕਮਲ਼ੀ ਨਹੀਂ ਕਿ ਤੂੰ ਉਨ੍ਹਾਂ ਵਰਗੀ ਹੀ ਏਂ ਜਿਹੜੀਆਂ ਅੱਗ ਲੈਣ ਆਈਆਂ, ਬਿਸਤਰਾ ਵਿਛਾ ਕੇ ਬਹਿ ਜਾਂਦੀਆਂ ਨੇ," ਸੋਨੀਆ ਫੁੰਕਾਰਾ ਮਾਰ ਕੇ ਬੋਲੀ।

"ਦੀਦੀ ਪਲੀਜ਼, ਤੁਸੀਂ ਬਹੁਤ ਹੀ ਪੁੱਠਾ ਸੋਚਦੇ ਓ। ਮੈਂ ਤਾਂ ਪਹਿਲਾਂ ਹੀ ਬਥੇਰੀ ਦੁੱਖੀ ਆਂ। ਰੈਂਡੀ ਮੇਰੇ ਲਈ ਸਿਰਫ਼ ਪੇਸ਼ੈਂਟ ਨੇ ਤੇ ਇਸ ਤੋਂ ਵੱਧ ਹੋਰ ਕੁਛ ਵੀ ਨਹੀਂ। ਉਨ੍ਹਾਂ ਨੂੰ ਮੇਰੇ ਤੋਂ ਸੇਵਾ ਕਰਾ ਕੇ ਖ਼ੁਸ਼ੀ ਹੁੰਦੀ ਏ ਅਤੇ ਸਾਡੇ ਪ੍ਰੋਫੈਸ਼ਨ ਵਿੱਚ ਪੇਸ਼ੈਂਟ ਦੀ ਖ਼ੁਸ਼ੀ ਹੀ ਸੱਭ ਕੁਛ ਹੁੰਦੀ ਏ। ਤੁਸੀਂ ਫ਼ਿਕਰ ਨਾ ਕਰੋ, ਅਗਲੀ ਵਾਰ ਮੈਂ ਇਹ ਅਸਾਈਨਮੈਂਟ ਰਪੀਟ ਨਹੀਂ ਕਰਾਵਾਂਗੀ," ਅਨੂ ਨੇ ਰੋਣਹਾਕੀ ਹੁੰਦਿਆਂ ਕਿਹਾ।

"ਮੈਂ ਸਭ ਸਮਝਦੀ ਆਂ ਕਿ ਤੂੰ ਕੀ ਭਾਲ਼ ਰਹੀ ਏਂ। ਮੈਨੂੰ ਵੀ ਆਪਣੇ ਪਿਉ ਦੀ ਧੀ ਨਾ ਸਮਝੀਂ, ਜੇ ਮੈਂ ਤੈਨੂੰ ਏਥੋਂ ਇੱਕ ਪੈਨੀ ਵੀ ਲਿਜਾਣ ਦਿੱਤੀ," ਸੋਨੀਆ ਅੱਖਾਂ 'ਚੋਂ ਚੰਗਿਆੜੇ ਕੱਢ ਰਹੀ ਸੀ।

"ਓ ਸ਼ੱਟ-ਅੱਪ ਸੋਨੀਆ! ਬਕ-ਬਕ ਬੰਦ ਕਰ!! ਮੈਂ ਬੜੇ ਚਿਰ ਤੋਂ ਤੇਰੀ ਬਕਵਾਸ ਸੁਣ ਰਿਹਾਂ। ਜਿਉਂ ਸ਼ੁਰੂ ਹੋਈ ਏਂ, ਉੱਤੇ ਈ ਚੜ੍ਹੀ ਜਾ ਰਹੀਂ ਏਂ। ਆਪ ਕੁਛ ਕਰਨਾ ਨਹੀਂ, ਕਿਸੇ ਦਾ ਕੀਤਾ ਹੋਇਆ ਜਰਨਾ ਨਹੀਂ," ਉੱਪਰ ਪੌੜੀਆਂ ਦੇ ਸਾਹਮਣੇ ਵੀਲ ਚੇਅਰ 'ਤੇ ਬੈਠਾ ਰਣਜੀਤ ਗਰਜਿਆ। ਉਹ, ਸੋਨੀਆ ਤੇ ਅਨੂ ਵਿਚਾਲ਼ੇ ਹੁੰਦੀ ਬਹਿਸ ਸੁਣ ਰਿਹਾ ਸੀ ਅਤੇ ਆਖ਼ਰ ਉਸ ਤੋਂ ਰਿਹਾ ਨਾ ਗਿਆ।

"ਇਹ ਨੇ ਪਤਾ ਨਹੀਂ ਤੈਨੂੰ ਕੀ ਤਵੀਤ ਘੋਲ਼ ਕੇ ਪਿਆ ਦਿੱਤੇ ਰੈਂਡੀ, ਕਿ ਤੂੰ ਛਾਲ਼ ਮਾਰ ਕੇ ਇਸ ਦੇ ਹੱਕ ਵਿੱਚ ਆ ਧਮਕਦੈਂ। ਮੈਂ ਨਾਲ਼ੇ ਘਰ ਸਾਂਭਾਂ ਨਾਲ਼ੇ ਕਮਾ-ਕਮਾ ਲਿਆਵਾਂ। ਹੁਣ ਦੱਸ ਤੇਰੇ ਲਈ ਹੋਰ ਕੀ-ਕੀ ਕਰਾਂ। ਮੈਨੂੰ ਤਾਂ ਨਾ ਵੀਕਐਂਡ ਨਾ ਕੋਈ ਛੁੱਟੀ," ਸੋਨੀਆ ਨੇ ਰਣਜੀਤ ਵੱਲ ਮੂੰਹ ਚੁੱਕ ਕੇ ਕਿਹਾ।

"ਮੈਨੂੰ ਪਤੈ ਜਿਹੜਾ ਸਨਿੱਚਰ ਵਾਰ ਨੂੰ ਓਵਰਟਾਈਮ ਲਾਉਨੀ ਏਂ," ਰਣਜੀਤ ਜਿੱਦਾਂ ਕਹਿੰਦਾ-ਕਹਿੰਦਾ ਕੁੱਝ ਲੁਕਾ ਗਿਆ।

ਰਣਜੀਤ ਦੇ ਮੂੰਹੋਂ ਇਹ ਗੱਲ ਸੁਣ ਕੇ ਸੋਨੀਆ ਠਠੰਬਰ ਗਈ ਤੇ ਚੁੱਪ ਕਰ ਕੇ ਕਿਚਨ ਵਿੱਚ ਵੜ ਗਈ। ਉਹ ਸੋਚ ਰਹੀ ਸੀ ਕਿ ਰਣਜੀਤ ਨੇ ਸਨਿੱਚਰ ਵਾਰ ਓਵਰ ਟਾਈਮ ਲਾਉਣ ਵਾਲੀ ਗੱਲ ਕਿਸ ਹਵਾਲੇ ਨਾਲ਼ ਕੀਤੀ ਹੈ। ਫਿਰ ਉਸ ਨੇ ਆਪਣੇ ਆਪ ਨੂੰ ਹੌਸਲਾ ਦਿੰਦਿਆਂ ਇਹ ਸੋਚਿਆ ਕਿ ਉਹ ਹੀ ਐਵੇਂ ਦੂਰ ਦੀਆਂ ਸੋਚਣ ਲੱਗ ਪੈਂਦੀ ਹੈ। ਉਹ ਇਹ ਵੀ ਸਮਝਦੀ ਸੀ ਕਿ ਮੰਜੇ ਉੱਤੇ ਪਏ ਰਣਜੀਤ ਨੂੰ ਬਾਹਰਲੇ ਜੱਗ-ਜਹਾਨ ਦੀ ਕੀ ਖ਼ਬਰ।

ਅਨੂ ਪੌੜੀਆਂ ਨੇੜੇ ਖੜ੍ਹੀ ਰੋ ਰਹੀ ਸੀ। "ਅਨੂ ਉੱਪਰ ਆ ਜਾ ਪਲੀਜ਼," ਰਣਜੀਤ ਨੇ ਅਨੂ ਨੂੰ ਆਵਾਜ਼ ਮਾਰੀ।

ਉਹ ਹੌਲ਼ੀ-ਹੌਲ਼ੀ ਪੌੜੀਆਂ ਚੜ੍ਹ ਗਈ ਤੇ ਅੰਦਰ ਵੜ ਕੇ ਡੁਸਕਣ ਲੱਗ ਪਈ। ਰਣਜੀਤ ਨੇ ਉਸ ਨੂੰ ਹੱਥ ਦੇ ਇਸ਼ਾਰੇ ਨਾਲ਼ ਕੁਰਸੀ 'ਤੇ ਬੈਠਣ ਲਈ ਕਿਹਾ। ਰਣਜੀਤ ਵਲੋਂ ਨੇੜੇ ਢੁੱਕਣ 'ਤੇ ਹਟਕੋਰੇ ਲੈਂਦੀ ਅਨੂ ਨੇ ਕਿਹਾ, "ਸੌਰੀ ਰੈਂਡੀ, ਮੈਂ ਹੁਣ ਹੋਰ ਨਹੀਂ ਸਹਾਰ ਸਕਦੀ। ਮੈਂ ਅੱਜ ਹੀ ਸੁਪਰਵਾਈਜ਼ਰ ਨੂੰ, ਪੇਸ਼ੈਂਟ ਚੇਂਜ ਦੀ ਰਿਕੁਐਸਟ ਪਾ ਦਊਂਗੀ। ਜੇ ਉਹ ਨੇ ਰੀਜ਼ਨ ਪੁੱਛਿਆ ਤਾਂ ਸਾਫ਼ ਕਹਿ ਦਊਂਗੀ ਕਿ ਪੇਸ਼ੈਂਟ ਦੀ ਵਾਈਫ਼ ਨੂੰ ਮੇਰਾ ਉਨ੍ਹਾਂ ਦੇ ਘਰ ਜਾਣਾ ਪਸੰਦ ਨਹੀਂ ਏ।"

ਵੀਲਚੇਅਰ ਤੋਂ ਬੈੱਡ 'ਤੇ ਬੈਠਦਿਆਂ ਰਣਜੀਤ ਬੋਲਿਆ, "ਅਨੂ ਏਧਰ ਆ, ਮੇਰੇ ਕੋਲ਼ ਬੈਠ, ਆਪਾਂ ਗੱਲ ਕਰਦੇ ਹਾਂ।" ਅਨੂ ਉਸ ਦੇ ਨੇੜੇ ਬੈਠ ਗਈ। ਰਣਜੀਤ ਨੇ ਸੰਜੀਦਗੀ ਨਾਲ਼ ਗੱਲ ਸ਼ੁਰੂ ਕੀਤੀ, "ਦੇਖ ਅਨੂ, ਤੇਰੇ ਵਾਂਗ ਹੀ ਮੇਰੀ ਜ਼ਿੰਦਗੀ ਵਿੱਚ ਵੀ ਕੋਈ ਰੰਗ ਨਹੀਂ ਏ। ਆਪਾਂ ਉਸ ਤਰ੍ਹਾਂ ਦੇ ਰੁੱਖ ਹਾਂ, ਜਿਨ੍ਹਾਂ ਤੋਂ ਲੋਕ ਫਲ਼ਾਂ ਦੀ ਆਸ ਤਾਂ ਕਰਦੇ ਆ, ਪਰ ਜਿਨ੍ਹਾਂ ਨੂੰ ਪਾਣੀ ਕੋਈ ਨਹੀਂ ਪਾਉਂਦਾ। ਇਸ ਲਈ ਆਪਾਂ ਨੂੰ ਇੱਕ ਦੂਜੇ ਦਾ ਖ਼ਿਆਲ ਤਾਂ ਰੱਖਣਾ ਹੀ ਪਊ। ਇਕੱਲੇ ਰਹਿ ਜਾਣ ਦਾ ਡਰ ਬਹੁਤ ਹੀ ਦੁੱਖਦਾਈ ਹੁੰਦਾ ਏ। ਏਸ ਦੁੱਖ ਦੇ ਡਰੋਂ ਹੀ ਇਨਸਾਨ ਨਵੇਂ ਰਿਸ਼ਤੇ ਬਣਾਉਂਦਾ ਏ। ਮੈਨੂੰ ਪਤੈ, ਸੋਨੀਆ ਦੀਆਂ ਗੱਲਾਂ ਨੇ ਤੇਰਾ ਦਿਲ ਦੁਖਾਇਆ ਏ। ਤੂੰ ਕਦੇ ਸੋਚਿਐ ਪਈ ਜਦੋਂ ਤੂੰ ਏਥੇ ਨਹੀਂ ਹੁੰਦੀ ਤਾਂ ਮੇਰੀਆਂ ਅੱਖਾਂ ਤੈਨੂੰ ਕਿਵੇਂ ਭਾਲ਼ਦੀਆਂ ਰਹਿੰਦੀਆਂ ਨੇ। ਪਹਿਲਾਂ ਹੀ ਰਾਤ ਮਸਾਂ ਲੰਘਦੀ ਏ। ਮੈਂ ਵਾਰ-ਵਾਰ ਘੜੀ ਦੇਖਦਾ ਰਹਿਨਾਂ ਤੇ ਸੋਚਦਾ ਰਹਿਨਾਂ ਕਿ ਕਦੋਂ ਨੌਂ ਵੱਜਣ ਤੇ ਕਦੋਂ ਤੂੰ ਆਵੇਂ। ਫਿਰ ਗਿਆਰਾਂ ਵਜੇ ਤੇਰੇ ਜਾਣ ਤੋਂ ਬਾਅਦ ਮੈਨੂੰ ਸਾਢੇ ਪੰਜ ਵਜਾਉਣੇ ਔਖੇ ਹੋ ਜਾਂਦੇ ਨੇ। ਮੈਂ ਪਰਸੋਂ ਦਾ ਪਤਾ ਨਹੀਂ ਕਿੰਨੀਆਂ ਸੁੱਖਾਂ ਸੁੱਖਦਾ ਰਿਹਾ ਹਾਂ ਕਿ ਸੋਮਵਾਰ ਨੂੰ ਫਿਰ ਤੂੰ ਹੀ ਮੇਰੀ ਨਰਸ ਬਣ ਕੇ ਆਵੇਂ। ਤੈਨੂੰ ਪਤਾ ਹੀ ਨਹੀਂ ਕਿ ਇਸ ਸੱਟ ਦੇ ਨਾਲ਼-ਨਾਲ਼ ਮੈਂ ਜ਼ਹਿਰੀਲੇ ਰਿਸ਼ਤਿਆਂ ਦੀ ਕਿਹੜੀ ਕੁੜੱਤਣ ਪੀ ਰਿਹਾ ਹਾਂ। ਰਿਸ਼ਤਿਆਂ ਦਾ ਇਹ ਜ਼ਹਿਰ ਮੈਨੂੰ ਦਿਨੋਂ-ਦਿਨ, ਅੰਦਰੋਂ-ਅੰਦਰੀ ਖਾਈ ਜਾ ਰਿਹਾ ਏ। ਮੈਨੂੰ ਤੇਰੀ ਲੋਏ ਹੀ ਜ਼ਿੰਦਗੀ ਦਾ ਅਕਸ ਦਿਸਦਾ ਏ। ਸੱਚ ਪੁੱਛੇਂ ਤਾਂ ਮੈਂ ਚੌਵੀ ਘੰਟਿਆਂ ਵਿੱਚੋਂ ਮਸਾਂ ਚਾਰ ਘੰਟੇ ਜੀਂਦਾ ਹਾਂ। ਸੋਨੀਆ ਮੇਰੇ

ਘਰੋਂ ਬਾਹਰ ਹੀ ਮੇਰੀ ਬੀਵੀ ਹੈ, ਉਹ ਘਰ 'ਚ ਹਾਜ਼ਰ ਹੁੰਦਿਆਂ ਵੀ ਗ਼ੈਰਹਾਜ਼ਰ ਈ ਹੁੰਦੀ ਏ। ਅਸੀਂ ਦੋਵੇਂ ਹੀ ਇਸ ਰਿਸ਼ਤੇ ਦੀ ਲਾਸ਼ ਢੋਅ ਰਹੇ ਹਾਂ। ਬੱਚੇ ਹੀ ਨੇ ਜੋ ਸਾਡੇ ਵਿਚਾਲ਼ੇ ਮੋਹ ਦੀ ਇੱਕ ਬਾਰੀਕ ਜਿਹੀ ਡੋਰ ਬਣੇ ਹੋਏ ਨੇ। ਇਹ ਡੋਰ ਕਦੇ ਵੀ ਟੁੱਟ ਸਕਦੀ ਏ। ਅਨੂ ਮੈਨੂੰ ਰੱਬ ਨੇ ਏਨੇ ਜੋਗਾ ਨਹੀਂ ਛੱਡਿਆ ਕਿ ਮੈਂ ਕਿਸੇ ਹੱਕ ਨਾਲ਼ ਤੈਨੂੰ, ਤੇਰੇ ਕੋਲੋਂ ਮੰਗ ਲਵਾਂ। ਤੂੰ ਮੈਨੂੰ, ਕਿਸੇ ਜਨਮ ਵਿੱਚ ਕੀਤੇ ਹੋਏ ਪੁੰਨ ਦੇ ਫ਼ਲ਼ ਵਜੋਂ ਮਿਲ਼ੀ ਏਂ। ਕਈ ਵਾਰ ਮੈਨੂੰ ਲੱਗਦੈ ਤੂੰ ਮੇਰੇ ਅਧਰੰਗੇ ਹੋਏ ਅੱਧੇ ਸਰੀਰ ਦਾ ਬਦਲ ਏਂ। ਜੇ ਮੇਰਾ ਜਿਸਮ ਕਦੇ ਤੁਰਨ-ਫਿਰਨ ਜੋਗਾ ਹੋਇਆ, ਤਾਂ ਉਸ ਦੀ ਵਜ੍ਹਾ ਤੂੰ ਹੀ ਹੋਵੇਂਗੀ। ਅੱਜ ਮੈਂ ਤੇਰੇ ਕੋਲ਼ੋਂ ਕੁੱਝ ਮੰਗਣਾ ਏ, ਤੂੰ ਦੇਵੇਂਗੀ?"

"ਮੈਂ ਗ਼ਰੀਬਣੀ ਕੀ ਦੇਣ ਜੋਗੀ ਆਂ?" ਹੰਝੂਆਂ ਨਾਲ਼ ਭਿੱਜੀ ਹੋਈ ਆਵਾਜ਼ ਵਿੱਚ ਅਨੂ ਬੋਲੀ।

"ਮੈਂ ਜੋ ਮੰਗਣ ਲੱਗਿਆ ਹਾਂ, ਉਹ ਤੂੰ ਹੀ ਦੇ ਸਕਦੀ ਏਂ। ਮੈਨੂੰ ਬੋਲਣ ਦੇ ਅਨੂ। ਦੇਖ ਮੇਰਾ ਤੇਰੇ 'ਤੇ ਕੋਈ ਜ਼ੋਰ ਨਹੀਂ, ਪਰ ਜਦੋਂ ਸੋਨੀਆ ਤੈਨੂੰ ਕੁੱਝ ਕਹਿੰਦੀ ਏ ਤਾਂ ਮੈਂ ਬਹੁਤ ਜ਼ਿਆਦਾ ਡਰ ਜਾਂਦਾ ਹਾਂ। ਮੈਨੂੰ ਤੇਰੇ ਖੁੱਸ ਜਾਣ ਦਾ ਫ਼ਿਕਰ ਪੈ ਜਾਂਦਾ ਏ। ਆਪਣੀ ਜਿਸਮਾਨੀ ਬੇਵਸੀ ਦੀ ਵਜ੍ਹਾ ਨਾਲ਼ ਮੈਂ ਉਸ ਨੂੰ ਸਖ਼ਤੀ ਨਾਲ਼ ਕੁਛ ਕਹਿਣ ਜੋਗਾ ਨਹੀਂ ਹਾਂ। ਸੋਨੀਆ ਤੈਨੂੰ ਕੁਛ ਵੀ ਕਹਿ ਦੇਵੇ ਅਨੂ ਤੂੰ ਮੈਨੂੰ ਛੱਡ ਕੇ ਨਾ ਜਾਈਂ," ਬੋਲਦੇ ਬੋਲਦੇ ਰਣਜੀਤ ਦਾ ਗੱਚ ਹੀ ਨਹੀਂ ਭਰ ਆਇਆ ਸਗੋਂ ਉਸ ਦੇ ਚਿਹਰੇ ਉੱਤੇ ਹੰਝੂਆਂ ਦਾ ਹੜ੍ਹ ਵੀ ਆਇਆ ਹੋਇਆ ਸੀ। ਹੁਣ ਅਨੂ ਦਾ ਹਾਲ ਵੀ ਰਣਜੀਤ ਵਾਲ਼ਾ ਹੀ ਹੋ ਗਿਆ ਸੀ ਤੇ ਉਸ ਨੇ ਰਣਜੀਤ ਦਾ ਸਿਰ ਆਪਣੀ ਛਾਤੀ ਨਾਲ਼ ਲਾ ਲਿਆ ਤੇ ਇੱਕ ਹੱਥ ਨਾਲ਼ ਉਸ ਦੀ ਪਿੱਠ ਥਾਪੜਨ ਲੱਗ ਪਈ। ਹੰਝੂਆਂ ਦੇ ਦੁਵੱਲੇ ਹੜ੍ਹ ਨੇ ਸ਼ਬਦਾਂ ਦੀ ਪੇਸ਼ ਨਾ ਜਾਣ ਦਿੱਤੀ।

ਆਖ਼ਰ ਕਿੰਨੇ ਚਿਰ ਬਾਅਦ ਹੜ੍ਹ ਥੰਮਿਆਂ ਤੇ ਅਨੂ ਨੇ ਸ਼ਬਦਾਂ ਦੀ ਲੜੀ ਅੱਗੇ ਤੋਰੀ, "ਰਣਜੀਤ ਤੁਹਾਨੂੰ ਪਤੈ ਕਿ ਤੁਸੀਂ ਮੇਰੇ ਲਈ ਪੇਸ਼ੈਂਟ ਹੀ ਨਹੀਂ ਹੋ, ਸਗੋਂ ਬਹੁਤ ਪਿਆਰੇ ਦੋਸਤ ਵੀ ਹੋ। ਤੁਹਾਡੇ ਸਾਥ ਵਿੱਚ ਮੈਨੂੰ ਬਹੁਤ ਖ਼ੁਸ਼ੀ ਮਿਲ਼ਦੀ ਏ। ਮੈਂ ਕਦੇ ਨਹੀਂ ਚਾਹਿਆ ਕਿ ਮੈਂ ਸੋਨੀਆ ਦੀਦੀ ਦਾ ਕੋਈ ਹੱਕ ਖੋਹਵਾਂ। ਮੇਰੀ ਤਾਂ ਇਹ ਇੱਛਾ ਹੈ ਕਿ ਤੁਸੀਂ ਛੇਤੀ-ਛੇਤੀ ਠੀਕ ਹੋ ਜਾਓਂ ਤੇ ਤੁਹਾਨੂੰ ਮੇਰੇ ਵਰਗੀ ਕਿਸੇ ਦੀ ਲੋੜ ਹੀ ਨਾ ਪਵੇ। ਤੁਸੀਂ ਆਪਣੇ ਪਰਿਵਾਰ ਵਿੱਚ ਰਾਜ਼ੀ-ਖ਼ੁਸ਼ੀ ਰਹੋ। ਰਿਸ਼ਤੇ ਟੁੱਟਣ ਨਾਲ਼ ਜੋ ਦੁੱਖ ਹੁੰਦਾ ਏ, ਉਹ ਮੈਂ ਭਲੀ-ਭਾਂਤ ਜਾਣਦੀ ਆਂ। ਅੱਜ ਮੈਂ ਵਾਅਦਾ ਕਰਦੀ ਆਂ ਕਿ ਤੁਹਾਡੇ ਠੀਕ ਹੋਣ ਤੋਂ ਪਹਿਲਾਂ ਮੈਂ ਤੁਹਾਨੂੰ ਛੱਡ ਕੇ ਨਹੀਂ ਜਾਵਾਂਗੀ। ਮੈਨੂੰ ਦੀਦੀ ਦੇ ਕੌੜੇ-ਕਸੈਲ਼ੇ ਬੋਲਾਂ ਦਾ ਕੋਈ ਦੁੱਖ ਨਹੀਂ ਹੁੰਦਾ, ਪਰ ਸੱਚ ਦੱਸਾਂ ਰਣਜੀਤ, ਦੁੱਖ ਉਦੋਂ ਹੁੰਦੈ ਜਦੋਂ ਉਹ ਤੁਹਾਨੂੰ ਕੁਛ ਮੰਦਾ ਬੋਲਦੀ

ਏ। ਅੱਜ ਵੀ, ਉਸ ਵੱਲੋਂ ਤੁਹਾਨੂੰ ਬੋਲੇ ਹੋਏ ਮੰਦੇ ਬੋਲਾਂ ਦੀ ਵਜ੍ਹਾ ਨਾਲ਼ ਮੇਰਾ ਮਨ ਭਰ ਆਇਆ।"

"ਅਨੂ ਤੂੰ ਤਾਂ ਮਨ ਈ ਖ਼ੁਸ਼ ਕਰ ਦਿੱਤੈ। ਰਾਜ਼ੀ ਰਹਿ ਤੇ ਕੋਈ ਵਧੀਆ ਜਿਹਾ ਸ਼ਿਅਰ ਸੁਣਾ," ਰਣਜੀਤ ਦੇ ਮਨੋਂ ਬਹੁਤ ਵੱਡਾ ਬੋਝ ਉੱਤਰ ਗਿਆ ਲੱਗਦਾ ਸੀ। ਕੁੱਝ ਚਿਰ ਸੋਚਣ ਤੋਂ ਬਾਅਦ ਅਨੂ ਨੇ ਕਿਹਾ, "ਕੁਛ ਸਤਰਾਂ ਨੇ, ਜਿਨ੍ਹਾਂ 'ਚੋਂ ਸ਼ਾਇਦ ਤੁਸੀਂ ਮੈਨੂੰ ਵੀ ਦੇਖ ਲਵੋਂ:

***"ਨੈਣਾਂ ਅੰਦਰ ਦੀਪ ਜਗਾ ਕੇ ਬੈਠੀ ਹਾਂ।***
***ਆਪਣੇ ਸੁੰਨੇ ਰਾਹ ਰੁਸ਼ਨਾ ਕੇ ਬੈਠੀ ਹਾਂ।***

***ਤਾਲੋਂ ਖੁੰਝੀ ਨੂੰ ਦੇ ਦੇਵੇ ਤਾਲ ਕੋਈ,***
***ਮੈਂ ਕਮਲ਼ੀ ਤਾਂ ਘੁੰਗਰੂ ਪਾ ਕੇ ਬੈਠੀ ਹਾਂ।"***

ਅਨੂ ਦੀਆਂ ਇਨ੍ਹਾਂ ਸ਼ਾਇਰਾਨਾ ਸਤਰਾਂ ਨਾਲ਼ ਰਣਜੀਤ ਕਿਤੇ ਹੋਰ ਹੀ ਪਹੁੰਚ ਗਿਆ ਤੇ ਉਹ ਛੱਤ ਵੱਲ ਦੇਖਦਾ ਹੋਇਆ ਹੌਲ਼ੀ-ਹੌਲ਼ੀ ਖ਼ੁਦ-ਕਲਾਮੀ ਕਰਨ ਲੱਗ ਪਿਆ, "ਕਾਸ਼ ਮੈਂ ਤੇਰੇ ਘੁੰਗਰੂਆਂ ਨੂੰ ਤਾਲ ਦੇ ਸਕਦਾ ਅਨੂ, ਕਾਸ਼ ਮੈਂ ਤੈਨੂੰ ਦੁਨੀਆ ਦੀ ਹਰ ਖ਼ੁਸ਼ੀ ਦੇ ਸਕਦਾ, ਕਾਸ਼ ਮੈਂ ਤੈਨੂੰ ਰੂਹੇ-ਜ਼ਮੀਨ ਦੀ ਮਲਕਾ ਬਣਾ ਸਕਦਾ।"

"ਤੁਹਾਨੂੰ ਖ਼ੁਸ਼ ਦੇਖ ਕੇ ਹੀ ਮੈਨੂੰ ਸਾਰੇ ਜਹਾਨ ਦੀ ਖ਼ੁਸ਼ੀ ਮਿਲ਼ ਜਾਂਦੀ ਏ ਰਣਜੀਤ। ਸੱਚ, ਤੁਸੀਂ ਇਹ ਤਾਂ ਪੁੱਛਿਆ ਹੀ ਨਹੀਂ ਕਿ ਮੈਂ ਤੁਹਾਨੂੰ ਨਰਸਿੰਗ ਲਈ ਕਿੱਦਾਂ ਚੁਣਿਆ," ਅਨੂ ਨੇ ਗੱਲ-ਬਾਤ ਦਾ ਆਧਾਰ ਬਦਲਿਆ।

"ਹਾਂ ਯਾਰ ਆਪਾਂ ਨੂੰ ਤਾਂ ਸੋਨੀਆ ਨੇ ਹੋਰ ਈ ਪਾਸੇ ਉਲ਼ਝਾ ਲਿਆ। ਅੱਛਾ ਕਿੱਦਾਂ ਹੋਇਆ ਇਹ ਸਾਰਾ ਕੁੱਝ?" ਰਣਜੀਤ ਨੇ ਪੁੱਛਿਆ।

"ਤੁਹਾਡੀ ਹਰਪ੍ਰੀਤ ਤਾਂ ਰਾਹ ਛੱਡ ਗਈ, ਪਰ ਕਾਇਲਾ ਤੁਹਾਨੂੰ ਦੁਬਾਰਾ ਸਾਈਨ ਕਰਨ ਨੂੰ ਫਿਰਦੀ ਸੀ, ਉਹ ਦੋ ਪੇਸ਼ੈਂਟਾਂ ਦੇ ਬਾਰੇ ਦੁਚਿੱਤੀ ਵਿੱਚ ਸੀ। ਮੈਂ ਓਦਾਂ ਹੀ ਝੂਠ-ਮੂਠ ਜਿਹੇ ਨਾਲ਼ ਉਹ ਨੂੰ ਡਰਾ ਦਿੱਤਾ ਪਈ ਰੈਂਡੀ ਅੱਜ-ਕੱਲ੍ਹ ਜ਼ਰਾ ਚਿੜ-ਚਿੜਾ ਹੋ ਗਿਆ ਏ। ਫਿਰ ਤੁਹਾਨੂੰ ਪਤਾ ਈ ਏ ਪਈ ਟੱਫ਼ ਪੇਸ਼ੈਂਟ ਨੂੰ ਛੇਤੀ ਕੀਤਿਆਂ ਕੋਈ ਹੱਥ ਨਹੀਂ ਪਾਉਂਦਾ," ਅਨੂ ਗੱਲ ਕਰਦੀ ਹੋਈ ਥੋੜ੍ਹਾ ਜਿਹਾ ਹੱਸੀ ਵੀ।

ਅਨੂ ਨੇ ਡੱਬੇ ਵਿੱਚੋਂ ਬਰਫ਼ੀ ਦਾ ਇੱਕ ਟੁਕੜਾ ਕੱਢ ਕੇ, ਰਣਜੀਤ ਦੇ ਮੂੰਹ ਵਿੱਚ ਪਾ ਦਿੱਤਾ। ਰਣਜੀਤ ਨੇ ਵੀ ਇਕ ਛੋਟਾ ਜਿਹਾ ਟੁਕੜਾ ਅਨੂ ਦੇ ਮੂੰਹ ਵਿੱਚ ਪਾ ਦਿੱਤਾ। ਇਸ ਤੋਂ ਬਾਅਦ ਦੋਹਾਂ ਨੇ ਇਹ ਮਤਾ ਪਕਾ ਲਿਆ ਕਿ ਅਨੂ

ਸ਼ਾਮ ਨੂੰ ਚਾਰ ਤੋਂ ਛੇ ਵਜੇ ਤੱਕ ਆਇਆ ਕਰੇਗੀ ਤਾਂ ਕਿ ਸੋਨੀਆ ਦੇ ਆਉਣ ਤੋਂ ਪਹਿਲਾਂ ਉਹ ਚਲੀ ਜਾਇਆ ਕਰੇ। ਰਣਜੀਤ ਨਹੀਂ ਚਾਹੁੰਦਾ ਸੀ ਕਿ ਅੱਗੇ ਤੋਂ ਛੇਤੀ ਕੀਤਿਆਂ ਸੋਨੀਆ ਤੇ ਅਨੂ ਇੱਕ-ਦੂਜੀ ਦੇ ਮੱਥੇ ਲੱਗਣ। ਅਨੂ ਲਈ ਏਨਾ ਕੁ ਟਾਈਮ ਅੱਗੇ-ਪਿੱਛੇ ਕਰਨਾ ਕੋਈ ਔਖਾ ਨਹੀਂ ਸੀ। ਰਣਜੀਤ ਲਈ ਕੰਮ ਕਰਦਿਆਂ ਉਹ ਕਾਫ਼ੀ ਕੁੱਝ ਆਪਣੀ ਮਰਜ਼ੀ ਨਾਲ਼ ਵੀ ਕਰ ਜਾਂਦੀ ਸੀ। ਹੁਣ ਤਾਂ ਉਸ ਦੇ ਮਨ ਨੇ ਰਣਜੀਤ ਨੂੰ ਮਰੀਜ਼ ਮੰਨਣਾ ਵੀ ਛੱਡ ਦਿੱਤਾ ਸੀ। ਹੁਣ ਉਸ ਨੂੰ ਰਣਜੀਤ ਕੋਈ ਘਰ ਦਾ ਜੀਅ ਹੀ ਲੱਗਦਾ ਸੀ।

ਰਣਜੀਤ ਨੇ ਰਾਤ ਨੂੰ ਆਪਣੇ ਪੈਰ ਵਿੱਚ ਹਰਕਤ ਹੋਣ ਦੀ ਗੱਲ ਅਨੂ ਤੋਂ ਲੁਕਾਈ ਰੱਖੀ ਕਿਉਂ ਕਿ ਉਸ ਨੂੰ ਹਾਲੇ ਇਸ ਬਾਰੇ ਬਹੁਤਾ ਯਕੀਨ ਜਿਹਾ ਨਹੀਂ ਸੀ। ਅੱਜ ਸਵੇਰ ਦਾ ਵੀ ਉਹ ਕਈ ਵਾਰ ਪੈਰ ਹਿਲਾਉਣ ਦੀ ਕੋਸ਼ਿਸ਼ ਕਰ ਚੁੱਕਾ ਸੀ, ਪਰ ਉਸ ਦੇ ਪੈਰਾਂ ਵਿੱਚ ਕੋਈ ਹਰਕਤ ਨਹੀਂ ਹੋਈ ਸੀ। ਉਹ ਹੈਰਾਨ ਸੀ ਕਿ ਪੈਰ ਦੀਆਂ ਉਂਗਲ਼ਾਂ ਇੱਕ ਵਾਰ ਹਿੱਲ ਕੇ ਦੁਬਾਰਾ ਕਿਵੇਂ ਫਰੀਜ਼ ਹੋ ਗਈਆਂ। ਇਸ ਤੋਂ ਇਲਾਵਾ, ਅੱਜ ਦੇ ਕਲ਼ੇਸ਼ ਨੇ ਉਸ ਨੂੰ ਬਹੁਤ ਡਿਸਟਰਬ ਕਰ ਦਿੱਤਾ ਸੀ। ਸ਼ੌਕਤ ਨਾਲ਼ ਅਫ਼ੇਅਰ ਹੋਣ ਦੇ ਬਾਵਜੂਦ, ਪਤਾ ਨਹੀਂ ਸੋਨੀਆ ਉਸ ਉੱਤੇ ਏਨਾ ਹੱਕ ਕਿਉਂ ਜਤਾਉਂਦੀ ਸੀ। ਜੇ ਅਨੂ ਨਾ ਹੁੰਦੀ ਤਾਂ ਸੋਨੀਆ ਦੇ ਮੁਆਸ਼ਕੇ ਦਾ ਪਤਾ ਲੱਗਣ ’ਤੇ ਉਹ ਬੇਗਾਨਗੀ ਦੇ ਹਨੇਰਿਆਂ ਵਿੱਚ ਗ਼ਰਕ ਹੋ ਕੇ ਰਹਿ ਜਾਂਦਾ। ਪਤਾ ਨਹੀਂ ਉਸ ਦੇ ਹੋਰ ਕਿੰਨੇ ਇਮਤਿਹਾਨ ਹੋਣੇ ਰਹਿੰਦੇ ਸਨ। ਅਨੂ ਦੀ ਟਹਿਲ-ਸੇਵਾ ਦਾ ਆਦੀ ਹੋਣ ਮਗਰੋਂ ਉਸ ਦਾ ਚਲੀ ਜਾਣਾ ਉਹ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਉਸ ਨੂੰ ਅਨੂ ਦਾ ਖ਼ਿਆਲ ਵੀ ਓਦਾਂ ਹੀ ਰੱਖਣਾ ਪਏਗਾ ਜਿੱਦਾਂ ਉਹ ਉਸ ਦਾ ਖ਼ਿਆਲ ਰੱਖਦੀ ਹੈ।

## 14.

ਹੌਲ਼ੀ-ਹੌਲ਼ੀ ਤਿੰਨ ਕੁ ਹਫ਼ਤੇ ਲੰਘ ਗਏ ਤੇ ਕਾਫ਼ੀ ਟਿਕ-ਟਿਕਾ ਜਿਹਾ ਹੋ ਗਿਆ। ਪਹਿਲੀ ਜੁਲਾਈ ਦਾ ਦਿਨ ਆ ਗਿਆ ਜੋ ਕੈਨੇਡਾ ਵਿੱਚ 'ਕੈਨੇਡਾ-ਡੇ' ਵਜੋਂ ਮਨਾਇਆ ਜਾਂਦਾ ਹੈ ਤੇ ਇਸ ਦਿਨ ਸਰਕਾਰੀ ਛੁੱਟੀ ਹੁੰਦੀ ਹੈ। ਛੁੱਟੀ ਹੋਣ ਦੀ ਵਜ੍ਹਾ ਨਾਲ਼ ਤਕਰੀਬਨ ਸਾਰੇ ਸਰਕਾਰੀ ਅਤੇ ਗ਼ੈਰਸਰਕਾਰੀ ਅਦਾਰੇ ਬੰਦ ਹੁੰਦੇ ਹਨ। ਸੋਨੀਆ ਨੂੰ ਵੀ ਇਸ ਦਿਨ ਦੀ ਛੁੱਟੀ ਸੀ। ਇਸੇ ਲਈ ਰਣਜੀਤ ਨੇ ਅਨੂ ਨੂੰ ਛੁੱਟੀ ਵਾਲ਼ੇ ਦਿਨ ਆਉਣੋਂ ਵਰਜ ਦਿੱਤਾ ਸੀ। ਉਹ ਨਹੀਂ ਸੀ ਚਾਹੁੰਦਾ ਕਿ ਉਹ ਦੋਵੇਂ ਇੱਕ-ਦੂਜੀ ਦੇ ਸਾਹਮਣੇ ਆਉਣ ਤੇ ਫਿਰ ਕੋਈ ਇੱਟ-ਖੜੱਕਾ ਹੋਵੇ। ਉਸ ਦਿਨ ਸਵੇਰੇ ਹੀ ਪੀਟਰ ਦਾ ਫ਼ੋਨ ਆ ਗਿਆ। ਰਣਜੀਤ ਵੱਲੋਂ ਫ਼ੋਨ ਚੁੱਕਣ ਸਾਰ ਹੀ ਪੀਟਰ ਨੇ ਕਿਹਾ, "ਕੈਨੇਡਾ ਡੇ ਦੀਆਂ ਵਧਾਈਆਂ ਰੈਂਡੀ ਪਾਤਸ਼ਾਹ। ਕੀ ਹਾਲ-ਚਾਲ ਆ ਮੇਰੀ ਸਰਕਾਰ ਦਾ?"

"ਸਵਾ ਵਧਾਈਆਂ ਪੀਟਰ, ਹਾਲ-ਚਾਲ ਉੱਥੇ ਕਾਹ'ਦੇ ਆ, ਮੰਜਾ ਤੋੜੀ ਜਾਨਾਂ ਬੱਸ। ਅੰਦਰੋਂ ਬਾਹਰ ਨਹੀਂ ਨਿੱਕਲ਼ੀਦਾ ਸਾਰੀ ਦਿਹਾੜੀ। ਹੋਰ ਤੂੰ ਸੁਣਾ ਕੋਈ ਨਵੀਂ ਤਾਜ਼ੀ," ਰਣਜੀਤ ਨੇ ਪੀਟਰ ਦੇ ਮੂਡ ਵਿੱਚ ਹੀ ਜੁਆਬ ਦਿੱਤਾ।

"ਮੈਂ ਵੀ ਕੱਲ੍ਹ ਆਇਆਂ ਐਮਰੀਲੋ ਟੈਕਸਸ ਤੋਂ। ਹੁਣ ਤਾਂ ਦਿਨ ਸੋਹਣੇ ਲੱਗਦੇ ਆ, ਬੱਸ ਉੱਡੇ ਜਾਈਦੈ ਤੇ ਉੱਡੇ ਆਈਦੈ। ਰੈਂਡੀ ਤੈਨੂੰ ਯਾਦ ਆ, ਪਿਛਲੇ ਸਾਲ ਆਪਾਂ ਕੈਨੇਡਾ ਡੇ ਆਲ਼ੇ ਦਿਨ ਪਾਰਟੀ ਕੀਤੀ ਸੀ? ਬੜਾ ਫੰਨ ਹੋਇਆ ਸੀ ਯਾਰ, ਅਸੀਂ ਸਾਰੇ ਟੱਲੀ ਹੋ ਕੇ ਭੰਗੜਾ ਪਾਈ ਗਏ ਤੇ ਤੂੰ ਸੋਫ਼ੀ ਬੈਠਾ ਦੇਖ-ਦੇਖ ਤਾੜੀਆਂ ਮਾਰੀ ਗਿਆ। ਫਿਰ ਤੂੰ ਹੀ ਸਾਨੂੰ ਸਾਰਿਆਂ ਨੂੰ ਘਰੋ-ਘਰੀ ਛੱਡ ਕੇ ਆਇਆ ਸੀ," ਪੀਟਰ ਨੇ ਪਿਛਲੇ ਸਾਲ ਦੇ 'ਕਨੇਡਾ-ਡੇ' ਦੇ ਜਸ਼ਨ ਯਾਦ ਕੀਤੇ।

"ਆਹੋ ਯਾਰ, ਮੈਂ ਹੀ ਛੱਡਣਾ ਸੀ ਫਿਰ ਤੁਹਾਨੂੰ। ਤੁਸੀਂ ਤਾਂ ਸਾਰੇ ਟੁੰਨ ਹੋ ਗਏ ਸੀ। ਗੱਡੀ ਚਲਾਉਣ ਜੋਗਾ ਵੀ ਤਾਂ ਕੋਈ ਨਹੀਂ ਸੀ। ਤੂੰ ਤਾਂ ਉਲਟੀਆਂ ਵੀ ਕੀਤੀਆਂ ਸੀ ਪੀਟਰ," ਰੈਂਡੀ ਨੇ ਠਹਾਕਾ ਮਾਰ ਕੇ ਕਿਹਾ।

"ਹਾਂ ਯਾਰ, ਅਸਲ ਵਿੱਚ ਤਿੰਨ ਸ਼ਰਾਬਾਂ ਮਿਕਸ ਹੋ ਗਈਆਂ ਸੀ ਨਾ। ਮੈਂ ਕਰਾਊਨ ਰੌਇਲ ਲਿਆਇਆ ਸੀ, ਸ੍ਰੀਰਾ, ਵੋਦਕਾ ਲੈ ਆਇਆ, ਇਕ ਪਤਾ ਨ੍ਹੀਂ ਕੌਣ, ਰੰਮ ਦੀ ਬੋਤਲ ਲਿਆਇਆ ਸੀ। ਐਵੇਂ ਪਾਗ਼ਲਾਂ ਵਾਂਗ ਜਿਹੜੀ ਹੱਥ ਆਈ ਚੱਕੀ ਗਏ। ਫਿਰ ਉਲਟੀਆਂ ਤਾਂ ਆਉਣੀਆਂ ਹੀ ਹੋਈਆਂ। ਐਤਕੀਂ ਸਾਡਾ ਹੌਸਲਾ ਨਹੀਂ ਪਿਆ, ਪਾਰਟੀ ਕਰਨ ਦਾ। ਤੂੰ ਵੀ ਤਾਂ ਨਹੀਂ ਆ ਸਕਦਾ। ਤੇਰੇ

ਬਿਨਾ ਰੌਣਕ ਨਹੀਂ ਲੱਗਦੀ ਯਾਰ। ਨਾਲ਼ੇ ਸਾਨੂੰ ਫਿਰ ਰਾਈਡ ਕੌਣ ਦਊ? ਜਦ ਵੀ ਅਸੀਂ ਕੁਛ ਡਰਾਈਵਰ ਕਿਤੇ 'ਕੱਠੇ ਹੋਈਏ, ਤੇਰੀਆਂ ਗੱਲਾਂ ਤੁਰ ਪੈਂਦੀਆਂ ਨੇ। ਬੜਾ ਵਿਗੋਚਾ ਜਿਹਾ ਰਹਿੰਦਾ ਯਾਰ ਤੇਰਾ। ਹੁਣ ਛੇਤੀ ਨਾਲ਼ ਠੀਕ ਹੋ ਜਾਹ ਪਰ੍ਹਾਂ, ਬਥੇਰਾ ਚਿਰ ਤੋੜ ਲਏ ਮੰਜੇ," ਪੀਟਰ ਨੇ ਭਾਵੁਕ ਹੁੰਦਿਆਂ ਕਿਹਾ।

ਫਿਰ ਕੁਝ ਹੋਰ ਗੱਲਾਂ ਕਰ ਕੇ ਪੀਟਰ ਨੇ ਫ਼ੋਨ ਬੰਦ ਕਰ ਦਿੱਤਾ। ਏਨੇ ਚਿਰ 'ਚ ਸੋਨੀਆ ਚਾਹ ਲੈ ਕੇ ਆ ਗਈ ਅਤੇ ਉਸ ਨੇ ਆਉਂਦਿਆਂ ਹੀ ਐਲਾਨ ਕੀਤਾ, "ਰੈਂਡੀ ਅੱਜ 'ਕੈਨੇਡਾ ਡੇ' ਆ ਤੇ ਨਿਆਣਿਆਂ ਨੂੰ ਵੀ ਛੁੱਟੀ ਐ। ਮੇਰਾ ਬੌਸ ਤੇ ਮੇਰੇ ਕੁਲੀਗ ਸਾਢੇ ਕੁ ਬਾਰਾਂ ਵਜੇ ਏਥੇ ਆਪਣੇ ਘਰ ਆ ਰਹੇ ਨੇ। ਅਸੀਂ ਇੱਕ ਛੋਟੀ ਜਿਹੀ ਪਾਰਟੀ ਪਲੈਨ ਕੀਤੀ ਏ।"

ਇਹ ਸੁਣ ਕੇ ਰਣਜੀਤ ਹੋਰੂੰ-ਤੋਰੂੰ ਜਿਹਾ ਹੋ ਗਿਆ। ਉਸ ਨੂੰ ਚਾਹ ਦੇ ਨਾਲ਼ ਇਹੋ ਜਿਹਾ ਐਲਾਨ ਗਲ਼ੋਂ ਉਤਾਰਨਾ ਔਖਾ ਹੋ ਗਿਆ ਤੇ ਉਹ ਏਨਾ ਹੀ ਕਹਿ ਸਕਿਆ, "ਪਾਰਟੀ? ਕਾਹਦੀ ਪਾਰਟੀ?"

"ਕੈਨੇਡਾ ਡੇ ਦੀ ਪਾਰਟੀ ਹੋਰ ਕਾਹਦੀ? ਹਰ ਸਾਲ ਹੀ ਕਿਸੇ ਨਾ ਕਿਸੇ ਨੇ ਕਰਨੀ ਹੁੰਦੀ ਆ ਤੇ ਐਤਕੀਂ ਪਾਰਟੀ ਕਰਨ ਦੀ ਵਾਰੀ ਮੇਰੀ ਸੀ। ਮੈਂ, ਮੰਮੀ-ਡੈਡੀ ਨੂੰ ਵੀ ਇਨਵਾਈਟ ਕੀਤਾ ਹੋਇਐ। ਗਿਆਰਾਂ ਕੁ ਵਜੇ ਆਉਣਗੇ। ਮੈਂ ਰਾਤੀਂ ਚਿਕਨ ਮੈਰੀਨੇਟ ਕਰ ਕੇ ਰੱਖ ਲਿਆ ਸੀ। ਆਪਾਂ ਬਾਹਰ ਲਾੱਨ ਵਿੱਚ ਬਾਰ-ਬੀਕਿਊ ਕਰ ਲਾਂਗੇ," ਸੋਨੀਆ ਨੇ ਅਗਲੀ ਯੋਜਨਾ ਵੀ ਦੱਸ ਦਿੱਤੀ।

ਇਹ ਸਭ ਕੁੱਝ ਸੁਣ ਕੇ ਰਣਜੀਤ ਦਾ ਮਨ ਬੁਝ ਗਿਆ। ਉਸ ਨੂੰ ਸ਼ੌਕਤ ਦੇ ਮੱਥੇ ਲੱਗਣਾ ਵੀ ਜ਼ਹਿਰ ਲਗਦਾ ਸੀ। ਉਸ ਦਾ ਜੀਅ ਕਰਦਾ ਸੀ ਕਿ ਉਹ ਸੰਘ ਪਾੜ ਕੇ ਕਹੇ, 'ਮੈਨੂੰ ਆਪਣੇ ਘਰ 'ਚ ਇਹੋ ਜਿਹੀ ਕੋਈ ਪਾਰਟੀ ਨਹੀਂ ਚਾਹੀਦੀ। ਮੈਂ ਸ਼ੌਕਤ ਵਰਗਾ ਕੰਜਰ ਬੰਦਾ ਆਪਣੇ ਘਰ 'ਚ ਨਹੀਂ ਵੜਨ ਦੇਣਾ।' ਪਰ ਉਸ ਨੇ ਇਸ ਤਰ੍ਹਾਂ ਕਹਿਣ ਦੀ ਥਾਂ, ਇਹ ਕਿਹਾ,"ਸੋਨੀਆ, ਤੈਨੂੰ ਇਸ ਪਾਰਟੀ ਦਾ ਜ਼ਿੰਮਾ ਨਹੀਂ ਲੈਣਾ ਚਾਹੀਦਾ ਸੀ। ਜੇ ਮੈਂ ਠੀਕ ਹੁੰਦਾ ਤਾਂ ਗੱਲ ਹੋਰ ਸੀ। ਚਲੋ, ਤੁਸੀਂ ਕਰ ਲਿਉ ਪਾਰਟੀ। ਮੈਂ ਆਪਣੇ ਰੂਮ 'ਚ ਰਹੂੰ। ਮੈਂ ਕੀ ਕਰਨਾ ਓਥੇ?"

"ਰੈਂਡੀ ਤੁਸੀਂ ਕੁੱਝ ਨਹੀਂ ਕਰਨਾ, ਮੈਂ ਆਪੇ ਕਰ ਲਊਂ ਸਾਰਾ ਕੁਛ। ਨਾਲ਼ੇ ਮੇਰੀ ਮਦਦ ਕਰਨ ਲਈ ਮੰਮੀ-ਡੈਡੀ ਨੇ ਆ ਹੀ ਜਾਣੈ। ਤੁਸੀਂ ਬਾਹਰ ਯਾਰਡ 'ਚ ਆ ਕੇ, ਬੱਸ ਗੱਲਾਂ-ਬਾਤਾਂ ਵਿੱਚ ਕੰਪਨੀ ਦੇ ਦਿਓ," ਸੋਨੀਆ ਨੇ ਗੱਲ ਮੁਕਾਈ।

"ਹਾਂ, ਪਰ ਉੱਥੇ ਕਿਹੜਾ ਕੋਈ ਮੈਨੂੰ ਜਾਣਦਾ ਹੋਣਾ। ਤੂੰ ਮੈਨੂੰ ਰਹਿਣ ਈ ਦੇ," ਰਣਜੀਤ ਨੇ ਕਿਹਾ।

"ਨਹੀਂ ਰੈਂਡੀ, ਏਦਾਂ ਚੰਗਾ ਨਹੀਂ ਲੱਗਣਾ। ਮੇਰੇ ਕੁਲੀਗ ਬੁਰਾ

ਮਨਾਉਣਗੇ। ਨਾਲ਼ੇ ਡੈਡੀ ਨੇ ਵੀ ਤਾਂ ਏਥੇ ਈ ਹੋਣੈ। ਉਨ੍ਹਾਂ ਨੇ ਤਾਂ ਤੁਹਾਡੇ ਨਾਲ਼ ਹੀ ਗੱਲਬਾਤ ਕਰਨੀ ਏ। ਉਹ ਕਿਹੜਾ ਮੇਰੇ ਕੰਮ ਵਾਲ਼ਿਆ ਨੂੰ ਜਾਣਦੇ ਆ," ਸੋਨੀਆ ਨੇ ਜ਼ਿੱਦ ਕੀਤੀ। ਕੁੱਝ ਚਿਰ ਚੁੱਪ ਰਹਿਣ ਮਗਰੋਂ ਰਣਜੀਤ ਨੇ ਕਿਹਾ,"ਚੱਲ ਠੀਕ ਐ, ਆ ਜਾਊਂ ਘੜੀ ਤੁਹਾਡੇ ਕੋਲ਼। ਤੁਹਾਡੀ ਪਾਰਟੀ ਵਾਸਤੇ ਸ਼ਰਾਬ ਵੀ ਚਾਹੀਦੀ ਹੋਣੀ ਏ। ਉਸ ਦਾ ਬੰਦੋਬਸਤ ਵੀ ਆਪ ਈ ਕਰ ਲਈਂ।"

"ਆਹੋ, ਮੈਂ ਡੈਡੀ ਨੂੰ ਕਹਿ ਦਿੱਤਾ ਸੀ ਪਈ ਇੱਕ ਵੱਡੀ ਬੋਤਲ ਫੜੀ ਲਿਆਉਣ। ਪੀਣ ਵਾਲ਼ੇ ਤਾਂ ਦੋ ਜਣੇ ਈ ਆ ਡੈਡੀ ਆ ਤੇ ਮੇਰਾ ਬਾੱਸ ਸ਼ੌਕਤ ਆ। ਇਨ੍ਹਾਂ ਦਾ ਇੱਕ ਬੋਤਲ ਨਾਲ਼ ਸਰ ਜਾਊ। ਲੇਡੀਜ਼ 'ਚੋਂ ਕੋਈ ਨਹੀਂ ਪੀਂਦੀ," ਸੋਨੀਆ ਨੇ ਜੁਆਬ ਦਿੱਤਾ।

ਸੋਨੀਆ ਵੱਲੋਂ ਕੀਤੇ ਹੋਏ ਪ੍ਰਬੰਧਾਂ ਦਾ ਵੇਰਵਾ ਸੁਣ ਕੇ, ਰਣਜੀਤ ਦੇ ਅੰਦਰ ਕਈ ਤਰ੍ਹਾਂ ਦੇ ਉਬਾਲ਼ ਉੱਠੇ, ਪਰ ਉਸ ਨੇ ਇਹ ਭਾਵ ਆਪਣੇ ਚਿਹਰੇ 'ਤੇ ਨਾ ਆਉਣ ਦਿੱਤੇ। ਉਹ ਸੋਚ ਰਿਹਾ ਸੀ ਕਿ ਸੋਨੀਆ, 'ਕਨੇਡਾ-ਡੇ' ਦੇ ਪੱਜ ਨਿਸੰਗ ਹੋ ਕੇ ਆਪਣੇ ਯਾਰ ਨੂੰ ਘਰ ਸੱਦ ਰਹੀ ਹੈ। ਉਸ ਦੇ ਖਾਣ-ਪੀਣ ਦੇ ਪ੍ਰਬੰਧ ਬਾਰੇ ਕਿੰਨੀ ਫ਼ਿਕਰਮੰਦ ਹੈ। ਔਰਤ ਕਿੰਨੀ ਕਮਾਲ ਦੀ ਐਕਟਰ ਹੁੰਦੀ ਹੈ। ਜੇ ਸੋਨੀਆ ਵਾਂਗ ਉਸ ਦਾ ਵੀ ਕਿਸੇ ਨਾਲ਼ ਇਸ਼ਕ-ਪੇਚਾ ਹੁੰਦਾ ਤਾਂ ਸ਼ਾਇਦ ਉਹ ਆਪਣੀ ਮਾਸ਼ੂਕ ਨੂੰ ਘਰ ਸੱਦਣ ਦੀ ਹਿੰਮਤ ਨਾ ਕਰ ਸਕਦਾ। ਕਹਿੰਦੇ ਨੇ ਤੀਵੀਂ ਦੇ ਤਿੰਨ ਸੌ ਪੈਂਹਠ ਚਲਿੱਤਰ ਹੁੰਦੇ ਹਨ। ਸੋਨੀਆ ਦੇ ਤਾਂ ਇਸ ਤੋਂ ਵੀ ਵੱਧ ਹੀ ਲੱਗਦੇ ਸਨ। ਕੀ ਦੁਨੀਆ ਦੀਆਂ ਸਾਰੀਆਂ ਔਰਤਾਂ ਇਹੋ ਜਿਹੀਆਂ ਹੁੰਦੀਆਂ ਹੋਣਗੀਆਂ ? 'ਨਹੀਂ-ਨਹੀਂ ਸਾਰੀਆਂ ਕਾਹ'ਨੂੰ ਇਹੋ ਜਿਹੀਆਂ ਨੇ' ਰਣਜੀਤ ਦੇ ਮਨ ਨੇ ਜੁਆਬ ਦਿੱਤਾ। ਉਸ ਦੀ ਮਾਂ ਧਰਮ ਕੌਰ ਬਹੁਤ ਹੀ ਉੱਚੇ ਇਖਲਾਕ ਦੀ ਔਰਤ ਸੀ। ਜੁਆਨੀ ਵਿੱਚ ਹੀ ਵਿਧਵਾ ਹੋਣ ਦੇ ਬਾਵਜੂਦ, ਉਹ ਉਮਰ-ਭਰ ਬੇਦਾਗ਼ ਨਿਭੀ ਸੀ। ਅਨੂ ਵੀ ਸਿੱਧੀ-ਸਾਦੀ ਤੇ ਸਾਫ਼ ਮਨ ਵਾਲ਼ੀ ਔਰਤ ਹੈ। ਅਚਾਨਕ ਵੱਜੀ ਫ਼ੋਨ ਦੀ ਘੰਟੀ ਨੇ ਰਣਜੀਤ ਨੂੰ ਇਸ ਖ਼ਿਆਲੀ ਕਸ਼ਮਕਸ਼ ਵਿੱਚੋਂ ਬਾਹਰ ਕੱਢਿਆ। ਇੰਡੀਆ ਤੋਂ ਤਾਰੀ ਦਾ ਫ਼ੋਨ ਸੀ। ਰਣਜੀਤ ਵੱਲੋਂ 'ਹਲੋ' ਕਹਿਣ ਸਾਰ ਹੀ ਤਾਰੀ ਟੁਣਕ ਪਿਆ, "ਸਾਸਰੀ ਕਾਲ ਸਰਦਾਰ ਰਣਜੀਤ ਸਿੰਹਾਂ! ਕੀ ਹਾਲ-ਚਾਲ ਨੇ ਬੇਲੀਆ ? ਤੂੰ ਤਾਂ ਯਾਰ ਭੁੱਲ ਹੀ ਗਿਆ ਸਾਨੂੰ। ਕਦੇ ਤਾਂ ਫ਼ੋਨ-ਸ਼ੋਨ ਕਰ ਲਿਆ ਕਰ। ਸੱਟ ਲੱਗ ਗਈ ਆ ਤਾਂ ਉੱਥੇ ਕੀ ਆ ? ਗੱਲ-ਬਾਤ ਤਾਂ ਹੋਣੀ ਈ ਚਾਹੀਦੀ ਆ ਨਾ।"

"ਸਾਸਰੀ ਕਾਲ ਤਾਰੀ। ਭੁੱਲਣਾ ਕਾਹ'ਨੂੰ ਆ ਯਾਰ, ਬੱਸ ਸੱਟ ਲੱਗਣ ਦੀ ਵਜ੍ਹਾ ਨਾਲ਼ ਐਵੇਂ ਸੋਚਦਾ ਰਹਿਨਾਂ ਪਈ ਕਿਸੇ ਨੂੰ ਫ਼ੋਨ ਕੀਤਾ ਤਾਂ ਅਗਲਾ ਇਹ ਨਾ ਸੋਚੇ ਪਈ ਆਪ ਤਾਂ ਵਿਹਲਾ, ਸਾਨੂੰ ਵੀ ਕੰਮ ਨ੍ਹੀਂ ਕਰਨ ਦਿੰਦਾ," ਰਣਜੀਤ ਨੇ ਹੱਸਦਿਆਂ ਕਿਹਾ।

"ਲੈ ਆਹ ਕੀ ਗੱਲ ਕੀਤੀ? ਯਾਰ ਤੇਰੇ ਨਾਲ਼ੋ ਕੰਮ ਚੰਗੈ? ਸਾਡੇ ਯਾਰ ਦਾ ਫ਼ੋਨ ਆਵੇ ਤੇ ਅਸੀਂ ਏਦਾਂ ਸੋਚੀਏ? ਲਾਹਣਤ ਆ ਫਿਰ ਤਾਂ ਸਾਡੇ 'ਤੇ। ਹੋਰ ਸੁਣਾ ਸਿਹਤ ਹੁਣ ਕਿੱਦਾਂ? ਹੋਇਆ ਕੁਛ ਤੁਰਨ-ਫਿਰਨ ਜੋਗਾ ਕਿ ਨਹੀਂ?" ਤਾਰੀ ਨੇ ਕਈ ਕੁੱਝ ਕਹਿ ਦਿੱਤਾ।

"ਨਹੀਂ ਯਾਰ, ਹਾਲੇ ਮੇਰੀ ਕਿਸਮਤ ਏਨੀ ਤੇਜ਼ ਨਹੀਂ ਹੋਈ। ਮੇਰੇ ਨਾਲ਼ ਤਾਂ ਉਹੋ ਜਿਹੀ ਗੱਲ ਐ ਕਿ ਜੇ ਮੈਂ ਕੱਫਣਾਂ ਦੀ ਹੱਟੀ ਖੋਲ੍ਹ ਲਵਾਂ ਤਾਂ ਲੋਕਾਂ ਨੇ ਮਰਨੋਂ ਹਟ ਜਾਣੈ। ਇਹੋ ਸੋਚ ਕੇ ਟੈਮ ਪਾਸ ਕਰੀਦੈ ਕਿ ਚਲ ਮਨਾਂ, ਜਿਹ'ਨੇ ਮਰਜ਼ ਦਿੱਤੀ ਏ, ਉਹ 'ਰਾਮ ਵੀ ਦਊ। ਹੋਰ ਤੂੰ ਸੁਣਾ ਘਰ ਕਿੱਦਾਂ ਨੇ ਸਾਰੇ, ਅੰਕਲ, ਆਂਟੀ, ਭਰਜਾਈ?" ਰਣਜੀਤ ਨੇ ਪੁੱਛਿਆ।

"ਸਭ ਠੀਕ ਨੇ ਭਰਾ। ਇਕ ਖ਼ੁਸ਼ਖ਼ਬਰੀ ਆ, ਤੂੰ ਤਾਇਆ ਬਣ ਗਿਐਂ। ਕੁੜੀ ਹੋਈ ਆ ਤੇਰੀ ਭਾਬੋ ਦੇ, ਹਫ਼ਤਾ ਕੁ ਪਹਿਲਾਂ। ਕੋਲ਼ ਹੁੰਦਾ ਤਾਂ ਤੇਰਾ ਮੂੰਹ ਮਿੱਠਾ ਵੀ ਕਰਾਉਂਦਾ ਵੀ ਤੇ ਕੌੜਾ ਵੀ," ਤਾਰੀ ਨੇ ਚਾਅ ਨਾਲ਼ ਦੱਸਿਆ।

"ਲੈ ਆਹ ਤਾਂ ਤੂੰ ਚੰਗੀ ਖ਼ਬਰ ਸੁਣਾਈ। ਦੇਰ ਨਾਲ਼ ਹੀ ਸਹੀ, ਰੱਬ ਨੇ ਸੁਣ ਤਾਂ ਲਈ। ਤਪੱਸਿਆ ਵੀ ਬਾਹਲ਼ੀ ਲੰਮੀ ਕਰਾ'ਤੀ ਉੱਪਰ ਆਲ਼ੇ ਨੇ," ਰਣਜੀਤ ਨੇ ਖ਼ੁਸ਼ੀ ਜ਼ਾਹਰ ਕਰਦਿਆਂ ਕਿਹਾ। ਤਾਰੀ ਦਾ ਵਿਆਹ ਭਾਵੇਂ ਰਣਜੀਤ ਦੇ ਵਿਆਹ ਨਾਲੋਂ ਮਹੀਨਾ ਪਹਿਲਾਂ ਹੋ ਗਿਆ ਸੀ, ਪਰ ਉਨ੍ਹਾਂ ਦੇ ਔਲਾਦ ਕੋਈ ਨਾ ਹੋਈ। ਕਈ ਤਰ੍ਹਾਂ ਦੇ ਇਲਾਜ ਕਰਾਉਣ ਮਗਰੋਂ ਸਾਢੇ ਗਿਆਰਾਂ ਸਾਲਾਂ ਬਾਅਦ ਉਨ੍ਹਾਂ ਦੇ ਧੀ ਜੰਮੀ ਸੀ। ਇਹੋ ਵਜ੍ਹਾ ਸੀ ਕਿ ਤਾਰੀ ਕੋਲ਼ੋਂ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਫਿਰ ਰਣਜੀਤ ਨੇ ਅਵਾਜ਼ ਮਾਰ ਕੇ ਹੇਠਾਂ ਸੋਨੀਆ ਨੂੰ ਫ਼ੋਨ ਚੁੱਕਣ ਲਈ ਕਿਹਾ ਤਾਂ ਕਿ ਉਹ ਵੀ ਵਧਾਈਆਂ ਦੇ ਲਵੇ।

ਗਿਆਰਾਂ ਕੁ ਵਜੇ ਗੁਰਦੇਵ ਸਿੰਘ ਅਤੇ ਗਿਆਨ ਕੌਰ ਉਨ੍ਹਾਂ ਦੇ ਘਰ ਪਹੁੰਚ ਗਏ। ਪਹਿਲਾਂ ਉਹ ਚਾਹ-ਪਾਣੀ ਪੀਣ ਲਈ ਲਿਵਿੰਗ ਰੂਮ 'ਚ ਬੈਠ ਗਏ। ਰਣਜੀਤ ਵੀ ਥੱਲੇ ਉੱਤਰ ਆਇਆ ਅਤੇ ਉਨ੍ਹਾਂ ਦੇ ਕੋਲ਼ ਹੀ ਆਪਣੀ ਵੀਲ ਚੇਅਰ ਪਾਰਕ ਕਰ ਕੇ, ਉਨ੍ਹਾਂ ਨਾਲ਼ ਗੱਲਾਂ-ਬਾਤਾਂ ਕਰਨ ਲੱਗ ਪਿਆ। ਸੁਖਰਾਜ ਅਤੇ ਸਰਤਾਜ ਵੀ ਆ ਕੇ ਆਪਣੇ ਨਾਨੇ-ਨਾਨੀ ਕੋਲ਼ ਬੈਠ ਗਏ। ਸਰਤਾਜ ਰੋਂਦਾ ਜਿਹਾ ਆਪਣੀ ਨਾਨੀ ਦੇ ਕੰਨ ਵਿੱਚ ਕੁਝ ਕਹਿ ਰਿਹਾ ਸੀ। ਗੁਰਦੇਵ ਕੌਰ ਨੇ ਉਸ ਦੀ ਗੱਲ ਸੁਣ ਕੇ ਕਿਹਾ, "ਕੋਈ ਨ੍ਹੀਂ ਤੂੰ ਆਪਣੇ ਡੈਡੀ ਨੂੰ ਦੱਸ, ਉਹ ਆਪੇ ਲੈ ਦਊ ਤੈਨੂੰ।"

ਇਹ ਸੁਣ ਕੇ ਰਣਜੀਤ ਨੇ ਸੁਆਲੀਆ ਜਿਹੀਆਂ ਨਜ਼ਰਾਂ ਨਾਲ਼ ਉਨ੍ਹਾਂ ਵੱਲ ਦੇਖਿਆ ਤਾਂ ਸਰਤਾਜ ਨੇ ਹੌਲ਼ੀ ਜਿਹੇ ਕਿਹਾ, "ਡੈਡ, ਸੁਖਰਾਜ ਇਜ਼ ਨਾੱਟ ਗਿਵਿੰਗ ਮੀ ਦ ਟੈਬਲਟ।"

"ਮੈਨੂੰ ਵੀ ਇਹੋ ਹੀ ਕਹਿੰਦਾ ਸੀ ਪਈ ਸੁਖਰਾਜ ਇਹ ਨੂੰ ਖੇਲਣ ਲਈ

ਟੈਬਲਟ ਨਹੀਂ ਦਿੰਦਾ," ਗੁਰਦੇਵ ਕੌਰ ਨੇ ਸਰਤਾਜ ਦੀ ਸ਼ਿਕਾਇਤ ਦੁਹਰਾਈ।

"ਪਰ ਇਹ ਦੇ ਕੋਲ਼ ਤਾਂ ਆਪਣਾ ਟੈਬਲਟ ਐ। ਵੇਅਰ ਇਜ਼ ਯੋਅਰ ਓਨ ਟੈਬਲਟ?" ਰਣਜੀਤ ਨੇ ਗੁਰਦੇਵ ਕੌਰ ਨੂੰ ਦੱਸਦਿਆਂ ਸਰਤਾਜ ਨੂੰ ਪੁੱਛਿਆ।

"ਡੈਡ ਹੀ ਸਕਰੂਡ ਅੱਪ ਹਿਜ਼ ਟੈਬਲਟ, ਨਾਓ ਹੀ ਵਾਂਟਸ ਮਾਈਨ," ਉਨ੍ਹਾਂ ਦੇ ਕੁੱਝ ਬੋਲਣ ਤੋਂ ਪਹਿਲਾਂ ਹੀ ਸੁਖਰਾਜ ਨੇ ਸਫ਼ਾਈ ਦਿੱਤੀ। ਰਣਜੀਤ ਨੇ ਪਿਆਰ ਨਾਲ਼ ਸਰਤਾਜ ਨੂੰ ਕੋਲ ਸੱਦਿਆ ਤਾਂ ਉਹ ਸੰਗਦਾ-ਸੰਗਦਾ ਕੋਲ਼ ਆ ਗਿਆ। ਉਸ ਨੂੰ ਚੁੱਕ ਕੇ ਗੋਦੀ ਵਿੱਚ ਬਿਠਾਉਂਦਿਆਂ ਰਣਜੀਤ ਨੇ ਪੁੱਛਿਆ, "ਵਟ ਹੈਪਨਡ ਟੂ ਯੋਅਰ ਟੈਬਲਟ ਪੁੱਤਰ?"

"ਨੱਟ ਵਰਕਿੰਗ ਡੈਡ," ਸਰਤਾਜ ਨੇ ਰੋਣਹਾਕਾ ਹੋਏ ਨੇ ਹੌਲ਼ੀ ਜਿਹੀ ਕਿਹਾ। ਰਣਜੀਤ ਸਮਝ ਗਿਆ ਕਿ ਉਸ ਨੇ ਆਪਣਾ ਟੈਬਲਟ ਖ਼ਰਾਬ ਕਰ ਲਿਐ, ਪਰ ਡਰਦੇ ਨੇ ਦੱਸਿਆ ਨਹੀਂ। ਹੁਣ ਖੇਡਣ ਲਈ ਉਹ ਵੱਡੇ ਤੋਂ ਉਸ ਦਾ ਟੈਬਲਟ ਮੰਗਦਾ ਹੋਣੈ।

"ਨੋ ਪ੍ਰਾਬਲਮ ਪੁੱਤਰ, ਆਈ ਵਿਲ ਫਿਕਸ ਯੋਅਰ ਟੈਬਲਟ, ਔਰ ਆਈ ਵਿਲ ਬਾਈ ਏ ਨਿਊ ਵਨ ਫਾਰ ਯੂ," ਰਣਜੀਤ ਵੱਲੋਂ ਨਵਾਂ ਟੈਬਲਟ ਲੈ ਕੇ ਦੇਣ ਦਾ ਵਾਅਦਾ ਕਰਨ 'ਤੇ ਸਰਤਾਜ ਖ਼ੁਸ਼ ਹੋ ਗਿਆ, ਪਰ ਸੋਨੀਆ ਇਹ ਸੁਣ ਕੇ ਭੜਕ ਪਈ, "ਕੋਈ ਲੋੜ ਨਹੀਂ ਨਵਾਂ ਟੈਬਲੈਟ ਲੈ ਕੇ ਦੇਣ ਦੀ। ਇੱਕ ਬਥੇਰਾ ਆ। ਵਾਰੀ-ਵਾਰੀ ਖੇਡ ਲਿਆ ਕਰਨਗੇ। ਇਹ ਪੜ੍ਹਨ ਦੀ ਥਾਂ ਖੇਡਣ 'ਚ ਈ ਲੱਗੇ ਰਹਿੰਦੇ ਆ। ਪੜ੍ਹਨ ਲਈ ਵੀ ਤਾਂ ਟੈਮ ਕੱਢਣਾ ਚਾਹੀਦੈ, ਸੋ ਨੋ ਮੋਰ ਨਿਊ ਟੈਬਲਟ।"

ਸਰਤਾਜ ਦਾ ਚਿਹਰਾ ਫਿਰ ਮੁਰਝਾ ਗਿਆ। ਰਣਜੀਤ ਨੂੰ ਵੀ ਅੰਦਰੋ-ਅੰਦਰੀ ਬਹੁਤ ਖਿਝ ਆਈ। ਜਦੋਂ ਵੀ ਬੱਚੇ ਉਸ ਦੇ ਨੇੜੇ ਹੋਣ ਲਗਦੇ ਹਨ, ਸੋਨੀਆ ਟੋਕਾ-ਟਾਕੀ ਕਰ ਕੇ ਸਾਰਾ ਮੂਡ ਖ਼ਰਾਬ ਕਰ ਦਿੰਦੀ ਹੈ। ਸੋਨੀਆ ਦੀ ਇਹ ਆਦਤ ਰਣਜੀਤ ਨੂੰ ਬਹੁਤ ਚੁੱਭਦੀ ਰਹਿੰਦੀ। ਉਹ ਆਪ ਤਾਂ ਨਿਆਣਿਆਂ ਨੂੰ ਜੋ ਮਰਜ਼ੀ ਲਿਆ ਕੇ ਦੇਈ ਜਾਵੇ, ਪਰ ਜੇ ਕਦੇ ਰਣਜੀਤ ਨਿਆਣਿਆਂ ਨੂੰ ਕੁੱਝ ਲੈ ਕੇ ਦੇਣ ਬਾਰੇ ਕਹਿੰਦਾ ਤਾਂ ਉਹ ਝੱਟ ਉਸ ਦਾ ਫ਼ੈਸਲਾ ਰੱਦ ਕਰ ਦਿੰਦੀ। ਰਣਜੀਤ ਨੂੰ ਪਤਾ ਸੀ ਕਿ ਜੇ ਹੁਣ ਉਸ ਨੇ ਸਰਤਾਜ ਨੂੰ ਨਵਾਂ ਟੈਬਲਟ ਲੈ ਕੇ ਦੇਣ ਦੀ ਗੱਲ ਦੁਹਰਾਈ ਤਾਂ ਸੋਨੀਆ ਨੇ ਨਵਾਂ ਸਿਆਪਾ ਪਾ ਕੇ ਬਹਿ ਜਾਣਾ।

"ਸੁਖਰਾਜ, ਪੁੱਤਰ ਥੋੜ੍ਹੇ ਚਿਰ ਲਈ ਆਪਣਾ ਟੈਬਲਟ ਛੋਟੇ ਵੀਰ ਨੂੰ ਦੇ-ਦੇ। ਆਪਾਂ ਬਾਹਰ ਯਾਰਡ ਵਿੱਚ ਬਾਰ-ਬੀਕਿਊ ਕਰਨਾ ਆ, ਤੁਸੀਂ ਫੁੱਟਬਾਲ ਲੈ ਕੇ ਆ ਜਾਇਓ ਬਾਹਰ। ਨਾਲ਼ੇ ਖੇਡਿਓ, ਨਾਲ਼ੇ ਖਾਇਓ-ਪੀਓ। ਓ ਕੇ?" ਰਣਜੀਤ ਨੇ ਸਰਤਾਜ ਨੂੰ ਸਮਝਾਉਤੀ ਦਿੰਦਿਆਂ ਗੱਲ ਪਲਟ ਦਿੱਤੀ।

ਸਾਢੇ ਕੁ ਬਾਰਾਂ ਵਜੇ ਸੋਨੀਆ ਨੇ ਯਾਰਡ ਵਿਚ ਬਾਰ-ਬੀਕਿਊ ਸੈੱਟ ਕਰ

ਦਿੱਤਾ ਅਤੇ ਮੇਜ਼ ਕੁਰਸੀਆਂ ਵੀ ਲਾ ਦਿੱਤੇ। ਰਣਜੀਤ ਵੀਲਚੇਅਰ 'ਤੇ ਹੀ ਬਾਹਰ ਆ ਗਿਆ। ਗੁਰਦੇਵ ਸਿੰਘ ਨੇ ਆਪੇ ਹੀ ਚਿਕਨ ਬਾਰ-ਬੀਕਿਊ ਕਰਨ ਦੀ ਜ਼ਿੰਮੇਵਾਰੀ ਲੈ ਲਈ। ਇਸ ਤੋਂ ਪਹਿਲਾਂ ਇਹੋ ਜਿਹੇ ਮੌਕੇ 'ਤੇ ਇਹ ਕੰਮ ਰਣਜੀਤ ਦੇ ਜ਼ਿੰਮੇ ਹੀ ਹੁੰਦਾ ਸੀ। ਸਾਲ ਪਹਿਲਾਂ ਉਸ ਨੇ ਬੜੇ ਚਾਅ ਨਾਲ਼ ਨਵੀਂ ਬਾਰ-ਬੀਕਿਊ ਗਰਿੱਲ ਲਿਆਂਦੀ ਸੀ। ਭਾਵੇਂ ਰਣਜੀਤ ਸ਼ਰਾਬ ਨਹੀਂ ਪੀਂਦਾ ਸੀ, ਪਰ ਮੀਟ ਖਾ ਲੈਂਦਾ ਸੀ। ਇੰਡੀਆ ਵਿੱਚ ਤਾਂ ਉਹ ਮੀਟ ਵੀ ਨਹੀਂ ਖਾਂਦਾ ਹੁੰਦਾ ਸੀ। ਕੈਨੇਡਾ ਆ ਕੇ ਉਸ ਨੇ ਦੇਖਿਆ ਕਿ ਇੱਥੇ ਤਾਂ ਖਾਧੀ ਜਾਣ ਵਾਲੀ ਹਰ ਦੂਜੀ-ਤੀਜੀ ਸ਼ੈਅ ਕਿਸੇ ਨਾ ਕਿਸੇ ਕਿਸਮ ਦੇ ਮੀਟ ਦੀ ਹੀ ਬਣੀ ਹੁੰਦੀ ਹੈ। ਫਿਰ ਟਰੱਕ 'ਤੇ ਕੰਮ ਕਰਦਿਆਂ ਪੰਜ-ਸੱਤ ਦਿਨ ਘਰੋਂ ਬਾਹਰ ਰਹਿਣਾ ਤਾਂ ਸ਼ਾਕਾਹਾਰੀ ਖਾਣਾ ਲੱਭ-ਲੱਭ ਹੰਭ ਜਾਣਾ। ਇਸ ਕਰ ਕੇ ਉਹ ਮੀਟ ਖਾਣ ਲੱਗ ਪਿਆ ਸੀ।

ਗੁਰਦੇਵ ਸਿੰਘ ਨੇ ਮੀਟ ਗਰਿੱਲ ਵਿੱਚ ਰੱਖਣ ਦੇ ਨਾਲ਼ ਹੀ, ਸੋਨੀਆ ਵੱਲੋਂ ਮੈਰੀਨੇਟ ਕੀਤੀਆਂ ਹੋਈਆਂ ਕੁੱਝ ਸਬਜ਼ੀਆਂ ਵੀ ਰੱਖ ਦਿੱਤੀਆਂ। ਸੋਨੀਆ ਅਤੇ ਉਸ ਦੇ ਨਾਲ਼ ਕੰਮ ਕਰਨ ਵਾਲ਼ੀਆਂ ਸਾਰੀਆਂ ਕੁੜੀਆਂ ਮੀਟ ਖਾ ਲੈਂਦੀਆਂ ਸਨ, ਪਰ ਗਿਆਨ ਕੌਰ ਮੀਟ ਨਹੀਂ ਖਾਂਦੀ ਸੀ। ਇਸੇ ਲਈ ਸੋਨੀਆ ਨੇ ਕੁਝ ਸਬਜ਼ੀਆਂ ਅਤੇ ਫਰੂਟ ਸਲਾਦ ਦਾ ਬੰਦੋਬਸਤ ਕੀਤਾ ਹੋਇਆ ਸੀ।

ਗੁਰਦੇਵ ਸਿੰਘ ਨੇ ਕਰਾਊਨ ਰੌਇਲ ਦੀ ਬੋਤਲ ਕੱਢ ਕੇ ਮੇਜ਼ ਤੇ ਰੱਖ ਦਿੱਤੀ ਅਤੇ ਕੁੱਕਿੰਗ ਕਰਦਾ ਹੋਇਆ ਉਹ, ਰਣਜੀਤ ਨਾਲ਼, ਮੌਸਮ ਦੀਆਂ ਅਤੇ ਸ਼ਹਿਰ ਵਿੱਚ ਹੋ ਰਹੀ ਗੈਂਗਵਾਰ ਦੀਆਂ ਗੱਲਾਂ ਕਰਨ ਲੱਗ ਪਿਆ। ਸੋਨੀਆ ਅਤੇ ਗਿਆਨ ਕੌਰ ਨੇ ਆਪਣੀਆਂ ਕੁਰਸੀਆਂ ਚੁੱਲ੍ਹੇ ਤੋਂ ਰਤਾ ਕੁ ਦੂਰ ਡਾਹੀਆਂ ਹੋਈਆਂ ਸਨ। ਉਹ ਦੋਵੇਂ ਜਣੀਆਂ ਵੀ ਹੌਲ਼ੀ-ਹੌਲ਼ੀ ਆਪੋ ਵਿੱਚ ਗੱਲਾਂ ਕਰਨ ਲੱਗ ਪਈਆਂ। ਸੁਖਰਾਜ ਅਤੇ ਸਰਤਾਜ ਫੁੱਟਬਾਲ ਖੇਡਣ ਲੱਗ ਪਏ। ਗਿਆਨ ਕੌਰ, ਸੋਨੀਆ ਨਾਲ਼ ਗੱਲਾਂ ਕਰਦਿਆਂ ਕਦੇ-ਕਦੇ ਰਣਜੀਤ ਵੱਲ ਬੜੀ ਅਜੀਬ ਜਿਹੀ ਨਜ਼ਰ ਨਾਲ਼ ਦੇਖਦੀ। ਰਣਜੀਤ ਨੇ ਨੋਟ ਕੀਤਾ ਸੀ ਕਿ ਉਸ ਦੇ ਸੱਟ ਲੱਗਣ ਦੇ ਦਿਨੋਂ ਹੀ ਗਿਆਨ ਕੌਰ ਉਸ ਨਾਲ਼ ਅਜੀਬ ਜਿਹਾ ਸਲੂਕ ਕਰਦੀ ਆ ਰਹੀ ਸੀ। ਉਸ ਦੀਆਂ ਨਜ਼ਰਾਂ 'ਚੋਂ ਰਣਜੀਤ ਲਈ ਹਮੇਸ਼ਾ ਇਕ ਤਿਰਸਕਾਰ ਜਿਹਾ, ਕੋਈ ਸ਼ਿਕਾਇਤ ਜਿਹੀ ਝਲਕਦੀ ਰਹਿੰਦੀ ਸੀ। ਰਣਜੀਤ ਨੂੰ ਇਹ ਲੱਗਦਾ ਸੀ ਕਿ ਉਹ ਇਹ ਸਮਝਦੀ ਹੈ ਕਿ ਰਣਜੀਤ ਨੇ ਸੱਟ ਲੁਆ ਕੇ, ਉਹ ਦੀ ਧੀ ਦਾ ਘਰ ਬਰਬਾਦ ਕਰ ਸੁੱਟਿਆ ਹੈ। ਜਦੋਂ ਵੀ ਉਨ੍ਹਾਂ ਦੀਆਂ ਨਜ਼ਰਾਂ ਮਿਲ਼ਣ ਲੱਗਦੀਆਂ, ਰਣਜੀਤ ਉਸ ਤੋਂ ਨਜ਼ਰਾਂ ਚੁਰਾ ਲੈਂਦਾ। ਗੁਰਦੇਵ ਸਿੰਘ ਸਾਊ ਸੁਭਾਅ ਵਾਲ਼ਾ ਬੰਦਾ ਸੀ। ਉਸ ਅੰਦਰ ਕੋਈ ਵਲ਼-ਫ਼ਰੇਬ ਨਹੀਂ ਸੀ।

"ਸੋਨੀਆ, ਪਲਾਸਟਿਕ ਦੀ ਕਿਸੇ ਬਾਲਟੀ ਵਿੱਚ ਬਰਫ਼ ਪਾ ਕੇ ਲਿਆ ਤੇ ਮੇਰੀ ਕਾਰ 'ਚ ਪਏ ਬੀਅਰਾਂ ਦੇ ਬਕਸੇ 'ਚੋਂ ਕੁਛ ਬੀਅਰਾਂ ਉਸ ਬਾਲਟੀ 'ਚ ਰਖ

ਦੇ। ਕੋਈ ਬੀਅਰ ਦਾ ਸ਼ੁਕੀਨ ਹੋਇਆ ਤਾਂ ਬੀਅਰ ਲਾ ਲਊ," ਗੁਰਦੇਵ ਸਿੰਘ ਨੇ ਸੋਨੀਆ ਨੂੰ ਕਿਹਾ।

"ਨਹੀਂ ਡੈਡ, ਓਦਾਂ ਲਾਉਣੀ ਤਾਂ ਕਿਸੇ ਨੇ ਵੀ ਨਹੀਂ ਹੋਣੀ, ਫੇਰ ਵੀ ਮੈਂ ਰੱਖ ਦਿੰਨੀ ਆਂ," ਸੋਨੀਆ ਨੇ ਜਿੱਦਾਂ ਜੁਆਬ ਮੌਕੇ 'ਤੇ ਹੀ ਬਦਲ ਲਿਆ ਸੀ।

ਅੱਧੇ ਕੁ ਘੰਟੇ ਬਾਅਦ ਇੱਕ ਕਾਰ ਘਰ ਅੱਗੇ ਆ ਕੇ ਰੁਕੀ, ਜਿਸ ਵਿੱਚੋਂ ਅਧਖੜ ਉਮਰ ਦੀਆਂ ਦੋ ਔਰਤਾਂ ਨਿੱਕਲ਼ੀਆਂ। ਉਨ੍ਹਾਂ ਨੇ ਖ਼ੂਬਸੂਰਤ ਪਹਿਰਾਵਾ ਪਾਉਣ 'ਚ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡੀ ਹੋਈ ਸੀ। ਇੱਕ ਨੇ ਫਿੱਕੇ ਨੀਲੇ ਰੰਗ ਦੀ ਸਾੜ੍ਹੀ ਲਾਈ ਹੋਈ ਸੀ ਅਤੇ ਦੂਜੀ ਨੇ ਸਲੇਟੀ ਰੰਗ ਦੀ ਡਰੈੱਸ ਪਾਈ ਹੋਈ ਸੀ। ਭਾਵੇਂ ਦੋਹਾਂ ਦੇ ਨੈਣ-ਨਕਸ਼ ਤਿੱਖੇ ਸਨ, ਪਰ ਇੱਕ ਦਾ ਰੰਗ ਰਤਾ ਕੁ ਸਾਉਲ਼ਾ ਸੀ। ਉਨ੍ਹਾਂ ਨੇ ਨੇੜੇ ਆ ਕੇ ਸਾਂਝੀ ਜਿਹੀ 'ਹਲੋ' ਕਹੀ, ਸੋਨੀਆ ਨੇ ਅੱਗੇ ਹੋ ਕੇ ਉਨ੍ਹਾਂ ਦੀ ਜਾਣ-ਪਛਾਣ ਕਰਾਈ, "ਇਹ ਮੇਰੀ ਕੁਲੀਗ ਨੀਨਾ ਏ ਤੇ ਆਹ ਜੈਸ ਏ।" ਇਸ ਦੇ ਨਾਲ਼ ਹੀ ਉਸ ਨੇ ਮੁੜ ਕੇ ਆਪਣੇ ਪਰਿਵਾਰ ਦੇ 'ਕੱਲੇ-'ਕੱਲੇ ਜੀਅ ਵੱਲ ਇਸ਼ਾਰਾ ਕਰ ਕੇ ਸਭ ਦੀ ਇੰਟਰੋਡਕਸ਼ਨ ਕਰਾਈ, "ਇਹ ਮੇਰੇ ਹਸਬੈਂਡ ਰੈਂਡੀ, ਮੇਰੇ ਡੈਡ, ਮੇਰੇ ਮੌਮ ਤੇ ਅਹੁ ਮੇਰੇ ਕਿਡਜ਼ ਸੁਖਰਾਜ ਤੇ ਸਰਤਾਜ।" ਉਨ੍ਹਾਂ ਨੂੰ ਆਇਆਂ ਨੂੰ ਪੰਜ ਮਿੰਟ ਹੀ ਹੋਏ ਸਨ ਕਿ ਇੱਕ ਹੋਰ ਕਾਰ ਆ ਗਈ। ਉਸ ਵਿੱਚੋਂ ਸ਼ੌਕਤ ਦੇ ਨਾਲ਼ ਇੱਕ ਖ਼ੂਬਸੂਰਤ ਕੁੜੀ ਵੀ ਉੱਤਰੀ। ਰਣਜੀਤ ਤਾਂ ਸ਼ੌਕਤ ਨੂੰ ਪਛਾਣਦਾ ਹੀ ਸੀ, ਫਿਰ ਵੀ ਸੋਨੀਆ ਨੇ ਉਨ੍ਹਾਂ ਦੀ ਇੰਟਰੋਡਕਸ਼ਨ ਕਰਾਉਂਦਿਆਂ ਕਿਹਾ, "ਇਹ ਮੇਰੇ ਬੌਸ ਸ਼ੌਕਤ ਭੱਟੀ ਨੇ ਅਤੇ ਇਹ ਸਾਡੀ ਕੁਲੀਗ ਤੇ ਭੱਟੀ ਸਾਹਿਬ ਦੇ ਸਿਸਟਰ-ਇਨ ਲਾਅ ਸਾਇਰਾ ਨੇ।"

ਇੰਟਰੋਡਕਸ਼ਨ ਕਰਾਉਂਦਿਆਂ ਸੋਨੀਆ ਨੇ ਸਾਇਰਾ ਵੱਲ ਬਹੁਤ ਹੀ ਰੁੱਖਾ ਜਿਹਾ ਝਾਕਿਆ ਅਤੇ 'ਸਿਸਟਰ ਇਨ ਲਾਅ' ਕਹਿੰਦਿਆਂ, ਸ਼ਬਦ 'ਸਿਸਟਰ' ਬਹੁਤ ਹੀ ਚਿੱਥ ਕੇ ਕਿਹਾ। ਸ਼ੌਕਤ ਨੇ ਚਿੱਟੀ ਕਮੀਜ਼ ਨਾਲ਼ ਹਲਕੇ ਨੀਲੇ ਰੰਗ ਦਾ ਕੋਟ-ਪੈਂਟ ਪਾਇਆ ਹੋਇਆ ਸੀ ਜਦੋਂ ਕਿ ਸਾਇਰਾ ਨੇ ਹਲਕੇ ਹਰੇ ਰੰਗ ਦਾ ਪਜਾਮੀ ਸੂਟ ਪਾਇਆ ਹੋਇਆ ਸੀ। ਉਹ ਇਸ ਲਿਬਾਸ ਵਿੱਚ ਕਾਫ਼ੀ ਫੱਬ ਰਹੀ ਸੀ। ਸਾਇਰਾ ਨੇ ਰਣਜੀਤ ਨੂੰ 'ਹਲੋ' ਕਹਿਣ ਤੋਂ ਬਾਅਦ ਸੋਨੀਆ ਵੱਲ ਦੇਖਦਿਆਂ ਹੋਇਆਂ ਬੜੇ ਅਜੀਬ ਅੰਦਾਜ਼ ਨਾਲ਼ ਕਿਹਾ, "ਓ ਡੀਅਰ ਸੋਨੀਆ, ਆਈ ਐਮ ਸੋ ਸੌਰੀ ਫ਼ਾਰ ਯੂਅਰ ਹਸਬੈਂਡ। ਹੀ ਇਜ਼ ਵੈਰੀ ਹੈਂਡਸਮ, ਬੱਟ, ਬੈਡ ਲੱਕ।"

ਸੋਨੀਆ ਨੇ ਜੁਆਬ ਵਿਚ ਕੁਝ ਨਾ ਕਿਹਾ ਤੇ ਉਹ ਦੂਜੀਆਂ ਔਰਤਾਂ ਵੱਲ ਦੇਖਣ ਲੱਗ ਪਈ। ਭਾਵੇਂ ਸੋਨੀਆ ਕੁੱਝ ਨਹੀਂ ਬੋਲੀ ਸੀ, ਪਰ ਰਣਜੀਤ ਅੰਦਰੋਂ-ਅੰਦਰੀਂ ਖਿਝ ਰਿਹਾ ਸੀ। ਉਸ ਨੂੰ ਕਦੇ ਵੀ ਤਰਸ ਦਾ ਪਾਤਰ ਬਣਨਾ ਚੰਗਾ ਨਹੀ ਲੱਗਿਆ ਸੀ, ਪਰ ਅਕਸਰ ਹੀ ਉਸ ਨੂੰ ਔਰਤਾਂ ਵੱਲੋਂ ਇਹੋ ਜਿਹਾ ਸਲੂਕ ਸਹਿਣਾ ਪੈਂਦਾ ਸੀ। ਏਨੇ ਚਿਰ ਨੂੰ ਚਿਕਨ ਦਾ ਪਹਿਲਾ ਪੂਰ ਤਿਆਰ ਹੋ

ਗਿਆ। ਸੋਨੀਆ ਨੇ ਚਿਕਨ ਦਾ ਇੱਕ ਪੀਸ ਪਲੇਟ ਵਿੱਚ ਪਾ ਕੇ ਸ਼ੌਕਤ ਨੂੰ ਪੇਸ਼ ਕਰਦਿਆਂ ਕਿਹਾ, "ਲਓ ਭੱਟੀ ਸਾਹਿਬ, ਤੁਸੀਂ ਬਿਸਮਿੱਲਾ ਕਰੋ।"

ਸ਼ੌਕਤ ਵੱਲੋਂ ਪਲੇਟ ਫੜਨ ਤੋਂ ਪਹਿਲਾਂ ਹੀ ਸਾਇਰਾ ਬੋਲ ਪਈ, "ਸੋਨੀਆ ਜੀ ਤੁਸੀਂ ਬਾਕੀ ਮਹਿਮਾਨਾਂ ਦਾ ਖ਼ਿਆਲ ਰੱਖੋ। ਉਹ ਪਹਿਲਾਂ ਦੇ ਆਏ ਹੋਏ ਨੇ।" ਸ਼ੌਕਤ ਨੇ ਵੀ ਇਸ਼ਾਰੇ ਨਾਲ਼ ਸਾਇਰਾ ਦੀ ਹਾਂ ਵਿੱਚ ਹਾਂ ਮਿਲ਼ਾਈ। ਸਾਇਰਾ ਦੀ ਇਸ ਹਰਕਤ 'ਤੇ ਸੋਨੀਆ ਚਿਕਨ ਨਾਲ਼ੋਂ ਵੀ ਵੱਧ ਸੜ-ਭੁੱਜ ਗਈ। ਸਾਇਰਾ ਦੇ ਦਖ਼ਲ ਦੀ ਵਜ੍ਹਾ ਨਾਲ਼ ਸ਼ੌਕਤ ਵੱਲੋਂ ਪਲੇਟ ਨਾ ਫੜਨ ਕਾਰਨ ਸੋਨੀਆ ਨੇ ਉਹ ਪਲੇਟ ਫਿਰ ਮੇਜ਼ ਉੱਤੇ ਰੱਖ ਦਿੱਤੀ। ਉਹ ਹੋਰ ਪਲੇਟਾਂ ਵਿੱਚ ਚਿਕਨ ਅਤੇ ਸਲਾਦ ਪਾ-ਪਾ ਕੇ ਹੋਰਨਾਂ ਨੂੰ ਫੜਾਉਣ ਲੱਗ ਪਈ। ਫਿਰ ਜਦੋਂ ਉਹ ਕੁੱਝ ਲੈਣ ਖ਼ਾਤਰ ਅੰਦਰ ਗਈ ਤਾਂ ਸਾਇਰਾ ਨੇ ਦੋ ਪਲੇਟਾਂ ਵਿੱਚ ਚਿਕਨ ਅਤੇ ਸਲਾਦ ਪਾ ਕੇ, ਇੱਕ ਆਪ ਫੜ ਲਈ ਅਤੇ ਦੂਜੀ ਸ਼ੌਕਤ ਨੂੰ ਫੜਾ ਦਿੱਤੀ। ਅੰਦਰੋਂ ਆ ਕੇ ਜਦੋਂ ਸੋਨੀਆ ਨੇ ਸ਼ੌਕਤ ਤੇ ਸਾਇਰਾ ਦੇ ਹੱਥਾਂ 'ਚ ਪਲੇਟਾਂ ਫੜੀਆਂ ਦੇਖੀਆਂ ਤਾਂ ਉਸ ਨੂੰ ਸਾਇਰਾ ਦੇ ਮਕਸਦ ਦੀ ਪੂਰੀ ਸਮਝ ਆ ਗਈ। ਰਣਜੀਤ ਬਹੁਤ ਖ਼ਾਮੋਸ਼ੀ ਨਾਲ਼ ਮਾਡਰਨ ਯੁੱਗ ਦੀਆਂ ਇਨ੍ਹਾਂ ਦੋ ਔਰਤਾਂ ਦੀ ਇਹ ਖਿੱਚੋਤਾਣ ਦੇਖੀ ਜਾ ਰਿਹਾ ਸੀ। ਉਸ ਨੂੰ ਸ਼ੌਕਤ ਦੀ ਸ਼ਕਲ 'ਵਾਲੀ ਬਾਲ' ਜਿਹੀ ਲੱਗ ਰਹੀ ਸੀ ਅਤੇ ਸੋਨੀਆ ਤੇ ਸਾਇਰਾ ਨੈੱਟ ਦੇ ਦੋਨੋ ਪਾਸੇ ਖੜ੍ਹੀਆਂ ਦਿਸ ਰਹੀਆਂ ਸੀ। ਰਣਜੀਤ ਤੋਂ ਇਹ ਗੱਲ ਗੁੱਝੀ ਨਾ ਰਹੀ ਕਿ ਇਹ ਦੋਵੇਂ ਔਰਤਾਂ ਹੀ ਸ਼ੌਕਤ ਉੱਤੇ ਜਾਲ਼ ਪਾਈ ਰੱਖਣ ਲਈ ਹੀ ਤਰਲੋ-ਮੱਛੀ ਹੋ ਰਹੀਆਂ ਹਨ। ਸ਼ੌਕਤ ਉੱਤੇ ਕਬਜ਼ਾ ਕਰਨ ਦੀ ਵਜ੍ਹਾ ਉਸ ਦਾ ਭਾਰਾ ਬਟੂਆ ਹੀ ਸੀ।

ਗੁਰਦੇਵ ਸਿੰਘ ਨੇ ਸ਼ੌਕਤ ਨੂੰ ਬੀਅਰ ਦੀ ਸੁਲ੍ਹਾ ਮਾਰੀ ਤਾਂ ਸ਼ੌਕਤ ਨੇ ਇੱਕ ਕੈਨ ਫੜ੍ਹ ਲਿਆ। ਇਸ ਦੌਰਾਨ ਹੀ ਗੁਰਦੇਵ ਸਿੰਘ ਨੇ ਕੁਕਿੰਗ ਕਰਦਿਆਂ ਸ਼ੌਕਤ ਨਾਲ਼ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਸ਼ੌਕਤ ਨੂੰ ਤਾਂ ਉਸ ਵੇਲ਼ੇ ਸਾਇਰਾ ਤੇ ਸੋਨੀਆ ਤੋਂ ਹੀ ਵਿਹਲ ਨਹੀਂ ਸੀ। ਰਣਜੀਤ ਨੂੰ ਸੋਨੀਆ 'ਤੇ ਗੁੱਸਾ ਆਉਣ ਦੇ ਨਾਲ਼-ਨਾਲ਼, ਹਾਸਾ ਵੀ ਆ ਰਿਹਾ ਸੀ। ਉਸ ਨੂੰ ਸੋਨੀਆ ਦਾ ਇਸ ਤਰ੍ਹਾਂ ਕਲਪਣਾ ਤੇ ਖਿਝਣਾ ਚੰਗਾ ਲੱਗ ਰਿਹਾ ਸੀ। ਉਸ ਨੂੰ ਸ਼ੌਕਤ ਨਾਲ਼ ਵੀ ਬਹੁਤ ਖੁੰਧਕ ਜਿਹੀ ਆ ਰਹੀ ਸੀ ਕਿ ਇਹ ਇੱਕ ਨੰਬਰ ਦਾ ਤੀਵੀਂਬਾਜ ਆਪਣੀ ਬੀਵੀ ਨੂੰ ਛੱਡ ਕੇ, ਸਾਲ਼ੀ ਨਾਲ਼ ਲਈ ਫਿਰਦਾ ਹੈ ਤੇ ਉਹ ਵੀ ਖੁੱਲ੍ਹੇ-ਆਮ। ਇਸ ਦੇ ਨਾਲ਼ ਹੀ ਉਸ ਨੂੰ ਇਹ ਵੀ ਇਲਮ ਸੀ ਕਿ ਸ਼ੌਕਤ ਦੁਆਲ਼ੇ ਭੂੰਡ-ਗੇੜਾ ਬੰਨ੍ਹੀ ਫਿਰਦੀਆਂ ਇਨ੍ਹਾਂ ਦੋਹਾਂ ਔਰਤਾਂ ਦਾ ਅਸਲ ਮਨੋਰਥ ਕੀ ਹੈ। ਕਦੇ-ਕਦੇ ਉਸ ਨੂੰ ਲੱਗਦਾ ਕਿ ਸ਼ੌਕਤ ਵੀ ਗੁੜ ਦੀ ਉਸ ਭੇਲੀ ਵਰਗਾ ਹੈ, ਜਿਸ ਉੱਤੇ ਮੱਖੀਆਂ ਨੇ ਬੈਠਣਾ ਹੀ ਬੈਠਣਾ ਹੁੰਦਾ ਹੈ।

ਜਦੋਂ ਰਣਜੀਤ ਇਹ ਘਿਨਾਉਣੀ ਜਿਹੀ ਖਿੱਚ-ਧੂਹ ਦੇਖ-ਦੇਖ ਕੇ ਰੱਜ

ਗਿਆ ਤਾਂ ਉਹ ਆਪਣੀ ਵੀਲਚੇਅਰ ਫੁੱਟਬਾਲ ਖੇਡਦੇ ਨਿਆਣਿਆਂ ਵੱਲ ਲੈ ਗਿਆ। ਨਿਆਣਿਆਂ ਨੂੰ ਖੇਡਦੇ ਦੇਖ ਕੇ ਉਸ ਨੇ ਮਹਿਸੂਸ ਕੀਤਾ ਕਿ ਦਸ ਸਾਲ ਦੀ ਉਮਰ ਵਿੱਚ ਵੀ ਸੁਖਰਾਜ ਸੋਹਣਾ ਫੁਟਬਾਲ ਖੇਡ ਰਿਹਾ ਸੀ। ਸਰਤਾਜ ਭਾਵੇਂ ਉਸ ਨਾਲੋਂ ਦੋ ਸਾਲ ਛੋਟਾ ਸੀ, ਪਰ ਉਹ ਵੀ ਆਪਣੀ ਥਾਂ ਠੀਕ ਹੀ ਖੇਡ ਰਿਹਾ ਸੀ। ਉਹ ਦੋਵੇਂ ਹੀ ਲੰਬੀਆਂ ਕਿੱਕਾਂ ਮਾਰਨ ਦੀ ਥਾਂ ਉੱਚੀਆਂ ਕਿੱਕਾਂ ਮਾਰਨ ਦਾ ਮੁਕਾਬਲਾ ਕਰ ਰਹੇ ਸਨ। ਇੱਕ-ਦੋ ਵਾਰ ਜਦੋਂ ਫੁੱਟਬਾਲ ਰਣਜੀਤ ਵੱਲ ਆਇਆ ਤਾਂ ਉਸ ਨੇ ਹੱਥ ਨਾਲ਼ ਫੁੱਟਬਾਲ ਉਨ੍ਹਾਂ ਵੱਲ ਮੋੜ ਦਿੱਤਾ। ਬੱਚਿਆਂ ਨੂੰ ਇਸ ਖੇਡ ਵਿੱਚ ਆਪਣੇ ਬਾਪ ਦੀ ਇਹ ਸ਼ਮੂਲੀਅਤ ਕਾਫ਼ੀ ਚੰਗੀ ਲੱਗੀ ਤੇ ਹੁਣ ਉਹ ਜਾਣ-ਬੁੱਝ ਕੇ ਰਣਜੀਤ ਵੱਲ ਬਾਲ ਸੁੱਟਣ ਲੱਗ ਪਏ।

ਸੋਨੀਆ ਅਤੇ ਉਸ ਦੀਆਂ ਕੁਲੀਗ ਔਰਤਾਂ ਆਪਣੀਆਂ ਗੱਲਾਂ ਵਿੱਚ ਮਸਤ ਸਨ। ਗੁਰਦੇਵ ਸਿੰਘ ਕੁਕਿੰਗ ਕਰੀ ਜਾ ਰਿਹਾ ਸੀ। ਅਚਾਨਕ ਫੁੱਟਬਾਲ ਬਹੁਤ ਜ਼ੋਰ ਨਾਲ਼ ਆ ਕੇ ਸ਼ੌਕਤ ਦੇ ਉਸ ਹੱਥ ਵਿੱਚ ਵੱਜਾ, ਜਿਸ ਵਿੱਚ ਉਸ ਨੇ ਪਲੇਟ ਫੜੀ ਹੋਈ ਸੀ। ਫ਼ੁੱਟਬਾਲ ਵੱਜਣ ਨਾਲ਼ ਉਸ ਦੇ ਹੱਥੋਂ ਪਲੇਟ ਛੁੱਟ ਕੇ ਪਰ੍ਹਾਂ ਜਾ ਡਿੱਗੀ ਤੇ ਪਲੇਟ ਵਿਚਲੀ ਚਟਣੀ, ਚਿਕਨ ਦੇ ਪੀਸ ਅਤੇ ਸਲਾਦ ਉਸ ਦੇ ਮੂੰਹ-ਸਿਰ ਅਤੇ ਕੱਪੜਿਆਂ ਉੱਤੇ ਪੈ ਗਿਆ। ਇਹ ਸਭ ਕੁੱਝ ਇੰਨੀ ਤੇਜ਼ੀ ਨਾਲ਼ ਹੋਇਆ ਕਿ ਕਿਸੇ ਨੂੰ ਪਤਾ ਹੀ ਨਾ ਲੱਗਿਆ ਕਿ ਇਹ ਕਿੱਦਾਂ ਹੋਇਆ। ਜਦੋਂ ਬੱਚਿਆਂ ਨੂੰ ਝਿੜਕਣ ਲਈ ਸੋਨੀਆ ਨੇ ਲਾਅਨ ਵੱਲ ਨਜ਼ਰ ਮਾਰੀ ਤਾਂ ਰਣਜੀਤ ਵੀਲਚੇਅਰ ਤੋਂ ਡਿੱਗਿਆ ਹੋਇਆ ਦਿਸਿਆ। ਨੀਨਾ ਤੇ ਜੈਸ 'ਓ ਮਾਈ ਗਾੱਡ' ਕਹਿੰਦੀਆਂ ਰਣਜੀਤ ਵੱਲ ਦੌੜ ਪਈਆਂ। ਗੁਰਦੇਵ ਸਿੰਘ ਵੀ ਚੁੱਲ੍ਹਾ-ਚੌਂਕਾ ਛੱਡ ਕੇ ਰਣਜੀਤ ਨੂੰ ਚੁੱਕਣ ਲਈ ਅਹੁਲ਼ਿਆ। ਸਰਤਾਜ ਅਤੇ ਸੁਖਰਾਜ ਸਹਿਮੇ ਜਿਹੇ ਇੱਕ ਪਾਸੇ ਖੜ੍ਹੇ ਸਨ। ਸਾਇਰਾ ਅਤੇ ਸੋਨੀਆ, ਰਣਜੀਤ ਦੀ ਪ੍ਰਵਾਹ ਕੀਤੇ ਬਗ਼ੈਰ, ਟੀਸ਼ੂ ਪੇਪਰਾਂ ਨਾਲ਼ ਸ਼ੌਕਤ ਦੇ ਕੱਪੜੇ ਅਤੇ ਸਿਰ-ਮੂੰਹ ਸਾਫ਼ ਕਰਨ ਲੱਗ ਪਈਆਂ। ਗ਼ੁੱਸੇ ਵਿੱਚ ਸੋਨੀਆ ਬੋਲੀ ਵੀ ਜਾ ਰਹੀ ਸੀ, "ਭਲਾ ਇਹ ਕੋਈ ਜਗ੍ਹਾ ਹੈ ਫੁੱਟਬਾਲ ਖੇਡਣ ਦੀ? ਐਵੇਂ ਈ ਰੈਂਡੀ ਨੇ ਚੁੱਕ ਕੇ ਫ਼ੁੱਟਬਾਲ ਨਿਆਣਿਆਂ ਨੂੰ ਫੜਾ ਦਿੱਤਾ। ਸਭ ਕੁਝ ਮੈਸਅੱਪ ਕਰ ਕੇ ਰੱਖ ਦਿੱਤਾ ਚੰਦਰਿਆਂ ਨੇ। ਐਮ ਸੋ ਸੌਰੀ ਭੱਟੀ ਸ੍ਹਾਬ, ਤੁਹਾਡੇ ਕੱਪੜੇ ਖ਼ਰਾਬ ਹੋ ਗਏ।"

ਅੰਦਰੋਂ ਤਾਂ ਸ਼ੌਕਤ ਕਾਫ਼ੀ ਖਿਝਿਆ ਹੋਇਆ ਸੀ, ਪਰ ਉੱਪਰੋਂ-ਉੱਪਰੋਂ ਇਹ ਕਹੀ ਜਾ ਰਿਹਾ ਸੀ, "ਇਟਸ ਓ ਕੇ ਸੋਨੀਆ ਜੀ, ਕੋਈ ਗੱਲ ਨ੍ਹੀ, ਹੋ ਜਾਂਦਾ ਕਦੇ-ਕਦੇ, ਬੱਚੇ ਤਾਂ ਬੱਚੇ ਨੇ ਆਖ਼ਰ।"

ਦੋਹਾਂ ਔਰਤਾਂ ਦੀ ਮਦਦ ਨਾਲ਼ ਗੁਰਦੇਵ ਸਿੰਘ ਨੇ ਰਣਜੀਤ ਨੂੰ ਚੁੱਕ ਕੇ ਵੀਲਚੇਅਰ 'ਤੇ ਬਿਠਾਇਆ। ਰਣਜੀਤ ਦਾ ਚਿਹਰਾ ਲਾਲ ਜਿਹਾ ਹੋਇਆ ਦਿਸਦਾ ਸੀ। ਕਿਸੇ ਨੂੰ ਪਤਾ ਨਹੀਂ ਸੀ ਕਿ ਚਿਹਰੇ ਦੀ ਲਾਲੀ ਦੀ ਵਜ੍ਹਾ ਉਸ ਦਾ ਵੀਲਚੇਅਰ ਤੋਂ ਡਿੱਗਣਾ ਸੀ ਜਾਂ ਸ਼ੌਕਤ ਦੀ ਦੁਰਗਤ ਹੋਣ ਦੀ ਖ਼ੁਸ਼ੀ। ਗੁਰਦੇਵ ਸਿੰਘ ਨੇ

ਬੱਚਿਆਂ ਵੱਲ ਦੇਖਦੇ ਹੋਏ ਸੁਖਰਾਜ ਨੂੰ ਕਿਹਾ, "ਪੁੱਤ ਹੁਣ ਹੋਰ ਨਾ ਖੇਡਿਓ ਏਥੇ। ਦੇਖ ਤੇਰੇ ਡੈਡੀ ਦੇ ਹੋਰ ਸੱਟ ਲੱਗ ਚੱਲੀ ਸੀ ਤੇ ਏਧਰ ਤੇਰੇ ਅੰਕਲ ਦੇ ਕੱਪੜੇ ਵੀ ਖ਼ਰਾਬ ਹੋ ਗਏ।" ਇਹ ਸੁਣ ਕੇ ਬੱਚੇ ਅੰਦਰ ਚਲੇ ਗਏ। ਰਣਜੀਤ ਵੀ ਉਨ੍ਹਾਂ ਦੇ ਮਗਰ ਹੀ ਅੰਦਰ ਚਲੇ ਗਿਆ। ਪੰਜ-ਸੱਤ ਮਿੰਟ ਬਾਅਦ ਜਦੋਂ ਫਿਰ ਟਿਕ-ਟਿਕਾਅ ਹੋ ਗਿਆ ਤਾਂ ਗੁਰਦੇਵ ਸਿੰਘ ਦੁਬਾਰਾ ਕੁਕਿੰਗ ਕਰਨ ਲੱਗ ਪਿਆ। ਨੀਨਾ ਗੱਲ ਤੋਰਨ ਦੀ ਮਨਸ਼ਾ ਨਾਲ਼ ਹੱਸਦਿਆਂ ਹੋਇਆਂ ਕਹਿਣ ਲੱਗੀ, "ਸੋਨੀਆ, ਆਪਣੇ ਮੁੰਡੇ ਨੂੰ ਕਿਸੇ ਸਾੱਕਰ ਦੀ ਟੀਮ 'ਚ ਪਾ ਦੇ, ਕਿੱਕਾਂ ਦੇਖ ਲਾ ਕਿੱਦਾਂ ਦੀਆਂ ਮਾਰਦੈ। ਇੱਕੋ ਕਿੱਕ ਨਾਲ਼ ਦੋ ਜਣੇ ਹਿੱਟ ਕਰ ਮਾਰੇ। ਰੈਂਡੀ ਨੂੰ ਵੀ ਉਲ਼ੱਦ ਸੁੱਟਿਆ ਤੇ ਭੱਟੀ ਸਾਹਿਬ ਦੀ ਪਲੇਟ ਵੀ ਉੜਾ ਦਿੱਤੀ।" ਨੀਨਾ ਦੀ ਗੱਲ ਸੁਣ ਕੇ ਸ਼ੌਕਤ ਨੇ ਵੀ ਕਿਹਾ, "ਹਾਂ ਯਾਰ, ਕਿੱਕ ਤਾਂ ਵਾਕਿਆ ਈ ਜ਼ਬਰਦਸਤ ਸੀ। ਤੁਸੀਂ ਸੋਚੋ ਪਈ ਜਿਸ ਕਿੱਕ ਨੇ ਬੰਦਾ ਵੀਲਚੇਅਰ ਤੋਂ ਸੁੱਟ ਲਿਆ, ਉਸ ਅੱਗੇ ਮੇਰੀ ਪਲੇਟ ਦੀ ਕੀ ਔਕਾਤ ਸੀ।"

"ਹਾਂ ਬੱਚੇ ਵਿੱਚ ਟੇਲੈਂਟ ਤਾਂ ਹੈ। ਬਹੁਤੀ ਵਾਰ ਬੱਚਿਆਂ ਦਾ ਇਹੋ ਜਿਹਾ ਟੇਲੈਂਟ ਅਣਗੌਲ਼ਿਆ ਹੀ ਚਲਿਆ ਜਾਂਦੈ। ਕਿਉਂ ਕਿ ਮਾਪਿਆਂ ਨੂੰ ਉਨ੍ਹਾਂ ਵੱਲ ਦੇਖਣ ਦੀ ਫ਼ੁਰਸਤ ਹੀ ਨਹੀਂ ਹੁੰਦੀ," ਸਾਇਰਾ ਨੇ ਸ਼ੌਕਤ ਦੀ ਗੱਲ ਦਾ ਹੁੰਗਾਰਾ ਭਰਦਿਆਂ ਸੋਨੀਆ ਵੱਲ ਸ਼ਬਦੀ ਤੀਰ ਛੱਡਿਆ। ਸੋਨੀਆ ਸਾਇਰਾ ਦਾ ਕਮੈਂਟ ਸੁਣ ਕੇ ਧੁਰ ਅੰਦਰ ਤੀਕ ਸੜ-ਭੁੱਜ ਗਈ।

ਰਣਜੀਤ ਫਿਰ ਆਪਣੇ ਕਮਰੇ ਅੰਦਰ ਆ ਗਿਆ ਤੇ ਬਾਹਰ ਪਾਰਟੀ ਜਿਉਂ ਦੀ ਤਿਉਂ ਜਾਰੀ ਰਹੀ। ਉਸ ਨੂੰ ਖਿੜਕੀ ਰਾਹੀਂ ਪਾਰਟੀ ਦਾ ਸਾਰਾ ਦ੍ਰਿਸ਼ ਦਿਸ ਰਿਹਾ ਸੀ। ਸ਼ੌਕਤ ਨੇ ਦੋ-ਤਿੰਨ ਬੀਅਰਾਂ ਪੀ ਲਈਆਂ ਲੱਗਦੀਆਂ ਸਨ ਜਾਂ ਫਿਰ ਗੁਰਦੇਵ ਸਿੰਘ ਨੇ ਉਸ ਨੂੰ ਇੱਕ ਅੱਧਾ ਪੈੱਗ ਲੁਆ ਦਿੱਤਾ ਹੋਵੇਗਾ। ਹੁਣ ਉਹ ਬਹੁਤਾ ਹੀ ਖਿੜਿਆ ਹੋਇਆ ਲੱਗ ਰਿਹਾ ਸੀ। ਉਸ ਦੇ ਠਹਾਕੇ ਉੱਚੇ ਹੋ ਗਏ ਸਨ। ਉਹ ਗੱਲਾਂ ਕਰਦਾ-ਕਰਦਾ ਕਈ ਵਾਰ ਸੋਨੀਆ ਦੁਆਲ਼ੇ ਬਾਂਹ ਵਲ਼ ਲੈਂਦਾ ਤੇ ਕਦੇ ਸਾਇਰਾ ਦੁਆਲ਼ੇ। ਇਹ ਸਭ ਕੁੱਝ ਦੇਖ ਕੇ ਵੀ ਰਣਜੀਤ ਦੇ ਮੱਥੇ ਇੱਕ ਵੀ ਵੱਟ ਨਹੀ ਪਿਆ ਸੀ ਕਿਉਂ ਕਿ ਉਸ ਦੇ ਮੁਤਾਬਕ ਅੱਜ ਜੋ ਵੀ ਹੋ ਰਿਹਾ ਸੀ ਕਮਾਲ ਦਾ ਹੋ ਰਿਹਾ ਸੀ।

ਜਦੋਂ ਉਹ ਡਿੱਗਣ ਤੋਂ ਪਹਿਲਾਂ ਬਾਹਰ ਬੱਚਿਆਂ ਨਾਲ਼ ਖੇਡਦਿਆਂ, ਸ਼ੌਕਤ ਵੱਲ ਦੇਖਦਾ ਸੀ ਤਾਂ ਰਹਿ-ਰਹਿ ਕੇ ਉਸ ਦੇ ਅੰਦਰ ਗ਼ੁੱਸੇ ਦੇ ਉਬਾਲ਼ ਉੱਠ ਰਹੇ ਸਨ ਤੇ ਉਸ ਦਾ ਚਿੱਤ ਕਰਦਾ ਸੀ ਕਿ ਉਹ ਸ਼ੌਕਤ ਨੂੰ ਵਾਲ਼ਾਂ ਤੋਂ ਫੜ ਕੇ ਉਸ ਦੇ ਮੂੰਹ ਉੱਤੇ ਦੋ ਲਫੇੜੇ ਜੜ ਦੇਵੇ। ਫਿਰ ਪਤਾ ਨਹੀਂ ਕਿਹੜੇ ਵੇਲੇ ਸਰਤਾਜ ਦੀ ਕਿੱਕ ਨਾਲ਼, ਬਾਲ ਉਸ ਦੇ ਪੈਰਾਂ ਵੱਲ ਆ ਗਿਆ ਤੇ ਉਸ ਦਾ ਚਿੱਤ ਕੀਤਾ ਕਿ ਉਹ ਇਸ ਬਾਲ ਨੂੰ ਧਰਤੀ 'ਤੇ ਲੱਗਣ ਦੇਣ ਦੀ ਥਾਂ ਉਸ ਨੂੰ ਕਿੱਕ ਮਾਰ ਕੇ ਸ਼ੌਕਤ ਨੂੰ ਉੜਾ ਦੇਵੇ। ਫਿਰ ਅੱਖ ਦੇ ਫ਼ੋਰ ਵਿੱਚ ਹੀ, ਉਸ ਨੇ ਜੋ ਸੋਚਿਆ ਸੀ,

ਉਹ ਕਰ ਹੀ ਦਿੱਤਾ। ਵੀਲਚੇਅਰ ਤੇ ਬੈਠਿਆਂ-ਬੈਠਿਆਂ ਉਸ ਨੇ ਬਾਲ ਨੂੰ ਏਨੇ ਜ਼ੋਰ ਨਾਲ਼ ਕਿੱਕ ਮਾਰੀ ਕਿ ਬਾਲ ਸ਼ੌਕਤ ਦੇ ਪਲੇਟ ਵਾਲ਼ੇ ਹੱਥ ਵਿੱਚ ਟਕਰਾਇਆ ਤੇ ਉਸ ਦੀ ਪਲੇਟ ਉਸ ਦਾ ਹੁਲੀਆ ਖ਼ਰਾਬ ਕਰਦਿਆਂ ਦੂਰ ਤੱਕ ਹਵਾ ਵਿੱਚ ਉੱਡਦੀ ਚਲੇ ਗਈ। ਰਣਜੀਤ ਅੰਦਰ ਏਨੀ ਤਾਕਤ ਪਤਾ ਨਹੀਂ ਕਿੱਥੋਂ ਆ ਗਈ ਸੀ ਕਿ ਉਸ ਨੇ ਫ਼ੁੱਟਬਾਲ ਨੂੰ ਇੰਨੇ ਜ਼ੋਰ ਨਾਲ਼ ਕਿੱਕ ਮਾਰੀ ਕਿ ਕਿੱਕ ਮਾਰਦੇ ਸਾਰ ਹੀ ਉਹ ਆਪ ਵੀ ਵੀਲਚੇਅਰ ਤੋਂ ਡਿੱਗ ਪਿਆ। ਸਭ ਤੋਂ ਸੁਆਦਲੀ ਗੱਲ ਇਹ ਸੀ ਕਿ ਪਾਰਟੀ ਵਿੱਚ ਹਾਜ਼ਰ ਕਿਸੇ ਵੀ ਵਿਅਕਤੀ ਨੂੰ ਇਸ ਗੱਲ ਦਾ ਖ਼ਿਆਲ ਤੱਕ ਨਹੀਂ ਆਇਆ ਕਿ ਸ਼ੌਕਤ ਦਾ ਹੁਲੀਆ ਵਿਗਾੜਨ ਵਾਲ਼ੀ ਕਿੱਕ ਸੁਖਰਾਜ ਨੇ ਨਹੀਂ, ਰਣਜੀਤ ਨੇ ਮਾਰੀ ਸੀ।

ਰਣਜੀਤ ਨੇ ਅੰਦਰ ਬੈਠਿਆਂ-ਬੈਠਿਆਂ ਇੱਕ ਵਾਰ ਫਿਰ ਆਪਣੀ ਲੱਤ, ਕਿੱਕ ਮਾਰਨ ਵਾਂਗ ਹਵਾ ਵਿੱਚ ਉਛਾਲ਼ਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੀ ਲੱਤ ਨਾ ਉੱਠੀ। ਫਿਰ ਉਸ ਨੇ ਜ਼ੋਰ ਲਾ ਕੇ ਪੈਰਾਂ ਦੀਆਂ ਉਂਗਲ਼ੀਆਂ ਹਿਲਾਉਣ ਦੀ ਕੋਸ਼ਿਸ਼ ਕੀਤੀ ਤਾਂ ਉਂਗਲਾਂ ਵਿੱਚ ਹਰਕਤ ਹੋਈ। ਉਸ ਨੇ ਹੱਥਾਂ ਦੀ ਮਦਦ ਨਾਲ਼ ਆਪਣੀ ਲੱਤ ਚੁੱਕ ਕੇ, ਆਪਣਾ ਪੈਰ ਫ਼ਰਸ਼ 'ਤੇ ਟਿਕਾਇਆ ਤਾਂ ਉਸ ਦੇ ਪੈਰ ਨੂੰ ਫਰਸ਼ ਦੀ ਠੰਢਕ ਜਿਹੀ ਮਹਿਸੂਸ ਹੋਈ। ਉਸ ਦੇ ਮੂੰਹੋਂ ਆਪ ਮੁਹਾਰੇ ਹੀ 'ਹੇ ਵਾਹਿਗੁਰੂ' ਨਿੱਕਲ਼ ਗਿਆ। ਇਸ ਦੇ ਨਾਲ਼ ਹੀ ਉਸ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ। ਹੁਣ ਉਹ ਘੜੀ-ਘੜੀ ਆਪਣੇ ਪੈਰਾਂ ਦੀਆਂ ਉਂਗਲ਼ਾਂ ਹਿਲਾ ਰਿਹਾ ਸੀ। ਉਸ ਨੂੰ ਲੱਗਦਾ ਸੀ, ਜਿੱਦਾਂ ਮਰੀਆਂ ਹੋਈਆਂ ਉਂਗਲ਼ਾਂ ਜੀਂਦੀਆਂ ਹੋ ਕੇ ਉਸ ਨਾਲ਼ ਗੱਲਾਂ ਕਰ ਰਹੀਆਂ ਹੋਣ। ਉਸ ਨੂੰ ਇਹ ਵੀ ਲੱਗਿਆ ਕਿ ਇਹ ਉਂਗਲ਼ਾਂ ਹੁਣ ਬਹੁਤ ਆਗਿਆਕਾਰ ਹੋ ਗਈਆਂ ਹਨ ਕਿਉਂ ਕਿ ਉਹ ਉਨ੍ਹਾਂ ਨੂੰ ਜਿੱਧਰ ਨੂੰ ਵੀ ਹਿਲਾਉਂਦਾ ਸੀ, ਉਹ ਓਧਰ ਨੂੰ ਹੀ ਮੁੜ ਜਾਂਦੀਆਂ ਸਨ। ਫਿਰ ਉਸ ਨੂੰ ਇਹ ਹਰਕਤਾਂ ਕਰਦਿਆਂ ਕੁੱਝ ਥਕਾਵਟ ਜਿਹੀ ਮਹਿਸੂਸ ਹੋਣ ਲੱਗ ਪਈ।

ਲੱਗਦਾ ਸੀ ਬਾਹਰ ਪਾਰਟੀ ਵਿੱਚ ਸਰੂਰ ਤੇ ਸ਼ੋਰ ਦੋਵੇਂ ਹੀ ਵਧਦੇ ਜਾ ਰਹੇ ਸਨ। ਸ਼ੌਕਤ ਦਾ ਹਾਸਾ, ਗੁਰਦੇਵ ਸਿੰਘ ਦੇ ਹਾਸੇ ਵਿੱਚ ਰਲ਼ੀ ਜਾਂਦਾ ਸੀ ਤੇ ਔਰਤਾਂ ਦਾ ਹਾਸਾ ਆਪਣੀ ਥਾਂ ਉੱਚਾ ਹੋ ਗਿਆ ਸੀ। ਉਸ ਨੇ ਦੇਖਿਆ ਕਿ ਹੁਣ ਜੈਸ ਅਤੇ ਨੀਨਾ ਦੇ ਹੱਥੀਂ ਵੀ ਬੀਅਰ ਦੇ ਕੈਨ ਫੜੇ ਹੋਏ ਸਨ। ਉਸ ਨੂੰ ਸਮਝ ਆ ਗਈ ਸੀ ਕਿ ਬੀਬੀਆਂ ਦਾ ਹਾਸਾ ਉੱਚਾ ਹੋਣ ਦੀ ਵਜ੍ਹਾ ਕੀ ਸੀ। ਓਦਾਂ ਸੋਨੀਆ ਨੇ ਤਾਂ ਕਿਹਾ ਸੀ ਕਿ ਇਹ ਬੀਬੀਆਂ ਪੀਂਦੀਆਂ ਨਹੀਂ। ਰਣਜੀਤ ਨੂੰ ਇਹ ਗੱਲ ਸਮਝਣ ਦੀ ਲੋੜ ਵੀ ਨਹੀਂ ਸੀ ਕਿ ਸੋਨੀਆ ਨੇ ਝੂਠ ਬੋਲਿਆ ਸੀ ਜਾਂ ਉਸ ਨੂੰ ਇਸ ਬਾਰੇ ਪਤਾ ਹੀ ਨਹੀਂ ਸੀ। ਕੀ ਪਤਾ ਸੋਨੀਆ ਵੀ ਕਿਸੇ ਪਾਰਟੀ 'ਚ ਇੱਕ-ਅੱਧੀ ਬੀਅਰ ਲਾ ਲੈਂਦੀ ਹੋਵੇ। ਆਪਣੇ ਮਰਦ ਤੋਂ ਦੂਰ ਹੋ ਕੇ ਔਰਤ, ਨਵੇਂ-ਨਵੇਂ ਤਜਰਬੇ ਕਰਨ ਲੱਗ ਪੈਂਦੀ ਹੈ। ਅੱਜ ਤਾਂ ਗੁਰਦੇਵ ਸਿੰਘ ਅਤੇ ਗਿਆਨ ਕੌਰ ਦੀ ਹਾਜ਼ਰੀ ਵਿਚ ਉਹ ਉਨ੍ਹਾਂ ਦੀ ਸਚਿਆਰੀ ਧੀ ਬਣੀ ਹੋਈ ਸੀ। ਪਾਰਟੀ ਵਿੱਚ ਪੈਂਦੇ

ਰੌਲ਼ੇ-ਗੌਲ਼ੇ ਤੋਂ ਉਸ ਨੂੰ ਲੱਗ ਰਿਹਾ ਸੀ ਜਿਵੇਂ ਬਾਹਰ ਭੂਤ ਨੱਚਦੇ ਹੋਣ। ਜੇ ਅੱਜ ਇਹ 'ਕਿੱਕ ਵਾਲ਼ਾ ਕੌਤਕ' ਨਾ ਹੋਇਆ ਹੁੰਦਾ ਤਾਂ ਇਹ ਰੌਲ਼ਾ-ਰੱਪਾ ਸ਼ਾਇਦ ਰਣਜੀਤ ਲਈ ਹਜ਼ਮ ਕਰਨਾ ਔਖਾ ਹੋ ਜਾਂਦਾ।

ਓਸੇ ਵਕਤ ਰਣਜੀਤ ਨੇ ਖਿੜਕੀ ਥਾਣੀ ਬਾਹਰ ਨਿਗਾਹ ਮਾਰੀ ਤਾਂ ਉਸ ਨੂੰ ਸਾਇਰਾ ਘਰ ਅੰਦਰ ਆਉਂਦੀ ਦਿਸੀ। ਸ਼ਾਇਦ ਉਸ ਨੇ ਵਾਸ਼ਰੂਮ ਜਾਣਾ ਸੀ। ਵਾਸ਼ਰੂਮ ਪਹਿਲੀ ਫਲੋਰ ਉੱਤੇ ਸੀ। ਰਣਜੀਤ ਨੇ ਦੇਖਿਆ ਕਿ ਸਾਇਰਾ ਦੇ ਉੱਠ ਕੇ ਅੰਦਰ ਜਾਣ ਮਗਰੋਂ ਸੋਨੀਆ, ਸ਼ੌਕਤ ਦੇ ਨੇੜੇ ਹੋ ਕੇ ਉਸ ਨੂੰ ਕੋਈ ਸਮਝਾਉਤੀਆਂ ਦੇ ਰਹੀ ਸੀ। ਰਣਜੀਤ ਨੂੰ ਇਹ ਵੀ ਲੱਗਿਆ ਕਿ ਉਹ ਜ਼ਰੂਰ ਸਾਇਰਾ ਬਾਰੇ ਹੀ ਅਬਾ-ਤਬਾ ਬੋਲਦੀ ਹੋਵੇਗੀ। ਸੋਨੀਆ ਵਰਗੀਆਂ ਔਰਤਾਂ ਆਪਣੇ ਜਾਲ਼ 'ਚ ਫਸੇ ਬੇਗਾਨੇ ਮਰਦ ਉੱਤੇ ਵੀ ਪੂਰਾ ਹੀ ਕਬਜ਼ਾ ਭਾਲ਼ਦੀਆਂ ਹੁੰਦੀਆਂ ਹਨ। ਰਣਜੀਤ ਦੇ ਕਮਰੇ ਦੇ ਢੋਏ ਹੋਏ ਦਰਵਾਜ਼ੇ ਉੱਤੇ ਦਸਤਕ ਦੀ ਆਵਾਜ਼ ਆਈ ਤਾਂ ਉਸ ਦਾ ਧਿਆਨ ਆਪਣੇ ਕਮਰੇ ਦੇ ਦਰਵਾਜ਼ੇ ਵੱਲ ਗਿਆ। ਉਸ ਵੱਲੋਂ 'ਕਮ-ਇਨ' ਕਹਿਣ 'ਤੇ ਸਾਇਰਾ ਅੰਦਰ ਆਈ।

"ਸਾਇਰਾ ਜੀ, ਵਾਸ਼ਰੂਮ ਤਾਂ ਪਹਿਲੀ ਫਲੋਰ 'ਤੇ ਵੀ ਹੈ। ਪੌੜੀਆਂ ਦੇ ਨਾਲ਼ ਸੱਜੇ ਹੱਥ," ਰਣਜੀਤ ਨੇ ਸਾਇਰਾ ਦੇ ਆਉਂਦੇ ਸਾਰ ਹੀ ਕਿਹਾ, ਕਿਉਂ ਕਿ ਉਸ ਨੂੰ ਲੱਗਿਆ ਸੀ ਕਿ ਸ਼ਾਇਦ ਸਾਇਰਾ ਨੂੰ ਵਾਸ਼ਰੂਮ ਨਹੀਂ ਲੱਭ ਰਿਹਾ ਤੇ ਉਹ ਵਾਸ਼ਰੂਮ ਲੱਭਦੀ ਹੀ ਉਸ ਦੇ ਕਮਰੇ ਵਿੱਚ ਆ ਗਈ ਹੈ।

"ਯੈਸ ਆਈ ਨੋ ਮਿਸਟਰ ਰਣਜੀਤ। ਮੈਂ ਤਾਂ ਤੁਹਾਨੂੰ ਵੇਖਣ ਆਈ ਹਾਂ। ਤੁਹਾਡੇ ਡਿੱਗਣ ਨਾਲ਼ ਕੋਈ ਸੱਟ ਤਾਂ ਨਹੀਂ ਲੱਗੀ? ਤੁਸੀਂ ਠੀਕ ਓ ਨਾ?" ਸਾਇਰਾ ਨੇ ਸੁਆਲ ਪੁੱਛਿਆ।

"ਆਈ ਐਮ ਫਾਈਨ ਸਾਇਰਾ, ਥੈਂਕਸ ਫਾਰ ਆਸਕਿੰਗ," ਰਣਜੀਤ ਨੇ ਜੁਆਬ ਦਿੱਤਾ।

"ਨਾਈਸ ਰੂਮ," ਸਾਇਰਾ ਨੇ ਕਮਰੇ ਵਿੱਚ ਨਜ਼ਰਾਂ ਘੁਮਾਉਂਦਿਆਂ ਕਿਹਾ।

"ਸੋ ਨਾਈਸ ਔਫ ਯੂ," ਰਣਜੀਤ ਨੇ ਫਿਰ ਜੁਆਬ ਦਿੱਤਾ।

ਹੁਣ ਸਾਇਰਾ ਵੀ ਖਿੜਕੀ ਰਾਹੀਂ ਬਾਹਰ ਲਾਅਨ ਵੱਲ ਦੇਖਣ ਲੱਗ ਪਈ। ਫਿਰ ਉਹ ਇੱਕ ਨਜ਼ਾਕਤ ਜਿਹੀ ਨਾਲ਼ ਕਹਿਣ ਲੱਗੀ,"ਤੁਹਾਨੂੰ ਨਹੀਂ ਲਗਦਾ ਰਣਜੀਤ ਕਿ ਤੁਹਾਡੀ ਬੀਵੀ ਆਪਣੇ ਬੌਸ ਉੱਤੇ ਕੁਝ ਜ਼ਿਆਦਾ ਹੀ ਮਿਹਰਬਾਨ ਹੋ ਰਹੀ ਏ? ਵੇਖੋ ਕਿਵੇਂ ਉਸ ਦੇ ਮੂੰਹ ਨਾਲ਼ ਮੂੰਹ ਲਾ ਕੇ ਨਸੀਹਤਾਂ ਜਿਹੀਆਂ ਕਰਨ ਲੱਗੀ ਹੋਈ ਏ।"

"ਜੀ ਸਾਇਰਾ ਜੀ, ਅਕਸਰ ਹੀ ਲੋਕ ਆਪਣੇ ਬੌਸ ਨੂੰ ਇੰਪਰੈਸ ਕਰਨ ਦੀਆਂ ਕੋਸ਼ਿਸ਼ਾਂ ਕਰਦੇ ਰਹਿੰਦੇ ਨੇ। ਸ਼ਾਇਦ ਸੋਨੀਆ ਵੀ ਇਹੋ ਕੁਛ ਕਰ ਰਹੀ ਏ," ਰਣਜੀਤ ਨੇ ਲਾਅਨ ਵੱਲੋਂ ਮੂੰਹ ਫੇਰਦਿਆਂ ਉੱਤਰ ਦਿੱਤਾ।

"ਪਰ ਮੈਨੂੰ ਤਾਂ ਬੌਸ ਅਤੇ ਵਰਕਰ ਦੇ ਰਿਸ਼ਤੇ ਤੋਂ ਉੱਪਰ ਕੁੱਝ ਵੱਖਰਾ ਈ

ਨਜ਼ਰ ਆ ਰਿਹਾ ਏ। ਤੁਹਾਡਾ ਕੀ ਖ਼ਿਆਲ ਏ?" ਸਾਇਰਾ ਨੇ ਦੂਜਾ ਤੀਰ ਛੱਡਿਆ।

"ਸਾਇਰਾ ਜੀ, ਰਤਾ ਕੁ ਗਹੁ ਨਾਲ਼ ਦੇਖੀਏ ਤਾਂ ਬੜਾ ਕੁੱਝ ਨਜ਼ਰ ਆਉਣ ਲੱਗ ਜਾਂਦਾ ਏ। ਤੁਹਾਡਾ ਬੌਸ ਤੁਹਾਡਾ ਜੀਜਾ ਵੀ ਏ, ਪਰ ਤੁਸੀਂ ਵੀ ਉਸ ਦਾ ਖ਼ਿਆਲ, ਉਸ ਦੀ ਬੀਵੀ ਵਾਂਗ ਹੀ ਰੱਖ ਰਹੇ ਹੋ। ਮੈਨੂੰ ਤਾਂ ਤੁਹਾਡੇ ਅਤੇ ਸੋਨੀਆ ਵਿਚਾਲ਼ੇ ਭੋਰਾ ਵੀ ਫ਼ਰਕ ਨਹੀਂ ਦਿਸਦਾ। ਉਹ ਤੁਹਾਡੇ ਦੋਹਾਂ ਵਿੱਚੋਂ ਕਿਸੇ ਦਾ ਵੀ ਹਸਬੈਂਡ ਨਹੀਂ ਏ, ਫਿਰ ਵੀ ਏਦਾਂ ਲਗਦਾ ਏ ਕਿ ਉਸ ਦੀਆਂ ਦੋ ਪਤਨੀਆਂ ਉਸ ਦੇ ਆਲ਼ੇ-ਦੁਆਲ਼ੇ ਮੰਡਰਾ ਰਹੀਆਂ ਹੋਣ," ਰਣਜੀਤ ਨੇ ਮੁਸਕਰਾਉਂਦਿਆਂ ਕਿਹਾ। ਰਣਜੀਤ ਦੀ ਸਿੱਧੀ ਤੇ ਤਲਖ ਗੱਲ ਸੁਣ ਕੇ ਸਾਇਰਾ ਹਿੱਲ ਜਿਹੀ ਗਈ। ਉਸ ਦੇ ਚਿੱਤ-ਚੇਤੇ ਵੀ ਇਹ ਗੱਲ ਨਹੀ ਸੀ ਕਿ ਰਣਜੀਤ ਇੰਨੀ ਬੇਬਾਕੀ ਨਾਲ਼ ਸਭ ਕੁਝ ਕਹਿ ਦੇਵੇਗਾ।

"ਰੈਂਡੀ, ਆਈ ਹੋਪ ਯੂ ਡਿਡ ਨਾਟ ਮਾਈਂਡ ਮਾਈ ਟਾਕ, ਓ ਕੇ ਮੈਂ ਚੱਲਦੀ ਆਂ, ਸੀ ਯੂ, ਬਾਏ," ਆਖਦੀ ਹੋਈ ਉਹ ਛੇਤੀ-ਛੇਤੀ ਪੌੜੀਆਂ ਉੱਤਰ ਗਈ। ਰਣਜੀਤ ਦੇ ਬੁਲਾਂ 'ਤੇ ਆਈ ਹੋਈ ਮੁਸਕਾਨ ਹੋਰ ਫੈਲ ਗਈ। ਉਸ ਨੇ ਤ੍ਰੀਆ ਚਰਿੱਤਰ ਦਾ ਇੱਕ ਹੋਰ ਜਲਵਾ ਦੇਖ ਲਿਆ ਸੀ। ਵਾਸ਼ਰੂਮ ਜਾਣ ਦੇ ਪੱਜ, ਉਹ ਅਸਲ ਵਿੱਚ ਰਣਜੀਤ ਨੂੰ ਸੋਨੀਆ ਦੇ ਖ਼ਿਲਾਫ਼ ਭੜਕਾਉਣ ਹੀ ਆਈ ਸੀ। ਪਰ ਇਸ ਲਹੌਰਨ ਨੂੰ ਇਹ ਇਲਮ ਨਹੀਂ ਸੀ ਕਿ ਰਣਜੀਤ ਤਾਂ ਇਹ ਜ਼ਹਿਰ ਚਿਰੋਕਣਾ ਹਜ਼ਮ ਕਰ ਚੁੱਕਾ ਸੀ। ਇਹ ਗੱਲ ਉਸ ਨੂੰ ਹਮੇਸ਼ਾ ਯਾਦ ਰਹਿੰਦੀ ਸੀ ਕਿ ਸੋਨੀਆ ਉਸ ਨੂੰ ਪੈਰ-ਪੈਰ 'ਤੇ ਮੂਰਖ਼ ਬਣਾ ਰਹੀ ਹੈ, ਪਰ ਕਈ ਵਾਰ ਮੂਰਖ਼ ਬਣ ਜਾਣ ਵਿੱਚ ਹੀ ਸਿਆਣਪ ਹੁੰਦੀ ਹੈ। ਉਹ, ਸਾਇਰਾ ਦੀ ਹੁਸ਼ਿਆਰੀ 'ਤੇ ਖ਼ੁਸ਼ ਵੀ ਹੋ ਰਿਹਾ ਸੀ। ਉਸ ਨੂੰ ਕਿਤੇ ਨਾ ਕਿਤੇ ਇਹ ਵੀ ਲੱਗ ਰਿਹਾ ਸੀ ਕਿ ਇਹ ਔਰਤ, ਸ਼ੌਕਤ ਨੂੰ ਸੋਨੀਆ ਜੋਗਾ ਨਹੀਂ ਛੱਡੇਗੀ।

ਪਾਰਟੀ ਸ਼ਾਮੀਂ ਸਾਢੇ ਪੰਜ ਵਜੇ ਖ਼ਤਮ ਹੋ ਗਈ। ਨੀਨਾ ਤੇ ਜੈਸ ਘਰ ਜਾਣ ਨੂੰ ਕਾਹਲ਼ੀਆਂ ਪੈ ਗਈਆਂ ਸਨ, ਜਿਸ ਕਰ ਕੇ ਸ਼ੌਕਤ ਅਤੇ ਸਾਇਰਾ ਨੂੰ ਵੀ ਉੱਥੋਂ ਜਾਣਾ ਪਿਆ। ਸੋਨੀਆ ਤੇ ਗੁਰਦੇਵ ਸਿੰਘ ਨੇ ਰਲ਼ ਕੇ ਸਾਰਾ ਸਾਮਾਨ ਅੰਦਰ ਰੱਖਿਆ। ਜਾਣ ਤੋਂ ਪਹਿਲਾਂ ਗੁਰਦੇਵ ਸਿੰਘ, ਰਣਜੀਤ ਦੀ ਖ਼ਬਰ-ਸਾਰ ਲੈਣ ਲਈ ਉੱਪਰ ਆਇਆ। ਸੋਨੀਆ ਨੇ ਗੁਰਦੇਵ ਸਿੰਘ ਕੋਲ਼, ਰਣਜੀਤ ਲਈ ਚਿਕਨ ਦੇ ਦੋ ਪੀਸ ਅਤੇ ਕੁੱਝ ਸਲਾਦ ਭੇਜਿਆ। ਸੁਖਰਾਜ ਅਤੇ ਸਰਤਾਜ, ਗੁਰਦੇਵ ਸਿੰਘ ਦਾ ਬਹੁਤ ਤੇਹ ਕਰਦੇ ਹੋਣ ਕਰ ਕੇ, ਉਸ ਦੇ ਮਗਰ-ਮਗਰ ਰਣਜੀਤ ਦੇ ਕਮਰੇ 'ਚ ਆ ਗਏ। ਗੁਰਦੇਵ ਸਿੰਘ ਨੂੰ ਸ਼ਰਾਬ ਦਾ ਨਸ਼ਾ ਸੀ ਤੇ ਉਹ ਆਉਂਦਾ ਹੀ ਪਲੇਟ ਮੇਜ਼ ਤੇ ਰੱਖ ਕੇ ਬੋਲਿਆ, "ਕਿੱਦਾਂ ਰਣਜੀਤ ਸਿੰਹਾਂ? ਬਈ ਅੱਜ ਤਾਂ ਮੁੰਡੇ ਨੇ ਸੁੱਟ ਲਿਆ ਤੈਨੂੰ। ਕਿੱਦਾਂ, ਕਿਤੇ ਹੋਰ ਸੱਟ-ਸੁੱਟ ਤਾਂ ਨਹੀਂ ਲੁਆ ਲਈ?"

"ਨਈਂ ਡੈਡੀ, ਸੱਟ ਤੋਂ ਤਾਂ ਬਚਾਅ ਹੋ ਗਿਆ, ਘਾਹ ਤੇ ਹੀ ਡਿੱਗਿਆ ਸੀ," ਰਣਜੀਤ ਨੇ ਜੁਆਬ ਦਿੱਤਾ।

"ਓਏ ਕੱਦੂਆ, ਕਿੰਨੀ ਜ਼ੋਰ ਦੀ ਕਿੱਕ ਮਾਰੀ ਤੂੰ, ਡੈਡੀ ਨੂੰ ਹੀ ਸੁੱਟ ਦਿੱਤਾ। ਓਦਾਂ ਇਹ ਦੀ ਕਿੱਕ ਨੇ ਓਸ ਭੱਟੀ ਦਾ ਵੀ ਹੁਲੀਆ ਵਿਗਾੜਤਾ," ਗੁਰਦੇਵ ਸਿੰਘ ਇਹ ਗੱਲ ਕਰਦਾ ਹੱਸ ਰਿਹਾ ਸੀ।

"ਮੈਂ ਤੇ ਨ੍ਹੀ ਮਾਰੀ ਕਿੱਕ, ਡੈਡ ਡਿੱਡ ਇਟ! ਕਿੱਕ ਤਾਂ ਡੈਡ ਨੇ ਮਾਰ੍ਹੀ ਸੀ," ਸੁਖਰਾਜ ਨੇ ਇੱਕ ਦਮ ਆਪਣੇ ਨਾਨੇ ਦੀ ਗੱਲ ਦਾ ਵਿਰੋਧ ਕੀਤਾ।

"ਜਾ ਓਏ ਝੂਠਿਆ! ਕੱਦੂਆ ਹੁਣ ਕੁੱਟ ਤੋਂ ਡਰਦਾ ਝੂਠ ਈ ਬੋਲੀ ਜਾਨੈ। ਓਏ ਪੁੱਤ, ਮੇਰੀ ਤਾਂ ਹਿੱਕ ਚੌੜੀ ਹੋ ਗਈ ਸੀ ਤੇ ਤੂੰ ਮੁੱਕਰੀ ਜਾਨੈ। ਤੂੰ ਏਨੀ ਟਿਕਾ ਕੇ ਠੁੱਡ ਮਾਰੀ, ਪਈ ਦੋ ਬੰਦੇ ਔਹ ਮਾਰੇ ਚੱਕ ਕੇ। ਤੂੰ ਹਿੱਕ ਠੋਕ ਕੇ ਕਹੁ ਪਈ ਮਹੀਉਂ ਮਾਰੀ ਸੀ ਕਿੱਕ ਤੇ ਆਪਣਾ ਬਾਪੂ ਤੇ ਭੱਟੀ ਔਹ ਰੇਹੜ ਦਿੱਤੇ," ਗੁਰਦੇਵ ਸਿੰਘ ਨੇ ਸਰੂਰ ਵਿੱਚ ਹੀ ਇੱਕ ਠਹਾਕਾ ਹੋਰ ਮਾਰਦਿਆਂ ਕੇ ਕਿਹਾ।

"ਆਹੋ ਡੈਡੀ, ਬੰਦੇ ਤਾਂ ਵਾਕਿਆ ਹੀ ਦੋ ਢਾਹ ਲਏ। ਦੋਹਤਾ ਕਿਹ'ਦਾ ਆ ਆਖ਼ਰ ਨੂੰ!" ਰਣਜੀਤ ਨੇ ਵੀ ਹੱਸਦਿਆਂ ਹੋਇਆਂ ਗੁਰਦੇਵ ਸਿੰਘ ਦੀ ਗੱਲ ਨੂੰ ਦੋਹਰ ਪਾਈ।

ਏਦਾਂ ਹੀ ਕੁੱਝ ਹੋਰ ਅਪਲ਼ੀਆਂ-ਟਪਲ਼ੀਆਂ ਮਾਰ ਕੇ ਗੁਰਦੇਵ ਸਿੰਘ ਥੱਲੇ ਉੱਤਰ ਗਿਆ ਤੇ ਫਿਰ ਛੇਤੀ ਹੀ ਉਹ ਤੇ ਗਿਆਨ ਕੌਰ ਆਪਣੇ ਘਰ ਚਲੇ ਗਏ। ਰਣਜੀਤ ਡਿੱਨਰ ਕਰ ਕੇ ਆਪਣੇ ਬੈੱਡ 'ਤੇ ਆ ਟਿਕਿਆ। ਬੈੱਡ 'ਤੇ ਲੇਟਣ ਸਾਰ ਹੀ ਉਹ ਸੋਚਾਂ ਵਿੱਚ ਗ਼ਲਤਾਨ ਹੋ ਗਿਆ।

ਹੁਣ ਉਹ ਪੂਰੀ ਤਰ੍ਹਾਂ ਠੀਕ ਹੋ ਜਾਵੇਗਾ, ਉਸ ਦੇ ਮਨ ਨੇ ਹਾਮੀ ਭਰੀ। ਉਸ ਨੂੰ ਰੱਬ ਬਹੁੜ ਪਿਆ ਲੱਗਦਾ ਸੀ ਤੇ ਸਟੈੱਮਸੈੱਲਜ਼ ਥੈਰੇਪੀ ਕੰਮ ਕਰ ਗਈ ਲੱਗਦੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਹੁਣ ਉਹ ਛੇਤੀ ਹੀ ਆਪਣੇ ਪੈਰਾਂ-ਸਿਰ ਹੋ ਜਾਵੇਗਾ ਤੇ ਜ਼ਿੰਦਗੀ ਦੁਬਾਰਾ ਰਫ਼ਤਾਰ ਫੜ ਲਏਗੀ। ਜ਼ਿੰਦਗੀ ਰਫ਼ਤਾਰ ਤਾਂ ਫੜ ਲਏਗੀ ਪਰ ਉਸ ਦਾ ਟਰੈਕ ਕਿਹੜਾ ਹੋਏਗਾ? ਇਹ ਸੁਆਲ ਉਸ ਦੇ ਦਿਮਾਗ਼ ਵਿੱਚ ਹਥੌੜੇ ਵਾਂਗ ਵੱਜਿਆ। ਦੁਬਾਰਾ ਟਰੱਕ 'ਤੇ ਹੱਡ ਭੰਨਵੀਂ ਮਿਹਨਤ ਅਤੇ ਬੇਵਫ਼ਾ ਪਤਨੀ ਦਾ ਸਾਥ, ਖ਼ੁਸ਼ਕ ਤੇ ਨੀਰਸ ਜ਼ਿੰਦਗੀ, ਕੀ ਇਹੋ ਹੈ ਉਹ ਟਰੈਕ, ਜਿਸ 'ਤੇ ਪੈਣ ਦਾ ਉਸ ਨੂੰ ਚਾਅ ਚੜ੍ਹਿਆ ਹੋਇਐ? ਉਹੀ ਚੱਕੀ ਤੇ ਉਹੀ ਪੁੜ। ਬਦਲਨਾ ਤਾਂ ਕੁੱਝ ਨਹੀਂ। ਜੇ ਕੁੱਝ ਠੀਕ ਵੀ ਹੋ ਗਿਆ ਤਾਂ ਵੀ ਉਸ ਨੂੰ ਆਪਣਾ ਕੁੱਝ ਸੌਰਦਾ ਨਜ਼ਰ ਨਹੀਂ ਆਉਂਦਾ। ਠੀਕ ਹੋਣ ਨਾਲ਼ ਤਬਦੀਲੀ ਉਸ ਦੇ ਅੰਦਰ ਹੀ ਆਉਣੀ ਹੈ, ਸੋਨੀਆ ਤਾਂ ਫਿਰ ਉਹੀ ਸੋਨੀਆ ਰਹੇਗੀ। ਫਰਜ਼ ਕਰ ਲਓ, ਉਹ ਠੀਕ ਹੋ ਜਾਂਦਾ ਹੈ ਤੇ ਸੋਨੀਆ ਵੀ ਬਦਲ ਜਾਂਦੀ ਹੈ। ਉਹ ਬਦਲੇਗੀ ਵੀ ਤਾਂ ਕਿੰਨੀ ਕੁ! ਲੋਹੇ ਉੱਤੇ ਕਿੰਨੀਆਂ ਵੀ ਝਾਲਾਂ ਫੇਰ ਲਓ, ਉਹ ਸੋਨਾ ਨਹੀਂ

ਬਣਦਾ, ਲੋਹਾ ਹੀ ਰਹੇਗਾ। ਝਾਲਾਂ ਫਿਰੀ ਸੋਨੀਆ ਜਦੋਂ ਕੱਲ੍ਹ ਨੂੰ ਉਸ ਨਾਲ਼ ਸੌਂਵੇਂਗੀ ਤਾਂ ਪਲ-ਛਿਣ ਵਿੱਚ ਉਸ ਦੀਆਂ ਝਾਲਾਂ ਲਹਿ ਕੇ ਔਹ ਡਿੱਗਣਗੀਆਂ ਤੇ ਉਸ ਦੇ ਪਿੰਡੇ 'ਚੋਂ ਉਹੀ ਸ਼ੌਕਤ ਦੀ ਬੋ ਆਏਗੀ। ਉਸ ਦੇ ਪਿੰਡੇ ਉੱਤੇ ਥਾਂ-ਥਾਂ ਸ਼ੌਕਤ ਦੇ ਹੱਥਾਂ ਨਾਲ਼ ਪਏ ਹੋਏ ਚਹੁ ਰੜਕਣਗੇ। ਜੇ ਉਹ ਕਿਸੇ ਤਰ੍ਹਾਂ ਸੋਨੀਆ ਨੂੰ ਸ਼ੌਕਤ ਨਾਲ਼ੋਂ ਤੋੜ ਕੇ ਦੁਬਾਰਾ ਜਿੱਤ ਵੀ ਲੈਂਦਾ ਹੈ ਤਾਂ ਉਹ ਫੇਰ ਸੋਨੀਆ ਉੱਤੇ ਪਹਿਲਾਂ ਵਰਗਾ ਵਿਸ਼ਵਾਸ ਕਰ ਸਕੇਗਾ? ਉਹ ਸੋਨੀਆ ਨੂੰ ਬਖ਼ਸ਼ ਕੇ ਫਿਰ ਗਲ਼ ਨਾਲ਼ ਲਾ ਸਕੇਗਾ? ਇਸ ਗੱਲ ਦੀ ਕੀ ਗਰੰਟੀ ਹੈ ਕਿ ਸੋਨੀਆ ਦੁਬਾਰਾ ਬੇਵਫ਼ਾਈ ਨਹੀਂ ਕਰੇਗੀ? ਸੁਆਲਾਂ ਦੀ ਹਨ੍ਹੇਰੀ ਆਈ ਹੋਈ ਸੀ ਤੇ ਰਣਜੀਤ ਇਸ ਹਨ੍ਹੇਰੀ ਵਿੱਚ ਹਿੱਕ ਤਾਣ ਕੇ ਖੜ੍ਹਾ ਸੀ। ਸੋਨੀਆ ਨਾਲ਼ ਰਹਿੰਦਿਆਂ ਉਸ ਨੂੰ ਤਾਂ ਗਿਆਰਾਂ ਵਰ੍ਹੇ ਹੋ ਗਏ ਸਨ, ਪਰ ਕੀ ਸੋਨੀਆ ਵੀ ਉਸ ਨਾਲ਼, ਇੰਨੇ ਸਾਲ ਓਦਾਂ ਹੀ ਰਹੀ ਸੀ, ਜਿੱਦਾਂ ਉਹ ਰਿਹਾ ਸੀ? ਜੋ ਇਨ੍ਹਾਂ ਗਿਆਰਾਂ ਸਾਲਾਂ ਦੌਰਾਨ ਨਹੀਂ ਹੋਇਆ, ਉਹ ਹੁਣ ਅਚਾਨਕ ਕਿਵੇਂ ਹੋ ਜਾਵੇਗਾ? ਜਿਸਮ ਦੀ ਸੱਟ ਨੂੰ ਤਾਂ ਸ਼ਾਇਦ ਆਰਾਮ ਆ ਜਾਵੇ, ਪਰ ਇਸ ਸਮੇਂ ਦੌਰਾਨ ਉਸ ਦੇ ਮਨ ਉੱਤੇ ਲੱਗੇ ਫੱਟ ਸ਼ਾਇਦ ਹੀ ਭਰਨ। ਠੀਕ ਹੋਣ ਨਾਲ਼ ਉਸ ਦਾ ਜਿਸਮ ਤਾਂ ਸੌਖਾ ਹੋ ਸਕਦਾ ਹੈ, ਪਰ ਉਸ ਦੇ ਮਨ ਦੇ ਦੁੱਖਾਂ ਦਾ ਕੀ ਬਣੇਗਾ? ਉਸ ਨੂੰ ਲੱਗਦਾ ਸੀ ਕਿ ਉਸ ਦੇ ਦੁੱਖ ਅਤੇ ਸੁੱਖ ਨਾਲ਼ੋ-ਨਾਲ਼ ਹੀ ਸਫ਼ਰ ਕਰਨਗੇ।

ਫਿਰ ਪਤਾ ਨਹੀਂ ਕਦੋਂ ਸੋਨੀਆ ਦੀ ਥਾਂ ਉਸ ਦੇ ਖ਼ਿਆਲਾਂ ਵਿੱਚ ਅਨੂ ਆ ਗਈ। ਹੁਣ ਉਹ ਨਹੀਂ ਚਾਹੁੰਦਾ ਸੀ ਕਿ ਅਨੂ ਉਸ ਦੇ ਖ਼ਿਆਲਾਂ 'ਚੋਂ ਜਾਵੇ । ਉਸ ਨੇ ਸ਼ਾਇਦ ਅਨੂ ਨੂੰ ਆਪਣੇ ਮਨ ਅੰਦਰ ਰੋਕੀ ਰੱਖਣ ਲਈ ਆਪਣੀਆਂ ਅੱਖਾਂ ਬੰਦ ਕਰ ਲਈਆਂ। ਅਨੂ ਦਾ ਖ਼ਿਆਲ ਆਉਂਦਿਆਂ ਹੀ, ਹੌਲ਼ੀ-ਹੌਲ਼ੀ ਠੀਕ ਹੋ ਰਹੀ ਉਸ ਦੀ ਸੱਟ ਵੀ ਉਸ ਨੂੰ ਪਿਆਰੀ ਜਿਹੀ ਲੱਗਣ ਲੱਗ ਪਈ। ਕੁੱਝ ਵੀ ਹੋਵੇ, ਇਸ ਸੱਟ ਨੇ ਹੀ ਉਸ ਨੂੰ ਅਨੂ ਵਰਗੀ ਉਸ ਕੁੜੀ ਦਾ ਸਾਥ ਦਿੱਤਾ ਸੀ, ਜੋ ਉਸ ਦੇ ਅੱਲੇ ਜ਼ਖ਼ਮਾਂ 'ਤੇ ਸ਼ਬਦਾਂ ਦੇ ਫੈਹੇ ਰੱਖਣਾ ਜਾਣਦੀ ਸੀ। ਕਈ ਵਾਰੀ, ਉਸ ਨੂੰ ਅਨੂ ਦੇ ਚਿਹਰੇ ਵਿੱਚੋਂ ਆਪਣੀ ਮਾਂ ਦਾ ਚਿਹਰਾ ਦਿਸਦਾ। ਇੱਕ ਪਾਸੇ ਜਦੋਂ ਉਸ ਨੂੰ ਆਪਣੇ ਠੀਕ ਹੋਣ ਦੀ ਰੌਸ਼ਨੀ ਦੀ ਕਿਰਨ ਦਿਸਣ ਲੱਗਦੀ ਤਾਂ ਦੂਜੇ ਪਾਸੇ ਉਸ ਨੂੰ ਅਨੂ ਤੋਂ ਦੂਰ ਹੋ ਜਾਣ ਦਾ ਗੂਹੜਾ ਕਾਲ਼ਾ ਹਨ੍ਹੇਰਾ ਦਿਸਣ ਲੱਗ ਪੈਂਦਾ। ਉਸ ਦਾ ਮਨ, ਅਨੂ ਦੇ ਦੂਰ ਹੋਣ ਦਾ ਖ਼ਿਆਲ ਆਉਂਦਿਆਂ ਹੀ ਕੁਰਲਾ ਉੱਠਿਆ। ਕੀ ਇੰਝ ਨਹੀਂ ਹੋ ਸਕਦਾ ਕਿ ਉਸ ਦੀ ਤੰਦਰੁਸਤੀ ਅਤੇ ਅਨੂ ਦੀ ਮੌਜੂਦਗੀ ਵਿਚਾਲ਼ੇ ਕੋਈ ਪੁਲ਼ ਬਣਿਆ ਰਹੇ? ਬਣ ਵੀ ਗਿਆ ਤਾਂ ਇਹ ਪੁਲ਼ ਕਿੰਨਾ ਕੁ ਚਿਰ ਰਹੇਗਾ ਕਿਉਂ ਕਿ ਜੇ ਉਹ ਠੀਕ ਹੋ ਗਿਆ ਤਾਂ ਅਨੂ ਨੂੰ ਜਾਣਾ ਹੀ ਪਏਗਾ। ਸੋਨੀਆ ਤਾਂ ਰਣਜੀਤ ਦੇ ਠੀਕ ਨਾ ਹੋਣ 'ਤੇ ਵੀ ਅਨੂ ਦੀ ਹਾਜ਼ਰੀ ਬਰਦਾਸ਼ਤ ਨਹੀਂ ਕਰਦੀ, ਫਿਰ ਉਸ ਦੇ ਠੀਕ ਹੋਣ ਤੋਂ ਬਾਅਦ ਉਹ ਅਨੂ ਦੀ ਹਾਜ਼ਰੀ ਕਿਵੇਂ ਬਰਦਾਸ਼ਤ ਕਰੇਗੀ? ਜੇ ਉਹ ਠੀਕ ਹੀ ਹੋ ਗਿਆ ਤਾਂ ਸੋਨੀਆ ਉਸ

ਦਾ ਖਹਿੜਾ ਕਿਉਂ ਛੱਡੇਗੀ? ਉਸ ਨੂੰ ਤਾਂ ਕਮਾ-ਕਮਾ ਕੇ ਦੇਣ ਵਾਲ਼ਾ ਮੁਫ਼ਤ ਦਾ ਚਾਕਰ ਮਿਲ਼ ਜਾਵੇਗਾ।

"ਮੈਂ ਵਾਅਦਾ ਕਰਦੀ ਆਂ ਕਿ ਤੁਹਾਡੇ ਠੀਕ ਹੋਣ ਤੋਂ ਪਹਿਲਾਂ ਮੈਂ ਤੁਹਾਨੂੰ ਛੱਡ ਕੇ ਨਹੀਂ ਜਾਵਾਂਗੀ," ਰਣਜੀਤ ਅਨੂ ਵੱਲੋਂ ਕੀਤਾ ਹੋਇਆ ਇਹ ਵਾਅਦਾ ਯਾਦ ਆਇਆ ਤਾਂ ਉਸ ਦਾ ਮਨ ਹੋਰ ਵੀ ਬੈਠ ਜਿਹਾ ਗਿਆ। ਇੱਕ ਵਾਰ ਫਿਰ ਉਸ ਨੂੰ ਆਪਣਾ ਠੀਕ ਹੋ ਜਾਣਾ ਨਫ਼ੇ ਦੀ ਥਾਂ ਨੁਕਸਾਨ ਹੀ ਲੱਗਣ ਲੱਗ ਪਿਆ। ਕੀ ਕਰੇਗੀ ਉਹ ਤੰਦਰੁਸਤੀ, ਜਿਸ ਦੀ ਮੌਜੂਦਗੀ ਵਿੱਚ ਅਨੂ ਨੇ ਨਹੀਂ ਹੋਣਾ? ਅੱਖਾਂ ਦੇ ਬੰਦ ਹੁੰਦਿਆਂ ਵੀ ਅਨੂ ਉਸ ਦੇ ਮਨ 'ਚੋਂ ਹੀ ਨਹੀਂ, ਘਰ ਵਿੱਚੋਂ ਵੀ ਨਿੱਕਲ਼ਦੀ ਜਾਂਦੀ ਜਾਪਦੀ ਸੀ। ਜਿਸ ਘਰ ਵਿੱਚ ਉਸ ਨੇ ਸੋਨੀਆ ਨਾਲ਼ ਇੰਨਾਂ ਲੰਮਾ ਅਰਸਾ ਬਿਤਾ ਲਿਆ ਸੀ, ਉਸ ਵਿੱਚ ਉਸ ਨੂੰ ਅਨੂ ਤੋਂ ਬਗ਼ੈਰ ਕੁੱਝ ਦਿਨ ਬਿਤਾਉਣੇ ਵੀ ਬਹੁਤ ਹੀ ਔਖੇ ਜਾਪਣ ਲੱਗ ਪਏ। ਕਿਤੇ ਅਨੂ ਵੱਲੋਂ ਉਸ ਦੇ ਕਿੱਤੇ ਦੇ ਨਿਯਮਾਂ ਤੇ ਰਵਾਇਤਾਂ ਅਧੀਨ ਉਸ ਨਾਲ਼ ਕੀਤੇ ਜਾਂਦੇ ਮੋਹ ਨੂੰ ਹੀ ਉਹ ਇਸ਼ਕ ਤਾਂ ਨਹੀਂ ਸਮਝੀ ਜਾਂਦਾ। ਕੀ ਪਤਾ ਅਨੂ ਦੇ ਮਨ ਵਿੱਚ ਇਸ਼ਕ ਵਰਗੀ ਕੋਈ ਭਾਵਨਾ ਹੀ ਨਾ ਹੋਵੇ ਤੇ ਉਹ ਆਪਣੇ ਕਿੱਤੇ ਦੇ ਨਿਯਮਾਂ ਅਧੀਨ ਹੀ ਉਸ ਨਾਲ਼ ਏਦਾਂ ਪੇਸ਼ ਆਉਂਦੀ ਹੋਵੇ। ਜੇ ਕਿਤੇ ਇਸ ਤਰ੍ਹਾਂ ਹੀ ਹੋਇਆ ਤਾਂ ਉਸ ਨੂੰ ਉਹ ਸੱਟ ਲੱਗੇਗੀ, ਜਿਸ ਤੋਂ ਉਹ ਕਦੇ ਤਾਬੇ ਨਹੀਂ ਆ ਸਕੇਗਾ। ਇਹ ਸੋਚਦਿਆਂ ਰਣਜੀਤ ਦੀ ਦੇਹ ਕੰਬ ਜਿਹੀ ਗਈ।

ਹੁਣ ਰਣਜੀਤ ਨੂੰ ਇਹ ਵੀ ਜਾਪਣ ਲੱਗ ਪਿਆ ਸੀ ਕਿ ਜੇ ਉਹ ਤੰਦਰੁਸਤ ਹੋ ਵੀ ਗਿਆ ਤਾਂ ਉਸ ਦੀ ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਸਦਾ ਲਈ ਬਿਮਾਰ ਹੋ ਜਾਵੇਗਾ। ਉਹ ਸੋਚਦਾ ਸੀ ਕਿ ਤੰਦਰੁਸਤੀ ਉਸ ਨੂੰ ਸੁੱਖ ਦਿੰਦੀ ਹੈ ਜਾਂ ਨਹੀਂ, ਉਸ ਵੱਲੋਂ ਹੰਢਾਏ ਜਾ ਰਹੇ ਦੁੱਖਾਂ ਦੀ ਗਿਣਤੀ ਕਿਤੇ ਵਧ ਹੀ ਨਾ ਜਾਵੇ। ਉਸ ਦੀ ਸੋਚ ਨੇ ਰਾਹ ਜਿਹਾ ਬਦਲ ਲਿਆ ਤੇ ਉਸ ਨੂੰ ਖ਼ਿਆਲ ਆਇਆ ਕਿ ਜੇ ਉਸ ਨੇ ਆਪਣੇ ਤੰਦਰੁਸਤ ਹੋਣ ਦਾ ਭੇਤ ਅਨੂ ਅੱਗੇ ਜ਼ਾਹਰ ਕਰ ਦਿੱਤਾ ਤਾਂ ਉਹ ਇਸ ਨੂੰ ਕਿਸ ਤਰ੍ਹਾਂ ਲਵੇਗੀ। ਇਹ ਵੀ ਹੋ ਸਕਦੈ ਕਿ ਉਹ ਕੋਈ ਪ੍ਰਤੀਕਰਮ ਜ਼ਾਹਰ ਕਰਨ ਤੋਂ ਪਹਿਲਾਂ ਫ਼ੋਨ ਚੁੱਕ ਲਵੇ ਤੇ ਆਪਣੇ ਲਈ ਨਵਾਂ ਪੇਸ਼ੈਂਟ ਲੱਭਣ ਦਾ ਹੀਲਾ ਕਰਨ ਲੱਗ ਜਾਵੇ। ਹੋ ਸਕਦਾ ਹੈ ਕਿ ਉਹ ਅਗਲੇ ਦਿਨ ਆਵੇ ਹੀ ਨਾ ਤੇ ਉਸ ਤਰ੍ਹਾਂ ਉਡਾਰੀ ਮਾਰ ਜਾਵੇ, ਜਿਸ ਤਰ੍ਹਾਂ ਕਦੇ ਉਸ ਦੀ ਮਾਂ, ਉਸ ਦੀ ਜ਼ਿੰਦਗੀ ਵਿੱਚੋਂ ਮਾਰ ਗਈ ਸੀ।

ਹੋ ਸਕਦਾ ਹੈ ਕਿ ਜੇ ਉਹ ਠੀਕ ਹੋਣ ਪਿੱਛੋਂ ਸੋਨੀਆ ਕੋਲੋਂ ਤਲਾਕ ਲੈ ਕੇ, ਅਨੂ ਨੂੰ ਉਸ ਨਾਲ਼ ਵਿਆਹ ਕਰਵਾਉਣ ਦੀ ਪੇਸ਼ਕਸ਼ ਕਰੇ ਤਾਂ ਗੱਲ ਬਣ ਜਾਵੇ। ਗੱਲ ਕਿਵੇਂ ਬਣ ਜਾਊ ਜਦੋਂ ਅਨੂ, ਸੋਨੀਆ ਦਾ ਘਰ ਤੋੜਨ ਦੇ ਹੱਕ ਵਿੱਚ ਹੀ ਨਹੀਂ ਹੈ। ਉਹ ਬੜੇ ਜਾਗਦੇ ਜਮੀਰ ਵਾਲ਼ੀ ਕੁੜੀ ਹੈ। ਉਸ ਨੂੰ ਆਪਣੀ ਖ਼ੁਸ਼ੀ ਨਾਲ਼ੋਂ ਸੋਨੀਆ ਦੀ ਖ਼ੁਸ਼ੀ ਦੀ ਬਾਹਲ਼ੀ ਚਿੰਤਾ ਹੈ। ਬੜੀ ਲੰਮੀ ਉਡੀਕ ਮਗਰੋਂ

ਮਿਲਣ ਵਾਲ਼ੀ ਤੰਦਰੁਸਤੀ, ਉਸ ਦੀ ਜ਼ਿੰਦਗੀ ਵਿੱਚ ਮਸਲਿਆਂ ਦਾ ਅੰਬਾਰ ਲੈ ਕੇ ਆਉਂਦੀ ਲੱਗ ਰਹੀ ਸੀ। ਜੇ ਉਸ ਨੇ ਆਪਣੇ ਤੰਦਰੁਸਤ ਹੋਣ ਦੀ ਗੱਲ ਨਾ ਲੁਕਾਈ ਤਾਂ ਇਹ ਗੱਲ ਜੰਗਲ਼ ਦੀ ਅੱਗ ਵਾਂਗ ਫੈਲ ਜਾਵੇਗੀ। ਇਸ ਤਰ੍ਹਾਂ ਉਹ ਮਸਲਿਆਂ ਦੀ ਦਲਦਲ ਵਿੱਚ ਧਸ ਕੇ ਰਹਿ ਜਾਏਗਾ। ਉਹ ਠੀਕ ਹੋ ਹੀ ਰਿਹਾ ਹੈ, ਠੀਕ ਹੋ ਤਾਂ ਨਹੀਂ ਗਿਆ। ਉਸ ਨੂੰ ਠੀਕ ਹੋਣ ਲਈ ਕਿਸੇ ਦੀ ਮਦਦ ਦੀ ਲੋੜ ਵੀ ਹੈ। ਅਨੂ ਤੋਂ ਇਲਾਵਾ ਇਹ ਮਦਦ ਕਿਸ ਨੇ ਦੇਣੀ ਹੈ? ਇਨ੍ਹਾਂ ਖ਼ਿਆਲਾਂ ਅਤੇ ਸੁਆਲਾਂ ਵਿੱਚ ਧਸੇ ਹੋਏ ਰਣਜੀਤ ਨੂੰ ਪਤਾ ਨਹੀਂ ਕਦੋਂ ਨੀਂਦ ਆ ਗਈ।

ਰਾਤ ਦੇ ਦੋ-ਢਾਈ ਵੱਜੇ ਹੋਣਗੇ ਕਿ ਇੱਕ ਦਮ ਤ੍ਰਭਕ ਕੇ ਰਣਜੀਤ ਦੀ ਅੱਖ ਖੁੱਲ੍ਹ ਗਈ। ਉਸ ਦਾ ਸਰੀਰ ਮੁੜ੍ਹਕੋ- ਮੁੜਕੀ ਹੋਇਆ ਪਿਆ ਸੀ। ਉਸ ਨੂੰ ਬਹੁਤ ਹੀ ਅਜੀਬ ਜਿਹਾ ਸੁਫ਼ਨਾ ਆਇਆ ਹੋਇਆ ਸੀ। ਹੁਣੇ ਟੁੱਟੇ ਇਸ ਸੁਪਨੇ ਵਿੱਚ ਉਸ ਦੇ ਟਰੱਕ ਦਾ ਐਕਸੀਡੈਂਟ ਹੋ ਗਿਆ ਸੀ ਅਤੇ ਉਹ ਸੜਕ ’ਤੇ ਪਿਆ ਦਰਦ ਨਾਲ਼ ਤੜਫ਼ਦਾ ਕੁਰਲਾ ਰਿਹਾ ਸੀ। ਦੂਰ ਖੜ੍ਹੇ ਦੋ ਜਣੇ, ਜਿਨ੍ਹਾਂ ਦੀਆਂ ਸ਼ਕਲਾਂ ਸੋਨੀਆ ਤੇ ਸ਼ੌਕਤ ਵਰਗੀਆਂ ਸਨ, ਹੱਸ ਰਹੇ ਸਨ। ਇਸ ਸੁਪਨੇ ਵਿੱਚ ਅਨੂ ਕਿਤੇ ਵੀ ਨਹੀਂ ਸੀ। ਕੀ ਮਤਲਬ ਹੋਇਆ ਇਹੋ ਜਿਹੇ ਸੁਪਨੇ ਦਾ? ਕੀ ਕੁਦਰਤ ਨੇ ਉਸ ਨੂੰ ਕੋਈ ਇਸ਼ਾਰਾ ਦਿੱਤਾ ਸੀ? ਉਸ ਨੇ ਇਸ ਸੁਪਨੇ ਦਾ ਅਰਥ ਇਹੋ ਕੱਢਿਆ ਕਿ ਤੰਦਰੁਸਤ ਹੋ ਕੇ, ਉਹ ਫਿਰ ਉਸ ਅੰਨ੍ਹੇਂ ਖ਼ੂਹ ’ਚ ਲਟਕਣ ਜਾ ਰਿਹਾ ਹੈ ਜਿਸ ਵਿੱਚ ਉਹ ਪਹਿਲਾਂ ਲਟਕਦਾ ਆਇਆ ਸੀ। ਫਿਰ ਹੁਣ ਉਹ ਕੀ ਕਰੇ? ਨਹੀਂ-ਨਹੀਂ, ਠੀਕ ਹੋਣਾ ਤਾਂ ਗ਼ਲਤ ਹੈ। ਜੇ ਮੁੜ ਕੇ ਫੇਰ ਨੀਰਸ ਜ਼ਿੰਦਗੀ ਹੀ ਜੀਣੀ ਹੈ, ਤਾਂ ਉਹ ਠੀਕ ਹੀ ਕਿਉਂ ਹੋਵੇ? ਉਹ ਠੀਕ ਨਹੀਂ ਹੋਵੇਗਾ। ਹਾਂ, ਉਸ ਦਾ ਠੀਕ ਨਾ ਹੋਣਾ ਹੀ ਠੀਕ ਰਹੇਗਾ। ਪਰ, ਕੁਦਰਤ ਤਾਂ ਉਸ ਨੂੰ ਠੀਕ ਕਰਨਾ ਸ਼ੁਰੂ ਕਰ ਚੁੱਕੀ ਸੀ। ਕਰੀ ਜਾਵੇ ਕੁਦਰਤ ਜੋ ਕਰਦੀ ਹੈ, ਉਹ ਕਿਸੇ ਨੂੰ ਦੱਸੇਗਾ ਹੀ ਨਹੀਂ। ਕਿਸੇ ਨੂੰ ਕੀ ਪਤਾ ਕਿ ਉਹ ਠੀਕ ਹੋ ਰਿਹਾ ਹੈ ਜਾਂ ਨਹੀਂ। ਉਹ ਤੰਦਰੁਸਤ ਹੋ ਕੇ ਵੀ ਬਿਮਾਰ ਰਹਿ ਸਕਦਾ ਹੈ ਜਾਂ ‘ਬਿਮਾਰ ਹੀ ਹਾਂ’ ਕਹਿ ਸਕਦਾ ਹੈ। ਇਸ ਤਰ੍ਹਾਂ ਉਸ ਨੂੰ ਅਨੂ ਵੀ ਮਿਲ਼ੀ ਜਾਂ ਮਿਲ਼ਦੀ ਰਹਿ ਸਕੇਗੀ। ਇਸ ਤਰ੍ਹਾਂ ਹੀ ਉਹ ਸੋਨੀਆ ਦੀ ਚਾਕਰੀ ਤੋਂ ਵੀ ਬਚਿਆ ਰਹੇਗਾ। ਆਖ਼ਰ ਉਸ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਉਹ ਆਪਣੇ ਠੀਕ ਹੋਣ ਦੀ ਭਿਣਕ ਕਿਸੇ ਨੂੰ ਵੀ ਨਹੀਂ ਪੈਣ ਦੇਵੇਗਾ। ਉਸ ਨੂੰ ਇਹ ਰਾਜ਼, ਅਨੂ ਤੋਂ ਬਹੁਤ ਹੀ ਲੁਕਾ-ਲੁਕਾ ਕੇ ਰੱਖਣਾ ਪਏਗਾ ਕਿਉਂ ਕਿ ਅਨੂ ਤਾਂ ਉਸ ਦੀਆਂ ਬੰਦ ਅੱਖਾਂ ਵੀ ਪੜ੍ਹ ਲੈਂਦੀ ਹੈ। ਹੁਣ ਉਹ, ਤੂਫ਼ਾਨ ਤੋਂ ਬਾਅਦ ਟਿਕੇ ਪਾਣੀ ਵਰਗਾ ਹੋ ਗਿਆ ਸੀ।

## 15.

ਅਨੂ ਨੂੰ ਦੁਬਾਰਾ ਆਉਂਦਿਆਂ ਮਹੀਨੇਂ ਤੋਂ ਉੱਪਰ ਹੋ ਗਿਆ ਸੀ। ਫਿਰ ਇੱਕ ਦਿਨ, ਜਦੋਂ ਗਿਆਰਾਂ ਵਜੇ ਅਨੂ ਜਾਣ ਲੱਗੀ ਤਾਂ ਇੱਕ ਆਦਮੀ ਕੁੱਝ ਪਾਈਪ ਅਤੇ ਟੂਲ-ਬਾਕਸ ਫੜੀ ਘਰ ਦੇ ਅੰਦਰ ਆਇਆ। ਉਸ ਦੇ ਅਚਾਨਕ ਆਉਣ 'ਤੇ ਜਦੋਂ ਅਨੂ ਦੇ ਚਿਹਰੇ ਉੱਤੇ ਰਤਾ ਕੁ ਤਣਾਅ ਜਿਹਾ ਦਿਸਿਆ ਤਾਂ ਰਣਜੀਤ ਨੇ ਉਸ ਨੂੰ ਦੱਸਿਆ ਕਿ ਉਸ ਨੇ ਹੀ ਇਸ ਆਦਮੀ ਨੂੰ, ਉਸ ਦੇ ਕਮਰੇ ਵਿੱਚ ਕੁੱਝ ਕੰਮ ਕਰਾਉਣ ਲਈ ਸੱਦਿਆ ਸੀ। ਜਦੋਂ ਚਾਰ ਵਜੇ ਅਨੂ ਫਿਰ ਆਈ ਤਾਂ ਉਸ ਨੇ ਦੇਖਿਆ ਕਿ ਰਣਜੀਤ ਦੇ ਕਮਰੇ ਵਿੱਚ ਛੱਤ ਤੋਂ ਤਿੰਨ ਕੁ ਫੁੱਟ ਨੀਵਾਂ, ਸਵਾ ਕੁ ਇੰਚੀ ਦਾ ਪਾਈਪ 'ਯੂ ਸ਼ੇਪ' ਵਿੱਚ ਲੱਗਿਆ ਹੋਇਆ ਸੀ। ਉਹ ਫ਼ਰਸ਼ ਤੋਂ ਇੰਨੀ ਕੁ ਦੂਰੀ 'ਤੇ ਸੀ ਕਿ ਵੀਲਚੇਅਰ ਉੱਤੇ ਬੈਠਾ ਬੰਦਾ, ਆਪਣੀਆਂ ਬਾਂਹਾਂ ਚੁੱਕ ਕੇ ਅਸਾਨੀ ਨਾਲ਼ ਉਸ ਨੂੰ ਹੱਥ ਪਾ ਸਕਦਾ ਸੀ। ਛੱਤ ਦੇ ਨਾਲ਼-ਨਾਲ਼ ਇਸ ਪਾਈਪ ਦੀ ਲੰਬਾਈ ਪੰਜ ਕੁ ਫ਼ੁੱਟ ਸੀ।

"ਰੈਂਡੀ, ਇਹ ਪਾਈਪ ਤਾਂ ਏਦਾਂ ਲੁਆ ਲਿਆ, ਜਿੱਦਾਂ ਕਿਸੇ ਨੇ ਇਸ ਨਾਲ਼ ਜਿਮਨਾਸਟਿਕ ਕਰਨੀ ਹੋਵੇ," ਅਨੂ ਨੇ ਆਉਂਦਿਆਂ ਹੀ ਆਪਣਾ ਅੰਦਾਜ਼ਾ ਦੱਸਿਆ।

"ਹਾਂ ਅਨੂ, ਤੂੰ ਠੀਕ ਕਹਿਨੀ ਏਂ, ਜਿਮਨਾਸਟਿਕ ਤਾਂ ਨਹੀਂ, ਮੈਂ ਸੋਚਿਆ ਇਸ ਦੀ ਮਦਦ ਨਾਲ਼ ਬਾਂਹਾਂ ਦੀ ਥੋੜ੍ਹੀ ਜਿਹੀ ਐਕਰਸਾਈਜ਼ ਕਰਿਆ ਕਰਾਂ। ਸੱਟ ਲੱਗਣ ਨਾਲ਼ ਸਾਰਾ ਹੀ ਸਰੀਰ ਮਿੱਟੀ ਜਿਹਾ ਹੋਈ ਜਾਂਦਾ ਏ। ਜਿੰਨਾ ਕੁ ਸਰੀਰ ਚੱਲਦੈ, ਉਹ ਤਾਂ ਚੱਲਦਾ ਰੱਖਿਆ ਜਾਵੇ," ਰਣਜੀਤ ਨੇ ਜੁਆਬ ਦਿੱਤਾ।

" ਉਹ ਤਾਂ ਠੀਕ ਆ, ਸਰੀਰ ਚੱਲਦਾ ਰੱਖਦੇ-ਰੱਖਦੇ, ਕਿਤੇ ਹੋਰ ਸੱਟ ਨਾ ਖਾ ਲਿਓ। ਹੋਰ ਨਾ ਮੈਨੂੰ ਉਲ਼ਾਹਮਾ ਆਵੇ। ਦੀਦੀ ਦਾ ਤਾਂ ਤੁਹਾਨੂੰ ਪਤਾ ਈ ਐ," ਅਨੂ ਨੇ ਹਲਕੇ ਜਿਹੇ ਮਖ਼ੌਲ ਨਾਲ਼ ਗੱਲ ਕੀਤੀ।

"ਨਹੀਂ ਅਨੂ ਡੀਅਰ! ਮੈਨੂੰ ਪਤੈ ਕਿ ਮੈਂ ਕੀ ਕਰ ਰਿਹਾਂ। ਤੂੰ ਚਿੰਤਾ ਈ ਨਾ ਕਰ ਗੁੱਗੂਆ," ਰਣਜੀਤ ਨੇ ਮਖ਼ੌਲ ਦਾ ਜੁਆਬ ਮਖ਼ੌਲ ਵਿੱਚ ਦਿੱਤਾ।

"ਕੀ ਗੱਲ ਰੈਂਡੀ ਸਾਹਿਬ ਅੱਜ ਬੜੇ ਖਿੜੇ ਹੋਏ ਓ। ਆਹ ਤੁਹਾਡਾ 'ਗੁੱਗੂਆ' ਕਹਿਣਾ ਬੜਾ ਚੰਗਾ ਲੱਗਿਆ। ਮੈਂ ਵੀ ਤੁਹਾਡਾ ਇੱਕ ਨਾਂ ਰੱਖਣੈ," ਅਨੂ ਨੇ ਰਣਜੀਤ ਦੀਆਂ ਅੱਖਾਂ ਵਿੱਚ ਝਾਕਦਿਆਂ ਕਿਹਾ।

"ਇੱਕ ਨਹੀਂ ਤੂੰ ਵੀਹ ਰੱਖ।"

"ਨਹੀਂ, ਵੀਹਾਂ ਵਰਗਾ ਇੱਕ। ਜਦੋਂ ਆਪਾਂ ਦੋਵੇਂ ਹੋਇਆ ਕਰਾਂਗੇ ਤਾਂ ਮੈਂ ਤੁਹਾਨੂੰ 'ਸੋਨਾ' ਕਹਿ ਲਿਆ ਕਰਾਂ?"

"ਚੌਵੀ ਕੈਰੇਟ ਦਾ!" ਕਹਿੰਦਿਆਂ ਰਣਜੀਤ ਦੇ ਮੂਹੋਂ ਠਹਾਕਾ ਵੱਜ

ਗਿਆ। ਇਸ ਤੋਂ ਇੱਕ ਦਮ ਬਾਅਦ ਉਹ ਸੰਜੀਦਾ ਜਿਹਾ ਹੋ ਕੇ ਕਹਿਣ ਲੱਗਿਆ, "ਅਨੂ, ਅੱਜ ਮੈਂ ਦਿਨੇ ਸੁੱਤੇ ਪਏ ਨੇ ਇਕ ਸੁਪਨਾ ਦੇਖਿਆ, ਜਿਸ ਵਿੱਚ ਮੈਂ ਬੁੱਢਾ ਹੋ ਚੁੱਕਾ ਹਾਂ। ਬਹੁਤ ਬੁੱਢਾ ਤੇ ਝੁਰੜੀਆਂ ਭਰਿਆ ਚਿਹਰਾ ਦੇਖ ਕੇ ਪਤਾ ਨਹੀਂ ਕਿਉਂ ਮੈਨੂੰ ਬਹੁਤ ਖ਼ੁਸ਼ੀ ਹੋਈ।"

"ਬੁੱਢੇ ਹੋਣ 'ਚ ਖ਼ੁਸ਼ੀ ਹੋਈ? ਲੋਕ ਤਾਂ ਬੁਢਾਪੇ ਦੇ ਨਾਂ ਤੋਂ ਵੀ ਤ੍ਰਭਕ ਜਾਂਦੇ ਨੇ ਤੇ ਤੁਹਾਨੂੰ ਖ਼ੁਸ਼ੀ ਹੋਈ?" ਅਨੂ ਨੇ ਹੈਰਾਨੀ ਜ਼ਾਹਰ ਕੀਤੀ।

"ਅਨੂ ਮੈਨੂੰ ਖ਼ੁਸ਼ੀ ਇਸ ਕਰ ਕੇ ਸੀ ਕਿ ਸੁਪਨੇ ਵਿੱਚ ਜਦੋਂ ਮੈਂ ਖੂੰਡੀ ਦੇ ਸਹਾਰੇ ਤੁਰ ਰਿਹਾ ਸਾਂ, ਤੂੰ ਵੀ ਮੇਰੇ ਨਾਲ਼-ਨਾਲ਼ ਤੁਰ ਰਹੀ ਸੀ। ਹੈਰਾਨੀ ਵਾਲ਼ੀ ਗੱਲ ਇਹ ਸੀ ਕਿ ਤੂੰ ਸੁਪਨੇ ਵਿੱਚ, ਹੁਣ ਵਰਗੀ ਜੁਆਨ-ਜਹਾਨ ਦਿਸਦੀ ਸੀ। ਸੱਚੀਂ, ਤੂੰ ਐਨ ਹੁਣ ਵਰਗੀ ਹੀ ਲੱਗ ਰਹੀ ਸੀ, ਜਿਵੇਂ ਕੋਈ ਪਰੀ ਹੋਵੇ," ਰਣਜੀਤ ਨੇ ਕਿਹਾ।

"ਲਓ ਕਰ ਲਓ ਗੱਲ, ਤੁਸੀਂ ਬੁੱਢੇ ਤੇ ਮੈਂ ਜੁਆਨ। ਤੁਸੀਂ ਬੁੱਢੇ ਹੋ ਗਏ, ਭਲਾ ਮੇਰੀ ਉਮਰ ਕਿੱਦਾਂ ਖੜ੍ਹੀ ਰਹਿ ਗਈ," ਕਹਿੰਦਿਆਂ ਹੀ ਅਨੂ ਖਿੜ-ਖਿੜਾ ਕੇ ਹੱਸ ਪਈ, "ਤੁਹਾਡਾ ਸੁਪਨਾ ਈ ਗ਼ਲਤ ਐ ਜਨਾਬ।"

"ਤੂੰ ਮੇਰੀ ਖ਼ੁਸ਼ੀ ਨੂੰ ਸਮਝ ਈ ਨਹੀਂ ਸਕਿਆ, ਗੁੱਗੂਆ। ਮੇਰੀ ਖ਼ੁਸ਼ੀ ਦੀ ਵਜ੍ਹਾ ਇਹ ਆ ਕਿ ਤੂੰ ਮੇਰੇ ਬੁੱਢੇ ਹੋਣ ਤੱਕ ਮੇਰੇ ਨਾਲ਼ ਏਂ ਤੇ ਉਹ ਵੀ ਸਾਵੀਂ ਦੀ ਸਾਵੀਂ ਅੱਜ ਵਰਗੀ। ਤੂੰ ਖਿੜ-ਖਿੜਾ ਕੇ ਹੱਸਦੀ, ਮੈਨੂੰ ਨਸੀਹਤਾਂ ਕਰਦੀ, ਮੇਰੇ ਨਾਲ਼-ਨਾਲ਼ ਤੁਰੀ ਜਾ ਰਹੀ ਸੀ। ਮੈਂ ਇਸ ਸੁਪਨੇ ਤੋਂ ਕੁਦਰਤ ਰਾਣੀ ਦੇ ਕਈ ਇਸ਼ਾਰੇ ਸਮਝੇ ਨੇ, ਜਿਨ੍ਹਾਂ ਵਿੱਚੋਂ ਵੱਡਾ ਇਸ਼ਾਰਾ ਇਹੋ ਏ ਕਿ ਤੂੰ ਮੇਰੇ ਨਾਲ਼ ਬਹੁਤ ਦੂਰ ਤੱਕ ਜਾਣਾ ਏ," ਰਣਜੀਤ ਇਹ ਦੱਸਦਾ ਹੋਇਆ ਬੜੇ ਸਰੂਰ ਜਿਹੇ ਵਿੱਚ ਲੱਗਦਾ ਸੀ।

"ਲਓ, ਜੇ ਤੁਸੀਂ ਖੂੰਡੀ ਨਾਲ਼ ਤੁਰ ਰਹੇ ਹੋਂ, ਤਾਂ ਫਿਰ ਤੁਹਾਨੂੰ ਨਰਸ ਦੀ ਕੀ ਲੋੜ? ਫਿਰ ਤਾਂ ਤੁਹਾਡੇ ਨਾਲ਼ ਸੋਨੀਆ ਦੀਦੀ ਹੀ ਤੁਰਨਗੇ," ਅਨੂ ਨੇ ਟਕੋਰ ਜਿਹੀ ਲਾਈ।

"ਛੱਡ ਯਾਰ, ਕਿੱਥੇ ਸੁੱਕੀ-ਸੜੀ ਖੂੰਡੀ ਤੇ ਕਿੱਥੇ ਤੇਰੇ ਵਰਗੀ ਭਰੀ-ਪੂਰੀ ਮੁਟਿਆਰ? ਉੱਤੋਂ ਤੂੰ ਸੋਨੀਆ ਆਲ਼ਾ ਫ਼ਾਨਾ ਠੋਕ ਦਿੱਤਾ। ਸਾਲ਼ਾ ਸਾਰਾ ਮੂਡ ਈ ਲੀਰੋ-ਲੀਰ ਹੋ ਗਿਆ, ਲੀਵ ਇਟ ਯਾਰ," ਰਣਜੀਤ ਨੇ ਬੇਸੁਆਦੇ ਜਿਹੇ ਮੂੰਹ ਨਾਲ਼ ਕਿਹਾ।

"ਸੌਰੀ ਰੈਂਡੀ, ਆਈ ਐਮ ਸੋ ਸੌਰੀ। ਤੁਹਾਡੇ ਸੁਪਨੇ ਵਿੱਚ ਮੈਂ ਹੀ ਹੋਵਾਂਗੀ, ਮੈਥੋਂ ਬਗ਼ੈਰ ਕੋਈ ਨਹੀਂ ਹੋਵੇਗੀ। ਸੋਨੇ ਹੁਣ ਤਾਂ ਬੀਬੇ ਬੱਚੇ ਬਣ ਕੇ ਮੂਡ ਠੀਕ ਕਰ ਲਓ," ਅਨੂ ਇਹ ਕਹਿੰਦਿਆਂ ਨਰਸ ਨਹੀਂ, ਕੁੱਝ ਹੋਰ ਹੀ ਲੱਗ ਰਹੀ ਸੀ।

"ਅਨੂ, ਇੱਕ ਗੱਲ ਆਪਣੇ ਕੰਮ ਵਾਲ਼ੀ ਡਾਇਰੀ ਦੇ ਪਹਿਲੇ ਸਫ਼ੇ ਤੇ ਲਿਖ ਲੈ, ਅੱਜ ਤੋਂ ਬਾਅਦ ਤੂੰ ਸੋਨੀਆ ਦਾ ਨਾਂ ਮੇਰੇ ਨਾਂ ਨਾਲ਼ ਜੋੜ ਕੇ ਨਹੀਂ ਲੈਣਾ। ਦੇਖ ਲੈ ਨਹੀਂ ਤਾਂ ਮੈਂ ਵੀਲਚੇਅਰ ਸਮੇਤ ਕੋਠੇ ਤੋਂ ਛਾਲ਼ ਮਾਰ ਦੇਣੀ ਏ," ਰਣਜੀਤ ਨੇ ਇੱਕ ਪਿਆਰੀ ਜਿਹੀ ਚਿਤਾਵਨੀ ਦਿੱਤੀ।

"ਰੈਂਡੀ, ਸੱਚ ਤਾਂ ਸੱਚ ਈ ਏ, ਇਸ ਉੱਤੇ ਪੋਚਾ ਨਹੀਂ ਫੇਰਿਆ ਜਾ ਸਕਦਾ। ਦੀਦੀ ਦਾ ਸੁਭਾਅ ਭਾਵੇਂ ਕਿਹੋ ਜਿਹਾ ਵੀ ਏ, ਪਰ ਉਹ ਹੈ ਤਾਂ ਤੁਹਾਡੇ ਬੱਚਿਆਂ ਦੀ ਮਾਂ। ਜਿਹੋ ਜਿਹੀ ਵੀ ਗੁਜ਼ਰੇ, ਤੁਸੀਂ ਜ਼ਿੰਦਗੀ ਤਾਂ ਉਸ ਨਾਲ਼ ਹੀ ਗੁਜ਼ਾਰਨੀ ਏ। ਮੈਂ ਤਾਂ ਰਾਹ ਵਿੱਚ ਆਏ ਠੰਢੇ ਪਾਣੀ ਵਾਲ਼ੇ ਇੱਕ ਨਲ਼ਕੇ ਵਾਂਗ ਹੀ ਆਂ। ਨਾ ਤੁਸੀਂ ਇਸ ਨਲ਼ਕੇ 'ਤੇ ਰਾਤ ਕੱਟ ਸਕਦੇ ਹੋ, ਨਾ ਇਸ ਨੂੰ ਆਪਣੇ ਨਾਲ਼ ਲਿਜਾ ਸਕਦੇ ਹੋ। ਬੱਸ ਜਿੰਨੀ ਦੇਰ ਮੇਰੇ ਕੋਲ਼ ਹੋ, ਠੰਢਾ ਪਾਣੀ ਪੀ ਸਕਦੇ ਹੋ," ਅਨੂ ਦੇ ਅੰਦਰੋਂ ਇੱਕ ਸ਼ਾਇਰਾ ਬੋਲ ਰਹੀ ਸੀ।

ਅਨੂ ਵੱਲੋਂ ਕਹੇ ਹੋਏ, ਸੱਚੇ ਪਰ ਕੁਨੀਨ ਵਰਗੇ ਕੌੜੇ ਸ਼ਬਦ, ਰਣਜੀਤ ਤੋਂ ਹਜ਼ਮ ਨਹੀਂ ਸੀ ਹੋ ਰਹੇ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਅਨੂ ਦੀ ਇਸ ਗੱਲ ਦਾ ਕੀ ਜੁਆਬ ਦੇਵੇ। ਉਹ ਬਹੁਤ ਹੀ ਸੰਜੀਦਾ ਜਿਹਾ ਹੋ ਗਿਆ, "ਅਨੂ, ਤੈਨੂੰ ਹਕੀਕਤ ਦਾ ਇਲਮ ਨਹੀਂ। ਸੋਨੀਆ ਮੇਰੀ ਜ਼ਿੰਦਗੀ ਦਾ ਉਹ ਨਾਸੂਰ ਏ, ਜੋ ਅੰਦਰੋ-ਅੰਦਰੀ ਟਸਕੀ ਜਾਂਦੈ ਤੇ ਇਹ ਸਾਰੀ ਉਮਰ ਟਸਕਦਾ ਰਹਿਣੈ," ਕਹਿੰਦਿਆਂ ਰਣਜੀਤ ਦੀਆਂ ਅੱਖਾਂ ਵਿੱਚੋਂ ਦੋ ਬੂੰਦਾਂ ਨਿੱਕਲ਼ ਕੇ ਉਸ ਦੀਆਂ ਗੱਲ੍ਹਾਂ 'ਤੇ ਸਰਕ ਆਈਆਂ।

"ਮੈਂ ਸਮਝਦੀ ਹਾਂ, ਤੁਹਾਡੇ ਅੰਦਰ ਦੀਦੀ ਲਈ ਬਹੁਤ ਜ਼ਿਆਦਾ ਨਫ਼ਰਤ ਏ, ਜਿਸ ਦੀ ਕੋਈ ਵਾਜਬ ਵਜ੍ਹਾ ਵੀ ਹੋਵੇਗੀ, ਨਹੀਂ ਤਾਂ ਤੁਹਾਡੇ ਵਰਗਾ ਬੰਦਾ, ਕਿਸੇ ਵੈਰੀ-ਦੁਸ਼ਮਣ ਨੂੰ ਵੀ ਏਨੀ ਨਫ਼ਰਤ ਨਹੀਂ ਕਰ ਸਕਦਾ। ਛੱਡੋ ਪਰ੍ਹਾਂ, ਕੋਈ ਹੋਰ ਗੱਲ ਕਰੋ," ਸੋਨੀਆ ਨੇ ਗੱਲ ਮੁਕਾਈ।

ਏਦਾਂ ਹੀ ਹੌਲ਼ੀ-ਹੌਲ਼ੀ ਦੋ ਮਹੀਨੇ ਹੋਰ ਨਿੱਕਲ਼ ਗਏ। ਸਿਆਲ਼ ਆਉਣਾ ਸ਼ੁਰੂ ਹੋ ਗਿਆ। ਕਿਸੇ-ਕਿਸੇ ਦਿਨ ਜਦੋਂ ਚੰਗੀ ਧੁੱਪ ਖਿੜਦੀ ਤਾਂ ਸ਼ਾਮ ਨੂੰ, ਰਣਜੀਤ ਦੇ ਮੋਟੇ ਕੱਪੜੇ ਪਾ ਕੇ ਅਨੂ ਪਾਰਕ ਵਿੱਚ ਲੈ ਜਾਂਦੀ। ਇਸ ਦੌਰਾਨ ਰਣਜੀਤ ਨੂੰ ਕਈ ਬਾਬਿਆਂ ਨੇ ਅਧਰੰਗ ਦੇ ਇਲਾਜ ਦੇ ਜਿਹੜੇ ਵੀ ਨੁਸਖੇ ਲਿਖਵਾਏ ਸਨ, ਉਹ ਰਣਜੀਤ ਘਰ ਆ ਕੇ ਪਾੜ ਦਿੰਦਾ ਰਿਹਾ। ਹੁਣ ਰਣਜੀਤ ਕਦੇ-ਕਦੇ ਉਨ੍ਹਾਂ ਬਾਬਿਆਂ ਨਾਲ਼ ਸੀਪ ਦੀ ਇੱਕ-ਅੱਧੀ ਬਾਜ਼ੀ ਵੀ ਲਾ ਲੈਂਦਾ। ਅਨੂ ਤੇ ਰਣਜੀਤ ਕਈ ਵਾਰੀ ਕਾਫ਼ੀ ਡੂੰਘੀਆਂ ਗੱਲਾਂ ਛੇੜ ਲੈਂਦੇ ਤਾਂ ਉਹ ਅਕਸਰ ਹੀ ਆਪਣੇ ਘਰ ਜਾਣ ਲਈ ਲੇਟ ਹੋ ਜਾਂਦੀ। ਰਣਜੀਤ ਪਿਆਰ ਨਾਲ਼ ਅਨੂ ਨੂੰ 'ਗੁੱਗੂਆ' ਕਹਿ ਕੇ ਬੁਲਾਉਂਦਾ ਤਾਂ ਉਹ ਖਿੜ ਜਾਂਦੀ, ਪਰ ਕਦੇ-ਕਦੇ ਉਹ ਖਿਝ ਕੇ ਉਸ ਨੂੰ ਜ਼ੋਰ ਨਾਲ਼ 'ਅਨੂ' ਕਹਿ ਕੇ ਬੁਲਾਉਂਦਾ ਤਾਂ ਉਹ ਸਹਿਮ

ਜਾਂਦੀ। ਇਸ ਤਰ੍ਹਾਂ ਉੱਚੀ ਬੋਲਣ ਦਾ ਰਣਜੀਤ ਨੂੰ ਪਛਤਾਵਾ ਵੀ ਹੁੰਦਾ। ਫਿਰ ਇੱਕ ਦਿਨ ਜਦੋਂ ਅਨੂ ਸਵੇਰੇ ਕੰਮ ’ਤੇ ਆਈ ਤਾਂ ਉਹ ਬਹੁਤ ਉਦਾਸ ਸੀ। ਉਸ ਦੀਆਂ ਅੱਖਾਂ ਲਾਲ ਸਨ ਤੇ ਚਿਹਰਾ ਉੱਡਿਆ ਜਿਹਾ ਲੱਗ ਰਿਹਾ ਸੀ। ਉਹ ਰਣਜੀਤ ਨੂੰ ‘ਹੈਲੋ’ ਕਹਿ ਕੇ ਲਾਂਡਰੀ ਲਈ ਕੱਪੜੇ ਇਕੱਠੇ ਕਰਨ ਲਗ ਪਈ।

“ਕੀ ਗੱਲ ਏ ਅਨੂ, ਅੱਜ ਤੇਰਾ ਮੂਡ ਠੀਕ ਨਹੀਂ ਲੱਗਦਾ। ਕੀ ਗੱਲ, ਬਹੁਤ ਬੁਝੀ-ਬੁਝੀ ਜਿਹੀ ਲੱਗ ਰਹੀਂ ਏਂ ?” ਰਣਜੀਤ ਨੇ ਪੁੱਛਿਆ।

“ਰੈਂਡੀ, ਪਲੀਜ਼ ਅੱਜ ਮੈਨੂੰ ਕੁੱਝ ਨਾ ਪੁੱਛੋ। ਮੈਂ ਆਪਣੇ-ਆਪ ਵਿੱਚ ਨਹੀਂ ਹਾਂ। ਮੈਂ ਛੇਤੀ ਕੰਮ ਨਿਬੇੜ ਕੇ ਘਰ ਚਲੇ ਜਾਣੈ,” ਅਨੂ ਨੇ ਰਣਜੀਤ ਨਾਲ਼ ਨਜ਼ਰਾਂ ਮਿਲ਼ਾਏ ਬਿਨਾਂ ਹੀ ਕਿਹਾ।

“ਓਏ ਹੋਏ, ਅੱਜ ਤਾਂ ‘ਗੁੱਗੂ’ ਬਹੁਤਾ ਈ ਤਪਿਆ ਹੋਇਆ ਲੱਗਦੈ ? ਜੇ ਪੀਰ ਹੀ ਏਨੇ ਤਪੇ ਰਹਿਣਗੇ ਤਾਂ ਚੇਲਿਆਂ ਦਾ ਕੀ ਬਣੂ ?” ਰਣਜੀਤ ਨੇ ਹੱਸ ਕੇ ਟਕੋਰ ਜਿਹੀ ਕੀਤੀ।

ਅਨੂ ਫਿਰ ਵੀ ਨਾ ਬੋਲੀ। ਜਦੋਂ ਉਹ ਰਣਜੀਤ ਦੇ ਬੈੱਡ ਉੱਤੇ ਪਿਆ ਕੋਈ ਕੱਪੜਾ ਚੁੱਕਣ ਲੱਗੀ ਤਾਂ ਰਣਜੀਤ ਨੇ ਉਸ ਨੂੰ ਬਾਹੋਂ ਫੜ ਕੇ ਆਪਣੇ ਵੱਲ ਖਿੱਚ ਲਿਆ। ਰਣਜੀਤ ਨੇ ਜ਼ੋਰ ਹੀ ਇੰਨਾ ਲਾ ਦਿੱਤਾ ਸੀ ਕਿਉ ਉਸ ਦੇ ਉੱਪਰ ਡਿੱਗਦੀ-ਡਿੱਗਦੀ ਮਸਾਂ ਬਚੀ। ਰਣਜੀਤ ਨੇ ਉਸ ਦਾ ਹੱਥ ਨਾ ਛੱਡਿਆ ਤੇ ਉਸ ਨੂੰ ਆਪਣੇ ਕੋਲ਼ ਬਿਠਾ ਲਿਆ। ਅਨੂ ਨੇ ਨੀਵੀਂ ਪਾਈ ਹੋਈ ਸੀ।

“ਚੱਲ ਦੱਸ ਕੀ ਹੋਇਆ, ਨਹੀਂ ਤਾਂ ਮੈਂ ਤੈਨੂੰ ਨਹੀਂ ਛੱਡਣਾ, ਭਾਵੇਂ ਰਾਤ ਤੱਕ ਬੈਠੀ ਰਹਿ,” ਕਹਿੰਦਿਆਂ ਰਣਜੀਤ ਨੇ ਉਸ ਦੀ ਠੋਡੀ ਥੱਲੇ ਉਂਗਲ਼ ਲਾ ਕੇ ਉਸ ਦਾ ਚਿਹਰਾ ਆਪਣੇ ਵੱਲ ਘੁਮਾਉਂਦਿਆਂ ਕਿਹਾ।

“ਗੁਰੀ ਨੇ ਇੰਡੀਆ ਜਾ ਕੇ ਵਿਆਹ ਕਰਾ ਲਿਆ,” ਅਨੂ ਨੇ ਰੁਆਂਸੇ ਜਿਹੇ ਲਹਿਜੇ ਨਾਲ਼ ਜਿੰਦਾਂ ਇੱਕੋ ਵਾਰ ਬੰਦੂਕ ਖ਼ਾਲੀ ਕਰ ਦਿੱਤੀ।

“ਲਓ, ਪੱਟਿਆ ਪਹਾੜ ਤੇ ਨਿੱਕਲ਼ਿਆ ਗੁਰੀ। ਬੱਸ ਏਸੇ ਗੱਲ ਨੇ ‘ਗੁੱਗੂ’ ਰੋਲ਼ਿਆ ਹੋਇਆ ਸੀ ?”

“ਤੁਹਾਡੇ ਭਾਅ ਦੀ ਛੋਟੀ ਜਿਹੀ ਗੱਲ ਆ ? ਰਾਤ ਮੈਂ, ਇੰਡੀਆ ਮੰਮੀ-ਡੈਡੀ ਨੂੰ ਫ਼ੋਨ ਕੀਤਾ ਤਾਂ ਉਨ੍ਹਾਂ ਨੇ ਦੱਸਿਆ,” ਅਨੂ ਦੀਆਂ ਅੱਖਾਂ ਤਿੱਪ-ਤਿੱਪ ਚੋਣ ਲੱਗ ਪਈਆਂ।

“ਛੱਡ ਅਨੂ, ਜਿਹੜੇ ਸਾਲ਼ੇ ਪਿੰਡ ਈ ਨਹੀਂ ਜਾਣਾ, ਉਹ ਦਾ ਰਾਹ ਕੀ ਪੁੱਛਣਾ ਹੋਇਆ। ਤੂੰ ਤਾਂ ਐਵੇਂ ਹੀ, ਪਰਖ਼ੇ ਹੋਏ ਨੂੰ ਪਰਖਦੀ ਫਿਰਦੀ ਏਂ। ਜਿਹੜਾ ਆਦਮੀ ਡੇਢ ਸਾਲ ਪਹਿਲਾਂ ਤੈਨੂੰ ਛੱਡ ਕੇ ਚਲੇ ਗਿਆ, ਤੈਨੂੰ ਉਦੋਂ ਤੋਂ ਹੀ ਉਹ ਨੂੰ ਮਰਿਆ-ਮੁੱਕਿਆ ਸਮਝ ਲੈਣਾ ਚਾਹੀਦਾ ਸੀ। ਡੇਢ ਸਾਲ ਪਹਿਲਾਂ ਮਰੇ ਬੰਦੇ ਦਾ ਅੱਜ ਕਾਹ’ਦਾ ਮਲਾਲ ?” ਰਣਜੀਤ ਨੇ ਸੌ ਨਾਲ਼ ਦੀ ਇੱਕ ਸੁਣਾ ਦਿੱਤੀ।

"ਕੁੱਛ ਵੀ ਹੋਵੇ ਰਣਜੀਤ, ਜਦੋਂ ਤੁਸੀਂ ਕਿਸੇ ਨੂੰ ਪਿਆਰ ਕਰਦੇ ਰਹੇ ਹੋਵੋਂ ਤਾਂ ਮਨ ਵਿੱਚੋਂ ਉਸ ਦੀ ਉਡੀਕ ਨਹੀਂ ਮੁੱਕਦੀ। ਅਗਲੇ ਨੇ ਆਉਣਾ ਹੋਵੇ ਜਾਂ ਨਾ, ਦਿਲ ਉਸ ਨੂੰ ਉਡੀਕਣਾ ਨਹੀ ਛੱਡਦਾ। ਪਰ ਹੁਣ ਤੁਹਾਡੇ ਕੋਲ਼ ਆ ਕੇ ਮੈਨੂੰ ਇਹ ਮਹਿਸੂਸ ਹੋਇਐ ਕਿ ਮੈਂ ਗ਼ਲਤ ਬੰਦੇ ਕੋਲ਼ੋਂ ਉਮੀਦ ਲਾ ਕੇ ਬੈਠੀ ਹੋਈ ਸੀ। ਅੱਜ ਉਸ ਬੰਦੇ ਨੇ ਮੇਰੀ ਸਾਰੀ ਉਮੀਦ ਹੀ ਮਾਰ-ਮੁਕਾ ਦਿੱਤੀ ਏ," ਅਨੂ ਨੇ ਜੇਬ 'ਚੋਂ ਟੀਸ਼ੂ ਪੇਪਰ ਕੱਢ ਕੇ ਆਪਣੀਆਂ ਅੱਖਾਂ ਸਾਫ਼ ਕੀਤੀਆਂ।

"ਅਨੂ, ਮੇਰੀ ਮੰਨੇਂ ਤਾਂ ਅੱਜ ਤੋਂ ਬਾਅਦ ਗੁਰੀ ਵਾਲਾ ਚੈਪਟਰ ਬਿੱਲਕੁਲ ਬੰਦ ਕਰ ਕੇ, ਨਵੇਂ ਸਿਰਿਉਂ ਜ਼ਿੰਦਗੀ ਨੂੰ ਖ਼ੁਸ਼ਆਮਦੀਦ ਕਹਿ। ਦੇਖੀਂ ਮਨ ਕਿਵੇਂ ਹੌਲ਼ਾ ਫੁੱਲ ਹੋ ਜਾਊ," ਰਣਜੀਤ ਨੇ ਅਨੂ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ।

"ਚਲੋ ਕਰ'ਤਾ ਬੰਦ। ਪਾ 'ਤਾ ਭੋਗ। ਅੱਜ ਤੋਂ ਮੈਂ ਨਹੀਂ ਜਾਣਦੀ, ਗੁਰੀ ਕੌਣ ਸੀ," ਅਨੂ ਨੇ ਰਣਜੀਤ ਦੀਆਂ ਗੱਲਾਂ ਦਾ ਅਸਰ ਕਬੂਲਦਿਆਂ ਕਿਹਾ।

"ਦੈਟਸ ਲਾਇਕ ਏ ਗੁੱਡ ਗਰਲ। ਚੱਲੋ ਫਿਰ ਇੱਕ ਵਾਰੀ 'ਗੁੱਗੂ' ਬਣ ਕੇ ਹੱਸ ਕੇ ਦਖਾਓ," ਰਣਜੀਤ ਨੇ ਅਨੂ ਦੇ ਪੈਰਾਂ ਹੇਠੋਂ ਦੁੱਖ ਦੀ ਜ਼ਮੀਨ ਕੱਢ ਦਿੱਤੀ ਤੇ ਉਸ ਨੇ ਰਣਜੀਤ ਵੱਲ ਦੇਖਦਿਆਂ ਜ਼ੋਰਦਾਰ ਠਹਾਕਾ ਮਾਰਿਆ।

"ਓਏ ਹੋਏ ਮਾਰ ਸੁੱਟਿਆ ਓਏ ਕੁੜੀਏ, ਦਿਲ ਲੈ ਗਈ ਕੁੜੀ ਜਲੰਧਰ ਦੀ," ਰਣਜੀਤ ਨੇ ਅਨੂ ਨੂੰ ਠੋਡੀਓਂ ਫੜ ਕੇ ਉਸ ਦਾ ਮੂੰਹ ਆਪਣੇ ਵੱਲ ਕਰਦਿਆਂ ਕਿਹਾ।

"ਏਦਾਂ ਈ ਆ ਫਿਰ," ਅਨੂ ਮਚਲ ਕੇ ਬੋਲੀ।

ਰਣਜੀਤ ਉਸ ਦਿਨ ਸੱਚ-ਮੁੱਚ ਬਹੁਤ ਖ਼ੁਸ਼ ਸੀ। ਅਨੂ ਅਤੇ ਉਸ ਦੇ ਵਿਚਾਲਿਓਂ ਗੁਰੀ ਤਾਂ ਨਿੱਕਲ਼ ਹੀ ਗਿਆ ਸੀ ਨਾ। ਓਦਾਂ ਰਣਜੀਤ ਇਸ ਗੱਲ 'ਤੇ ਹੈਰਾਨ ਸੀ ਕਿ ਅਨੂ ਦੇ ਦਿਲ ਵਿੱਚ, ਗੁਰੀ ਦੇ ਮੁੜ ਆਉਣ ਦੀ ਆਸ ਅਜੇ ਤੱਕ ਵੀ ਜਿਊਂਦੀ ਸੀ, ਜਦੋਂ ਕਿ ਹਕੀਕਤ ਇਹ ਸੀ ਕਿ ਗੁਰੀ ਉਸ ਨੂੰ ਤਲਾਕ ਦੇ ਕੇ ਜਾ ਚੁੱਕਾ ਸੀ। ਇਸ ਦੇ ਨਾਲ਼ ਹੀ ਅਨੂ ਇਹ ਵੀ ਜਾਣਦੀ ਸੀ ਕਿ ਗੁਰੀ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰਨ ਲਈ ਕੈਲਗਰੀ ਗਿਆ ਸੀ ਅਤੇ ਉਸ ਦਾ ਵਿਆਹ ਕਰਾਉਣਾ ਯਕੀਨੀ ਹੀ ਸੀ। ਰਣਜੀਤ ਨੂੰ ਵੀ ਆਪਣੇ ਪਹਿਲੇ ਪਿਆਰ ਦੀ ਯਾਦ ਆਈ। ਹਰਪ੍ਰੀਤ ਦਾ ਸੁਭਾਅ ਵੀ ਭਾਵੇਂ ਸੋਨੀਆ ਦੇ ਸੁਭਾਅ ਵਰਗਾ ਰੁੱਖਾ ਹੀ ਸੀ, ਪਰ ਫਿਰ ਵੀ ਉਹ, ਉਸ ਨੂੰ ਪੂਰੀ ਤਰ੍ਹਾਂ ਦਿਲੋਂ ਨਹੀਂ ਕੱਢ ਸਕਿਆ ਸੀ। ਜ਼ਿੰਦਗੀ ਬੜੇ ਬੇਰਹਿਮ ਜਿਹੇ ਹਾਲਾਤ ਪੈਦਾ ਕਰਦੀ ਰਹਿੰਦੀ ਹੈ। ਹਰ ਪਾਸੇ, ਅਧੂਰੇ ਲੋਕ ਆਪਣਾ ਬਾਕੀ ਦਾ ਅੱਧਾ ਹਿੱਸਾ ਲੱਭਦੇ ਤੁਰੇ ਫਿਰਦੇ ਹਨ।

"ਰਣਜੀਤ ਆਹ ਕਰੱਚਜ਼ ਕੌਣ ਲਿਆਇਆ ਏ?" ਅਨੂ ਨੇ ਕਮਰੇ ਦੇ ਕੋਨੇ ਵਿੱਚ ਪਈਆਂ ਫਹੁੜੀਆਂ ਦੇਖ ਕੇ ਪੁੱਛਿਆ।

"ਓਹ! ਮੇਰਾ ਦੋਸਤ ਪੀਟਰ ਦੇ ਕੇ ਗਿਐ। ਰਾਤੀਂ ਸੱਤ ਕੁ ਵਜੇ ਮੈਨੂੰ ਮਿਲਣ ਆਇਆ ਸੀ, ਕਹਿੰਦਾ, 'ਰੈਂਡੀ ਆਹ ਮੇਰਾ ਡੈਡੀ ਵਰਤਦਾ ਹੁੰਦਾ ਸੀ।

ਉਸ ਦੇ ਮਰਨ ਤੋਂ ਬਾਅਦ ਗਰਾਜ ਵਿੱਚ ਪਈਆਂ ਸੀ, ਮੈਂ ਸੋਚਿਆ ਤੇਰੇ ਕੰਮ ਆ ਜਾਣਗੀਆਂ।' ਉਸ ਵਿਚਾਰੇ ਨੂੰ ਕੀ ਪਤਾ ਕਿ ਫਹੁੜੀਆਂ ਨਾਲ਼ ਤੁਰਨ ਲਈ ਵੀ ਇੱਕ ਪੈਰ ਤਾਂ ਮਾੜਾ-ਮੋਟਾ ਥੱਲੇ ਲੱਗਣਾ ਚਾਹੀਦੈ। ਚਲੋ ਹੈਥੇ ਪਈਆਂ ਰਹਿਣ ਦੇ, ਕੀ ਪਤਾ ਕਿਸੇ ਦਿਨ ਮੇਰਾ ਈ ਚਿੱਤ ਇਨ੍ਹਾਂ ਨੂੰ ਵਰਤਣ ਲਈ ਕਰ ਆਵੇ," ਰਣਜੀਤ ਨੇ ਮੁਸਕੜੀਆਂ 'ਚ ਹੱਸਦਿਆਂ ਜੁਆਬ ਦਿੱਤਾ।

"ਅੱਛਾ ਸੱਚ, ਸੋਨੇ ਆਹ ਛੱਤ ਵਾਲ਼ੇ ਹੈਂਡਲ ਨਾਲ਼ ਕਦੇ ਕੋਈ ਐਕਸਰਸਾਈਜ਼ ਵੀ ਕੀਤੀ ਏ ਜਾਂ ਬੱਸ ਐਵੇਂ ਦੇਖ ਕੇ ਖ਼ੁਸ਼ ਹੋਣ ਲਈ ਲੁਆਇਐ ਜਨਾਬ ਨੇ," ਅਨੂ ਨੇ ਉਸ ਪਾਈਪ ਵੱਲ ਇਸ਼ਾਰਾ ਕਰਦਿਆਂ ਕਿਹਾ।

"ਲੈ, ਕਰਦਾ ਹੁੰਨਾਂ, ਤੂੰ ਮੇਰੇ ਡੌਲ਼ੇ ਬਣੇ ਹੋਏ ਨਹੀਂ ਦੇਖੇ, ਕਹੇਂ ਤਾਂ ਦਿਖਾਵਾਂ?" ਰਣਜੀਤ ਹੱਸਦਾ-ਹੱਸਦਾ ਕਮੀਜ਼ ਦੀ ਬਾਂਹ ਚੜ੍ਹਾਉਣ ਦੀ ਐਕਟਿੰਗ ਕਰਨ ਲੱਗ ਪਿਆ।

"ਨਹੀਂ ਜੀ, ਨਹੀਂ! ਮੈਂ ਵਿਚਾਰੀ ਡਰ ਜਾਊਂ। ਮੈਨੂੰ ਤੁਹਾਡੇ ਤੇ ਯਕੀਨ ਐ, ਤੁਸੀਂ ਤਾਂ ਪੂਰੇ ਮਾਚੋ-ਮੈਨ ਓ," ਅਨੂ ਨੇ ਠਹਾਕਾ ਮਾਰ ਕੇ ਹੱਸਦਿਆਂ ਕਿਹਾ।

ਰਣਜੀਤ ਨੇ ਸ਼ੁਕਰ ਮਨਾਇਆ ਕਿ ਸੋਨੀਆ ਨੇ ਛੱਤ ਵਾਲ਼ੇ ਹੈਂਡਲਾਂ ਨੂੰ ਬਾਹਾਂ ਦੀ ਐਕਸਰਸਾਇਜ਼ ਕਰਨ ਖ਼ਾਤਰ ਫਿੱਟ ਕਰਾਏ ਹੋਏ ਹੀ ਸਮਝਿਆ ਹੈ। ਸੱਚ ਇਹ ਸੀ ਕਿ ਰਣਜੀਤ ਹਰ ਰੋਜ਼ ਇਨ੍ਹਾਂ ਹੈਂਡਲਾਂ ਨੂੰ ਹੱਥ ਪਾ ਖੜ੍ਹੇ ਹੋਣ ਦੀ ਤੇ ਪੈਰਾਂ ਉੱਤੇ ਭਾਰ ਪਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ। ਹੁਣ ਤਾਂ ਉਹ, ਇਸ ਕੋਸ਼ਿਸ਼ ਵਿੱਚ ਕਾਫ਼ੀ ਕਾਮਯਾਬ ਵੀ ਹੋਣ ਲੱਗ ਪਿਆ ਸੀ।

"ਅਨੂ, ਅੱਜ ਮੈਂ ਤੇਰੇ ਬਾਰੇ ਸੋਚਦਿਆਂ ਕੁਛ ਲਿਖਣ ਦੀ ਕੋਸ਼ਿਸ਼ ਕੀਤੀ ਏ, ਕਹੇਂ ਤਾਂ ਸੁਣਾਵਾਂ?" ਰਣਜੀਤ ਨੇ ਅਨੂ ਵੱਲ ਦੇਖਦਿਆਂ ਕਿਹਾ।

"ਨੇਕੀ ਤੇ ਪੁੱਛ-ਪੁੱਛ? ਇਰਸ਼ਾਦ ਕਰੋ ਜਨਾਬ," ਅਨੂ ਚਹਿਕੀ।

"ਲੈ ਸੁਣ ਫੇਰ ਸ਼ਰਾਬੀ ਨੈਣਾਂ ਵਾਲੀਏ, ਨੈਣਾਂ ਦੀ ਗੱਲ:

**ਦਿਲ ਦੇ ਤਾਰ ਹਿਲਾਏ ਤੇਰੇ ਨੈਣਾਂ ਨੇ।**
**ਸੁੱਤੇ ਇਸ਼ਕ ਜਗਾਏ ਤੇਰੇ ਨੈਣਾਂ ਨੇ।**

**ਦੇਖਣ ਨੂੰ ਤੂੰ ਕਿੰਨੀ ਭੋਲ਼ੀ-ਭਾਲ਼ੀ ਏਂ,**
**ਤਿਰਛੇ ਤੀਰ ਚਲਾਏ, ਤੇਰੇ ਨੈਣਾਂ ਨੇ।**

**ਤੂੰ ਕਹਿੰਦੀ ਸੀ, 'ਤੈਨੂੰ ਲੁੱਟ ਕੇ ਲੈ ਜਾਣਾ,'**
**ਤੇਰੇ ਬੋਲ ਪੁਗਾਏ ਤੇਰੇ ਨੈਣਾਂ ਨੇ।"**

"ਹਾਏ ਮੈਂ ਮਰ ਜਾਵਾਂ, ਸ਼ਾਇਰ ਸਾਹਿਬ ਤੁਸੀਂ ਤਾਂ ਬਹੁਤੇ ਹੀ ਡੂੰਘੇ

ਉੱਤਰਦੇ ਜਾ ਰਹੇ ਹੋ। ਰੈਂਡੀ ਸੱਚ-ਮੁੱਚ ਹੀ ਕਮਾਲ ਦੀਆਂ ਸਤਰਾਂ ਨੇ। ਜੀ ਕਰਦੈ ਲਿਖਣ ਵਾਲ਼ੇ ਦੇ ਹੱਥ ਚੁੰਮ ਲਈਏ," ਅਨੂ ਨੇ ਕਿਹਾ।

"ਨੇਕੀ ਤੇ ਪੁੱਛ-ਪੁੱਛ? ਚੁੰਮ ਲਓ, ਤੁਹਾਨੂੰ ਰੋਕਿਆ ਕਿਸੇ ਨੇ?" ਰਣਜੀਤ ਨੇ ਆਪਣੇ ਦੋਵੇਂ ਹੱਥ ਅਨੂ ਵੱਲ ਕਰਦਿਆਂ ਹੋਇਆਂ ਮੁਸਕਰਾ ਕੇ ਕਿਹਾ।

"ਏਦਾਂ ਕਰੋ ਸ਼ਾਇਰ ਸਾਹਿਬ, ਗ਼ਜ਼ਲ ਪੂਰੀ ਕਰ ਲਓ ਫਿਰ ਇੱਕੋ ਵਾਰ ਚੰਗੀ ਤਰ੍ਹਾਂ ਹੱਥ ਚੁੰਮਾਂਗੇ," ਅਨੂ ਬਹਾਨੇ ਨਾਲ਼ ਟਾਲ਼ ਗਈ।

"ਆਹ ਤਾਂ ਫੇਰ ਕੋਈ ਗੱਲ ਨਾ ਹੋਈ। ਪੂਰਾ ਨਹੀਂ ਕਰਨਾ ਸੀ ਤਾਂ ਕੌਲ ਕੀਤਾ ਹੀ ਕਿਉਂ ਸੀ?" ਸੰਜੀਦਾ ਜਿਹਾ ਮੂੰਹ ਬਣਾ ਕੇ ਰਣਜੀਤ ਹੱਸਦਾ ਹੋਇਆ ਕਹਿਣ ਲੱਗਿਆ।

ਫਿਰ ਦੋਹਾਂ ਦੇ ਠਹਾਕੇ ਇੱਕ-ਦੂਜੇ ਵਿੱਚ ਰਲ਼ ਗਏ। ਰਣਜੀਤ ਸੋਚ ਰਿਹਾ ਸੀ ਕਿ ਕਾਸ਼ ਉਹ ਸਮੇਂ ਨੂੰ ਇੱਥੇ ਹੀ ਰੋਕ ਲੈਂਦਾ। ਉਸ ਦੀ ਜ਼ਿੰਦਗੀ ਵਿੱਚ ਇਸ ਤਰ੍ਹਾਂ ਦੇ ਹਸੀਨ ਪਲ ਕਦੇ ਆਏ ਹੀ ਨਹੀਂ ਸਨ। ਅਨੂ ਦੀ ਨਜ਼ਾਕਤ ਘਰ ਦੇ ਮਹੌਲ ਨੂੰ ਖ਼ੁਸ਼ਗਵਾਰ ਜਿਹਾ ਬਣਾਈ ਰੱਖਦੀ ਸੀ। ਰਣਜੀਤ ਨੂੰ ਆਪਣੀ ਮਾਂ ਦੀ ਕਹੀ ਹੋਈ ਇਹ ਗੱਲ ਅਕਸਰ ਯਾਦ ਆਉਂਦੀ ਰਹਿੰਦੀ ਕਿ ਰੱਬ ਜੋ ਵੀ ਕਰਦੈ, ਚੰਗਾ ਹੀ ਕਰਦੈ। ਸ਼ਾਇਦ ਉਸ ਨੇ, ਉਸ ਨੂੰ ਅਧਰੰਗ ਦਾ ਰੋਗੀ ਬਣਾ ਕੇ, ਇਹ ਹਸੀਨ ਪਲ ਦੇਣੇ ਸਨ। ਕਦੇ-ਕਦੇ ਪ੍ਰਮਾਤਮਾ ਦੇ ਸ਼ੁਕਰ ਵਿੱਚ ਉਸ ਦੀਆਂ ਅੱਖਾਂ ਬੰਦ ਹੋ ਜਾਂਦੀਆਂ, ਫਿਰ ਵਗਣ ਲਗ ਪੈਂਦੀਆਂ।

□□□

## 16.

ਸੋਨੀਆ ਪਿਛਲੇ ਕਈ ਦਿਨਾਂ ਤੋਂ ਬਹੁਤ ਤਪੀ ਹੋਈ ਸੀ। ਘਰ ਵਿੱਚ ਅਨੂ ਤੇ ਰਣਜੀਤ ਦੀਆਂ ਆਪਸੀ ਨਜ਼ਦੀਕੀਆਂ ਤਾਂ ਉਸ ਨੂੰ ਹਮੇਸ਼ਾ ਹੀ ਚੁੱਭਦੀਆਂ ਰਹਿੰਦੀਆਂ ਸਨ। ਓਧਰ ਸ਼ੌਕਤ ਨੇ ਵੀ ਉਸ ਨਾਲ਼ ਠੱਗੀ ਹੀ ਕੀਤੀ ਸੀ। ਉਸ ਨੂੰ 'ਕਦੀਮ ਟਰੈਵਲ' ਵਿੱਚ ਵਾਪਸ ਆਈ ਨੂੰ ਢਾਈ ਮਹੀਨੇ ਹੋ ਚੁੱਕੇ ਸਨ, ਪਰ ਸ਼ੌਕਤ ਦੀ ਸਾਲ਼ੀ ਸਾਇਰਾ ਅੱਜ ਵੀ ਉੱਥੇ ਹੀ ਸੀ। ਉਹ ਤਾਂ ਸਗੋਂ ਅੱਜ-ਕੱਲ੍ਹ ਸ਼ੌਕਤ ਵਾਲ਼ੇ ਕੈਬਿਨ ਵਿੱਚ ਕਿੰਨਾ-ਕਿੰਨਾ ਚਿਰ ਬੈਠੀ ਰਹਿੰਦੀ ਸੀ ਤੇ ਉਹ ਦੋਵੇਂ ਜੀਜਾ-ਸਾਲ਼ੀ, ਮੂੰਹ ਨਾਲ਼ ਮੂੰਹ ਜੋੜ ਕੇ ਗੱਪਾਂ ਮਾਰਦੇ ਅਤੇ ਹੱਸਦੇ ਰਹਿੰਦੇ। ਇੱਕ-ਦੋ ਵਾਰ ਜਦੋਂ ਸੋਨੀਆ ਨੇ ਸ਼ੌਕਤ ਤੋਂ ਸਾਇਰਾ ਦੇ ਜਾਣ ਬਾਰੇ ਪੁੱਛਿਆ ਤਾਂ ਸ਼ੌਕਤ ਨੇ ਇਹ ਕਹਿ ਕੇ ਗੱਲ ਟਾਲ਼ ਦਿੱਤੀ ਕਿ ਉਹ ਨੇ ਚਲੀ ਹੀ ਜਾਣਾ ਹੈ। ਪਿਛਲੇ ਦੋ ਕੁ ਹਫ਼ਤਿਆਂ ਤੋਂ, ਸ਼ੌਕਤ ਨੇ ਸੋਨੀਆ ਨੂੰ ਸਨਿੱਚਰਵਾਰ ਵਾਲ਼ੇ ਦਿਨ, ਫਲੈਟ ਵਿੱਚ ਵੀ ਨਹੀਂ ਸੱਦਿਆ। ਸੋਨੀਆ ਨੂੰ ਸ਼ੱਕ ਜਿਹਾ ਤਾਂ ਪਹਿਲਾਂ ਹੀ ਪੈ ਗਿਆ ਸੀ, ਪਰ ਹੁਣ ਉਸ ਨੂੰ ਯਕੀਨ ਜਿਹਾ ਹੀ ਹੋਣ ਲੱਗ ਪਿਆ ਸੀ ਕਿ ਅੱਜ-ਕੱਲ੍ਹ 'ਸਨਿੱਚਰਵਾਰ ਵਾਲ਼ੀ ਡਿਊਟੀ' ਸਾਇਰਾ ਹੀ ਨਿਭਾ ਰਹੀ ਹੈ। ਫਿਰ ਇੱਕ ਦਿਨ ਸ਼ੌਕਤ ਨੇ, ਸਾਇਰਾ ਦੀ ਹਾਜ਼ਰੀ ਵਿੱਚ, ਸੋਨੀਆ ਨੂੰ ਸੱਦ ਕੇ ਕਿਹਾ, "ਸੋਨੀਆ, ਅੱਜ-ਕੱਲ੍ਹ ਆਪਣੇ ਕੋਲ਼ ਕੰਮ ਬਹੁਤਾ ਨਹੀਂ ਏ। ਤੂੰ ਬਾਕੀ ਸਟਾਫ਼ ਦੇ ਨਾਲ਼ ਈ ਚਾਰ ਵਜੇ ਛੁੱਟੀ ਕਰ ਲਿਆ ਕਰ। ਕੋਲੋਜ਼ਿੰਗ ਦਾ ਕੰਮ ਏ ਥੋੜ੍ਹਾ ਜਿਹਾ, ਉਹ ਸਾਇਰਾ ਦੇਖ ਲਿਆ ਕਰੂਗੀ।"

ਇਹ ਸੁਣ ਕੇ ਸੋਨੀਆ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਪਹਿਲਾਂ ਉਹ ਤਕਰੀਬਨ ਸਾਢੇ ਪੰਜ-ਪੌਣੇ ਛੇ ਕੰਮ ਖ਼ਤਮ ਕਰਦੀ ਸੀ ਅਤੇ ਸਾਰਿਆਂ ਦੇ ਜਾਣ ਤੋਂ ਬਾਅਦ ਹੀ ਜਾਂਦੀ ਸੀ। ਹੁਣ ਸ਼ੌਕਤ ਉਸ ਨੂੰ ਚਾਰ ਵਜੇ ਜਾਣ ਨੂੰ ਕਹਿ ਰਿਹਾ ਸੀ, ਯਾਨੀ ਕਿ ਸਿੱਧੀ ਹੀ ਰੋਜ਼ ਦੀ ਚਾਲ਼ੀ-ਪੰਜਾਹ ਡਾਲਰ ਦੀ ਕਟੌਤੀ। ਉਹ ਸਾਇਰਾ ਦੇ ਬੈਠੀ ਹੋਣ ਕਰ ਕੇ ਕੁੱਝ ਨਾ ਬੋਲੀ ਅਤੇ ਬਾਹਰ ਆ ਕੇ ਆਪਣੇ ਡੈਸਕ 'ਤੇ ਬੈਠ ਗਈ। ਫਿਰ ਜਦੋਂ ਸਾਇਰਾ, ਸ਼ੌਕਤ ਦੇ ਕੈਬਿਨ ਵਿੱਚੋਂ ਬਾਹਰ ਆ ਕੇ ਆਪਣੇ ਡੈਸਕ 'ਤੇ ਬੈਠੀ ਤਾਂ ਸੋਨੀਆ ਝੱਟ ਉੱਠ ਕੇ ਕੈਬਿਨ ਅੰਦਰ ਜਾ ਵੜੀ।

"ਸ਼ੌਕਤ, ਇਹ ਕੀ ਬਕਵਾਸ ਐ ? ਤੂੰ ਮੇਰਾ ਟਾਈਮ ਕਿਵੇਂ ਕੱਟ ਸਕਦੈਂ ? ਨਾਲ਼ੇ ਮੈਨੂੰ ਇਸ ਤਰ੍ਹਾਂ ਸਾਇਰਾ ਦੇ ਸਾਹਮਣੇ ਜ਼ਲੀਲ ਕਰਨ ਦਾ ਕੀ ਮਤਲਬ ਸੀ ?" ਸੋਨੀਆ ਨੇ ਸ਼ੌਕਤ ਉੱਤੇ ਸੁਆਲਾਂ ਦੀ ਝੜੀ ਲਾ ਦਿੱਤੀ।

"ਸੋਨੀਆ, ਅਕਲ ਨਾਲ਼ ਗੱਲ ਕਰ। ਮੈਂ ਤੇਰਾ ਬੌਸ ਹਾਂ। ਤੇਰਾ ਚਪੜਾਸੀ ਨਹੀ ਆਂ ਕਿ ਤੂੰ ਜੋ ਮਰਜ਼ੀ ਬਕਵਾਸ ਕਰੀਂ ਜਾਏਂ। ਮੈਂ ਜਾਣਦਾਂ ਕਿ ਮੈਂ ਇਹ

ਆਫ਼ਿਸ ਕਿਵੇਂ ਚਲਾਉਣਾ ਏ। ਮੈਨੂੰ ਆਪਣਾ ਚੰਗਾ-ਮਾੜਾ ਸੋਚਣ ਦਾ ਹੱਕ ਵੀ ਏ ਤੇ ਇਲਮ ਵੀ ਏ। ਸਾਇਰਾ ਨੇ ਮੇਰੇ ਨਾਲ਼ ਪਾਰਟਨਰਸ਼ਿਪ ਕਰ ਲਈ ਏ ਤੇ ਅਸੀਂ ਦੋਹਾਂ ਭਾਈਵਾਲਾਂ ਨੇ ਇਹ ਫ਼ੈਸਲਾ ਕੀਤਾ ਏ ਕਿ ਸ਼ਾਮ ਨੂੰ ਕਲੋਜ਼ਿੰਗ ਉਹ ਕਰਿਆ ਕਰੇਗੀ। ਇੱਕ ਗੱਲ ਹੋਰ, ਅੱਜ ਤੋਂ ਬਾਅਦ ਮੈਂ ਤੇਰੇ ਨਾਲ਼ ਕੰਮ ਦੇ ਮੁਤੱਲਕ ਜੋ ਵੀ ਗੱਲ ਕਰਨੀ ਹੋਇਆ ਕਰੇਗੀ, ਸਾਇਰਾ ਦੇ ਸਾਹਮਣੇ ਹੀ ਕਰਿਆ ਕਰਾਂਗਾ," ਸ਼ੌਕਤ ਨੇ ਮਗਰਲੇ ਸ਼ਬਦ ਬਹੁਤ ਚਿੱਥ-ਚਿੱਥ ਕੇ ਕਹੇ।

"ਮੈਨੂੰ ਸਾਰਾ ਪਤਾ ਏ ਕਿ ਇਹ ਪਾਰਟਨਰਸ਼ਿਪ ਬਿਸਤਰੇ ਤੋਂ ਸ਼ੁਰੂ ਹੋ ਕੇ, ਬਿਜ਼ਨਸ ਤੱਕ ਪਹੁੰਚੀ ਏ। ਉਸ ਵੱਡੀ ਪਾਰਟਨਰ ਕੋਲ਼ ਪੈਸੇ ਕਿੱਥੋਂ ਆਏ ਭਾਈਵਾਲ ਬਣਨ ਲਈ?" ਸੋਨੀਆ ਨੇ ਖਿਝ ਕੇ ਕਿਹਾ।

"ਮੇਰੇ ਫਾਦਰ-ਇਨ-ਲਾਅ ਨੇ ਪਾਕਿਸਤਾਨੋਂ ਭੇਜੇ ਨੇ। ਨਾਲ਼ੇ ਤੈਨੂੰ ਕੀ, ਤੂੰ ਮੁਲਾਜ਼ਮ ਏਂ, ਤੇ ਮੁਲਾਜ਼ਮਾਂ ਵਾਂਗ ਚੁੱਪ ਕਰ ਕੇ ਆਪਣਾ ਕੰਮ ਕਰੀ ਜਾਹ। ਥੋੜ੍ਹੀ ਅਦਲਾ-ਬਦਲੀ ਹੀ ਕੀਤੀ ਏ ਤੈਨੂੰ ਕੋਈ ਕੱਢਿਆ ਤਾਂ ਨਹੀਂ," ਸ਼ੌਕਤ ਨੇ ਜੁਆਬ ਦਿੱਤਾ।

"ਤੂੰ ਮੈਨੂੰ ਲੇਲ੍ਹੜੀਆਂ ਕੱਢ ਕੇ 'ਬਾਜਵਾ ਟਰੈਵਲ' 'ਤੋਂ ਪੱਟ ਕੇ ਲਿਆਇਆ ਸੀ। ਨਾਲ਼ੇ ਤੂੰ ਇਹ ਵੀ ਕਿਹਾ ਸੀ ਕਿ ਇਹ ਨੇ, ਤੇਰੀ ਸਾਲ਼ੀ ਨੇ ਏਥੇ ਬਹੁਤਾ ਚਿਰ ਨਹੀਂ ਟਿਕਣਾ ਤੇ ਦਫ਼ਾ ਹੋ ਜਾਣੈ। ਹੁਣ ਤੂੰ ਉਹ ਨੂੰ ਜਾਨੇਮਨ ਬਣਾ ਕੇ ਪਾਰਟਨਰ ਵੀ ਬਣਾ ਲਿਆ। ਹਾਲੇ ਕੱਲ੍ਹ ਤਾਂ ਤੂੰ ਮੈਨੂੰ ਵਿਆਹ ਕਰਾਉਣ ਦੀ ਆੱਫ਼ਰ ਕਰ ਰਿਹਾ ਸੀ। ਕੁੱਝ ਤਾਂ ਸ਼ਰਮ ਕਰ ਸ਼ੌਕਤਾ," ਸੋਨੀਆ ਨੇ ਸਿਰਾ ਲਾ ਦਿੱਤਾ।

"ਤੂੰ ਬਹੁਤ ਲਾਲਚੀ ਔਰਤ ਏਂ। ਤੂੰ ਮੇਰੇ ਤਰਲਿਆਂ 'ਤੇ ਨਹੀਂ ਆਈ, ਅੱਠ ਡਾਲਰ ਦੇ ਵਾਧੇ ਕਰ ਕੇ ਆਈ ਸੀ। ਤੂੰ ਸ਼ੁਕਰ ਕਰ ਮੈਂ ਤੇਰੀ ਪੇਅ ਨਹੀਂ ਘਟਾਈ, ਟਾਈਮ ਹੀ ਘਟਾਇਐ। ਇੱਕ ਗੱਲ ਮੇਰੀ ਧਿਆਨ ਨਾਲ਼ ਸੁਣ ਲੈ। ਬਾਕੀ ਮੁਲਾਜ਼ਮਾਂ ਵਾਂਗ ਚੁੱਪ ਕਰ ਕੇ ਸਵੇਰੇ ਅੱਠ ਤੋਂ ਸ਼ਾਮ ਦੇ ਚਾਰ ਵਜੇ ਤੱਕ ਕੰਮ ਕਰੀ ਚੱਲ ਨਹੀਂ ਤਾਂ ਕਿਤੇ ਹੋਰ ਕੰਮ ਲੱਭ ਲੈ," ਸ਼ੌਕਤ ਨੇ ਸੌ ਨਾਲ਼ ਦੀ ਇੱਕ ਸੁਣਾ ਦਿੱਤੀ। ਸੋਨੀਆ ਨੂੰ ਸ਼ੌਕਤ ਦੀਆਂ ਗੱਲਾਂ ਤੇ ਯਕੀਨ ਨਹੀ ਆ ਰਿਹਾ ਸੀ। ਕੋਈ ਏਦਾਂ ਕਹਿ ਕੇ, ਕਿਵੇਂ ਮੁੱਕਰ ਸਕਦਾ ਏ? ਕਿੰਨਾ ਮਤਲਬੀ ਨਿੱਕਲ਼ਿਆ ਇਹ ਬੰਦਾ।

"ਬਾਕੀ ਜੋ ਤੂੰ ਵਿਆਹ ਦੀ ਔਫ਼ਰ ਦੀ ਗੱਲ ਕਰਦੀ ਏਂ, ਮੈਂ ਕਿਹੜਾ ਉਸ ਤੋਂ ਮੁੱਕਰਦਾਂ। ਕਰਾ ਲੈ, ਸਾਡੇ ਮਜ਼ਹਬ ਵਿੱਚ ਤਾਂ ਉਂਝ ਵੀ ਤਿੰਨ-ਤਿੰਨ ਨਿਕਾਹ ਜਾਇਜ਼ ਨੇ। ਮੈਂ ਤੁਹਾਨੂੰ ਤੇਹਾਂ ਨੂੰ ਰੱਖ ਸਕਦਾਂ," ਸ਼ੌਕਤ ਨੇ ਖ਼ਚਰੀ ਹਾਸੀ ਹੱਸਦਿਆਂ ਕਿਹਾ।

ਸੋਨੀਆ, ਸ਼ੌਕਤ ਦਾ ਇਹ ਰੂਪ ਦੇਖ ਕੇ ਡਰ ਜਿਹੀ ਗਈ। ਕੱਲ੍ਹ ਤੱਕ

ਜਿਹੜਾ ਸ਼ੌਕਤ ਉਸ ਦੇ ਪਿੱਛੇ ਲਾਲ਼ਾਂ ਸੁੱਟਦਾ ਫਿਰਦਾ ਸੀ, ਅੱਜ ਸਾਇਰਾ ਹੱਥੀਂ ਚੜ੍ਹ ਗਈ ਤਾਂ ਉਸੇ ਸ਼ੌਕਤ ਨੇ ਉਸ ਦਾ ਪੱਤਾ ਕੱਟਣ ਵਿੱਚ ਪਲ ਨਹੀਂ ਲਾਇਆ। ਉਹ ਖ਼ੂਨ ਦੇ ਘੁੱਟ ਭਰ ਕੇ, ਚੁੱਪ-ਚਾਪ ਆਪਣੇ ਟੇਬਲ 'ਤੇ ਆ ਕੇ ਬੈਠ ਗਈ। ਉਸ ਦਾ ਜੀਅ ਕਰ ਰਿਹਾ ਸੀ ਕਿ ਉਹ ਸ਼ੌਕਤ ਦਾ ਖ਼ੂਨ ਕਰ ਦੇਵੇ। ਉਸ ਨੂੰ ਬਾਜਵੇ ਦਾ ਕੰਮ ਛੱਡ ਕੇ ਸ਼ੌਕਤ ਕੋਲ਼ ਆਉਣ ਦਾ ਪਛਤਾਵਾ ਵੀ ਹੋ ਰਿਹਾ ਸੀ। ਉਹ ਜਾਣਦੀ ਸੀ ਕਿ ਸਾਇਰਾ ਨਾਲ਼ ਭਾਈਵਾਲੀ ਵਾਲ਼ੀ ਗੱਲ ਤਾਂ ਇੱਕ ਬਹਾਨਾ ਹੀ ਹੈ। ਅਸਲ ਵਿੱਚ ਸ਼ੌਕਤ ਨੂੰ ਰੰਗ-ਰਲ਼ੀਆਂ ਮਨਾਉਣ ਲਈ ਆਪਣੀ ਸਾਲ਼ੀ ਦੇ ਰੂਪ ਵਿੱਚ ਇੱਕ ਹੋਰ ਔਰਤ ਮਿਲ ਗਈ ਸੀ ਅਤੇ ਉਸ ਦੇ ਮਨ ਵਿੱਚ ਉਸ ਲਈ ਕੋਈ ਥਾਂ ਨਹੀਂ ਬਚੀ ਸੀ। ਸੋਨੀਆ ਨੂੰ ਇਸ ਵੇਲ਼ੇ ਸਾਰੇ ਦਾ ਸਾਰਾ ਕਸੂਰ ਸ਼ੌਕਤ ਦਾ ਹੀ ਲੱਗਦਾ ਸੀ ਤੇ ਉਸ ਨੇ ਇੱਕ ਵਾਰ ਵੀ ਇਹ ਨਹੀਂ ਸੋਚਿਆ ਕਿ ਇਹ ਸਭ ਕੁੱਝ ਹੋਣ ਦਾ ਕਾਰਨ ਉਸ ਦਾ ਲਾਲਚੀ ਹੋਣਾ ਵੀ ਹੋ ਸਕਦਾ ਹੈ। ਫਿਰ ਜਦੋਂ ਸੋਨੀਆ ਦੀ ਨਜ਼ਰ ਸਾਹਮਣੇ ਬੈਠੀ ਸਾਇਰਾ ਵੱਲ ਗਈ ਤਾਂ ਸਾਇਰਾ ਬਹੁਤ ਹੀ ਜ਼ਹਿਰੀਲੇ ਜਿਹੇ ਢੰਗ ਨਾਲ਼ ਮੁਸਕਰਾ ਕੇ ਉਸ ਵੱਲ ਹੀ ਦੇਖ ਰਹੀ ਸੀ। ਉਸ ਦਾ ਜੀਅ ਕੀਤਾ ਕਿ ਉਹ ਉੱਠ ਕੇ ਸਾਇਰਾ ਦੇ ਮੂੰਹ 'ਤੇ ਚਪੇੜ ਮਾਰੇ, ਪਰ ਇਸ ਨਾਲ਼ ਹਾਲਾਤ ਸੁਧਰਨੇ ਨਹੀਂ ਸਨ। ਇਸ ਲਈ ਉਹ ਜ਼ਿੱਲਤ ਦਾ ਘੁੱਟ ਭਰ ਕੇ ਵੀ ਚੁੱਪ ਹੀ ਰਹੀ।

## 17.

ਸੋਨੀਆ ਚਾਰ ਵਜੇ ਕੰਮ ਨਬੇੜ ਕੇ, ਆਪਣੇ ਪੇਕਿਆਂ ਦੇ ਘਰੋਂ, ਨਿਆਣੇ ਨਾਲ਼ ਲੈ ਕੇ ਪੰਜ ਕੁ ਵਜੇ ਘਰ ਪਹੁੰਚ ਗਈ। ਘਰ ਵੜਦਿਆਂ ਹੀ ਉਸ ਦੇ ਕੰਨੀਂ, ਰਣਜੀਤ ਅਤੇ ਅਨੂ ਦੇ ਠਹਾਕਿਆਂ ਦੀਆਂ ਆਵਾਜ਼ਾਂ ਪਈਆਂ ਤਾਂ ਉਸ ਦਾ ਪਾਰਾ ਹੋਰ ਵੀ ਚੜ੍ਹ ਗਿਆ। ਉਹ ਵੀ ਪਾਰੇ ਵਾਂਗ ਹੀ, ਦਗੜ-ਦਗੜ ਕਰਦੀ ਉੱਪਰ ਜਾ ਚੜ੍ਹੀ। ਜਾਂਦਿਆਂ ਹੀ ਉਸ ਨੇ ਦੇਖਿਆ ਕਿ ਰਣਜੀਤ ਬੈੱਡ 'ਤੇ ਬੈਠਾ ਸੀ ਅਤੇ ਅਨੂ ਸਰ੍ਹਾਣੇ ਖੜ੍ਹ ਕੇ, ਉਸ ਦੇ ਸਿਰ ਵਿੱਚ ਮਾਲਸ਼ ਕਰ ਰਹੀ ਸੀ। ਨਾਲ਼ੋ-ਨਾਲ਼ ਉਹ ਗੱਲਾਂ ਵੀ ਕਰ ਰਹੇ ਸਨ।

"ਕੁੱਤੀਏ ਜ਼ਨਾਨੀਏ! ਤੂੰ ਕਿੰਨੀ ਬੇਸ਼ਰਮ ਏਂ। ਮੈਂ ਤੈਨੂੰ ਕਿਹਾ ਸੀ ਨਾ ਕਿ ਮੇਰੇ ਘਰ ਪੈਰ ਨਾ ਪਾਈਂ? ਤੈਨੂੰ ਪੱਟਣ ਲਈ ਮੇਰਾ ਘਰ ਹੀ ਲੱਭਿਆ ਲੁੱਚੀਏ? ਨਾ ਤੈਨੂੰ ਹਿੜ-ਹਿੜ ਕਰਨ ਲਈ ਕੋਈ ਹੋਰ ਖ਼ਸਮ ਨਹੀਂ ਲੱਭਦਾ? ਚੁੱਕ ਆਪਣੀ ਟਿੰਡ-ਫਹੁੜੀ ਤੇ ਨਿੱਕਲ਼ ਮੇਰੇ ਘਰੋਂ। ਕੱਲ ਤੋਂ ਏਥੇ ਤਾਂ ਕੀ, ਮੈਨੂੰ ਇਸ ਘਰ ਦੇ ਨੇੜੇ-ਤੇੜੇ ਵੀ ਨਹੀਂ ਦਿਸਣੀ ਚਾਹੀਦੀ," ਸੋਨੀਆ ਨੇ ਸ਼ੌਕਤ ਵਾਲ਼ਾ ਸਾਰਾ ਗੁੱਸਾ ਅਨੂ 'ਤੇ ਕੱਢ ਸੁੱਟਿਆ।

ਇਸ ਤੋਂ ਪਹਿਲਾਂ ਅਨੂ ਕੁੱਝ ਬੋਲਦੀ, ਰਣਜੀਤ ਨੇ ਦਖਲ ਦਿੰਦਿਆਂ ਕਿਹਾ, "ਮੂੰਹ ਸੰਭਾਲ਼ ਕੇ ਗੱਲ ਕਰ ਸੋਨੀਆ! ਇਹ ਘਰ ਮੇਰਾ ਵੀ ਏ। ਇਹ ਏਥੇ ਮੇਰੀ ਖ਼ਾਤਰ ਆਉਂਦੀ ਏ ਤੇ ਆਪਣਾ ਕੰਮ ਕਰਦੀ ਏ। ਇਹ ਨੇ ਕਿਤੇ ਨਹੀਂ ਜਾਣਾ। ਹੋਰ ਗੱਲ ਕਰ ਜਿਹੜੀ ਕਰਨੀ ਏਂ।"

"ਰੈਂਡੀ, ਮੈਂ ਕੱਲ੍ਹ ਨੂੰ ਇਹ ਨੂੰ ਘਰ ਨਹੀਂ ਵੜਨ ਦੇਣਾ। ਤੂੰ ਇਹ ਦੀ ਸਾਈਡ ਲੈਣ ਨਾਲ਼ੋਂ ਚੁੱਪ ਹੀ ਕਰ ਰਹੇਂ ਤਾਂ ਚੰਗੈ। ਇਹ ਜਿਹੜੀ ਤੇਰੇ ਨਾਲ਼ ਖਹਿ-ਖਹਿ ਕੇ ਬਹਿੰਦੀ ਏ ਤੇਰੀ ਬੜੀ ਹੇਜਣ ਬਣੀ ਹੋਈ ਏ, ਮੈਨੂੰ ਪਤੈ ਕੀ ਭਾਲ਼ਦੀ ਆ," ਸੋਨੀਆ ਨੇ ਅਗਲਾ ਸੱਪ ਕੱਢਿਆ।

"ਦੱਸ ਨਾ ਕੀ ਭਾਲ਼ਦੀ ਏ? ਉਹ ਤਾਂ ਵਿਚਾਰੀ ਆਪਣਾ ਕੰਮ ਕਰ ਰਹੀ ਏ। ਨਾਲ਼ੇ ਮੈਂ ਕੀ ਦੇਣ ਜੋਗਾਂ ਇਹ ਨੂੰ?" ਰਣਜੀਤ ਨੇ ਤਲਖ਼ੀ ਨਾਲ਼ ਕਿਹਾ।

"ਇਹ ਦੀ ਅੱਖ ਤੇਰੀ ਪ੍ਰਾਪਰਟੀ 'ਤੇ ਐ ਤੇ ਮੈਂ ਇਹ ਨੂੰ ਇੱਕ ਧੇਲੇ ਦੀ ਵੀ ਚੀਜ਼ ਨਹੀਂ ਲਿਜਾਣ ਦੇਣੀ ਇਸ ਘਰੋਂ," ਸੋਨੀਆ ਨੇ ਕਿਹਾ।

"ਦੀਦੀ, ਤੁਹਾਨੂੰ ਇਹ ਗੱਲ ਕਿਹ ਨੇ ਕਹੀ ਏ? ਮੈਂ ਭਲਾ ਕਿੱਦਾਂ ਲੈ ਜਾਊਂ ਤੁਹਾਡੀ ਪ੍ਰਾਪਰਟੀ? ਮੈਂ ਤਾਂ ਏਦਾਂ ਕਦੇ ਸੋਚਿਆ ਵੀ ਨਹੀਂ। ਮੈਂ ਤਾਂ ਰਣਜੀਤ ਹੁਰਾਂ ਦੀ ਜਿਹੜੀ ਸੇਵਾ ਕਰਦੀ ਆਂ ਉਹ ਦੇ ਬਦਲੇ ਮੈਨੂੰ ਗੌਰਮਿੰਟ ਤੋਂ ਤਨਖ਼ਾਹ ਮਿਲ਼ਦੀ ਏ। ਇਹ ਮੇਰਾ ਕੰਮ ਏ ਤੇ ਤੁਸੀਂ ਪਲੀਜ਼, ਮੈਨੂੰ ਮੇਰਾ ਕੰਮ ਕਰਦੇ

ਰਹਿਣ ਦਿਓ। ਹੋ ਸਕਦੈ ਮੇਰੀਆਂ ਕੋਸ਼ਿਸ਼ਾਂ ਨਾਲ਼ ਇਹ ਠੀਕ ਹੀ ਹੋ ਜਾਣ," ਐਤਕੀਂ ਜੁਆਬ ਅਨੂ ਨੇ ਦਿੱਤਾ।

"ਜੇ ਇਹ ਦੀ ਸੇਵਾ ਕਰਨ ਦਾ ਏਨਾ ਈ ਚਾਅ ਏ ਤਾਂ ਇਹ ਨੂੰ ਆਪਣੇ ਘਰ ਲੈ ਜਾਹ। ਉੱਥੇ ਸੇਵਾ ਕਰੀ ਜਾਈਂ ਰੱਜ-ਰੱਜ ਕੇ। ਨਾਲ਼ੇ ਮੈਂ ਵੀ ਦੇਖ ਲਊਂ ਪਈ ਪ੍ਰਾਪਰਟੀ ਦੇ ਲਾਲਚ ਤੋਂ ਬਿਨਾਂ ਕਿੰਨੀ ਕੁ ਸੇਵਾ ਕਰਦੀਂ ਏਂ ਤੂੰ," ਸੋਨੀਆ ਨੇ ਅਨੂ ਨੂੰ ਮਿਹਣਾ ਮਾਰਿਆ।

"ਦੀਦੀ, ਮੈਂ ਥੁੱਕਦੀ ਆਂ ਇਹੋ ਜਿਹੀ ਪ੍ਰਾਪਰਟੀ ਉੱਤੇ। ਮੈਂ ਉਨ੍ਹਾਂ ਵਰਗੀ ਨਹੀਂ ਜਿਹੜੀਆਂ ਚਾਰ ਛਿੱਲੜਾਂ ਬਦਲੇ ਲੋਕਾਂ ਦਾ ਘਰ ਉਜਾੜਨ 'ਤੇ ਤੁੱਲ ਜਾਂਦੀਆਂ ਨੇ। ਓਦਾਂ, ਇਲਾਜ ਖ਼ਾਤਰ ਮੈਂ, ਇਨ੍ਹਾਂ ਨੂੰ ਆਪਣੇ ਘਰ ਲਿਜਾਣੋਂ ਵੀ ਪਿੱਛੇ ਨਹੀਂ ਹਟਾਂਗੀ, ਇਹ ਜਾਣ ਵਾਲ਼ੇ ਬਣਨ," ਅਨੂ ਨੇ ਵੀ ਆਪਣੇ ਵੱਲੋਂ ਉੱਨੀ ਦੇ ਇੱਕੀ ਪਾਏ।

"ਜਾਹ ਲੈ ਜਾਹ ਫਿਰ। ਤੂੰ ਮੇਰਾ ਘਰ ਉੱਜੜਨ ਦਾ ਫ਼ਿਕਰ ਨਾ ਕਰ। ਇਹ ਨੂੰ ਕਹਿ, ਮੈਨੂੰ ਡਾਈਵੋਰਸ ਪੇਪਰ ਉੱਤੇ ਸਾਈਨ ਕਰ ਦੇਵੇ ਤੇ ਘਰ ਮੈਨੂੰ ਦੇ ਜਾਵੇ। ਮੈਂ ਇਹ ਦਾ ਕੀ ਅਚਾਰ ਪਾਉਣਾ ਇੱਥੇ ਰੱਖ ਕੇ, ਤੂੰ ਬਣਾ ਲਈਂ ਜਿਹੜਾ ਇਹ ਦਾ ਮੁਰੱਬਾ ਬਣਾਉਣੈ," ਸੋਨੀਆ ਨੇ ਵੀ ਆਪਣੇ ਵੱਲੋਂ ਸਿਰਾ ਹੀ ਲਾ ਦਿੱਤਾ।

ਸੋਨੀਆ ਦੀ ਇਹ ਗੱਲ ਸੁਣ ਕੇ ਰਣਜੀਤ ਦਾ ਸਰੀਰ ਥਰ-ਥਰ ਕੰਬਣ ਲੱਗ ਪਿਆ। ਉਸ ਨੇ ਪਤਾ ਨਹੀਂ ਕਿੱਦਾਂ ਆਪਣੇ ਗ਼ੁੱਸੇ ਨੂੰ ਕਾਬੂ ਕਰ ਕੇ ਸੋਨੀਆ ਦੀ ਕਿਸੇ ਗੱਲ ਦਾ ਜੁਆਬ ਦੇਣ ਦੀ ਥਾਂ ਅਨੂ ਨੂੰ ਕਿਹਾ, "ਅਨੂ, ਚੁੱਕ ਪੈਕ ਕਰ ਮੇਰਾ ਸਾਮਾਨ। ਹੁਣ ਮੈਂ ਵੀ ਆਪਣੇ ਪਿਉ ਦਾ ਪੁੱਤ ਨਹੀਂ, ਜੇ ਏਥੇ ਇੱਕ ਪਲ ਵੀ ਰੁਕਾਂ। ਇਸ ਬੇਵਕੂਫ਼ ਔਰਤ ਨੂੰ ਇਲਮ ਨਹੀਂ ਕਿ ਇਹ ਕੀ ਗੁਆਉਣ ਲੱਗੀ ਏ। ਇਸ ਲਾਲਚੀ ਔਰਤ ਕੋਲ਼ ਇੱਕ ਪਲ ਵੀ ਹੋਰ ਖੜੋਣਾ ਜ਼ਿੰਦਗੀ ਦੀ ਤੌਹੀਨ ਏ। ਇਹੋ ਜਿਹੀ ਜ਼ਿੰਦਗੀ ਨਾਲ਼ੋਂ ਮਰਨਾ ਕਿਤੇ ਚੰਗੈ।"

ਇਸ ਤੋਂ ਬਾਅਦ ਉਸ ਨੇ ਸੋਨੀਆ ਨੂੰ ਸੰਬੋਧਨ ਹੁੰਦਿਆਂ ਕਿਹਾ, "ਤੂੰ ਘਰ ਵੀ ਰੱਖ, ਜੇ ਚਾਹੇਂ ਤਾਂ ਇੰਡੀਆ ਵਾਲ਼ੀ ਜ਼ਮੀਨ ਵੀ ਲਿਖ ਕੇ ਦੇ ਦਿਆਂ। ਕੱਲ੍ਹ ਨੂੰ ਸਾਈਨ ਕੀਤੇ ਹੋਏ ਡਾਈਵੋਰਸ ਪੇਪਰ ਤੈਨੂੰ ਮਿਲ਼ ਜਾਣਗੇ। ਹੁਣ ਕੁੱਝ ਹੋਰ ਬੋਲੀ ਤਾਂ ਮੈਥੋਂ ਬੁਰਾ ਕੋਈ ਨਹੀਂ ਹੋਵੇਗਾ।"

"ਨਹੀਂ ਰੈਂਡੀ ਤੁਸੀਂ ਏਦਾਂ ਨਾ ਕਰੋ। ਏਦਾਂ ਕਾਹਲ਼ੀਆਂ ਨਹੀਂ ਕਰੀਦੀਆਂ। ਰਹੀ ਮੇਰੀ ਗੱਲ, ਮੈਂ ਭਲ਼ਕ ਤੋਂ ਨਹੀਂ ਆਉਣਾ। ਦੀਦੀ ਨੂੰ ਮੇਰੇ ਆਉਣ 'ਤੇ ਹੀ ਇਤਰਾਜ਼ ਹੈ ਨਾ? ਮੈਂ ਨਾ ਆਈ ਕੋਈ ਹੋਰ ਆ ਜਾਊ, ਨਰਸਾਂ ਬਥੇਰੀਆਂ। ਪਲੀਜ਼ ਮੇਰੀ ਵਜ੍ਹਾ ਨਾਲ਼ ਆਪਣਾ ਘਰ ਖ਼ਰਾਬ ਨਾ ਹੋਣ ਦਿਓ। ਮੈਂ ਏਨਾਂ ਭਾਰ ਨਹੀਂ ਝੱਲ ਸਕਦੀ," ਅਨੂ ਨੇ ਹਾਲਾਤ ਜ਼ਿਆਦਾ ਵਿਗੜਦਿਆਂ ਦੇਖ ਕੇ, ਤਕਰੀਬਨ ਰੋਂਦਿਆਂ

ਕਿਹਾ।

"ਅਨੂ ਜੇ ਤੂੰ ਸਮਾਨ ਪੈਕ ਨਹੀਂ ਕਰਨਾ, ਮੈਂ ਆਪ ਕਰ ਲਵਾਂ? ਤੈਨੂੰ ਬਹੁਤਾ ਡਰ ਲਗਦੈ ਤਾਂ ਤੂੰ ਚਲੀ ਜਾਹ। ਮੈਂ ਆਪੇ ਈ ਸਾਮਾਨ ਪੈਕ ਕਰ ਕੇ ਕਿਤੇ ਦਫਾ ਹੋ ਜਾਊਂਗਾ। ਰਹਿਣ ਦਿਓ ਮੈਨੂੰ 'ਕੱਲੇ ਨੂੰ, ਕੋਈ ਨਾ ਆਵੇ ਮੇਰੇ ਨੇੜੇ, ਪਰ ਮੈਂ ਹੁਣ ਏਥੇ ਇੱਕ ਪਲ ਵੀ ਨਹੀਂ ਰੁਕਣਾ," ਰਣਜੀਤ ਨੇ ਅਨੂ ਤੇ ਸੋਨੀਆ ਦੋਵੇਂ ਹੀ ਛਣਕਾਅ ਸੁੱਟੀਆਂ।

ਰਣਜੀਤ ਦਾ ਗੁੱਸਾ ਦੇਖ ਕੇ ਅਨੂ ਡਰ ਗਈ। ਉਹ ਰੋਂਦੀ-ਰੋਂਦੀ, ਛੇਤੀ-ਛੇਤੀ ਅਲਮਾਰੀ ਵਿੱਚੋਂ ਰਣਜੀਤ ਦੇ ਕੱਪੜੇ ਕੱਢ-ਕੱਢ ਕੇ ਇਕ ਸੂਟਕੇਸ ਵਿੱਚ ਟਿਕਾਉਣ ਲੱਗ ਪਈ। ਪੰਜਾਂ-ਦਸਾਂ ਮਿੰਟਾਂ ਵਿੱਚ ਹੀ ਉਸ ਨੇ ਸੂਟਕੇਸ ਪੈਕ ਕਰ ਦਿੱਤਾ। ਕੁੱਝ ਹੋਰ ਚੀਜ਼ਾਂ, ਇੱਕ ਝੋਲ਼ੇ ਵਿੱਚ ਪਾ ਲਈਆਂ ਤੇ ਰਣਜੀਤ ਦੇ ਕੋਲ਼ ਆ ਖੜ੍ਹੀ ਹੋਈ। ਇਸ ਦੌਰਾਨ ਹੀ ਰਣਜੀਤ ਨੇ ਆਪਣੇ ਸਰ੍ਹਾਣੇ ਹੇਠੋਂ ਇੱਕ ਛੋਟਾ ਜਿਹਾ ਬੈਗ ਕੱਢ ਕੇ ਅਨੂ ਨੂੰ ਫੜਾਉਂਦਿਆਂ, ਸੂਟਕੇਸ ਵਿੱਚ ਰੱਖਣ ਦਾ ਇਸ਼ਾਰਾ ਕੀਤਾ। ਉਹ ਬੈੱਡ ਤੋਂ ਖਿਸਕ ਕੇ ਵੀਲਚੇਅਰ 'ਤੇ ਬੈਠ ਗਿਆ ਤੇ ਉਸ ਨੇ ਵੀਲਚੇਅਰ ਲਿਫ਼ਟ ਵੱਲ ਨੂੰ ਤੋਰ ਲਈ। ਅਨੂ ਉਸ ਦੇ ਪਿੱਛੇ-ਪਿੱਛੇ ਸੂਟਕੇਸ ਅਤੇ ਝੋਲ਼ਾ ਚੁੱਕ ਕੇ ਤੁਰ ਪਈ।

"ਹਾਂ-ਹਾਂ, ਦਫ਼ਾ ਹੋ ਜਾਓ ਏਥੋਂ, ਕਿੱਦਾਂ ਸ਼ਰਮ ਲਾਹੀ ਆ ਇਨ੍ਹਾਂ ਨੇ। ਇੱਕ ਵੱਡੀ ਸੇਵਾ ਕਰਨ ਵਾਲ਼ੀ ਤੇ ਦੂਜਾ ਸਲੱਗ ਉਹ ਦੇ ਨਾਲ਼ੋਂ ਵੀ 'ਗਾਂਹ। ਏਸ ਭਲੇ ਮਾਣਸ ਵੱਲ ਦੇਖੋ ਤਾਂ ਸਹੀ, ਪੱਲੇ ਇਹ ਦੇ ਕੱਖ ਨ੍ਹੀਂ, ਸੁਪਨੇ ਲੈਂਦਾ ਰੰਨਾਂ ਦੇ। ਲੈ ਜਾਹ ਕਮਜਾਤੇ, ਤੂੰ ਰਲ਼ਾ ਲੈ, ਇਹ ਦਾ ਜਿਹੜਾ ਦਾਬੜਾ ਰਲ਼ਾਉਣਾਂ, ਮੈਂ ਰੱਜ ਖਾਧਾ। ਏਥੋਂ ਘਰ ਨੂੰ ਨਾ ਜਾਇਓ, ਨਿੱਕਲ਼ ਜਾਇਓ ਕਿਤੇ ਹਨੀਮੂਨ ਮਨਾਉਣ, ਮੇਰੇ ਘਰੋਂ ਤਾਂ ਇਹ ਕੰਜਰਖ਼ਾਨਾ ਬੰਦ ਹੋਵੇ ਨਾ!" ਲਟ-ਲਟ ਬਲ਼ਦੀ ਸੋਨੀਆ ਨੇ ਸਾਰਾ ਜ਼ੋਰ ਲਾ ਕੇ ਕਿਹਾ।

"ਲੈ ਸੋਨੀਆ ਬੰਦੀਏ, ਅੱਜ ਤੋਂ ਬਾਅਦ ਜੇ ਮੈਂ ਇਸ ਘਰ ਵਿੱਚ ਕਦੇ ਆਇਆ ਤਾਂ ਨਿਆਣਿਆਂ ਦਾ ਬਾਪ ਬਣ ਕੇ ਹੀ ਆਊਂ। ਤੇਰਾ ਮੈਂ ਹੁਣ ਕੱਖ ਨਹੀਂ ਲੱਗਦਾ। ਬਾਕੀ ਜਿਹੜੀਆਂ ਗੱਲਾਂ ਨੂੰ ਤੂੰ ਕੰਜਰਖ਼ਾਨੇ ਦੱਸਦੀ ਏਂ, ਉਹ ਤੇਰੇ ਉਨ੍ਹਾਂ ਕੰਜਰਖ਼ਾਨਿਆਂ ਨਾਲੋਂ ਸੌ ਗੁਣਾਂ ਘੱਟ ਨੇ, ਜਿਹੜੇ ਤੂੰ ਟ੍ਰੀ ਟਾਵਰ ਵਾਲ਼ੇ ਫਲੈਟ 'ਚ ਜਾ ਕੇ ਕਰਦੀ ਰਹੀ ਏਂ," ਇਹ ਕਹਿ ਕੇ ਰਣਜੀਤ ਨੇ ਵੀਲਚੇਅਰ ਲਿਫ਼ਟ ਵਿੱਚ ਵਾੜ ਲਈ।

ਰਣਜੀਤ ਦੇ ਆਖ਼ਰੀ ਬੋਲਾਂ ਨੇ ਤਾਂ ਜਿੱਦਾਂ ਸੋਨੀਆ ਦੇ ਲਟ-ਲਟ ਬਲ਼ਦੇ ਪਿੰਡੇ ਉੱਤੇ ਸੌ ਘੜਾ ਪਾਣੀ ਦਾ ਪਾ ਦਿੱਤਾ। ਉਹ ਇੱਕ ਦਮ ਸੁੰਨ ਜਿਹੀ ਹੋ ਗਈ। ਕਿੰਨਾ ਚਿਰ ਉਸ ਨੂੰ ਕੁੱਝ ਸੁੱਝਿਆ ਹੀ ਨਹੀਂ ਤੇ ਉਸ ਦੇ ਦਿਮਾਗ਼ ਨੂੰ ਤਾਂ ਜਿੱਦਾਂ ਲਕਵਾ ਹੀ ਮਾਰ ਗਿਆ ਸੀ। ਫਿਰ ਜਦੋਂ ਥੋੜ੍ਹੇ ਚਿਰ ਬਾਅਦ ਉਹ ਰਤਾ ਕੁ

ਸੰਭਲ਼ੀ ਤਾਂ ਉਸ ਨੇ ਸੋਚਣਾ ਸ਼ੁਰੂ ਕੀਤਾ। ਇਸ ਦਾ ਮਤਲਬ ਰਣਜੀਤ ਨੂੰ ਸ਼ੌਕਤ ਨਾਲ਼ ਉਸ ਦੇ ਨਜਾਇਜ਼ ਸਬੰਧਾਂ ਬਾਰੇ ਪਤਾ ਸੀ। ਜੇ ਉਸ ਨੂੰ ਇਸ ਸਭ ਕੁੱਝ ਬਾਰੇ ਪਤਾ ਸੀ ਤਾਂ ਉਸ ਨੇ ਹੁਣ ਤੱਕ ਕਦੇ ਇਸ ਬਾਰੇ ਗੱਲ ਕਿਉਂ ਨਹੀਂ ਕੀਤੀ? ਰਣਜੀਤ ਨੂੰ ਇਸ ਗੱਲ ਦਾ ਇੰਨੀ ਚੰਗੀ ਤਰ੍ਹਾਂ ਪਤਾ ਕਿੱਦਾਂ ਲੱਗਿਆ ਹੋਊ? ਕੀ ਉਸ ਨੇ, ਉਸ ਦੀ ਜਾਸੂਸੀ ਕਰਾਈ ਹੋਊ? ਜੇ ਜਾਸੂਸੀ ਕਰਾਈ ਹੋਊ ਤਾਂ ਉਸ ਕੋਲ਼ ਇਸ ਦਾ ਕੋਈ ਸਬੂਤ ਵੀ ਲਾਜ਼ਮੀ ਹੋਊਗਾ। ਜੇ ਉਸ ਕੋਲ਼ ਸੱਚੀਂ ਕੋਈ ਸਬੂਤ ਹੋਇਆ ਤਾਂ ਉਹ, ਉਸ ਨੂੰ ਬਦਚਲਣ ਸਿੱਧ ਕਰ ਕੇ ਜਾਇਦਾਦ ਤੋਂ ਵਾਂਝੀ ਵੀ ਕਰ ਸਕਦਾ ਹੈ। ਉਸ ਨੂੰ ਇਹ ਗੱਲ ਵੱਢ-ਵੱਢ ਖਾ ਰਹੀ ਸੀ ਕਿ ਜੇ ਰਣਜੀਤ ਨੂੰ ਸਭ ਕੁਛ ਪਤਾ ਸੀ ਤਾਂ ਉਸ ਨੇ, ਉਸ ਨੂੰ ਸ਼ੌਕਤ ਕੋਲ਼ ਜਾਣੋਂ ਰੋਕਿਆ ਕਿਉਂ ਨਹੀਂ? ਓਦਾਂ ਰਣਜੀਤ ਇਹ ਘਰ ਉਸ ਨੂੰ ਦੇਣ ਦੀ ਗੱਲ ਵੀ ਕਹਿ ਗਿਆ ਹੈ। ਚੱਲ, ਘਰ ਛੱਡ ਗਿਆ, ਇਹੋ ਬੜੈ। ਬੱਚਿਆਂ ਦਾ ਖ਼ਰਚਾ ਤਾਂ ਉਹ ਦੇਣ ਜੋਗਾ ਹੈ ਵੀ ਨਹੀਂ। ਜੇ ਉਹ, ਘਰ ਦਾ ਲੈਣ-ਦੇਣ ਕਾਗਜ਼ੀ ਕਰਾ ਦੇਵੇ ਤਾਂ ਫਿਰ ਉਸ ਨੂੰ ਕੋਈ ਪਰਵਾਹ ਨਹੀਂ ਕਿ ਰਣਜੀਤ ਨੂੰ ਸ਼ੌਕਤ ਨਾਲ਼ ਉਸ ਦੇ ਸਬੰਧਾਂ ਦਾ ਪਤਾ ਹੈ।

ਘਰ ਮਿਲ਼ ਜਾਣ ਦੀ ਤਸੱਲੀ ਜਿਹੀ ਹੋ ਜਾਣ ਤੋਂ ਬਾਅਦ ਉਸ ਨੇ ਸੋਚਿਆ ਕਿ ਉਹ ਰਣਜੀਤ ਦੇ ਬੈੱਡਰੂਮ 'ਚੋਂ ਉਹ ਸਾਰੇ ਹੈਂਡਲ-ਹੂੰਡਲ ਜਿਹੇ ਲੁਹਾ ਕੇ ਔਹ ਮਾਰੇਗੀ। ਲੋੜ ਪਈ ਤਾਂ ਉਹ ਆਪਣੇ ਮੰਮੀ-ਡੈਡੀ ਨੂੰ ਵੀ ਇਸੇ ਹੀ ਘਰ ਲੈ ਆਊਗੀ। ਫਿਰ ਉਨ੍ਹਾਂ ਦੀ ਪੈਨਸ਼ਨ ਅਤੇ ਬੇਸਮੈਂਟ ਦੇ ਕਿਰਾਏ ਨਾਲ਼, ਖ਼ਰਚੇ ਦਾ ਖੁੱਲ੍ਹਾ-ਡੁੱਲ੍ਹਾ ਸਰ ਜਾਇਆ ਕਰੂਗਾ, ਜਿਸ ਕਰ ਕੇ ਉਸ ਨੂੰ ਬਹੁਤਾ ਟੁੱਟ-ਟੁੱਟ ਮਰਨ ਦੀ ਲੋੜ ਵੀ ਨਹੀਂ ਰਹਿ ਜਾਊਗੀ। ਜੇ ਉਸ ਕੋਲ਼ ਆਪਣਾ ਘਰ ਹੋਊਗਾ ਤਾਂ ਉਸ ਨੂੰ ਮਰਦਾਂ ਦੀ ਵੀ ਘਾਟ ਨਹੀਂ ਰਹਿਣੀ। ਲੋੜ ਪੈਣ 'ਤੇ ਉਸ ਨੂੰ ਵਿਆਹ ਕਰਾਉਣ ਵਾਲ਼ੇ ਵੀ ਬਥੇਰੇ ਟੱਕਰ ਜਾਣਗੇ। ਇਹੋ ਜਿਹੀਆਂ ਵਿਉਂਤਾਂ ਬਣਾਉਂਦੀ-ਬਣਾਉਂਦੀ, ਉਹ ਬੈੱਡ 'ਤੇ ਪਈ-ਪਈ ਪਤਾ ਨਹੀਂ ਕਦੋਂ ਸੌਂ ਗਈ।

ਅਨੂ ਨੇ ਆਪਣੀ ਕਾਰ ਰਣਜੀਤ ਦੇ ਘਰ ਅੱਗੇ ਖੜ੍ਹੀ ਰਹਿਣ ਦਿੱਤੀ ਤੇ ਵੀਲਚੇਅਰ ਵਾਲ਼ੀ ਇੱਕ ਟੈਕਸੀ ਕਰ ਕੇ ਰਣਜੀਤ ਨੂੰ ਆਪਣੇ ਘਰ ਲੈ ਗਈ। ਰਣਜੀਤ ਨੂੰ ਘਰ ਛੱਡਣ ਦਾ ਤਾਂ ਭੋਰਾ ਵੀ ਮਲਾਲ ਨਹੀਂ ਸੀ, ਪਰ ਬੱਚਿਆਂ ਦਾ ਸੋਚ ਕੇ ਉਸ ਦੇ ਦਿਲ ਨੂੰ ਡੋਬ ਪੈਂਦੇ ਸਨ। ਓਦਾਂ ਸੋਨੀਆ ਵਾਲ਼ਾ ਯੱਭ ਮੁੱਕਣ 'ਤੇ ਉਸ ਨੂੰ ਰੋਜ਼ ਦੀ ਕਾਂ-ਕਾਂ ਮੁੱਕ ਗਈ ਲੱਗਦੀ ਸੀ। ਅਨੂ ਦਾ ਟਾਊਨ ਹਾਊਸ ਗਰਾਊਂਡ ਲੈਵਲ 'ਤੇ ਹੀ ਸੀ ਅਤੇ ਦਰਵਾਜ਼ੇ ਅੱਗੇ ਹੀ ਇੱਕ ਛੋਟਾ ਜਿਹਾ ਸਟੈੱਪ ਸੀ। ਅਨੂ ਨੇ ਰਸਤੇ ਵਿੱਚ ਹੀ ਆਪਣੇ ਵਾਲ਼ਾ ਕਮਰਾ ਰਣਜੀਤ ਨੂੰ ਦੇ ਦੇਣ ਦਾ ਮਨ ਬਣਾ ਲਿਆ ਸੀ। ਉਸ ਨੇ ਸਿੰਮੀ ਤੇ ਗੁਰਲੀਨ ਨੂੰ ਆਵਾਜ਼ ਮਾਰ ਕੇ, ਰਣਜੀਤ ਨੂੰ ਸਹਾਰਾ ਦੇ ਕੇ, ਬੈੱਡਰੂਮ ਦੇ ਅੰਦਰ ਪਹੁੰਚਾ ਦਿੱਤਾ। ਆਪਣਾ ਕਮਰਾ ਰਣਜੀਤ ਨੂੰ ਦੇ ਦਿੱਤਾ ਹੋਣ ਕਰ ਕੇ, ਉਸ ਨੇ ਆਪਣੀ ਖ਼ਾਤਰ ਇੱਕ ਤੀਜਾ ਕਮਰਾ, ਜੋ ਵਿਹਲਾ ਹੀ ਪਿਆ ਸੀ, ਬੈੱਡਰੂਮ ਵਜੋਂ ਸੈੱਟ ਕਰ ਲਿਆ। ਰਣਜੀਤ ਦੀ

ਇਲੈਕਟ੍ਰਿਕ ਵੀਲਚੇਅਰ ਉਸ ਨੇ ਗਰਾਜ ਵਿੱਚ ਖੜ੍ਹੀ ਕਰ ਦਿੱਤੀ ਤੇ ਗੁਰਲੀਨ ਹੁਰਾਂ ਨੂੰ ਉਸ ਦਾ ਖ਼ਿਆਲ ਰੱਖਣ ਲਈ ਕਹਿ ਕੇ, ਉਹ ਆਪਣੀ ਕਾਰ ਲੈਣ ਚਲੇ ਗਈ। ਕਾਰ ਲੈ ਕੇ ਘਰ ਜਾਂਦਿਆਂ ਹੋਇਆਂ, ਅਨੂ ਨੇ ਧੱਕ ਕੇ ਚਲਾਉਣ ਵਾਲ਼ੀ ਇੱਕ ਹਲਕੀ ਜਿਹੀ ਫੋਲਡਿੰਗ ਵੀਲਚੇਅਰ ਵੀ ਕਿਰਾਏ 'ਤੇ ਲੈ ਲਈ। ਘਰ ਵਿੱਚ ਫਿਰਨ-ਤੁਰਨ ਖ਼ਾਤਰ ਉਸ ਨੇ ਰਣਜੀਤ ਨੂੰ ਉਹ ਛੋਟੀ ਵੀਲਚੇਅਰ ਦਿੰਦਿਆਂ ਕਿਹਾ, "ਰੈਂਡੀ ਇਹ ਛੋਟੀ ਵੀਲਚੇਅਰ ਮੈਂ ਤੁਹਾਡੇ ਲਈ ਲਿਆਈ ਆਂ ਤਾਂ ਕਿ ਤੁਸੀਂ ਇਸ ਨਾਲ਼ ਘਰ ਵਿੱਚ ਜਿੱਥੇ ਚਾਹੋਂ ਜਾ ਸਕੋਂ। ਥੋੜ੍ਹਾ ਜਿਹਾ ਜ਼ੋਰ ਲਾਉਣਾ ਪਿਆ ਕਰੂ ਤੇ ਇਹ ਨੇ ਆਪੇ ਹੀ ਫਰਸ਼ ਉੱਤੇ ਰਿੜ੍ਹਦੀ ਜਾਣੈ। ਬਾਹਰ ਜਾਣਾ ਹੋਇਆ ਕਰੂ ਤਾਂ ਆਪਾਂ ਗਰਾਜ ਵਿੱਚ ਖੜ੍ਹੀ ਆਪਣੀ ਇਲੈਕਟ੍ਰਿਕ ਵੀਲਚੇਅਰ ਕੱਢ ਲਿਆ ਕਰਾਂਗੇ।"

"ਅਨੂ ਮੈਂ ਵੀਲਚੇਅਰ ਤੋਂ ਬਗ਼ੈਰ ਵੀ ਬੁੱਤਾ ਲਾ ਲੈਣਾ ਸੀ, ਪਰ ਮੈਂ ਤੇਰੇ 'ਤੇ ਭਾਰ ਨਹੀਂ ਬਣਨਾ ਚਾਹੁੰਦਾ। ਚਾਰ ਕੁ ਦਿਨਾਂ ਦੀ ਗੱਲ ਐ, ਫੇਰ ਮੈਂ ਸਿਹਤ ਵਿਭਾਗ ਨੂੰ ਕਹਿ ਕੇ ਕਿਸੇ ਸਰਕਾਰੀ ਫ਼ੈਸਿਲਟੀ ਵਿੱਚ ਚਲਿਆ ਜਾਊਂਗਾ," ਰਣਜੀਤ ਨੇ ਅਨੂ ਦੇ ਚਿਹਰੇ ਵੱਲ ਦੇਖਦਿਆਂ ਕਿਹਾ।

"ਅੱਛਾ ਜੀ, ਹੁਣ ਦੋਸਤੀ ਦਾ ਵੀ ਭਾਰ ਹੋ ਗਿਆ। ਰਣਜੀਤ! ਪਲੀਜ਼ ਕਿਤੇ ਫ਼ੋਨ ਨਾ ਕਰਿਓ, ਤੁਸੀਂ ਮੇਰੇ ਕੋਲ਼ ਰਹਿ ਕੇ ਮੇਰੇ 'ਤੇ ਅਹਿਸਾਨ ਕਰ ਰਹੇ ਹੋ! ਮੈਂ ਤਾਂ ਤੁਹਾਡੇ ਸਾਥ ਵਿੱਚ ਆਪਣੇ ਆਪ ਨੂੰ ਧੰਨ ਮਹਿਸੂਸ ਕਰਦੀ ਆਂ। ਮੇਰੇ ਕੋਲ਼ੋਂ ਆਪਣੀ ਸੇਵਾ ਦਾ ਮੌਕਾ ਨਾ ਖੋਹਿਓ। ਮੈਂ ਸਾਰੀ ਉਮਰ ਤੁਹਾਡੀ ਖ਼ਿਦਮਤਗਾਰ ਰਹਾਂਗੀ," ਕਹਿੰਦਿਆਂ ਅਨੂ ਦੇ ਅੰਦਰਲੀ ਸ਼ਾਇਰਾ ਦੀਆਂ ਅੱਖਾਂ ਭਰ ਆਈਆਂ। ਰਣਜੀਤ ਦੇ ਵੀ ਨੈਣ ਭਰ ਆਏ ਤੇ ਉਹ ਕਹਿਣ ਲੱਗਿਆ, "ਚੱਲ ਫਿਰ ਐਂ ਕਰ, ਕੱਲ੍ਹ ਨੂੰ ਕਿਸੇ ਵਕੀਲ ਕੋਲ਼ ਲੈ ਚੱਲ, ਆਪਾਂ ਡਾਈਵੋਰਸ ਅਤੇ ਘਰ ਵਾਲ਼ਾ ਯੱਭ ਨਬੇੜ ਆਈਏ।"

ਅਗਲੇ ਦਿਨ ਸਵੇਰੇ ਉਹ ਦੋਵੇਂ ਜਣੇ ਆਪਣੇ ਵਾਕਫ਼ ਇੱਕ ਵਕੀਲ ਕੋਲ਼ ਗਏ ਤੇ ਉਨ੍ਹਾਂ ਨੇ ਫ਼ੋਨ ਕਰ ਕੇ ਸੋਨੀਆ ਨੂੰ ਵੀ ਉੱਥੇ ਹੀ ਸੱਦ ਲਿਆ। ਸੋਨੀਆ ਨੇ ਆਪ ਵਕੀਲ ਨੂੰ ਆਪਣੀਆਂ ਸ਼ਰਤਾਂ ਦੱਸੀਆਂ। ਰਣਜੀਤ ਨੇ ਕਿਸੇ ਵੀ ਸ਼ਰਤ 'ਤੇ ਇਤਰਾਜ਼ ਨਾ ਕੀਤਾ। ਇਸ ਸਾਰੀ ਕਾਰਵਾਈ ਦੌਰਾਨ ਸੋਨੀਆਂ ਨੇ ਕਈ ਵਾਰ ਅਨੂ ਵੱਲ ਨੂੰ ਖਾ ਜਾਣ ਵਾਲ਼ੀਆਂ ਨਜ਼ਰਾਂ ਨਾਲ਼ ਦੇਖਿਆ, ਪਰ ਅਨੂ ਹਰ ਵਾਰ ਨੀਂਵੀ ਪਾਉਂਦੀ ਰਹੀ। ਡਾਈਵੋਰਸ ਅਤੇ ਘਰ ਦੇ ਕਾਗਜ਼ਾਂ ਉੱਤੇ ਦਸਖ਼ਤ ਕਰਦਿਆਂ ਰਣਜੀਤ ਮੁਸਕਰਾ ਰਿਹਾ ਸੀ। ਇੰਨਾ ਹੀ ਨਹੀਂ, ਉਸ ਨੇ ਸਾਂਝੇ ਬੈਂਕ ਅਕਾਊਂਟ ਵਿੱਚ ਪਏ ਸਾਰੇ ਪੈਸੇ ਵੀ ਸੋਨੀਆ ਨੂੰ ਦੇਣ ਦੀ ਸ਼ਰਤ ਵੀ ਆਰਾਮ ਨਾਲ਼ ਮੰਨ ਲਈ। ਬੱਚਿਆਂ ਦਾ ਕੋਈ ਖ਼ਰਚਾ ਸੋਨੀਆ ਨੇ ਆਪ ਹੀ ਨਾ ਮੰਗਿਆ ਤੇ ਉਹ ਇਸ ਗੱਲ 'ਤੇ ਵੀ ਰਾਜ਼ੀ ਹੋ ਗਈ ਕਿ ਰਣਜੀਤ ਫ਼ੋਨ ਕਰ ਕੇ ਹਫ਼ਤੇ 'ਚ ਦੋ ਵਾਰ ਬੱਚਿਆਂ ਨੂੰ ਮਿਲ਼ ਜਾਇਆ ਕਰੇ। ਅਨੂ ਵੀ ਰਣਜੀਤ ਦੇ ਇਸ ਵਤੀਰੇ ਤੋਂ

ਬਹੁਤ ਹੈਰਾਨ ਸੀ। ਉਸ ਨੂੰ ਮਨੋਂ-ਮਨੀਂ ਇੱਕ ਖ਼ੁਸ਼ੀ ਜਿਹੀ ਵੀ ਹੋ ਰਹੀ ਸੀ ਕਿ ਰਣਜੀਤ, ਸੋਨੀਆ ਦੇ ਕਬਜ਼ੇ ਵਿੱਚੋਂ ਨਿੱਕਲ਼ ਗਿਆ ਹੈ। ਘਰ ਨੂੰ ਮੁੜਦਿਆਂ ਰਾਹ ਵਿੱਚ ਅਨੂ ਨੇ ਕਿਹਾ,“ਰਣਜੀਤ, ਤੁਹਾਡਾ ਦਿਲ ਬਹੁਤ ਵੱਡਾ ਏ। ਮੈਨੂੰ ਖ਼ੁਸ਼ੀ ਐ ਕਿ ਤੁਸੀਂ ਤੰਦਰੁਸਤ ਨਾ ਹੁੰਦਿਆਂ ਹੋਇਆਂ ਵੀ ਸਭ ਕੁੱਝ ਸੋਨੀਆ ਨੂੰ ਦੇਣ ਲਈ ਰਾਜ਼ੀ ਹੋ ਗਏ। ਸਿਆਣਾ ਬੰਦਾ ਉਹੀ ਹੁੰਦੈ, ਜੋ ਬਹੁਤ ਔਖਾ ਫ਼ੈਸਲਾ ਵੀ ਬਹੁਤ ਸੌਖਿਆਂ ਹੀ ਕਰ ਲਵੇ। ਤੁਹਾਡੇ ਇਸੇ ਗੁਣ ਦੀ ਮੈਂ ਕਾਇਲ ਹਾਂ। ਅੱਜ ਮੈਂ ਆਪਣੇ ਆਪ ਨੂੰ ਬਹੁਤ ਖ਼ੁਸ਼ਕਿਸਮਤ ਮਹਿਸੂਸ ਕਰ ਰਹੀ ਹਾਂ ਕਿ ਮੈਨੂੰ ਤੁਹਾਡੇ ਵਰਗੇ ਚੰਗੇ ਇਨਸਾਨ ਦਾ ਸਾਥ ਨਸੀਬ ਹੋ ਰਿਹਾ ਏ।”

“ਅਨੂ, ਤੈਨੂੰ ਤਾਂ ਮੇਰੀ ਵਡਿਆਈ ਕਰਨ ਲਈ ਬਹਾਨੇ ਦੀ ਵੀ ਲੋੜ ਨਹੀਂ ਪੈਂਦੀ। ਓਦਾਂ ਆਮ ਤੌਰ ਤੇ ਵਡਿਆਈਆਂ ਆਪਾਂ ਓਸੇ ਦੀਆਂ ਹੀ ਕਰਦੇ ਆਂ, ਜਿਸ ਨੂੰ ਆਪਣੇ ਵਰਗਾ ਸਮਝਦੇ ਹੋਈਏ। ਤੇਰੇ ਮੂੰਹੋਂ ਆਪਣੀ ਵਡਿਆਈ ਸੁਣ ਕੇ, ਮੈਨੂੰ ਇਹ ਲੱਗਣ ਲੱਗ ਪਿਐ ਕਿ ਮੈਂ ਵੀ ਤੇਰੇ ਵਰਗਾ ਈ ਹਾਂ। ਬਾਕੀ ਦਿਲ ਵੱਡੇ ਦਾ ਤਾਂ ਮੈਨੂੰ ਪਤਾ ਨਹੀਂ, ਹਾਂ ਜੇ ਨੀਤ ਸਾਫ਼ ਹੋਵੇ ਤਾਂ ਦੇਣ ਵਾਲ਼ਾ ਦੇਣ ਲੱਗਿਆਂ ਕੋਈ ਛੱਪਰ-ਛੁੱਪਰ ਨਹੀਂ ਦੇਖਦਾ। ਇਹ ਗੱਲ ਮੇਰੀ ਪਰਤਾਈ ਹੋਈ ਆ। ਮੈਨੂੰ ਰੱਬ ਨੇ ਬੜਾ ਕੁਛ ਦਿੱਤਾ ਹੋਇਆ ਏ। ਮੇਰੇ ਕੋਲ਼ ਏਨਾ ਕੁਛ ਏ ਕਿ ਮੈਨੂੰ ਉਹ ਸਾਂਭਣਾ ਈ ਬੜਾ ਔਖੈ,” ਰਣਜੀਤ ਨੇ ਮੁਸਕਰਾਉਂਦਿਆਂ ਕਿਹਾ।

“ਰਤਾ ਖੋਲ੍ਹ ਕੇ ਦੱਸੋ,” ਅਨੂ ਨੇ ਸ਼ਰਾਰਤ ਨਾਲ਼ ਕਿਹਾ।

“ਅਨੂ ਮੇਰੇ ਕੋਲ਼ ਆਤਮਵਿਸ਼ਵਾਸ ਹੈ। ਜਿਹੜਾ ਇਨਸਾਨ ਆਤਮਵਿਸ਼ਵਾਸ ਗੁਆ ਬਹਿੰਦਾ ਹੈ, ਉਹ ਲੱਖਪਤੀ ਹੁੰਦਿਆਂ ਹੋਇਆਂ ਵੀ, ਕੱਖਪਤੀ ਹੀ ਗਿਣਿਆ ਜਾਂਦਾ ਹੈ। ਨਾਲ਼ੇ ਰੱਬ ਨੇ ਮੈਨੂੰ ਤੇਰੇ ਵਰਗੀ ਮਹਿੰਗੀ ਦੋਸਤ ਬਖ਼ਸ਼ ਦਿੱਤੀ। ਅਨੂ, ਤੈਨੂੰ ਆਪਣੀ ਮਹਾਨਤਾ ਦਾ ਇਲਮ ਈ ਨਹੀਂ। ਤੂੰ ਮੈਨੂੰ ਕਿਸੇ ਲੋਭ-ਲਾਲਚ ਤੋਂ ਬਗ਼ੈਰ ਆਪਣੇ ਘਰ ਆਸਰਾ ਦੇ ਰਹੀਂ ਏਂ ਤੇ ਇਹ ਮੇਰੇ ਲਈ ਕੋਈ ਛੋਟੀ ਜਿਹੀ ਗੱਲ ਨਹੀਂ,” ਰਣਜੀਤ ਇਹ ਕਹਿੰਦਿਆਂ ਹੋਇਆਂ ਅਨੂ ਦੀਆਂ ਅੱਖਾਂ ਵਿੱਚ ਅੱਖਾਂ ਗੱਡੀ ਦੇਖ ਰਿਹਾ ਸੀ।

“ਮੈਂ ਨਾ ਹੋਈ, ਮਦਰ ਟੈਰੇਸਾ ਹੋ ਗਈ। ਹੋਰ ਤਾਂ ਨਈਂ ਕੁਛ? ਗੱਲਾਂ ਨਾਲ਼ ਤਾਂ ਅਗਲੀਆਂ-ਪਿਛਲੀਆਂ ਸਾਰੀਆਂ ਕੁਲ਼ਾਂ ਈ ਜੋੜ ਦਿੰਦੇ ਓ। ਸੁਣਨ ਵਾਲ਼ੇ ਦਾ ਚਿੱਤ ਬਾਗੋ-ਬਾਗ ਕਰ ਛੱਡਦੇ ਓ। ਚਲੋ ਅਕਲ ਦੇ ਮਾਮਲੇ ਵਿੱਚ ਵੀ ਆਪਣਾ ਤਾਂ ਘਰ ਦਾ ਸੰਦ ਬਣ ਗਿਆ,” ਅਨੂ ਨੇ ਠਹਾਕਾ ਮਾਰ ਕੇ ਕਿਹਾ।

“ਚੁੱਪ ਕਰ ਜਾਹ ਗੁੱਗੂਆ ਜਿਹਿਆ, ਕੰਨ ਨਾ ਪਟਾ ਲਈ ਮੈਥੋਂ,” ਰਣਜੀਤ ਨੇ ਝੂਠਾ-ਮੂਠਾ ਗੁੱਸਾ ਦਿਖਾਉਂਦਿਆਂ ਕਿਹਾ।

“ਨਾਲ਼ੇ ਸੱਚ, ਇੱਕ ਗੱਲ ਹੋਰ, ਅੱਜ-ਕੱਲ੍ਹ ਤੁਹਾਡੇ ’ਤੇ ਤਿਆਗ ਕਰਨ ਦਾ ਬੜਾ ਭੂਤ ਸਵਾਰ ਐ। ਕੱਲ੍ਹ ਨੂੰ ਕਿਤੇ ਮੈਨੂੰ ਹੀ ਤਿਆਗ ਕੇ ਨਾ ਤੁਰ ਜਾਇਓ,” ਅਨੂ ਹੱਸਦੀ-ਹੱਸਦੀ ਇੱਕ ਦਮ ਸੰਜੀਦਾ ਹੋ ਗਈ।

"ਜੱਟ ਕਮਲ਼ਾ ਤਾਂ ਜ਼ਰੂਰ ਐ, ਪਰ ਏਨਾਂ ਵੀ ਨਹੀਂ," ਰਣਜੀਤ ਨੇ ਮੁਸਕਰਾ ਕੇ ਕਿਹਾ।

"ਅੱਛਾ ਫਿਰ ਕਿੰਨੇ ਕੁ ਹੋ?" ਅਨੂ ਨੇ ਸ਼ਰਾਰਤ ਨਾਲ਼ ਕਿਹਾ।

"ਜਿੰਨਾਂ ਕੁ ਵੀ ਆਂ ਤੇਰਾ ਈ ਕੀਤਾ ਹੋਇਆਂ ਗੁੱਰੂਆ। ਨਾਲ਼ੇ ਕਮਲ਼ਾ ਕਰ ਕੇ ਹੁਣ ਏਦਾਂ ਨਹੀਂ ਖਹਿੜਾ ਛੁਡਾਉਣ ਦਿੰਦਾ," ਕਹਿੰਦਿਆਂ ਰਣਜੀਤ ਨੇ ਆਪਣੀ ਸੱਜੀ ਬਾਂਹ ਅਨੂ ਦੇ ਸੱਜੇ ਮੋਢੇ ਉੱਪਰੋਂ ਦੀ ਵਲ਼ ਲਈ।

"ਬੱਸ ਕਰੋ ਸੋਨੇ, ਮੈਨੂੰ ਸ਼ੂਗਰ ਹੋ ਜਾਣੀ ਏਨੀਆਂ ਮਿੱਠੀਆਂ ਗੱਲਾਂ ਨਾਲ਼," ਅਨੂ ਨੇ ਰਣਜੀਤ ਦੀ ਬਾਂਹ ਮੋਢੇ ਤੋਂ ਚੁੱਕਦਿਆਂ ਹੋਇਆਂ ਕਿਹਾ।

"ਜੇ ਮਲਿਕਾ-ਏ-ਆਲ਼ੀਆ ਦਾ ਮੂਡ ਹੋਵੇ ਤਾਂ ਇੱਕ-ਦੋ ਸ਼ਿਅਰ ਈ ਹੋ ਜਾਣ।"

"ਜੋ ਹੁਕਮ ਜਹਾਂ-ਪਨਾਹ, ਬਾਂਦੀ ਅਰਜ਼ ਕਰਦੀ ਐ:

***ਇਹ ਧਰਤੀ ਦਾਦ ਦਿੰਦੀ ਹੈ ਤੇ ਅੰਬਰ ਸ਼ਾਇਰੀ ਕਰਦਾ।***
***ਲਿਆ ਦੇ ਝਾਂਜਰਾਂ ਮੈਨੂੰ, ਮੇਰਾ ਨੱਚਣ ਨੂੰ ਜੀਅ ਕਰਦਾ।***

***ਸਿਆਹ ਰਾਤਾਂ 'ਚ ਮਨ ਦੇ ਮਹਿਰਮਾਂ ਕੁੱਝ ਬੋਲਿਆ ਵੀ ਕਰ,***
***ਤੇਰਾ ਹਰ ਬੋਲ ਮੇਰੇ ਨ੍ਹੇਰਿਆਂ ਵਿੱਚ ਰੌਸ਼ਨੀ ਕਰਦਾ।"***

ਅਨੂ ਨੇ ਦੋਵੇਂ ਸ਼ਿਅਰ ਇਸ ਅਦਾ ਨਾਲ਼ ਸੁਣਾਏ ਜਿੱਦਾਂ ਉਸ ਨੇ ਇਹ ਲਿਖੇ ਨਹੀਂ, ਬਸ ਹੁਣੇ ਹੀ ਉਚਾਰ ਦਿੱਤੇ ਹੋਣ ਤੇ ਰਣਜੀਤ ਨੂੰ ਹੀ ਸਮਰਪਤ ਹੋਣ।

"ਮਾਰ ਈ ਸੁੱਟਿਆ, ਤੁਸੀਂ ਤਾਂ ਹਜ਼ੂਰ। ਹੁਣ ਤਾਂ ਜੇ ਮਲਿਕਾ-ਏ-ਆਲੀਆ ਜਾਨ ਵੀ ਮੰਗ ਲਵੇ ਤਾਂ ਖ਼ਾਦਮ ਦੇਣ ਲੱਗਿਆਂ ਇੱਕ ਪਲ ਨਾ ਲਾਵੇ। ਇਹ ਇਲਹਾਮ ਹੁਣੇ ਹੋਇਐ ਭਲਾ?" ਰਣਜੀਤ ਨੇ ਸੁਆਦੋ-ਸੁਆਦ ਹੁੰਦਿਆਂ ਕਿਹਾ।

"ਨਹੀਂ ਸ਼ਿਅਰ ਤਾਂ ਪੁਰਾਣੇ ਹੀ ਨੇ, ਬਾਕੀ ਸਾਨੂੰ ਜਹਾਂ-ਪਨਾਹ ਦੀ ਮੁਸਕਰਾਹਟ ਮਿਲ ਗਈ ਏ, ਜਹਾਨ ਦਾ ਸਭ ਤੋਂ ਵੱਡਾ ਇਨਾਮ ਮਿਲ਼ ਗਿਆ ਜਨਾਬ," ਅਨੂ ਨੇ ਸ਼ਰਾਰਤ ਦਾ ਜੁਆਬ ਸ਼ਰਾਰਤ ਨਾਲ਼ ਦਿੱਤਾ।

ਇਸ ਤਰ੍ਹਾਂ ਹੱਸਦੇ-ਖੇਡਦੇ ਉਹ ਦੋਵੇਂ ਘਰ ਪਹੁੰਚ ਗਏ। ਘਰ ਪਹੁੰਚਦਿਆਂ ਹੀ ਉਨ੍ਹਾਂ ਦੇਖਿਆ ਕਿ ਗੁਰਲੀਨ ਰੋ ਰਹੀ ਸੀ ਤੇ ਸਿੰਮੀ ਉਸ ਨੂੰ ਚੁੱਪ ਕਰਾ ਰਹੀ ਸੀ। "ਕੀ ਗੱਲ ਹੋਈ ਗੁਰਲੀਨ, ਕਿਉਂ ਰੋਂਦੀ ਏਂ?" ਅੰਦਰ ਵੜਦੀ ਅਨੂ ਨੇ ਪੁੱਛਿਆ। "ਕੁੱਝ ਨਹੀਂ ਦੀਦੀ, ਬੱਸ ਓਦਾਂ ਈ ਦਿਲ ਭਰ ਆਇਆ," ਕਹਿ ਕੇ ਗੁਰਲੀਨ ਉੱਠ ਕੇ ਅੰਦਰ ਚਲੇ ਗਈ। ਰਣਜੀਤ ਕੁਝ ਕਹੇ ਬਗ਼ੈਰ ਅੰਦਰ ਚਲੇ

ਗਿਆ ਅਤੇ ਆਪਣੇ ਕਮਰੇ ਵਿੱਚ ਬੈੱਡ ’ਤੇ ਬੈਠ ਕੇ ਕੁੱਝ ਪੜ੍ਹਨ ਲੱਗ ਪਿਆ। ਜਦੋਂ ਅੱਧੇ ਕੁ ਘੰਟੇ ਬਾਅਦ ਅਨੂ ਉਸ ਦੇ ਕਮਰੇ ਵਿੱਚ ਆਈ ਤਾਂ ਰਣਜੀਤ ਨੇ ਗੁਰਲੀਨ ਦੇ ਰੋਣ ਦੀ ਵਜ੍ਹਾ ਪੁੱਛੀ। ਅਨੂ ਦਰਵਾਜ਼ਾ ਬੰਦ ਕਰ ਕੇ ਰਣਜੀਤ ਕੋਲ਼ ਬੈਠਦਿਆਂ ਸੰਜੀਦਾ ਜਿਹੇ ਸੁਰ ਵਿੱਚ ਕਹਿਣ ਲੱਗੀ, “ਰਣਜੀਤ ਦੁਨੀਆ ਸੱਚੀਂ ਹੀ ਦੁੱਖਾਂ ਦਾ ਘਰ ਏ। ਏਥੇ ਕੋਈ ਸੁਖੀ ਨਹੀਂ, ਸਭ ਦਾ ਦੁੱਖ ਇੱਕ ਦੂਜੇ ਤੋਂ ਵੱਡੈ। ਹੁਣ ਇਹ ਕੁੜੀਆਂ ਵਿਚਾਰੀਆਂ ਸਟੂਡੈਂਟਸ ਦੇ ਤੌਰ ’ਤੇ ਕੈਨੇਡਾ ਆਈਆਂ ਹੋਈਆਂ ਨੇ, ਨਾਲ਼ੇ ਪੜ੍ਹਦੀਆਂ, ਨਾਲ਼ੇ ਕੰਮ ਕਰਦੀਆਂ ਨੇ। ਫੇਰ ਘਰ ਆ ਕੇ ਰੋਟੀ-ਪਾਣੀ ਵੀ ਬਣਾਉਂਦੀਆਂ। ਚਲੋ, ਕਿਸੇ ਤਰ੍ਹਾਂ ਆਪਣਾ ਖ਼ਰਚਾ-ਪਾਣੀ ਚਲਾਈ ਜਾਂਦੀਆਂ ਨੇ। ਹੁਣ ਇੰਡੀਆ ਵਿੱਚ ਗੁਰਲੀਨ ਦੇ ਭਰਾ ਦੀ ਸਰਜਰੀ ਹੋਣੀ ਏ। ਸ਼ਾਇਦ ਲਿਵਰ ਵਿੱਚ ਕੋਈ ਨੁਕਸ ਐ। ਢਾਈ ਲੱਖ ਰੁਪੱਈਆ ਲੱਗਣੈ। ਇਸ ਦਾ ਡੈਡੀ ਇਸ ਤੋਂ ਮਦਦ ਭਾਲ਼ਦੈ। ਹੁਣ ਇਹ ਵਿਚਾਰੀ ਪੰਜ ਹਜ਼ਾਰ ਡਾਲਰ ਖੜ੍ਹੇ ਪੈਰ ਕਿੱਥੋਂ ਲਿਆਵੇ। ਇਸ ਲਈ ਰੋਂਦੀ ਸੀ। ਕਹਿੰਦੀ ਸੀ ਪਈ ਭਲ਼ਕੇ, ਨਾਲ਼ ਦੇ ਸਟੂਡੈਂਟਾਂ ਤੋਂ ਥੋੜ੍ਹੇ-ਥੋੜ੍ਹੇ ਇਕੱਠੇ ਕਰਨ ਦੀ ਕੋਸ਼ਿਸ਼ ਕਰੂਗੀ। ਜੇ ਮੇਰੇ ਕੋਲ਼ ਹੁੰਦੇ ਤਾਂ ਮੈਂ, ਮਿੰਟ ਨਾ ਲਾਉਂਦੀ ਦੇਣ ਲੱਗਿਆਂ। ਨਾਲ਼ੇ ਮੈਂ ਤਾਂ ਅਜੇ ਤੁਹਾਡੇ ਪੈਸੇ ਵੀ ਮੋੜਨੇ ਆਂ,” ਅਨੂ ਨੇ ਸਾਰੀ ਕਹਾਣੀ ਖੋਲ੍ਹ ਕੇ ਦੱਸ ਦਿੱਤੀ।

“ਸੱਚੀਂ, ਸਟੂਡੈਂਟਸ ਬਹੁਤੀ ਹੀ ਸੰਘਰਸ਼ਮਈ ਜ਼ਿੰਦਗੀ ਵਿੱਚੋਂ ਲੰਘ ਰਹੇ ਨੇ। ਰੱਬ ਇਨ੍ਹਾਂ ਤੇ ਅਤੇ ਇਨ੍ਹਾਂ ਦੇ ਪਰਿਵਾਰਾਂ ਦੇ ਸਿਰ ’ਤੇ ਮਿਹਰ ਭਰਿਆ ਹੱਥ ਰੱਖੇ,” ਰਣਜੀਤ ਨੇ ਸੰਜੀਦਗੀ ਨਾਲ਼ ਕਿਹਾ।

“ਪਹਿਲਾਂ ਵਿਚਾਰੀ ਦੇ, ਇੱਕ ਕੰਮ ਵਾਲ਼ੇ ਨੇ ਪੈਸੇ ਮਾਰ ਲਏ। ਉਦੋਂ ਵੀ ਕਈ ਦਿਨ ਡੁਸਕਦੀ ਰਹੀ,” ਅਨੂ ਨੇ ਦੱਸਿਆ।

“ਕੰਮ ਵਾਲ਼ੇ ਨੇ ਪੈਸੇ ਕਿੱਦਾਂ ਮਾਰ ਲਏ? ਇਹ ਨੇ, ਉਹ ਦੀ ਸ਼ਿਕਾਇਤ ਨਾ ਕੀਤੀ? ਇਹ ਕਿਹੜਾ ਇੰਡੀਆ ਪਈ ਜਿੱਥੇ ਕੋਈ, ਕਿਸੇ ਦੇ ਪੈਸੇ ਮਾਰ ਕੇ ਔਹ ਜਾਵੇ,” ਰਣਜੀਤ ਨੇ ਹੈਰਾਨੀ ਨਾਲ਼ ਕਿਹਾ।

“ਨਹੀਂ ਰਣਜੀਤ, ਸਟੂਡੈਂਟਸ ਬਹੁਤਾ ਕੰਮ ਨਹੀਂ ਕਰ ਸਕਦੇ। ਜਦੋਂ ਇਹ ਪੜ੍ਹਦੇ ਨੇ ਤਾਂ ਇਨ੍ਹਾਂ ਨੂੰ ਹਫ਼ਤੇ ਵਿੱਚ ਵੀਹ ਘੰਟੇ ਕੰਮ ਕਰਨ ਦੀ ਇਜਾਜ਼ਤ ਈ ਐ। ਇਹ ਵਿਚਾਰੀ ਪੀਜ਼ਾ-ਸਟੋਰ ’ਤੇ ਕੰਮ ਕਰਦੀ ਸੀ। ਕਾਲਜ ’ਤੋਂ ਆ ਕੇ ਸ਼ਾਮੀਂ ਚਾਰ ਵਜੇ ਕੰਮ ’ਤੇ ਲੱਗਦੀ ਸੀ। ਸਟੋਰ ਵਾਲ਼ਾ ਆਪਣਾ ਈ ਬੰਦਾ ਸੀ। ਉਸ ਨੇ, ਇਸ ਨੂੰ ਰਾਤੀਂ ਸਾਢੇ ਬਾਰਾਂ ਵਜੇ ਸਟੋਰ ਬੰਦ ਹੋਣ ਤੱਕ ਕੰਮ ਕਰਨ ਲਈ ਕਿਹਾ ਹੋਇਆ ਸੀ। ਉਸ ਨੂੰ ਪਤਾ ਸੀ ਕਿ ਸਟੂਡੈਂਟਸ ਦਿਨ ਵਿੱਚ ਤਕਰੀਬਨ ਚਾਰ ਕੁ ਘੰਟੇ ਹੀ ਕੰਮ ਕਰ ਸਕਦੇ ਹਨ, ਏਸੇ ਲਈ ਉਹ ਨੇ, ਇਹ ਦੇ ਨਾਲ਼ ਸਾਢੇ ਚੌਂਹ ਘੰਟਿਆਂ ਦੇ ਪੈਸੇ ਨਕਦ ਦੇਣ ਦਾ ਵਾਅਦਾ ਕਰ ਲਿਆ। ਉਹ, ਇਸ ਦੇ ਰੈਗੂਲਰ ਘੰਟਿਆਂ ਦਾ ਚੈੱਕ ਤਾਂ ਦਿੰਦਾ ਰਿਹਾ, ਜਿਹੜੇ ਉੱਪਰਲੇ ਸਾਢੇ ਚਾਰ ਘੰਟੇ ਇਹ ਰੋਜ਼ ਲਾ ਕੇ ਆਉਂਦੀ ਸੀ ਉਨ੍ਹਾਂ ਦੇ ਨਕਦ ਪੈਸੇ ਦੇਣ ਦੇ ਲਾਰੇ ਹੀ ਲਾਉਂਦਾ ਰਿਹਾ।

ਫੇਰ ਕਹਿੰਦਾ ਪਈ ਦੋ ਮਹੀਨਿਆਂ ਦੇ ਪੈਸੇ ਇਕੱਠੇ ਦੇ ਦਊਗਾ। ਤਦ ਤੱਕ ਕਿਤੇ ਸਿਹਤ ਵਿਭਾਗ ਵਾਲਿਆਂ ਨੇ ਸਟੋਰ ਦੀ ਇੰਸਪੈਕਸ਼ਨ ਕਰ ਲਈ ਤਾਂ ਅੰਦਰੋਂ ਕਿਸੇ ਖੂੰਜੇ ਵਿੱਚੋਂ ਚੂਹਿਆਂ ਦੀਆਂ ਮੀਂਗਣਾਂ ਦਿਸ ਪਈਆਂ। ਉਨ੍ਹਾਂ ਨੇ ਸਟੋਰ ਬੰਦ ਕਰਾ ਦਿੱਤਾ ਤੇ ਨਾਲ਼ ਈ ਮੋਟਾ ਜੁਰਮਾਨਾ ਵੀ ਕਰ ਦਿੱਤਾ। ਸਟੋਰ ਵਾਲ਼ਾ, ਘਟੀਆ ਬੰਦਾ, ਇਹ ਕਹਿ ਕੇ, ਇਹ ਦੇ ਵਿਚਾਰੀ ਦੇ ਪੈਸੇ ਮਾਰ ਗਿਆ ਕਿ 'ਸਟੋਰ ਦੀ ਸਫ਼ਾਈ ਤੁਹਾਡੀ ਵਰਕਰਾਂ ਦੀ ਜ਼ਿੰਮੇਵਾਰੀ ਸੀ, ਜਿਸ ਕਰ ਕੇ ਤੁਸੀਂ ਵੀ ਜੁਰਮਾਨੇ ਦੀਆਂ ਹੱਕਦਾਰ ਹੋ।' ਇਹ ਨੇ ਬਥੇਰੀ ਦੁਹਾਈ ਪਾਈ ਕਿ ਸਫ਼ਾਈ ਕਰਨਾ ਇਸ ਦੀ ਡਿਊਟੀ ਨਹੀਂ ਸੀ। ਇਹ ਤਾਂ ਕਾਊਂਟਰ 'ਤੇ ਕੈਸ਼ ਉਗਰਾਹੁੰਦੀ ਹੁੰਦੀ ਸੀ। ਪਰ ਉਸ ਨੇ, ਇਸ ਦੀ ਇੱਕ ਨਾ ਸੁਣੀਂ। ਹੁਣ ਕੋਈ ਸਟੂਡੈਂਟ, ਉਸ ਕੰਮ ਦੇ ਪੈਸਿਆਂ ਲਈ ਕਿੱਦਾਂ ਲੜੇ, ਜਿਹੜਾ ਉਸ ਨੇ ਕੀਤਾ ਈ ਚੋਰੀ-ਚੋਰੀ ਹੁੰਦੈ? ਉਦੋਂ ਵੀ ਇਹ ਦੋ-ਤਿੰਨ ਦਿਨ ਰੋਂਦੀ ਰਹੀ। ਅਖੇ, 'ਦੀਦੀ ਮੇਰਾ ਤਕਰੀਬਨ ਦੋ ਹਜ਼ਾਰ ਡਾਲਰ ਮਾਰਿਆ ਗਿਆ'," ਦੱਸਦੀ-ਦੱਸਦੀ ਅਨੂ ਦਾ ਚਿਹਰਾ ਸੁਰਖ਼ ਹੋ ਗਿਆ।

"ਕਿੱਥੇ ਲੇਖਾ ਦੇਣਗੇ, ਫ਼ੁਲ ਭਰ ਜੁਆਕਾਂ ਦੇ ਪੈਸੇ ਮਾਰਨ ਵਾਲ਼ੇ ਇਹ ਪਾਪੀ? ਕੰਜਰਾ ਗ਼ਲਤੀ ਕਿਸੇ ਦੀ ਤੇ ਸਜ਼ਾ ਕਿਸੇ ਹੋਰ ਨੂੰ ਦੇਈ ਜਾਨੈਂ। ਮੈਂ ਕਈਆਂ ਤੋਂ ਸੁਣਦਾ ਸੀ ਪਈ ਕੈਨੇਡਾ ਵਿੱਚ ਲੋਕ, ਸਟੂਡੈਂਟਸ ਨੂੰ ਠਗਦੇ ਰਹਿੰਦੇ ਨੇ, ਪਰ ਮੈਨੂੰ ਵਿਚਲੀ ਗੱਲ ਦਾ ਪਤਾ ਅੱਜ ਈ ਲੱਗਿਐ, ਪਈ ਇਹ ਬੱਚੇ ਹਫ਼ਤੇ ਵਿੱਚ ਵੀਹ ਘੰਟੇ ਹੀ ਕੰਮ ਕਰ ਸਕਦੇ ਆ। ਮੈਂ ਤਾਂ ਇਹ ਸੋਚਦਾ ਰਿਹਾ ਪਈ ਕੈਨੇਡਾ ਵਿੱਚ ਕੋਈ ਕਿਸੇ ਨੂੰ ਠੱਗ ਈ ਨਹੀਂ ਸਕਦਾ। ਏਨੀ ਮਹਿੰਗਾਈ ਵਿੱਚ ਵੀਹ ਘੰਟੇ ਦੀ ਕਮਾਈ ਨਾਲ਼ ਬਣਦਾ ਵੀ ਕੀ ਆ। ਇਨ੍ਹਾਂ ਵਿਚਾਰਿਆਂ ਨੇ ਆਪਣੀਆਂ ਫ਼ੀਸਾਂ ਭਰਨ ਦੇ ਨਾਲ਼, ਰਹਿਣ-ਸਹਿਣ ਦਾ ਖ਼ਰਚਾ ਵੀ ਤੋਰਨਾ ਹੁੰਦੈ। ਨਾਲੇ ਇਹਨਾਂ ਨੂੰ ਤਨਖ਼ਾਹ ਵੀ ਕਿੰਨੀ ਕੁ ਮਿਲ਼ਦੀ ਹੋਣੀ ਏ। ਸਰਕਾਰ ਵੱਲੋਂ ਮਿਥੀ ਹੋਈ, ਘੱਟ ਤੋਂ ਘੱਟ ਤਨਖ਼ਾਹ 'ਤੇ ਹੀ ਕੰਮ ਕਰਦੇ ਹੋਣੇ ਨੇ ਇਹ। ਹੱਸਣ-ਖੇਡਣ ਦੀ ਉਮਰੇ, ਸਖ਼ਤ ਮੁਸ਼ੱਕਤਾਂ ਕਰ ਰਹੇ ਨੇ ਇਹ ਬੱਚੇ," ਰਣਜੀਤ ਦਾ ਬੋਲਦੇ-ਬੋਲਦੇ ਦਾ ਗਲ਼ ਭਰ ਆਇਆ।

"ਹਾਂ ਰੈਂਡੀ, ਚੰਗੇ ਭਵਿੱਖ ਦੀ ਕਾਮਨਾ ਕਰਦਿਆਂ, ਮਾਵਾਂ ਨੇ ਆਪਣੇ ਜਿਗਰ ਦੇ ਟੋਟੇ ਪਰਦੇਸੀਂ ਤੋਰ ਦਿੱਤੇ। ਏਥੇ ਆ ਕੇ, ਜਿੱਥੇ ਇਨ੍ਹਾਂ ਨੂੰ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦਾ ਸਾਹਮਣਾ ਤਾਂ ਕਰਨਾ ਪੈਂਦਾ ਏ, ਓਥੇ ਈ ਮਾਪਿਆਂ ਦੇ ਪਿਆਰ ਅਤੇ ਰਾਹਨੁਮਾਈ ਤੋਂ ਵੀ ਵਾਂਝੇ ਰਹਿਣਾ ਪੈਂਦੈ," ਇਹ ਕਹਿੰਦਿਆਂ ਅਨੂ ਨੂੰ ਲੱਗਦਾ ਸੀ ਕਿ ਉਹ ਕਨੇਡਾ ਵਿੱਚ ਪੜ੍ਹਨ ਆਏ ਕਾਮਿਆਂ ਦੀ ਭੀੜ ਵਿੱਚ ਗੁਆਚ ਗਈ ਹੈ।

## 18.

ਅਨੂ ਨੇ ਆਪਣੀ ਖ਼ਾਸ ਸਹੇਲੀ ਤਰਨੀਤ ਨੂੰ ਦੱਸ ਦਿੱਤਾ ਕਿ ਉਹ ਰਣਜੀਤ ਨੂੰ ਆਪਣੇ ਘਰ ਲੈ ਆਈ ਹੈ। ਉਸ ਨੇ ਇਹ ਦੱਸਦਿਆਂ ਤਰਨੀਤ ਤੋਂ ਇਹ ਸਲਾਹ ਵੀ ਮੰਗੀ ਕਿ ਉਹ ਆਪਣੇ ਪੇਸ਼ੈਂਟ ਨੂੰ ਘਰ ਲਿਆਉਣ ਬਾਰੇ ਆਪਣੇ ਸੁਪਰਵਾਈਜ਼ਰ ਨਾਲ਼ ਗੱਲ ਕਰੇ ਕਿ ਨਾ? ਤਰਨੀਤ ਨੇ ਉਸ ਨੂੰ ਸੁੱਪਰਵਾਈਜ਼ਰ ਨਾਲ਼ ਗੱਲ ਕਰਨ ਲਈ ਕਿਹਾ। ਅਨੂ ਅਤੇ ਰਣਜੀਤ ਨੇ, ਅਨੂ ਦੇ ਸੁਪਰਵਾਈਜ਼ਰ ਨਾਲ਼ ਗੱਲ ਕਰਦਿਆਂ ਸਾਰਾ ਹਾਲ-ਹਕੀਕਤ ਦੱਸ ਦਿੱਤੀ। ਕੁੱਝ ਚਿਰ ਸੋਚਣ-ਵਿਚਾਰਨ ਤੋਂ ਬਾਅਦ ਸੁੱਪਰਵਾਈਜ਼ਰ ਨੇ ਇਸ ਮਾਮਲੇ ਵਿੱਚ ਸਹਿਮਤੀ ਦੇ ਦਿੱਤੀ। ਉਸ ਨੇ ਰਣਜੀਤ ਦੀ ਨਰਸਿੰਗ ਦਾ ਕੰਮ ਅਨੂ ਜ਼ਿੰਮੇ ਹੀ ਰਹਿਣ ਦਿੱਤਾ, ਪਰ ਉਸ ਨੂੰ ਬਾਕੀ ਟਾਈਮ ਲਈ ਦੁਪਹਿਰ ਵੇਲ਼ੇ ਇੱਕ ਹੋਰ ਮਰੀਜ਼ ਦੇ ਦਿੱਤਾ। ਹੁਣ ਉਹ ਦੁਪਹਿਰੇ ਬਾਰਾਂ ਵਜੇ ਤੋਂ ਦੋ ਵਜੇ ਤੱਕ ਦੂਜੇ ਮਰੀਜ਼ ਨੂੰ ਦੇਖਣ ਜਾਂਦੀ ਅਤੇ ਬਾਕੀ ਸਾਰਾ ਸਮਾਂ ਰਣਜੀਤ ਨਾਲ਼ ਆਪਣੇ ਘਰ ਹੀ ਰਹਿੰਦੀ। ਐਤਵਾਰ ਨੂੰ ਗੁਰਲੀਨ ਅਤੇ ਸਿੰਮੀ ਦੇ, ਘਰ ਹੋਣ ਕਰ ਕੇ ਉਸ ਨੇ ਦੋ ਮਰੀਜ਼ ਹੋਰ ਦੇਖਣੇ ਮੰਨ ਲਏ।

ਅੱਜ ਜਦੋਂ ਸਵਾ ਕੁ ਦੋ ਵਜੇ ਅਨੂ ਆਪਣਾ ਮਰੀਜ਼ ਅਟੈਂਡ ਕਰ ਕੇ ਮੁੜੀ ਤਾਂ ਉਹ ਕਾਫ਼ੀ ਉੱਖੜੀ ਜਿਹੀ ਸੀ। ਬੂਹੇ ਵੜਦਿਆਂ ਉਸ ਦੇ ਬੁੱਲ੍ਹਾਂ 'ਤੇ ਉਹ ਮੁਸਕੁਰਾਹਟ ਨਹੀਂ ਸੀ, ਜੋ ਹਮੇਸ਼ਾ ਉਸ ਦੇ ਘਰ ਆਉਣ ਵੇਲ਼ੇ ਹੁੰਦੀ ਸੀ।

"ਕੀ ਗੱਲ ਹਜ਼ੂਰ, ਬੜੇ ਹੋਰੂੰ-ਤੋਰੂੰ ਜਿਹੇ ਹੋਏ ਲੱਗਦੇ ਓ, ਕਿਤੇ ਖਾਦਿਮ ਤੋਂ ਕੋਈ ਗੁਸਤਾਖ਼ੀ ਤਾਂ ਨਹੀਂ ਹੋ ਗਈ?" ਰਣਜੀਤ ਨੇ ਘਰ ਵੜਦੀ ਅਨੂ ਦੀ ਹਾਲਤ ਦੇਖ ਕੇ ਉਸ ਨੂੰ ਹਸਾਉਣ ਦਾ ਹੀਲਾ ਕੀਤਾ।

"ਨਹੀਂ ਰੈਂਡੀ, ਬੱਸ ਓਦਾਂ ਈ ਮੂਡ ਰਤਾ ਕੁ ਠੀਕ ਨਹੀਂ ਏ। ਤੁਸੀਂ ਸੁਣਾਓ ਤੁਹਾਡਾ ਕੀ ਹਾਲ-ਚਾਲ ਏ?" ਅਨੂ ਨੇ ਠੰਢਾ ਜਿਹਾ ਜੁਆਬ ਦਿੱਤਾ।

"ਲੱਗਦੈ ਹੁਣ ਤੁਸੀਂ ਸਾਨੂੰ ਆਪਣਾ ਦੋਸਤ ਸਮਝਣਾ ਵੀ ਛੱਡ ਦਿੱਤੈ। ਚਲੋ ਜੀ, ਤੁਹਾਡੀ ਮਰਜ਼ੀ। ਨਹੀਂ ਦੱਸਣਾ ਤਾਂ ਨਾ ਦੱਸੋ," ਰਣਜੀਤ ਨੇ ਫਿਰ ਅਨੂ ਦਾ ਮੂਡ ਬਦਲਣ ਦਾ ਹੀਲਾ ਕੀਤਾ।

"ਨਹੀਂ ਯਾਰ, ਤੁਸੀਂ ਸੁਣ ਕੇ ਪਤਾ ਨਹੀਂ ਕੀ ਸੋਚੋਂਗੇ। ਗੁਰੀ ਦਾ ਫ਼ੋਨ ਆਇਆ ਸੀ ਕੈਲਗਰੀ ਤੋਂ," ਅਨੂ ਨੇ ਰਣਜੀਤ ਵੱਲ ਦੇਖਦਿਆਂ ਕਿਹਾ।

"ਤਾਂ ਫੇਰ?" ਰਣਜੀਤ ਇਕ ਦਮ ਚੁਕੰਨਾ ਜਿਹਾ ਹੋ ਗਿਆ।

"ਕਹਿੰਦੈ, ਜਿਸ ਕੁੜੀ ਨਾਲ਼ ਵਿਆਹ ਹੋਇਐ, ਉਹ, ਉਸ ਨਾਲ਼ੋਂ ਦਸ ਸਾਲ ਛੋਟੀ ਏ।"

"ਤੇ ਫੇਰ?"

"ਉਸ ਕੁੜੀ ਦਾ ਸੁਭਾਅ ਵੀ ਬਹੁਤ ਚੰਦਰੈ। ਲੱਗਦਾ ਉਹ ਨੇ ਗੁਰੀ ਨੂੰ

ਕੈਨੇਡਾ ਆਉਣ ਲਈ ਪੁਲ਼ ਹੀ ਬਣਾਇਐ।"

"ਅੱਛਾ?"

"ਉਹ ਕਹਿੰਦਾ ਪਈ ਵਿਆਹ ਤੋਂ ਥੋੜ੍ਹੇ ਦਿਨ ਬਾਅਦ ਹੀ, ਉਸ ਨਾਲ਼ ਲੜ ਪਈ ਤੇ ਉਸ ਨੂੰ 'ਬੁੱਢਾ-ਬੁੱਢਾ' ਵੀ ਕਹਿਣ ਲੱਗ ਪਈ," ਦੱਸਦੀ-ਦੱਸਦੀ ਅਨੂ ਦਾ ਮਾੜਾ ਜਿਹਾ ਹਾਸਾ ਵੀ ਨਿੱਕਲ਼ ਗਿਆ।

"ਫੇਰ ਕੀ ਹੋਇਆ?" ਹੁਣ ਤੱਕ ਰਣਜੀਤ ਪੂਰੇ ਦਾ ਪੂਰਾ ਕੰਨ ਬਣਿਆ ਹੋਇਆ ਸੀ।

"ਉਸ ਦੇ ਕਨੇਡਾ ਮੁੜਨ ਤੋਂ ਪਹਿਲਾਂ-ਪਹਿਲਾਂ ਉਹ, ਉਸ ਨਾਲ਼ ਤਿੰਨ-ਚਾਰ ਵਾਰ ਖਹਿਬੜੀ ਤੇ ਅਬਾ-ਤਬਾ ਬੋਲਦੀ ਰਹੀ।

"ਭੋਗ ਮਨਾ ਚਿੱਤ ਲਾ ਕੇ, ਲਿਖੀਆਂ ਲੇਖਾਂ ਦੀਆਂ!" ਰਣਜੀਤ ਨੇ ਹਲਕੀ ਜਿਹੀ ਤਾੜੀ ਮਾਰਦਿਆਂ ਕਿਹਾ।

"ਹੁਣ ਮੈਨੂੰ ਫ਼ੋਨ ਕਰੀ ਜਾਂਦੈ ਪਈ ਆਪਾਂ ਪੈਚ-ਅੱਪ ਕਰ ਲਈਏ। ਨਾਲ਼ੇ ਕਹਿੰਦਾ ਪਈ ਉਸ ਸੱਜ-ਮੁਕਲਾਈ ਨੂੰ ਤਾਂ ਮੈਂ ਮੰਗਵਾਉਣਾ ਨਹੀਂ ਤੇ ਹੁਣ ਮੈਨੂੰ ਬੱਚੇ ਦੀ ਵੀ ਲੋੜ ਨਹੀਂ," ਅਨੂ ਨੇ ਅਗਲੀ ਗੱਲ ਦੱਸੀ ਤਾਂ ਰਣਜੀਤ ਇਹ ਸੁਣ ਕੇ ਇੱਕ ਦਮ ਸੰਜੀਦਾ ਹੋ ਗਿਆ ਤੇ ਕਹਿਣ ਲੱਗਿਆ, "ਠੀਕ ਐ, ਕਰ ਲਓ, ਜਿੱਦਾਂ ਤੁਹਾਨੂੰ ਚੰਗਾ ਲੱਗਦੈ।"

"ਅੱਛਾ ਜੀ! ਇਹ ਤਾਂ ਫਰਮਾਤਾ, ਹੁਣ ਹੋਰ ਕੁਛ?" ਅਨੂ ਦੇ ਕਹਿਣ ਵਿੱਚ ਤਨਜ਼ ਭਾਰੂ ਸੀ।

"ਫਿਰ ਤੂੰ ਵੀ ਤਾਂ ਕੋਈ ਜੁਆਬ ਦਿੱਤਾ ਹੀ ਹੋਊ," ਰਣਜੀਤ ਅਨੂ ਦਾ ਜੁਆਬ ਸੁਣਨ ਨੂੰ ਕਾਹਲ਼ਾ ਸੀ।

"ਮੈਂ ਤਾਂ ਫਿਰ ਇਹ ਕਹਿ ਕੇ ਫ਼ੋਨ ਕੱਟ ਦਿੱਤਾ:

***ਫੇਰ ਮੇਰੇ ਕੋਲ਼ ਪਰਤਣ ਦੇ ਬਹਾਨੇ ਟੋਲ਼ਦਾ ਹੈ।***
***ਇਸ ਤਰ੍ਹਾਂ ਉਹ ਬੇਵਫ਼ਾ ਗੁਜ਼ਰੇ ਜ਼ਮਾਨੇ ਟੋਲ਼ਦਾ ਹੈ।"***

ਇਹ ਕਹਿ ਕੇ ਅਨੂ ਉੱਠ ਕੇ ਕਿਚਨ ਅੰਦਰ ਚਲੇ ਗਈ। ਅਨੂ ਦਾ ਜੁਆਬ ਸੁਣ ਕੇ ਰਣਜੀਤ ਥੋੜ੍ਹਾ ਜਿਹਾ ਖ਼ੁਸ਼ ਤਾਂ ਹੋਇਆ, ਪਰ ਅੰਦਰੋ-ਅੰਦਰੀ ਉਹ ਡਰ ਜਿਹਾ ਵੀ ਗਿਆ। ਉਸ ਦੇ ਮਨ ਵਿੱਚ ਖਿੱਚੋ-ਤਾਣ ਜਿਹੀ ਸ਼ੁਰੂ ਹੋ ਗਈ। ਉਸ ਦਾ ਮਨ ਉਹ ਕੁੱਝ ਹੁਣੇ ਕਰਨ ਲਈ ਜ਼ੋਰ ਪਾਉਣ ਲੱਗਿਆ, ਜੋ ਉਸ ਨੇ ਅਜੇ ਠਹਿਰ ਕੇ ਕਰਨਾ ਸੋਚਿਆ ਹੋਇਆ ਸੀ। ਫਿਰ ਉਹ ਇਹ ਸੋਚਦਾ-ਸੋਚਦਾ ਦੁਚਿੱਤੀ ਜਿਹੀ ਵਿੱਚ ਪੈ ਗਿਆ ਕਿ ਕਰਾਂ ਜਾਂ ਨਾ ਕਰਾਂ। ਉਸ ਨੂੰ ਕਿਸੇ ਸਿਆਣੇ ਤੋਂ ਸਲਾਹ ਲੈਣ ਦੀ ਲੋੜ ਮਹਿਸੂਸ ਹੋਈ। ਕਾਸ਼! ਇਸ ਵੇਲ਼ੇ ਬਾਬਾ ਮਨਸਾਧੂ ਸਿੰਘ ਇੱਥੇ ਹੁੰਦਾ ਤਾਂ ਉਹ, ਉਸ ਤੋਂ ਸਲਾਹ ਲੈ ਲੈਂਦਾ, ਪਰ ਬਾਬਾ ਤਾਂ ਕਨੇਡਾ ਛੱਡ ਕੇ ਇੰਡੀਆ ਮੁੜ ਗਿਆ ਸੀ। ਉਸ ਸੋਚ ਹੀ ਰਿਹਾ ਸੀ ਕਿ ਉਸ ਦੇ ਮੋਬਾਈਲ ਦੀ

ਰਿੰਗ ਵੱਜੀ, ਰਣਜੀਤ ਨੇ ਫ਼ੋਨ ਦਾ ਬਟਨ ਦੱਬ ਕੇ 'ਹੈਲੋ' ਕਿਹਾ ਹੀ ਸੀ ਕਿ ਅੱਗਿਓਂ,"ਸਤਿ ਸ੍ਰੀ ਅਕਾਲ ਰਣਜੀਤ ਬੇਟੇ, ਮੈਂ ਮਨਸਾਧੂ ਸਿੰਘ ਬੋਲ ਰਿਹਾਂ," ਸੁਣਾਈ ਦਿੱਤਾ।

ਇਹ ਸੁਣ ਕੇ ਰਣਜੀਤ ਦਾ ਮੂੰਹ ਤੇ ਅੱਖਾਂ ਅੱਡੀਆਂ ਰਹਿ ਗਈਆਂ। ਦਿਲਾਂ ਨੂੰ ਦਿਲਾਂ ਦੇ ਰਾਹ, ਉਸ ਨੇ ਸੁਣੇ ਤਾਂ ਹੋਏ ਸਨ, ਪਰ ਅੱਜ ਦੇਖ ਵੀ ਲਏ ਤੇ ਮਹਿਸੂਸ ਵੀ ਕਰ ਲਏ।

"ਸਤਿ ਸ੍ਰੀ ਅਕਾਲ ਬਾਬਾ ਜੀ, ਤੁਹਾਨੂੰ ਕਿੱਦਾਂ ਪਤਾ ਲੱਗਿਆ ਕਿ ਮੈਂ ਤੁਹਾਨੂੰ ਯਾਦ ਕਰ ਰਿਹਾਂ?" ਹੈਰਾਨ ਹੋਏ ਰਣਜੀਤ ਦੇ ਮੂੰਹੋਂ ਇਹ ਬੋਲ ਨਿੱਕਲ਼ੇ।

"ਇਹ ਵੀ ਇਕ ਤਰ੍ਹਾਂ ਦਾ ਵਿਗਿਆਨ ਹੀ ਹੈ ਬੇਟੇ। ਇਸ ਨੂੰ ਅਸੀਂ ਭਾਰਤੀ ਲੋਕ 'ਦੂਰ-ਅਨੁਭੂਤੀ' ਕਹਿੰਦੇ ਹਾਂ। ਅੰਗਰੇਜ਼ੀ ਵਿੱਚ ਇਸ ਨੂੰ 'ਟੈਲੀਪੈਥੀ' ਕਿਹਾ ਜਾਂਦਾ ਹੈ। ਇਹ ਇੱਕ ਵਿਧੀ ਹੈ ਜਿਸ ਰਾਹੀਂ ਅਸੀਂ, ਦੂਰ ਬੈਠੇ ਕਿਸੇ ਵਿਅਕਤੀ ਨਾਲ਼ ਮਾਨਸਕ ਜਾਂ ਆਤਮਕ ਤੌਰ 'ਤੇ ਸੰਪਰਕ ਕਰ ਸਕਦੇ ਹਾਂ ਤੇ ਕਈ ਵਾਰ ਉਸ ਨੂੰ ਕੋਈ ਸੰਦੇਸ਼ ਵੀ ਦੇ-ਲੈ ਸਕਦੇ ਹਾਂ। ਇਸ ਅਮਲ ਵਿੱਚ ਸਾਡੀਆਂ ਪੰਜਾਂ ਗਿਆਨ-ਇੰਦਰੀਆਂ, ਭਾਵ ਦੇਖਣ, ਸੁਣਨ, ਸੁੰਘਣ, ਚੱਖਣ, ਛੂਹਣ ਆਦਿ ਦੀ ਵਰਤੋਂ ਕਰਨ ਦੀ ਲੋੜ ਨਹੀਂ ਪੈਂਦੀ। ਹਾਂ, ਇਸ ਵਿੱਚ ਇੱਕ ਸ਼ਰਤ ਹੈ ਕਿ ਸਾਨੂੰ ਇੱਕ ਦੂਸਰੇ ਉੱਤੇ ਵਿਸ਼ਵਾਸ ਹੋਣਾ ਬੇਹੱਦ ਜ਼ਰੂਰੀ ਹੈ। ਤੁਸੀਂ, ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੋਵੇਗਾ ਕਿ ਅਗਰ ਤੁਸੀਂ ਸੱਚੇ ਦਿਲੋਂ ਰੱਬ ਕੋਲ਼ੋਂ ਕੁੱਝ ਮੰਗੋ ਤਾਂ ਉਹ ਜ਼ਰੂਰ ਹੀ ਦਿੰਦਾ ਏ। ਇੰਞ ਅਸੀਂ ਰੱਬ ਨਾਲ਼ ਵੀ ਤਾਂ 'ਟੈਲੀਪੈਥੀ' ਹੀ ਕਰਦੇ ਹਾਂ। ਬਿਲਕੁਲ ਏਸੇ ਤਰ੍ਹਾਂ ਹੀ ਅਸੀਂ ਕਿਸੇ ਹੋਰ ਇਨਸਾਨ ਨਾਲ਼ ਵੀ 'ਟੈਲੀਪੈਥੀ' ਕਰ ਸਕਦੇ ਹਾਂ। ਤੁਸੀਂ ਮੈਨੂੰ ਯਾਦ ਕੀਤਾ ਤਾਂ ਮੈਨੂੰ ਇਹ ਸੰਦੇਸ਼ ਮਿਲ਼ ਗਿਆ ਕਿ ਰਣਜੀਤ ਸਿੰਘ ਨੂੰ ਮੇਰੀ ਜ਼ਰੂਰਤ ਏ ਤੇ ਮੈਂ ਤੁਹਾਨੂੰ ਫ਼ੋਨ ਕਰ ਲਿਆ," ਉਨ੍ਹਾਂ ਨੇ ਗਿਆਨ ਦੀ ਇੱਕ ਹੋਰ ਘੁੰਡੀ ਖੋਲ੍ਹੀ।

"ਬਾਬਾ ਜੀ ਤੁਸੀਂ ਮਹਾਨ ਹੋ, ਤੁਹਾਡੇ ਬਚਨ ਸੱਚੀਂ ਹੀ ਬਹੁਤ ਡੂੰਘੇ ਹੁੰਦੇ ਨੇ। ਲੱਗਦੈ ਤੁਸੀਂ ਸਾਡੇ ਨਾਲ਼ੋਂ ਇੱਕ ਸਦੀ ਅੱਗੇ ਹੋ," ਰਣਜੀਤ ਨੇ ਬਾਬਾ ਜੀ ਦੇ ਬਚਨਾਂ ਦੇ ਵਿਸਮਾਦ ਵਿੱਚ ਹੁੰਗਾਰਾ ਭਰਿਆ।

"ਨਹੀਂ ਬੇਟੇ, ਗਿਆਨ ਤਾਂ ਹਮੇਸ਼ਾ ਹੀ ਮੌਜੂਦ ਹੁੰਦੈ। ਬੱਸ ਇਸ ਨੂੰ ਗ੍ਰਹਿਣ ਕਰਨ ਵਾਲ਼ੇ ਹੀ ਗ਼ੈਰਮੌਜੂਦ ਹੁੰਦੇ ਨੇ। ਅੱਛਾ ਇਹ ਦੱਸੋ, ਮੈਨੂੰ ਕਿਵੇਂ ਯਾਦ ਕੀਤੈ?" ਬਾਬਾ ਜੀ ਨੇ ਪੁੱਛਿਆ। ਜੁਆਬ ਵਿੱਚ ਰਣਜੀਤ ਨੇ ਆਪਣੇ ਮਨ ਦੀਆਂ ਬਹੁਤ ਸਾਰੀਆਂ ਗੱਲਾਂ ਬਾਬਾ ਜੀ ਨਾਲ਼ ਕੀਤੀਆਂ ਤੇ ਬਾਬਾ ਜੀ ਨੇ ਨਾਲ਼ੋ-ਨਾਲ਼ ਉਨ੍ਹਾਂ ਦੇ ਨਬੇੜੇ ਵੀ ਕਰ ਦਿੱਤੇ।

# 19.

ਐਤਵਾਰ ਨੂੰ ਸ਼ਾਮ ਦੇ ਸਾਢੇ ਪੰਜ ਵੱਜੇ ਸੀ। ਗਿਆਨ ਕੌਰ ਦੀ ਤਬੀਅਤ ਠੀਕ ਨਹੀਂ ਸੀ, ਤੇ ਉਹ ਆਪਣੇ ਘਰ ਬੈਠੀ, ਗੁਰਦੇਵ ਸਿੰਘ ਨੂੰ ਉਡੀਕ ਰਹੀ ਸੀ। ਉਹ ਸਵੇਰ ਦਾ ਹੀ ਸੋਨੀਆ ਨਾਲ਼ ਗਿਆ ਹੋਇਆ ਸੀ। ਉਹ ਪਿਉ-ਧੀ ਅਜੇ ਤੱਕ ਨਹੀਂ ਮੁੜੇ ਸਨ। ਸੋਨੀਆ, ਗੁਰਦੇਵ ਸਿੰਘ ਨੂੰ ਨਾਲ਼ ਲੈ ਕੇ, ਸਰਹੱਦੋਂ ਪਾਰ ਅਮਰੀਕਾ ਵਿੱਚ ਸ਼ਾੱਪਿੰਗ ਕਰਨ ਗਈ ਹੋਈ ਸੀ। ਕੈਨੇਡਾ ਦਾ ਸ਼ਹਿਰ ਸਰੀ, ਅਮਰੀਕਾ ਦੀ ਸਰਹੱਦ ਤੋਂ ਮਸਾਂ ਦਸ-ਪੰਦਰਾਂ ਕਿੱਲੋਮੀਟਰ ’ਤੇ ਹੈ। ਜੇ ਸਰਹੱਦ ਉੱਤੇ ਬਹੁਤੀ ਭੀੜ ਨਾ ਹੋਵੇ ਤਾਂ ਕਾਰ ਰਾਹੀਂ ਲੋਕ, ਝੱਟ ਅਮਰੀਕਾ ਪਹੁੰਚ ਜਾਂਦੇ ਹਨ। ਅਮਰੀਕਾ ਵਿੱਚ ਸੌਦਾ-ਪੱਤਾ ਕੈਨੇਡਾ ਦੇ ਮੁਕਾਬਲੇ ਸਸਤਾ ਮਿਲ਼ਦਾ ਹੈ। ਇਸ ਲਈ ਲੋਕ ਦੁੱਧ, ਘਿਉ, ਮੀਟ, ਕੱਪੜੇ, ਪੈਟ੍ਰੋਲ ਵਗ਼ੈਰਾ ਖ਼ਰੀਦਣ ਲਈ ਅਮਰੀਕਾ ਜਾਂਦੇ ਰਹਿੰਦੇ ਹਨ। ਪਰ ਕਈ ਵਾਰ ਕੈਨੇਡੀਅਨ ਡਾਲਰ, ਅਮਰੀਕਨ ਡਾਲਰ ਦੇ ਮੁਕਾਬਲੇ ਕਾਫ਼ੀ ਛੋਟਾ ਹੋ ਜਾਂਦਾ ਹੈ ਤਾਂ ਲੋਕ ਇਹ ਖ਼ਰੀਦਦਾਰੀ ਘਟਾ ਦਿੰਦੇ ਹਨ। ਕਿਉਂ ਕਿ ਅਮਰੀਕੀ ਡਾਲਰਾਂ ਵਿੱਚ ਜਿਹੜੀ ਚੀਜ਼ ਸਸਤੀ ਮਿਲ਼ਦੀ ਹੈ, ਉਹ ਕੈਨੇਡਾ ਦੇ ਡਾਲਰਾਂ ਵਿੱਚ ਮਹਿੰਗੀ ਪੈ ਜਾਂਦੀ ਹੈ। ਭਾਵੇਂ ਇਹ ਦੋਵੇਂ ਦੇਸ਼ ਖੁੱਲ੍ਹੇ ਵਪਾਰਕ ਸਮਝੌਤੇ ਅਧੀਨ, ਇਸ ਤਰ੍ਹਾਂ ਦੀ ਖ਼ਰੀਦਦਾਰੀ ਨਹੀਂ ਰੋਕਦੇ, ਪਰ ਫਿਰ ਵੀ ਕਈ ਤਰ੍ਹਾਂ ਦੀਆਂ ਬੰਦਸ਼ਾਂ ਹਨ। ਤੁਸੀਂ ਉੱਥੇ ਜੋ ਮਰਜ਼ੀ, ਜਿੰਨਾ ਮਰਜ਼ੀ ਖ਼ਰੀਦ ਕੇ ਉੱਥੇ ਵਰਤ ਆਵੋ ਤਾਂ ਵਰਤ ਆਵੋ, ਪਰ ਸੌਦਾ ਖ਼ਰੀਦ ਕੇ ਕੈਨੇਡਾ ਲਿਆਉਣ ਲਈ, ਖ਼ਰਚਾ ਇੱਕ ਖ਼ਾਸ ਹੱਦ ਤੱਕ ਹੀ ਕੀਤਾ ਜਾ ਸਕਦਾ ਹੈ। ਜੇ ਤੁਸੀਂ ਸ਼ਰਾਬ ਜਾਂ ਤੰਬਾਕੂ ਵਾਲ਼ੀਆਂ ਚੀਜ਼ਾਂ ਖ਼ਰੀਦ ਕੇ ਕੈਨੇਡਾ ਲਿਆਉਣੀਆਂ ਹੋਣ ਤਾਂ ਤੁਹਾਨੂੰ ਅਠਤਾਲ਼ੀ ਘੰਟੇ ਅਮਰੀਕਾ ਵਿੱਚ ਜ਼ਰੂਰ ਰਹਿਣਾ ਪੈਂਦੈ। ਦੁੱਧ ਅਤੇ ਦੁੱਧ ਨਾਲ਼ ਬਣੀਆਂ ਚੀਜ਼ਾਂ ਵੀ ਇੱਕ ਖ਼ਾਸ ਮਾਤਰਾ ਵਿੱਚ ਹੀ ਖ਼ਰੀਦ ਕੇ ਕੈਨੇਡਾ ਲਿਆਂਦੀਆਂ ਜਾ ਸਕਦੀਆਂ ਹਨ। ਬਹੁਤੀ ਵਾਰ ਲੋਕ ਇਨ੍ਹਾਂ ਬੰਦਸ਼ਾਂ ਦੀ ਪ੍ਰਵਾਹ ਵੀ ਨਹੀਂ ਕਰਦੇ ਤੇ ਮਿੱਥੀ ਮਾਤਰਾ ਤੋਂ ਕਿਤੇ ਜ਼ਿਆਦਾ ਸ਼ਾੱਪਿੰਗ ਕਰ ਲਿਆਉਂਦੇ ਹਨ। ਕੈਨੇਡਾ ਮੁੜਦਿਆਂ ਜਦੋਂ ਕੈਨੇਡਾ ਦੀ ਸਰਹੱਦੀ ਏਜੰਸੀ ਦੇ ਅਫ਼ਸਰ, ਸੌਦੇ ਦੀ ਮਿਕਦਾਰ ਬਾਰੇ ਪੁੱਛਦੇ ਹਨ ਤਾਂ ਲੋਕ ਝੂਠ ਬੋਲ ਦਿੰਦੇ ਹਨ। ਆਮ ਤੌਰ ’ਤੇ ਬਾਰਡਰ ਏਜੰਸੀ ਵਾਲ਼ੇ ਤੁਹਾਡੇ ਕਹੇ ’ਤੇ ਯਕੀਨ ਕਰ ਕੇ, ਸੌਦੇ ਦੀ ਜਾਂਚ-ਪੜਤਾਲ ਨਹੀਂ ਕਰਦੇ, ਪਰ ਕਈ ਵਾਰ ਉਹ ਗੱਡੀਆਂ ਦੀ ਤਲਾਸ਼ੀ ਲੈਂਦਿਆਂ ਹੋਇਆਂ ਇਹ ਮਿਕਦਾਰ ਆਪ ਚੈੱਕ ਕਰ ਲੈਂਦੇ ਹਨ। ਜੇ ਸੌਦਾ ਜ਼ਿਆਦਾ ਖ਼ਰੀਦਣਾ ਹੋਵੇ ਤਾਂ ਲੋਕ ਘਰੋਂ ਕਿਸੇ ਹੋਰ ਨੂੰ ਵੀ ਆਪਣੇ ਨਾਲ਼ ਲੈ ਜਾਂਦੇ ਹਨ। ਗੱਡੀ ਵਿੱਚ ਬੰਦੇ ਜਿੰਨੇ ਜ਼ਿਆਦਾ ਹੋਣ, ਓਨੀ ਹੀ ਵੱਧ ਖ਼ਰੀਦਦਾਰੀ ਕਰਨ ਲਈ ਰਾਹ ਖੁੱਲ੍ਹ

ਜਾਂਦਾ ਹੈ। ਜ਼ਿਆਦਾ ਸਾਮਾਨ ਲਿਆਉਣ ਦੇ ਲਾਲਚ ਦੀ ਵਜ੍ਹਾ ਨਾਲ਼ ਹੀ ਸੋਨੀਆ, ਗੁਰਦੇਵ ਸਿੰਘ ਨੂੰ ਨਾਲ਼ ਲੈ ਗਈ ਸੀ।

ਪੌਣੇ ਛੇ ਵਜੇ ਜਦੋਂ ਘਰ ਦੀ ਘੰਟੀ ਵੱਜੀ ਤਾਂ ਗਿਆਨ ਕੌਰ ਨੇ ਉੱਠ ਕੇ ਦਰਵਾਜ਼ਾ ਖੋਲ੍ਹਿਆ। ਬਾਹਰ ਗੁਰਦੇਵ ਸਿੰਘ ਹਫ਼ਿਆ ਜਿਹਾ ਖੜ੍ਹਾ ਸੀ। ਬੂਹੇ ਵੜਦੇ ਨੂੰ ਹੀ ਗਿਆਨ ਕੌਰ ਨੇ ਇਹ ਪੁੱਛ ਲਿਆ, "ਆਹ ਸੋਨੀਆ ਤੁਹਾਨੂੰ ਬਾਹਰ ਹੀ 'ਤਾਰ ਕੇ ਚਲੇ ਗਈ? ਅੰਦਰ ਆ ਕੇ ਚਾਹ-ਪਾਣੀ ਤਾਂ ਪੀ ਜਾਂਦੀ। ਏਨਾ ਚਿਰ ਕਾਹ'ਤੋਂ ਲੱਗ ਗਿਆ?"

"ਓਏ ਕਾਹਨੂੰ, ਅਸੀਂ ਬਾਰਡਰ 'ਤੇ ਤਾਂ ਸਾਢੇ ਕੁ ਤਿੰਨ ਵਜੇ ਹੀ ਆ ਗਏ ਸੀ। ਪਹਿਲਾਂ ਤਾਂ ਉੱਥੇ ਭੀੜ ਬਹੁਤ ਸੀ। ਡੇਢ ਘੰਟਾ ਲਾਈਨ 'ਚ ਹੀ ਲੱਗੇ ਰਹੇ। ਫਿਰ ਜਦੋਂ ਬੂਥ 'ਤੇ ਪਹੁੰਚੇ ਤਾਂ ਅਗਲਿਆਂ ਨੇ ਪੁੱਛ-ਗਿੱਛ ਹੀ ਬੜੀ ਕਰਨੀ ਸ਼ੁਰੂ ਕਰ ਦਿੱਤੀ, ਅਖੇ ਕਿੰਨੇ ਦਾ ਸਮਾਨ ਲਿਆਏਂ ਓਂ? ਸੋਨੀਆ ਨੇ ਡੇਢ ਸੌ ਦਾ ਦੱਸਿਆ, ਪਰ ਉਹ ਸਮਾਨ ਲਿਆਈ ਸੀ ਪੰਜ-ਛੇ ਸੌ ਡਾਲਰ ਦਾ। ਉਨ੍ਹਾਂ ਨੇ ਤਾਂ ਭਾਈ ਕਾਰ ਇੱਕ ਪਾਸੇ ਲੁਆ ਲਈ। ਅਖੇ, 'ਅਸੀਂ ਤਾਂ ਸਾਰਾ ਸਮਾਨ ਚੈੱਕ ਕਰਨਾ।' ਫੇਰ ਉਨ੍ਹਾਂ ਨੇ 'ਕੱਲੀ-'ਕੱਲੀ ਚੀਜ਼ ਚੈੱਕ ਕੀਤੀ ਤਾਂ ਸਾਮਾਨ ਜ਼ਿਆਦਾ ਡਾਲਰਾਂ ਦਾ ਨਿੱਕਲ਼ਿਆ। ਫਿਰ ਇਹ ਝੂਠੀ ਹੋਈ ਕਹੀ ਜਾਵੇ ਪਈ ਇਹ ਨੂੰ ਭੁਲੇਖਾ ਲੱਗ ਗਿਐ। ਬੜੇ ਹੀ ਖੱਜਲ਼ ਹੋਏ ਉੱਥੇ ਅੱਜ ਤਾਂ। ਕਿੰਨਾਂ ਹੀ ਚਿਰ ਤਾਂ ਸਾਨੂੰ ਉੱਥੇ ਬਿਠਾਈ ਰੱਖਿਆ। ਫਿਰ ਕਹਿੰਦੇ, ਜਾਂ ਵਾਧੂ ਸਮਾਨ ਜਾ ਕੇ ਮੋੜ ਆਓ ਜਾਂ ਫਿਰ ਟੈਕਸ ਭਰੋ। ਪਤਾ ਨਹੀਂ ਡੇਢ ਕਿ ਦੋ ਸੌ ਡਾਲਰ ਟੈਕਸ ਦੇ ਕੇ ਖਹਿੜਾ ਛੁੱਟਿਆ। ਇਹ ਪਾਗਲ ਜਿਹੀ ਹਰ ਤੀਜੇ ਦਿਨ ਤੁਰ ਪੈਂਦੀ ਆ ਬਾਰਡਰ ਨੂੰ। ਝੂਠ ਬੋਲਣ 'ਤੇ ਈ ਲੱਕ ਬੰਨ੍ਹਿਆ ਆ ਇਹ ਨੇ। ਹੁਣ ਅਗਲਿਆਂ ਨੇ ਕੰਪੂਟਰ 'ਚ ਪਾ ਕੇ ਰੱਖ ਲਿਆ, ਇਹ ਦਾ ਨਾਂ-ਥੇਹ। ਹੁਣ ਕਹਿੰਦੀ 'ਗਾਂਹ ਤੋਂ ਨਹੀਂ ਜਾਇਆ ਕਰਨਾ ਅਮਰੀਕਾ ਨੂੰ," ਗੁਰਦੇਵ ਸਿੰਘ ਨੇ ਸਾਰਾ ਕੋਤਾ-ਕਿੱਸਾ ਸੁਣਾ ਦਿੱਤਾ।

"ਲੈ ਦੱਸ, ਆਹ ਤਾਂ ਲੈਣੇ ਦੇ ਦੇਣੇ ਪੈ ਗਏ। ਓਦਾਂ ਭਲਾ ਇਹ ਨੂੰ ਕਿਹੜਾ ਪਤਾ ਨਹੀਂ ਸੀ ਪਈ ਅੱਜ-ਕੱਲ੍ਹ ਸਾਡਾ ਡਾਲਰ, 'ਮਰੀਕਨ ਡਾਲਰ ਨਾਲ਼ੋਂ ਬਹੁਤ ਛੋਟੈ। ਓਧਰੋਂ ਸਸਤਾ ਦੇਖ ਕੇ ਖ਼ਰੀਦਿਆ, ਏਧਰ ਆ ਕੇ ਮਹਿੰਗਾ ਪੈ ਜਾਂਦੈ। ਉੱਪਰੋਂ ਫੇਰ ਰੁੱਗ ਭਰ ਕੇ ਟੈਕਸ ਦੇ ਆਈ। ਪਤਾ ਨਹੀਂ ਇਹ ਦੀ ਮੱਤ ਨੂੰ ਕੀ ਹੋਈ ਜਾਂਦਾ ਦਿਨੋਂ-ਦਿਨ," ਗਿਆਨ ਕੌਰ ਨੇ ਗੁਰਦੇਵ ਸਿੰਘ ਦੀ ਹਾਂ ਨਾਲ਼ ਹਾਂ ਮਿਲ਼ਾਈ।

"ਮੈਨੂੰ ਤਾਂ ਯਾਰ ਏਸ ਕੁੜੀ ਦੀਆਂ ਆਪਹੁਦਰੀਆਂ 'ਤੇ ਬਹੁਤ ਹੈਰਾਨੀ ਆਉਂਦੀ ਆ। ਮੇਰਾ ਤਾਂ ਹੁਣ ਪਾਰਕ ਜਾਂ ਗੁਰਦੁਆਰੇ ਜਾਣ ਨੂੰ ਵੀ ਜੀਅ ਨਹੀਂ ਕਰਦਾ। ਸਾਲ਼ੇ ਲੋਕ ਥੂ-ਥੂ ਕਰਦੇ ਨੇ, ਐਂ ਲੱਗਦਾ ਰਹਿੰਦਾ ਜਿੱਦਾਂ ਸਾਲੇ ਰੁੱਖ ਵੀ ਸਾਡੀਆਂ ਈ ਗੱਲਾਂ ਕਰਦੇ ਹੋਣ। ਅਖੇ, ਇਨ੍ਹਾਂ ਦੀ ਕੁੜੀ ਨੇ ਬਿਮਾਰ ਪ੍ਰਾਹੁਣਾ ਛੱਡ

ਦਿੱਤਾ," ਗੁਰਦੇਵ ਸਿੰਘ ਨੇ ਨਮੋਸ਼ੀ ਨਾਲ਼ ਕਿਹਾ।

"ਇੱਕ ਤਾਂ ਆਹ ਪਤਾ ਨਹੀਂ ਲੱਗਦਾ ਪਈ ਲੋਕਾਂ ਨੂੰ ਖ਼ਬਰਾਂ ਕਿਹੜਾ ਦੇ ਜਾਂਦੈ। ਨਾ, ਤੂੰ ਕਹਿ ਦਿਆ ਕਰ ਪਈ ਕੁੜੀ ਨੇ ਪ੍ਰਾਹੁਣਾ ਨਹੀਂ ਛੱਡਿਆ, ਪ੍ਰਾਹੁਣਾ ਹੀ ਕੁੜੀ ਨੂੰ ਛੱਡ ਕੇ, ਕਿਸੇ ਨਰਸ ਨਾਲ਼ ਦਫ਼ਾ ਹੋ ਗਿਆ। ਇਹਦੇ 'ਚ ਭਲਾ ਸਾਡੀ ਕੁੜੀ ਦਾ ਕੀ ਕਸੂਰ?" ਗਿਆਨ ਕੌਰ ਨੇ ਆਪਣੀ ਧੀ ਦਾ ਪੱਖ ਪੂਰਿਆ।

"ਉਹ ਭਲੀਏ ਮਾਣਸੇ ਏਸੇ ਗੱਲ ਦਾ ਤਾਂ ਸਾਰਾ ਯੱਭ ਆ। ਲੋਕ ਕਹਿੰਦੇ ਆ ਪਈ ਮੁੰਡਾ ਤਾਂ ਵਿਚਾਰਾ ਅਪਾਹਜ ਸੀ ਤੇ ਨਰਸ ਨੇ ਉਹ ਨੂੰ ਲਿਜਾ ਕੇ ਉਹ ਤੋਂ ਕੀ ਲੈਣਾ ਸੀ। ਉਹ ਤਾਂ ਸਗੋਂ ਜਾਂਦਾ ਹੋਇਆ ਘਰ ਤੇ ਪੈਸਾ ਵੀ ਸੋਨੀਆ ਦੇ ਨਾਂ ਲੁਆ ਕੇ, ਸਾਡੇ ਮੱਥੇ 'ਤੇ ਕਲੰਕ ਲਾ ਗਿਐ। ਹੁਣ ਦੇਖ ਲਾ ਕਸੂਰ ਕਿਹਦਾ! ਲੋਕ ਤਾਂ ਕੁੜੀ ਨੂੰ ਈ ਮਾੜੀ ਕਹਿੰਦੇ ਆ। ਅਖੇ, 'ਪ੍ਰਾਹੁਣਾ ਤਾਂ ਬਿਮਾਰ ਸੀ, ਅਪਾਹਜ ਸੀ ਤੇ ਸਿਰੇ ਦੀ ਗੱਲ ਪਈ ਉਹ ਕਿਸੇ ਔਰਤ ਜੋਗਾ ਈ ਨਹੀਂ ਸੀ। ਫਿਰ ਉਸ ਨਰਸ ਨੇ, ਉਹ ਨੂੰ ਲਿਜਾ ਕੇ ਕੀ ਲੈਣਾ ਸੀ। ਹਾਂ, ਜੇ ਰਣਜੀਤ ਘਰ ਤੇ ਪੈਸੇ ਸੋਨੀਆ ਦੇ ਨਾਂ, ਨਾ ਕਰਾਉਂਦਾ ਤਾਂ ਫੇਰ ਇਹ ਕਹਿਣਾ ਬਣਦਾ ਸੀ ਪਈ ਨਰਸ ਇਨ੍ਹਾਂ ਚੀਜ਼ਾਂ ਦੇ ਲਾਲਚ ਵਿੱਚ ਰਣਜੀਤ ਨੂੰ ਕੱਢ ਕੇ ਲੈ ਗਈ। ਹੁਣ ਕਿਹ'ਦਾ-ਕਿਹ'ਦਾ ਮੂੰਹ ਫੜੀਏ? ਮੈਨੂੰ ਤਾਂ ਲੱਗਦੈ ਸੋਨੀਆ ਈ ਕਿਸੇ ਦੀ ਚੁੱਕ 'ਚ ਆਈ ਹੋਈ ਸੀ। ਇਹ ਨੇ ਹੀ ਉਨ੍ਹਾਂ ਨੂੰ ਬਹੁਤਾ ਪੁੱਠਾ-ਸਿੱਧਾ ਬੋਲਿਆ ਹੋਣੈ, ਨਹੀਂ ਤਾਂ ਰਣਜੀਤ ਵਰਗਾ ਠੰਢੇ ਸੁਭਾਅ ਵਾਲ਼ਾ ਮੁੰਡਾ ਏਨਾ ਛੇਤੀ ਨਾ ਜਾਂਦਾ। ਉਹ ਬਥੇਰਾ ਸਮਝਦਾਰ ਮੁੰਡਾ ਸੀ, ਏਦਾਂ ਛੇਤੀ ਕੀਤੇ ਛੱਡ ਕੇ ਜਾਣ ਵਾਲ਼ਾ ਨਹੀਂ ਸੀ। ਲੋਕਾਂ ਤੱਕ ਤਾਂ ਇਹ ਗੱਲ ਭੱਜਲ਼ਾਂ ਆਲ਼ੇ ਜਾਗਰ ਨੇ ਅਪੜਾਈ ਆ। ਜਾਗਰ ਦੀ ਕੁੜੀ ਤਰਨੀਤ ਉਸ ਨਰਸ ਦੀ ਸਹੇਲੀ ਆ ਨਾ। ਉਸੇ ਨੇ ਸਾਰੀ ਕਹਾਣੀ ਜਾਗਰ ਨੂੰ ਸੁਣਾਈ ਹੋਊ। ਨਾ ਵੀ ਹੋਵੇ, ਗਿਆਨ ਕੁਰੇ ਇਹੋ ਜਿਹੀਆਂ ਗੱਲਾਂ ਕਿਤੇ ਲੁਕੀਆਂ ਰਹਿੰਦੀਆਂ? ਇਹ ਤਾਂ ਦੇਰ-ਸਵੇਰ ਬਾਹਰ ਆਉਣੀਆਂ ਹੀ ਹੋਈਆਂ। ਹੁਣ ਅਮਰੀਕਾ ਤੋਂ ਆਉਂਦੀ ਸੋਨੀਆ ਮੈਨੂੰ ਕਹਿਣ ਡਹੀ ਸੀ, 'ਡੈਡੀ ਤੁਸੀਂ ਆਪਣਾ ਘਰ ਵੇਚ ਦਿਓ ਤੇ ਆ ਕੇ ਮੇਰੇ ਨਾਲ਼ ਰਹਿਣ ਲੱਗ ਪਓ।' ਮੈਂ ਮਨ ਵਿੱਚ ਸੋਚਾਂ ਪਈ ਤੂੰ ਕੱਲ੍ਹ ਨੂੰ ਕਿਸੇ ਹੋਰ ਦੀ ਚੁੱਕ ਵਿੱਚ ਆ ਕੇ, ਸਾਨੂੰ ਵੀ ਘਰੋਂ ਕੱਢ ਦਵੇਂ। ਸੋ ਅਸੀਂ ਤਾਂ ਏਥੇ ਹੀ ਭਲੇ," ਗੁਰਦੇਵ ਸਿੰਘ ਨੇ ਖ਼ੁਲਾਸਾ ਕੀਤਾ।

"ਬੱਸ ਕਰੋ ਜੀ, ਤੁਹਾਨੂੰ ਤਾਂ ਜਦੋਂ ਮੌਕਾ ਮਿਲ਼ਦਾ ਤੁਸੀਂ ਕੁੜੀ ਦੁਆਲ਼ੇ ਈ ਹੋ ਜਾਨੇਂ ਓਂ। ਘਰ ਆਲ਼ਾ ਕਿਹੋ ਜਿਹਾ ਵੀ ਹੋਵੇ, ਜ਼ਨਾਨੀ ਆਪਣਾ ਘਰ ਆਲ਼ਾ ਕਿਸੇ ਨਾਲ਼ ਨਹੀਂ ਵੰਡਾਉਂਦੀ ਹੁੰਦੀ । ਜੇ ਉਹ ਨਰਸ, ਮੁੰਡੇ ਦੇ ਬਹੁਤੀ ਨੇੜੇ ਨਾ ਲੱਗਦੀ ਤਾਂ ਸੋਨੀਆ ਨੂੰ ਕੁਛ ਕਹਿਣ ਦੀ ਕੀ ਲੋੜ ਸੀ ਭਲਾ? ਤੁਹਾਨੂੰ ਬੰਦਿਆਂ ਨੂੰ ਤੀਵੀਆਂ ਦੇ ਦਿਲਾਂ ਦਾ ਕੀ ਪਤੈ। ਤੀਵੀਆਂ ਈ ਤੀਵੀਆਂ ਦੇ ਘਰ

ਪੱਟਦੀਆਂ ਨੇ। ਇਹੋ ਸਾਡੀ ਕੁੜੀ ਨਾਲ਼ ਹੋਇਐ। ਤੁਹਾਨੂੰ ਰਣਜੀਤ ਵਿੱਚ ਤਾਂ ਕੋਈ ਕਾਣ ਨਹੀਂ ਦਿਸਦੀ, ਤੁਸੀਂ ਤਾਂ ਬੱਸ ਸੋਨੀਆ ਨੂੰ ਈ ਭੰਡੀ ਜਾਂਦੇ ਓ। ਸਿਆਣੇ ਐਵੇਂ ਤਾਂ ਨ੍ਹੀਂ ਕਹਿੰਦੇ ਪਈ ਜੇ ਜੁਆਈ ਚੰਗਾ ਹੋਵੇ ਤਾਂ ਸਮਝੋ ਇੱਕ ਪੁੱਤ ਮਿਲ਼ ਗਿਆ। ਜੇ ਮਾੜਾ ਹੋਵੇ ਤਾਂ ਸਮਝੋ ਧੀ ਵੀ ਗੁਆ ਲਈ। ਅਸੀਂ ਤਾਂ ਬੱਸ ਆਪਣੀ ਧੀ ਈ ਗੁਆਈ ਐ," ਗਿਆਨ ਕੌਰ ਨੇ ਗੁਰਦੇਵ ਸਿੰਘ ਨੂੰ ਕਈ ਉਲ੍ਹਾਮੇ ਦੇ ਦਿੱਤੇ।

"ਕਰਦੀ ਤਾਂ ਤੂੰ ਮੇਰੀ ਗੱਲ ਦਾ ਗੁੱਸਾ ਈ ਏਂ ਗਿਆਨ ਕੁਰੇ! ਤੂੰ ਵੀ ਤਾਂ ਮਾਵਾਂ ਆਲ਼ੀ ਗੱਲ ਈ ਕਰਦੀ ਆਂ। ਤੈਨੂੰ ਆਪਣੀ ਔਲਾਦ ਵਿੱਚ ਕੋਈ ਕਜ ਦੀਹਦਾ ਈ ਨਹੀਂ। ਗੱਲ ਈ ਇਹੋ ਜਿਹੀ ਏ ਤਾਂ ਬੰਦਾ ਲੋਕਾਂ ਨੂੰ ਕੀ ਸਮਝਾਵੇ। ਜੇ ਰਣਜੀਤ ਦੀ ਸਿਹਤ ਠੀਕ ਹੁੰਦੀ ਤਾਂ ਸੱਭ ਨੇ ਕੀੜੇ ਉਹ ਦੇ ਵਿੱਚੋਂ ਈ ਕੱਢਣੇ ਸੀ। ਇੱਕ ਹਾਲਾਤ ਮਾੜੇ, ਉੱਤੋਂ ਰਣਜੀਤ ਦੀ ਬਿਮਾਰੀ। ਤੂੰ ਮੰਨ ਚਾਹੇ ਨਾ ਮੰਨ, ਇਨ੍ਹਾਂ ਦੋਹਾਂ ਦੀ ਵਜ੍ਹਾ ਨਾਲ਼ ਹੁਣ ਲੋਕਾਂ ਨੇ ਕਾਣ ਤਾਂ ਤੇਰੀ ਧੀ ਵਿੱਚ ਈ ਕੱਢਣੀ ਏ, ਨਾਲ਼ੇ ਇਨ੍ਹਾਂ ਨੂੰ ਪਤਾ ਨਹੀਂ ਕਾਹ'ਦੀ ਕਾਹਲ਼ ਪਈ ਹੋਈ ਸੀ ਤਲਾਕ ਲੈਣ-ਦੇਣ ਦੀ। ਜਿੱਦਾਂ ਦੌੜ ਕੇ ਗੱਡੀ ਫੜਨੀ ਹੋਵੇ। ਇੱਕ ਦਿਨ ਲੜੇ ਤੇ ਅਗਲੇ ਦਿਨ ਵਕੀਲ ਦੇ ਪਹੁੰਚ ਗਏ। ਚਲੋ ਮੁੰਡਾ ਤਾਂ ਬੇਗਾਨਾ ਪੁੱਤ ਸੀ। ਇਹ ਤਾਂ ਸਾਡੀ ਢਿੱਡੋਂ ਜੰਮੀ ਧੀ ਸੀ। ਇਹ ਤਾਂ ਘੱਟੋ ਘੱਟ ਸਾਨੂੰ ਦੱਸਦੀ। ਬੰਦਾ ਸੌ ਓਹੜ-ਪੋਹੜ ਕਰਦੈ, ਟੁੱਟੀ ਗੰਢਣ ਦੇ। ਹੁਣ ਤਾਂ ਵੇਲ਼ਾ ਹੱਥੋਂ ਨਿੱਕਲ਼ ਗਿਐ। ਝੜੇ ਹੋਏ ਫ਼ੁਲ ਕਦੋਂ ਟਾਹਣੀਆਂ ਨੂੰ ਲੱਗਦੇ ਆ। ਹੁਣ ਤਾਂ ਨ੍ਹੇਰੀ ਝੁੱਲ ਗਈ, ਗਿਆਨ ਕੁਰੇ," ਗੁਰਦੇਵ ਸਿੰਘ ਨੇ ਜਿੱਦਾਂ ਆਪਣੇ ਵੱਲੋਂ ਗੱਲ ਮੁਕਾ ਹੀ ਦਿੱਤੀ।

"ਇਨ੍ਹਾਂ ਮੁਲਖਾਂ 'ਚ ਲੋਕਾਂ ਦੀ ਪ੍ਰਵਾਹ ਕੌਣ ਕਰਦੈ? ਦਫ਼ਾ ਕਰ, ਕਹੀ ਜਾਣ ਦੇ ਜੋ ਕਹਿੰਦੇ ਆ। ਸਾਡੀ ਤਾਂ ਉਹ ਧੀ ਆ, ਅਸੀਂ ਤਾਂ ਉਹ ਦੇ ਈ ਨਾਲ਼ ਖੜ੍ਹਾਂਗੇ। ਹੋਰ ਖੜ੍ਹੂ ਵੀ ਕੌਣ? ਤੂੰ ਰਹਿਣ ਦੇ, ਨਾ ਜਾਇਆ ਕਰ ਪਾਰਕਾਂ-ਪੂਰਕਾਂ ਨੂੰ। ਉੱਥੇ ਜਾਏ ਬਿਨਾਂ ਕਿਹੜਾ ਸਰਦਾ ਨਹੀਂ। ਨਾਲ਼ੇ ਆਹ ਜਿਹੜੇ ਜਾਗਰ ਸਿੰਹੁ ਦੇ ਰੌਲ਼ਾ ਪਾਉਣ ਦੀ ਗੱਲ ਕਰਦੈਂ, ਆਪੇ ਤਾਂ ਦੱਸਦਾ ਸੀ ਇੱਕ ਵਾਰ ਤੂੰ ਪਈ ਇਹ ਦੀ ਆਪਣੀ ਨੂੰਹ ਵੀ ਘਰੋਂ ਨਿੱਕਲ਼ ਗਈ ਸੀ। ਮੁੰਡਾ ਬਥੇਰਾ ਚਿਰ ਆਪੇ ਈ ਹੱਥ ਸਾੜਦਾ ਰਿਹਾ ਸੀ। ਆਪਣੀ ਪੀੜ੍ਹੀ ਥੱਲੇ ਤਾਂ ਸੋਟਾ ਫੇਰਨਾ ਨਹੀਂ, ਦੂਜਿਆਂ ਵਾਰੀ ਅੱਡੀਆਂ ਚੁੱਕ-ਚੁੱਕ ਗੱਲਾਂ ਕਰਨੀਆਂ। ਇਨ੍ਹਾਂ ਧੌਲ਼ੇ ਝਾਟਿਆਂ ਕੋਲ਼ ਕਿਹੜਾ ਕੋਈ ਹੋਰ ਕੰਮ ਏ," ਗਿਆਨ ਕੌਰ ਨੇ ਗੁਰਦੇਵ ਸਿੰਘ ਨੂੰ ਸਮਝਾਉਣ ਪਿੱਛੇ ਸਾਰਾ ਗੁੱਸਾ ਜਾਗਰ ਸਿੰਘ 'ਤੇ ਕੱਢ ਦਿੱਤਾ।

"ਓਏ ਤੈਨੂੰ ਕਿਹੜਾ ਦੱਸੇ ਪਈ ਲੋਕ ਓਦਾਂ ਸੂਰਜ ਵੱਲ ਦੇਖਣ, ਨਾ ਦੇਖਣ, ਜਦੋਂ ਗ੍ਰਹਿਣ ਲੱਗਿਆ ਹੁੰਦਾ ਨਾ, ਤਾਂ ਫੇਰ ਸਾਰੇ ਈ ਦੇਖਦੇ ਆ। ਚਿੱਠੀ ਵਿੱਚ ਲਿਖ ਕੇ ਕੱਟੀ ਹੋਈ ਲੈਨ ਪੜ੍ਹਨ ਦਾ ਹੀਲਾ ਤਾਂ ਹਰ ਕੋਈ ਕਰਦੈ। ਓਦਾਂ ਤਾਂ

ਭਾਵੇਂ ਆਪਾਂ ਸਾਰੇ ਈ ਕੈਨੇਡਾ ਆ ਗਏ ਆਂ, ਪਰ ਸਾਡੀ ਇੱਕ ਦੂਜੇ ਦੇ ਘਰ ਤਾਂਕ-ਝਾਂਕ ਕਰਨ ਦੀ ਬਾਣ ਨਹੀਂ ਹਟੀ। ਹਰੇਕ ਨੂੰ ਪੁਣਨ-ਛਾਨਣ ਲਈ ਕਿਸੇ ਹੋਰ ਦਾ ਟੱਬਰ ਹੀ ਚਾਹੀਦਾ ਹੁੰਦੈ। ਪਾਰਕਾਂ 'ਚ ਬੈਠੇ ਬੁੜ੍ਹੇ ਸਾਰੀ ਦਿਹਾੜੀ ਇਹੋ ਕੁਛ ਈ ਕਰਦੇ ਆ। ਨਾਲ਼ੇ ਲੋਕ ਕਿਸੇ ਦੀ ਵਡਿਆਈ ਕਰਨ ਨਾਲ਼ੋਂ, ਨਿੰਦਿਆ ਕਰ ਕੇ ਬਹੁਤੇ ਖ਼ੁਸ਼ ਹੁੰਦੇ ਆ। ਓਦਾਂ ਕਈ ਵਾਰੀ ਮੇਰਾ ਚਿੱਤ ਕਰਦੈ ਕਿ ਮੈਂ ਜਾ ਕੇ ਰਣਜੀਤ ਨੂੰ ਪੁੱਛਾਂ ਪਈ ਏਡੀ ਵੀ ਕਿਹੜੀ ਗੱਲ ਹੋ ਗਈ ਸੀ, ਜਿਹੜੀ ਨੌਬਤ ਇੱਕ ਦਮ ਤਲਾਕ ਤੱਕ ਪਹੁੰਚ ਗਈ? ਗਿਆਨ ਕੁਰੇ, ਕਹਿੰਦੇ ਆ ਪਈ ਰੁੱਸੇ ਨੂੰ ਮਨਾਈਏ ਨਾ ਤੇ ਡਿੱਗੇ ਨੂੰ ਉਠਾਈਏ ਨਾ ਤਾਂ ਗੱਲ ਕਿੱਦਾਂ ਬਣੂ? ਹੁਣ ਤੂੰ ਹੀ ਦੱਸ, ਆਪਣੀ ਧੀ, ਪਹਾੜ ਜਿੱਡੀ ਜ਼ਿੰਦਗੀ ਆਦਮੀ ਤੋਂ ਬਗ਼ੈਰ ਕਿੱਦਾਂ ਕੱਟੂ? ਕੀ ਤੈਨੂੰ ਕੋਈ ਫ਼ਿਕਰ ਈ ਨਹੀਂ ਉਹ ਦਾ? ਰਣਜੀਤ ਉਹ ਦਾ ਆਦਮੀ ਹੀ ਨਹੀਂ, ਉਹ ਦੇ ਨਿਆਣਿਆਂ ਦਾ ਪਿਉ ਵੀ ਆ। ਜੇ ਹੁਣ ਸੋਨੀਆ ਹੋਰ ਵਿਆਹ ਕਰਾ ਵੀ ਲਊ ਤਾਂ ਭਲਾ ਬਿਗਾਨਾ ਬੰਦਾ, ਉਹ ਦੇ ਨਿਆਣਿਆਂ ਦੇ ਸਿਰ 'ਤੇ ਹੱਥ ਰੱਖੂ? ਮੈਂ ਤਾਂ ਦੇਖਿਆ ਪਈ ਸੋਨੀਆ ਨੂੰ ਤਾਂ ਇਸ ਗੱਲ ਦਾ ਕੋਈ ਫ਼ਿਕਰ-ਫ਼ਾਕਾ ਈ ਨਹੀਂ। ਉਹ ਤਾਂ ਘਰ ਤੇ ਪੈਸਾ ਲੈ ਕੇ ਹੀ ਹੁੱਬੀ ਫਿਰਦੀ ਆ," ਗੁਰਦੇਵ ਸਿੰਘ ਇਹ ਗੱਲਾਂ ਕਹਿੰਦਾ ਤਾਂ ਗਿਆਨ ਕੌਰ ਨੂੰ ਸੀ, ਪਰ ਲੱਗਦਾ ਏਦਾਂ ਹੀ ਸੀ ਜਿੱਦਾਂ ਆਪਣੇ-ਆਪ ਨੂੰ ਹੀ ਕਹਿੰਦਾ ਹੋਵੇ।

## 20.

ਸੋਨੀਆ ਅੱਜ ਬਹੁਤ ਖਿਝੀ ਹੋਈ ਸੀ ਕਿਉਂ ਕਿ ਬਾਡਰ 'ਤੇ ਉਸ ਨੂੰ ਖਾਹਮਖਾਹ ਹੀ ਖੱਜਲ਼ ਹੋਣਾ ਪਿਆ ਸੀ। ਅਮਰੀਕਾ ਨੂੰ ਜਾਂਦੀ ਹੋਈ ਉਹ ਆਪਣੇ ਬੱਚੇ, ਸ਼ੈਲੀ ਦੇ ਘਰ ਛੱਡ ਗਈ ਸੀ ਕਿਉਂ ਕਿ ਪਹਿਲਾਂ ਉਸ ਦਾ ਇਰਾਦਾ, ਆਪਣੇ ਮੰਮੀ ਅਤੇ ਡੈਡੀ ਦੋਹਾਂ ਨੂੰ ਅਮਰੀਕਾ ਲਿਜਾਣ ਦਾ ਸੀ। ਬਾਅਦ ਵਿੱਚ ਗਿਆਨ ਕੌਰ ਦੀ ਤਬੀਅਤ ਠੀਕ ਨਾ ਹੋਣ ਕਰ ਕੇ, ਉਹ ਗੁਰਦੇਵ ਸਿੰਘ ਨੂੰ ਹੀ ਨਾਲ਼ ਲੈ ਕੇ ਚਲੀ ਗਈ। ਆਉਂਦੇ ਹੋਇਆਂ, ਡੈਡੀ ਨੂੰ ਉਸ ਦੇ ਘਰ ਉਤਾਰ ਕੇ, ਉਹ ਸ਼ੈਲੀ ਦੇ ਘਰੋਂ ਨਿਆਣੇ ਚੁੱਕ ਲਿਆਈ। ਜਦੋਂ ਉਹ ਕਿਚਨ ਵਿੱਚ ਸ਼ਾਮ ਦਾ ਖਾਣਾ ਬਣਾ ਰਹੀ ਸੀ ਤਾਂ ਟੀਵੀ 'ਤੇ ਕੋਈ ਪਰਿਵਾਰਕ ਡਰਾਮਾ ਚੱਲ ਰਿਹਾ ਸੀ। ਡਰਾਮੇ ਵਿੱਚ ਇੱਕ ਤੀਵੀਂ-ਆਦਮੀ ਆਪਸ ਵਿਚ ਲੜਦਿਆਂ ਇੱਕ ਦੂਜੇ ਨੂੰ ਤਲਾਕ ਦੇਣ ਦੀਆਂ ਧਮਕੀਆਂ ਦੇ ਰਹੇ ਸਨ। ਟੀਵੀ ਵਿੱਚ ਹੁੰਦੀ ਇਹ ਲੜਾਈ ਦੇਖ ਕੇ, ਸੋਨੀਆ ਦਾ ਧਿਆਨ ਆਪਣੀ ਤੇ ਰਣਜੀਤ ਦੀ ਆਖ਼ਰੀ ਲੜਾਈ ਵੱਲ ਚਲੇ ਗਿਆ। ਰਣਜੀਤ ਪਹਿਲਾਂ ਕਦੇ ਏਨਾ ਨਹੀਂ ਸੀ ਖਿਝਿਆ। ਹੁਣ ਉਸ ਨੂੰ ਰਣਜੀਤ ਦੇ ਖਿਝਣ ਦੀ ਵਜ੍ਹਾ ਵੀ ਸਮਝ ਆ ਗਈ ਸੀ। ਉਸ ਨੂੰ ਇਲਮ ਹੋ ਗਿਆ ਸੀ ਕਿ ਰਣਜੀਤ ਨਾਲ਼ ਉਸ ਦੇ ਤਲਾਕ ਦੀ ਅਸਲੀ ਵਜ੍ਹਾ ਅਨੂ ਨਹੀਂ, ਸਗੋਂ ਉਸ ਵੱਲੋਂ ਸ਼ੌਕਤ ਭੱਟੀ ਨਾਲ਼ ਬਣਾਏ ਹੋਏ ਨਜਾਇਜ਼ ਸਬੰਧ ਨੇ। ਰਣਜੀਤ ਤਾਂ ਚਲੋ ਖ਼ੈਰ ਚਲਿਆ ਗਿਆ, ਸ਼ੌਕਤ ਭੱਟੀ ਨੇ ਵੀ ਤਾਂ ਉਸ ਨਾਲ਼ ਘੱਟ ਨਹੀਂ ਕੀਤੀ ਜਿਸ ਕਰ ਕੇ ਉਸ ਨੂੰ ਸ਼ੌਕਤ ਭੱਟੀ ਉੱਤੇ ਲੋਹੜੇ ਦਾ ਗੁੱਸਾ ਸੀ।

ਇਸ ਦੌਰਾਨ ਟੀਵੀ 'ਤੇ ਇੱਕ ਮਸ਼ਹੂਰੀ ਚੱਲਣ ਲੱਗ ਪਈ। ਇਹ ਮਸ਼ਹੂਰੀ, ਜਾਸੂਸੀ ਵਾਸਤੇ ਵਰਤੇ ਜਾਣ ਵਾਲ਼ੇ ਇੱਕ ਛੋਟੇ ਜਿਹੇ ਕੈਮਰੇ ਦੀ ਸੀ। ਇਸ ਵਿੱਚ ਇਹ ਦੱਸਿਆ ਜਾ ਰਿਹਾ ਸੀ ਕਿ ਉਂਗਲ ਦੇ ਪੋਟੇ ਜਿੱਡੇ ਇਸ ਕੈਮਰੇ ਨੂੰ ਕਿਸੇ ਫੁੱਲਦਾਨ ਜਾਂ ਪਰਦੇ ਪਿੱਛੇ ਲੁਕੋਅ ਕੇ, ਕਿਸੇ ਵੱਲੋਂ ਕੀਤੇ ਜਾ ਰਹੇ ਗ਼ਲਤ ਕੰਮਾਂ ਦੀ ਵਿਡੀਓ ਰਿਕਾਰਡਿੰਗ ਕੀਤੀ ਜਾ ਸਕਦੀ ਹੈ। ਇਸ ਕੈਮਰੇ ਵਿੱਚ ਮੋਸ਼ਨ ਸੈਂਸਰ ਲੱਗਿਆ ਹੋਇਆ ਸੀ, ਜਿਸ ਦੀ ਸਹਾਇਤਾ ਨਾਲ਼ ਇਹ ਕੈਮਰਾ ਆਪਣੇ ਅੱਗੇ ਹੋਣ ਵਾਲ਼ੀ ਕਿਸੇ ਵੀ ਹਿੱਲ-ਜੁੱਲ ਨਾਲ਼ ਆਪੇ ਚੱਲਣਾ ਸ਼ੁਰੂ ਹੋ ਜਾਂਦਾ ਸੀ ਤੇ ਜਦੋਂ ਕੁਝ ਚਿਰ ਲਈ ਉਸ ਦੇ ਅੱਗੇ ਕੋਈ ਹਿੱਲ-ਜੁੱਲ ਨਾ ਹੋਵੇ ਤਾਂ ਉਹ ਬੰਦ ਵੀ ਆਪੇ ਹੋ ਜਾਂਦਾ ਸੀ। ਇਹ ਮਸ਼ਹੂਰੀ ਦੇਖਦਿਆਂ ਅਨੂ ਨੂੰ ਇੱਕ ਸਕੀਮ ਫ਼ੁਰੀ। ਉਸ ਨੇ ਫਟਾਫਟ ਟੀਵੀ ਦੀ ਸਕਰੀਨ ਤੋਂ ਫ਼ੋਨ ਨੰਬਰ ਨੋਟ ਕਰ ਕੇ, ਝੱਟ ਹੀ ਉਹ ਕੈਮਰਾ ਮੰਗਾਉਣ ਲਈ ਆਰਡਰ ਦੇ ਦਿੱਤਾ।

ਤਿੰਨ ਦਿਨ ਬਾਅਦ ਜਦੋਂ ਸੋਨੀਆ ਕੰਮ ਤੋਂ ਆਈ ਤਾਂ ਉਸ ਦੇ ਲੈਟਰ-

ਬਾਕਸ ਵਿੱਚ ਛੋਟਾ ਜਿਹਾ ਪੈਕਿਟ ਪਿਆ ਸੀ। ਸੋਨੀਆ ਸਮਝ ਗਈ ਕਿ ਕੈਮਰਾ ਆ ਗਿਆ ਹੈ। ਉਸ ਨੇ ਬੜੇ ਧਿਆਨ ਨਾਲ਼ ਪੈਕਿਟ ਖੋਲ੍ਹਿਆ ਤੇ ਉਸ ਵਿੱਚੋਂ ਕੈਮਰਾ ਕੱਢ ਲਿਆ। ਇਸ ਪੈਕਿਟ ਵਿੱਚੋਂ ਅੰਗਰੇਜ਼ੀ ਵਿੱਚ ਇੱਕ ਛਪਿਆ ਹੋਇਆ ਕਾਗਜ਼ ਵੀ ਨਿੱਕਲ਼ਿਆ ਜਿਸ ਵਿੱਚ ਇਹ ਲਿਖਿਆ ਹੋਇਆ ਸੀ ਕਿ ਕੈਮਰੇ ਵਿੱਚ ਬੈਟਰੀ ਤਾਂ ਹੈ, ਪਰ ਮੈਮਰੀ ਕਾਰਡ ਨਹੀਂ ਹੈ। ਇਸ ਤੋਂ ਇਲਾਵਾ ਕੈਮਰਾ ਚਲਾਉਣ ਸਬੰਧੀ ਹਦਾਇਤਾਂ ਵੀ ਇਸ ਕਾਗਜ਼ ਵਿੱਚ ਦਰਜ ਸਨ। ਸੋਨੀਆ ਕਿੰਨਾ ਚਿਰ ਹੀ ਹਦਾਇਤਾਂ ਪੜ੍ਹਦੀ ਤਾਂ ਰਹੀ, ਪਰ ਉਸ ਨੂੰ ਸਮਝ ਕੁੱਝ ਨਾ ਆਇਆ। ਉਸ ਨੇ ਸ਼ੈਲੀ ਨੂੰ ਫ਼ੋਨ ਕਰ ਕੇ ਪੁੱਛਣ ਬਾਰੇ ਸੋਚਿਆ, ਪਰ ਫਿਰ ਇਹ ਕੁੱਝ ਸੋਚ ਕੇ ਫ਼ੋਨ ਕਰਦੀ-ਕਰਦੀ ਰਹਿ ਗਈ ਕਿ ਸ਼ੈਲੀ ਵੀ ਇਲੈਕਟਰੌਨਿਕ ਚੀਜ਼ਾਂ ਬਾਰੇ ਓਨਾਂ ਕੁ ਹੀ ਜਾਣਦੀ ਹੈ ਜਿੰਨਾ ਕੁ ਉਹ ਆਪ ਜਾਣਦੀ ਹੈ। ਫਿਰ ਉਸ ਨੂੰ ਸ਼ੈਲੀ ਦੇ ਘਰਵਾਲ਼ੇ ਸੱਤੀ ਨੂੰ ਫ਼ੋਨ ਕਰਨ ਦਾ ਖ਼ਿਆਲ ਆਇਆ ਕਿਉਂ ਕਿ ਸੱਤੀ ਇਨ੍ਹਾਂ ਚੀਜ਼ਾਂ ਦਾ ਕਾਫ਼ੀ ਮਾਹਰ ਸੀ। ਓਦਾਂ ਉਸ ਨੂੰ ਸੱਤੀ ਨਾਲ਼ ਗੱਲ ਕਰਨ ਵਿੱਚ ਰਤਾ ਕੁ ਝਿਜਕ ਵੀ ਮਹਿਸੂਸ ਹੋ ਰਹੀ ਸੀ ਕਿਉਂ ਕਿ ਸ਼ੈਲੀ ਤੇ ਸੱਤੀ ਦੇ ਆਪਸੀ ਤੋੜ-ਵਿਛੋੜੇ ਮਗਰੋਂ ਉਸ ਨੇ ਸੱਤੀ ਨੂੰ ਕਦੇ ਘੱਟ ਹੀ ਬੁਲਾਇਆ ਸੀ। ਉਸ ਨੂੰ ਇਸ ਤਰ੍ਹਾਂ ਕਰਨ 'ਤੇ ਸ਼ੈਲੀ ਦੇ ਨਰਾਜ਼ ਹੋਣ ਦਾ ਵੀ ਡਰ ਸੀ। ਕਾਫ਼ੀ ਚਿਰ ਸੋਚਣ ਮਗਰੋਂ ਉਸ ਨੇ ਸੱਤੀ ਨੂੰ ਫ਼ੋਨ ਕਰ ਹੀ ਲਿਆ।

"ਸਤਿ ਸ੍ਰੀ ਅਕਾਲ, ਸੱਤੀ ਮੈਂ ਸੋਨੀਆ ਬੋਲਦੀ ਆਂ, ਪਛਾਣਿਆਂ?"

"ਓ ਬੱਲੇ ਬੱਲੇ, ਅੱਜ ਕਿੱਧਰੋਂ ਯਾਦ ਆ ਗਈ ਸੋਨੀਆ ਸਾਹਿਬਾਂ, ਤੂੰ ਤਾਂ ਭਾਈ ਸ਼ੈਲੀ ਦੇ ਨਾਲ਼ ਈ ਪਾਸਾ ਵੱਟ ਗਈ। ਓਦਾਂ ਮੈਂ ਤਾਂ ਕਦੇ ਕੁਛ ਨਹੀਂ ਵਿਗਾੜਿਆ ਤੇਰਾ," ਸੱਤੀ ਨੇ ਪੈਂਦੀ ਸੱਟੇ ਮਿਹਣਾ ਮਾਰਿਆ।

"ਨਹੀਂ ਸੱਤੀ, ਐਹੋ ਜਿਹੀ ਤਾਂ ਕੋਈ ਗੱਲ ਨਹੀਂ। ਓਦਾਂ ਹੀ ਮੈਂ ਸ਼ੈਲੀ ਦੀ ਨਰਾਜ਼ਗੀ ਤੋਂ ਡਰਦੀ ਤੇਰੇ ਨਾਲ਼ ਗੱਲ ਨਾ ਕਰ ਸਕੀ। ਉਹ ਮੇਰੀ ਪੁਰਾਣੀ ਸਹੇਲੀ ਏ ਨਾ। ਤੂੰ ਸਮਝਦਾ ਏਂ ਨਾ?" ਸੋਨੀਆ ਨੇ ਚਤਰਾਈ ਘੋਟੀ।

"ਚਲ ਕੋਈ ਨਾ ਸੋਨੀਆ, ਤੂੰ ਵੀ ਆਪਣੀ ਥਾਂ ਠੀਕ ਏਂ। ਹੋਰ ਕੀ ਹਾਲ-ਚਾਲ ਆ? ਮੈਂ ਸੁਣਿਆ ਰਣਜੀਤ ਦੇ ਸੱਟ ਲੱਗ ਗਈ ਸੀ। ਹੁਣ ਕੀ ਹਾਲ ਆ ਉਹ ਦਾ?" ਸੱਤੀ ਨੇ ਪੁੱਛਿਆ।

"ਹਾਂ ਸੱਟ ਲੱਗੀ ਨੂੰ ਤਾਂ ਬਹੁਤ ਚਿਰ ਹੋ ਗਿਆ। ਉਹ ਵੀਲਚੇਅਰ ਤੇ ਆ। ਓਦਾਂ ਹੁਣ ਉਹ ਮੇਰੇ ਕੋਲ਼ ਨਹੀਂ ਰਹਿੰਦਾ। ਸਾਡਾ ਤਲਾਕ ਹੋ ਗਿਐ," ਸੋਨੀਆ ਨੇ ਝਿਜਕਦਿਆਂ ਜਿਹਿਆਂ ਕਹਿ ਹੀ ਦਿੱਤਾ।

"ਓਹ ਅੱਛਾ! ਤਾਂ ਗੱਲ ਏਥੇ ਤੱਕ ਪਹੁੰਚ ਗਈ? ਮੈਨੂੰ ਤਾਂ ਪਤਾ ਈ ਨਹੀਂ। ਦੇਖ ਲਓ ਜੇ ਬੰਦਾ ਮਿਲ਼ਦਾ-ਗਿਲ਼ਦਾ ਨਾ ਹੋਵੇ ਤਾਂ ਉਹੀ ਕੰਧ ਓਹਲੇ ਪਰਦੇਸ ਵਾਲ਼ੀ ਗੱਲ ਹੋ ਜਾਂਦੀ ਆ। ਐਹੋ ਜਿਹੀ ਕਿਹੜੀ ਗੱਲ ਹੋ ਗਈ ਪਈ ਉਹ

ਨੇ ਵੀਲਚੇਅਰ ਤੇ ਬੈਠੇ ਨੇ ਈ ਤਲਾਕ ਦੇ ਦਿੱਤਾ?" ਸੱਤੀ ਨੇ ਪੁੱਛਿਆ।

"ਸੱਤੀ ਇਹ ਗੱਲਾਂ ਆਪਾਂ ਮਿਲ਼ ਕੇ ਹੀ ਕਰਾਂਗੇ। ਇਸ ਵੇਲ਼ੇ ਮੈਨੂੰ ਤੇਰੇ ਨਾਲ਼ ਇੱਕ ਕੰਮ ਐ। ਮਦਦ ਕਰੇਂਗਾ?" ਸੋਨੀਆ ਨੇ ਮੁੱਦੇ 'ਤੇ ਆਉਂਦਿਆਂ ਕਿਹਾ।

"ਲੈ ਭਲਾ ਸੋਨੀਆ ਤੇਰੀ ਮਦਦ ਨਹੀਂ ਕਰਨੀ ਤਾਂ ਹੋਰ ਕਿਹ'ਦੀ ਕਰਨੀ ਆ? ਤੂੰ ਹੁਕਮ ਕਰ," ਸੱਤੀ ਨੇ ਆਵਾਜ਼ ਵਿੱਚ ਬਹੁਤ ਹੀ ਸਲੀਕਾ ਭਰ ਕੇ ਕਿਹਾ।

"ਮੇਰੇ ਕੋਲ਼ ਇੱਕ ਛੋਟਾ ਜਿਹਾ ਸਪਾਈ ਕੈਮਰਾ ਏ। ਮੈਨੂੰ ਉਹ ਚਲਾਉਣਾ ਨਹੀਂ ਆਉਂਦਾ। ਬੱਸ ਤੂੰ ਉਸ ਵਿੱਚ ਮੈਮਰੀ ਕਾਰਡ ਪਾ ਕੇ, ਉਸ ਨੂੰ ਚਲਾਉਣੈ," ਸੋਨੀਆ ਨੇ ਕਿਹਾ।

"ਲੈ ਇਹ ਕਿਹੜਾ ਵੱਡਾ ਕੰਮ ਆ! ਕਰ ਦਿਆਂਗੇ, ਦੱਸ ਕਦੋਂ ਕਰਨਾ?" ਸੱਤੀ ਨੇ ਜੁਆਬ ਦਿੱਤਾ।

"ਅੱਜ ਤਾਂ ਰਹਿਣ ਦੇ, ਕੱਲ੍ਹ ਸ਼ਾਮੀਂ ਆ ਜਾਈਂ ਅੱਠ ਕੁ ਵਜੇ। ਮੈਂ ਕੰਮ ਤੋਂ ਆ ਕੇ ਨਿਆਣਿਆਂ ਦਾ ਹੋਮ ਵਰਕ ਕਰਾਉਣਾ ਹੁੰਦੈ ਤੇ ਉਨ੍ਹਾਂ ਨੂੰ ਕੁਝ ਖਾਣ ਲਈ ਵੀ ਦੇਣਾ ਹੁੰਦੈ। ਬੱਸ ਫੇਰ ਮੈਂ ਅੱਠ ਕੁ ਵਜੇ ਵਿਹਲੀ ਹੋ ਜਾਣੈ। ਨਾਲ਼ੇ ਸੱਚ ਤੂੰ ਇਸ ਬਾਰੇ ਸ਼ੈਲੀ ਨੂੰ ਨਾ ਦੱਸੀਂ, ਨਹੀਂ ਤਾਂ ਉਹ ਨੇ ਮੇਰੇ ਨਾਲ਼ ਨਰਾਜ਼ ਹੋ ਜਾਣੈ," ਸੋਨੀਆ ਨੇ ਸਮਝਾਉਂਦਿਆਂ ਹੋਇਆਂ ਕਿਹਾ।

"ਨਹੀਂ ਦੱਸਦਾ ਯਾਰ। ਉਹ ਕਿਹੜਾ ਮੈਨੂੰ ਫ਼ੋਨ ਕਰਦੀ ਆ ਪਈ ਮੈਂ ਉਸ ਨੂੰ ਦੱਸਣ ਤੁਰ ਪਵਾਂ। ਮੈਨੂੰ ਤਾਂ ਉਸ ਦੀ ਆਵਾਜ਼ ਸੁਣਿਆਂ ਈ ਛੇ ਮਹੀਨੇ ਹੋ ਗਏ। ਚੱਲ ਫਿਰ ਕੱਲ੍ਹ ਸ਼ਾਮੀਂ ਮਿਲ਼ਦੇ ਆਂ, ਅੱਠ ਵਜੇ," ਇਹ ਕਹਿ ਕੇ ਸੱਤੀ ਨੇ ਫ਼ੋਨ ਕੱਟ ਦਿੱਤਾ।

ਸੱਤੀ ਰੰਗੀਲਾ ਬੰਦਾ ਸੀ ਤੇ ਸ਼ੈਲੀ ਨਾਲੋਂ ਵੱਖ ਹੋ ਕੇ ਉਹ ਬੇਸਮੈਂਟ 'ਚ ਇਕੱਲਾ ਰਹਿੰਦਾ ਸੀ। ਜਦੋਂ ਕਦੇ ਉਸ ਨੂੰ ਔਰਤ ਦੇ ਸਾਥ ਦੀ ਬਹੁਤੀ ਤਲਬ ਲੱਗਦੀ ਤਾਂ ਉਹ ਸੋਚ ਲੈਂਦਾ ਕਿ ਉਸ ਨੂੰ ਸ਼ੈਲੀ ਨਾਲ਼ ਸੁਲ੍ਹਾ ਕਰ ਲੈਣੀ ਚਾਹੀਦੀ ਹੈ। ਪਰ ਫਿਰ ਉਹ ਆਪਣੀ ਮਰਦਾਨਾ ਹਿੰਡ ਪੁਗਾਉਂਦਿਆਂ, ਮੁੱਲ ਦਾ ਮਾਸ ਖਾ ਕੇ ਸਾਰ ਲੈਂਦਾ। ਸ਼ੈਲੀ ਨਾਲ਼ ਰਹਿੰਦਿਆਂ, ਉਹ ਸੋਨੀਆ ਨਾਲ਼ ਬਥੇਰਾ ਹਾਸਾ-ਮਜ਼ਾਕ ਕਰ ਲੈਂਦਾ ਹੁੰਦਾ ਸੀ। ਉਸ ਨੂੰ ਸੋਨੀਆ ਲੱਗਦੀ ਵੀ ਬਹੁਤ ਸੋਹਣੀ ਸੀ, ਪਰ ਸ਼ੈਲੀ ਦੀ ਸਹੇਲੀ ਹੋਣ ਦੀ ਵਜ੍ਹਾ ਨਾਲ਼, ਉਹ ਇਹ ਗੱਲ ਆਪਣੇ ਮਨ 'ਚ ਦੱਬੀ ਰੱਖਦਾ। ਕਦੇ-ਕਦੇ ਇਸੇ ਭਾਵਨਾ ਅਧੀਨ ਹੀ, ਉਹ ਸੋਨੀਆ ਨੂੰ ਫ਼ੋਨ ਕਰ ਕੇ, ਦੁਅਰਥੇ ਚੁਟਕਲੇ ਵੀ ਸੁਣਾ ਦਿੰਦਾ ਹੁੰਦਾ ਸੀ। ਸ਼ੈਲੀ ਦੀ ਹਾਜ਼ਰੀ ਵਿੱਚ ਹੱਸਦੇ-ਹੱਸਦੇ ਕਈ ਵਾਰ ਉਹ ਸੋਨੀਆ ਦਾ ਕਲ਼ਾਵਾ ਜਿਹਾ ਵੀ ਭਰ ਲੈਂਦਾ ਹੁੰਦਾ ਸੀ ਤੇ ਉਨ੍ਹਾਂ ਦੋਹਾਂ ਨੇ ਕਦੇ ਵੀ ਕਿਸੇ ਨੇ ਇਸ ਗੱਲ ਦਾ ਬੁਰਾ ਨਹੀਂ ਸੀ ਮਨਾਇਆ। ਹੁਣ ਤਾਂ

ਸੋਨੀਆ ਦਾ ਤਲਾਕ ਵੀ ਹੋ ਚੁੱਕਾ ਸੀ ਤੇ ਉਸ ਨੇ ਫ਼ੋਨ ਵੀ ਸ਼ੈਲੀ ਤੋਂ ਚੋਰੀ ਕੀਤਾ ਸੀ। ਇਸੇ ਲਈ ਉਸ ਨੂੰ ਲੱਗਣ ਲੱਗ ਪਿਆ ਕਿ ਸੋਨੀਆ ਵੱਲ ਜਾਂਦੀ ਸੜਕ ਖ਼ਾਲੀ ਤੇ ਪੱਧਰੀ ਹੋ ਗਈ ਹੈ। ਸੋਨੀਆ ਦਾ ਫ਼ੋਨ ਆਉਣ ਮਗਰੋਂ ਸੱਤੀ ਸਾਰੀ ਰਾਤ ਓਸੇ ਦੇ ਸੁਪਨੇ ਲੈਂਦਾ ਰਿਹਾ। ਅਗਲੇ ਦਿਨ ਸਵੇਰ ਤੋਂ ਹੀ, ਉਹ ਸ਼ਾਮ ਪੈਣ ਦੀ ਉਡੀਕ ਕਰਨ ਲੱਗ ਪਿਆ।

ਦੋ ਕੁ ਜੀ-ਬੀ ਦਾ ਇੱਕ ਛੋਟਾ ਮੈਮਰੀ ਕਾਰਡ ਲੈ ਕੇ ਸੱਤੀ, ਅਗਲੀ ਸ਼ਾਮ ਪੂਰੇ ਅੱਠ ਵਜੇ ਸੋਨੀਆ ਦੇ ਘਰ ਪਹੁੰਚ ਗਿਆ। ਉਦੋਂ ਤੱਕ ਸੋਨੀਆ ਨਿਆਣਿਆਂ ਵੱਲੋਂ ਵਿਹਲੀ ਹੋ ਚੁੱਕੀ ਸੀ। ਨਿਆਣੇ ਵੀ ਸੌਣ ਲਈ ਆਪਣੇ ਕਮਰੇ ਵਿੱਚ ਜਾ ਚੁੱਕੇ ਸਨ। ਸੱਤੀ ਲਈ ਦਰਵਾਜ਼ਾ ਖੋਲ੍ਹ ਕੇ ਸੋਨੀਆ ਨੇ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਦਰਵਾਜ਼ਾ ਬੰਦ ਕਰ ਕੇ ਉਸ ਦੇ ਅੱਗੇ-ਅੱਗੇ ਸੋਫ਼ਿਆਂ ਵੱਲ ਤੁਰ ਪਈ। ਸੋਨੀਆ ਨੇ ਖੁੱਲ੍ਹਾ-ਡੁੱਲ੍ਹਾ ਜਿਹਾ ਕੁੜਤਾ ਤੇ ਨਾਈਲਨ ਦੀ ਭੀੜੀ ਜਿਹੀ ਪਜਾਮੀ ਪਾਈ ਹੋਈ ਸੀ। ਸੱਤੀ ਉਸ ਦੇ ਸਰੀਰ ਵੱਲ ਭਰਵੀਂ ਜਿਹੀ ਨਜ਼ਰ ਮਾਰਦਿਆਂ ਉਸ ਦੇ ਪਿੱਛੇ-ਪਿੱਛੇ ਆ ਕੇ ਸੋਫ਼ੇ 'ਤੇ ਬੈਠ ਗਿਆ।

"ਕੀ ਪੀਏਂਗਾ ਸੱਤੀ?" ਸੋਨੀਆ ਨੇ ਖੜ੍ਹੀ-ਖੜ੍ਹੀ ਨੇ ਪੁੱਛਿਆ।

"ਕਾਸੇ ਦੀ ਲੋੜ ਨਹੀਂ, ਬੱਸ ਤੂੰ ਆਪਣਾ ਸਾਜ਼ੋ-ਸਾਮਾਨ ਕੱਢ ਲਿਆ," ਸੱਤੀ ਨੇ ਕਿਹਾ। ਇਸ ਦੇ ਬਾਵਜੂਦ ਸੋਨੀਆ ਉਸ ਲਈ ਜੂਸ ਦਾ ਗਿਲਾਸ ਲੈ ਆਈ ਤੇ ਗਿਲਾਸ ਉਸ ਅੱਗੇ ਰੱਖ ਕੇ ਅੰਦਰੋਂ ਕੈਮਰਾ ਲੈਣ ਚਲੇ ਗਈ। ਕੈਮਰਾ ਲਿਆ ਕੇ ਮੇਜ਼ ਉੱਤੇ ਰੱਖਣ ਤੋਂ ਬਾਅਦ ਸੋਨੀਆ ਸਾਹਮਣੇ ਦੂਜੇ ਸੋਫ਼ੇ 'ਤੇ ਬਹਿ ਗਈ। ਸੱਤੀ ਨੇ ਕੈਮਰਾ ਉਲਟ-ਪਲਟ ਕੇ ਦੇਖਦਿਆਂ, ਏਦਾਂ ਸਿਰ ਹਿਲਾਇਆ ਜਿੱਦਾਂ ਉਸ ਨੂੰ ਕੈਮਰੇ ਬਾਰੇ ਸਾਰਾ ਕੁੱਝ ਸਮਝ ਆ ਗਿਆ ਹੋਵੇ। ਉਹ ਕੈਮਰਾ ਫੜੀ ਉੱਠ ਕੇ ਖੜ੍ਹਾ ਹੋ ਗਿਆ ਅਤੇ ਉਸ ਨੇ ਆਪਣੀ ਜੀਨ ਦੀ ਜੇਬ ਵਿੱਚੋਂ ਇੱਕ ਮਾਈਕਰੋ ਮੈਮਰੀ ਕਾਰਡ ਕੱਢ ਕੇ ਕੈਮਰੇ ਵਿੱਚ ਪਾ ਦਿੱਤਾ। ਉਹ ਸੋਨੀਆ ਨੂੰ ਕੈਮਰੇ ਦੀ ਫੰਕਸ਼ਨਿੰਗ ਸਮਝਾਉਣ ਲਈ, ਉਸ ਦੇ ਨਾਲ਼ ਹੀ ਸੋਫ਼ੇ 'ਤੇ ਬਹਿ ਗਿਆ। ਉਸ ਨੇ ਸੋਨੀਆ ਨੂੰ ਕੈਮਰਾ ਆੱਨ ਕਰਨ ਅਤੇ ਰੱਖਣ-ਟਿਕਾਉਣ ਦਾ ਤਰੀਕਾ ਬਹੁਤ ਚੰਗੀ ਤਰ੍ਹਾਂ ਸਮਝਾਇਆ। ਜਦੋਂ ਉਹ ਸੋਨੀਆ ਨੂੰ ਕੈਮਰਾ ਹੱਥ ਵਿੱਚ ਫੜੀ ਉਸ ਬਾਰੇ ਸਮਝਾ ਰਿਹਾ ਸੀ ਤਾਂ ਉਨ੍ਹਾਂ ਦੋਹਾਂ ਦੇ ਚਿਹਰਿਆਂ ਵਿਚਾਲ਼ੇ ਫ਼ਾਸਲਾ ਬਹੁਤਾ ਹੀ ਥੋੜ੍ਹਾ ਸੀ। ਸੋਨੀਆ ਕੋਲ਼ੋਂ ਆ ਰਹੀ, ਸੈਂਟ ਦੀ ਹਲਕੀ-ਹਲਕੀ ਖ਼ੁਸ਼ਬੋ, ਸੱਤੀ ਨੂੰ ਨਸ਼ਿਆ ਰਹੀ ਸੀ। ਕੈਮਰੇ ਦੀ ਫੰਕਸ਼ਨਿੰਗ ਸਮਝ ਕੇ ਸੋਨੀਆ, ਸੱਤੀ ਤੋਂ ਥੋੜ੍ਹਾ ਜਿਹਾ ਪਰ੍ਹਾਂ ਹਟ ਕੇ ਬੈਠ ਗਈ। ਸੋਨੀਆ ਨੂੰ ਪਰ੍ਹਾਂ ਖਿਸਕਦੀ ਦੇਖ ਕੇ, ਸੱਤੀ ਦਾ ਦਿਲ ਬੁਝ ਜਿਹਾ ਗਿਆ। ਉਸ ਨੇ ਗੱਲ ਦੁਬਾਰਾ ਮਘਾਉਣ ਦੀ ਕੋਸ਼ਿਸ਼ ਵਿੱਚ, ਸੋਨੀਆ ਦੇ ਤਲਾਕ ਬਾਰੇ ਕਈ ਸੁਆਲ ਕੀਤੇ ਤਾਂ, ਸੋਨੀਆ ਨੇ ਸਾਰੀ ਕਹਾਣੀ ਸੁਣਾ ਦਿੱਤੀ। ਸੋਨੀਆ ਨੇ ਆਪਣੇ ਤਲਾਕ ਦਾ ਭਾਂਡਾ ਅਨੂ ਦੇ

ਸਿਰ ਭੰਨਦਿਆਂ ਕਿਹਾ ਕਿ ਉਹ ਨੇ ਹੀ ਪਤਾ ਨਹੀਂ ਰਣਜੀਤ ਦੇ ਸਿਰ ਕੀ ਧੂੜ ਦਿੱਤਾ ਸੀ। ਸੱਤੀ ਨੇ ਤੀਜੀ ਕੋਸ਼ਿਸ਼ ਕੀਤੀ ਤੇ ਹਮਦਰਦੀ ਜਤਾਉਣ ਦੇ ਪੱਜ, ਆਪਣਾ ਹੱਥ ਸੋਨੀਆ ਦੇ ਪੱਟ ਉੱਤੇ ਰੱਖਦਿਆਂ ਕਿਹਾ ਕਿਹਾ, "ਸੋਨੀਆ ਦੁਨੀਆ ਬੜੀ ਖ਼ਰਾਬ ਐ, ਤੂੰ ਫ਼ਿਕਰ ਨਾ ਕਰੀਂ ਭੋਰਾ ਵੀ, ਕਦੇ ਵੀ ਕਿਸੇ ਚੀਜ਼ ਦੀ ਲੋੜ ਪਵੇ, ਮੈਨੂੰ ਫ਼ੋਨ ਕਰ ਲਿਆ ਕਰ। ਨਾਲ਼ੇ ਚਿੰਤਾ ਨਾ ਕਰੀਂ, ਮੈਂ ਸ਼ੈਲੀ ਨੂੰ ਕੁਛ ਨਹੀਂ ਦੱਸਦਾ।" ਆਪਣੇ ਪੱਟ 'ਤੇ ਸੱਤੀ ਦੇ ਪੋਟਿਆਂ ਦੀ ਦਾਬ ਮਹਿਸੂਸ ਕਰਦਿਆਂ ਸੋਨੀਆ ਨੂੰ ਇਹ ਸਮਝਣ ਵਿੱਚ ਦੇਰ ਨਾ ਲੱਗੀ ਕਿ ਸੱਤੀ ਦੀ ਮਨਸ਼ਾ ਕੀ ਹੈ। ਸੋਨੀਆ ਨੂੰ ਆਪਣੇ ਪੱਟ ਉੱਤੇ ਹੱਥ ਰੱਖੇ ਜਾਣ ਦੀ ਕੋਈ ਵਜ੍ਹਾ ਨਹੀਂ ਦਿਸਦੀ ਸੀ। ਉਹ ਤਾਂ ਇੱਕ-ਇੱਕ ਛੋਹ ਦਾ ਮੁਆਵਜ਼ਾ ਤੈਅ ਕੀਤੇ ਬਗ਼ੈਰ ਕਿਸੇ ਵੱਲੋਂ ਆਉਂਦੀ ਹਵਾ ਵੀ ਨਹੀਂ ਝੱਲਦੀ ਸੀ। ਉਹ, ਸੱਤੀ ਦਾ ਹੱਥ ਝਟਕੇ ਬਗ਼ੈਰ ਹੀ ਉੱਠ ਕੇ ਖੜ੍ਹੀ ਹੋ ਗਈ ਤੇ ਕਹਿਣ ਲੱਗੀ," ਤੇਰੇ ਆਉਣ ਦੀ ਮਿਹਰਬਾਨੀ ਸੱਤੀ। ਮੈਨੂੰ ਜਦੋਂ ਵੀ ਲੋੜ ਪਈ, ਮੈਂ ਤੈਨੂੰ ਹੀ 'ਵਾਜ਼ ਮਾਰੂੰਗੀ। ਹੁਣ ਤਾਂ ਮੈਂ ਸੌਣੈ, ਸਵੇਰੇ ਕੰਮ 'ਤੇ ਵੀ ਛੇਤੀ ਜਾਣਾ ਹੁੰਦੈ।" ਇਹ ਸੁਣ ਕੇ ਸੱਤੀ ਛਿੱਥਾ ਜਿਹਾ ਪੈ ਗਿਆ ਅਤੇ ਜਾਣ ਤੋਂ ਪਹਿਲਾਂ ਉਸ ਵੱਲੋਂ ਸੋਨੀਆ ਨੂੰ ਬੁਲਾਈ ਗਈ ਸਤਿ ਸ੍ਰੀ ਅਕਾਲ ਵਿੱਚ ਵੀ ਬਹੁਤਾ ਦਮ ਨਹੀਂ ਸੀ। ਹੁਣ ਸੋਨੀਆ ਨੂੰ ਅਗਲੀ ਕਾਰਵਾਈ ਵਾਸਤੇ ਸਨਿੱਚਰਵਾਰ ਆਉਣ ਦੀ ਉਡੀਕ ਸੀ ਤੇ ਸਨਿੱਚਰਵਾਰ ਦੋ ਦਿਨ ਬਾਅਦ ਹੀ ਸੀ।

ਇਸ ਵਾਰ ਉਹੀ ਹੋਇਆ, ਜਿਸ ਦਾ ਸੋਨੀਆ ਨੂੰ ਡਰ ਸੀ। ਸ਼ੌਕਤ ਨੇ ਸੋਨੀਆ ਨੂੰ, ਟ੍ਰੀ ਟਾਵਰ ਵਾਲ਼ੇ ਫਲੈਟ 'ਚ ਆਉਣ ਲਈ ਕਿਹਾ ਹੀ ਨਾ। ਸ਼ੁੱਕਰਵਾਰ ਸ਼ਾਮ ਤੱਕ ਜਦੋਂ ਸ਼ੌਕਤ ਨੇ ਕੋਈ ਇਸ਼ਾਰਾ ਨਾ ਦਿੱਤਾ ਤਾਂ ਸੋਨੀਆ ਸਮਝ ਗਈ ਕਿ ਟ੍ਰੀ ਟਾਵਰ ਵਾਲ਼ੇ ਫਲੈਟ ਵਿੱਚ ਹੁਣ ਸਾਇਰਾ ਦਾ ਰਾਜ ਹੋ ਗਿਆ ਹੈ। ਇਸ ਤੋਂ ਬਾਅਦ, ਉਸ ਨੇ ਸਾਇਰਾ ਦੀ ਸਲਤਨਤ ਤਹਿਸ-ਨਹਿਸ ਕਰਨ ਲਈ, ਆਪਣਾ ਇਰਾਦਾ ਹੋਰ ਮਜਬੂਤ ਕਰ ਲਿਆ। ਉਸ ਨੇ ਕਈ ਦਿਨਾਂ ਦਾ, ਕੈਮਰਾ ਆਪਣੇ ਪਰਸ ਵਿੱਚ ਹੀ ਰੱਖਿਆ ਹੋਇਆ ਸੀ। ਸ਼ੁੱਕਰਵਾਰ ਸ਼ਾਮ ਨੂੰ ਕੰਮ ਤੋਂ ਮੁੜਦਿਆਂ, ਉਹ ਮਿੱਥੀ ਸਕੀਮ ਤਹਿਤ ਟ੍ਰੀ ਟਾਵਰ ਵਿੱਚ, ਸ਼ੌਕਤ ਦੇ ਫਲੈਟ 'ਚ ਜਾ ਪਹੁੰਚੀ। ਉਸ ਨੇ ਇਹ ਦੇਖ ਕੇ ਸ਼ੁਕਰ ਮਨਾਇਆ ਕਿ ਸ਼ੌਕਤ ਨੇ ਫਲੈਟ ਦਾ ਜਿੰਦਰਾ ਨਹੀਂ ਬਦਲਿਆ ਸੀ। ਉਹ, ਕੈਮਰਾ ਔਨ ਕਰ ਕੇ, ਬੈੱਡਰੂਮ ਦੀ ਖਿੜਕੀ ਵਿੱਚ ਰੱਖੇ ਹੋਏ ਇਕ ਵੱਡੇ ਫੁੱਲਦਾਨ ਵਿੱਚ ਛੁਪਾ ਆਈ।

ਐਤਵਾਰ ਸਵੇਰੇ ਉਹ ਟ੍ਰੀ ਟਾਵਰ ਜਾ ਕੇ ਫਲੈਟ ਵਿੱਚੋਂ ਕੈਮਰਾ ਵਾਪਸ ਲੈ ਆਈ। ਹੁਣ ਉਸ ਲਈ ਇਹ ਜਾਨਣਾ ਬਹੁਤ ਜ਼ਰੂਰੀ ਸੀ ਕਿ ਕੈਮਰੇ ਨੇ ਸ਼ੌਕਤ ਦੇ ਫਲੈਟ ਵਿੱਚ ਕੀ ਮਾਰ ਮਾਰੀ ਹੈ। ਇਸ ਸਬੰਧ ਵਿੱਚ ਉਹ ਸੱਤੀ ਨੂੰ ਫ਼ੋਨ ਕਰਨ ਤੋਂ ਝਿਜਕ ਰਹੀ ਸੀ। ਦੁਪਹਿਰ ਤੱਕ ਉਹ ਇਸੇ ਹੀ ਕਸ਼ਮਕਸ਼ ਵਿੱਚ ਰਹੀ ਕਿ ਉਹ

ਸੱਤੀ ਨੂੰ ਫ਼ੋਨ ਕਰੇ ਕਿ ਨਾ ਕਰੇ। ਅੰਤ ਜਦੋਂ ਉਸ ਨੂੰ ਕੋਈ ਹੋਰ ਰਾਹ ਨਾ ਲੱਭਿਆ ਤਾਂ ਉਸ ਨੇ ਸੱਤੀ ਨਾਲ਼ ਗੱਲ ਕਰਨ ਦਾ ਫ਼ੈਸਲਾ ਕਰ ਲਿਆ।

"ਸੱਤੀ ਇਹ ਕਿੱਦਾਂ ਪਤਾ ਲੱਗੂ ਕਿ ਕੈਮਰੇ ਵਿੱਚ ਰਿਕਾਰਡਿੰਗ ਹੋਈ ਏ ਜਾ ਨਹੀਂ?" ਸੋਨੀਆ ਨੇ ਫ਼ੋਨ ਕਰਦਿਆਂ, ਪੈਂਦੀ ਸੱਟੇ ਇਹੋ ਸੁਆਲ ਕੀਤਾ।

"ਕੈਮਰੇ ਦਾ ਕਾਰਡ ਕੱਢ ਕੇ, ਲੈਪਟਾਪ ਜਾਂ ਕੰਪਿਊਟਰ 'ਚ ਪਾ ਕੇ ਈ ਪਤਾ ਲੱਗੂ। ਜੇ ਕੁਛ ਰਿਕਾਰਡ ਹੋਇਆ ਤਾਂ ਫ਼ਿਲਮ ਚੱਲ ਪਊ, ਨਹੀਂ ਤਾਂ ਕਾਰਡ ਖ਼ਾਲੀ ਦਿਸ ਪਊ," ਸੱਤੀ ਨੇ ਜੁਆਬ ਦਿੱਤਾ। ਸੱਤੀ ਇਹ ਗੱਲ, ਜਾਣ-ਬੁੱਝ ਕੇ ਲੁਕੋਅ ਗਿਆ ਸੀ ਕਿ ਮੈਮਰੀ ਕਾਰਡ, ਫ਼ੋਨ ਵਿੱਚ ਪਾ ਕੇ ਵੀ ਚਲਾਇਆ ਜਾ ਸਕਦੈ।

"ਤੂੰ ਮੈਨੂੰ ਕਾਰਡ, ਲੈਪਟਾਪ ਵਿੱਚ ਪਾ ਕੇ ਚਲਾਉਣਾ ਸਿਖਾ ਸਕਦੈਂ?"

"ਆਹੋ, ਇਹ ਦੇ 'ਚ ਕੀ ਮੰਦ ਪੜ੍ਹਨੇ ਹੋਏ। ਅੱਜ ਈ ਆਵਾਂ ਸ਼ਾਮ ਨੂੰ?" ਕਾਰਡ ਚਲਾਉਣ ਨਾਲ਼ੋ ਸੱਤੀ ਨੂੰ ਸੋਨੀਆ ਦੇ ਨੇੜੇ ਆਉਣ ਦਾ ਬਾਹਲ਼ਾ ਚਾਅ ਸੀ।

"ਅਅ..ਚੱਲ ਆ ਜਾਈਂ, ਅੱਠ ਵਜੇ ਈ," ਸੋਨੀਆ ਨੇ ਸੱਤੀ ਨੂੰ ਸੱਦਣ ਦਾ ਕੌੜਾ ਘੁੱਟ ਤਾਂ ਭਰ ਲਿਆ, ਪਰ ਇਸ ਦੇ ਨਾਲ਼ ਹੀ ਉਸ ਦੇ ਦਿਮਾਗ਼ ਵਿੱਚ ਉੱਪਰੋਥਲ਼ੀ ਕਈ ਕੁੱਝ ਘੁੰਮਣ ਲੱਗ ਪਿਆ। ...ਜੇ ਕਾਰਡ ਵਿੱਚੋਂ ਸ਼ੌਕਤ ਤੇ ਸਾਇਰਾ ਦੀ ਫ਼ਿਲਮ ਚੱਲ ਪਈ...ਸੱਤੀ ਵੀ ਉਹ ਫ਼ਿਲਮ ਦੇਖ ਲਊਗਾ...ਉਹ ਸੱਤੀ ਨਾਲ਼ ਬੈਠੀ, ਉਹ ਫ਼ਿਲਮ ਦੇਖੂ ਤਾਂ ਕਿੱਦਾਂ ਲੱਗੂ... ਜੇ ਫ਼ਿਲਮ ਦੇਖਦਿਆਂ ਸੱਤੀ ਉਸ 'ਤੇ ਭਾਰੂ ਹੋ ਗਿਆ ਤਾਂ...। ਅੰਤ ਉਸ ਨੇ ਇਹ ਫ਼ੈਸਲਾ ਕੀਤਾ ਕਿ ਉਹ ਸੱਤੀ ਕੋਲ਼ੋਂ ਫ਼ਿਲਮ ਚਲਾਉਣੀ ਹੀ ਸਿੱਖੇਗੀ, ਪਰ ਚਲਾਏਗੀ ਨਹੀਂ। ਫਿਰ ਉਹ ਸੱਤੀ ਕੋਲ਼ੋਂ ਉਸ ਦਾ ਲੈਪਟੌਪ ਮੰਗ ਲਏਗੀ ਤੇ ਉਸ ਦੇ ਜਾਣ ਮਗਰੋਂ ਹੀ ਫ਼ਿਲਮ ਦੇਖੇਗੀ। ਸ਼ਾਮ ਨੂੰ ਅੱਠ ਵੱਜਦਿਆਂ ਹੀ ਸੱਤੀ ਆ ਪਹੁੰਚਿਆ। ਸੋਨੀਆ ਨੇ ਬੱਚਿਆਂ ਨੂੰ ਖਲ਼ਾ-ਪਿਲ਼ਾ ਕੇ ਉਨ੍ਹਾਂ ਦੇ ਕਮਰੇ ਵਿੱਚ ਭੇਜ ਦਿੱਤਾ ਤੇ ਉਹ, ਸੱਤੀ ਨੂੰ ਕੈਮਰਾ ਫੜਾਉਂਦੀ ਕਹਿਣ ਲੱਗੀ, "ਤੂੰ ਬੱਸ ਮੈਨੂੰ ਫ਼ਿਲਮ ਚਲਾਉਣੀ ਦੱਸ ਦੇ, ਓਦਾਂ ਚਲਾਈਂ ਨਾ। ਇਸ ਵਿੱਚ ਕੁੱਝ ਪ੍ਰਾਈਵੇਟ ਏ। ਇਸ ਲਈ ਇਹ ਫ਼ਿਲਮ ਮੈਂ 'ਕੱਲੀ ਨੇ ਈ ਦੇਖਣੀ ਏ। ਤੂੰ ਆਪਣਾ ਲੈਪਟੌਪ ਛੱਡ ਜਾਈਂ, ਮੈਂ ਕੱਲ੍ਹ ਨੂੰ ਫੜਾ ਆਊਂਗੀ।"

ਸੱਤੀ ਨੇ ਕੋਈ ਜੁਆਬ ਨਾ ਦਿੱਤਾ। ਉਸ ਨੇ ਕੈਮਰੇ ਵਿੱਚੋਂ ਮੈਮਰੀ ਕਾਰਡ ਕੱਢ ਕੇ, ਕੰਪਿਊਟਰ ਦੇ ਕਾਰਡ ਰੀਡਰ ਵਿੱਚ ਪਾ ਦਿੱਤਾ। ਉਸ ਨੇ ਦੇਖਿਆ ਕਿ ਕਾਰਡ ਉੱਤੇ ਚਾਰ ਵਿਡੀਓ ਫਾਈਲਾਂ ਰਿਕਾਰਡ ਹਨ। ਜਿਉਂ ਹੀ ਉਸ ਨੇ ਪਹਿਲੀ ਫਾਈਲ ਪਲੇਅ ਕਰਨੀ ਸ਼ੁਰੂ ਕੀਤੀ ਤਾਂ ਸਕਰੀਨ ਉੱਤੇ ਸੋਨੀਆ ਦਾ ਚਿਹਰਾ ਦਿਸਿਆ। ਉਹ ਕੈਮਰੇ ਦੇ ਲੈਂਜ਼ ਵੱਲ ਨੂੰ ਹੀ ਦੇਖ ਰਹੀ ਸੀ। ਕੁੱਝ ਸਕਿੰਟ

ਉਸ ਦਾ ਚਿਹਰਾ ਦਿਸਦਾ ਰਿਹਾ ਤੇ ਫਿਰ ਉਹ ਸਾਹਮਣੇ ਵਾਲ਼ਾ ਦਰਵਾਜ਼ਾ ਖੋਲ੍ਹ ਕੇ ਬਾਹਰ ਚਲੇ ਗਈ। ਉਸ ਤੋਂ ਬਾਅਦ ਉਹ ਫਾਈਲ ਦੋ-ਤਿੰਨ ਮਿੰਟ ਹੋਰ ਚੱਲਦੀ ਰਹੀ, ਪਰ ਲੈਪਟੌਪ ਦਾ ਸਕਰੀਨ ਖ਼ਾਲੀ ਹੀ ਰਿਹਾ। ਸੋਨੀਆ ਇਹ ਦੇਖ ਕੇ ਸਮਝ ਗਈ ਸੀ ਕਿ ਇਹ ਉਹੀ ਵਿਡੀਓ ਹੈ, ਜਿਹੜੀ ਮੋਸ਼ਨ ਸੈਂਸਰ ਦੀ ਵਜ੍ਹਾ ਨਾਲ਼ ਕੈਮਰੇ ਨੇ, ਰੱਖੇ ਜਾਣ ਵੇਲੇ ਰਿਕਾਰਡ ਕੀਤੀ ਸੀ।

"ਬੱਸ ਏਨੀ ਹੀ ਏ ਵਿਡੀਓ, ਹੋਰ ਨਹੀਂ ਏ?" ਸੋਨੀਆ ਨੇ ਉਤਸੁਕਤਾ ਨਾਲ਼ ਪੁੱਛਿਆ।

"ਵਿਡੀਓ ਹੋਰ ਵੀ ਹੈਗੀ ਆ। ਓਦਾਂ ਤਾਂ ਤਿੰਨ ਹੋਰ ਨੇ ਤੇ ਉਹ ਇਸ ਨਾਲ਼ੋਂ ਕਾਫ਼ੀ ਵੱਡੀਆਂ ਵੀ ਲੱਗਦੀਆਂ ਨੇ," ਸੱਤੀ ਨੇ ਕਿਹਾ।

"ਤੂੰ ਉਹ ਵਿਡੀਓ ਨਾ ਚਲਾਈਂ ਸੱਤੀ, ਬੱਸ ਮੈਨੂੰ ਚਲਾਉਣੀਆਂ ਸਿਖਾ ਦੇ। ਮੈਂ ਦੇਖ ਕੇ, ਤੇਰਾ ਲੈਪਟੌਪ ਆਪੇ ਫੜਾ ਆਊਂਗੀ," ਸੋਨੀਆ ਨੇ ਸੱਤੀ ਨੂੰ ਕਿਹਾ। ਸੱਤੀ ਨੇ ਸੋਨੀਆ ਦੀ ਇੱਕ ਨਾ ਸੁਣੀਂ ਤੇ ਅਗਲੀ ਫਾਈਲ ਚਲਾ ਦਿੱਤੀ। ਅਗਲੀ ਵਿਡੀਓ ਚੱਲਦਿਆਂ ਹੀ, ਸਾਇਰਾ ਤੇ ਸ਼ੌਕਤ ਦਰਵਾਜ਼ੇ ਵਿੱਚੀਂ ਅੰਦਰ ਵੜਦੇ ਦਿਸੇ। ਸੋਨੀਆ ਇੱਕ ਦਮ ਚੀਕ ਜਿਹੀ ਪਈ, "ਨਾ-ਨਾ ਸੱਤੀ, ਪਲੀਜ਼! ਬੰਦ ਕਰ ਦੇ ਇਹ ਨੂੰ। ਮੈਂ ਇਹ ਵਿਡੀਓ ਤੇਰੇ ਨਾਲ਼ ਬਹਿ ਕੇ ਨਹੀਂ ਦੇਖ ਸਕਦੀ।"

ਸੱਤੀ ਨੇ ਵਿਡੀਓ ਬੰਦ ਨਾ ਕੀਤੀ ਤੇ ਹੱਸ ਕੇ ਕਹਿਣ ਲੱਗਿਆ,"ਨਾ ਸੋਨੀਆ, ਜੇ ਹੁਣ ਭੇਤ ਸਾਂਝਾ ਕਰਨ ਈ ਲੱਗੀ ਏਂ ਤਾਂ ਚੰਗੀ ਤਰ੍ਹਾਂ ਕਰ। ਨਾਲ਼ੇ ਮੈਂ ਆਪਣਾ ਲੈਪਟੌਪ ਏਥੇ ਛੱਡ ਕੇ ਨਹੀਂ ਜਾ ਸਕਦਾ। ਓਦਾਂ ਮੈਨੂੰ ਪਤਾ ਤਾਂ ਲੱਗ ਈ ਗਿਆ ਪਈ ਅੱਗੇ ਕੀ ਹੋਊਗਾ, ਇਸ ਲਈ ਬਹੁਤਾ ਲੁਕੋਅ ਰੱਖਣ ਦਾ ਤਾਂ ਕੋਈ ਫ਼ੈਦਾ ਨਹੀਂ। ਇੱਕ ਗੱਲ ਤੈਨੂੰ ਹੋਰ ਦੱਸਾਂ? ਇਹ ਚਾਰੇ ਹੀ ਫਾਈਲਾਂ, ਮੈਂ ਆਪਣੇ ਕੰਪਿਊਟਰ ਵਿੱਚ ਵੀ ਕਾਪੀ ਕਰ ਲਈਆਂ ਨੇ। ਸੋ ਦੇਖ ਤਾਂ ਮੈਂ ਲੈਣੀਆਂ ਈ ਨੇ। ਹੁਣ ਤੂੰ ਨਿਆਣੀ ਨਾ ਬਣ ਤੇ ਬਹਿ ਜਾਹ ਚੁੱਪ ਕਰ ਕੇ।"

ਸੋਨੀਆ ਬੇਵੱਸ ਜਿਹੀ ਹੋ ਕੇ ਬੈਠ ਗਈ । ਸੱਤੀ ਨੇ ਆਪਣਾ ਲੈਪਟੌਪ ਆਪਣੀ ਗੋਦੀ 'ਚੋਂ ਚੁੱਕ ਕੇ ਮੇਜ਼ ਉੱਤੇ ਟਿਕਾ ਦਿੱਤਾ। ਹੁਣ ਉਨ੍ਹਾਂ ਦੋਹਾਂ ਦੀਆਂ ਨਜ਼ਰਾਂ ਲੈਪਟੌਪ ਦੀ ਸਕਰੀਨ 'ਤੇ ਸਨ। ਵਿਡੀਓ ਦੀ ਰਿਕਾਰਡਿੰਗ ਬਹੁਤ ਸਾਫ਼ ਸੀ। ਆਵਾਜ਼ ਵੀ ਬਹੁਤ ਸਾਫ਼ ਰਿਕਾਰਡ ਹੋਈ ਸੀ। ਸਾਇਰਾ ਦੇ ਹਰੇ ਰੰਗ ਦਾ ਸੂਟ ਅਤੇ ਪਜਾਮੀ ਪਾਈ ਹੋਈ ਸੀ। ਉਸ ਦੇ ਵਾਲ਼ ਕੱਟੇ ਹੋਏ ਸਨ ਤੇ ਉਹ ਬਹੁਤ ਖ਼ੂਬਸੂਰਤ ਦਿਸ ਰਹੀ ਸੀ। ਅੰਦਰ ਵੜਦੇ ਸ਼ੌਕਤ ਨੂੰ ਜਿੱਦਾਂ ਕਾਹਲ਼ ਹੀ ਪਈ ਹੋਈ ਸੀ। ਉਸ ਨੇ ਅੰਦਰ ਵੜਦਿਆਂ ਹੀ ਸਾਇਰਾ ਨੂੰ ਫੜ ਕੇ ਬੈੱਡ ਤੇ ਸੁੱਟ ਲਿਆ ਤਾਂ ਸਾਇਰਾ ਉਸ ਦੇ ਹੱਥਾਂ 'ਚੋਂ ਨਿੱਕਲ਼ਦਿਆਂ ਹੋਇਆਂ ਹੱਸ ਕੇ ਕਹਿਣ ਲੱਗੀ, "ਜੀਜੂ ਤੁਸੀਂ ਤਾਂ ਨ੍ਹੇਰੀ ਹੀ ਲਿਆ ਦਿੰਦੇ ਓ। ਆਪਾਂ ਸਾਰਾ ਦਿਨ ਏਥੇ ਈ ਆਂ, ਥੋੜ੍ਹਾ ਜਿਹਾ ਸਬਰ ਵੀ ਕਰ ਲਿਆ ਕਰੋ।"

"ਤੇਰੇ ਵਰਗੀ ਕੱਚੀ ਲਗਰ ਨੂੰ ਵੇਖ ਕੇ ਸਬਰ ਕਿੱਥੇ ਹੁੰਦਾ ਝੱਲੀਏ?" ਇਹ ਕਹਿੰਦਿਆਂ ਹੀ ਉਸ ਨੇ ਸਾਇਰਾ ਨੂੰ ਕੱਪੜੇ ਲਾਹੁਣ ਦਾ ਇਸ਼ਾਰਾ ਕੀਤਾ ਅਤੇ ਆਪਣੇ ਕੱਪੜੇ ਵੀ ਖੋਲ੍ਹਣ ਲੱਗ ਪਿਆ। ਲੈਪਟੌਪ ਦੀ ਸਕਰੀਨ ਸਾਇਰਾ ਦੇ ਗੋਰੇ ਪਿੰਡੇ ਨਾਲ਼ ਭਰ ਜਿਹੀ ਗਈ। ਸੱਤੀ ਅਤੇ ਸੋਨੀਆ ਦੀਆਂ ਨਜ਼ਰਾਂ ਆਪਸ ਵਿੱਚ ਟਕਰਾਈਆਂ। ਸਕਰੀਨ ਦੇ ਬਾਹਰ ਤੇ ਅੰਦਰ ਵਾਤਵਰਨ ਤਕਰੀਬਨ ਇੱਕੋ ਜਿਹਾ ਹੋ ਗਿਆ ਸੀ। ਸੋਨੀਆ ਨੂੰ ਸੱਤੀ ਦੀਆਂ ਅੱਖਾਂ ਬਹੁਤ ਹੀ ਬਦਲੀਆਂ ਜਿਹੀਆਂ ਲੱਗੀਆਂ। ਲੈਪਟੌਪ ਦੀ ਸਕਰੀਨ ਤੋਂ ਪੈਂਦੀ ਰੌਸ਼ਨੀ ਨਾਲ਼ ਸੋਨੀਆ ਦਾ ਚਿਹਰਾ ਵੀ ਭਖਿਆ ਪਿਆ ਸੀ। ਅਗਲੇ ਕੁੱਝ ਪਲਾਂ ਵਿੱਚ ਹੀ ਉਨ੍ਹਾਂ ਨੇ ਸਕਰੀਨ ਉੱਤੇ ਦੇਖਿਆ ਕਿ ਸ਼ੌਕਤ ਨੇ ਸਾਇਰਾ ਨੂੰ ਬੁਰੀ ਤਰ੍ਹਾਂ ਦਬਾਅ ਲਿਆ ਸੀ। ਸੋਨੀਆ ਵੀ ਸਕਰੀਨ 'ਤੇ ਦਿਸਦੇ ਦ੍ਰਿਸ਼ ਦੇ ਮਾਹੌਲ ਵਿੱਚ ਗੁਆਚ ਜਿਹੀ ਗਈ ਸੀ ਕਿ ਅਚਾਨਕ ਹੀ ਉਸ ਨੂੰ ਆਪਣੀ ਲੱਤ ਉੱਪਰ ਕਿਸੇ ਦੀ ਛੁਹ ਮਹਿਸੂਸ ਹੋਈ। ਉਸ ਨੇ ਲੱਤ ਉੱਤੇ ਫਿਰਦਾ, ਸੱਤੀ ਦਾ ਹੱਥ ਫੜ ਕੇ ਪਰ੍ਹਾਂ ਕਰ ਦਿੱਤਾ, ਪਰ ਮੂੰਹੋਂ ਕੁੱਝ ਨਾ ਬੋਲੀ। ਅਗਲੇ ਕੁੱਝ ਹੀ ਪਲਾਂ ਵਿੱਚ ਸ਼ੌਕਤ ਅਤੇ ਸਾਇਰਾ ਦੇ ਪਿੰਡੇ ਇੱਕ-ਦੂਜੇ ਵਿੱਚ ਰਲ਼ਗਡ ਹੋ ਗਏ ਸਨ। ਇਹ ਦੇਖ ਕੇ ਸੋਨੀਆ ਨੂੰ ਗੁੱਸਾ ਆਉਣ ਦੀ ਥਾਂ ਆਪਣੇ ਸਰੀਰ ਵਿੱਚ ਝੁਣਝਣੀਆਂ ਜਿਹੀਆਂ ਹੁੰਦੀਆਂ ਮਹਿਸੂਸ ਹੋਈਆਂ। ਸਕਰੀਨ ਉੱਤੇ ਵਾਪਰਦਾ ਕਾਂਡ ਉਸ ਦੇ ਤਨ-ਮਨ ਉੱਤੇ ਇੱਕ ਅਜੀਬ ਜਿਹਾ ਅਸਰ ਪਾ ਰਿਹਾ ਸੀ। ਇੱਕ ਵਾਰ ਤਾਂ ਉਸ ਦਾ ਜੀਅ ਕੀਤਾ ਕਿ ਉਹ ਲੈਪਟੌਪ ਬੰਦ ਕਰ ਦੇਵੇ, ਪਰ ਇਸ ਤਰ੍ਹਾਂ ਕਰਨਾ ਸ਼ਾਇਦ ਉਸ ਦੇ ਵੱਸ ਵਿੱਚ ਨਹੀਂ ਸੀ। ਅਚਾਨਕ ਸੋਨੀਆ ਨੇ ਮਹਿਸੂਸ ਕੀਤਾ ਕਿ ਉਸ ਦੇ ਚਿਹਰੇ ਉੱਤੇ ਕਿਸੇ ਦੇ ਸਾਹ ਟਕਰਾ ਰਹੇ ਨੇ। ਉਸ ਨੇ ਉਨ੍ਹਾਂ ਸਾਹਾਂ ਤੋਂ ਬਚਣ ਦਾ ਕੋਈ ਹੀਲਾ ਨਾ ਕੀਤਾ ਸਗੋਂ ਆਪਣੀਆਂ ਅੱਖਾਂ ਬੰਦ ਕਰ ਲਈਆਂ। ਫਿਰ ਉਸ ਨੇ ਮਹਿਸੂਸ ਕੀਤਾ ਕਿ ਸੱਤੀ ਦੇ ਹੱਥਾਂ ਨੇ ਉਸ ਨੂੰ ਕਾਬੂ ਕਰ ਲਿਆ ਸੀ ਤੇ ਉਸ ਦੇ ਪਿੰਡੇ ਉੱਤੇ ਥਾਂ-ਕੁਥਾਂ ਫਿਰ ਰਹੇ ਸਨ।

"ਸੱਤੀ ਪਲੀਜ਼, ਡੌਂਟ ਡੂ ਦੈਟ," ਸੋਨੀਆ ਦੇ ਮੂੰਹੋਂ ਇਹੋ ਨਿੱਕਲ਼ਿਆ। ਸੱਤੀ ਨੂੰ ਜਿੱਦਾਂ ਕੁੱਝ ਸੁਣਦਾ ਹੀ ਨਹੀਂ ਸੀ। ਸੱਤੀ ਦੇ ਹੱਥਾਂ ਨੇ ਤਦ ਤੱਕ ਸੋਨੀਆ ਦਾ ਸਾਰਾ ਹੀ ਪਿੰਡਾ ਗਾਹ ਲਿਆ ਸੀ ਤੇ ਉਸ ਦੇ ਹੱਥ ਹਾਲੇ ਵੀ ਕੁੱਝ ਲੱਭਦੇ ਜਾਪਦੇ ਸਨ। ਸੋਨੀਆ ਦੇ ਮੂੰਹੋਂ ਨਿੱਕਲ਼ਦੀਆਂ ਹਲਕੀਆਂ-ਹਲਕੀਆਂ ਸਿਸਕੀਆਂ ਦੀ ਆਵਾਜ਼, ਸਕਰੀਨ ਤੋਂ ਆਉਂਦੀ ਸਾਇਰਾ ਦੀ ਆਵਾਜ਼ ਨਾਲ਼ ਇੱਕ-ਮਿੱਕ ਹੋ ਰਹੀਆਂ ਸਨ। ਸੋਨੀਆ ਦੀਆਂ ਸਿਸਕੀਆਂ ਦੀ ਆਵਾਜ਼ ਬੰਦ ਹੋ ਗਈ ਕਿਉਂ ਕਿ ਸੱਤੀ ਦੇ ਬੁੱਲ੍ਹਾਂ ਨੇ ਉਸ ਦੇ ਬੁੱਲ੍ਹ ਦੱਬ ਲਏ ਸਨ। ਹੁਣ ਸੋਨੀਆ ਤੇ ਸੱਤੀ ਇੱਕ ਦੂਜੇ ਦੀਆਂ ਬਾਹਾਂ ਵਿੱਚ ਸਨ। ਦੋ ਤੂਫ਼ਾਨ ਸ਼ਾਂਤ ਹੋ ਗਏ, ਇੱਕ, ਲੈਪਟੌਪ ਦੀ ਸਕਰੀਨ ਉੱਤੇ ਅਤੇ ਦੂਜਾ ਲੈਪਟੌਪ ਦੀ ਸਕਰੀਨ ਤੋਂ ਬਾਹਰ। ਵਿਡੀਓ ਚੱਲ ਹਟਣ

ਦੀ ਵਜ੍ਹਾ ਨਾਲ਼ ਲੈਪਟੌਪ ਦੀ ਸਕਰੀਨ ਖ਼ਾਲੀ ਹੋ ਗਈ ਸੀ। ਸੋਨੀਆ ਆਪਣੇ ਗੁੱਟ 'ਤੇ ਲਾਈ ਹੋਈ ਘੜੀ ਦੇਖਣ ਲੱਗ ਪਈ ਤਾਂ ਸੱਤੀ ਉਸ ਦਾ ਇਰਾਦਾ ਸਮਝਦਿਆਂ ਹੋਇਆਂ ਹੌਲ਼ੀ ਜਿਹੇ ਉਸ ਨੂੰ ਕਹਿਣ ਲੱਗਿਆ," ਤੂੰ ਐਂ ਕਰ, ਲੈਪਟੌਪ ਰੱਖ ਲੈ। ਮੈਂ ਆਪੇ ਕੱਲ੍ਹ ਨੂੰ ਲੈ ਜਾਊਂ। ਬਾਕੀ ਦੀਆਂ ਵਿਡੀਓ ਵੀ ਤੂੰ ਦੇਖ ਲਈਂ। ਤੂੰ ਚਲਾ ਲਏਂਗੀ ਆਪ ਕਿ ਮੈਂ ਦੱਸਾਂ?"

"ਕੋਈ ਨਹੀਂ, ਮੈਂ ਚਲਾ ਲਊਂਗੀ ਆਪੇ ਈ," ਸੋਨੀਆ ਨੇ ਗੱਲ ਮੁਕਾਉਣ ਵਾਂਗ ਜੁਆਬ ਦਿੱਤਾ।

"ਅੱਛਾ ਇਹ ਤਾਂ ਦੱਸ ਪਈ ਇਹ ਦੋਨੋ ਜੀਜਾ-ਸਾਲ਼ੀ ਕੌਣ ਨੇ? ਕਦੇ ਦੇਖੇ ਤਾਂ ਹੈ ਨਹੀਂ।"

"ਤੂੰ ਨਹੀਂ ਜਾਣਦਾ ਇਹਨਾਂ ਨੂੰ। ਮੇਰੇ ਵਾਕਫ਼ ਨੇ, ਫੇਰ ਦੱਸੂੰਗੀ ਇਨ੍ਹਾਂ ਬਾਰੇ," ਸੋਨੀਆ ਨੇ ਸੱਤੀ ਨੂੰ ਇੰਨਾ ਹੀ ਕਿਹਾ। ਸੋਨੀਆ ਸਮਝ ਗਈ ਕਿ ਸੱਤੀ ਹੁਣ ਲੈਪਟੌਪ ਛੱਡ ਕੇ ਜਾਣ ਲਈ ਕਿਉਂ ਤਿਆਰ ਹੋ ਗਿਆ ਹੈ। ਉਹ ਅਗਲੇ ਦਿਨ ਆਉਣ ਲਈ ਬਹਾਨਾ ਘੜ ਗਿਆ ਹੈ। ਸੋਨੀਆ ਕਿੰਨਾ ਚਿਰ ਹੀ ਸੋਚਦੀ ਰਹੀ ਕਿ ਜੋ ਹੋਇਆ, ਉਹ ਠੀਕ ਸੀ ਜਾਂ ਗ਼ਲਤ ਸੀ, ਜਾਂ ਕਿੰਨਾ ਠੀਕ ਸੀ ਅਤੇ ਕਿੰਨਾ ਗਲਤ ਸੀ। ਸੱਤੀ ਨਾਲ਼ ਇਹ ਸਭ ਕੁੱਝ ਕਰ ਕੇ ਕਿਤੇ ਉਹ ਆਪਣੀ ਸਹੇਲੀ ਨਾਲ਼ ਕੋਈ ਧੋਖਾ ਤਾਂ ਨਹੀਂ ਕਰ ਰਹੀ ਸੀ? ਓਦਾਂ ਇਨ੍ਹੀ ਦਿਨੀਂ ਉਸ ਦੇ ਗੇੜ ਵਿੱਚ ਹੋਰ ਕੋਈ ਮਰਦ ਹੈ ਵੀ ਨਹੀਂ ਸੀ। ਸੱਤੀ ਨਾ ਹੁੰਦਾ ਕੋਈ ਹੋਰ ਹੁੰਦਾ, ਉਸ ਨੂੰ ਇੱਕ ਮਰਦ ਦੀ ਲੋੜ ਤਾਂ ਸੀ ਹੀ। ਕਦੇ-ਕਦੇ ਉਸ ਨੂੰ ਲੱਗਦਾ ਕਿ ਸੱਤੀ ਉਸ ਦਾ ਨਜਾਇਜ਼ ਫ਼ਾਇਦਾ ਹੀ ਲੈ ਗਿਆ ਏ ਕਿਉਂ ਕਿ ਉਸ ਨੂੰ, ਉਸ ਤੋਂ ਕਿਸੇ ਵੀ ਕਿਸਮ ਦਾ ਕੋਈ ਫ਼ਾਇਦਾ ਹੋਣ ਦੀ ਸੰਭਾਵਨਾ ਨਹੀਂ ਸੀ। ਫਿਰ ਉਸ ਨੂੰ ਖ਼ਿਆਲ ਆਇਆ ਕਿ ਕੁੱਝ ਪਲ ਪਹਿਲਾਂ ਉਹ ਦੇ ਤੇ ਸੱਤੀ ਵਿਚਾਲ਼ੇ ਜੋ ਕੁੱਝ ਹੋਇਆ ਹੈ ਤੇ ਉਸ ਤੋਂ ਪਹਿਲਾਂ ਲੈਪਟੌਪ ਉੱਤੇ ਜੋ ਕੁੱਝ ਉਸ ਨੇ ਦੇਖਿਆ ਉਸ ਵਿੱਚ ਸੱਤੀ ਦਾ ਕੁੱਝ ਤਾਂ ਯੋਗਦਾਨ ਸੀ। ਹੁਣ ਉਸ ਨੇ ਇਹ ਫ਼ੈਸਲਾ ਕਰ ਲਿਆ ਕਿ ਜਦ ਤੱਕ ਕੋਈ ਹੋਰ ਫ਼ਾਇਦੇਮੰਦ ਬੰਦਾ ਨਹੀਂ ਟੱਕਰਦਾ, ਉਹ ਸੱਤੀ ਦੇ ਇਸ ਯੋਗਦਾਨ ਨੂੰ ਹੀ ਪਲ਼ੋਸੇਗੀ।

ਸੱਤੀ ਦੇ ਜਾਣ ਮਗਰੋਂ ਸੋਨੀਆ ਨੇ ਉਹੀ ਵਿਡੀਓ ਫਿਰ ਦੇਖਣੀ ਸ਼ੁਰੂ ਕੀਤੀ। ਸਹਿਵਾਸ ਤੱਕ ਤਾਂ ਉਸ ਨੇ ਇਹ ਵਿਡੀਓ ਪਹਿਲਾਂ ਹੀ ਦੇਖ ਲਈ ਸੀ, ਹੁਣ ਉਹ ਸਾਇਰਾ ਅਤੇ ਸ਼ੌਕਤ ਵਿਚਾਲ਼ੇ ਹੋਈ ਗੱਲਬਾਤ ਧਿਆਨ ਨਾਲ਼ ਸੁਣਨਾ ਚਾਹੁੰਦੀ ਸੀ। ਸਰੀਰਕ ਖੇਡ ਖੇਡਣ ਤੋਂ ਰਤਾ ਕੁ ਵਿਹਲੇ ਹੋ ਕੇ, ਸ਼ੌਕਤ ਨੇ ਥੋੜ੍ਹਾ ਜਿਹਾ ਦਮ ਲੈ ਕੇ ਕਿਹਾ, "ਸਾਇਰਾ, ਹੁਣ ਕਿਤੇ ਬਹੁਤਾ ਵਿਆਹ-ਵਿਆਹ ਨਾ ਕਰਨ ਲੱਗ ਪਈਂ। ਜੇ ਤੂੰ ਵਿਆਹ ਕਰਾ ਲਿਆ ਤਾਂ ਮੇਰੇ ਲਈ ਔਖਾ ਹੋ ਜਾਊ। ਤੇਰਾ ਕਿਹਾ ਮੰਨ ਕੇ ਹੁਣ ਮੈਂ ਸੋਨੀਆ ਨੂੰ ਵੀ ਖੂੰਜੇ ਲਾ ਦਿੱਤੈ।" ਇਹ ਸੁਣ ਕੇ

ਸੋਨੀਆ ਦੇ ਦੰਦਾਂ ਦੀ ਕਚੀਚੀ ਵੱਟੀ ਗਈ ਤੇ ਉਸ ਦੇ ਮੂੰਹੋਂ ਬਦੋ-ਬਦੀ ਇਹ ਕਿਹਾ ਗਿਆ, "ਤੂੰ ਦਮ ਲੈ ਹਰਾਮੀਆ, ਤੈਨੂੰ ਬੰਦਾ ਨਾ ਬਣਾਇਆ ਤਾਂ ਕਹੀਂ।"

"ਜੀਜੂ, ਹੁਣ ਵਿਆਹ ਤਾਂ ਕਿਸੇ ਦਿਨ ਕਰਾਉਣਾ ਈ ਪੈਣੈ। ਲਹੌਰ ਤੋਂ ਅੱਬਾ ਜਾਨ ਦੇ ਬਹੁਤ ਸੁਨੇਹੇ ਆ ਰਹੇ ਆ। ਉਨ੍ਹਾਂ ਨੇ ਹਰ ਵਾਰੀ 'ਛੇਤੀ ਨਿਕਾਹ ਪੜ੍ਹਾ ਲੈ, ਛੇਤੀ ਨਿਕਾਹ ਪੜ੍ਹਾ ਲੈ,' ਲਾਈ ਹੁੰਦੀ ਆ। ਹੁਣ ਹੋਰ ਕਿੰਨਾ ਚਿਰ ਟਾਲ਼ੀ ਜਾਵਾਂ?" ਸਾਇਰਾ ਨੇ ਨਿਹੋਰੇ ਜਿਹੇ ਨਾਲ਼ ਸ਼ੌਕਤ ਦੀ ਗੱਲ ਦਾ ਜੁਆਬ ਦਿੱਤਾ।

"ਆਹ ਤਾਂ ਫਿਰ ਉਹੀ ਸਿਆਪਾ ਹੋਇਆ ਨਾ? ਤੂੰ ਮੈਨੂੰ ਨਾ ਏਧਰਲਾ ਛੱਡਣਾ ਨਾ ਓਧਰਲਾ। ਜਾਂ ਫਿਰ ਇੰਝ ਕਰ, ਨਿਕਾਹ ਭਾਵੇਂ ਕਿਸੇ ਨਾਲ਼ ਪੜ੍ਹਾ ਲੈ, ਪਰ ਰਹੀ ਏਥੇ ਈ ਜਾਹ ਤੇ ਕੰਮ ਵੀ ਮੇਰੇ ਕੋਲ ਈ ਕਰੀ ਜਾਹ। ਇੰਝ ਮੇਰਾ ਵੀ ਟਾਈਮ ਪਾਸ ਹੁੰਦਾ ਰਹੂ," ਸ਼ੌਕਤ ਨੇ ਆਪਣੀ ਸਕੀਮ ਦੱਸੀ।

"ਨਾ ਜੀਜੂ ਏਥੇ ਮੇਰਾ ਕੀ ਏ? ਨਿਕਾਹ ਤੋਂ ਮਗਰੋਂ ਤਾਂ ਮੈਨੂੰ ਓਥੇ ਈ ਜਾਣਾ ਪਊ, ਜਿੱਥੇ ਮੇਰਾ ਸ਼ੌਹਰ ਲਿਜਾਊਗਾ। ਇੱਕ ਢੰਗ ਏ, ਤੂੰ ਇਹ ਫਲੈਟ ਮੇਰੇ ਨਾਂ ਕਰਾ ਦੇ। ਫਿਰ ਏਥੇ ਮੇਰੀ ਜਾਇਦਾਦ ਬਣ ਜਾਣ ਦੀ ਵਜ੍ਹਾ ਨਾਲ਼ ਮੇਰਾ ਸ਼ੌਹਰ ਸ਼ਾਇਦ ਮੇਰੇ ਏਥੇ ਰਹਿਣ 'ਤੇ ਰਾਜ਼ੀ ਹੋ ਜਾਵੇ," ਸਾਇਰਾ ਨੇ ਬੜੀ ਚਲਾਕੀ ਨਾਲ਼ ਮਿੱਠੇ 'ਚ ਬੁਝਾਇਆ ਤੀਰ ਛੱਡਿਆ। ਸਾਇਰਾ ਦੀ ਇਹ ਗੱਲ ਸੁਣ ਕੇ ਸੋਨੀਆ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ। ਉਹ ਤੜਫ਼ ਕੇ ਬੋਲੀ,"ਤੂੰ ਰਤਾ ਠਹਿਰ ਜਾਹ ਕੁੱਤੀਏ, ਮੈਂ ਤੋਰਦੀ ਆਂ ਤੈਨੂੰ ਫਲੈਟ ਦੇ ਨਾਲ਼ ਫਾਰਮ ਹਾਊਸ ਵੀ ਦੇ ਕੇ। ਆਪਣੇ ਪਿਉ ਦੇ ਹਾਣ ਦੇ ਬੰਦੇ ਨਾਲ਼ ਖੇਹ ਖਾਂਦੀ ਏ ਕਮਜ਼ਾਤ! ਸ਼ਰਮ ਨਹੀਂ ਆਉਂਦੀ ਇਹ ਨੂੰ।"

ਇਸ ਮਗਰੋਂ ਥੋੜ੍ਹੀਆਂ ਜਿਹੀਆਂ ਗੱਲਾਂ ਬਿਜ਼ਨਸ ਬਾਰੇ ਕਰ ਕੇ ਸਾਇਰਾ ਤੇ ਸ਼ੌਕਤ ਵਾਸ਼ਰੂਮ ਵਿੱਚ ਵੜ ਗਏ ਜਿਸ ਨਾਲ਼ ਰਿਕਾਰਡਿੰਗ ਬੰਦ ਹੋ ਗਈ । ਇਸ ਤੋਂ ਮਗਰੋਂ ਸੋਨੀਆ ਨੇ ਤੀਜੀ ਵਿਡੀਓ ਲਾ ਲਈ ਤਾਂ ਉਸ ਵਿੱਚ ਸ਼ੌਕਤ ਅਤੇ ਸਾਇਰਾ ਵਾਸ਼ਰੂਮ ਵਿੱਚੋਂ ਬਾਹਰ ਆ ਕੇ, ਛੇਤੀ-ਛੇਤੀ ਕੱਪੜੇ ਪਾ ਕੇ, ਕਮਰੇ ਵਿੱਚੋਂ ਨਿੱਕਲ਼ਦੇ ਦਿਸਦੇ ਹਨ। ਚੌਥੀ ਵਿਡੀਓ ਫਿਰ ਸੋਨੀਆ ਦੀ ਆਪਣੀ ਹੀ ਸੀ, ਜਿਸ ਵਿੱਚ ਉਹ ਕੈਮਰਾ ਚੁੱਕਣ ਆਈ ਦਿਸਦੀ ਹੈ। ਇਸ ਤਰ੍ਹਾਂ ਸੋਨੀਆ ਨੇ ਦੇਖ ਲਿਆ ਕਿ ਦੂਜੀ ਵਿਡੀਓ ਹੀ ਕੰਮ ਦੀ ਹੈ। ਹੁਣ ਉਸ ਨੇ ਇਹ 'ਲਾਹੇਵੰਦ ਵਿਡੀਓ', ਸ਼ੌਕਤ ਦੀ ਤੀਵੀਂ ਫ਼ਿਰੋਜ਼ਾ ਤੱਕ ਅੱਪੜਦੀ ਕਰਨੀ ਸੀ। ਓਦਾਂ ਇਸ ਤੋਂ ਪਹਿਲਾਂ ਉਸ ਨੇ ਇਸ ਵਿਡੀਓ ਵਿੱਚੋਂ ਆਪਣਾ ਨਾਂ ਕਢਾਉਣਾ ਸੀ। ਇਸ ਖ਼ਾਤਰ ਉਸ ਨੂੰ ਫਿਰ ਸੱਤੀ ਦੀ ਲੋੜ ਪੈਣੀ ਸੀ। ਉਸ ਨੇ ਵਿਡੀਓ ਵਿਚੋਂ ਉਹ ਟਾਈਮ ਨੋਟ ਕਰ ਲਿਆ ਸੀ, ਜਿੱਥੇ ਸ਼ੌਕਤ ਨੇ ਉਸ ਦਾ ਨਾਂ ਲਿਆ ਸੀ।

ਅਗਲੇ ਦਿਨ ਸ਼ਾਮ ਨੂੰ ਅੱਠ ਵਜੇ ਜਦੋਂ ਡੋਰ-ਬੈੱਲ ਵੱਜੀ ਤਾਂ ਸੋਨੀਆ

ਸਮਝ ਗਈ ਕਿ ਸੱਤੀ ਹੀ ਆਇਆ ਹੋਵੇਗਾ। ਉਸ ਨੇ ਜਾ ਕੇ ਦਰਵਾਜ਼ਾ ਖੋਲ੍ਹਿਆ ਤਾਂ ਸੱਤੀ ਖੜ੍ਹਾ ਮੁਸਕਰਾ ਰਿਹਾ ਸੀ ਤੇ ਉਸ ਨੇ ਪੈਂਦੀ ਸੱਟੇ ਸੋਨੀਆ ਨੂੰ ਬਾਹਾਂ ਵਿੱਚ ਲੈ ਕੇ ਕਿਹਾ,"ਕੀ ਹਾਲ ਆ ਮੇਰੀ ਗੁਲਬਦਨ ?" ਸੋਨੀਆ ਕੁੱਝ ਕਹੇ ਬਗ਼ੈਰ ਹੀ ਛੇਤੀ-ਛੇਤੀ ਸੱਤੀ ਦੀਆਂ ਬਾਹਾਂ 'ਚੋਂ ਨਿੱਕਲ਼ ਕੇ, ਸੋਫ਼ੇ 'ਤੇ ਬਹਿੰਦਿਆਂ ਕਹਿਣ ਲੱਗੀ, "ਸੱਤੀ ਆਉਣਾ ਸੀ ਤਾਂ ਪਹਿਲਾਂ ਫ਼ੋਨ ਤਾਂ ਕਰ ਲੈਂਦਾ। ਏਦਾਂ ਬਿਨਾਂ ਦੱਸੇ-ਪੁੱਛੇ ਆਉਣਾ ਠੀਕ ਨਹੀਂ।" ਸੋਨੀਆ ਵੱਲੋਂ ਏਨੀ ਕੁ ਝੰਡ ਕਰਨ ਨਾਲ਼ ਸੱਤੀ ਸ਼ਰਮਿੰਦਾ ਜਿਹਾ ਹੋ ਗਿਆ। ਓਦਾਂ, ਉਸ ਨੂੰ ਸੋਨੀਆ ਤੋਂ ਏਦਾਂ ਦੀ ਆਸ ਨਹੀਂ ਸੀ। ਉਸ ਨੂੰ ਤਾਂ ਲਗਦਾ ਸੀ ਕਿ ਅੱਜ ਸੋਨੀਆ ਉਸ ਦਾ ਬਾਹਾਂ-ਭਰਵਾਂ ਸੁਆਗਤ ਕਰੇਗੀ। ਇਸ ਦੇ ਨਾਲ਼ ਹੀ ਉਸ ਨੇ ਆਪਣੇ ਮਨ ਨੂੰ ਸਮਝਾਇਆ ਕਿ ਜਦੋਂ ਬਿੱਲੀ ਮਾਰੀ ਹੋਈ ਹੋਵੇ ਤਾਂ ਉਸ ਤੋਂ ਬਹੁਤਾ ਡਰਨ-ਘਬਰਾਉਣ ਦੀ ਲੋੜ ਨਹੀਂ ਹੁੰਦੀ। ਉਸ ਨੇ ਮੌਕਾ ਸੰਭਾਲ਼ਦਿਆਂ ਕਿਹਾ,"ਲੈ ਸੋਨੀਆ, ਮੈਂ ਕੱਲ੍ਹ ਕਿਹਾ ਤਾਂ ਸੀ ਪਈ ਕੱਲ੍ਹ ਨੂੰ ਆਊਂਗਾ, ਤੂੰ ਹੀ ਭੁੱਲ ਗਈ ਏਂ।"

"ਕੱਲ੍ਹ ਤਾਂ ਸਾਰੀ ਦਿਹਾੜੀ ਹੁੰਦੈ। ਆਉਣ ਦਾ ਕੋਈ ਟੈਮ ਵੀ ਤਾਂ ਹੋਣਾ ਚਾਹੀਦੈ। ਮੈਂ ਫ਼ੋਨ ਕਰ ਕੇ ਉਹੀ ਦੱਸਣ ਲਈ ਤਾਂ ਕਿਹੈ। ਘਰ ਕੋਈ ਆਇਆ-ਗਿਆ ਵੀ ਹੋ ਸਕਦੈ ਜਾਂ ਮੈਂ ਹੀ ਕਿਤੇ ਗਈ ਹੋਈ ਹੋਵਾਂ। ਸੌ ਗੱਲਾਂ ਹੋਰ ਵੀ ਹੋ ਸਕਦੀਆਂ ਨੇ," ਸੋਨੀਆ ਨੇ ਫਿਰ ਸੱਤੀ ਨੂੰ ਟਿਕਾਣੇ ਸਿਰ ਕਰ ਦਿੱਤਾ। ਉਹ ਆਪਣੀ ਜ਼ਿੰਦਗੀ ਵਿੱਚ, ਸੱਤੀ ਨੂੰ ਉਸ ਦਾ ਮੁਕਾਮ ਦਿਖਾ ਦੇਣਾ ਚਾਹੁੰਦੀ ਸੀ ਤੇ ਨਹੀਂ ਸੀ ਚਾਹੁੰਦੀ ਕਿ ਉਹ ਜਦੋਂ ਵੀ ਜੀਅ ਕਰੇ, ਮੂੰਹ ਚੁੱਕ ਕੇ ਆ ਵੜੇ। ਸੋਨੀਆ ਦੀਆਂ ਖਰੀਆਂ-ਖਰੀਆਂ ਸੁਣ ਕੇ ਸੱਤੀ ਕੋਲ਼ੇ ਹੋਏ ਮਨ ਨਾਲ਼ ਬੋਲਿਆ,"ਚੱਲ ਠੀਕ ਐ ਸੋਨੀਆ, ਮੇਰੇ ਕੋਲ਼ੋਂ ਗ਼ਲਤੀ ਹੋ ਗਈ। ਮੇਰਾ ਲੈਪਟਾਪ ਫੜਾ, ਮੈਂ ਜਾਨਾਂ। ਅੱਗੇ ਤੋਂ ਤੇਰਾ ਟੈਮ ਖ਼ਰਾਬ ਕਰਨ ਨਹੀਂ ਆਊਂਗਾ।"

ਸੱਤੀ ਦੇ ਤੇਵਰ ਬਦਲੇ ਹੋਏ ਦੇਖ ਕੇ ਸੋਨੀਆ ਇੱਕ ਦਮ ਠੰਢੀ ਹੋ ਗਈ। ਉਸ ਨੂੰ ਸੱਤੀ ਦਾ ਗੁੱਸੇ ਹੋ ਜਾਣਾ ਵਾਰਾ ਨਹੀਂ ਖਾ ਸਕਦਾ ਸੀ ਕਿਉਂ ਕਿ ਹਾਲੇ ਉਸ ਨੂੰ ਸੱਤੀ ਦੀ ਲੋੜ ਸੀ। ਉਹ ਇੱਕ ਦਮ ਆਪਣਾ ਅੰਦਾਜ਼ ਬਦਲਦਿਆਂ ਹੱਸ ਕੇ ਕਹਿਣ ਲੱਗੀ, "ਨਹੀਂ ਯਾਰ ਸੱਤੀ, ਤੂੰ ਗ਼ਲਤ ਸਮਝ ਲਿਆ, ਮੇਰਾ ਇਹ ਮਤਲਬ ਨਹੀਂ ਸੀ। ਮੈਂ ਤਾਂ ਓਦਾਂ ਹੀ ਕਹਿ ਰਹੀ ਸੀ ਪਈ ਜੇ ਤੂੰ ਫ਼ੋਨ ਕਰ ਲੈਂਦਾ ਤਾਂ ਮੈਨੂੰ ਤੇਰੇ ਆਉਣ ਦਾ ਪੱਕਾ ਪਤਾ ਹੁੰਦਾ। ਮੈਂ ਤਨੋਂ-ਮਨੋਂ ਤੈਨੂੰ ਮਿਲਣ ਲਈ ਤਿਆਰ ਵੀ ਤਾਂ ਹੋਣਾ ਸੀ ਨਾ। ਤੂੰ ਵੀ ਸਵੇਰ ਦੇ ਨੇ ਕੋਈ ਫ਼ੋਨ ਨਹੀਂ ਕੀਤਾ। ਮੈਂ ਇਹ ਸੋਚ ਬੈਠੀ ਪਈ ਖ਼ੌਰੇ ਤੂੰ ਅੱਜ ਆਉਣਾ ਈ ਨਹੀਂ। ਬੰਦੇ ਨੂੰ ਸੌ ਕੰਮ ਵੀ ਤਾਂ ਹੁੰਦੇ ਆ ਨਾ। ਖੜ੍ਹਾ ਕਿਉਂ ਏਂ ? ਚੱਲ ਆ ਬੈਠ। ਦੱਸ ਸੇਵਾ ਕੀ ਕਰਾਂ ਤੇਰੀ।" ਸੋਨੀਆ ਨੇ ਆਖ਼ਰੀ ਸ਼ਬਦ ਏਨੇ ਨਸ਼ੀਲੇ ਜਿਹੇ ਅੰਦਾਜ਼ ਵਿੱਚ ਕਹੇ ਕਿ ਸੱਤੀ ਦੇ ਗੁੱਸੇ ਦੀ ਤਾਂ ਬੱਸ ਥੰਮੀ ਹੀ ਡਿੱਗ ਪਈ ਤੇ ਉਸ ਨੇ ਸੋਨੀਆ ਦਾ ਕਲ਼ਾਵਾ ਭਰ ਕੇ

ਉਸ ਨੂੰ ਆਪਣੀ ਗੋਦ ਵਿੱਚ ਸੁੱਟ ਲਿਆ।

"ਆਪਾਂ ਸੇਵਾ ਕਰਾਉਣ ਨਹੀਂ, ਸੇਵਾ ਕਰਨ ਆਏ ਆਂ ਸਰਦਾਰਨੀਏਂ। ਤੂੰ ਦੱਸ ਕੀ ਕਰਾਂ ਤੇ ਕਿੱਦਾਂ ਕਰਾਂ?" ਉਸ ਨੂੰ ਆਪਣੇ ਨਾਲ਼ ਲਾ ਕੇ ਘੁੱਟਦਾ-ਮਧੋਲ਼ਦਾ ਸੱਤੀ ਕਹਿਣ ਲੱਗਿਆ।

"ਹਾਏ ਸੱਤੀ, ਏਥੇ ਕੁਛ ਨਾ ਕਰੀਂ। ਏਦਾਂ ਠੀਕ ਨਹੀਂ। ਉੱਠ ਉੱਪਰ ਚੱਲ, ਮੇਰੇ ਬੈੱਡ-ਰੂਮ ਵਿੱਚ।"

ਇਸ ਮਗਰੋਂ ਉਹ ਦੋਵੇਂ ਹੀ ਉੱਪਰ ਬੈੱਡਰੂਮ ਵਿੱਚ ਚਲੇ ਗਏ। ਜਦੋਂ ਸੋਨੀਆ ਨੇ ਸੱਤੀ ਨੂੰ ਕੋਈ ਵੀ ਹੁਕਮ-ਅਦੂਲੀ ਕਰਨ ਜੋਗਾ ਨਾ ਛੱਡਿਆ ਤਾਂ ਉਹ ਕਹਿਣ ਲੱਗੀ, "ਸੱਤੀ, ਜੇ ਇਸ ਕਾਰਡ ਵਿੱਚੋਂ ਤਿੰਨ ਫਾਈਲਾਂ ਡਲੀਟ ਕਰ ਕੇ, ਦੂਜੀ ਫਾਈਲ ਹੀ ਰੱਖਣੀ ਹੋਵੇ ਤਾਂ ਏਦਾ ਹੋ ਸਕਦੈ?"

"ਹੋ ਕੀ ਨਹੀਂ ਸਕਦਾ। ਅੱਛਾ! 'ਉਹੀ ਫਾਈਲ' ਰੱਖਣੀ ਆ ਨਾ," ਕਹਿੰਦਿਆਂ ਸੱਤੀ ਨੇ ਅੱਖ ਵੀ ਦੱਬ ਦਿੱਤੀ।

ਸੱਤੀ ਦੀ ਅੱਖ ਦੀ ਭੋਰਾ ਵੀ ਪ੍ਰਵਾਹ ਨਾ ਕਰਦਿਆਂ ਸੋਨੀਆ ਨੇ ਕਿਹਾ,"ਆਹੋ ਬਸ ਦੂਜੀ ਫਾਈਲ ਈ ਰੱਖਣੀ, ਏ, ਪਰ ਉਸ ਵਿੱਚੋਂ ਵੀ ਕੁਛ ਡਿਲੀਟ ਕਰਨਾ ਏ।"

"ਕੀ ਡਲੀਟ ਕਰਨਾ ਏ, ਤੇ ਕਿੱਥੋਂ ਕਰਨਾ ਏ?" ਸੱਤੀ ਨੇ ਤੁਰੰਤ ਪੁੱਛਿਆ।

"ਮੈਂ ਦੱਸਦੀ ਆਂ ਨਾ। ਵਿਡੀਓ ਦੇ ਪੱਚੀਵੇਂ ਮਿੰਟ ਤੋਂ ਬਾਅਦ, ਦਸ ਕੁ ਸਕਿੰਟ ਦੀ ਵਿਡੀਓ ਡਲੀਟ ਕਰ ਦੇ।"

"ਉਸ ਟੋਟੇ ਵਿੱਚ ਕੀ ਆ?" ਸੱਤੀ ਕੋਲ਼ੋਂ ਪੁੱਛੇ ਬਗ਼ੈਰ ਰਹਿ ਨਾ ਹੋਇਆ। ਪਹਿਲਾਂ ਤਾਂ ਸੋਨੀਆ ਦਾ ਜੀਅ ਕੀਤਾ ਕਿ ਉਹ ਇਸ ਬਾਰੇ ਸੱਤੀ ਨੂੰ ਕੁੱਝ ਨਾ ਦੱਸੇ, ਪਰ ਫਿਰ ਉਸ ਨੂੰ ਚੇਤਾ ਆਇਆ ਕਿ ਸੱਤੀ ਦੇ ਲੈਪਟੌਪ ਵਿੱਚ ਤਾਂ ਪਹਿਲਾਂ ਹੀ ਇਸ ਵਿਡੀਓ ਦੀ ਕਾਪੀ ਕਰ ਕੇ ਰੱਖੀ ਹੋਈ ਹੈ। ਛੁਪਾਉਣ ਦਾ ਕੋਈ ਫ਼ਾਇਦਾ ਨਾ ਹੁੰਦਾ ਦੇਖ ਕੇ ਉਹ ਬੋਲੀ," ਸੱਤੀ, ਉਸ ਹਿੱਸੇ ਵਿੱਚ ਉਹ ਆਦਮੀ ਮੇਰਾ ਨਾਂ ਲੈ ਰਿਹਾ ਏ। ਮੈਂ ਆਪਣਾ ਨਾਂ ਇਸ ਵਿਡੀਓ ਵਿੱਚ ਨਹੀਂ ਰਹਿਣ ਦੇਣਾ ਚਾਹੁੰਦੀ। ਅਸਲ ਵਿੱਚ ਉਹ ਬੰਦਾ ਮੇਰਾ ਬੌਸ ਸੀ, ਤੇ ਮੈਂ ਉਸ ਨੂੰ ਸਬਕ ਸਿਖਾਉਣਾ ਚਾਹੁੰਨੀ ਆਂ। ਬੱਸ ਤੂੰ ਮੇਰਾ ਆਹ ਕੰਮ ਕਰ ਦੇ।"

"ਸੋਨੀਆ, ਜੇ ਤੂੰ ਆਪਣੇ ਬੌਸ ਨਾਲ਼ ਕੋਈ ਪੰਗਾ ਲਿਆ ਤਾਂ ਉਹ ਤੈਨੂੰ ਕੰਮ ਤੋਂ ਕੱਢ ਦਊ। ਸੋਚ ਲਾ," ਸੱਤੀ ਉਸ ਨੂੰ ਸਮਝਾਉਣ ਲੱਗਿਆ।

"ਮੈਨੂੰ ਕੰਮ ਦੀ ਚਿੰਤਾ ਨਹੀਂ ਸੱਤੀ। ਮੈਂ ਸ਼ੈਲੀ ਵਾਲ਼ੇ ਕੰਮ ਤੋਂ ਪਤਾ ਕੀਤਾ ਸੀ ਪਈ ਉਨ੍ਹਾਂ ਨੂੰ ਵੀ ਕੁੜੀ ਚਾਹੀਦੀ ਆ। ਇਹ ਜੇ ਮੈਨੂੰ ਕੱਢ ਦਊ ਤਾਂ ਮੈਂ ਓਥੇ ਕੰਮ ਕਰ ਲਊਂ। ਪਰ ਮੈਂ ਉਸ ਹਰਾਮੀ ਨੂੰ ਤਾਂ ਇੱਕ ਵਾਰੀ ਸਿੱਧਾ ਕਰ ਕੇ

ਛੱਡਣੈ," ਇਹ ਕਹਿੰਦੀ ਸੋਨੀਆ ਦਾ ਮੂੰਹ ਲਾਲ-ਸੁਰਖ਼ ਹੁੰਦਾ ਜਾ ਰਿਹਾ ਸੀ।

"ਚੱਲ ਠੀਕ ਆ, ਸੋਨੀਆ ਡਾਰਲਿੰਗ। ਆਪਾਂ ਤਾਂ ਉਹੀ ਕੁਛ ਕਰਨੈ, ਜੋ ਤੂੰ ਕਹੇਂਗੀ," ਸੱਤੀ ਨੇ ਸੋਨੀਆ ਨੂੰ ਚੋਪੜਦਿਆਂ ਕਿਹਾ। ਇਸ ਦੇ ਨਾਲ਼ ਹੀ ਸੱਤੀ ਨੇ ਵਿਡੀਓ ਐਡਿਟ ਕਰ ਕੇ ਸੋਨੀਆ ਦਾ ਨਾਂ ਵਾਲ਼ਾ ਹਿੱਸਾ ਡਿਲੀਟ ਕਰ ਦਿੱਤਾ ਤੇ ਨਾਲ਼ ਹੀ ਡਲੀਟ ਕਰ ਦਿੱਤੀਆਂ ਬਾਕੀ ਤਿੰਨ ਫਾਈਲਾਂ।

ਸ਼ੌਕਤ ਦੀ ਬੀਵੀ ਫ਼ਿਰੋਜ਼ਾ ਚਾਲ਼ੀ ਕੁ ਸਾਲਾਂ ਦੀ ਸੀ। ਉਸ ਦਾ ਸਰੀਰ ਕਾਫ਼ੀ ਮੋਟਾ-ਠੁੱਲ੍ਹਾ ਤੇ ਰੋਹਬਦਾਰ ਸੀ। ਉਹ ਵਾਲ਼ਾਂ ਨੂੰ ਹਮੇਸ਼ਾ ਮਹਿੰਦੀ ਲਾ ਕੇ ਰੱਖਦੀ ਅਤੇ ਉਸ ਨੂੰ ਘਰੇਲੂ ਕੰਮਾਂ ਵਿੱਚ ਹੀ ਦਿਲਚਸਪੀ ਸੀ। ਓਦਾਂ ਉਹ ਕਾਰ ਚਲਾਉਣੀ ਜਾਣਦੀ ਸੀ, ਜਿਸ ਕਰ ਕੇ ਸ਼ੌਕਤ ਉਸ ਨੂੰ ਬਿਜ਼ਨਸ ਅਤੇ ਬੈਂਕ ਦੇ ਕੰਮਾਂ ਵਿੱਚ ਲਾਈ ਰੱਖਦਾ। ਉਸ ਦੀ ਫ਼ਰਮਾਇਸ਼ 'ਤੇ ਹੀ ਸ਼ੌਕਤ ਨੇ ਸਾਇਰਾ ਨੂੰ ਕੰਮ 'ਤੇ ਰੱਖਿਆ ਹੋਇਆ ਸੀ।

ਸੋਨੀਆ ਵੱਲੋਂ ਸ਼ੌਕਤ ਤੇ ਸਾਇਰਾ ਦੀ ਵਿਡੀਓ ਬਣਾਉਣ ਤੋਂ ਅਗਲੇ ਸਨਿੱਚਰਵਾਰ ਨੂੰ ਸ਼ੌਕਤ ਅਤੇ ਸਾਇਰਾ ਦੇ ਕੰਮ 'ਤੇ ਚਲੇ ਜਾਣ ਤੋਂ ਬਾਅਦ ਸਾਢੇ ਦਸ ਵਜੇ, ਘਰ ਦੇ ਫ਼ੋਨ ਦੀ ਘੰਟੀ ਵੱਜੀ। ਫ਼ਿਰੋਜ਼ਾ ਨੇ ਫ਼ੋਨ ਚੁੱਕ ਕੇ "ਹੈਲੋ" ਕਿਹਾ ਤਾਂ ਅੱਗੋਂ ਕਿਸੇ ਮਰਦ ਦੀ ਭਾਰੀ ਜਿਹੀ ਆਵਾਜ਼ ਆਈ, "ਸਲਾਮਾ ਲ਼ੇਕੁਮ ਜੀ,।"

"ਵਾਲ਼ੇਕੁਮ ਸਲਾਮ ਜੀ, ਕੌਣ ਸ੍ਹਾਬ ਬੋਲਦੇ ਨੇ?" ਫ਼ਿਰੋਜ਼ਾ ਨੇ ਪੁੱਛਿਆ।

"ਜੀ ਤੁਸੀਂ ਬੇਗ਼ਮ ਫ਼ਿਰੋਜ਼ਾ ਭੱਟੀ ਬੋਲ ਰਹੇ ਹੋ?" ਦੂਜੇ ਪਾਸਿਓਂ ਆਵਾਜ਼ ਆਈ।

" ਜੀ ਹਾਂ, ਫ਼ਿਰੋਜ਼ਾ ਬੋਲ ਰਹੀ ਹਾਂ, ਤੁਸੀਂ ਕੌਣ?" ਫ਼ਿਰੋਜ਼ਾ ਨੇ ਆਵਾਜ਼ ਪਛਾਨਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਬੇਗ਼ਮ ਸਾਹਿਬਾ, ਮੈਂ ਤੁਹਾਡਾ ਇੱਕ ਖ਼ੈਰ-ਖਵਾਹ ਹੀ ਬੋਲ ਰਿਹਾਂ। ਬਾਹਰ ਤੁਹਾਡੇ ਲੈਟਰ ਬਾਕਸ ਵਿੱਚ ਇੱਕ ਲਿਫ਼ਾਫ਼ਾ ਪਾਇਆ ਏ। ਉਸ ਵਿੱਚ ਇੱਕ ਮੈਮਰੀ ਕਾਰਡ ਏ, ਜੋ ਤੁਸੀਂ ਆਪਣੇ ਫ਼ੋਨ ਵਿੱਚ ਪਾ ਕੇ ਵੀ ਚਲਾ ਸਕਦੇ ਓ। ਇਸ ਕਾਰਡ ਵਿੱਚ ਇੱਕ ਛੋਟੀ ਜਿਹੀ ਵਿਡੀਓ ਫ਼ਿਲਮ ਏ। ਇਸ ਵਿੱਚ ਤੁਸੀਂ ਆਪਣੇ ਸ਼ੌਹਰ ਦੇ ਦੀਦਾਰ ਕਰ ਸਕਦੇ ਓ। ਇੱਕ ਗੁਜ਼ਾਰਿਸ਼ ਏ, ਕਿ ਤੁਸੀਂ ਇਹ ਫ਼ਿਲਮ ਅਲੱਗ ਬੈਠ ਕੇ ਹੀ ਦੇਖਿਓ। ਬੱਚਿਆਂ ਜਾਂ ਫੈਮਿਲੀ ਨਾਲ਼ ਇਹ ਵਿਡੀਓ ਦੇਖਣਾ ਚੰਗਾ ਨਹੀਂ ਰਹੇਗਾ," ਫ਼ੋਨ ਦੇ ਦੂਜੇ ਪਾਸਿਓਂ ਲਗਾਤਾਰ ਆਵਾਜ਼ ਆਉਂਦੀ ਰਹੀ।

"ਭਾਈ ਜਾਨ ਤੁਸੀਂ ਬੋਲ ਕੌਣ ਰਹੇ ਓ?"

"ਤੁਸੀਂ ਆਪਣੇ ਮਤਲਬ ਦੀ ਗੱਲ ਹੀ ਸੁਣੋਂ। ਹਾਂ, ਜੇ ਇਹ ਵਿਡੀਓ ਫ਼ਿਲਮ ਦੇਖ ਕੇ, ਤੁਹਾਡਾ ਦਿਲ ਇਸੇ ਤਰ੍ਹਾਂ ਦਾ ਲਾਈਵ ਸ਼ੋ ਦੇਖਣ ਨੂੰ ਕਰ ਆਵੇ

ਤਾਂ ਇਸ ਲਿਫ਼ਾਫੇ ਵਿੱਚ ਉਸ ਫਲੈਟ ਦਾ ਅਡਰੈੱਸ ਵੀ ਲਿਖ ਕੇ ਪਾਇਆ ਹੋਇਆ, ਜਿੱਥੇ ਅੱਜ ਵੀ ਇਹ ਲਾਈਵ ਸ਼ੋ ਸ਼ੁਰੂ ਹੋਣ ਦੀਆਂ ਤਿਆਰੀਆਂ ਨੇ। ਇੱਕ ਗੱਲ ਹੋਰ, ਟ੍ਰੀ ਟਾਵਰ ਵਾਲ਼ਾ ਉਹ ਫਲੈਟ ਤੁਹਾਡਾ ਤੇ ਤੁਹਾਡੇ ਸ਼ੌਹਰ ਦਾ ਈ ਏ। ਬੱਸ ਅਸੀਂ ਏਨਾਂ ਹੀ ਕਹਿਣਾ ਸੀ, ਬਾਕੀ ਤੁਹਾਡੀ ਮਰਜ਼ੀ," ਇਹ ਕਹਿ ਕੇ, ਫ਼ੋਨ ਕਰਨ ਵਾਲ਼ੇ ਨੇ ਫ਼ੋਨ ਕੱਟ ਦਿੱਤਾ।

ਫ਼ਿਰੋਜ਼ਾ ਏਦਾਂ ਖੜ੍ਹੀ ਦੀ ਖੜ੍ਹੀ ਰਹਿ ਗਈ, ਜਿੱਦਾਂ ਉਸ ਨੂੰ ਕਿਸੇ ਨੇ ਧਰਤੀ ਵਿੱਚ ਗੱਡ ਦਿੱਤਾ ਹੋਵੇ। ਉਸ ਦੇ ਮਨ ਵਿੱਚ ਉਹ ਸਾਰੇ ਸੁਆਲ ਉਸੱਲ਼ਵੱਟੇ ਲੈਣ ਲੱਗੇ ਜਿਨ੍ਹਾਂ ਦੇ ਜੁਆਬ, ਉਹ ਫ਼ੋਨ ਕਰਨ ਵਾਲ਼ਾ ਹੀ ਦੇ ਸਕਦਾ ਸੀ। ਉਹ ਇੱਕ ਦਮ ਬਾਹਰ ਗੇਟ ਵੱਲ ਗਈ ਤੇ ਉਸ ਨੇ ਲੈਟਰ ਬਾੱਕਸ ਖੋਲ੍ਹ ਕੇ ਦੇਖਿਆ। ਉਸ ਵਿੱਚ ਇੱਕ ਛੋਟਾ ਜਿਹਾ ਲਿਫ਼ਾਫ਼ਾ ਪਿਆ ਸੀ। ਲਿਫ਼ਾਫ਼ਾ ਖੋਲ੍ਹਿਆ ਤਾਂ ਉਸ ਵਿੱਚ ਇੱਕ ਮੈਮਰੀ ਕਾਰਡ ਵੀ ਸੀ ਤੇ ਇਕ ਪਰਚੀ ਉੱਤੇ ਲਿਖਿਆ ਹੋਇਆ ਸਿਰਨਾਵਾਂ ਵੀ ਸੀ। ਉਹ, ਉਹ ਦੋਵੇਂ ਚੀਜ਼ਾਂ ਫੜੀ ਅੰਦਰ ਚਲੇ ਗਈ। ਉਸ ਨੇ ਆਪਣੇ ਛੋਟੇ ਬੇਟੇ ਸਾਦਿਕ ਨੂੰ ਆਵਾਜ਼ ਮਾਰ ਕੇ, ਉਹ ਮੈਮਰੀ ਕਾਰਡ ਆਪਣੇ ਫ਼ੋਨ ਵਿੱਚ ਪੁਆ ਲਿਆ ਅਤੇ ਅੰਦਰ ਜਾ ਕੇ ਬੂਹਾ ਢੋਅ ਲਿਆ।

ਇਹ ਸਾਰਾ ਕੁੱਝ ਸੋਨੀਆ ਦਾ ਕੀਤਾ-ਕਰਾਇਆ ਹੋਇਆ ਸੀ। ਓਸੇ ਨੇ ਹੀ ਸੱਤੀ ਨੂੰ ਇਹ ਲਿਫ਼ਾਫ਼ਾ ਸ਼ੌਕਤ ਦੇ ਘਰ ਦੇ ਲੈਟਰ ਬੌਕਸ ਵਿੱਚ ਪਾਉਣ ਲਈ ਭੇਜਿਆ ਸੀ ਤੇ ਉਹ ਫ਼ੋਨ ਵੀ ਸੱਤੀ ਨੇ ਹੀ ਕੀਤਾ ਸੀ। ਸੋਨੀਆ ਆਪ ਇਹ ਲਿਫ਼ਾਫ਼ਾ ਉੱਥੇ ਰੱਖਣ ਨਾ ਗਈ ਕਿਉਂ ਕਿ ਉਸ ਨੂੰ ਸ਼ੱਕ ਸੀ ਕਿ ਸ਼ੌਕਤ ਦੇ ਘਰ ਅੱਗੇ ਕੈਮਰਾ ਲੱਗਿਆ ਹੋ ਸਕਦਾ ਹੈ। ਉਸ ਨੇ ਸੱਤੀ ਨੂੰ ਵੀ ਪਬਲਿਕ-ਫ਼ੋਨ 'ਤੋਂ ਹੀ ਫ਼ੋਨ ਕਰਨ ਦੀ ਤਾਕੀਦ ਕੀਤੀ ਸੀ ਕਿਉਂ ਕਿ ਸੱਤੀ ਦਾ ਫ਼ੋਨ ਨੰਬਰ ਟਰੇਸ ਹੋ ਜਾਣ ਦੀ ਸੂਰਤ ਵਿੱਚ ਉਨ੍ਹਾਂ ਦੋਹਾਂ ਦੇ ਬੇਨਕਾਬ ਹੋਣ ਦਾ ਡਰ ਸੀ।

ਜਦੋਂ ਸੋਮਵਾਰ ਨੂੰ ਸੋਨੀਆ ਕੰਮ 'ਤੇ ਗਈ ਤਾਂ ਦਫ਼ਤਰ ਤਾਂ ਖੁੱਲ੍ਹਾ ਹੋਇਆ ਸੀ, ਪਰ ਸ਼ੌਕਤ ਅਤੇ ਸਾਇਰਾ ਵਿੱਚੋਂ ਕੋਈ ਵੀ ਉੱਥੇ ਮੌਜੂਦ ਨਹੀਂ ਸੀ। ਉੱਥੇ ਕੰਮ ਕਰਦੀ ਕੁੜੀ ਨੀਨਾ ਨੇ ਦੱਸਿਆ ਕਿ ਸ਼ੌਕਤ ਸਵੇਰੇ ਦਫ਼ਤਰ ਖੋਲ੍ਹ ਕੇ ਚਲੇ ਗਿਆ ਸੀ ਤੇ ਕਹਿੰਦਾ ਸੀ ਕਿ ਉਸ ਦੀ ਤਬੀਅਤ ਠੀਕ ਨਹੀ ਹੈ।

"ਅੱਛਾ ? ਬੌਸ ਦੀ ਤਬੀਅਤ ਠੀਕ ਨਹੀਂ ਸੀ, ਪਰ ਉਸ ਦੀ ਪਾਰਟਨਰ ਕਿੱਧਰ ਗਈ ? ਉਹ ਵੀ ਨਹੀਂ ਰੜਕਦੀ ?" ਸੋਨੀਆ ਨੇ ਖਚਰਾ ਜਿਹਾ ਮੁਸਕਰਾਉਂਦਿਆਂ ਕਿਹਾ।

"ਲਗਦੈ ਜੀਜਾ-ਸਾਲ਼ੀ ਨੇ ਰਲ਼ ਕੇ ਕੋਈ ਗ਼ਲਤ-ਮਲਤ ਚੀਜ਼ ਖਾ ਲਈ ਏ," ਨੀਨਾ ਨੇ ਵੀ ਸੋਨੀਆ ਦੀ ਸੁਰ ਵਿੱਚ ਸੁਰ ਮਿਲ਼ਾ ਦਿੱਤੀ।

ਸੋਮਵਾਰ ਦਾ ਸਾਰਾ ਦਿਨ, 'ਦੋਹਾਂ ਮਾਲਕਾਂ' ਵਿੱਚੋਂ ਕੋਈ ਨਾ ਬਹੁੜਿਆ। ਸੋਨੀਆ ਸ਼ਾਮ ਨੂੰ ਚਾਰ ਵਜੇ ਛੁੱਟੀ ਕਰ ਕੇ ਚਲੀ ਗਈ। ਅੱਜ ਉਹ ਬਾਹਲ਼ੀ ਖ਼ੁਸ਼

ਸੀ। ਉਸ ਨੂੰ ਲੱਗਦਾ ਸੀ ਕਿ ਸ਼ੌਕਤ ਦੇ ਘਰ ਧਮਾਕਾ ਹੋ ਗਿਆ ਹੈ, ਪਰ ਇਸ ਦੀ ਤਸਦੀਕ ਉਹ ਸ਼ੌਕਤ ਦੇ ਮੂੰਹੋਂ ਹੁੰਦੀ ਸੁਣਨਾ ਚਾਹੁੰਦੀ ਸੀ।

ਮੰਗਲਵਾਰ ਨੂੰ ਸੋਨੀਆ ਦੇ ਪਹੁੰਚਣ ਵੇਲੇ ਸ਼ੌਕਤ ਦਫ਼ਤਰ ਵਿੱਚ ਮੌਜੂਦ ਸੀ, ਪਰ ਸਾਇਰਾ ਕਿਤੇ ਨਹੀਂ ਦਿਸਦੀ ਸੀ। ਸਾਢੇ ਗਿਆਰਾਂ ਵਜੇ ਦੇ ਕਰੀਬ ਸ਼ੌਕਤ ਨੇ ਇੰਟਰਕਾਮ ਕਰ ਕੇ ਸੋਨੀਆ ਨੂੰ ਆਪਣੇ ਕੇਬਿਨ ਵਿੱਚ ਸੱਦਿਆ। ਜਦੋਂ ਸੋਨੀਆ ਨੇ ਉਸ ਦੇ ਚਿਹਰੇ ਵੱਲ ਦੇਖਿਆ ਤਾਂ ਉਹ ਬਾਗੋ-ਬਾਗ ਹੋ ਗਈ। ਪਿਛਲੇ ਕਈ ਦਿਨਾਂ ਤੋਂ  ਸ਼ੌਕਤ ਦੀ ਸ਼ੇਵ ਕੀਤੀ ਹੋਈ ਨਹੀਂ ਲੱਗਦੀ ਸੀ। ਉਸ ਦੇ ਵਾਲ਼ ਵੀ ਵਾਹੇ-ਸੁਆਰੇ ਨਹੀਂ ਲੱਗਦੇ ਸਨ। ਲੱਗਦਾ ਸੀ ਕਿ ਉਹ ਕਈ ਦਿਨਾਂ ਦਾ ਨ੍ਹਾਤਾ ਵੀ ਨਹੀਂ ਸੀ। ਅੱਖਾਂ ਲਾਲ ਸਨ ਜਿੱਦਾਂ ਉਹ ਕਈ ਦਿਨਾਂ ਤੋਂ ਸੁੱਤਾ ਹੀ ਨਾ ਹੋਵੇ। ਸੋਨੀਆ ਦੇ ਅੰਦਰ ਆਉਣ 'ਤੇ ਸ਼ੌਕਤ ਨੇ ਉਸ ਵੱਲ ਬਹੁਤ ਹੀ ਠੰਢੀ ਜਿਹੀ ਨਜ਼ਰ ਨਾਲ਼ ਦੇਖਿਆ ਤੇ ਉਸ ਨੂੰ ਬੈਠਣ ਦਾ ਇਸ਼ਾਰਾ ਕੀਤਾ। ਫਿਰ ਥੋੜ੍ਹਾ ਚਿਰ ਉਸ ਨੇ ਆਪਣੀ ਨਜ਼ਰ, ਕੰਪਿਊਟਰ ਸਕਰੀਨ ਉੱਤੇ ਗੱਡੀ ਰੱਖੀ, ਜਿੱਦਾਂ ਇਹ ਸੋਚ ਰਿਹਾ ਹੋਵੇ ਕਿ ਗੱਲ ਕਿੱਥੋਂ ਸ਼ੁਰੂ ਕਰਾਂ। ਆਖ਼ਰ ਉਸ ਨੇ ਗੱਲ ਸ਼ੁਰੂ ਕੀਤੀ, "ਸੋਨੀਆ, ਤੈਨੂੰ ਕੀ ਮਿਲਿਆ ਇਹ ਸਾਰਾ ਕੁੱਝ ਕਰ ਕੇ ?"

"ਕੀ ਹੋਇਆ ਭੱਟੀ ਸਾਹਿਬ ? ਮੈਂ ਕੀ ਕੀਤਾ ? ਕੁਛ ਦੱਸੋ ਵੀ ?" ਸੋਨੀਆ ਨੇ ਬਿਲਕੁਲ ਅਣਜਾਣ ਬਣਦਿਆਂ ਪੁੱਛਿਆ।

"ਬਹੁਤੀ ਅਣਜਾਣ ਨਾ ਬਣ। ਤੈਨੂੰ ਸਾਫ਼ ਪਤਾ ਏ ਕਿ ਮੈਂ ਕੀ ਪੁੱਛ ਰਿਹਾਂ। ਤੂੰ ਮੇਰੇ ਨਾਲ਼ ਠੀਕ ਨਹੀਂ ਕੀਤੀ। ਮੇਰੇ ਕੀਤੇ ਅਹਿਸਾਨਾਂ ਦਾ ਲਿਹਾਜ਼ ਵੀ ਨਾ ਕੀਤਾ। ਮੈਨੂੰ ਅੰਦਾਜ਼ਾ ਨਹੀਂ ਸੀ ਕਿ ਤੂੰ ਏਨੀ ਵੀ ਗਿਰ ਜਾਵੇਂਗੀ," ਸ਼ੌਕਤ ਨੇ ਦੰਦ ਪੀਂਹਦਿਆਂ ਕਿਹਾ।

ਸੋਨੀਆ ਸਮਝ ਗਈ ਸੀ ਕਿ ਹੁਣ ਪਰਦੇ ਪਾਉਣ ਜਾਂ ਅਣਜਾਣ ਬਣਨ ਦਾ ਕੋਈ ਫ਼ਾਇਦਾ ਨਹੀਂ ਕਿਉਂ ਕਿ ਸ਼ੌਕਤ ਨੂੰ ਪਤਾ ਸੀ ਕਿ ਉਸ ਫਲੈਟ ਵਿੱਚ, ਸੋਨੀਆ ਤੋਂ ਇਲਾਵਾ ਹੋਰ ਕੋਈ ਨਹੀ ਆ ਸਕਦਾ। ਉਸ ਨੇ ਵੀ ਸ਼ੌਕਤ ਦੀ ਬਰਾਬਰੀ ਵਿੱਚ ਕਸਰ ਨਾ ਛੱਡਦਿਆਂ ਕਿਹਾ, "ਤੇ ਤੂੰ ਕੀ ਕੀਤਾ ਸ਼ੌਕਤ ਮੀਆਂ ! ਆਪਣੀ ਵਾਰੀ ਬੜੀ ਤਕਲੀਫ਼ ਹੋਈ ਤੈਨੂੰ। ਆਪਣੀ ਸਾਲ਼ੀ ਨੂੰ ਆਪਣੇ ਬੱਚਿਆਂ ਵਰਗੀ ਕਹਿ-ਕਹਿ ਕੇ ਫਿਰ ਉਸ ਨਾਲ ਖ਼ੇਹ ਖਾਂਦਿਆਂ ਤੈਨੂੰ ਕੋਈ ਹਯਾ ਨਾ ਆਈ ? ਜੇ ਤੂੰ ਸਾਇਰਾ ਨੂੰ ਮੇਰੇ ਸਿਰ 'ਤੇ ਨਾ ਚੜ੍ਹਾਉਂਦਾ ਤੇ ਮੈਨੂੰ ਮਜਬੂਰ ਨਾ ਕਰਦਾ ਤਾਂ ਮੈਂ ਕੁਛ ਨਹੀਂ ਕਰਨਾ ਸੀ।"

"ਦੇਖ ਸੋਨੀਆ, ਹੁਣ ਆਪਣੀ ਨਹੀਂ ਨਿਭਣੀ। ਤੂੰ ਕਿਤੇ ਹੋਰ ਕੰਮ ਲੱਭ ਲੈ," ਸ਼ੌਕਤ ਨੇ ਮੂੰਹ ਦੂਜੇ ਪਾਸੇ ਕਰ ਕੇ ਕਹਿ ਦਿੱਤਾ।

"ਇਸ ਤੋਂ ਵੱਧ ਹੋਰ ਤੂੰ ਕਰ ਵੀ ਕੀ ਸਕਦਾ ਏਂ। ਮੈਂ ਥੁੱਕਦੀ ਆਂ ਇਹੋ ਜਿਹੇ ਕੰਮ 'ਤੇ। ਕੰਮ ਦਾ ਮੈਨੂੰ ਘਾਟਾ ਨਹੀਂ। ਹਾਂ, ਦੋ ਡਾਲਰ ਘੱਟ ਮਿਲ ਜਾਣਗੇ

ਤਾਂ ਕੀ ਆ। ਤੂੰ ਸ਼ੁਕਰ ਕਰ ਸ਼ੌਕਤਾ ਅਜੇ ਤੇਰੀ ਵਿਡੀਓ, ਫ਼ਿਰੋਜ਼ਾ ਤੱਕ ਈ ਪਹੁੰਚੀ ਏ," ਇਹ ਆਖ ਕੇ ਸੋਨੀਆ ਉੱਠ ਖੜ੍ਹੀ ਹੋਈ।

ਸੋਨੀਆ ਦੀ ਇਹ ਗੱਲ ਸੁਣ ਕੇ ਸ਼ੌਕਤ ਦੇ ਖਾਨਿਓਂ ਗਈ। ਉਸ ਨੂੰ ਖ਼ਿਆਲ ਆਇਆ ਕਿ ਸੋਨੀਆ ਇਹ ਵਿਡੀਓ ਫ਼ਿਲਮ ਇੰਟਰਨੈਟ ਉੱਤੇ ਵੀ ਪਾ ਸਕਦੀ ਹੈ। ਉਸ ਨੂੰ ਲੱਗਿਆ ਕਿ ਹੁਣ ਤਾਂ ਉਹ ਸੋਨੀਆ ਦੇ ਸ਼ਿਕੰਜੇ ਵਿੱਚ ਫਸ ਗਿਆ ਹੈ। ਉਸ ਨੇ ਤੁਰਨ ਲੱਗੀ ਸੋਨੀਆ ਨੂੰ ਆਵਾਜ਼ ਮਾਰੀ, "ਸੋਨੀਆ ਰੁਕ ਜਾਹ। ਦੇਖ ਮੈਥੋਂ ਗ਼ਲਤੀਆਂ ਹੋਈਆਂ, ਮੈਂ ਮੰਨਦਾਂ, ਤੂੰ ਮੈਨੂੰ ਸਜ਼ਾ ਵੀ ਦੇ ਦਿੱਤੀ, ਗੱਲ ਨਿੱਬੜ ਗਈ। ਹੁਣ ਉਹ ਫ਼ਿਲਮ ਕਿਤੇ ਏਧਰ-ਓਧਰ ਨਾ ਚੜ੍ਹਾ ਦਈਂ। ਦੇਖ, ਬਾਕੀ ਵਰਕਰਾਂ ਵਾਂਗ ਤੂੰ ਵੀ ਚੁੱਪ ਕਰ ਕੇ ਆਪਣਾ ਕੰਮ ਕਰੀ ਜਾਹ। ਅੱਜ ਤੋਂ ਆਪਣਾ ਵਰਕਰ ਤੇ ਮਾਲਕ ਵਾਲ਼ਾ ਹੀ ਰਿਸ਼ਤਾ ਹੋਊਗਾ।"

ਸੋਨੀਆ ਸ਼ੌਕਤ ਦੇ ਕੇਬਿਨ ਵਿੱਚੋਂ ਜਿੱਤ ਦੇ ਪ੍ਰਭਾਵ ਲੈ ਕੇ ਨਿੱਕਲ਼ੀ ਅਤੇ ਆਪਣੀ ਕੁਰਸੀ 'ਤੇ ਆ ਬੈਠੀ। ਉਸ ਨੂੰ ਇਹ ਯਕੀਨ ਹੋ ਗਿਆ ਸੀ ਕਿ ਸਾਇਰਾ ਹੁਣ ਕਦੇ ਨਹੀਂ ਆਉਂਦੀ। ਉਸ ਨੂੰ ਇਸ ਖੇਡ ਵਿੱਚੋਂ ਹਾਸਲ ਹੋਈ ਜਿੱਤ ਵਿੱਚ ਬਹੁਤਾ ਵਜ਼ਨ ਨਜ਼ਰ ਨਾ ਆਇਆ ਕਿਉਂ ਕਿ ਇਹ ਜਿੱਤ ਹਾਸਲ ਕਰਨ ਲਈ ਉਸ ਨੂੰ ਸੱਤੀ ਅੱਗੇ ਹਾਰਨਾ ਪਿਆ ਸੀ। ਪਹਿਲਾਂ ਉਹ ਇਹ ਸੋਚਦੀ ਸੀ ਕਿ ਉਹ ਸ਼ੌਕਤ ਦੀਆਂ ਵਿਡੀਓ ਫ਼ਾਈਲਾਂ ਡਲੀਟ ਕਰ ਦੇਵੇਗੀ, ਪਰ ਹੁਣ ਉਸ ਨੂੰ ਸਮਝ ਆ ਗਈ ਸੀ ਕਿ ਸ਼ੌਕਤ ਦੀ ਜਾਨ ਇਸ ਵਿਡੀਓ ਵਿੱਚ ਹੀ ਹੈ। ਸੱਪ ਨੂੰ ਮਾਰੇ ਬਿਨਾਂ ਸੋਟੀ ਤੋੜ ਸੁੱਟਣੀ ਠੀਕ ਨਹੀ।

❒❒❒

## 21.

ਬਾਬਾ ਮਨਸਾਧੂ ਸਿੰਘ ਕੋਲ਼ੋਂ ਸਲਾਹ ਲੈ ਕੇ, ਰਣਜੀਤ ਦੀ ਦੁਚਿੱਤੀ ਖ਼ਤਮ ਹੋ ਗਈ। ਬਾਬਾ ਜੀ ਨੇ ਉਸ ਦੇ ਸਾਰੇ ਹੀ ਸੰਸੇ ਦੂਰ ਕਰ ਦਿੱਤੇ ਸਨ। ਉਨ੍ਹਾਂ ਨੇ ਕਿਹਾ ਸੀ ਕਿ ਉਹ ਸੱਭ ਕੁਝ ਕਿਸਮਤ ਉੱਤੇ ਛੱਡ ਦੇਵੇ। ਬਾਬਾ ਜੀ ਨਾਲ਼ ਸਲਾਹ ਮਸ਼ਵਰਾ ਕਰਨ ਤੋਂ ਬਆਦ ਦੋ ਹਫ਼ਤੇ ਠੀਕ ਠਾਕ ਲੰਘ ਗਏ। ਇੱਕ ਦਿਨ ਅਨੂ ਬਹੁਤ ਹੀ ਓਦਰੀ ਜਿਹੀ ਘਰ ਆਈ। ਰਣਜੀਤ ਨੂੰ, ਇਸ ਉਦਰੇਵੇਂ ਦੀ ਵਜ੍ਹਾ ਪੁੱਛਣ ਦਾ ਹੌਸਲਾ ਨਾ ਹੋਇਆ। ਉਸ ਨੂੰ ਇਹ ਡਰ ਸੀ ਕਿ ਅਨੂ ਕਿਤੇ ਇਹ ਨਾ ਕਹਿ ਦੇਵੇ ਕਿ ਉਸ ਨੇ ਗੁਰੀ ਨੂੰ ਮਾਫ਼ ਕਰ ਦਿੱਤਾ ਹੈ। ਅਗਲੇ ਦਿਨ ਜਦੋਂ ਅਨੂ ਦੁਪਹਿਰ ਨੂੰ ਕੰਮ ਤੋਂ ਮੁੜੀ ਤਾਂ ਉਹ ਦਾ ਉਦਰੇਵਾਂ ਉੱਡ-ਪੁੱਡ ਗਿਆ ਲੱਗਦਾ ਸੀ। ਉਸ ਦਾ ਮੂਡ ਸੁਧਰਿਆ ਦੇਖ ਕੇ, ਰਣਜੀਤ ਨੂੰ ਰਾਹਤ ਮਹਿਸੂਸ ਹੋਈ। ਉਸ ਨੇ ਝਿਜਕਦਿਆਂ ਜਿਹਿਆਂ ਅਨੂ ਨੂੰ ਟਕੋਰ ਕੀਤੀ, "ਅੱਜ ਤਾਂ ਰੰਗਾਂ 'ਚ ਲੱਗਦੇ ਨੇ ਦੁਸ਼ਮਣ?"

"ਜੀ, ਤੁਸੀਂ ਸਹੀ ਫ਼ਰਮਾ ਰਹੇ ਹੋ। ਅੱਜ ਮੈਂ ਬਹੁਤ ਬੜੇ ਭਾਰ ਤੋਂ ਮੁਕਤ ਹੋਣਾ ਏ। ਬਹੁਤ ਬੜੇ ਇਮਤਿਹਾਨ 'ਚੋਂ ਗੁਜ਼ਰਨਾ ਏ। ਤੁਸੀਂ ਠਹਿਰੋ, ਮੈ ਹੁਣੇ ਨਹਾ-ਧੋ ਕੇ ਆਉਨੀ ਆਂ। ਆ ਕੇ ਮੈਂ ਤੁਹਾਡੇ ਨਾਲ਼ ਇੱਕ ਖ਼ਾਸ ਗੱਲ ਕਰਨੀ ਏ," ਅਨੂ ਨੇ ਰਲ਼ੇ-ਮਿਲ਼ੇ ਭਾਵਾਂ ਨਾਲ਼ ਕਿਹਾ ਤੇ ਰਣਜੀਤ ਭੰਬਲ਼ਭੂਸੇ ਜਿਹੇ ਵਿੱਚ ਪੈ ਗਿਆ। ਅੱਧੇ ਘੰਟੇ ਬਾਅਦ ਅਨੂ ਨਹਾ-ਧੋ ਕੇ ਤੇ ਸੂਟ ਬਦਲ ਕੇ ਰਣਜੀਤ ਕੋਲ਼ ਵਾਪਸ ਆਈ। ਉਸ ਨੇ ਆਉਂਦਿਆਂ ਹੀ ਆਪਣੇ ਪਰਸ ਵਿੱਚੋਂ ਇੱਕ ਚੈੱਕ ਕੱਢ ਕੇ ਰਣਜੀਤ ਨੂੰ ਫੜਾਉਂਦਿਆਂ ਕਿਹਾ, "ਥੋੜ੍ਹਾ ਦੇਣ ਤੇ ਬਹੁਤੀ ਮਿੰਨਤ ਜਨਾਬ! ਮੇਰਾ ਗ਼ਰੀਬਣੀ ਦਾ ਸ਼ੁਕਰੀਆ ਕਬੂਲ ਕਰਦਿਆਂ ਆਹ ਆਪਣਾ ਦਸ ਹਜ਼ਾਰ ਡਾਲਰ ਵਸੂਲ ਫਰਮਾਓ।"

"ਇਹ ਭਲਾ ਕੀ ਗੱਲ ਹੋਈ? ਤਾਂ ਮਲਿਕਾ-ਏ-ਆਲੀਆ ਦੀ ਟੈਂਸ਼ਨ ਦੀ ਵਜ੍ਹਾ, ਇਹ ਤੁੱਛ ਜਿਹੀ ਰਕਮ ਸੀ!"

"ਨਹੀਂ ਆਲੀਜਾਹ, ਇਹ ਉਹ ਪੰਗਾ ਏ, ਜਿਸ ਦੀ ਵਜ੍ਹਾ ਨਾਲ਼ ਮੈਨੂੰ, ਹੋਰ ਬਹੁਤ ਅਹਿਮ ਕੰਮ ਮੁਲਤਵੀ ਕਰਨੇ ਪੈ ਰਹੇ ਸਨ। ਹੁਣ ਇਹ ਫਰਜ਼ ਅਦਾ ਕਰਨ ਨਾਲ਼ ਬਾਕੀ ਅਹਿਮ ਕੰਮਾਂ ਦਾ ਰਾਹ ਪੱਧਰਾ ਹੋ ਜਾਵੇਗਾ," ਅਨੂ ਨੇ ਸੱਚ ਨੂੰ ਮਖ਼ੌਲ ਦਾ ਤੁੜਕਾ ਲਾ ਕੇ ਬਿਆਨ ਕੀਤਾ।

"ਮੁਲਤਵੀ ਹੁੰਦੇ ਰਹੇ ਕੰਮਾਂ ਦੀ ਫ਼ੈਰਿਹਸਤ ਬਿਆਨ ਕੀਤੀ ਜਾਵੇ," ਡਰਾਮਾ ਕਰਦਿਆਂ ਵੀ ਰਣਜੀਤ ਮਨੋਂ-ਮਨੀਂ ਸਭ ਕੁਝ ਜਾਨਣ ਲਈ ਕਾਹਲ਼ਾ ਪੈ ਰਿਹਾ ਸੀ। ਕੁੱਝ ਚਿਰ ਅਨੂ ਖ਼ਾਮੋਸ਼ ਰਹੀ ਤਾਂ ਰਣਜੀਤ ਦੇ ਮਨ ਦੀ ਕਾਹਲ਼ ਜ਼ਰਬਾਂ ਖਾ ਗਈ। ਤੇ ਉਹ ਕਹਿਣ ਲੱਗਿਆ,"ਬਿਆਨ ਜਾਰੀ ਰਹੇ, ਹਮ ਸੁਨ ਰਹੇ ਹੈਂ।"

"ਤੇ ਬਿਆਨ ਇਸ ਤਰ੍ਹਾਂ ਹੈ ਆਲੀਜਾਹ...। ਛੱਡੋ ਯਾਰ, ਮੈਥੋਂ ਨਹੀਂ ਹੁੰਦਾ ਇਹ ਡਰਾਮਾ। ਮੈਂ ਸੀਰੀਅਸ ਗੱਲ ਕਰਨੀ ਆ ਤੇ ਗੱਲ ਇਹ ਐ ਕਿ ਮੈਂ ਆਪਣੇ ਮੰਮੀ-ਡੈਡੀ ਨੂੰ ਫ਼ੋਨ ਕੀਤਾ ਸੀ। ਉਨ੍ਹਾਂ ਨਾਲ਼ ਗੱਲ ਕਰਦਿਆਂ ਇੱਕ ਮਸਲਾ ਖੜ੍ਹਾ ਹੋ ਗਿਆ ਤੇ ਉਸ ਮਸਲੇ ਤੇ ਗ਼ੌਰ ਕਰਨ ਤੋਂ ਬਾਅਦ ਮੈਂ ਸੋਚਿਆ ਪਈ ਜੇ ਹੁਣ ਆਪਾਂ ਦੋਹਾਂ ਨੇ ਜ਼ਿੰਦਗੀ ਦੀ ਰਾਹਗੁਜ਼ਰ 'ਤੇ 'ਕੱਠਿਆਂ ਤੁਰਨਾ ਈ ਏ ਤਾਂ ਫਿਰ ਮੈਂ ਹੀ ਤੁਹਾਨੂੰ ਇਹ ਗੱਲ ਸਿੱਧੇ ਤੌਰ 'ਤੇ ਕਿਉਂ ਨਾ ਕਹਿ ਦਿਆਂ।"

"ਕਹੋ-ਕਹੋ ਜਨਾਬ, ਬੁਝਾਰਤਾਂ ਜਿਹੀਆਂ ਪਾਉਣੀਆਂ ਛੱਡੋ ਹੁਣ।"

"ਮੈਂ ਤੁਹਾਨੂੰ ਬਹੁਤ ਪਸੰਦ ਕਰਦੀ ਆਂ ਰੈਂਡੀ...।"

"ਹਮਮਮ...ਪਰ ਪਿਆਰ ਨਹੀਂ ਕਰਦੀ ਮੈਨੂੰ?"

"ਹਾਏ ਮੈਂ ਮਰ ਜਾਂਵਾਂ। ਮੇਰੇ ਕਹਿਣ ਦਾ ਇਹ ਮਤਲਬ ਥੋੜ੍ਹੋਂ ਸੀ? ਮੈਂ ਤੁਹਾਨੂੰ ਕਿੰਨਾ ਪਿਆਰ ਕਰਦੀ ਆਂ ਇਹ ਸਿਰਫ਼ ਮੈਂ ਜਾਣਦੀ ਹਾਂ। ਪਤਾ ਨਹੀਂ ਕਿਉਂ ਮੈਨੂੰ ਇਹ ਵੀ ਲੱਗਦਾ ਰਹਿੰਦਾ ਕਿ ਤੁਸੀਂ ਵੀ ਮੈਨੂੰ ਬਹੁਤ ਪਿਆਰ ਕਰਦੇ ਓ। ਫਿਰ ਕਿਉਂ ਨਾ ਆਪਾਂ ਇਸ ਰਿਸ਼ਤੇ ਉੱਤੇ ਸਮਾਜ ਦੀ ਮੋਹਰ ਲੁਆ ਲਈਏ? ਆਪਾਂ ਵਿਆਹ ਨਾ ਕਰਾ ਲਈਏ ਰੈਂਡੀ? ਅਨੂ ਨੀਵੀਂ ਪਾ ਕੇ ਕੰਬਦੀ ਜਿਹੀ ਆਵਾਜ਼ ਵਿੱਚ ਕਹਿ ਗਈ।

ਇਹ ਗੱਲ ਸੁਣ ਕੇ ਰਣਜੀਤ ਦੀਆਂ ਅੱਖਾਂ ਛਲਕ ਹੀ ਪਈਆਂ। ਉਸ ਨੂੰ ਜਿਹੜੇ ਪਲ ਦੀ ਉਡੀਕ ਇੰਨੀ ਸ਼ਿੱਦਤ ਨਾਲ਼ ਰਹਿੰਦੀ ਸੀ, ਉਹ ਇੱਕ ਝਟਕੇ ਜਿਹੇ ਨਾਲ਼ ਹੀ ਆ ਗਿਆ। ਉਸ ਨੂੰ ਬਾਬਾ ਮਨਸਾਧੂ ਸਿੰਘ ਦੀ ਕਹੀ ਹੋਈ ਇਹ ਗੱਲ ਯਾਦ ਆ ਗਈ, 'ਬੇਟੇ, ਤੁਸੀਂ ਆਪਣੇ ਮਨ ਦੇ ਰਾਜੇ ਹੋ। ਤੁਸੀਂ ਆਪਣੇ ਮਨ ਕੋਲ਼ੋਂ ਜੋ ਵੀ ਕਰਾਓਗੇ, ਉਸ  ਕਰਨਾ ਹੀ ਪਏਗਾ, ਬੱਸ ਤੁਹਾਨੂੰ ਕਰਾਉਣਾ ਆਉਣਾ ਚਾਹੀਦੈ।' ਸੱਚੀਂ ਬਾਬਾ ਮਨਸਾਧੂ ਸਿੰਘ ਕੋਈ ਰੱਬੀ ਰੂਹ ਸੀ। ਉਹ ਜੋ ਵੀ ਆਖਦਾ, ਸਿੱਧ ਹੋ ਜਾਂਦਾ। ਉਨ੍ਹਾਂ ਦੇ ਕਹਿਣ 'ਤੇ ਹੀ ਰਣਜੀਤ ਨੇ, ਅਨੂ ਦੇ ਨਾ ਮਿਲਣ ਦਾ ਡਰ ਆਪਣੇ ਮਨ ਵਿੱਚੋਂ ਮੂਲ਼ੋਂ ਹੀ ਕੱਢ ਦਿੱਤਾ ਸੀ ਤੇ ਇਸ ਗੱਲ 'ਤੇ ਇੱਟ ਵਰਗਾ ਪੱਕਾ ਯਕੀਨ ਕਰ ਲਿਆ ਸੀ ਕਿ ਅਨੂ ਉਸ ਦੀ ਹੈ, ਉਸ ਨੂੰ ਹੀ ਮਿਲ਼ੇਗੀ ਤੇ ਕੋਈ ਵੀ ਉਹ ਦੇ ਕੋਲ਼ੋਂ ਅਨੂ ਨੂੰ ਨਹੀ ਖੋਹ ਸਕਦਾ।

"ਅੱਖਾਂ ਕਿਉਂ ਭਰ ਆਈਆਂ ਰੈਂਡੀ? ਕੀ ਸੋਚਣ ਲੱਗ ਪਏ?" ਅਨੂ ਦੇ ਇਹ ਕਹਿਣ 'ਤੇ ਰਣਜੀਤ ਖ਼ਿਆਲਾਂ ਦੇ ਵਹਿਣ 'ਚੋਂ ਬਾਹਰ ਨਿੱਕਲ਼ ਆਇਆ।

"ਤੈਨੂੰ ਪਤਾ ਤਾਂ ਹੈ ਕਿ ਮੈਂ ਕਿਸ ਹਾਲਤ ਵਿੱਚ ਹਾਂ। ਨਾਲ਼ੇ ਮੈਂ ਤਾਂ ਕਿਸੇ ਔਰਤ ਦੇ ਕਾਬਲ ਹੀ ਨਹੀਂ ਹਾਂ। ਤੂੰ ਜਾਣਦੀ ਏਂ ਕਿ ਮੈਂ ਤੈਨੂੰ ਵੀ ਕਿਸੇ ਕਿਸਮ ਦਾ ਸੁੱਖ ਨਹੀਂ ਦੇ ਸਕਾਂਗਾ। ਇਸ ਦੇ ਬਾਵਜੂਦ ਵੀ ਤੂੰ...?" ਰਣਜੀਤ ਨੇ ਅਨੂ ਨੂੰ ਕਿਹਾ।

"ਤੁਸੀਂ ਜਿਹੋ-ਜਿਹੇ ਵੀ ਹੋ ਰੈਂਡੀ, ਮੇਰੇ ਸਭ ਕੁਛ ਹੋ। ਤੁਹਾਡਾ ਨਾਲ਼

ਹੋਣਾ, ਮੈਨੂੰ ਖ਼ੁਸ਼ੀ ਦਿੰਦਾ ਏ। ਤੁਹਾਡੀ ਸੇਵਾ ਕਰ ਕੇ ਮੈਂ ਥੱਕਦੀ ਨਹੀਂ। ਬੱਸ ਤੁਹਾਡੇ ਅੱਗੇ ਮੇਰੀ ਇਹੋ ਅਰਜ਼ੋਈ ਐ ਕਿ ਹੁਣ ਮੈਨੂੰ ਨਕਾਰਿਓ ਨਾ ਤੇ ਆਪਣੀ ਜੀਵਨ ਸਾਥਣ ਬਣਾ ਲਉ," ਅਨੂ ਨੇ ਰਣਜੀਤ ਦੀ ਗੱਲ ਟੁੱਕਦਿਆਂ ਕਿਹਾ।

"ਅਨੂ ਤੂੰ ਅੱਜ ਮੇਰੀ ਝੋਲ਼ੀ, ਜਹਾਨ ਭਰ ਦੀਆਂ ਖ਼ੁਸ਼ੀਆਂ ਨਾਲ਼ ਭਰ ਦਿੱਤੀ ਏ। ਮੈਂ ਤੇਰੇ ਸੁਆਲ ਦਾ ਜੁਆਬ ਦਿਆਂਗਾ, ਪਰ ਮੈਨੂੰ ਐਤਵਾਰ ਤੱਕ ਦਾ ਸਮਾਂ ਦੇ-ਦੇ," ਇਹ ਕਹਿ ਕੇ ਰਣਜੀਤ ਚੁੱਪ ਕਰ ਗਿਆ। ਉਸ ਦਾ ਚਿਹਰਾ ਉਸ ਵੇਲ਼ੇ ਬਹੁਤ ਦਮਕ ਰਿਹਾ ਸੀ। ਅਨੂ ਉਸ ਵੱਲ ਦੇਖਦੀ ਹੈਰਾਨ ਸੀ ਪਰ ਉਹ ਬੋਲੀ ਕੁੱਝ ਨਾ। ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਰਣਜੀਤ ਨੇ ਉਸ ਨੂੰ ਐਤਵਾਰ ਤੱਕ ਕਿਉਂ ਟਾਲ਼ ਦਿੱਤਾ ਹੈ। ਇਸ ਦੇ ਬਾਵਜੂਦ ਉਸ ਦੇ ਮਨ ਦੀ ਕਿਸੇ ਨੁੱਕਰੇ ਇਸ ਗੱਲ ਨੇ ਘਰ ਕੀਤਾ ਹੋਈਆ ਸੀ ਕਿ ਉਹ, ਉਸ ਨੂੰ ਤੋੜ ਕੇ ਜੁਆਬ ਨਹੀਂ ਦੇਵੇਗਾ। ਅਨੂ ਦੇ ਅਚਾਨਕ ਇਸ ਤਰ੍ਹਾਂ ਤਿਆਰ ਹੋ ਜਾਣ ਨੇ ਰਣਜੀਤ ਦੇ ਮਨ ਵਿੱਚ ਕਈ ਤਰ੍ਹਾਂ ਦੇ ਸੰਸੇ ਜਗਾ ਦਿੱਤੇ। ਇੱਕ ਵਾਰ ਤਾਂ ਉਸ ਨੂੰ ਇਹ ਵੀ ਲੱਗਿਆ ਕਿ ਸ਼ਾਇਦ ਅਨੂ ਦੇ ਮੰਮੀ-ਡੈਡੀ ਨੇ ਹੀ ਉਸ ਉੱਤੇ ਦਬਾਅ ਪਾਇਆ ਹੋਵੇਗਾ ਤੇ ਓਸੇ ਦੇ ਨਤੀਜੇ ਵਜੋਂ ਅਨੂ ਨੇ ਇਹ ਫ਼ੈਸਲਾ ਕੀਤਾ ਹੋਵੇਗਾ।

"ਸੱਚੋ-ਸੱਚ ਦੱਸੀਂ ਅਨੂ, ਮੰਮੀ-ਡੈਡੀ ਨੇ ਤੈਨੂੰ ਕੀ ਕਿਹਾ? ਦੇਖੀਂ, ਮੇਰੇ ਲਈ ਇਹ ਜਾਨਣਾ ਬਹੁਤ ਜ਼ਰੂਰੀ ਏ। ਜ਼ਰੂਰ ਕੋਈ ਵੱਡਾ ਮਸਲਾ ਖੜ੍ਹਾ ਹੋਇਆ ਹੋਇਗਾ, ਜਿਸ ਨੇ ਤੈਨੂੰ ਇਹ ਸਭ ਕੁਛ ਕਰਨ ਲਈ ਮਜ਼ਬੂਰ ਕੀਤੈ," ਰਣਜੀਤ ਨੇ ਅਨੂ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਕਿਹਾ।

" ਹਾਏ ਰੱਬਾ! ਤੁਹਾਡੇ ਤੋਂ ਕੁੱਝ ਵੀ ਗੁੱਝਾ ਰਹਿ ਜਾਵੇ, ਇਹ ਤਾਂ ਹੋ ਹੀ ਨਹੀਂ ਸਕਦਾ? ਪੂਰੇ ਜਾਣੀ-ਜਾਣ ਓ ਤੁਸੀਂ।"

"ਫੇਰ ਵੀ ਦੱਸ ਤਾਂ ਸਹੀ, ਉਨ੍ਹਾਂ ਨੇ ਕਿਹਾ ਕੀ ਸੀ?"

"ਸੱਚ-ਮੁੱਚ ਉਸ ਦਿਨ ਡੈਡੀ ਨੇ ਇੱਕ ਅਜੀਬ ਜਿਹੀ ਗੱਲ ਕਹੀ, ਜਿਸ ਨੂੰ ਸੁਣ ਕੇ ਮੈਂ ਬਹੁਤ ਡਿਸਟਰਬ ਜਿਹੀ ਹੋ ਗਈ ਤੇ ਮੈਂ ਇਹ ਫ਼ੈਸਲਾ ਲੈ ਲਿਆ।"

"ਉਹੀ ਗੱਲ ਤਾਂ ਜਾਨਣੀ ਚਾਹੁੰਨਾਂ ਅਨੂ! ਉਹ ਕਿਹੜੀ ਗੱਲ ਸੀ, ਜੋ ਤੇਰੇ ਮੂੰਹੋਂ ਇਹ ਮਿਸ਼ਰੀ ਵਰਗੇ ਬੋਲ ਕਢਾਉਣ ਦੀ ਵਜ੍ਹਾ ਬਣੀਂ?" ਰਣਜੀਤ ਨੇ ਪਿਆਰੀ ਜਿਹੀ ਜ਼ਿੱਦ 'ਤੇ ਅੜਦਿਆਂ ਕਿਹਾ।

"ਡੈਡੀ ਕਹਿੰਦੇ 'ਅਨੂ, ਤੇਰਾ ਤਲਾਕ ਹੋ ਗਿਆ ਏ। ਤੂੰ ਏਦਾਂ ਕਰ, ਜੌਸੀ ਨਾਲ਼ ਕਾਗਜ਼ੀ ਵਿਆਹ ਕਰਾ ਕੇ, ਉਸ ਨੂੰ ਕੈਨੇਡਾ ਸੱਦ ਲੈ।' ਉਨ੍ਹਾਂ ਦੀ ਇਹ ਗੱਲ ਸੁਣ ਕੇ ਮੇਰੇ ਪੈਰਾਂ ਹੇਠੋਂ ਜ਼ਮੀਨ ਹੀ ਨਿੱਕਲ਼ ਗਈ," ਅਨੂ ਨੇ ਦੱਸਿਆ।

"ਇਹ ਮਹਾਂਪੁਰਖ ਜੌਸੀ ਜੀ ਕੌਣ ਨੇ?" ਕਹਿੰਦਿਆਂ ਰਣਜੀਤ ਦੀ ਆਵਾਜ਼ ਵਿੱਚੋਂ ਪਹਿਲੀ ਨਰਮੀ ਗ਼ਾਇਬ ਸੀ।

"ਮੇਰੇ ਮਾਮੇ ਦਾ ਛੋਟਾ ਮੁੰਡਾ ਏ, ਮੇਰੇ ਨਾਲ਼ੋਂ ਪੰਜ ਕੁ ਸਾਲ ਛੋਟਾ। ਮੈਂ

ਉਸ ਨੂੰ ਹੱਥੀਂ ਖਿਡਾਇਆ ਹੋਇਆ ਏ। ਉਸ ਦਾ ਮੈਨੂੰ 'ਦੀਦੀ-ਦੀਦੀ' ਕਹਿੰਦੇ ਦਾ ਮੂੰਹ ਨਹੀਂ ਸੀ ਥੱਕਦਾ ਹੁੰਦਾ। ਹੁਣ ਮੈਨੂੰ ਓਸੇ ਨਾਲ਼ ਹੀ ਵਿਆਹ ਕਰਾਉਣ ਦਾ ਹੁਕਮ ਹੋਇਆ ਏ। ਏਥੇ ਚੋਰ ਨਾਲ਼ੋਂ ਪੰਡ ਕਾਹਲ਼ੀ ਹੋਈ ਪਈ ਏ," ਅਨੂ ਨੇ ਖਿਝ ਕੇ ਕਿਹਾ।

"ਅਨੂ ਤੇਰੇ ਡੈਡੀ ਦਾ ਏਦਾਂ ਕਹਿਣਾ ਬਣਦਾ ਨਹੀਂ ਸੀ। ਤੁਸੀਂ ਦੋਵੇਂ ਭੈਣ-ਭਰਾ ਹੋ, ਫੇਰ ਉਮਰ ਦਾ ਵੀ ਫਰਕ ਐ, ਇਹ ਭਲਾ ਕੀ ਗੱਲ ਬਣੀਂ?" ਰਣਜੀਤ ਹੈਰਾਨ ਸੀ।

"ਇਹੋ ਤਾਂ ਮੈਨੂੰ ਸਮਝ ਨਹੀਂ ਆਉਂਦਾ ਰਣਜੀਤ। ਹੁਣ ਮੈਂ ਉਨ੍ਹਾਂ ਨੂੰ ਆਪਣੀ ਧੀ ਨਹੀਂ, ਕੈਨੇਡਾ ਵੱਲ ਜਾਂਦਾ ਪੁਲ਼ ਲੱਗਦੀ ਆਂ। ਮੇਰੇ ਮਾਪਿਆਂ ਨੂੰ ਇਸ ਵੇਲ਼ੇ ਇਸ ਗੱਲ ਦਾ ਕੋਈ ਦੁੱਖ ਨਹੀਂ ਕਿ ਉਨ੍ਹਾਂ ਦੀ ਧੀ ਦਾ ਘਰ ਟੁੱਟ ਚੁੱਕਾ ਏ। ਉਹ ਤਾਂ ਸਗੋਂ ਰਿਸ਼ਤੇਦਾਰਾਂ ਨਾਲ਼ ਰਲ਼ ਕੇ ਮੇਰੇ ਉਜਾੜੇ ਨੂੰ ਕੈਸ਼ ਕਰਨ ਦੇ ਚੱਕਰ ਵਿਚ ਨੇ," ਕਹਿੰਦਿਆਂ ਹੋਇਆਂ ਅਨੂ ਰੋਣ ਹਾਕੀ ਹੋਈ ਪਈ ਸੀ।

"ਇਸ ਮਾਮਲੇ 'ਚ ਤੇਰੇ ਮੰਮੀ ਦਾ ਕੀ ਰੋਲ ਏ?"

"ਮੰਮੀ ਵਿਚਾਰੀ ਤਾਂ ਫਸੀ ਹੋਈ ਈ ਲੱਗਦੀ ਏ। ਉਸ ਉੱਤੇ, ਭਰਾ ਨੇ ਲਾਜ਼ਮੀ ਜ਼ੋਰ ਪਾਇਆ ਹੋਊਗਾ ਤੇ ਉਸ ਕੋਲ਼ੋਂ ਹੀ ਡੈਡੀ ਉੱਤੇ ਇਹ ਕਹਿਣ ਲਈ ਜ਼ੋਰ ਪੁਆਇਆ ਹੋਊਗਾ। ਜੇ ਉਹ ਏਦਾਂ ਨਾ ਕਰਦੀ ਤਾਂ ਉਸ ਕੋਲ਼ੋਂ ਪੇਕੇ ਛੁੱਟਦੇ ਸਨ। ਹੁਣ ਉਹ ਜੋ ਕਰ ਰਹੀ ਏ, ਉਸ ਨਾਲ਼ ਧੀ ਜ਼ਿਬ੍ਹਾ ਹੋ ਜਾਣੀ ਏ। ਤੇ ਮੈਨੂੰ ਏਦਾਂ ਜ਼ਿਬ੍ਹਾ ਹੋਣਾ ਮਨਜ਼ੂਰ ਨਹੀਂ!" ਅਨੂ ਆਪਣੇ ਦਿਲ ਦੀ ਗੱਲ ਕਹਿ ਕੇ ਕੁੱਝ ਦੇਰ ਚੁੱਪ ਰਹਿਣ ਮਗਰੋਂ ਬੋਲੀ, "ਹੁਣ ਤੁਸੀਂ ਦੱਸੋ, ਮੈਂ ਧੌਣ ਕੁਹਾੜੇ ਹੇਠ ਦੇ ਦਿਆਂ ਜਾਂ ਤੁਹਾਡਾ ਹੱਥ ਘੁੱਟ ਕੇ ਫੜ ਲਾਂ?"

"ਇਸ ਤੋਂ ਪਹਿਲਾਂ ਕਿ ਮੈਂ ਤੇਰੇ ਇਸ ਸੁਆਲ ਦਾ ਜੁਆਬ ਦਿਆਂ, ਤੂੰ ਮੈਨੂੰ ਇਹ ਦੱਸ ਕਿ ਤੂੰ ਡੈਡੀ ਨੂੰ ਕੀ ਜੁਆਬ ਦਿੱਤਾ ਸੀ। ਮੇਰਾ ਜੁਆਬ ਤੇਰੇ ਜੁਆਬ 'ਤੇ ਮੁਨੱਸਰ ਕਰੇਗਾ," ਰਣਜੀਤ ਨੇ ਬਹੁਤ ਠਰ੍ਹੰਮੇ ਜਿਹੇ ਨਾਲ਼ ਕਿਹਾ।

"ਮੈਂ ਡੈਡੀ ਨੂੰ ਕੈਹਤਾ ਮੇਰਾ ਵਿਆਹ ਹੋ ਚੁੱਕੈ," ਅਨੂ ਨੇ ਜੁਆਬ ਦਿੱਤਾ।

"ਹੈਂ!! ਉਨ੍ਹਾਂ ਨੇ ਪੁੱਛਿਆ ਨਾ ਕਿ ਵਿਆਹ ਕਿਹ'ਦੇ ਨਾਲ਼ ਕਰਾ ਲਿਆ?" ਰਣਜੀਤ ਦਾ ਸੁਆਲ ਸੀ।

"ਪੁੱਛਿਆ ਸੀ.. ਤੇ ਮੈਂ ਤੁਹਾਡਾ ਨਾਂ ਲੈ ਦਿੱਤਾ।"

"ਸੱਚੀਂ? ਹੱਦ ਹੋ ਗਈ। ਉਨ੍ਹਾਂ ਨੇ ਪੁੱਛਿਆ ਨਾ ਪਈ ਉਸ ਵੀਲਚੇਅਰ ਵਾਲ਼ੇ ਨੇ ਫੇਰੇ ਵੀ ਵੀਲਚੇਅਰ ਤੇ ਬਹਿ ਕੇ ਹੀ ਲਏ ਸੀ?"

"ਤੁਹਾਡਾ ਨਾਂ ਲੈਣ ਤੋਂ ਬਾਅਦ ਤਾਂ ਫ਼ੋਨ ਉੱਤੇ ਵੀ ਲੰਬੀ ਚੁੱਪ ਪੱਸਰ ਗਈ। ਨਾ ਕਿਸੇ ਨੇ ਕੁਛ ਪੁੱਛਿਆ ਤੇ ਨਾ ਮੈਂ ਦੱਸਿਆ।"

"ਚੰਗਾ ਕੀਤਾ ਅਨੂ ਤੂੰ ਡੈਡੀ ਦੀ ਗੱਲ ਮੰਨਣ ਤੋਂ ਇਨਕਾਰ ਕਰਨ ਦੀ ਜੁੱਅਰਤ ਕੀਤੀ। ਆਪਣੇ ਲੋਕਾਂ ਨੇ ਬਹੁਤ ਵਰਤਿਆ ਏ ਕੈਨੇਡੀਅਨ ਇੰਮੀਗਰੇਸ਼ਨ ਸਿਸਟਮ ਨੂੰ। ਭਰਾ, ਭੈਣਾਂ ਨੂੰ ਵਹੁਟੀਆਂ ਬਣਾ-ਬਣਾ ਲਈ ਆਉਂਦੇ ਆ ਤੇ ਭੈਣਾਂ, ਭਰਾਵਾਂ ਨੂੰ ਘਰ ਆਲ਼ੇ ਬਣਾ-ਬਣਾ ਲਈ ਆਉਂਦੀਆਂ ਨੇ। ਹੋਰ ਤਾਂ ਹੋਰ, ਕਈ ਬਜ਼ੁਰਗ ਵੀ ਜਾ ਕੇ ਆਪਣੀਆਂ ਭਤੀਜੀਆਂ-ਭਾਣਜੀਆਂ ਤੱਕ ਨੂੰ ਵਿਆਹ ਲਿਆਉਂਦੇ ਆ। ਬਾਹਲ਼ੀ ਸ਼ਰਮ ਲਾਹੀ ਹੋਈ ਆ ਲੋਕਾਂ ਨੇ," ਕਿਸੇ ਸਿਆਸੀ ਆਗੂ ਵਾਂਗ ਬੋਲਦਾ ਰਣਜੀਤ, ਗੁੱਸੇ ਨਾਲ਼ ਲਾਲ ਹੁੰਦਾ ਜਾ ਰਿਹਾ ਸੀ। ਜਦੋਂ ਉਸ ਦੇ ਚਿਹਰੇ ਦੀ ਲਾਲੀ ਰਤਾ ਕੁ ਮੱਠੀ ਪਈ ਤਾਂ ਉਸ ਨੇ ਅਨੂ ਨੂੰ ਕਿਹਾ, "ਮੇਰਾ ਨਾਂ ਲੈਣ ਤੋਂ ਪਹਿਲਾਂ ਤੇਰੇ ਮਨ ਵਿੱਚ ਕੁਛ ਤਾਂ ਆਇਆ ਹੀ ਹੋਊ?"

"ਰੱਬ ਈ ਜਾਣਦੈ। ਜਦੋਂ ਮੈਨੂੰ ਹੋਰ ਕੁੱਝ ਨਾ ਸੁੱਝਿਆ ਤੇ ਤੁਸੀਂ ਚੇਤੇ ਆ ਗਏ। ਬੱਸ ਫੇਰ ਕੀ ਸੀ, ਮੈਂ ਤੁਹਾਡਾ ਨਾਂ ਲੈ ਦਿੱਤਾ," ਅਨੂ ਨੇ ਬੇਚਾਰਾ ਜਿਹਾ ਮੂੰਹ ਬਣਾ ਕੇ ਕਿਹਾ।

"ਮੈਂ ਤੁਹਾਡਾ ਨਾਂ ਲੈ ਦਿੱਤਾ!" ਰਣਜੀਤ ਨੇ ਅਨੂ ਦੀ ਸਾਂਗ ਜਿਹੀ ਲਾਉਂਦਿਆਂ ਕਿਹਾ, "ਹੱਦ ਹੋ ਗਈ, ਜੇ ਤੇਰੇ ਪੇਰੈਂਟਸ ਨੂੰ ਪਤਾ ਲੱਗ ਗਿਆ ਕਿ ਤੂੰ ਝੂਠ ਬੋਲਿਆ ਏ, ਫੇਰ?" ਰਣਜੀਤ ਨੇ ਅਨੂ ਦੀਆਂ ਅੱਖਾਂ ਵਿੱਚ ਝਾਕਦਿਆਂ ਕਿਹਾ।

"ਏਸੇ ਝੂਠ ਨੂੰ ਸੱਚ ਕਰਨ ਖ਼ਾਤਰ ਹੀ ਤਾਂ ਮੈਂ ਹਜ਼ੂਰ ਦੇ ਦਰਬਾਰ ਵਿੱਚ ਹਾਜ਼ਰ ਹੋਈ ਆਂ। ਤੇ ਤੁਸੀਂ ਮੈਨੂੰ ਐਤਵਾਰ ਤੱਕ ਦੀ ਤਾਰੀਕ ਏਦਾਂ ਦੇ ਦਿੱਤੀ ਜਿੱਦਾਂ ਅਜੇ ਮੁਕੱਦਮੇਂ ਦੇ ਖ਼ਾਸ ਗੁਆਹ ਭੁਗਤਣੇ ਹੋਣ। ਰੈਂਡੀ ਤੁਸੀਂ ਤਾਰੀਕ ਦੇਣ ਦੇ ਫ਼ੈਸਲੇ 'ਤੇ ਨਜ਼ਰਸਾਨੀ ਨਹੀਂ ਕਰ ਸਕਦੇ?" ਅਨੂ ਦੇ ਇੱਕ ਜੁਆਬ ਵਿੱਚ ਕਈ ਨਿਹੋਰੇ ਸਨ।

"ਚਿੰਤਾ ਨਾ ਕਰ ਗੁੱਗੂਆ, ਮੁਕੱਦਮੇਂ ਦੇ ਸਾਰੇ ਫ਼ੈਸਲੇ ਤੇਰੇ ਹੱਕ 'ਚ ਹੀ ਜਾਣਗੇ। ਨਾਲ਼ੇ ਬੋਲ ਲੈ ਜਿੰਨੇ ਵੀ ਝੂਠ ਬੋਲਣੇ ਆਂ ਮੇਰੇ ਸਿਰ 'ਤੇ। ਆਪਾਂ ਸਾਰੇ ਈ ਝੱਲ ਲਵਾਂਗੇ," ਰਣਜੀਤ ਨੇ ਹੱਸਦਿਆਂ ਕਿਹਾ।

"ਸੱਚੋ-ਸੱਚ ਦੱਸਿਓ, ਮੈਂ ਕੁਛ ਗ਼ਲਤ ਤਾਂ ਨਹੀਂ ਕਰ ਗਈ? ਮੈਂ ਤੁਹਾਡੇ ਤੋਂ ਪੁੱਛੇ ਬਿਨਾ ਈ ਤੁਹਾਡਾ ਨਾਂ ਲੈ ਦਿੱਤਾ। ਮੈਂ ਕਰਦੀ ਵੀ ਕੀ? ਪਤਾ ਨਹੀਂ ਕਿਹੜੀ ਹਿੰਮਤ ਨਾਲ਼ ਕਹਿ ਗਈ। ਆਈ ਐਮ ਸੋ ਸੌਰੀ ਰਣਜੀਤ," ਅਨੂ ਨੇ ਆਪਣੇ ਕੀਤੇ ਦਾ ਪਛਤਾਵਾ ਕੀਤਾ।

"ਚੱਲ ਨਾਂ ਈ ਲਿਆ ਏ ਨਾ, ਕੋਈ ਵਿਆਹ ਦੀ ਵਿਡੀਓ ਤਾਂ ਨਹੀਂ ਭੇਜ ਦਿੱਤੀ। ਨਾਲ਼ੇ ਉਹ ਕਿਹੜਾ ਏਥੇ ਆ ਕੇ ਦੇਖਣ ਲੱਗੇ ਆ। ਇਸ ਲਈ ਹਾਲ ਦੀ ਘੜੀ ਏਸ ਝੂਠ ਤੋਂ ਸੱਚ ਵਰਗਾ ਕੰਮ ਲਈ ਜਾਹ," ਰਣਜੀਤ ਨੇ ਅਨੂ ਨੂੰ ਹੌਂਸਲਾ ਦਿੰਦਿਆ ਗੱਲ ਅੱਗੇ ਵਧਾਈ, "ਤੂੰ ਜੋ ਵੀ ਕੀਤੈ, ਠੀਕ ਕੀਤੈ ਅਨੂ।

ਅਸਲ ਵਿੱਚ ਜੋ ਵੀ ਤੂੰ ਕੀਤੈ, ਆਪ ਨਹੀ ਕੀਤਾ। ਇਹ, ਕੁਦਰਤ ਨੇ ਤੇਰੇ ਕੋਲੋਂ ਕਰਾਇਐ। ਮੈਨੂੰ ਤਾਂ ਲੱਗਦੈ ਮੈਂ ਵੀ ਇਸ ਵਿੱਚ ਬਰਾਬਰ ਦਾ ਭਾਈਵਾਲ਼ ਆਂ। ਚੱਲ ਛੱਡ ਇਹ ਗ਼ੁਨਾਹ ਦਾ ਅਹਿਸਾਸ ਲਾਹ ਦੇ ਆਪਣੀ ਆਤਮਾ 'ਤੋਂ। ਬਾਕੀ ਐਤਵਾਰ ਨੂੰ ਮੌਲਾ ਪਤਾ ਨਹੀਂ ਹੋਰ ਕੀ-ਕੀ ਕਰ ਦੇਵੇ," ਰਣਜੀਤ ਨੇ ਨਿੰਮਾ-ਨਿੰਮਾ ਮੁਸਕਾਉਂਦਿਆਂ ਕਿਹਾ।

ਇਹ ਗੱਲ ਮੁੱਕਦਿਆਂ ਹੀ ਅਨੂ ਦੇ ਫ਼ੋਨ ਦੀ ਘੰਟੀ ਵੱਜੀ। ਫ਼ੋਨ ਦੀ ਸਕਰੀਨ ਉੱਤੇ ਗੁਰੀ ਦਾ ਨਾਂ ਦਿਸ ਰਿਹਾ ਸੀ। ਅਨੂ ਫ਼ੋਨ ਰਣਜੀਤ ਨੂੰ ਦਿਖਾ ਕੇ ਕਹਿਣ ਲੱਗੀ, "ਆਹ ਲਓ ਇੱਕ ਹੋਰ ਸਿਆਪਾ! ਇਹ ਗੁਰੀ ਹੁਣ ਕਿਉਂ ਫ਼ੋਨ ਕਰੀ ਜਾਂਦੈ ਰੰਗ 'ਚ ਭੰਗ ਪਾਉਣ ਲਈ?"

"ਚੱਲ ਕੋਈ ਨਹੀਂ, ਸੁਣ ਲੈ ਕੀ ਕਹਿੰਦਾ," ਰਣਜੀਤ ਨੇ ਕਿਹਾ ਤਾਂ ਅਨੂ ਨੇ ਸਪੀਕਰ ਔਨ ਕਰ ਕੇ ਫ਼ੋਨ ਵਿਚਾਲ਼ੇ ਰੱਖ ਲਿਆ ਤੇ ਫ਼ੋਨ ਵੱਲ ਮੂੰਹ ਕਰ ਕੇ "ਹੈਲੋ" ਕਹਿ ਦਿੱਤਾ।

"ਅਨੂ ਤੂੰ ਉਸ ਦਿਨ ਮੈਨੂੰ ਸ਼ਿਅਰ ਜਿਹਾ ਸੁਣਾ ਕੇ ਫ਼ੋਨ ਕੱਟ ਗਈ। ਮੈਨੂੰ ਸ਼ਿਅਰਾਂ-ਸ਼ੁਅਰਾਂ ਦੀ ਕੋਈ ਸਮਝ ਨਹੀਂ। ਮੈਨੂੰ ਤਾਂ ਹੁਣ ਇਹੋ ਹੀ ਗੱਲ ਸਮਝ ਆਉਂਦੀ ਏ, ਪਈ ਆ ਜਾਹ ਯਾਰ ਆਪਾਂ ਪਹਿਲਾਂ ਵਾਂਗ 'ਕੱਠੇ ਰਹੀਏ। ਛੱਡ ਪਰ੍ਹਾਂ, ਬੱਚਾ ਨਹੀਂ ਹੁੰਦਾ ਤਾਂ ਨਾ ਹੋਵੇ। ਮੈਂ ਤੈਨੂੰ ਬਹੁਤ ਮਿੱਸ ਕਰਦਾਂ। ਪੈਸੇ ਮੈਂ ਵਾਹਵਾ ਜੋੜ ਲਏ ਆ। ਸਰੀ ਜਾਂ ਕੈਲਗਰੀ ਜਿੱਥੇ ਵੀ ਤੂੰ ਕਹੇਂ, ਆਪਾਂ ਘਰ ਲੈ ਲਾਂਗੇ। ਬਹੁਤੀ ਗੱਲ ਹੋਊ, ਕੋਈ ਬੱਚਾ ਅਡਾਪਟ ਕਰ ਲਾਂਗੇ। ਪਲੀਜ਼ ਮੇਰੀ ਗੱਲ ਮੰਨ ਜਾਹ ਅਨੂ," ਗੁਰੀ ਫ਼ੋਨ 'ਤੇ ਹੀ ਤਰਲੋ-ਤਰਲੀ ਹੋਣ ਲੱਗ ਪਿਆ।

ਅਨੂ ਕਿੰਨਾ ਹੀ ਚਿਰ ਰਣਜੀਤ ਵੱਲ ਦੇਖਦੀ ਰਹੀ ਜਿੱਦਾਂ ਪੁੱਛਦੀ ਹੋਵੇ ਕਿ ਹੁਣ ਕੀ ਜੁਆਬ ਦਿਆਂ। ਰਣਜੀਤ ਨੇ ਇਸ਼ਾਰੇ ਨਾਲ਼ ਹੀ ਅਨੂ ਨੂੰ ਜੁਆਬ ਦੇਣ ਲਈ ਕਿਹਾ।

"ਗੁਰੀ, ਇਹੋ ਈ ਫ਼ਰਕ ਐ ਆਪਣੇ ਵਿਚਾਲ਼ੇ ਪਈ ਮੈਨੂੰ ਸ਼ਿਅਰਾਂ 'ਚ ਗੱਲ ਕਰਨੀ ਚੰਗੀ ਲੱਗਦੀ ਏ ਤੇ ਤੈਨੂੰ ਸ਼ਿਅਰਾਂ-ਸ਼ੁਅਰਾਂ ਦੀ ਕੋਈ ਸਮਝ ਨਹੀਂ। ਲੈ ਫਿਰ ਇੱਕ ਸ਼ਿਅਰ ਹੋਰ ਸੁਣ

*ਮੇਰੇ ਖੰਭਾਂ 'ਚ ਹਾਲੇ ਦਮ ਬਥੇਰਾ,*
*ਤੂੰ ਕਾਹਨੂੰ ਰੋਕਦੈਂ ਮੇਰੀ ਉਡਾਰੀ।*

*ਮੈਂ ਜਿਹੜੇ ਜਾਲ਼ 'ਚੋਂ ਨਿਕਲ਼ੀ ਮਸਾਂ ਹੀ,*
*ਫਸਾਂ ਉਸ ਜਾਲ਼ ਵਿੱਚ ਕਾਹਤੋਂ ਦੁਬਾਰੀ।"*

ਇਹ ਦੋ ਸ਼ਿਅਰ ਸੁਣਾਉਣ ਮਗਰੋਂ ਅਨੂ ਨੇ ਗੁਰੀ ਨੂੰ ਕਿਹਾ, "ਮੈਨੂੰ

ਲੱਗਦੈ ਪਈ ਹੁਣ ਤੂੰ ਸਮਝ ਗਿਆ ਹੋਏਂਗਾ। ਮੈਨੂੰ ਤੇਰੇ ਨਾਲ਼ ਦੁਬਾਰਾ ਰਿਸ਼ਤਾ ਗੰਢਣ ਵਿੱਚ ਕੋਈ ਦਿਲਚਸਪੀ ਨਹੀਂ ਏਂ। ਸਾਫ਼-ਸਾਫ਼ ਸੁਣ ਲੈ, ਮੈਂ ਕਿਸੇ ਨਾਲ਼ ਵਿਆਹ ਕਰਾ ਲਿਆ ਏ। ਹੁਣ ਮੈਨੂੰ ਫ਼ੋਨ ਕਰਨੇ ਛੱਡ ਦੇ। ਸਮਝਿਆ?" ਫ਼ੋਨ ਕੱਟਦਿਆਂ ਅਨੂ ਮੁਸਕਰਾ ਕੇ ਰਣਜੀਤ ਵੱਲ ਏਦਾਂ ਦੇਖਣ ਲੱਗ ਪਈ, ਜਿੱਦਾਂ ਕੋਈ ਬੱਚਾ, ਚੰਗਾ ਕੰਮ ਕਰ ਕੇ, ਮਾਪਿਆਂ ਜਾਂ ਅਧਿਆਪਕਾਂ ਕੋਲੋਂ ਸ਼ਾਬਾਸ਼ੇ ਮੰਗਣ ਲਈ ਉਨ੍ਹਾਂ ਵੱਲ ਦੇਖਦਾ ਹੈ। ਅਨੂ ਨੂੰ ਇਸ ਤਰ੍ਹਾਂ ਦੇਖਦੀ ਦੇਖ ਕੇ ਰਣਜੀਤ ਨੂੰ ਕਿਸੇ ਸਿਆਣੇ ਦੀ ਕਹੀ ਹੋਈ ਉਹ ਗੱਲ ਚੇਤੇ ਆਈ, ਅਖੇ, "ਔਰਤ ਦੀ ਜ਼ੁਬਾਨ ਨਾਲੋਂ ਉਸ ਦੀਆਂ ਨਜ਼ਰਾਂ ਬਹੁਤਾ ਕੁੱਝ ਕਹਿ ਜਾਂਦੀਆਂ ਹਨ।" ਅਨੂ, ਰਣਜੀਤ ਨੂੰ ਹੈਰਾਨ ਹੋਇਆ ਛੱਡ ਕੇ, ਮੁਸਕਰਾਉਂਦੀ ਬਾਹਰ ਚਲੇ ਗਈ। ਰਣਜੀਤ ਦੀਆਂ ਅੱਖਾਂ ਨਮ ਹੋ ਗਈਆਂ ਤੇ ਉਹ ਆਪਣੇ ਮਨ ਵਿੱਚ ਇਹ ਸੋਚਣ ਲੱਗ ਪਿਆ ਕਿ ਇਸ ਕੁੜੀ ਨੇ ਮੈਨੂੰ ਅਪਾਹਜ ਨੂੰ ਅਪਣਾਉਣ ਲਈ ਇੱਕ ਚੰਗੇ ਭਲੇ ਤੰਦਰੁਸਤ ਬੰਦੇ ਨੂੰ ਲੱਤ ਮਾਰ ਦਿੱਤੀ ਹੈ। ਮੈਨੂੰ ਤਾਂ ਇਹ ਕੋਈ ਦੇਵੀ ਲੱਗਦੀ ਹੈ, ਜੋ ਇਹ ਜਾਣਦਿਆਂ ਵੀ ਕਿ ਮੈਂ ਔਰਤ ਦੇ ਕਾਬਲ ਨਹੀਂ ਹਾਂ, ਮੇਰੇ ਨਾਲ਼ ਜ਼ਿੰਦਗੀ ਬਿਤਾਉਣ ਲਈ ਰਾਜ਼ੀ ਹੋ ਗਈ ਹੈ। ਜੇ ਸੱਚੀ ਮੁਹੱਬਤ ਬਾਹਾਂ ਅੱਡੀ ਖੜ੍ਹੀ ਮਿਲ਼ ਜਾਵੇ ਤਾਂ ਬੰਦਾ ਓਸ ਵੱਲੋਂ ਮੂੰਹ ਕਿੱਦਾਂ ਮੋੜੇ? ਹੋ ਸਕਦੈ ਪਿਛਲੇ ਜਨਮ ਵਿੱਚ ਮੈਂ ਕੋਈ ਵੱਡਾ ਪੁੰਨ ਕੀਤਾ ਹੋਵੇ, ਜਿਸ ਬਦਲੇ ਉੱਪਰ ਵਾਲ਼ੇ ਨੇ ਇਹ ਨਾਯਾਬ ਹੀਰਾ ਮੇਰੀ ਝੋਲ਼ੀ ਪਾ ਦਿੱਤਾ। ਅਨੂ ਮੇਰੇ ਵੱਲੋਂ ਪਾਏ ਹੋਏ ਹਰ ਇਮਤਿਹਾਨ ਵਿੱਚੋਂ ਪਾਸ ਹੀ ਨਹੀਂ ਹੋਈ, ਸਗੋਂ ਅੱਵਲ ਵੀ ਰਹੀ ਹੈ। ਹੁਣ ਰੱਬ ਮੇਰੇ ਉੱਤੇ ਵੀ ਦਇਆ ਕਰੇ ਕਿ ਮੈਂ ਵੀ ਉਸ ਦੇ ਪਾਏ ਹਰ ਇਮਤਿਹਾਨ ਵਿੱਚੋਂ ਪਾਸ ਹੋ ਕੇ ਨਿੱਕਲ਼ਾਂ।

## 22.

ਅਨੂ ਨੂੰ ਏਦਾਂ ਲੱਗਦਾ ਸੀ ਕਿ ਐਤਵਾਰ ਆਉਣ ਵਿੱਚ ਬਹੁਤ ਦੇਰ ਹੋਈ ਜਾਂਦੀ ਹੈ। ਉਹ ਹਰ ਰਾਤ ਸੌਣ ਤੋਂ ਪਹਿਲਾਂ ਇਹੋ ਸੋਚਦੀ ਰਹਿੰਦੀ ਕਿ ਰਣਜੀਤ ਦੇ ਚਿਹਰੇ ਦੇ ਖ਼ੁਸ਼ ਹਾਵ-ਭਾਵ ਤਾਂ ਇਹੋ ਦਰਸਾ ਰਹੇ ਸਨ ਕਿ ਉਹ, ਉਸ ਨੂੰ ਨਾਂਹ ਨਹੀਂ ਕਹੇਗਾ। ਪਰ ਫੇਰ ਉਹ ਆਪਣੇ-ਆਪ ਨੂੰ ਹੀ ਪੁੱਛਦੀ ਕਿ ਇਹ ਮਾਮਲਾ ਐਤਵਾਰ ਤੱਕ ਲਟਕਾਉਣ ਦਾ ਕੀ ਮਲਤਬ ਹੋਇਆ। ਐਤਵਾਰ ਨੂੰ ਦੁਪਹਿਰੇ ਉਸ ਕੋਲ਼ ਦੋ ਮਰੀਜ਼ ਹੁੰਦੇ ਹਨ, ਜਿਨ੍ਹਾਂ ਨੂੰ ਉਸ ਨੇ ਦਸ ਤੋਂ ਬਾਰਾਂ ਅਤੇ ਬਾਰਾਂ ਤੋਂ ਦੋ ਵਜੇ ਤੱਕ ਦੇਖਣਾ ਹੁੰਦਾ ਹੈ। ਉਹ ਘਰੋਂ ਸਵਾ ਕੁ ਨੌਂ ਵਜੇ ਨਿੱਕਲ਼ਦੀ ਤੇ ਘਰ ਮੁੜਦੀ ਨੂੰ ਢਾਈ-ਪੌਣੇ ਤਿੰਨ ਵੱਜ ਜਾਂਦੇ। ਉਸ ਸੋਚ ਰਹੀ ਸੀ ਕਿ ਐਤਵਾਰ ਨੂੰ ਜਦੋਂ ਉਹ ਕੰਮ ਤੋਂ ਮੁੜੇਗੀ ਤਾਂ ਉਸ ਨੂੰ, ਉਸ ਦੇ ਸੁਆਲ ਦਾ ਜੁਆਬ ਦੇਣ ਲਈ ਰਣਜੀਤ ਤਿਆਰ ਬੈਠਾ ਹੋਵੇਗਾ। ਭਾਵੇਂ ਉਸ ਨੂੰ ਰਣਜੀਤ ਤੋਂ ਮਿਲ਼ਣ ਵਾਲ਼ੇ ਜੁਆਬ ਦਾ ਅੰਦਾਜ਼ਾ ਸੀ, ਪਰ ਫਿਰ ਵੀ ਉਹ ਜੁਆਬ, ਉਸ ਦੇ ਮੂੰਹੋਂ ਸੁਣਨਾ ਚਾਹੁੰਦੀ ਸੀ। ਇੱਕ ਲਟਕਾਅ ਜਿਹੇ ਦੀ ਹਾਲਤ ਬਣੀ ਹੋਈ ਸੀ, ਜਿਸ ਕਰ ਕੇ ਇੱਕ ਡਰ ਜਿਹਾ ਵੀ ਬਰਕਰਾਰ ਸੀ।

ਅਨੂ ਨੇ ਗੁਰੀ ਨੂੰ ਖਰੀਆਂ-ਖਰੀਆਂ ਸੁਣਾ ਕੇ ਗਲ਼ੋਂ ਤਾਂ ਲਾਹ ਦਿੱਤਾ ਸੀ, ਪਰ ਫਿਰ ਵੀ ਉਸ ਨੂੰ ਇਹ ਚਿੰਤਾ ਵੀ ਖਾਈ ਜਾ ਰਹੀ ਸੀ ਕਿ ਕਿਤੇ ਗੁਰੀ ਸਰੀ ਨਾ ਆ ਜਾਵੇ। ਉਸ ਨੂੰ ਹਮੇਸ਼ਾ ਏਦਾਂ ਲੱਗਦਾ ਸੀ ਕਿ ਗੁਰੀ ਧੱਕੇ ਨਾਲ਼ ਹੀ ਉਸ ਦੀਆਂ ਸੋਚਾਂ ਵਿੱਚ ਆ ਜਾਂਦਾ ਹੈ। ਉਸ ਨੂੰ ਇਹ ਸੋਚ ਕੇ ਆਪਣੇ ਆਪ ’ਤੇ ਖਿਝ ਜਿਹੀ ਚੜ੍ਹਨ ਲੱਗ ਜਾਂਦੀ ਕਿ ਉਹ ਐਵੇਂ ਹੀ ਗੁਰੀ ਬਾਰੇ ਕਿਉਂ ਸੋਚਣ ਲੱਗ ਪੈਂਦੀ ਹੈ। ਜਦੋਂ ਕਿ ਉਹ, ਉਸ ਨੂੰ ਜ਼ਿੰਦਗੀ ਦੇ ਬਹੁਤ ਹੀ ਨਾਜ਼ੁਕ ਜਿਹੇ ਮੋੜ ਤੇ ਛੱਡ ਕੇ ਤੁਰਦਾ ਹੋਇਆ ਸੀ। ਉਦੋਂ ਤਾਂ ਉਸ ਨੇ ਇੱਕ ਵਾਰ ਵੀ ਨਾ ਸੋਚਿਆ ਕਿ ਬੇਗਾਨੇ ਮੁਲਕ ਵਿੱਚ ਉਹ ਇਕੱਲੀ ਕਿੱਦਾਂ ਆਪਣੇ ਦਿਨ ਕੱਢੂਗੀ। ਰਣਜੀਤ ਤੋਂ ਉਸ ਨੂੰ ਇਸ ਤਰ੍ਹਾਂ ਦਾ ਕੋਈ ਖ਼ਦਸ਼ਾ ਨਹੀਂ ਹੈ। ਉਹ ਦੇ ਤੇ ਗੁਰੀ ਵਿਚਾਲ਼ੇ ਸੌ ਕੋਹਾਂ ਦਾ ਫ਼ਰਕ ਹੈ। ਰਣਜੀਤ ਨਰਮ-ਦਿਲ ਇਨਸਾਨ ਹੈ, ਜਿਹੜਾ ਆਪਣੀ ਜ਼ਿੰਦਗੀ ਦਾ ਇੱਕ ਲੰਬਾ ਹਿੱਸਾ, ਸੋਨੀਆ ਵਰਗੀ ਪੱਥਰ ਦਿਲ ਔਰਤ ਨਾਲ਼ ਗੁਜ਼ਾਰ ਕੇ ਆਇਆ ਹੈ। ‘ਹਾਏ, ਉਹ ਕਿੱਦਾਂ ਰਿਹਾ ਹੋਊਗਾ ਸੋਨੀਆ ਨਾਲ਼ ਇੰਨਾ ਚਿਰ?’ ਇਹ ਸੋਚ ਕੇ ਅਨੂ ਕੰਬ ਜਿਹੀ ਗਈ।

ਐਤਵਾਰ ਸਵੇਰੇ ਅਨੂ ਆਪਣੇ ਕੰਮ ’ਤੇ ਚਲੇ ਗਈ। ਕੰਮ ਤੇ ਪਹੁੰਚਣ ਤੋਂ ਪਹਿਲਾਂ, ਰਾਹ ਵਿੱਚ ਜਾਂਦਿਆਂ ਅਨੂ ਦੀ ਨਿਗਾਹ ਆਪਣੀ ਕਾਰ ਦੀ ਘੜੀ ’ਤੇ ਪਈ। ਨਾਲ਼ ਹੀ ਉਸ ਦੀ ਨਿਗਾਹ ਤਰੀਕ ’ਤੇ ਪੈ ਗਈ। ਫਿਰ ਕੁੱਝ ਸੋਚ ਕੇ, ਉਸ ਦੇ ਚਿਹਰੇ ’ਤੇ ਮੁਸਕਰਾਹਟ ਆ ਗਈ। ਅੱਜ ਤਾਂ ਉਸ ਦਾ ਜਨਮ ਦਿਨ ਹੈ। ਰਣਜੀਤ ਤੋਂ ਜੁਆਬ ਆਉਣ ਦੀ ਉਧੇੜ-ਬੁਣ ਵਿੱਚ, ਉਸ ਨੂੰ ਇਹ ਚੇਤਾ ਹੀ ਨਹੀਂ ਰਿਹਾ ਕਿ ਐਤਵਾਰ ਨੂੰ ਹੀ ਉਸ ਦਾ ਜਨਮ ਦਿਨ ਵੀ ਹੈ। ਅਨੂ ਨੂੰ ਆਪਣੀ ਅਕਲ ’ਤੇ ਗੁੱਸਾ ਜਿਹਾ ਵੀ ਆਇਆ। ਜੇ ਉਹ ਇੰਨਾ ਹੀ ਚੇਤਾ ਰੱਖ ਲੈਂਦੀ ਕਿ ਰਣਜੀਤ ਨੇ ਜਿਹੜੇ ਦਿਨ ਉਸ ਨੂੰ ਜੁਆਬ ਦੇਣਾ ਹੈ, ਉਹ, ਉਸ ਦਾ ਜਨਮ ਦਿਨ ਹੈ ਤਾਂ ਉਹ ਰੋਜ਼ ਪੁੱਠੀਆਂ-ਸਿੱਧੀਆਂ ਸੋਚਾਂ ਵਿੱਚ ਉਲਝ ਕੇ ਆਪਣੀ ਨੀਂਦ

ਖ਼ਰਾਬ ਨਾ ਕਰਦੀ। ਹੁਣ ਉਸ ਨੂੰ ਸਪੱਸ਼ਟ ਦਿਸਣ ਲੱਗ ਪਿਆ ਸੀ ਕਿ ਰਣਜੀਤ ਅੱਜ ਉਸ ਨੂੰ, ਉਹ ਜੁਆਬ, ਉਸ ਦੇ ਜਨਮ ਦਿਨ ਦੇ ਤੁਹਫ਼ੇ ਵਜੋਂ ਦੇਣਾ ਚਾਹੁੰਦਾ ਹੈ। ਭਲਾ ਦਿਨ-ਦਿਹਾਰ 'ਤੇ ਦਿੱਤਾ ਜਾਣ ਵਾਲ਼ਾ ਤੁਹਫ਼ਾ ਮਾੜਾ ਕਿੱਦਾਂ ਹੋ ਸਕਦਾ ਹੈ।

ਗੁਰੀ ਨੂੰ ਤਾਂ ਕਦੇ ਵੀ ਉਸ ਦਾ ਜਨਮ ਦਿਨ ਯਾਦ ਨਹੀਂ ਰਿਹਾ ਸੀ। ਦੂਜੇ ਪਾਸੇ ਰਣਜੀਤ ਨੂੰ, ਉਸ ਨੇ ਕਦੇ ਵੀ ਆਪਣੀ ਜਨਮ-ਤਰੀਕ ਨਹੀਂ ਦੱਸੀ ਸੀ, ਪਰ ਫਿਰ ਵੀ ਉਸ ਨੇ ਇਹ ਤਰੀਕ ਯਾਦ ਰੱਖੀ। ਪਤਾ ਨਹੀਂ ਉਸ ਨੇ ਇਹ ਤਰੀਕ ਕਿੱਥੋਂ ਲੱਭੀ ਹੋਏਗੀ। ਇੰਨੇ ਚੰਗੇ ਰਣਜੀਤ ਬਾਰੇ ਉਸ ਦੇ ਮੰਮੀ ਡੈਡੀ ਨੇ ਫ਼ੋਨ 'ਤੇ ਕਿੰਨੇ ਬੋਲ-ਕੁਬੋਲ ਕੀਤੇ ਸਨ। ਹੁਣ ਉਸ ਦਾ ਧਿਆਨ ਰਣਜੀਤ ਦੇ ਗੁਣਾਂ ਦੀ ਥਾਂ, ਉਸ ਦੇ ਮਾਪਿਆਂ ਦੀ, ਉਸ ਬਾਰੇ ਕੀਤੀ ਹੋਈ ਬਦਕਲਾਮੀ ਵੱਲ ਚਲਿਆ ਗਿਆ, ਜਿਸ ਨੂੰ ਉਹ ਰਣਜੀਤ ਕੋਲ਼ੋਂ ਲੁਕਾਅ ਗਈ ਸੀ। ਅਖੇ, 'ਕੁੜੀਏ ਤੇਰੀ ਮੱਤ ਮਾਰੀ ਗਈ ਏ। ਤੈਨੂੰ ਮੁੰਡਿਆਂ ਦਾ ਕੀ ਘਾਟਾ ਸੀ। ਤੂੰ ਸਾਨੂੰ ਦੱਸਦੀ ਤੇਰੇ ਲਈ ਮੁੰਡਿਆਂ ਦੀਆਂ ਲਾਈਨਾਂ ਲਾ ਦਿੰਦੇ। ਹੁਣ ਉਸ ਪਿੰਗਲੇ ਨੂੰ ਕਿੱਥੇ ਘੜੀਸੀ ਫਿਰੇਂਗੀ ਸਾਰੀ ਉਮਰ?' ਰਣਜੀਤ ਬਾਰੇ ਇੰਨਾ ਘਟੀਆ ਸ਼ਬਦ ਸੁਣਦੇ ਸਾਰ ਹੀ ਉਸ ਨੇ ਫ਼ੋਨ ਕੱਟ ਦਿੱਤਾ ਸੀ ਤੇ ਇਹ ਫ਼ੈਸਲਾ ਕਰ ਲਿਆ ਸੀ ਕਿ ਉਹ ਕਿਸੇ ਦੀ ਪ੍ਰਵਾਹ ਕੀਤੇ ਬਗ਼ੈਰ ਰਣਜੀਤ ਦੀ ਬਾਂਹ ਫੜ ਲਏਗੀ। ਰਣਜੀਤ ਅਪਾਹਜ ਜ਼ਰੂਰ ਸੀ, ਪਰ ਉਸ ਦਾ ਮੁਸਕਰਾਉਂਦਾ ਚਿਹਰਾ ਦੇਖ ਕੇ ਅਨੂ ਦਾ ਸਾਰਾ ਥਕੇਵਾਂ ਲਹਿ ਜਾਂਦਾ ਸੀ। ਉਹ ਜਦੋਂ ਵੀ ਕਦੇ ਉਸ ਦੇ ਸਿਰ ਦੀ ਮਾਲਸ਼ ਕਰਦੀ ਤਾਂ ਉਹ ਇੱਕ ਅਜੀਬ ਜਿਹੇ ਸਰੂਰ ਨਾਲ਼ ਅੱਖਾਂ ਮੀਚ ਲੈਂਦਾ ਸੀ। ਕੁੱਝ ਗੱਲਾਂ ਵਿੱਚ ਉਹ ਦੀ ਜ਼ਿੱਦ, ਬੱਚਿਆਂ ਦੀ ਜ਼ਿੱਦ ਵਰਗੀ ਹੁੰਦੀ । ਕਈ ਵਾਰ ਉਹ ਇਸੇ ਤਰ੍ਹਾਂ ਦੀ ਜ਼ਿੱਦ ਕਰ ਕੇ, ਉਸ ਤੋਂ ਕੋਈ ਕੰਮ ਕਰਾਉਂਦਾ ਤੇ ਕਈ ਵਾਰ ਉਸ ਨੂੰ ਕੋਈ ਕੰਮ ਕਰਨ ਤੋਂ ਰੋਕਦਾ। ਉਸ ਨੂੰ ਇਸ ਤਰ੍ਹਾਂ ਜ਼ਿੱਦ ਕਰਦਿਆਂ ਦੇਖ ਕੇ ਅਨੂ ਵੀ ਕਈ ਵਾਰ ਮਨੋ-ਮਨੀਂ ਇਹ ਸੋਚਣ ਲੱਗ ਜਾਂਦੀ ਕਿ ਕਾਸ਼! ਉਹ ਇਸ ਤਰ੍ਹਾਂ ਹੀ ਉਸ ਦੀਆਂ ਜ਼ਿੱਦਾਂ ਪੁਗਾਉਂਦਿਆਂ ਉਮਰ ਕੱਢ ਦੇਵੇ। ਇਸ ਤਰ੍ਹਾਂ ਜ਼ਿੱਦਾਂ ਕਰਦਾ-ਕਰਦਾ 'ਉਹ ਬੱਚਾ' ਉਸ ਨੂੰ ਵੱਡਾ ਹੁੰਦਾ ਨਾ ਲੱਗਦਾ ਤੇ ਕਈ ਵਾਰੀ ਉਹ ਏਦਾਂ ਵੀ ਸੋਚ ਜਾਂਦੀ ਕਿ ਉਹ ਏਦਾਂ 'ਬੱਚਾ ਜਿਹਾ' ਹੀ ਬਣਿਆ ਰਹੇ। ਇਹ ਸੋਚਦਿਆਂ ਹੋਇਆਂ ਉਸ ਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਉਸ ਦੀਆਂ ਅੱਖਾਂ ਭਰ ਆਈਆਂ ਤੇ ਉਸ ਨੇ ਕਾਰ ਇੱਕ ਪਾਸੇ ਰੋਕ ਕੇ ਆਪਣੀਆਂ ਅੱਖਾਂ ਪੂੰਝੀਆਂ, ਕਾਰ ਦੇ ਸਨਵਾਈਜ਼ਰ ਪਿੱਛੇ ਲੱਗੇ ਸ਼ੀਸ਼ੇ ਵਿੱਚ ਦੇਖ ਕੇ ਆਪਣਾ ਚਿਹਰਾ ਸੁਆਰਿਆ।

ਢਾਈ ਵਜੇ ਜਿਉਂ ਹੀ ਅਨੂ ਘਰ ਵਿੱਚ ਵੜੀ ਤਾਂ ਉਹ, ਘਰ ਦੀ ਸਜਾਵਟ ਦੇਖ ਕੇ ਦੰਗ ਰਹਿ ਗਈ। ਸਾਰਾ ਹੀ ਘਰ ਰੰਗ-ਬਰੰਗੀਆਂ ਝੰਡੀਆਂ, ਗ਼ੁਬਾਰਿਆਂ ਅਤੇ ਫੁੱਲਾਂ ਨਾਲ਼ ਸਜਿਆ ਪਿਆ ਸੀ। ਸਿੰਮੀ ਤੇ ਗੁਰਲੀਨ ਨੇ ਨਵੇਂ-ਨਕੋਰ ਲਿਸ਼ਕਾਂ ਮਾਰਦੇ ਲਹਿੰਗੇ ਪਾਏ ਹੋਏ ਸਨ। ਟੇਬਲ ਉੱਤੇ ਮੋਮਬੱਤੀਆਂ ਵਾਲ਼ਾ ਕੇਕ ਸਜਾ ਕੇ ਟਿਕਾਇਆ ਹੋਇਆ ਸੀ। ਰਣਜੀਤ ਨੇ ਸ਼ੇਵ ਕੀਤੀ ਹੋਈ ਸੀ ਤੇ ਵਾਲ਼ ਬੜੇ ਸਲੀਕੇ ਨਾਲ਼ ਵਾਹੇ ਹੋਏ ਸਨ। ਉਸ ਨੇ ਨਵਾਂ ਕਰੀਮ ਕਲਰ ਦਾ ਸੂਟ ਪਾਇਆ ਹੋਇਆ ਸੀ ਤੇ ਉਹ ਆਪਣੀ ਵੀਲਚੇਅਰ 'ਤੇ ਬੈਠਾ ਸ਼ਹਿਨਸ਼ਾਹ ਲੱਗ ਰਿਹਾ ਸੀ। ਅਨੂ ਦੇ, ਅੰਦਰ ਵੜਦਿਆਂ ਹੀ 'ਹੈਪੀ ਬਰਥ ਡੇ' ਦੀਆਂ ਸੰਗੀਤਮਈ ਆਵਾਜ਼ਾਂ ਉਸ ਦੇ ਕੰਨੀਂ ਪੈਣੀਆਂ ਸ਼ੁਰੂ ਹੋ ਗਈਆਂ ਤੇ ਉਹ 'ਥੈਂਕ ਯੂ-ਥੈਂਕ ਯੂ'

ਕਹਿੰਦੀ, ਹੱਸਦੀ-ਹੱਸਦੀ ਅੰਦਰ ਦਾਖ਼ਲ ਹੋਈ। ਉਸ ਨੂੰ ਜਨਮ ਦਿਨ ਦੇ ਇਨ੍ਹਾਂ ਜਸ਼ਨਾਂ ਨਾਲ਼ੋਂ ਰਣਜੀਤ ਦਾ ਜੁਆਬ ਸੁਣਨ ਵਿੱਚ ਵਧੇਰੇ ਕਾਹਲ਼ ਸੀ।

"ਦੀਦੀ, ਵਾਸ਼ਰੂਮ ਵਿੱਚ ਤੁਹਾਡੇ ਕੱਪੜੇ ਪਏ ਨੇ, ਮਿੰਟ ਪੰਦਰਾਂ ਲਾਓ, ਤੇ ਨਹਾ ਕੇ ਬਾਹਰ ਆ ਜਾਓ। ਐਵੇਂ ਨਾ ਪਾਣੀ ਨਾਲ਼ ਖੇਡੇ ਪੈ ਜਾਇਓ। ਫਿਰ ਕੇਕ ਵੀ ਕੱਟਣੈ," ਸਿੰਮੀ ਨੇ ਅੱਗੇ ਹੋ ਕੇ ਅਨੂ ਨੂੰ ਹਦਾਇਤਾਂ ਕੀਤੀਆਂ।

ਵਾਸ਼ਰੂਮ ਅੰਦਰ ਜਾ ਕੇ ਅਨੂ ਨੇ ਦੇਖਿਆ ਕਿ ਇੱਕ ਬਹੁਤ ਹੀ ਕੀਮਤੀ ਲਹਿੰਗਾ ਬੜੇ ਸਲੀਕੇ ਨਾਲ਼ ਰੱਖਿਆ ਹੋਇਆ ਸੀ। ਉਸ ਸੋਚਣ ਲੱਗ ਪਈ ਕਿ ਸਿੰਮੀ ਅਤੇ ਗੁਰਲੀਨ ਨੇ, ਰਣਜੀਤ ਨੂੰ ਨਾਲ਼ ਲਿਜਾ ਕੇ ਖ਼ਰੀਦਾਰੀ ਕੀਤੀ ਹੋਏਗੀ ਤੇ ਇਹ ਸ਼ਾਹ-ਖ਼ਰਚੀ ਰਣਜੀਤ ਦੀ ਜੇਬ 'ਚੋਂ ਹੀ ਹੋਈ ਹੋਵੇਗੀ। ਰਣਜੀਤ ਨੇ ਹੀ ਸਿੰਮੀ ਤੇ ਗੁਰਲੀਨ ਨੂੰ ਵੀ ਲਹਿੰਗੇ ਲੈ ਕੇ ਦਿੱਤੇ ਹੋਣਗੇ। ਉਸ ਨੂੰ ਲੱਗਿਆ ਕਿ ਉਸ ਨੇ ਜਿਹੜਾ ਦਸ ਹਜ਼ਾਰ ਦਾ ਜਿਹੜਾ ਚੈੱਕ ਕੁੱਝ ਦਿਨ ਪਹਿਲਾਂ ਰਣਜੀਤ ਨੂੰ ਦਿੱਤਾ ਸੀ ਉਹ ਸਾਰਾ ਪੈਸਾ ਉਹ ਲਹਿੰਗਿਆਂ 'ਤੇ ਉਡਾ ਆਇਐ। ਫਿਰ ਉਸ ਨੇ ਸੋਚਣਾ ਛੱਡ ਕੇ, ਆਪਣਾ ਲਹਿੰਗਾ ਚੁੱਕ ਕੇ ਮੱਥੇ ਨੂੰ ਲਾਇਆ। ਇਹ, ਰਣਜੀਤ ਵੱਲੋਂ ਉਸ ਨੂੰ ਦਿੱਤਾ ਗਿਆ ਪਹਿਲਾ ਤੁਹਫ਼ਾ ਸੀ।

ਅਨੂ ਨੂੰ ਮੇਕਅੱਪ ਦਾ ਬਹੁਤਾ ਸ਼ੌਕ ਨਹੀਂ ਸੀ, ਫਿਰ ਵੀ ਉਹ ਸਾਦਾ ਜਿਹਾ ਮੇਕਅੱਪ ਕਰ ਕੇ, ਪੱਚੀ ਕੁ ਮਿੰਟ 'ਚ ਹੀ ਬਾਹਰ ਆ ਗਈ। ਉਸ ਨੂੰ ਸਾਦਗੀ ਦੇ ਹੁਸਨ ਦਾ ਇਲਮ ਸੀ। ਜਦੋਂ ਅਨੂ ਸਜ-ਧਜ ਕੇ ਬਾਹਰ ਆਈ ਤਾਂ ਰਣਜੀਤ ਦੀਆਂ ਨਜ਼ਰਾਂ ਉਸ ਉੱਤੇ ਹੀ ਟਿੱਕ ਗਈਆਂ ਸਨ। ਅਨੂ ਉਸ ਨੂੰ ਆਪਣੇ 'ਤੇ ਮੋਹਿਤ ਹੋਇਆ ਦੇਖ ਕੇ ਹਲਕਾ ਜਿਹਾ ਮੁਸਕਰਾਈ ਤਾਂ ਰਣਜੀਤ ਦੇ ਮੂੰਹੋਂ ਇਹ ਬੋਲ ਕਿਰੇ:

*"ਸਾਰਾ ਪਿਆਰ ਬਟੋਰ ਗਈ, ਤੇਰੀ ਮੁਸਕਾਨ।*
*ਜਨਮਾਂ ਦੇ ਦੁੱਖ ਤੋੜ ਗਈ, ਤੇਰੀ ਮੁਸਕਾਨ।*

*ਮਨ 'ਤੇ ਤਾਰੀ ਹੋਇਆ ਇਕ ਵਿਸਮਾਦ ਜਿਹਾ,*
*ਮੋਖਸ਼ ਦੇ ਵਲ ਤੋਰ ਗਈ, ਤੇਰੀ ਮੁਸਕਾਨ।"*

"ਵਾਹ ਵਾਹ.... ਸ਼ੁਕਰੀਆ ਜਨਾਬ ਰਣਜੀਤ ਸ੍ਹਾਬ। ਲਵ ਯੂ ਫ਼ਾਰ ਦਿਸ। ਮੈਂ ਤੁਹਾਡੇ ਜੁਆਬ ਦੀ ਮੁੰਤਜ਼ਿਰ ਹਾਂ," ਅਨੂ ਨੇ ਰਣਜੀਤ ਦੀ ਵੀਲਚੇਆਰ ਕੋਲ਼ ਜਾ ਕੇ, ਝੁਕ ਕੇ ਉਸ ਦੇ ਕੰਨ ਵਿੱਚ ਸੁਣਨ ਜੋਗਾ ਕਿਹਾ।

"ਅਨੂ, ਜੁਆਬ ਦੀ ਮੁੰਤਜ਼ਿਰ ਤੂੰ ਨਹੀਂ, ਮੈਂ ਹਾਂ। ਸਗੋਂ ਮੈਂ ਤਾਂ ਯੁਗਾਂ ਤੋਂ ਤੇਰੇ ਜੁਆਬ ਦਾ ਮੁੰਤਜ਼ਿਰ ਹਾਂ," ਇਹ ਕਹਿ ਕੇ ਰਣਜੀਤ ਨੇ ਸਿੰਮੀ ਅਤੇ ਗੁਰਲੀਨ ਵੱਲ ਦੇਖਿਆ ਤਾਂ ਉਹ ਦੋਵੇਂ ਖਿੜ-ਖਿੜਾ ਕੇ ਹੱਸ ਪਈਆਂ।

"ਉਹ ਕਿੱਦਾਂ ਜੀ?" ਅਨੂ ਨੇ ਸੁਆਲੀਆ ਨਜ਼ਰਾਂ ਨਾਲ਼ ਦੇਖਦਿਆਂ ਕਿਹਾ।

"ਦੱਸਦਾਂ," ਕਹਿ ਕੇ ਰਣਜੀਤ ਆਪਣੀ ਵੀਲਚੇਅਰ ਰੋੜ੍ਹ ਕੇ ਅਨੂ ਤੋਂ ਦਸ-ਪੰਦਰਾਂ ਫੁੱਟ ਦੇ ਫ਼ਾਸਲੇ 'ਤੇ ਲੈ ਗਿਆ ਤੇ ਫਿਰ ਵੀਲਚੇਅਰ ਘੁਮਾ ਕੇ, ਉਸ ਨੇ ਅਨੂ ਦੀਆਂ ਅੱਖਾਂ ਵਿੱਚ ਅੱਖਾਂ ਪਾਈਆਂ। ਇਸ ਤੋਂ ਬਾਅਦ ਅਨੂ ਨੇ ਜੋ ਦੇਖਿਆ, ਉਹ ਦੇਖਦਿਆਂ ਉਹ ਬੇਹੋਸ਼ ਹੁੰਦੀ-ਹੁੰਦੀ ਮਸਾਂ ਬਚੀ।

ਰਣਜੀਤ ਵੀਲਚੇਅਰ ਨੂੰ ਪਿੱਛੇ ਛੱਡ, ਢਾਕਾਂ ’ਤੇ ਹੱਥ ਰੱਖ ਕੇ ਸਿੱਧਾ ਖੜ੍ਹਾ ਸੀ। ਫਿਰ ਉਹ ਬੜੇ ਸ਼ਾਨਦਾਰ ਅੰਦਾਜ਼ ਨਾਲ਼ ਤੁਰ ਕੇ ਅਨੂ ਕੋਲ਼ ਆਇਆ ਅਤੇ ਉਸ ਨੇ ਜੇਬ ਵਿੱਚੋਂ ਡਾਇਮੰਡ ਰਿੰਗ ਵਾਲ਼ੀ ਇੱਕ ਡੱਬੀ ਕੱਢੀ ਤੇ ਉਸ ਨੂੰ ਖੋਲ੍ਹ ਕੇ, ਅਨੂ ਦੇ ਅੱਗੇ ਝੁਕ ਕੇ ਬੈਠਦਿਆਂ, ਕਹਿਣ ਲੱਗਿਆ, “ਮਲਿਕਾ ਏ ਆਲ਼ੀਆ, ਇਸ ਖ਼ਾਦਮ ਨੂੰ ਤਾ-ਉਮਰ ਆਪਣੀ ਖ਼ਿਦਮਤ ਕਰਨ ਦਾ ਮੌਕਾ ਦੇ ਦੇਵੋ। ਗ਼ੁਲਾਮ ਦੀ ਗ਼ੁਲਾਮੀ ਕਬੂਲ ਫ਼ਰਮਾਓ। ਜੇ ਤੁਸੀਂ ਮੈਨੂੰ ਇਸ ਕਾਬਲ ਸਮਝਦੇ ਹੋ, ਤਾਂ, ਕੀ ਤੁਸੀਂ ਸਾਰੀ ਉਮਰ ਲਈ ਮੇਰੀ ਮਲਿਕਾ ਬਣਨਾ ਪਸੰਦ ਕਰੋਗੇ?”

ਅਨੂ ਦਾ ਚਿਹਰਾ ਦਗਦੇ ਅੰਗਿਆਰਾਂ ਵਾਂਗ ਦਹਿਕ ਰਿਹਾ ਸੀ। ਉਸ ਨੂੰ ਖੜ੍ਹੀ ਰਹਿਣ ਲਈ, ਸਿੰਮੀ ਤੇ ਗੁਰਲੀਨ ਦੇ ਮੋਢਿਆਂ ਦਾ ਸਹਾਰਾ ਲੈਣਾ ਪਿਆ। ਉਹ, ਉਨ੍ਹਾਂ ਨੂੰ ਹੱਥ ਲਾ ਕੇ ਸ਼ਾਇਦ ਇਹ ਵੀ ਯਕੀਨ ਕਰਨਾ ਚਾਹੁੰਦੀ ਸੀ ਕਿ ਉਹ ਕਿਤੇ ਕੋਈ ਸੁਪਨਾ ਤਾਂ ਨਹੀਂ ਦੇਖ ਰਹੀ। ਉਸ ਨੂੰ ਇਹ ਵੀ ਡਰ ਸੀ ਕਿ ਜੇ ਇਹ ਸੁਪਨਾ ਵੀ ਹੈ ਤਾਂ ਕਿਤੇ ਟੁੱਟ ਹੀ ਨਾ ਜਾਵੇ। ਕੁੱਝ ਅਣਕਿਆਸੇ ਜਿਹੇ ਅਹਿਸਾਸ, ਹੰਝੂ ਬਣ ਕੇ ਉਸ ਦੀਆਂ ਅੱਖਾਂ ’ਚੋਂ ਵਹਿ ਤੁਰੇ ਤੇ ਕਿੰਨਾ ਹੀ ਚਿਰ ਉਸ ਤੋਂ ਬੋਲਿਆ ਨਾ ਗਿਆ। ਜਦੋਂ ਉਹ ਕੁੱਝ ਨਾ ਬੋਲੀ ਤਾਂ ਸਿੰਮੀ ਨੇ ਕਿਹਾ, “ਦੀਦੀ, ਭਾਅ ਜੀ ਕੁੱਝ ਪੁੱਛ ਰਹੇ ਨੇ, ਜੁਆਬ ਦਿਓ ਨਾ!”

ਸਿੰਮੀ ਦੀ ਆਵਾਜ਼ ਸੁਣ ਕੇ ਅਨੂ ਨੂੰ ਹਕੀਕਤ ਦਾ ਅਹਿਸਾਸ ਹੋਇਆ। ਉਹ ਰਣਜੀਤ ਦੇ ਸ਼ਰਬਤੀ ਬੋਲਾਂ ਦੇ ਨਸ਼ੇ ਵਿੱਚ ਗੁਆਚੀ, ਕਿਸੇ ਹੋਰ ਹੀ ਦੁਨੀਆ ਵਿੱਚੋਂ ਬਾਹਰ ਆਈ ਜਾਪੀ। ਉਸ ਨੇ ਕੁੱਝ ਕਹਿਣਾ ਚਾਹਿਆ ਪਰ ਉਸ ਦੇ ਮੂੰਹੋਂ ਆਵਾਜ਼ ਨਾ ਨਿੱਕਲ਼ੀ। ਖ਼ੁਸ਼ੀ ਉਸ ਦੇ ਹਰ ਅੰਗ ’ਤੇ ਇਸ ਕਦਰ ਤਾਰੀ ਹੋ ਗਈ ਸੀ ਕਿ ਹਰ ਅੰਗ ਹਿੱਲਣਾ-ਜੁੱਲਣਾ ਹੀ ਭੁੱਲ ਗਿਆ ਸੀ। ਉਸ ਨੇ ਬੜੀ ਮੁਸ਼ਕਲ ਨਾਲ਼ ਆਪਣਾ ਹੱਥ ਰਣਜੀਤ ਵੱਲ ਵਧਾਇਆ ਤੇ ਹਲਕਾ ਜਿਹਾ ਸਿਰ ਹਿਲਾ ਕੇ ਰਣਜੀਤ ਦੇ ਸੁਆਲ ਦੀ ਹਾਮੀ ਭਰੀ। ਰਣਜੀਤ ਨੇ ਉਸ ਦੀ ਉਂਗਲ ਵਿੱਚ ਮੁੰਦਰੀ ਪਾ ਦਿੱਤੀ ਤੇ ਖੜ੍ਹਾ ਹੋ ਗਿਆ। ਰਣਜੀਤ ਦੇ ਖੜ੍ਹੇ ਹੋਣ ਸਾਰ, ਅਨੂ ਨੇ ਰਣਜੀਤ ਦਾ ਕਲ਼ਾਵਾ ਏਦਾਂ ਭਰ ਲਿਆ ਜਿੱਦਾਂ ਉਹ ਯੁੱਗਾਂ ਤੋਂ ਵਿੱਛੜੇ ਹੋਏ ਮਿਲ਼ੇ ਹੋਣ। ਜਦੋਂ ਰਣਜੀਤ ਨੇ ਵੀ ਅਨੂ ਨੂੰ ਬਾਹਾਂ ਵਿੱਚ ਘੁੱਟ ਲਿਆ ਤਾਂ ਪਹਿਲੀ ਵਾਰ ਉਸ ਦੇ ਮੂੰਹੋਂ ਇਹ ਬੋਲ ਨਿੱਕਲ਼ੇ, “ਤੁਸੀਂ ਮੇਰੇ ਨਾਲ਼ ਏਦਾਂ ਕਿਉਂ ਕੀਤਾ? ਮੇਰੇ ਕੋਲ਼ੋਂ ਲੁਕਾਅ ਕਿਉਂ ਰੱਖਿਆ?” ਇਹ ਕਹਿੰਦਿਆਂ ਧਾਹੀਂ ਰੋ ਪਈ ਤੇ ਨਾਲ਼ੋ-ਨਾਲ਼ ਉਹ ਰਣਜੀਤ ਦੀ ਛਾਤੀ ਵਿੱਚ ਮੁੱਕੀਆਂ ਮਾਰਨ ਲੱਗ ਪਈ। ਰਣਜੀਤ ਨੇ ਵੀ ਖੱਬੇ ਹੱਥ ਦੇ ਅੰਗੂਠੇ ਨਾਲ਼ ਆਪਣੀਆਂ ਅੱਖਾਂ ਦੇ ਕੋਏ ਪੂੰਝੇ। ਇਹ ਤੱਕ ਕੇ ਸਿੰਮੀ ਅਤੇ ਗੁਰਲੀਨ ਦੀਆਂ ਅੱਖਾਂ ਵੀ ਬੇਮੁਹਾਰੇ ਵਹਿ ਤੁਰੀਆਂ ਅਤੇ ਸਾਰਾ ਹੀ ਮਾਹੌਲ ਤਰਲ ਜਿਹਾ ਹੋ ਗਿਆ।

“ਮੈਂ ਤੇਰੇ ਹਰ ਸੁਆਲ ਦਾ ਜੁਆਬ ਦਿਆਂਗਾ ਅਨੂ, ਪਹਿਲਾਂ ਆਪਾਂ ਕੇਕ ਨਾ ਕੱਟ ਲਈਏ? ਆਹ ਜੁਆਕੜੀਆਂ ਵਿਚਾਰੀਆਂ ਦਾ ਤਾਂ ਮੂੰਹ ਮਿੱਠਾ ਕਰਾਈਏ,” ਰਣਜੀਤ ਨੇ ਬਾਹਾਂ ਢਿੱਲੀਆਂ ਕਰ ਕੇ ਅਨੂ ਨੂੰ ਗੁਰਲੀਨ ਤੇ ਸਿੰਮੀ ਦੇ ਹਵਾਲੇ ਕਰਦਿਆਂ ਕਿਹਾ।

ਅਨੂ ਦੇ ਜਨਮ ਦਿਨ ਦਾ ਕੇਕ, ਉਨ੍ਹਾਂ ਦੋਹਾਂ ਵੱਲੋਂ ਕੱਟੇ ਜਾਣ ਨਾਲ਼ ਇੱਕ ਤਰ੍ਹਾਂ ਉਨ੍ਹਾਂ ਦੇ ਵਿਆਹ ਦੀ ਰਸਮ ਹੀ ਬਣ ਗਿਆ। ਭਾਵੇਂ ਰੋ-ਰੋ ਕੇ ਅਨੂ

ਦਾ ਮੇਕਅੱਪ ਖ਼ਰਾਬ ਹੋ ਗਿਆ ਸੀ, ਪਰ ਇਸ ਦੇ ਬਾਵਜੂਦ, ਉਸ ਨੂੰ ਰੂਪ ਬਹੁਤ ਚੜ੍ਹਿਆ ਹੋਇਆ ਸੀ। ਕੇਕ ਕੱਟਣ ਤੋਂ ਬਾਅਦ ਰਣਜੀਤ ਅਤੇ ਅਨੂ ਨੇ ਇੱਕ-ਦੂਜੇ ਨੂੰ ਕੇਕ ਖੁਆਇਆ ਤਾਂ ਅਨੂ ਫਿਰ ਰਣਜੀਤ ਨੂੰ 'ਲਵ ਯੂ' ਕਹਿ ਕੇ ਉਸ ਦੀ ਹਿੱਕ ਨਾਲ਼ ਲੱਗ ਗਈ। ਰਣਜੀਤ ਨੇ ਵੀ ਉਸ ਨੂੰ 'ਆਈ ਲਵ ਯੂ ਟੂ' ਕਹਿ ਕੇ ਫਿਰ ਛਾਤੀ ਨਾਲ਼ ਘੁੱਟ ਲਿਆ। ਫਿਰ ਉਹ ਕਿੰਨਾ ਹੀ ਚਿਰ ਉਸੇ ਤਰ੍ਹਾਂ ਖੜ੍ਹੇ ਰਹੇ।

"ਭਾਅ ਜੀ, ਦੀਦੀ ਨੂੰ 'ਬਰਥ ਡੇ ਗਿਫ਼ਟ' ਵੀ ਦਿਓ ਨਾ ਹੁਣ," ਗੁਰਲੀਨ ਨੇ ਇਹ ਕਹਿ ਕੇ ਉਨ੍ਹਾਂ ਦੀ ਪ੍ਰੇਮ-ਸਮਾਧੀ ਭੰਗ ਕੀਤੀ।

"ਚੁੱਪ ਕਰ ਨੀ ਗੁਰਲੀਨ, ਮੈਨੂੰ ਦੁਨੀਆ ਦਾ ਸਭ ਤੋਂ ਵੱਡਾ ਅਤੇ ਸੋਹਣਾ ਗਿਫ਼ਟ ਮਿਲ ਗਿਆ ਏ। ਮੈਨੂੰ ਨਹੀਂ ਚਾਹੀਦਾ ਹੋਰ ਕੋਈ ਗਿਫ਼ਟ," ਅਨੂ ਨੇ ਗੁਰਲੀਨ ਨੂੰ ਝਿੜਕਣ ਵਾਂਗ ਕਿਹਾ।

"ਨਹੀਂ ਅਨੂ, ਜਨਮ ਦਿਨ ਦਾ ਤੋਹਫ਼ਾ ਤਾਂ ਲੈਣਾ ਈ ਪਊਗਾ। ਮੈਂ ਤਾਂ ਆਰਡਰ ਕਰ ਚੁੱਕਾਂ," ਇਹ ਕਹਿੰਦਿਆਂ ਰਣਜੀਤ ਨੇ ਆਪਣੀ ਘੜੀ ਤੇ ਟਾਈਮ ਦੇਖਿਆ ਤਾਂ ਉਸੇ ਵੇਲ਼ੇ ਅਨੂ ਦਾ ਸੈੱਲ ਫ਼ੋਨ ਖੜਕ ਪਿਆ। ਅਨੂ ਨੇ ਮੱਥੇ ਤਿਊੜੀਆਂ ਜਿਹੀਆਂ ਪਾ ਕੇ ਫ਼ੋਨ ਵਿੱਚ 'ਹੈਲੋ' ਕਿਹਾ। ਦੂਜੇ ਪਾਸਿਓਂ ਆਉਂਦੀ ਆਵਾਜ਼ ਸੁਣਦਿਆਂ ਅਨੂ ਦੇ ਮੱਥੇ ਦੀਆਂ ਤਿਊੜੀਆਂ ਹੀ ਨਹੀਂ ਨਿੱਕਲ਼ ਗਈਆਂ ਸਗੋਂ ਉਸ ਦੇ ਚਿਹਰੇ 'ਤੇ ਇੱਕ ਮੁਸਕਾਨ ਵੀ ਖੇਡਣ ਲੱਗੀ। ਉਹ ਫ਼ੋਨ ਸੁਣਦਿਆਂ ਹੀ ਵਾਰ-ਵਾਰ ਰਣਜੀਤ ਵੱਲ ਵੀ ਦੇਖਦੀ ਰਹੀ। ਫ਼ੋਨ ਕੱਟਣ ਤੋਂ ਬਾਅਦ ਉਸ ਨੇ ਰਣਜੀਤ ਨੂੰ ਕਿਹਾ,"ਇਹ ਕੀ ਕਰੀ ਜਾਂਦੇ ਓ ਸਭ ਕੁਛ? ਮੈਨੂੰ ਤਾਂ ਕੁਛ ਸਮਝ ਨਹੀਂ ਆਉਂਦਾ। ਤੁਹਾਡੀਆਂ ਤੁਸੀਂ ਜਾਣੋਂ। ਇੱਥੇ ਬੈਠੇ ਹੀ ਇਹ ਸਭ ਕੁਛ ਕਿਵੇਂ ਮੈਨੇਜ ਕਰੀ ਜਾਂਦੇ ਓ? ਤੁਹਾਡੇ ਕੋਲ਼ੋਂ ਤਾਂ ਸੱਚੀਂ ਖ਼ੌਫ਼ ਜਿਹਾ ਆਉਣ ਲੱਗ ਪਿਆ, ਜਾਦੂਗਰ ਜਿਹੇ!"

"ਮੈਂ ਕੀ ਕਰੀ ਜਾ ਰਿਹਾਂ ਬਈ? ਨਾਲ਼ੇ ਫ਼ੋਨ ਕਿਹ ਦਾ ਸੀ?" ਰਣਜੀਤ ਨੇ ਜਾਣ ਬੁੱਝ ਕੇ ਚਿਹਰੇ ਤੋਂ ਮੁਸਕਾਨ ਗ਼ਾਇਬ ਕਰ ਕੇ ਕਿਹਾ।

"ਲੈ, ਤੁਹਾਨੂੰ ਤਾਂ ਜਿੱਦਾਂ ਪਤਾ ਈ ਨਹੀਂ। ਆਪਣੇ ਮਾਰਟਗੇਜ ਬਰੋਕਰ ਟੌਮ ਦਾ ਫ਼ੋਨ ਸੀ।"

"ਉਹ ਕੀ ਕਹਿੰਦਾ?"

ਕਹਿੰਦਾ ਪਈ ਘਰ ਦਾ ਸਾਰਾ ਲੋਨ ਤੁਸੀਂ ਪੇਅ ਕਰ ਦਿੱਤੈ। ਮੈਨੂੰ ਲਗਦੈ ਤੁਸੀਂ ਹੀ ਉਸ ਨੂੰ ਮੈਸੇਜ ਕੀਤਾ ਹੋਣੈ ਫ਼ੋਨ ਕਰਨ ਲਈ," ਅਨੂ ਨੇ ਰਣਜੀਤ ਵੱਲ ਸੁਆਲੀਆ ਨਜ਼ਰਾਂ ਨਾਲ਼ ਦੇਖਦਿਆਂ ਕਿਹਾ।

"ਓ ਅੱਛਾ! ਤੁਹਾਨੂੰ ਜਨਮ ਦਿਨ ਦਾ ਤੁਹਫ਼ਾ ਤਾਂ ਮਿਲ਼ ਗਿਆ ਨਾ? ਹੈਪੀ ਬਰਥ-ਡੇ, ਹੈਪੀ ਬਰਥ-ਡੇ," ਰਣਜੀਤ ਨੇ ਸੰਜੀਦਗੀ ਨਾਲ਼ ਕਿਹਾ।

ਰਣਜੀਤ ਦੀ ਬਾਂਹ ਨੂੰ ਚੁੰਬੜੀ ਹੋਈ ਅਨੂ ਉਸ ਨੂੰ ਸੋਫ਼ੇ 'ਤੇ ਬਿਠਾਉਣ ਲੈ ਗਈ। ਉਸ ਦੀ ਬਾਂਹ ਓਸੇ ਤਰ੍ਹਾਂ ਫੜੀ ਰੱਖਦਿਆਂ ਹੋਇਆਂ, ਉਸ ਦੇ ਨਾਲ਼ ਬਹਿ ਕੇ, ਉਹ ਕੰਬਦੀ ਜਿਹੀ ਆਵਾਜ਼ ਵਿੱਚ ਬੋਲੀ, "ਏਥੇ ਬੈਠੋ ਤੇ ਅੱਛੇ ਬੱਚੇ ਬਣ ਕੇ ਮੈਨੂੰ ਇਹ ਦੱਸੋ ਕਿ ਮੇਰੇ ਤੋਂ ਹੋਰ ਕੀ-ਕੀ ਲੁਕਾਈ ਫਿਰਦੇ ਹੋ? ਇਹ ਲੁਕ-ਲੁਕਾ ਰੱਖਣ ਦਾ ਮਤਲਬ ਕੀ ਸੀ।"

"ਨਿਰਨੇ ਕਾਲ਼ਜੇ ਤਾਂ ਦੱਸਿਆ ਨਹੀਂ ਜਾਣਾ, ਹੋਰ ਨਹੀਂ ਤਾਂ ਕੇਕ ਹੀ

ਖਲ਼ਾ ਦਿਓ ਆਪਣੇ ਜਨਮ ਦਿਨ ਦਾ," ਰਣਜੀਤ ਨੇ ਹੱਸਦਿਆਂ ਕਿਹਾ। ਅਨੂ ਨੇ ਕਿਚਨ ਵਿੱਚੋਂ ਪਲੇਟਾਂ ਲਿਆ ਕੇ ਸਭ ਨੂੰ ਕੇਕ ਪਾ ਕੇ ਦੇ ਦਿੱਤਾ। ਕੇਕ ਖਾਣ ਮਗਰੋਂ ਅਨੂ ਦਾ ਚਿਹਰਾ ਇੱਕ ਸੁਆਲੀਆ ਨਿਸ਼ਾਨ ਵਰਗਾ ਬਣ ਗਿਆ ਤੇ ਉਸ ਦਾ ਸਾਰਾ ਧਿਆਨ ਰਣਜੀਤ ਦੇ ਚਿਹਰੇ ਵੱਲ ਸੀ। ਆਖ਼ਰ ਰਣਜੀਤ ਨੇ ਇਹ ਮਾਮਲਾ ਹੋਰ ਬਹੁਤਾ ਲਮਕਾਉਣ ਦੀ ਥਾਂ, ਬੋਲਣਾ ਸ਼ੁਰੂ ਕਰ ਦਿੱਤਾ, "ਅਨੂ, ਸਟੈਮਸੈੱਲਜ਼ ਥੈਰੇਪੀ ਨੇ ਆਪਣਾ ਅਸਰ ਡੇਢ ਕੁ ਮਹੀਨੇ ਬਾਅਦ ਹੀ ਦਿਖਾਉਣਾ ਸ਼ੁਰੂ ਕਰ ਦਿੱਤਾ ਸੀ। ਇੱਕ ਰਾਤ ਜਦੋਂ ਪਹਿਲੀ ਵਾਰ ਮੇਰੇ ਖੱਬੇ ਪੈਰ ਦੀ ਉਂਗਲੀ ਹਿੱਲੀ ਤਾਂ ਮੈਂ ਸੋਚਿਆ ਕਿ ਖ਼ਬਰੇ ਮੈਨੂੰ ਭੁਲੇਖਾ ਲੱਗਿਆ ਏ। ਮੈਂ ਇਹ ਗੱਲ ਤੈਨੂੰ ਦੱਸਣੀ ਚਾਹੁੰਦਾ ਸਾਂ ਤੇ ਨਾਲ਼ ਹੀ ਆਪਣਾ ਪੈਰ ਜਾਂ ਉਂਗਲ ਹਿਲਾ ਕੇ ਵੀ ਦਿਖਾਉਣੇ ਚਾਹੁੰਦਾ ਸਾਂ, ਪਰ ਮੇਰੇ ਵੱਲੋਂ ਬੜੀਆਂ ਹੀ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਅਗਲੇ ਕਈ ਦਿਨ ਇਨ੍ਹਾਂ ਵਿੱਚ ਕੋਈ ਹਰਕਤ ਹੀ ਨਾ ਹੋਈ। ਮੈਂ ਇਸ ਨੂੰ ਭੁਲੇਖਾ ਸਮਝ ਕੇ ਹੀ ਚੁੱਪ ਕਰ ਰਿਹਾ।"

ਇਹ ਕਹਿ ਕੇ ਰਣਜੀਤ ਕੁੱਝ ਚਿਰ ਲਈ ਚੁੱਪ ਕਰ ਗਿਆ ਤਾਂ ਅਨੂ ਨੇ ਉਸ ਨੂੰ ਮੋਢੇ ਤੋਂ ਹਲੂਣ ਕੇ ਕਿਹਾ, "ਕਿੱਥੇ ਗੁਆਚ ਗਏ? ਅੱਗੇ ਦੱਸੋ ਨਾ।"

"ਫੇਰ ਸ਼ਾਇਦ ਪਹਿਲੀ ਜੁਲਾਈ ਨੂੰ ਕਨੇਡਾ ਡੇ ਆਲ਼ੇ ਦਿਨ ਸਵੇਰ ਤੋਂ ਹੀ ਦੋਹਾਂ ਪੈਰਾਂ ਦੀਆਂ ਉਂਗਲ਼ਾਂ ਵਿੱਚ ਥਰਥਰਾਹਟ ਜਿਹੀ ਹੋ ਰਹੀ ਸੀ, ਜਿਸ ਦਾ ਮੈਂ ਨੋਟਿਸ ਲੈ ਕੇ ਵੀ ਨੋਟਿਸ ਨਾ ਲਿਆ। ਮੈਨੂੰ ਲੱਗਦਾ ਸੀ ਕਿ ਪਹਿਲਾਂ ਵਾਂਗ ਹੀ ਕਿਸੇ ਨੂੰ ਦੱਸਣ 'ਤੇ ਇਹ ਹਰਕਤ ਮੈਨੂੰ ਝੂਠਾ ਜਿਹਾ ਨਾ ਪਾ ਦੇਵੇ। ਉਸ ਦਿਨ ਪਤਾ ਨਹੀਂ ਕਿੱਦਾਂ ਮੈਥੋਂ ਪਹਿਲੀ ਵਾਰ ਚਾਣਚੱਕ ਹੀ ਫੁੱਟਬਾਲ ਦੀ ਕਿੱਕ ਵੱਜ ਗਈ। ਇਹ ਕ੍ਰਿਸ਼ਮਾ ਨਿਆਣਿਆਂ ਨੇ ਤਾਂ ਦੇਖ ਲਿਆ ਪਰ ਹੋਰ ਸਭ ਦੀਆਂ ਅੱਖਾਂ ਤੋਂ ਓਹਲੇ ਰਿਹਾ। ਦੁਪਹਿਰੇ ਫ਼ੁੱਟਬਾਲ ਵਾਲ਼ੀ ਘਟਨਾ ਵਾਪਰਨ ਤੋਂ ਬਾਅਦ ਜਦੋਂ ਰਾਤ ਨੂੰ ਬੈੱਡ ਤੇ ਪਿਆਂ ਮੈਂ ਆਪਣੀ ਆਉਣ ਵਾਲੀ ਜ਼ਿੰਦਗੀ ਬਾਰੇ ਸੋਚਣ ਲੱਗ ਪਿਆ। ਇਨ੍ਹਾਂ ਸੋਚਾਂ ਵਿੱਚ ਹੀ ਪਏ ਨੂੰ ਮੈਨੂੰ ਖ਼ਿਆਲ ਆਇਆ ਕਿ ਜੇ ਮੈਂ ਤੰਦਰੁਸਤ ਹੋ ਗਿਆ ਤਾਂ ਮੈਨੂੰ ਫਿਰ ਆਪਣੀ ਉਸੇ ਪੁਰਾਣੀ ਜ਼ਿੰਦਗੀ ਵਿੱਚ ਪਰਤਣਾ ਪਊਗਾ। ਮੈਂ ਇਹ ਨਹੀਂ ਚਾਹੁੰਦਾ ਸੀ ਕਿ ਮੈਂ ਫਿਰ ਪੁਰਾਣੇ ਗੇੜ ਵਿੱਚ ਪੈ ਜਾਵਾਂ। ਓਦਾਂ ਮੇਰੀਆਂ ਲੱਤਾਂ ਵੱਲੋਂ ਕੰਮ ਕਰਨਾ ਸ਼ੁਰੂ ਕਰਨ ਦਾ ਲੁਕਾਅ ਰੱਖਣ ਦੀ ਸਭ ਤੋਂ ਵੱਡੀ ਵਜ੍ਹਾ 'ਤੂੰ' ਸੀ!"

"ਮੈਂ? ਮੈਂ ਭਲਾ ਕਿੱਦਾਂ?" ਅਨੂ ਦੇ ਮੂੰਹੋਂ ਨਿੱਕਲ਼ਿਆ।

"ਉਹ ਏਦਾਂ ਕਿਉਂ ਕਿ ਮੇਰੇ ਠੀਕ ਹੋਣ ਦਾ ਪਹਿਲਾ ਨੁਕਸਾਨ ਮੈਨੂੰ ਇਹ ਹੋਣਾ ਸੀ ਕਿ ਤੇਰਾ ਆਉਣ-ਜਾਣ ਬੰਦ ਹੋ ਜਾਣਾ ਸੀ। ਤੂੰ ਸੋਨੀਆ ਨੂੰ ਇੱਕ ਵਾਰ ਕਿਹਾ ਵੀ ਸੀ ਕਿ ਜੇ ਰਣਜੀਤ ਠੀਕ ਹੋ ਗਿਆ ਤਾਂ ਤੇਰੀ ਉਸ ਘਰ 'ਚ ਲੋੜ ਨਹੀਂ ਰਹਿਣੀ। ਮੈਂ ਤਾਂ ਤੇਰੇ ਬਗ਼ੈਰ ਆਪਣੀ ਜ਼ਿੰਦਗੀ ਦਾ ਤਸੱਵਰ ਹੀ ਨਹੀਂ ਕਰ ਸਕਦਾ ਸੀ ਅਨੂ। ਉਹ ਵੀ ਉਸ ਹਾਲਤ ਵਿੱਚ ਜਦੋਂ ਮੈਨੂੰ ਇਸ ਗੱਲ ਦਾ ਵੀ ਯਕੀਨ ਨਹੀਂ ਸੀ ਕਿ ਤੂੰ ਮੈਨੂੰ ਪਿਆਰ ਕਰਦੀ ਵੀ ਏਂ ਕਿ ਨਹੀਂ।" ਇਹ ਸੁਣਦਿਆਂ ਅਨੂ ਦੀਆਂ ਅੱਖਾਂ ਭਰ-ਭਰ ਡੁੱਲ੍ਹਣ ਲੱਗੀਆਂ ਤੇ ਉਹ ਬੋਲੀ, "ਹਾਏ ਰੱਬਾ! ਮਾਰ ਲਏ ਇਸ ਬੇਯਕੀਨੀ ਨੇ...।"

ਰਣਜੀਤ ਨੇ ਅਨੂ ਦੇ ਮੋਢੇ 'ਤੇ ਆਪਣਾ ਹੱਥ ਘੁੱਟਦਿਆਂ ਹੋਇਆਂ

ਕਹਿਣਾ ਸ਼ੁਰੂ ਕੀਤਾ, "ਅਸਲ ਵਿੱਚ, ਮੈਂ ਇਸ ਗੱਲੋਂ ਡਰਦਾ ਸੀ ਕਿ ਕਿਤੇ ਮੈਂ ਤੇਰੀ ਹਮਦਰਦੀ ਨੂੰ ਹੀ ਪਿਆਰ ਨਾ ਸਮਝੀ ਜਾ ਰਿਹਾ ਹੋਵਾਂ। ਉਨ੍ਹੀ ਦਿਨੀਂ ਬੱਸ ਇਹ ਭੁਲੇਖੇ ਹੀ ਮੈਨੂੰ ਪਿਆਰ-ਹੁਲਾਰੇ ਦਈ ਜਾ ਰਹੇ ਸਨ। ਇੱਕ ਤਰ੍ਹਾਂ ਨਾਲ਼ ਮੈਂ ਤੇਰੇ ਸਾਥ ਦਾ ਲੋਭੀ ਹੋ ਗਿਆ ਸੀ ਤੇ ਮੈਂ ਆਪਣੇ ਤੰਦਰੁਸਤ ਹੋਣ ਦੀ ਗੱਲ ਆਪਣੇ ਅੰਦਰ ਹੀ ਕਿਤੇ ਘੁੱਟ ਲਈ। ਇਸ ਤੋਂ ਪਿੱਛੋਂ ਮੈਂ ਹਰ ਰੋਜ਼ ਲੱਤਾਂ-ਪੈਰ ਹਿਲਾਉਣ ਦੀ ਕੋਸ਼ਿਸ਼ ਕਰਦਾ ਰਿਹਾ ਤੇ ਦਿਨੋ-ਦਿਨ ਮੇਰੇ ਇਨ੍ਹਾਂ ਅੰਗਾਂ ਵਿੱਚ ਹਰਕਤ ਵਧਣੀ ਸ਼ੁਰੂ ਹੋ ਗਈ। ਮੇਰਾ ਚਿੱਤ ਤੁਰਨ ਨੂੰ ਬੜਾ ਹੀ ਕਰਿਆ ਕਰੇ ਪਰ ਮੈਨੂੰ ਤੁਰਨ ਖ਼ਾਤਰ ਅਜੇ ਕਿਸੇ ਸਹਾਰੇ ਦੀ ਲੋੜ ਸੀ। ਸਿਤਮ ਇਹ ਕਿ ਮੈਂ ਇਹ ਸਹਾਰਾ ਤੇਰੇ ਕੋਲ਼ੋਂ ਵੀ ਨਹੀਂ ਮੰਗ ਸਕਦਾ ਸੀ ਕਿਉਂ ਕਿ ਮੇਰੇ ਕੋਲ਼ ਤੇਰਾ ਸਹਾਰਾ ਵੀ ਨਹੀਂ ਰਹਿਣਾ ਸੀ। ਕਈ ਦਿਨ ਸੋਚ-ਵਿਚਾਰ ਕੇ ਮੈਂ ਛੱਤ ਨਾਲ਼ ਉਹ ਪਾਈਪ ਲੁਆਏ ਤੇ ਬਾਹਾਂ ਦੀ ਕਸਰਤ ਕਰਨੀ ਸ਼ੁਰੂ ਕਰ ਦਿੱਤੀ। ਇਹ ਕਸਰਤ ਕਰਨ ਦੀ ਵਜ੍ਹਾ ਆਪਣੀਆਂ ਬਾਹਾਂ ਨੂੰ ਆਪਣਾ ਸਰੀਰ ਚੁੱਕਣ ਦੇ ਯੋਗ ਬਣਾਉਣਾ ਸੀ ਤਾਂ ਕਿ ਮੈਂ ਬਾਹਾਂ ਭਾਰ ਲਟਕ ਕੇ, ਲੱਤਾਂ ਉੱਤੇ ਥੋੜ੍ਹਾ-ਥੋੜ੍ਹਾ ਭਾਰ ਪਾ ਸਕਾਂ। ਮੇਰੀ ਇਹ ਯੋਜਨਾ ਕਾਫ਼ੀ ਸਫਲ ਰਹੀ ਤੇ ਮੈਂ ਕੁੱਝ ਦਿਨਾਂ ਵਿੱਚ ਹੀ ਲੱਤਾਂ ਉੱਤੇ ਥੋੜ੍ਹਾ-ਥੋੜ੍ਹਾ ਭਾਰ ਹੀ ਨਹੀਂ ਪਾਉਣ ਲੱਗ ਪਿਆ, ਸਗੋਂ ਇੱਕ-ਅੱਧਾ ਪੈਰ ਵੀ ਪੁੱਟਣ ਲੱਗ ਪਿਆ।"

ਜਦੋਂ ਰਣਜੀਤ ਇਹ ਗੱਲਾਂ ਕਰ ਰਿਹਾ ਸੀ ਤਾਂ ਅਨੂ, ਸਿੰਮੀ ਅਤੇ ਗੁਰਲੀਨ ਅੱਖ ਝਮਕੇ ਬਗ਼ੈਰ ਇਹ ਸਾਰੀ ਗੱਲ-ਬਾਤ ਸੁਣ ਰਹੀਆਂ ਸਨ। ਰਣਜੀਤ ਨੇ ਆਪਣੀ ਵਾਰਤਾ ਜਾਰੀ ਰੱਖਦਿਆਂ ਕਿਹਾ,"ਲੱਤਾਂ ਥੋੜ੍ਹਾ ਜਿਹਾ ਭਾਰ ਝੱਲਣ ਲੱਗ ਪਈਆਂ ਤਾਂ ਮੈਂ ਪੀਟਰ ਤੋਂ ਫਾਹੁੜੀਆਂ ਮੰਗਵਾ ਲਈਆਂ। ਤੇਰੇ ਜਾਣ ਤੋਂ ਬਾਅਦ ਮੈਂ ਫਾਹੁੜੀਆਂ ਦੇ ਸਹਾਰੇ ਕਮਰੇ ਵਿੱਚ ਗੇੜੇ ਕੱਢਣੇ ਸ਼ੁਰੂ ਕਰ ਦਿੱਤੇ। ਇਸ ਦੌਰਾਨ ਹੀ ਮੈਂ ਆਪਣੇ ਲਈ ਤੇਰੀ ਲੋੜ ਬਰਕਰਾਰ ਰੱਖਣ ਖ਼ਾਤਰ ਤੇਰੇ ਕੋਲ਼ੋਂ ਲੱਤਾਂ ਦੀ ਮਾਲਸ਼ ਕਰਾਉਂਦਾ ਰਿਹਾ। ਆਪਣੇ ਯਤਨਾਂ ਤੇ ਤੇਰੀ ਮਾਲਸ਼ ਸਦਕਾ ਡੇਢ ਕੁ ਮਹੀਨੇ 'ਚ ਹੀ ਮੈਂ ਅਲਾਬਲੀ ਤੁਰਨ ਲੱਗ ਪਿਆ। ਤੂੰ ਯਕੀਨ ਨਹੀਂ ਕਰੇਂਗੀ ਕਿ ਮੈਂ ਤੇਰੇ ਨਾਲ਼ ਇਹ ਖ਼ੁਸ਼ੀ ਸਾਂਝੀ ਕਰਨ ਤੋਂ ਆਪਣੇ ਆਪ ਨੂੰ ਕਿੰਨੇ ਜ਼ੋਰ ਨਾਲ਼ ਰੋਕੀ ਰੱਖਿਆ ਸੀ। ਜਦੋਂ ਵੀ ਮੇਰਾ ਤੈਨੂੰ ਇਹ ਗੱਲ ਦੱਸਣ ਲਈ ਚਿੱਤ ਕੀਤਾ ਤਾਂ ਮੈਂ ਨਾਲ਼ ਹੀ ਤੇਰੇ ਖੁੱਸ ਜਾਣ ਦਾ ਡਰ ਵੀ ਮਹਿਸੂਸ ਕਰਨ ਲੱਗਦਾ। ਫਿਰ ਮੈਨੂੰ ਇਹ ਵੀ ਪਤਾ ਨਾ ਲੱਗਦਾ ਕਿ ਤੂੰ ਮੈਨੂੰ ਦੋਸਤ ਹੀ ਸਮਝਦੀ ਏਂ ਜਾਂ ਮੇਰੇ ਬਾਰੇ ਤੇਰੇ ਮਨ ਵਿੱਚ ਕੁਛ ਹੋਰ ਵੀ ਏ। ਪਤਾ ਨਹੀਂ ਕਿਉਂ ਮੇਰੇ ਮਨ ਵਿੱਚ ਇਹ ਵੀ ਗੱਲ ਕਿਤੇ ਘਰ ਕਰੀ ਬੈਠੀ ਸੀ ਕਿ ਜੇ ਤੈਨੂੰ ਮੇਰੇ ਠੀਕ ਹੋਣ ਦਾ ਪਤਾ ਲੱਗ ਗਿਆ ਤਾਂ ਤੂੰ ਮੈਥੋਂ ਜਾਂਦੀ ਲੱਗੇਂਗੀ," ਇਸ ਤਰ੍ਹਾਂ ਰਣਜੀਤ ਨੇ ਆਪਣੀ ਰਾਮ-ਕਹਾਣੀ ਸੁਣਾ ਦਿੱਤੀ ਤੇ ਉਹ ਉਨ੍ਹਾਂ ਤੇਹਾਂ ਦੇ ਮੂੰਹ ਵੱਲ ਦੇਖਣ ਲੱਗਿਆ।

ਰਣਜੀਤ ਚੁੱਪ ਕਰ ਗਿਆ ਸੀ, ਪਰ ਅਨੂ ਦੀਆਂ ਅੱਖਾਂ ਅਜੇ ਵੀ ਭਰ-ਭਰ ਡੁੱਲ੍ਹੀ ਜਾ ਰਹੀਆਂ ਸਨ ਤੇ ਉਸ ਨੇ ਕੁਰਸੀ ਤੋਂ ਉੱਠ ਕੇ ਰਣਜੀਤ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਉਸ ਦੀਆਂ ਧਾਹਾਂ ਨਿੱਕਲ਼ ਗਈਆਂ। ਰਣਜੀਤ ਨੇ ਉਸ ਦੀ ਪਿੱਠ ਥਾਪੜਦਿਆਂ ਕਿਹਾ, "ਨਾ-ਨਾ, ਹੁਣ ਰੋਣਾ ਕੇਹਾ? ਰੋਣੇ ਤਾਂ ਹੁਣ ਮੁੱਕ ਗਏ ਅਨੂ ਡੀਅਰ। ਨਾ, ਹੁਣ ਰੋਣਾ ਨਹੀਂ, ਬੈਠ ਕੇ ਗੱਲਾਂ ਕਰੋ।" ਫਿਰ ਅਨੂ ਨੇ ਰਣਜੀਤ ਦਾ ਕਲ਼ਾਵਾ ਛੱਡਿਆ ਤੇ ਉਸ ਦੇ ਨਾਲ਼ ਲੱਗ ਕੇ ਬਹਿੰਦਿਆਂ ਹੋਇਆਂ

ਕਹਿਣ ਲੱਗੀ, "ਜਿਸ ਦਿਨ ਆਪਾਂ ਵਕੀਲ ਕੋਲ਼ ਜਾ ਕੇ ਸੋਨੀਆ ਨੂੰ ਤਲਾਕ ਦੇ ਕੇ ਆਏ ਸੀ, ਮੈਂ ਓਸੇ ਦਿਨ ਤੁਹਾਨੂੰ ਆਪਣਾ ਪਤੀ ਮੰਨ ਲਿਆ ਸੀ। ਮੈਂ ਤੁਹਾਡੇ ਦਸ ਹਜ਼ਾਰ ਡਾਲਰ ਦੇਣੇ ਸੀ, ਜਿਸ ਕਰ ਕੇ ਇਹ ਗੱਲ ਮੇਰੇ ਬੁੱਲ੍ਹਾਂ ਤੋਂ ਬਾਹਰ ਨਾ ਨਿੱਕਲ਼ ਸਕੀ। ਫੇਰ ਮੈਂ ਸੋਚਿਆ, ਮਨਾਂ ਪਹਿਲਾਂ ਕਰਜ਼ਾ ਲਾਹ ਤੇ ਫੇਰ ਹੱਕ ਜਤਾ। ਜਦੋਂ ਮੈਂ ਡੈਡੀ ਹੁਰਾਂ ਕੋਲ਼ ਤੁਹਾਡੇ ਨਾਲ਼ ਵਿਆਹੀ ਹੋਣ ਦਾ ਝੂਠ ਬੋਲ ਦਿੱਤਾ ਤਾਂ ਮੇਰੇ ਮਨ ਨੂੰ ਕਾਹਲ਼ ਜਿਹੀ ਪੈਣ ਲੱਗ ਪਈ ਕਿ ਇਹ ਝੂਠ, ਸੱਚ ਕਦੋਂ ਹੋਊ। ਮੈਂ ਰੋਜ਼ ਅਰਦਾਸਾਂ ਕਰਨੀਆਂ ਪਈ ਰੱਬਾ ਮੈਨੂੰ ਝੂਠੀ ਨਾ ਪਾਈਂ, ਮੇਰੇ ਇਹ ਝੂਠ, ਸੱਚ ਕਰ ਦੇ। ਅੱਛਾ ਇੱਕ ਗੱਲ ਦੱਸੋ, ਜੇ ਮੈਂ ਆਪ ਤੁਹਾਨੂੰ, ਵਿਆਹ ਲਈ ਨਾ ਕਹਿੰਦੀ, ਤਾਂ ਫਿਰ ਤੁਸੀਂ ਮੈਨੂੰ ਛੱਡ ਕੇ ਚਲੇ ਜਾਂਦੇ?" ਅਨੂ ਦਾ ਸੁਆਲ ਬਹੁਤ ਅਹਿਮ ਸੀ।

"ਅਨੂ, ਅਸਲ ਵਿੱਚ ਮੈਨੂੰ ਆਪ ਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਮੈਂ ਇਹ ਸਭ ਕੁਛ ਕਿਉਂ ਕਰੀ ਜਾਨਾਂ। ਮੈਨੂੰ ਇਸ ਦੇ ਸਹੀ ਜਾਂ ਗ਼ਲਤ ਹੋਣ ਦਾ ਵੀ ਕੋਈ ਅਹਿਸਾਸ ਨਹੀਂ ਸੀ। ਬੱਸ ਜੋ ਵੀ ਮਨ ਕਹੀ ਜਾ ਰਿਹਾ ਸੀ, ਮੈਂ ਕਰੀ ਜਾ ਰਿਹਾ ਸੀ। ਬਾਕੀ ਤੈਨੂੰ ਛੱਡ ਕੇ ਜਾਣ ਦਾ ਤਾਂ ਸੁਆਲ ਈ ਪੈਦਾ ਨਹੀਂ ਸੀ ਹੁੰਦਾ, ਪਰ ਮੈਂ ਆਪਣੇ ਆਪ ਨੂੰ ਤੇਰੇ ਉੱਤੇ ਲੱਦ ਨਹੀਂ ਸਕਦਾ ਸੀ। ਹਾਂ, ਜੇ ਤੂੰ ਗੁਰੀ ਕੋਲ਼ ਜਾਣਾ ਹੁੰਦਾ ਤਾਂ ਮੈਂ ਤੇਰੀ ਖ਼ੁਸ਼ੀ ਲਈ, ਤੇਰੇ ਰਾਹ ਵਿੱਚੋਂ ਜ਼ਰੂਰ ਹਟ ਜਾਂਦਾ। ਮੇਰੇ ਧੁਰ ਅੰਦਰੋਂ ਕਿਤੇ ਇਹ ਆਵਾਜ਼ ਵੀ ਆਉਂਦੀ ਰਹਿੰਦੀ ਸੀ ਕਿ ਤੂੰ ਮੇਰੀ ਏਂ, ਮੇਰੀ ਹੀ ਰਹੇਂਗੀ। ਗੁਰੀ ਦਾ ਫ਼ੋਨ ਆਉਣ ਮਗਰੋਂ ਮੇਰੇ ਮਨ 'ਚੋਂ ਆਉਂਦੀ ਇਹ ਆਵਾਜ਼ ਵੀ ਕਈ ਦਿਨ ਬੰਦ ਰਹੀ। ਇਸ ਤੋਂ ਬਾਅਦ ਇੱਕ ਦਿਨ ਮੈਂ ਬਾਬਾ ਜੀ ਨੂੰ ਫ਼ੋਨ ਕਰ ਲਿਆ ਤੇ ਉਨ੍ਹਾਂ ਨੇ ਜੋ ਕੁੱਝ ਕਿਹਾ ਉਸ ਤੋਂ ਮੈਨੂੰ ਯਕੀਨ ਹੋ ਗਿਆ ਕਿ ਜੋ ਵੀ ਹੁੰਦਾ ਏ, ਉਹ ਚੰਗੇ ਖ਼ਾਤਰ ਹੀ ਹੁੰਦਾ ਏ," ਰਣਜੀਤ ਨੇ ਜੁਆਬ ਦਿੱਤਾ।

"ਓਹ ਸੱਚ, ਮੈਂ ਤਾਂ ਇੱਕ ਗੱਲ ਪੁੱਛਣੀ ਈ ਭੁੱਲ ਗਈ। ਸਾਰਾ ਕੁਛ ਤਾਂ ਤੁਸੀਂ ਸੋਨੀਆ ਨੂੰ ਦੇ ਦਿੱਤਾ, ਬਾਅਦ 'ਚ ਤੁਸੀਂ ਏਨੇ ਪੈਸੇ ਕਿੱਥੋਂ ਕੱਢ ਲਏ? ਪਹਿਲਾਂ ਤਾਂ ਮੈਂ ਸਮਝਿਆ ਸੀ ਪਈ ਤੁਸੀਂ ਮੇਰੇ ਆਲ਼ਾ ਦਸ ਹਜ਼ਾਰ ਹੀ ਲਹਿੰਗਿਆਂ-ਲੂਹੰਗਿਆਂ 'ਤੇ ਲੁਟਾ ਆਏ ਹੋ, ਪਰ ਫੇਰ ਆਹ ਮਾਰਟਗੇਜ ਦੀ ਪੇਮੈਂਟ ਵੀ ਕਰਤੀ? ਕੋਈ ਵੱਖਰਾ ਬਿਜ਼ਨਸ ਵੀ ਕਰਦੇ ਸੀ ਤੁਸੀਂ?" ਕਹਿੰਦਿਆਂ ਅਨੂ ਆਪਣੇ ਅਸਲੀ ਰੌਂਅ ਵਿੱਚ ਪਰਤ ਆਈ ਸੀ।

"ਦੀਦੀ, ਮੇਰੇ ਵੀਰ ਦੀ ਸਰਜਰੀ ਲਈ ਮੈਨੂੰ ਵੀ, ਭਾਅ ਜੀ ਨੇ ਪੰਜ ਹਜ਼ਾਰ ਡਾਲਰ ਦਿੱਤੇ ਸੀ। ਹੁਣ ਤੁਸੀਂ ਇਹ ਲੁਕਾਅ ਰੱਖਣ ਲਈ ਮੇਰੇ ਨਾਲ਼ ਗੁੱਸੇ ਨਾ ਹੋਇਓ। ਮੈਨੂੰ ਭਾਅ ਜੀ ਨੇ ਹੀ ਕਿਹਾ ਸੀ ਕਿ ਮੈਂ ਇਸ ਬਾਰੇ ਕਿਸੇ ਨਾਲ਼ ਗੱਲ ਨਾ ਕਰਾਂ। ਗੁਰਲੀਨ ਨੇ ਡਰਦੀ-ਡਰਦੀ ਨੇ ਕਹਿ ਦਿੱਤਾ।

"ਲੈ, ਤੂੰ ਵੀ ਦੱਸ ਲੈ। ਕਰ ਲਿਆ ਮਨ ਹੌਲ਼ਾ ਦੱਸ ਕੇ? ਲੈ ਬਈ ਅਨੂ, ਕੁੜੀ ਨੂੰ ਝਿੜਕੀਂ ਨਾ ਏਸ ਗੱਲ ਲਈ। ਬਾਕੀ ਜੇ ਨੀਤਾਂ ਸਿੱਧੀਆਂ ਹੋਣ ਤਾਂ ਰੱਬ ਕੋਈ ਕਮੀ ਨਹੀਂ ਰਹਿਣ ਦਿੰਦਾ। ਬਾਬਾ ਜੀ ਵੀ ਕਹਿੰਦੇ ਹੁੰਦੇ ਆ ਆਪਾਂ ਈ ਲੈਂਦੇ ਥੱਕ ਜਾਨੇਂ ਆਂ ਉਹ ਦਿੰਦਾ ਨਹੀਂ ਥੱਕਦਾ। ਸੋਨੀਆ ਨਾਲ਼ ਸਾਂਝੇ ਅਕਾਊਂਟ ਤੋਂ ਇਲਾਵਾ ਮੇਰਾ ਇੱਕ ਹੋਰ ਅਕਾਊਂਟ ਸੀ, ਜੋ ਟਰੱਕ ਦੇ ਖ਼ਰਚੇ ਲਈ ਖੁੱਲ੍ਹਾਇਆ ਹੋਇਆ ਸੀ। ਉਸ ਵਿੱਚ ਆਮ ਤੌਰ 'ਤੇ ਮੈਂ ਚਾਰ-ਪੰਜ ਹਜ਼ਾਰ ਡਾਲਰ ਹੀ ਰੱਖਦਾ

ਹੁੰਦਾ ਸੀ। ਜਦੋਂ ਉਹ ਮੁੱਕ ਜਾਂਦਾ ਤਾਂ ਏਨੇ ਕੁ ਹੀ ਹੋਰ ਜਮ੍ਹਾਂ ਕਰਾ ਦਿੰਦਾ। ਟੈਕਸ ਭਰਨ ਵੇਲ਼ੇ, ਟਰੱਕ ਦੀ ਰਿਪੇਅਰ ਵਗੈਰਾ ਦੇ ਖ਼ਰਚੇ ਦਿਖਾਉਣ ਲਈ ਇਸ ਵੱਖਰੇ ਅਕਾਊਂਟ ਦੀ ਸਹੂਲਤ ਰਹਿੰਦੀ ਸੀ। ਜਦੋਂ ਪੀਟਰ ਨੇ ਮੇਰਾ ਟਰੱਕ ਵੇਚਿਆ ਤਾਂ ਉਸ ਦੀ ਰਕਮ ਏਸੇ ਅਕਾਊਂਟ ਵਿੱਚ ਜਮ੍ਹਾਂ ਕਰਾ ਦਿੱਤੀ। ਮੈਂ ਓਸੇ ਰਕਮ ਵਿੱਚੋਂ ਦਸ ਹਜ਼ਾਰ ਤੈਨੂੰ ਦੇ ਦਿੱਤਾ ਪੰਜ ਹਜਾਰ ਗੁਰਲੀਨ ਨੂੰ। ਅਨੂ ਅਸਲ ਵਿੱਚ, ਤੂੰ ਅਤੇ ਤੇਰਾ ਘਰ ਮੇਰੇ ਲਈ ਬਹੁਤ ਲੱਕੀ ਰਹੇ। ਜਦੋਂ ਮੈਂ ਤੇਰੇ ਘਰ ਆ ਗਿਆ ਤਾਂ ਮੇਰੇ ਨਾਲ਼ ਇੱਕ ਹੋਰ ਚਮਤਕਾਰ ਹੋ ਗਿਆ ਕਿ ਸਾਡਾ ਫਾਰਮ ਵਿਕ ਗਿਆ।”

"ਕਿਹੜਾ ਫਾਰਮ ਜੀ? ਕੋਈ ਫਾਰਮ ਵੀ ਸੀ ਤੁਹਾਡੇ ਕੋਲ਼?" ਅਨੂ ਨੇ ਹੈਰਾਨ ਹੁੰਦੀ ਹੋਈ ਨੇ ਪੁੱਛਿਆ।

"ਹਾਂ ਅਨੂ, ਤੇਰੇ ਨਾਲ਼ ਸ਼ਾਇਦ ਇਸ ਬਾਰੇ ਕਦੇ ਕੋਈ ਗੱਲ ਨਹੀਂ ਹੋ ਸਕੀ। ਅਸੀਂ ਚਾਰ ਦੋਸਤਾਂ ਨੇ ਰਲ਼ ਕੇ ਦੋ ਏਕੜ ਦਾ ਇੱਕ ਫਾਰਮ ਖ਼ਰੀਦਿਆ ਹੋਇਆ ਸੀ, ਜਿਸ ਦੀ ਜ਼ੋਨਿੰਗ ਚੇਂਜ ਹੋ ਜਾਣ ਦੀਆਂ ਸੰਭਾਵਨਾਵਾਂ ਸਨ।"

"ਇਹ ਜੋਨਿੰਗ ਚੇਂਜ ਦਾ ਕੀ ਮਤਲਬ ਜੀ?" ਅਨੂ ਨੇ ਪੁੱਛਿਆ।

"ਅਸਲ ਵਿੱਚ ਕੈਨੇਡਾ ਦੇ ਹਰ ਸ਼ਹਿਰ ਨੇ ਆਪਣੀ ਜ਼ਮੀਨ ਤਿੰਨ ਸ਼੍ਰੇਣੀਆਂ ਵਿੱਚ ਵੰਡੀ ਹੁੰਦੀ ਏ। ਰਿਹਾਇਸ਼ੀ ਜ਼ਮੀਨ, ਕਾਰੋਬਾਰੀ ਜ਼ਮੀਨ, ਅਤੇ ਖੇਤੀਬਾੜੀ ਵਾਲ਼ੀ ਜ਼ਮੀਨ। ਇਨ੍ਹਾਂ ਨੂੰ ਰੈਜ਼ੀਡੈਂਸ਼ੀਅਲ ਜ਼ੋਨ, ਕਮਰਸ਼ੀਅਲ ਜ਼ੋਨ ਅਤੇ ਐਗਰੀਕਲਚਰ ਜ਼ੋਨ ਕਿਹਾ ਜਾਂਦੈ। ਰਿਹਾਇਸ਼ੀ ਅਤੇ ਕਾਰੋਬਾਰੀ ਜ਼ਮੀਨ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਖੇਤੀਬਾੜੀ ਵਾਲੀ ਜ਼ਮੀਨ ਦੀ ਕੀਮਤ ਉਨ੍ਹਾਂ ਨਾਲ਼ੋਂ ਬਹੁਤ ਘੱਟ। ਅਬਾਦੀ ਵੱਧ ਜਾਣ ਕਾਰਨ ਜਦੋਂ ਕਿਤੇ ਰੈਜ਼ੀਡੈਂਸ਼ੀਅਲ ਜਾਂ ਕਮਰਸ਼ੀਅਲ ਜ਼ੋਨ ਵਿੱਚ ਜ਼ਮੀਨ ਘਟ ਜਾਂਦੀ ਏ ਤਾਂ ਸਿਟੀ ਵਾਲ਼ੇ ਐਗਰੀਕਲਚਰ ਜ਼ੋਨ 'ਚੋਂ ਜ਼ਮੀਨ ਕੱਢ ਕੇ ਦੂਜੀਆਂ ਜ਼ੋਨਾਂ ਵਿੱਚ ਪਾ ਦਿੰਦੇ ਨੇ। ਇਸ ਤਰ੍ਹਾਂ ਕਰਨ ਨਾਲ਼ ਉਸ ਜ਼ਮੀਨ ਦੀ ਕੀਮਤ ਇੱਕ ਦਮ ਅਸਮਾਨ 'ਤੇ ਪਹੁੰਚ ਜਾਂਦੀ ਏ। ਸਿਟੀ ਵਾਲ਼ੇ, ਜ਼ੋਨ ਚੇਂਜ ਕਰਨ ਵਿੱਚ ਚਾਰ-ਪੰਜ ਮਹੀਨੇ ਲਾ ਦਿੰਦੇ ਨੇ। ਇਸ ਦੌਰਾਨ ਜੇ ਲੋਕਾਂ ਨੂੰ ਸੂਹ ਲੱਗ ਜਾਵੇ ਪਈ ਫਲਾਣੀ ਖ਼ੇਤੀ ਵਾਲੀ ਜ਼ਮੀਨ, ਰਿਹਾਇਸ਼ੀ ਜਾਂ ਕਮਰਸ਼ੀਅਲ ਬਣਨ ਵਾਲ਼ੀ ਏ ਤਾਂ ਉਹ ਕਾਹਲ਼ੀ ਕਰ ਕੇ ਜ਼ੋਨ ਚੇਂਜ ਹੋਣ ਤੋਂ ਪਹਿਲਾਂ ਹੀ ਉਹ ਜ਼ਮੀਨ ਸਸਤੇ ਭਾਅ ਖ਼ਰੀਦ ਲੈਂਦੇ ਨੇ ਤੇ ਜ਼ੋਨ ਚੇਂਜ ਹੋਣ ਤੋਂ ਮਗਰੋਂ ਮਹਿੰਗੇ ਭਾਅ ਵੇਚ ਦਿੰਦੇ ਨੇ। ਇਸ ਤਰ੍ਹਾਂ ਲੋਕੀ, ਮੋਟਾ ਮੁਨਾਫ਼ਾ ਕਮਾ ਲੈਂਦੇ ਨੇ। ਅਸੀਂ ਵੀ ਰਿਸਕ ਜਿਹਾ ਲਿਆ ਸੀ ਅਤੇ ਦੋ ਏਕੜ ਦਾ ਇਹ ਫਾਰਮ ਅੱਠ ਲੱਖ ਡਾਲਰ ਦਾ ਖ਼ਰੀਦਿਆ ਸੀ। ਪਰ ਇਸ ਦਾ ਜ਼ੋਨ ਬਦਲਣ ਵਿਚ ਹੀ ਦੋ ਸਾਲ ਲੱਗ ਗਏ। ਹੁਣ ਇਹ ਫਾਰਮ ਤੇਈ ਲੱਖ ਦਾ ਵਿਕ ਗਿਆ ਤੇ ਸਾਨੂੰ ਚਹੁੰਆਂ ਨੂੰ ਚਾਰ-ਚਾਰ ਲੱਖ ਡਾਲਰਾਂ ਦਾ ਮੁਨਾਫ਼ਾ ਹੋ ਗਿਆ। ਉਹ ਤਾਂ ਸ਼ੁਕਰ ਹੈ ਕਿ ਮੈਂ ਪੀਟਰ ਨੂੰ ਟਰੱਕ ਵਾਲ਼ੀ ਰਕਮ 'ਚੋਂ ਆਪਣੇ ਹਿੱਸੇ ਦੀ ਪੇਮੈਂਟ ਕਰਦੇ ਰਹਿਣ ਲਈ ਕਹਿ ਦਿੱਤਾ ਸੀ ਨਹੀਂ ਤਾਂ ਇਹ ਫਾਰਮ ਹੱਥੋਂ ਨਿੱਕਲ਼ ਵੀ ਸਕਦਾ ਸੀ।" ਅਨੂ ਰਣਜੀਤ ਦੀਆਂ ਗੱਲਾਂ ਬਹੁਤ ਗ਼ੌਰ ਨਾਲ਼ ਸੁਣ ਰਹੀ ਸੀ।

"ਪੈਸੇ ਆਉਣ 'ਤੇ ਹੀ ਮੈਂ, ਤੇਰੇ ਆਲ਼ਾ ਘਰ ਪੇ-ਆਫ਼ ਕਰ ਦਿੱਤਾ ਤੇ ਨਾਲ਼ੇ ਆਪਣੀ ਇਸ ਪਿਆਰੀ ਜਿਹੀ ਭੈਣ ਦੀ ਮਦਦ ਵੀ ਕਰ ਦਿੱਤੀ। ਓਦਾਂ ਇਸ ਤੋਂ ਪਹਿਲਾਂ ਮੇਰੀ ਕੋਈ ਭੈਣ ਵੀ ਨਹੀਂ ਸੀ। ਹੁਣ ਰੱਬ ਨੇ ਸਿੰਮੀ ਤੇ ਗੁਰਲੀਨ ਦੋ

ਭੈਣਾਂ ਮੈਨੂੰ ਇਕੱਠੀਆਂ ਹੀ ਦੇ ਦਿੱਤੀਆਂ। ਮੈਂ ਇਨ੍ਹਾਂ ਦੀ ਪੜ੍ਹਾਈ ਕਰਾਵਾਂਗਾ ਤੇ ਮੌਕਾ ਆਉਣ ’ਤੇ ਇਨ੍ਹਾਂ ਦੇ ਦਿਨ-ਸੁਦ ਵੀ ਕਰਾਂਗਾ। ਅੱਜ ਤੋਂ ਬਾਅਦ ਆਪਾਂ ਸਾਰੇ ਹੀ ਇਸ ਘਰ ਦੇ ਜੀਅ ਹੋਵਾਂਗੇ। ਆਪਣੇ ਚਹੁੰ ਜਣਿਆਂ ਦਾ ਹੋਊਗਾ ਇਹ ਟੱਬਰ । ਹੁਣ ਇਸ ਘਰ ਵਿੱਚ ਕੋਈ ਕਿਰਾਏਦਾਰ ਨਹੀਂ ਹੋਊਗਾ,” ਰਣਜੀਤ ਨੇ ਬੜੇ ਚਾਅ ਨਾਲ਼ ਕਿਹਾ। ਇਹ ਸੁਣਦਿਆਂ ਹੀ ਸਿੰਮੀ ਤੇ ਗੁਰਲੀਨ ਵੀ ਰਣਜੀਤ ਦੇ ਗਲ਼ ਨੂੰ ਚੁੰਬੜ ਗਈਆਂ ਤੇ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਵੀ ਹੰਝੂ ਡਿੱਗ ਰਹੇ ਸਨ।

“ਇੱਕ ਗੱਲ ਪੁੱਛਣੇ ਵਾਲ਼ੀ ਹੋਰ, ਕਦੋਂ ਦੀ ਮੇਰੇ ਮਨ ਵਿੱਚ ਰੜਕੀ ਜਾਂਦੀ ਏ। ਤੁਸੀਂ ਸੋਨੀਆ ਦੇ ਘਰੋਂ ਆਉਣ ਲੱਗਿਆਂ, ਉਸ ਨੂੰ ‘ਟ੍ਰੀ ਟਾਵਰ ਵਾਲ਼ੇ ਕੰਜਰਖ਼ਾਨੇ’ ਦਾ ਕੋਈ ਮਿਹਣਾ ਜਿਹਾ ਮਾਰਿਆ ਸੀ ਜਿਸ ਨੂੰ ਸੁਣਦਿਆਂ ਹੀ ਸੋਨੀਆ ਨੂੰ ਸੱਪ ਸੁੰਘ ਗਿਆ ਸੀ। ਉਸ ਨੂੰ ਏਦਾਂ ਪੱਥਰ ਜਿਹੀ ਹੋਈ ਦੇਖ ਕੇ ਮੇਰਾ ਮਨ ਬੜਾ ਖ਼ੁਸ਼ ਹੋਇਆ ਸੀ। ਉਹ ਭਲਾ ਕੀ ਰਾਜ਼ ਸੀ ?” ਅਨੂ ਨੇ ਸੁਆਲ ਕੀਤਾ।

“ਕਈ ਰਾਜ਼ ਹੁੰਦੇ ਆ ਅਨੂ, ਜਿਨ੍ਹਾਂ ਨੂੰ ਰਾਜ਼ ਹੀ ਰਹਿਣ ਦੇਣਾ ਚੰਗਾ ਹੁੰਦੈ। ਸੋਨੀਆ ਨੇ ਉਹ ਰਾਜ਼ ਮੈਥੋਂ  ਲੁਕਾਇਆ, ਪਰ ਕਿਸੇ ਤਰ੍ਹਾਂ ਮੈਨੂੰ ਪਤਾ ਲੱਗ ਗਿਆ। ਮੈਂ, ਉਹ ਰਾਜ਼ ਹੁਣ ਕਦੇ ਜ਼ੁਬਾਨ ’ਤੇ ਨਹੀਂ ਲਿਆਵਾਂਗਾ। ਜਿੱਥੇ ਸੋਨੀਆ ਗਈ ਉੱਥੇ ਈ ਉਸ ਦੇ ਰਾਜ਼ ਗਏ। ਭਾਵੇਂ ਸੋਨੀਆ ਨਾਲ਼ ਹੁਣ ਮੇਰਾ ਕੋਈ ਰਿਸ਼ਤਾ ਨਹੀਂ ਰਿਹਾ, ਭਾਵੇਂ ਓਹ ਪਤਨੀ ਦੇ ਰੂਪ ਵਿੱਚ ਇੱਕ ਸਹੀ ਔਰਤ ਸਾਬਤ ਨਹੀਂ ਹੋਈ, ਪਰ ਇੱਕ ਔਰਤ ਦੇ ਤੌਰ ਤੇ ਉਸ ਦੀ ਇੱਜਤ ਬਣੀ ਰਹਿਣੀ ਚਾਹੀਦੀ ਹੈ। ਮੇਰੀ ਮਾਂ ਨੇ ਮੈਨੂੰ ਹਰ ਔਰਤ ਦੀ ਇੱਜ਼ਤ ਕਰਨਾ ਸਿਖਾਇਆ ਹੋਇਆ ਹੈ। ਇਸ ਲਈ, ਅੱਜ ਤੋਂ ਬਾਅਦ ਇਸ ਘਰ ਵਿੱਚ ਕੋਈ ਵੀ ਸੋਨੀਆ ਦੀਆਂ ਚੰਗਿਆਈਆਂ, ਬੁਰਿਆਈਆਂ ਦਾ ਜ਼ਿਕਰ ਨਹੀਂ ਕਰੇਗਾ,” ਰਣਜੀਤ ਨੇ ਐਲਾਨ ਕਰਨ ਵਾਂਗ ਕਿਹਾ।

“ਚਲੋ ਠੀਕ ਐ ਰਣਜੀਤ, ਪਰ ਹੁਣ ਇੱਕ ਗੱਲ ਮੈਂ ਵੀ ਕਹਿਣੀ ਏਂ,” ਅਨੂ ਨੇ ਕਿਹਾ

“ਇੱਕ ਹੀ ਕਿਉਂ, ਤੂੰ ਸੌ ਗੱਲ ਕਹਿ,” ਰਣਜੀਤ ਨੇ ਉਸ ਦੇ ਦੋਹਾਂ ਮੋਢਿਆਂ ’ਤੇ ਹੱਥ ਰੱਖ ਕੇ ਹਲੂਣਦਿਆਂ ਕਿਹਾ।

“ਸੌ ਨਾਲ਼ ਦੀ ਇੱਕੋ ਈ ਕਹਾਂਗੀ ਰਣਜੀਤ। ਸੋਨੀਆ ਕਿਸੇ ਵੀ ਤਰ੍ਹਾਂ ਦੀ ਸੀ, ਪਰ ਸੁਖਰਾਜ ਅਤੇ ਸਰਤਾਜ ਆਪਣੇ ਬੱਚੇ ਨੇ। ਜ਼ਮੀਨ ਦਾ ਸੌਦਾ ਤੁਸੀਂ ਉਸ ਪਰਿਵਾਰ ’ਚ ਰਹਿੰਦਿਆਂ ਕੀਤਾ ਸੀ, ਇਸ ਲਈ ਜੇ ਉਸ ਵਿੱਚੋਂ ਹੋਏ ਮੁਨਾਫ਼ੇ ਦਾ ਕੁੱਝ ਹਿੱਸਾ ਤੁਹਾਡੇ ਕੋਲ਼ ਏ ਤਾਂ ਉਹ ਉਨ੍ਹਾਂ ਬੱਚਿਆਂ ਖ਼ਾਤਰ ਸੋਨੀਆ ਨੂੰ ਦੇ ਦਿਓ। ਉਹੀ ਹੁਣ ਆਪਣੀ ਆਲ-ਔਲਾਦ ਨੇ ਕਿਉਂ ਕਿ ਹੁਣ ਆਪਣੇ ਤਾਂ ਕੋਈ ਬੱਚਾ ਨਹੀਂ ਹੋਣਾ,” ਅਨੂ ਨੇ ਮਗਰਲੇ ਸ਼ਬਦ ਕੰਬਦੀ ਆਵਾਜ਼ ਨਾਲ਼ ਕਹੇ।

ਅਨੂ ਵੱਲ ਟਿਕਟਿਕੀ ਲਗਾ ਕੇ ਦੇਖਦਾ ਰਣਜੀਤ ਇਹ ਸੋਚ ਰਿਹਾ ਸੀ ਕਿ ਧਰਤੀ ਮਾਂ, ਇਹੋ ਜਿਹੀਆਂ ਮਾਵਾਂ ਦੀ ਬਦੌਲਤ ਵੀ ਟਿਕੀ ਹੋਈ ਹੈ ਤੇ ਨਾਲ਼ ਹੀ ਉਸ ਦੇ ਮਨ ਵਿੱਚ ਇਹ ਗੱਲ ਵੀ ਆਈ ਕਿ ਕਿਹੋ ਜਿਹੇ ਹੁੰਦੇ ਹੋਣਗੇ ਉਹ ਲੋਕ, ਜਿਹੜੇ ਇਹੋ ਜਿਹੀਆਂ ਔਰਤਾਂ ਨੂੰ ਵੀ ਧੱਕਾ ਦੇ ਜਾਂਦੇ ਹਨ।

“ਅਨੂ, ਤੇਰਾ ਕਿਹਾ ਸਿਰ ਮੱਥੇ। ਮੇਰੇ ਕੋਲ਼ ਦੋ ਕੁ ਲੱਖ ਡਾਲਰ ਬਾਕੀ

ਹੈਗੈ, ਉਹ ਆਪਾਂ ਸੋਨੀਆ ਨੂੰ ਦੇ ਦਿੰਨੇ ਆਂ। ਮੇਰੇ ਲਈ ਤਾਂ ਤੇਰੀ ਖ਼ੁਸ਼ੀ ਹੀ, ਮੇਰੀ ਖ਼ੁਸ਼ੀ ਏ। ਠੀਕ ਆ ਬੱਚੇ ਤਾਂ ਆਪਣੇ ਈ ਨੇ, ਉਨ੍ਹਾਂ ਦੀ ਮਦਦ ਤਾਂ ਆਪਾਂ ਕਰਦੇ ਈ ਰਹਾਂਗੇ। ਹੋ ਸਕੇ ਤਾਂ ਬੱਚਿਆਂ ਨਮਿੱਤ ਆਪਾਂ ਇੱਕ ਅਕਾਊਂਟ ਖੁਲ੍ਹਾ ਦਿਆਂਗੇ," ਰਣਜੀਤ ਨੇ ਅਨੂ ਦੀ ਗੱਲ ਮੰਨ ਲਈ।

"ਲਓ, ਮੈਂ ਕਿਹੜੀ ਹੁਣ ਤੁਹਾਡੇ ਤੋਂ ਬਾਹਰੀ ਆਂ। ਮੇਰੇ ਵੱਲੋਂ ਤਾਂ ਭਾਵੇਂ ਆਹ ਘਰ ਵੀ ਸੋਨੀਆ ਨੂੰ ਦੇ ਦਿਓ, ਕਿਉਂ ਕਿ ਮੈਂ ਤਾਂ ਤੁਹਾਡੇ ਨਾਲ਼ ਕਿਸੇ ਝੁੱਗੀ-ਝੌਂਪੜੀ ਵਿੱਚ ਵੀ ਹੱਸ ਕੇ ਰਹਿ ਲਊਂਗੀ," ਸੋਨੀਆ ਨੇ ਖਿੜੇ ਮੱਥੇ ਕਿਹਾ।

"ਅਨੂ, ਮੈਂ ਪਹਿਲਾਂ ਵੀ ਕਹਿ ਹਟਿਆਂ ਕਿ ਨੀਤਾਂ ਸਾਫ਼ ਹੋਣ ਤਾਂ 'ਉਹ' ਕਿਸੇ ਗੱਲ ਦਾ ਘਾਟਾ ਨਹੀਂ ਰਹਿਣ ਦਿੰਦਾ। ਤੂੰ ਮੇਰੀ ਇਹ ਗੱਲ ਪੱਲੇ ਬੰਨ੍ਹ ਲੈ। ਤੇਰੀ ਵੀ ਕੁੱਖ ਹਰੀ ਹੋਊਗੀ। ਮੈਨੂੰ ਪੂਰਾ ਯਕੀਨ ਏ। ਆਪਾਂ ਜ਼ਮੀਨ-ਅਸਮਾਨ ਇੱਕ ਕਰ ਦਿਆਂਗੇ। ਦੁਨੀਆ ਦਾ ਹਰ ਓਹੜ-ਪੋਹੜ ਕਰਾਂਗੇ। ਰੱਬ ਨੂੰ ਇੱਕ ਦਿਨ ਆਪਣੇ ਹੱਕ 'ਚ ਖੜ੍ਹਨਾ ਹੀ ਪਊ। ਆਪਾਂ ਕਿਸੇ ਦਾ ਕੁਛ ਵਿਗਾੜਿਆ ਥੋੜ੍ਹੋਂ ਆ," ਤੁਰੀ ਜਾਂਦੀ ਅਨੂ ਨੇ ਰੁਕ ਕੇ ਰਣਜੀਤ ਦੀ ਇਹ ਗੱਲ ਸੁਣੀਂ।

"ਹਾਲੇ ਤਾਂ ਬੜੀ ਲੰਬੀ ਜ਼ਿੰਦਗੀ ਪਈ ਏ। ਤੁਸੀਂ ਤਾਂ ਦੁਨੀਆ ਭਰ ਦੀਆਂ ਖ਼ੁਸ਼ੀਆਂ ਅੱਜ ਈ ਮੈਨੂੰ ਦੇ ਕੇ ਮੇਰੀ ਝੋਲ਼ੀ ਪਾਟਣੀ ਕਰ ਦਿੱਤੀ ਏ," ਇਹ ਕਹਿੰਦਿਆਂ ਹੀ ਅਨੂ, ਘੁੱਟ ਕੇ ਰਣਜੀਤ ਦੇ ਗਲ਼ ਲੱਗ ਗਈ ਤੇ ਇਹ ਵੀ ਵਿੱਸਰ ਗਈ ਕਿ ਸਿੰਮੀ ਤੇ ਗੁਰਲੀਨ ਵੀ ਉੱਥੇ ਹੀ ਖੜ੍ਹੀਆਂ ਹਨ। ਵੇਗ ਵਿੱਚ ਆਈ ਹੋਈ ਅਨੂ ਤੋਂ ਰਣਜੀਤ ਦੀ ਗੱਲ੍ਹ ਚੁੰਮੀ ਗਈ ਤੇ ਫਿਰ ਉਹ ਇੱਕ ਦਮ ਸੰਗ ਕੇ ਨੀਵੀਂ ਪਾ ਕੇ ਖੜ੍ਹ ਗਈ ਰਣਜੀਤ ਨੇ ਉਸ ਦੀ ਠੋਡੀ ਆਪਣੇ ਹੱਥ ਨਾਲ਼ ਚੁੱਕਦਿਆਂ ਕਿਹਾ, "ਹਜ਼ੂਰ ਸਾਡੀ ਤਾਂ ਸਾਰੀ ਭੁੱਖ ਜਾਂਦੀ ਰਹੀ, ਬੱਸ ਆਪਣੇ ਕੋਮਲ ਬੁੱਲ੍ਹਾਂ ਵਿੱਚੋਂ ਦੋ-ਚਾਰ ਸ਼ਿਅਰ ਇਨਾਇਤ ਕਰ ਦਿਓ।"

ਅਨੂ ਸੰਗਦਿਆਂ ਹੋਇਆਂ ਪਹਿਲਾਂ ਸਿੰਮੀ ਤੇ ਗੁਰਲੀਨ ਵੱਲ ਦੇਖਿਆ ਤੇ ਫਿਰ ਕਹਿਣ ਲੱਗੀ, "ਅਰਜ਼ ਕੀਤੈ:

***ਇਹ ਦੇ 'ਤੇ ਸੀ ਹਨੇਰੇ ਦੀ ਕੋਈ ਚਾਦਰ ਤਣੀ ਹੋਈ।***
***ਤੁਸੀਂ ਆਏ ਤਾਂ ਇਸ ਜੀਵਨ 'ਚ ਥੋੜ੍ਹੀ ਰੌਸ਼ਨੀ ਹੋਈ।***

***ਤੁਸੀਂ ਜ਼ਰਖੇਜ਼ ਕਰ ਦਿੱਤੀ ਏ ਸਾਡੇ ਪਿਆਰ ਦੀ ਮਿੱਟੀ,***
***ਅਸੀਂ ਜੋ ਰੀਝ ਬੀਜੀ ਸੀ, ਉਹ ਆਖ਼ਰ ਹੁਣ ਹਰੀ ਹੋਈ।"***

ਇਹ ਕਹਿੰਦਿਆਂ ਹੋਇਆਂ ਉਹ ਮੁਸਕਰਾਉਂਦੀ ਕਿਚਨ ਵੱਲ ਤੁਰ ਗਈ।

"ਵਾਹ ਓਏ ਰਣਜੀਤ ਸਿੰਹਾਂ, ਇਨ੍ਹਾਂ ਸ਼ਬਦਾਂ ਦਾ ਨਸ਼ਾ ਤਾਂ ਸਾਰੀ ਉਮਰ ਨਹੀਂ ਉੱਤਰਨਾ," ਸੋਫ਼ੇ ਵੱਲ ਨੂੰ ਤੁਰੇ ਜਾਂਦੇ ਰਣਜੀਤ ਦੇ ਮੂੰਹੋਂ ਬਦੋ-ਬਦੀ ਨਿੱਕਲ਼ ਗਿਆ। ਸੋਫ਼ੇ ਤੇ ਬੈਠਦਿਆਂ ਉਸ ਨੂੰ ਲੱਗਿਆ ਕਿ ਉਸ ਦਾ ਮਨ ਹੀ ਨਹੀਂ, ਉਹ ਕਮਰਾ, ਉਹ ਘਰ ਖ਼ੁਸ਼ੀਆਂ ਨਾਲ਼ ਭਰਿਆ ਪਿਆ ਹੈ ਤੇ ਇਨ੍ਹਾਂ ਖ਼ੁਸ਼ੀਆਂ ਵਿੱਚ ਹੀ ਇੱਕ ਖ਼ੁਸ਼ੀ ਬਣਿਆ ਹੋਇਆ ਉਸ ਦੀ ਮਾਂ ਦਾ ਚਿਹਰਾ ਉੱਭਰਿਆ, ਜੋ ਇਹ ਕਹਿ ਰਹੀ ਸੀ, "ਰੱਬਾ ਮੇਰੇ ਪੁੱਤ ਦੀ ਝੋਲ਼ੀ ਵਿੱਚ ਦੁਨੀਆ ਭਰ ਦੀਆਂ ਖ਼ੁਸ਼ੀਆਂ ਪਾਈਂ।" ਮਾਂਵਾਂ ਦੀਆਂ ਦੁਆਵਾਂ ਏਦਾਂ ਵੀ ਪੂਰੀਆਂ ਹੁੰਦੀਆਂ ਨੇ, ਰਣਜੀਤ ਹੈਰਾਨ ਸੀ।



**ਰਾਜਵੰਤ ਰਾਜ**

ਇਸ ਫ਼ਾਨੀ ਦੁਨੀਆ ਦੇ ਸੁਆਰਥੀ ਰਿਸ਼ਤੇ ਹੀ ਸਦੀਵੀ ਪੀੜ ਦਾ ਸਬੱਬ ਬਣਦੇ ਹਨ। ਕੁੱਝ ਰਿਸ਼ਤੇ ਹੰਝੂਆਂ ਰਾਹੀਂ ਵਹਿੰਦੇ-ਵਹਿੰਦੇ ਵੀ ਅੱਖਾਂ ਵਿੱਚ ਜੰਮ ਕੇ ਰਹਿ ਜਾਂਦੇ ਹਨ। ਆਪਣੀ ਧਰਤੀ 'ਤੇ ਪਾਲ ਕੇ ਜੁਆਨ ਕੀਤੇ ਸੁਫ਼ਨੇ, ਬੇਗਾਨੀ ਧਰਤੀ ਦੀ ਅਕਾਊ ਫ਼ਿਜ਼ਾ ਵਿੱਚ ਆ ਕੇ ਕੌੜੀ ਹਕੀਕਤ ਦੀ ਭੇਂਟ ਚੜ੍ਹ ਜਾਂਦੇ ਹਨ। ਤੁਰਦਿਆਂ-ਤੁਰਦਿਆਂ, ਜ਼ਿੰਦਗੀ ਤੁਹਾਨੂੰ ਕਦੋਂ ਠਿੱਬੀ ਦੇ ਕੇ ਸੁੱਟ ਜਾਂਦੀ ਹੈ, ਪਤਾ ਹੀ ਨਹੀਂ ਲੱਗਦਾ। ਤੁਸੀਂ ਡਿਗ ਕੇ ਉੱਠਣ ਲਈ, ਜਿਸ ਵੱਲ ਹੱਥ ਵਧਾਉਂਦੇ ਹੋ ਉਹ ਬੱਸ ਮੁਸਕਰਾ ਕੇ ਅੱਗੇ ਨਿਕਲ ਜਾਂਦੇ, ਜਿਵੇਂ ਤੁਹਾਨੂੰ ਜਾਣਦਾ ਹੀ ਨਾ ਹੋਵੇ। ਆਪਣੀਆਂ ਨਜ਼ਰਾਂ ਵਿੱਚ ਹੀ ਬੇਗਾਨੇ ਹੋ ਜਾਣ ਦਾ ਦੁੱਖ ਅਸਹਿ ਹੁੰਦਾ ਹੈ। ਕੁੱਝ ਅਜਿਹੀਆਂ ਹੀ ਸੰਵੇਦਨਾਵਾਂ ਨਾਲ ਲਬਰੇਜ਼ ਕਹਾਣੀ, 'ਪਿਉਂਦ' ਦਾ ਆਧਾਰ ਬਣੀ ਹੈ।

-ਰਾਜਵੰਤ ਰਾਜ

ਇਹ ਨਾਵਲ ਮਰ ਰਹੀ ਇਨਸਾਨੀਅਤ, ਦਮ ਤੋੜ ਰਹੇ ਮਨੁੱਖੀ ਰਿਸ਼ਤਿਆਂ ਅਤੇ ਸੰਸਾਰੀ ਲਾਲਸਾਵਾਂ 'ਚ ਫਸੀ ਦੁਨੀਆਂ ਵਿੱਚ ਬਚੀ-ਖੁਚੀ ਮੁਹੱਬਤੀ ਚਿਣਗ ਦੀ ਗਵਾਹੀ ਭਰਦਾ ਹੈ। ਪੰਜਾਬੋਂ ਚੰਗੇ ਜਿਉਣ ਵਸੀਲੇ ਦੀ ਉਮੀਦ ਲੈ ਕੇ ਵਿਦੇਸ਼ ਵਸ ਗਏ ਪੰਜਾਬੀ ਕਿਵੇਂ ਆਪਣੇ ਪੁਰਖਿਆਂ ਦੀਆਂ ਕਦਰਾਂ ਕੀਮਤਾਂ ਭੁਲਾ ਬੈਠੇ। ਲਾਲਚ ਵਿੱਚ ਅੰਨੇ ਹੋ ਗਏ। ਪੁਰਖਿਆਂ ਦੇ ਦੱਸੇ ਹੱਕ ਸੱਚ, ਸਬਰ ਸੰਤੋਖ ਨੂੰ ਕਿਵੇਂ ਵਿਸਾਰ ਦਿੱਤਾ ਗਿਆ ਹੈ ? ਇਹ ਸਭ ਇਸ ਨਾਵਲ ਵਿੱਚ ਰੋਚਕ ਸ਼ੈਲੀ ਤੇ ਖ਼ੂਬਸੂਰਤ ਤਰੀਕੇ ਨਾਲ ਉਲੀਕਿਆ ਹੈ। ਰਾਜਵੰਤ ਰਾਜ ਨੂੰ ਪ੍ਰਵਾਸੀ ਪੰਜਾਬੀ ਸਮਾਜ ਬਾਰੇ ਡੂੰਘਾ ਅਨੁਭਵ ਹੈ। ਆਪਣੇ ਅਨੁਭਵ ਨੂੰ ਨਾਵਲ ਵਿੱਚ ਢਾਲਣ ਦਾ ਵਲ ਹੈ। ਉਸਦੀ ਲੇਖਣੀ ਵਿੱਚ ਵਾਧੂ ਦਾ ਵਿਸਥਾਰ ਵੀ ਨਹੀਂ ਤੇ ਬੇਲੋੜੀ ਕਾਹਲ ਵੀ ਨਹੀਂ। ਇਹ ਇਸ ਨਾਵਲ ਦੀ ਖ਼ੂਬਸੂਰਤੀ ਦਾ ਅਹਿਮ ਪੱਖ ਹੈ। ਇਸ ਨਾਵਲ ਰਾਹੀਂ ਰਾਜਵੰਤ ਰਾਜ ਧੋਖੇ, ਫ਼ਰੇਬ, ਲਾਲਚ ਨੂੰ ਰੱਦ ਕਰਦਾ ਇਨਸਾਨੀਅਤ ਦੇ ਹੱਕ ਵਿੱਚ ਖੜ੍ਹਨ ਦਾ ਸੁਨੇਹਾ ਦੇਣ ਵਿੱਚ ਸਫ਼ਲ ਹੋਇਆ ਹੈ

-ਪਰਗਟ ਸਿੰਘ ਸਤੌਜ

Caliber Publication
Patiala (Punjab) 147002
Mob. 98154-48958, 80548-69313
E-mail. caliberpublication@gmail.com

ISBN: 978-93-88446-20-4